
ਬੇਗਾਨੀ ਧੀ, ਪਰਾਇਆ ਧਨ ...?



ਪ੍ਰੋ: ਇੰਦਰ ਸਿੰਘ ਘੱਗਾ

ੴ ਸਤਿਗੁਰ ਪ੍ਰਸਾਦਿ ॥

ਬੇਗਾਨੀ ਧੀ, ਪਰਾਇਆ ਧਨ... ?

ਪਹਿਲੀ ਵਾਰ : ਮਈ, 2010

ਲੇਖਕ

ਪ੍ਰੋ. ਇੰਦਰ ਸਿੰਘ ਘੱਗਾ

m. 98551-51699

E-mail : info@fatehpublications.com

Web. : www. fatehpublications.com

ਟਾਈਪ ਸੈਟਿੰਗ

ਬਲਜਿੰਦਰ ਸਿੰਘ ਖਨੌਰੀ

ਛਾਪਕ

ਡਾਫੋਡਿਲ ਪ੍ਰਿੰਟਿੰਗ ਪ੍ਰੈੱਸ

ਇੰਡਸਟਰੀਅਲ ਏਰੀਆ, ਪਟਿਆਲਾ

ਮੁੱਲ : 140 ਰੁਪਏ ($ 5, £10)

ਤਤਕਰਾ

ਭੂਮਿਕਾ ਜਾਂ ਪ੍ਰਵੇਸ਼

ਪਿਛਲੇ ਤੀਹ ਕੁ ਸਾਲ ਤੋਂ ਮੈਂ ਬੀ.ਬੀ.ਸੀ. ਲੰਡਨ ਰੇਡੀਓ ਤੋਂ ਖਬਰਾਂ ਅਤੇ ਦੁਨੀਆਂ ਨਾਲ ਸਬੰਧਤ ਹੋਰ ਫੀਚਰ ਸੁਣਦਾ ਰਿਹਾ ਹਾਂ। ਟੀ.ਵੀ. ਚੈਨਲਾਂ ਦੀ ਬਹੁਤਾਤ ਕਾਰਨ ਭਾਵੇਂ ਅੱਜ ਰੇਡੀਓ ਦੀ ਅਹਿਮੀਅਤ ਘੱਟ ਗਈ ਹੈ। ਟੀ.ਵੀ. ਤੋ ਪਹਿਲਾਂ ਰੇਡੀਓ ਹੀ ਖਬਰਾਂ ਦਾ ਪ੍ਰਮੁੱਖ ਸਾਧਨ ਸੀ। ਅਫਗਾਨਿਸਤਾਨ ਵਿਚ ਆਪੋ ਆਪਣੀ ਮਰਜ਼ੀ ਦੀ (ਕਠਪੁਤਲੀ) ਸਰਕਾਰ ਬਣਾਉਣ ਵਾਸਤੇ ਅਮਰੀਕਾ ਅਤੇ ਰੂਸ ਟੈਂਕਾਂ, ਤੋਪਾਂ ਦੁਆਰਾ ਅੱਗ ਵਰਸਾ ਰਹੇ ਸਨ। ਜੰਗ ਦਾ ਮੈਦਾਨ ਬਣਿਆ ਹੋਇਆ ਸੀ ਅਫਗਾਨਿਸਤਾਨ। ਅਸਲ ਵਿਚ ਦੋਵੇਂ ਵੱਡੀਆਂ ਤਾਕਤਾਂ ਦੁਨੀਆਂ ਵਿਚ ਆਪੋ ਆਪਣੇ ਵੱਡੇਪਣ ਦੀ ਧਾਕ ਜਮਾਉਣੀ ਚਾਹੁੰਦੇ ਸਨ। ਸਥਾਨਕ ਲੜਾਕੂ ਲੋਕ ਦੋਵੇਂ ਤਾਕਤਾਂ ਤੋਂ ਹਥਿਆਰ ਲੈ ਕੇ ਖੁਦ ਭੀ ਮਰ ਅਤੇ ਮਾਰ ਰਹੇ ਸਨ ਅਤੇ ਬਰਬਾਦ ਹੋ ਰਹੇ ਸਨ ਆਮ ਲੋਕ। ਇਸ ਟਕਰਾਉ ਵਿਚ ਸਭ ਤੋਂ ਜਿਆਦਾ ਮਾਰ ਪੈਂਦੀ ਹੈ ਔਰਤਾਂ ਅਤੇ ਬੱਚਿਆਂ ਨੂੰ। ਉਹ ਜੰਗ ਵਿਚ ਹਿੱਸੇਦਾਰ ਨਹੀਂ ਹਨ, ਪਰ ਬਲਦੀ ਅੱਗ ਵਿਚ ਉਨ੍ਹਾਂ ਨੂੰ ਸੜਨਾ ਪੈ ਰਿਹਾ ਹੈ। ਔਰਤਾਂ ਨੂੰ ਜਿਥੇ ਹੋਰ ਅਣਗਿਣਤ ਮੁਸੀਬਤਾਂ ਆਉਂਦੀਆਂ ਹਨ। ਉਥੇ ਹੀ ਉਨ੍ਹਾਂ ਨੂੰ “ਆਪਣੇ ਅਤੇ ਬੇਗਾਨਿਆਂ” (ਦੇਸ਼ਵਾਸੀ ਲੜਾਕੂ ਅਤੇ ਬਦੇਸ਼ੀ ਫੌਜੀ) ਦੀ ਹਵਸ ਦੀਆਂ ਸ਼ਿਕਾਰ ਹੋਣਾ ਪੈਂਦਾ ਹੈ। ਉਜਾੜੇ ਤੋਂ ਆਵਾਜ਼ਾਰ ਇਕ ਸ਼ਰਨਾਰਥੀ ਕੈਂਪ ਵਿਚੋਂ, ਇੰਗਲੈਂਡ ਦੇ ਨਿੱਡਰ ਪੱਤਰਕਾਰ **ਸਟੀਕ** ਨੇ ਕੁੱਝ ਫੋਟੋਆਂ ਖਿੱਚ ਕੇ ਸਾਂਭ ਲਈਆਂ। ਜਦੋਂ ਇਹ ਫੋਟੋ ਇੰਗਲੈਂਡ ਦੇ ਅਖਬਾਰਾਂ ਵਿਚ ਛਪੀਆਂ, ਮਨੁੱਖੀ ਦਰਦ ਰੱਖਣ ਵਾਲੇ ਲੋਕ ਬੜੇ ਵਿਆਕੁਲ ਹੋਏ। ਸਰਕਾਰਾਂ ਅੱਗੇ ਜੰਗਬੰਦੀ ਲਈ ਬੇਨਤੀਆਂ ਕੀਤੀਆਂ। ਕਲੇਜਾ ਵਿੰਨ੍ਹ ਦੇਣ ਵਾਲੀ ਇਕ ਉਦਾਸ ਤੇ ਡਰੀ ਹੋਈ ਚੌਦਾਂ ਸਾਲ ਦੀ ਇਕ ਲੜਕੀ ਸੀ **ਸਰਬਤ ਗੁੱਲ**। ਇਸ ਦੀ ਫੋਟੋ ਦੁਨੀਆਂ ਦੇ ਸਾਰੇ ਪ੍ਰਮੁੱਖ ਅਖਬਾਰਾਂ ਵਿਚ ਛਪਦੀ ਰਹੀ। ਇਹ ਡਰੀ ਹੋਈ ਲੜਕੀ ਸਮੁੱਚੇ ਅਫਗਾਨਿਸਤਾਨ ਦੇ ਦਰਦ ਦਾ ਪ੍ਰਤੀਕ ਬਣ ਗਈ। ਮੇਰੀ ਇਸ ਕਿਤਾਬ ਦੇ ਸਭ ਤੋਂ ਪਿੱਛੇ ਵਾਲੇ ਪੰਨੇ 'ਤੇ ਉਸੇ ਦੁਖੀ ਲੜਕੀ ਦੀ ਫੋਟੋ ਹੈ, ਸਰਬਤ ਗੁੱਲ ਦੀ।

ਵੀਹ ਸਾਲ ਤੋਂ ਬਾਅਦ ਅਫਗਾਨਿਸਤਾਨ ਵਿਚ ਹਾਲਾਤ ਕੁੱਝ ਨਾਰਮਲ ਹੋਣ 'ਤੇ ਫਿਰ ਪੱਤਰਕਾਰਾਂ ਦੀ ਟੋਲੀ ਨੇ ਉਸ ਉਦਾਸ ਲੜਕੀ ਨੂੰ ਲੱਭਣ ਵਿਚ ਸਫਲਤਾ ਹਾਸਲ ਕਰ ਲਈ। ਬਹੁਤ ਪੁੱਛਗਿੱਛ ਤੋਂ ਬਾਅਦ ਪੱਤਰਕਾਰ ਸਰਬਤ ਗੁਲ ਦੇ ਟੁੱਟੇ

ਜਿਹੇ ਘਰ ਅੱਗੇ ਜਾ ਪਹੁੰਚੇ । ਪਰਵਾਰ ਦੀ ਇਜਾਜ਼ਤ ਲੈ ਕੇ ਦੁਬਾਰਾ ਉਸ ਨਾਲ ਗੱਲਬਾਤ ਕੀਤੀ ਤੇ ਫੋਟੋਆਂ ਖਿੱਚੀਆਂ। ਹੁਣ ਉਸ ਦੇ ਚਿਹਰੇ 'ਤੇ ਡਰ ਉਦਾਸੀ ਅਤੇ ਕਠੋਰਤਾ ਸਾਫ ਝਲਕਦੀ ਸੀ। ਇਸੇ ਰੂਪ ਵਿਚਲੀ ਔਰਤ ਸਰਬਤ ਗੁਲ ਨੂੰ ਮੈਂ ਆਪਣੀ ਕਿਤਾਬ ਦੇ ਪਹਿਲੇ ਪੰਨੇ 'ਤੇ ਪਾਇਆ ਹੈ। ਨਾਟਕਾਂ ਅਤੇ ਫਿਲਮਾਂ ਵਿਚ ਬੇਅੰਤ ਕਲਾਕਾਰਾਂ ਨੇ ਆਪਣੇ ਕਿਰਦਾਰ ਰਾਹੀਂ ਲੋਕਾਂ ਨੂੰ ਪ੍ਰਭਾਵਤ ਕੀਤਾ ਹੈ। ਅਸਲ ਜਿੰਦਗੀ ਵਿਚ ਹੰਢਾਏ ਦਰਦ ਨੂੰ **ਸਰਬਤ ਗੁੱਲ** (ਅਫਗਾਨਿਸਤਾਨ) ਨੇ ਆਪਣੇ ਚਿਹਰੇ ਰਾਹੀਂ ਪ੍ਰਗਟ ਕੀਤਾ ਹੈ।

ਮੇਰੀ ਇਸ ਕਿਤਾਬ ਤੋਂ ਪਹਿਲਾਂ ਸਿੱਖ ਬੀਬੀਆਂ ਦੇ ਜੀਵਨ ਇਤਿਹਾਸ ਬਾਰੇ ਕਈ ਪੁਸਤਕਾਂ ਛਪੀਆਂ ਹੋਈਆਂ ਮਿਲਦੀਆਂ ਹਨ। ਇਸੇ ਲਈ ਮੈਂ ਬੀਬੀਆਂ ਦਾ ਜੀਵਨ ਨਹੀਂ ਲਿਖ ਰਿਹਾ। ਮੈਂ ਗੁਰਬਾਣੀ ਵਿਚੋਂ ਔਰਤਾਂ ਦੇ **"ਹੱਕ ਅਤੇ ਫਰਜ਼"** ਬਾਰੇ ਸਿਧਾਂਤਕ ਪੱਖ ਉਜਾਗਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਬਾਕੀ ਦੁਨੀਆਂ ਵਿਚ ਔਰਤ ਨੂੰ ਕਿੰਨੇ ਅਧਿਕਾਰ ਹਨ। ਭਾਰਤ ਵਿਚ ਕੀ ਦਸ਼ਾ ਹੈ ? ਸਿੱਖਾਂ ਨੇ ਔਰਤਾਂ ਨੂੰ ਕਿੰਨਾ ਕੁ ਮਾਣ ਦਿੱਤਾ ਹੈ ? ਗੁਰਬਾਣੀ ਦਾ ਕੀ ਫੈਸਲਾ ਹੈ। ਕੁੱਝ ਥਾਵਾਂ 'ਤੇ ਮੈਂ **"ਲਕੀਰ ਤੋਂ ਹੱਟ ਕੇ"** ਭੀ ਗੁਰਬਾਣੀ ਦੇ ਅਰਥ ਕੀਤੇ ਹਨ। ਅਜਿਹਾ ਕਰਨਾ ਸਮੇਂ ਦੀ ਲੋੜ ਸੀ। ਮੈਂ ਸਮਝਦਾ ਹਾਂ ਕਿ ਗੁਰਬਾਣੀ ਦੇ ਸਭ ਤੋਂ ਵਧੀਆ ਅਰਥ ਉਹ ਹੋਇਆ ਕਰਦੇ ਹਨ, ਜੋ ਡਿਗੇ ਜੀਵ ਨੂੰ ਉਠਾਉਣ। ਸੁੱਤੇ ਨੂੰ ਜਗਾਉਣ। ਕਾਇਰ ਨੂੰ ਬਹਾਦਰ ਬਣਾਉਣ। ਰੋਣਾ ਬੰਦ ਕਰਵਾ ਕੇ ਰੋਹ ਪੈਦਾ ਕਰਨ। ਆਤਮ ਹੱਤਿਆ ਕਰਨ ਦੀ ਥਾਵੇਂ ਜਾਲਮ ਦੀ ਸੰਘੀ ਨੱਪ ਲੈਣ। ਹੱਥ ਜੁੜਨ ਨਾ ਘਸੁੰਨ ਬਣ ਕੇ ਵੰਗਾਰਨ। ਰਿਆਇਤਾਂ ਦੀ ਭੀਖ ਨਾ ਮੰਗਣ, ਸਗੋਂ ਆਪਣੇ ਹੱਕ ਪ੍ਰਾਪਤ ਕਰਨ ਲਈ ਅੜ ਖਲੋਣ। ਹਥਿਆਰ ਕੇਵਲ ਤਲਵਾਰ ਬੰਦੂਕ ਤੋਪ ਜਾਂ ਰਾਕਟ ਹੀ ਨਹੀਂ ਹੁੰਦਾ। ਹਥਿਆਰ ਸਭ ਤੋਂ ਵਧੀਆ ਉਹ ਜਿਹੜਾ ਵਕਤ ਸਿਰ ਕੰਮ ਆਵੇ। ਜੋ ਕੰਮ ਆਦਮੀ ਲਾਠੀ ਗੋਲੀ ਨਾਲ ਕਰਨ ਦੀ ਕੋਸ਼ਿਸ਼ ਕਰਦੇ ਨੇ, ਉਹੀ ਕੰਮ ਕਈ ਵਾਰੀ ਔਰਤਾਂ "ਮੁਸਕਰਾ ਕੇ ਅੱਖ ਦੇ ਇਸ਼ਾਰੇ ਨਾਲ" ਹੀ ਨੇਪਰੇ ਚਾਹੜ ਦਿੰਦੀਆਂ ਹਨ। ਗੁਰੂ ਨਾਨਕ ਬਾਬਾ ਜੀ ਨੇ ਕੁਚੀਲ ਜੀਵਨ ਵਾਲੀਆਂ ਇਸਤਰੀਆਂ ਨਾਲ ਨਫਰਤ ਨਹੀਂ ਕੀਤੀ। ਨਾ ਆਪਣੇ ਅੱਗੇ ਨੱਚਣ ਲਈ ਆਖਿਆ। ਸਗੋਂ ਬੇਟੀਆਂ ਆਖ ਕੇ ਪਿਆਰ ਦਿਤਾ। ਨੇਕ ਔਰਤਾਂ ਬਣ ਕੇ, ਵਿਕਾਰ ਤਿਆਗ ਕੇ, ਪ੍ਰਵਾਰਕ ਜੀਵਨ ਬਿਤਾਉਣ ਲਈ ਆਖਿਆ। ਪੜ੍ਹੋ-

ਗਾਛਹੁ ਪੁਤ੍ਰੀ ਰਾਜ ਕੁਆਰਿ ॥ ਨਾਮੁ ਭਣਹੁ ਸਚੁ ਦੋਤੁ ਸਵਾਰਿ ॥
ਪ੍ਰਿਉ ਸੇਵਹੁ ਪ੍ਰਭ ਪ੍ਰੇਮ ਅਧਾਰਿ ॥ ਗੁਰ ਸਬਦੀ ਬਿਖੁ ਤਿਆਸ ਨਿਵਾਰਿ ॥ (1187)

ਯੋਰਪੀਨ ਮੁਲਕਾਂ ਨੇ ਔਰਤਾਂ ਨੂੰ ਪੁਰਸ਼ਾਂ ਨਾਲੋਂ ਵੱਧ ਅਧਿਕਾਰ ਦੇ ਕੇ ਕੋਈ

ਅਹਿਸਾਨ ਨਹੀਂ ਕੀਤਾ। ਬਲਕਿ ਸਦੀਆਂ ਤੋਂ ਜੋ ਜ਼ੁਲਮ ਪੁਰਸ਼ ਵਰਗ ਵਲੋਂ ਔਰਤਾਂ 'ਤੇ ਕੀਤਾ ਗਿਆ, ਇਹ ਉਸ ਦਾ ਕੇਵਲ ਪਸਚਾਤਾਪ ਮਾਤਰ ਹੈ। ਇਸ ਕਿਤਾਬ ਨੂੰ ਪੜ੍ਹਦਿਆਂ ਕਈ ਪਾਠਕਾਂ ਨੂੰ ਮੇਰੀ ਲਿਖਤ ਵਿਚ ਔਰਤ ਪੱਖੀ ਉਲਾਰਪੁਣਾ ਨਜ਼ਰ ਆਵੇਗਾ। ਮਰਦਾਂ ਦੇ ਵਿਰੁਧ ਕੁੜੱਤਣ ਨਜ਼ਰ ਆਵੇਗੀ। ਆਪਣੇ ਘਰ ਵਿਚ, ਪ੍ਰਵਾਰ ਵਿਚ ਰਿਸ਼ਤੇਦਾਰਾਂ ਵਿਚ ਅਤੇ ਫਿਰ ਪੂਰੇ ਸਮਾਜ ਵਿਚ ਇਸਤਰੀ ਬਾਰੇ ਵਰਤ ਰਹੇ ਵਰਤਾਰੇ ਨੂੰ ਪਰਖਣ ਦਾ ਯਤਨ ਜਰੂਰ ਕਰਨਾ। ਕੁੱਝ ਅਜਿਹੇ ਵਿਸ਼ੇ ਭੀ ਮੈਂ ਇਸ ਕਿਤਾਬ ਵਿਚ ਸ਼ਾਮਲ ਕੀਤੇ ਹਨ, ਜਿਨ੍ਹਾਂ ਨੂੰ ਦੂਜੇ ਲੇਖਕਾਂ ਨੇ ਨਹੀਂ ਛੋਹਿਆ। ਸੱਚਾਈ ਸਾਹਮਣੇ ਲਿਆਉਣ ਵਾਸਤੇ ਮੈਂ ਕੋਸ਼ਿਸ਼ ਕੀਤੀ ਹੈ ਕਿ "ਡਰ ਅਤੇ ਸ਼ਰਮ" ਨੂੰ ਕੂੜੇਦਾਨ ਵਿਚ ਸੁੱਟ ਕੇ ਲਿਖਿਆ ਜਾਵੇ। ਪਹਿਲੀ ਅੱਲੜ ਉਮਰ ਵਿਚ ਜੋ ਮੁਸ਼ਕਲਾਂ ਮੈਨੂੰ ਆਈਆਂ, ਉਹ ਦੂਜਿਆਂ 'ਤੇ ਨਾ ਆਉਣ। ਜਿਵੇਂ ਮੈਂ "ਸ਼ਰਮ ਦਾ ਮਾਰਿਆ" ਕਿਸੇ ਤੋਂ ਕੁੱਝ ਨਹੀਂ ਪੁੱਛ ਸਕਦਾ ਸੀ। ਦੂਜੇ ਭੀ ਉਸੇ ਸ਼ਰਮ ਕਾਰਨ ਐਵੇਂ ਨਾ ਮਾਰੇ ਜਾਣ। ਅਣਜਾਣ ਧੀਆਂ ਪੁੱਤਰਾਂ ਨੂੰ ਜਿੰਦਗੀ ਵਿਚ ਆਉਣ ਵਾਲੀਆਂ ਔਕੜਾਂ ਪ੍ਰਤੀ ਸੁਚੇਤ ਕੀਤਾ ਜਾਵੇ।

ਪੁਸਤਕ ਦੇ ਅਖੀਰਲੇ ਹਿੱਸੇ ਵਿਚ ਕੁੱਝ ਕੁ ਸਿੱਖ ਔਰਤਾਂ ਬਾਰੇ ਜ਼ਿਕਰ ਕਰ ਕੇ, ਚਾਰ ਕੁ ਜੀਵਨੀਆਂ ਸਿੱਖੀ ਦਾਇਰੇ ਤਾਂ ਬਾਹਰ ਵਾਲੀਆਂ ਬਹਾਦਰ ਅਤੇ ਸਤਿਕਾਰਤ ਔਰਤਾਂ ਦਾ ਜ਼ਿਕਰ ਕੀਤਾ ਗਿਆ ਹੈ। ਪਾਠਕਾਂ ਨੂੰ ਇਹ ਮਹਿਸੂਸ ਕਰਾਉਣ ਲਈ ਕਿ ਸਿੱਖ ਧਰਮ ਦੇ ਉਦੈ ਤੋਂ ਪਹਿਲਾਂ ਭੀ ਹਜਾਰਾਂ ਬੰਦਸ਼ਾਂ ਨੂੰ ਤੋੜ ਕੇ ਵਿਰਲੀਆਂ, ਮਾਤਾਵਾਂ ਨੇ ਫਖਰ ਯੋਗ ਕੀਰਤੀਮਾਨ ਸਥਾਪਤ ਕੀਤੇ ਹਨ। ਚੋਟੀ ਦੇ ਪੈਗੰਬਰਾਂ ਵਿਚੋਂ ਸਭ ਤੋਂ ਪਹਿਲੇ ਪੈਗੰਬਰ ਗੁਰੂ ਨਾਨਕ ਬਾਬਾ ਜੀ ਸਨ, ਜਿਨ੍ਹਾਂ ਨੇ ਔਰਤ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਅਸੀਂ ਸਿੱਖਾਂ ਨੇ ਇਹ ਦਰਦ ਵਿੰਨ੍ਹੀ ਆਵਾਜ਼ ਸੁਣਨ ਤੋਂ ਨਾਂਹ ਕਰ ਦਿੱਤੀ। ਸਿੱਖੀ ਸਰੂਪ ਧਾਰਨ ਕਰ ਕੇ, ਸਿੱਖ ਹੋਣ ਦਾ ਉੱਚਾ ਢੋਲ ਪਿੱਟ ਕੇ ਭੀ ਸਿੱਖ ਸਮਾਜ ਸਿੱਖੀ ਤੋਂ ਕੋਹਾਂ ਦੂਰ ਖਲੋਤਾ ਹੈ। ਇਹ ਕਿਤਾਬ ਕੋਈ ਅੰਤਮ ਸੱਚ ਨਹੀਂ ਹੈ। ਸੂਝਵਾਨ ਪਾਠਕ ਅਗਰ ਲਿਖ ਕੇ ਸੁਝਾਉ ਦੇਣਗੇ ਤਾਂ ਅਗਲੀਆਂ ਐਡੀਸ਼ਨਾਂ ਵਿਚ ਸੁਧਾਰ ਕੀਤਾ ਜਾ ਸਕਦਾ ਹੈ। ਅਗਰ ਤੁਹਾਨੂੰ ਪੁਸਤਕ ਚੰਗੀ ਲੱਗੇ ਤਾਂ ਆਪਣੇ ਸੰਗੀ ਸਾਥੀਆਂ ਨੂੰ ਪੜ੍ਹਨ ਲਈ ਸਿਫਾਰਸ਼ ਕਰ ਦੇਣੀ। ਜੇ ਕਿਸੇ ਵੀਰ ਭੈਣ ਬੱਚੇ ਬੱਚੀ ਦੇ ਮਨ ਨੂੰ ਠੇਸ ਪਹੁੰਚੀ ਹੋਵੇ ਤਾਂ ਖਿਮਾ ਚਾਹਵਾਂਗਾ।

ਅਕਾਲ ਪੁਰਖ ਜੀ ਦਾ ਬੇਅੰਤ ਸ਼ੁਕਰਾਨਾ, ਗੁਰਬਾਣੀ ਰਚੈਤਾ ਸਤਿਪੁਰਖਾਂ ਦਾ ਕੋਟਿ ਕੋਟਿ ਧੰਨਵਾਦ, ਜਿਨ੍ਹਾਂ ਤੋਂ ਸੇਧ ਲੈ ਕੇ ਕਿਤਾਬ ਲਿਖਣ ਦੀ ਕੋਸ਼ਿਸ਼ ਕੀਤੀ

ਗਈ ਹੈ। ਉਨ੍ਹਾਂ ਸਾਰੇ ਲੇਖਕਾਂ ਅਤੇ ਸਲਾਹਕਾਰਾਂ ਦਾ ਸ਼ੁਕਰਾਨਾ, ਜਿਨ੍ਹਾਂ ਦੀਆਂ ਪੁਸਤਕਾਂ ਅਤੇ ਵਿਚਾਰਾਂ ਤੋਂ ਸਹਾਇਤਾ ਲਈ ਹੈ।

ਔਰਤ ਰੂਪ ਹੋ ਕੇ ਨਿਮਰਤਾ ਸਹਿਤ ਸਤਿਗੁਰੂ ਅਰਦਾਸ ਕਰਨ ਦੀ ਜਾਚ ਸਿਖਾ ਰਹੇ ਹਨ....

ਮਿਲੁ ਮੇਰੇ ਪ੍ਰੀਤਮਾ ਜੀਉ, ਤੁਧੁ ਬਿਨੁ ਖਰੀ ਨਿਮਾਣੀ ॥
ਮੈ ਨੈਣੀ ਨੀਦ ਨ ਆਵੈ ਜੀਉ, ਭਾਵੈ ਅੰਨੁ ਨ ਪਾਣੀ ॥
ਪਾਣੀ ਅੰਨੁ ਨ ਭਾਵੈ ਮਰੀਐ ਹਾਵੈ, ਬਿਨੁ ਪਿਰ ਕਿਉ ਸੁਖੁ ਪਾਈਐ ॥
ਗੁਰ ਆਗੈ ਕਰਉ ਬਿਨੰਤੀ, ਜੇ ਗੁਰ ਭਾਵੈ ਜਿਉ ਮਿਲੈ ਤਿਵੈ ਮਿਲਾਈਐ ॥
ਆਪੇ ਮੇਲਿ ਲਏ ਸੁਖ ਦਾਤਾ, ਆਪਿ ਮਿਲਿਆ ਘਰਿ ਆਏ ॥
ਨਾਨਕ ਕਾਮਣਿ ਸਦਾ ਸੁਹਾਗਣਿ, ਨਾ ਪਿਰੁ ਮਰੈ ਨ ਜਾਏ ॥ (244)

ਭਾਰਤ ਵਿਚ ਸਦੀਆਂ ਤੋਂ ਔਰਤ 'ਤੇ ਹੋ ਰਹੇ ਭਿਆਨਕ ਜ਼ੁਲਮਾਂ ਨੂੰ ਪੜ੍ਹ ਕੇ, ਸਮਝ ਕੇ ਅਤੇ ਆਪਣੇ ਪਿੰਡੇ 'ਤੇ ਹੰਢਾ ਕੇ "ਬਾਗੀ ਸੁਰ ਵਾਲੀ ਦਲੇਰ ਔਰਤ, ਬੀਬੀ ਅਜ਼ੀਤ ਕੌਰ ਇਉਂ ਲਿਖਣ ਲਈ ਮਜਬੂਰ ਹੋ ਗਈ...

ਗੁਨਾਹ ਅੱਵਲ - ਔਰਤ ਹੋਣਾ।
ਗੁਨਾਹ ਦੋਮ - ਇਕੱਲੀ ਔਰਤ ਹੋਣਾ।
ਗੁਨਾਹ ਸੋਮ - ਇਕੱਲੀ ਹੋਣਾ ਤੇ ਆਪਣੀ ਰੋਟੀ ਆਪ ਕਮਾਉਣੀ।
ਗੁਨਾਹ ਅਜੀਮ ਤਰੀਨ - ਸਭੈ ਭਰੋਸੇ ਬਾਹਰ ਕੰਮ ਕਰਦੀ ਜਹੀਨ, ਖ਼ੁਦਦਾਰ, ਇਕੱਲੀ ਔਰਤ ਇਸ "ਦੇਵਤਿਆਂ" ਦੇ ਮੁਲਕ ਹਿੰਦੁਸਤਾਨ ਵਿਚ ?
... ਗੁਨਾਹ ਏ ! ਗੁਨਾਹ ਏ !! ...

ਪਹਿਲੀ ਐਡੀਸ਼ਨ ਮਈ 2010

ਗੁਰੂ ਘਰ ਦਾ ਸੇਵਕ
ਇੰਦਰ ਸਿੰਘ ਘੱਗਾ

ਬੇਗਾਨੀ ਧੀ, ਪਰਾਇਆ ਧਨ...?

(ਮੁਢਲਾ ਦੌਰ)

ਜੀਵਾਂ ਦੀ ਵੰਸ਼ ਨੂੰ ਚਲਦੀ ਰੱਖਣ ਵਾਸਤੇ, ਕੁਦਰਤ ਨੇ ਸ੍ਰਿਸ਼ਟੀ ਵਿਚ ਨਰ ਮਾਦਾ ਪੈਦਾ ਕੀਤੇ ਹਨ। ਇਨ੍ਹਾਂ ਦੇ ਪਿਆਰ ਸਬੰਧਾਂ ਤੋਂ ਜਨਣ ਕਿਰਿਆ ਸ਼ੁਰੂ ਹੋ ਜਾਂਦੀ ਹੈ। ਭਾਵੇਂ ਬਲਾਤਕਾਰ ਵਰਗਾ ਬੱਜਰ ਗੁਨਾਹ ਕਰਨ ਤੋਂ ਭੀ ਬੱਚਾ ਪੈਦਾ ਹੋ ਸਕਦਾ ਹੈ। ਪਰ 99 ਪ੍ਰਤੀਸ਼ਤ ਨਰ ਮਾਦਾ ਦੀ ਆਪਸੀ ਸਹਿਮਤੀ ਨਾਲ ਕੀਤੇ ਗਏ ਸਰੀਰਕ ਸਬੰਧਾਂ ਤੋਂ, ਇਕ ਦੂਜੇ ਪ੍ਰਤੀ ਕਸ਼ਿਸ਼, ਇਕ ਦੂਜੇ ਦੀ ਲੋੜ, ਇਕ ਦੂਜੇ ਦੀ ਕਾਮ ਪੂਰਤੀ ਦਾ ਸਹਿਜ ਤਰੀਕੇ ਨਾਲ ਪੂਰਾ ਹੋਣਾ, 'ਜੋੜਿਆਂ' ਨੂੰ ਮਾਨਤਾ ਪ੍ਰਦਾਨ ਕਰਦਾ ਪ੍ਰਤੀਤ ਹੁੰਦਾ ਹੈ। ਨਰ ਮਾਦਾ ਦੀ ਆਪਸੀ ਲੋੜ ਤੇ ਖਿਚ, ਬੇਲ ਬੂਟਿਆਂ, ਰੁੱਖਾਂ ਬਿਰਖਾਂ, ਜੀਵ ਜੰਤੂਆਂ ਵਿਚ ਵੀ ਮੌਜੂਦ ਹੈ। ਵਨਸਪਤੀ ਵਿਚ ਕੁੱਝ ਬੂਟੇ ਨਰ ਹੁੰਦੇ ਹਨ ਤੇ ਕੁਝ ਮਾਦਾ। ਨਰ ਬੂਟੇ ਨੂੰ ਫੱਲ ਨਹੀਂ ਲਗਦੇ। ਉਹ ਕੇਵਲ ਆਪਣੇ – 'ਪਰਾਗ ਕਣ' (ਜੀਨਜ਼ ਦਾ ਇਕ ਬਦਲਦਾ ਰੂਪ) ਮਾਦਾ ਬੂਟੇ ਦੀ ਜਨਣ ਕਿਰਿਆ ਨੂੰ ਸ਼ੁਰੂ ਕਰਨ ਲਈ, ਉਸ ਵੱਲ ਭੇਜ ਦਿੰਦੇ ਹਨ। ਜੇ ਅਜਿਹੇ ਪਰਾਗ ਕਣ, ਮਾਦਾ ਬੂਟੇ ਤੱਕ ਨਾ ਜਾਣ ਤਾਂ ਉਸ ਨੂੰ ਫਲ਼ ਨਹੀਂ ਲਗਦੇ। ਨਰ ਬੂਟੇ ਦੇ ਪਰਾਗ ਕਣ ਹਵਾ ਨਾਲ ਉੱਡ ਕੇ, ਜਾਂ ਭੌਰਿਆਂ, ਤਿਤਲੀਆਂ ਅਤੇ ਹੋਰ ਕੀੜਿਆਂ ਦੇ ਸਰੀਰ ਨਾਲ ਚਿਪਟ ਕੇ, ਨਰ ਤੋਂ ਮਾਦਾ ਵਲ ਪਹੁੰਚਦੇ ਰਹਿੰਦੇ ਹਨ। ਇਸ ਤਰ੍ਹਾਂ ਇਹ ਇਕ ਦੂਜੇ ਲਈ ਜ਼ਰੂਰੀ ਹਨ। ਕੁੱਝ ਬੂਟਿਆਂ ਵਿਚ 'ਸਵੈ ਪਰਾਗਣ' ਦੀ ਕਿਰਿਆ ਹੁੰਦੀ ਹੈ। ਤੁਸੀ ਵੇਖਿਆ ਹੋਣਾ ਹੈ ਕੱਦੂ (ਘੀਆ) ਪੇਠਾ, ਤਰਬੂਜ, ਖਰਬੂਜਾ ਆਦਿ ਦੀਆਂ ਵੇਲਾਂ ਨੂੰ ਜੋ ਫੁੱਲ ਲਗਦੇ ਹਨ, ਉਹਨਾਂ ਵਿਚ ਅੱਧੇ ਕੁ ਨਰ ਅਤੇ ਅੱਧੇ ਕੁ ਮਾਦਾ ਹੁੰਦੇ ਹਨ। ਮਾਦਾ ਫੁੱਲ ਤੋਂ ਅੱਗੇ ਫਲ਼ ਤਿਆਰ ਹੁੰਦਾ ਹੈ। ਨਰ ਫੁੱਲ ਆਪਣੇ 'ਪਰਾਗ ਕਣ' ਮਾਦਾ ਫੁੱਲ ਤੱਕ ਭੇਜ ਕੇ, ਫਲ਼ ਦੀ ਜਨਮ ਕਿਰਿਆ ਵਿਚ ਸਹਾਈ ਹੁੰਦਾ ਹੈ।

ਤਿੰਨ ਚਾਰ ਫੁੱਟ ਲੰਬਾਈ ਵਾਲੀ ਇਕ ਕਿਰਲੀ ਜਾਤੀ ਹੀ ਸ਼ਾਇਦ ਅਜਿਹੀ ਹੈ ਕਿ ਜਨਮ ਤੋਂ ਲੈ ਕੇ ਜੀਵਨ ਦਾ ਪਹਿਲਾ ਅੱਧਾ ਹਿਸਾ, ਉਹ ਮਾਦਾ ਬਣੀ ਰਹਿੰਦੀ ਹੈ, ਅੰਡੇ ਦਿੰਦੀ ਹੈ। ਜੀਵਨ ਦਾ ਦੂਜਾ ਹਿਸਾ ਨਰ ਬਣ ਕੇ ਜਿਉਂਦਾ ਹੈ। ਅੱਜ ਤੱਕ ਅਜਿਹਾ ਦਾਹਵਾ ਤਾਂ ਕਿਸੇ ਵਿਗਿਆਨੀ ਜਾਂ ਧਰਮਮੁਖੀ ਨੇ ਨਹੀ ਕੀਤਾ ਕਿ ਨਰ ਮਾਦਾ ਕਦੋਂ ਤੋਂ ਬਣੇ ਹਨ ਜਾਂ ਨਰ ਮਾਦਾ ਬਣਾਉਣ ਦੀ ਲੋੜ ਹੀ ਕਿਉਂ

ਪਈ ? ਨਸਲ ਨੂੰ ਅੱਗੇ ਟੋਰਨ ਲਈ ਕੁਦਰਤ ਨੇ ਕੋਈ ਹੋਰ ਤਰੀਕੇ ਕਿਉਂ ਨਹੀ ਅਪਣਾਏ ?ਜਿਵੇਂ ਸੂਰਜ ਮਾਤਾ ਪਿਤਾ ਤੋਂ ਬਿਨਾਂ ਹੀ 'ਜਨਮ' ਪਿਆ। ਧਰਤੀ ਬਗੈਰ ਨਰ ਮਾਦਾ ਤੋਂ ਬਣ ਗਈ। ਇਸੇ ਤਰ੍ਹਾਂ ਹੋਰ ਬਹੁਤ ਕੁੱਝ। ਕੀ ਨਰ ਮਾਦਾ ਬਣਾਉਣੇ ਜ਼ਰੂਰੀ ਸਨ ? ਜਿਵੇਂ ਵੇਲ ਬੂਟਿਆਂ ਵਿਚ 'ਸਵੈ ਪਰਾਗਣ' ਦੁਆਰਾ ਅੱਗੇ ਨਸਲ ਚਲਦੀ ਰਹਿੰਦੀ ਹੈ, ਕੀ ਜੀਵਾਂ ਵਿਚ ਅਜਿਹਾ ਨਹੀਂ ਹੋ ਸਕਦਾ ? ਖੈਰ ! ਇਸ ਦਾ ਜੁਆਬ ਦੇਣਾ ਸਾਡੇ ਲਈ ਸੰਭਵ ਨਹੀਂ ਹੈ। ਫਿਰ ਕੁੱਝ ਜੀਵ ਅੰਡਿਆਂ ਨੂੰ ਜਨਮ ਦਿੰਦੇ ਹਨ ਤੇ ਕੁੱਝ ਬੱਚਿਆਂ ਨੂੰ। ਕੀ ਇਕੋ ਤਰੀਕਾ ਠੀਕ ਨਹੀਂ ਸੀ ? ਇਉਂ ਕਹਿ ਲਈਏ ਕਿ ਕੁਦਰਤ ਦੇ ਵਰਤਾਰੇ ਦੀ ਥਾਹ ਪਾਉਣੀ ਅਸੰਭਵ ਹੈ। ਇਸ ਵਰਤ ਰਹੇ ਵਰਤਾਰੇ ਨੂੰ ਸਮਝ ਕੇ, ਆਪਣੇ ਜੀਵਨ ਲਈ ਰਾਹ ਪੱਧਰਾ ਕਰਨ ਦੀ ਕੋਸ਼ਿਸ਼ ਕਰਨੀ ਹੈ। ਇਸ ਧਰਤੀ 'ਤੇ ਜ਼ਿੰਦਗੀ ਬਿਤਾ ਰਹੇ ਜੀਵਾਂ ਲਈ, ਕੁੱਝ ਪਿਆਰ ਭਰਪੂਰ ਕੁੱਝ ਚੰਗੇਰਾ ਜਿਹਾ ਕਾਰਜ ਕਰ ਜਾਈਏ, ਇਹੀ ਬਿਹਤਰ ਰਹੇਗਾ।

ਜਬ ਲਗੁ ਦੁਨੀਆ ਰਹੀਐ ਨਾਨਕ, ਕਿਛੁ ਸੁਣੀਐ ਕਿਛੁ ਕਹੀਐ ॥
ਭਾਲਿ ਰਹੇ ਹਮ ਰਹਣੁ ਨ ਪਾਇਆ, ਜੀਵਤਿਆ ਮਰਿ ਰਹੀਐ ॥ (661)

ਹੇ ਭਾਈ ! ਜਿਤਨਾ ਸਮਾਂ ਸੰਸਾਰ ਵਿਚ ਰਹਿਣ ਲਈ ਮਿਲਿਆ ਹੈ, ਉਤਨੀ ਦੇਰ ਸੁਣ ਪੜ੍ਹ ਕੇ ਗਿਆਨ ਹਾਸਲ ਕਰੋ। ਜੇ ਤੁਹਾਡੇ ਕੋਲ ਗਿਆਨ ਹੈ ਤਾਂ ਦੂਜਿਆਂ ਨੂੰ ਵੰਡਦੇ ਰਹੋ। ਅਸੀ ਬੜੀ ਖੋਜ ਕੀਤੀ ਤਾਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਇਥੇ ਥਿਰ ਕੋਈ ਨਹੀਂ ਹੈ। ਸਭ ਨੇ ਸੰਸਾਰ ਤੋਂ ਚਲੇ ਜਾਣਾ ਹੈ। ਇਸ ਲਈ ਹੰਕਾਰ ਨਹੀਂ ਕਰਨਾ, ਨਿਮਾਣੇ ਹੋ ਕੇ ਵਿਚਰਨਾ ਹੈ।

ਜੰਗਲੀ ਜੀਵਨ ਵਿਚੋਂ ਨਿਕਲ ਕੇ ਜਦੋਂ ਤੋਂ ਮਨੁੱਖ ਨੇ ਪਰਵਾਰਕ ਮਾਹੌਲ ਦੀ ਸ਼ੁਰੂਆਤ ਕੀਤੀ ਹੈ, ਤਾਂ ਔਰਤ ਮਰਦ ਇਕ ਦੂਜੇ ਦੇ ਸਹਾਇਕ ਬਣੇ ਰਹੇ ਹਨ। ਗਰਭਧਾਰਨ ਦੇ ਸਮੇ ਔਰਤ ਕਮਜ਼ੋਰ ਸਥਿਤੀ ਵਿਚ ਹੁੰਦੀ ਹੈ। ਨੱਸ ਭੱਜ ਕਰਨੀ ਗਰਭ ਲਈ ਨੁਕਸਾਨਦੇਹ ਹੁੰਦੀ ਹੈ। ਇਸੇ ਤਰ੍ਹਾਂ ਛੋਟੇ ਬਾਲਕ ਦੀ ਸੰਭਾਲ ਕਰਨ ਦੀ ਜ਼ਿੰਮੇਵਾਰੀ ਔਰਤ ਦੇ ਸਿਰ ਹੁੰਦੀ ਹੈ। ਬੱਚੇ ਨੂੰ ਛਾਤੀ ਦਾ ਦੁੱਧ ਪਿਆਉਣਾ, ਕੁੱਛੜ ਚੁੱਕਣਾ, ਚਾਹੇ ਆਪਣੀ ਨਿਗਰਾਨੀ ਵਿਚ ਰੱਖਣਾ, ਸਭ ਔਰਤ ਨੇ ਹੀ ਕਰਨਾ ਹੁੰਦਾ ਹੈ। ਪਸ਼ੂ ਜਗਤ ਵਿਚ ਬਹੁ ਗਿਣਤੀ ਮਾਂਵਾਂ ਹੀ ਬੱਚਿਆਂ ਦੀ ਸੰਭਾਲ ਕਰਦੀਆਂ ਹਨ। ਝੁੰਡ ਦੀ ਮੁਖੀ ਕੋਈ ਇਕ ਮਾਦਾ ਹੀ ਹੁੰਦੀ ਹੈ। ਲੋੜ ਵਕਤ ਨਰ ਇਹਨਾਂ ਦੀ ਮਦਦ ਭੀ ਕਰਦੇ ਵੇਖੇ ਗਏ ਹਨ। ਕੁੱਝ ਜੀਵਾਂ ਵਿਚ ਮਾਦਾ ਸਰੀਰਕ ਪੱਖੋਂ ਤਾਕਤਵਰ ਹੋਣ ਕਾਰਨ, ਆਪਣੇ ਨਰ ਸਾਥੀ ਨੂੰ ਸਿਰਫ਼ ਬੱਚਾ ਪੈਦਾ ਕਰਨ ਲਈ ਹੀ ਨੇੜੇ ਆਉਣ ਦੀ ਆਗਿਆ ਦਿੰਦੀ ਹੈ। ਆਮ ਹਾਲਤਾਂ ਵਿਚ ਨਰ ਮਾਦਾ

ਵੱਖਰੇ ਰਹਿੰਦੇ ਹਨ। ਵਿਰਲੇ ਜੀਵਾਂ ਵਿਚ ਅਜਿਹਾ ਭੀ ਹੁੰਦਾ ਹੈ ਕਿ ਕਾਮ ਖਿਚ ਕਾਰਨ ਨਰ, ਮਾਦਾ ਵਲ ਆਉਂਦੇ ਹਨ। ਆਪਣੀ ਸੈਕਸ ਭੁੱਖ ਮਿਟਾਉਣ ਤੋਂ ਬਾਅਦ ਮਾਦਾ, ਨਰ ਨੂੰ ਮਾਰ ਦਿਆ ਕਰਦੀ ਹੈ। ਫਿਰ ਉਮਰ ਭਰ ਅੰਡੇ ਦਿੰਦੀ ਹੈ ਤੇ ਆਪਣੇ ਪਰਵਾਰ ਦੀ 'ਰਾਣੀ' ਬਣੀ ਰਹਿੰਦੀ ਹੈ। ਸਾਰੀ ਉਮਰ ਫਿਰ ਉਸ ਨੂੰ ਹੋਰ ਨਰ ਦੀ ਲੋੜ ਨਹੀਂ ਪੈਂਦੀ।

ਮਨੁੱਖੀ ਵਿਕਾਸ ਦੇ ਕੁੱਝ ਮੁਢਲੇ ਪੜਾਵਾਂ ਵਿਚ ਸਾਂਝੇ ਪਰਵਾਰ ਹੋਇਆ ਕਰਦੇ ਸਨ। ਬੱਚਿਆਂ ਨੂੰ ਪਿਤਾ ਨਾਲ ਨਹੀਂ ਸਗੋਂ ਮਾਂ ਨਾਲ ਜੋੜ ਕੇ ਜਾਣਿਆ ਜਾਂਦਾ ਸੀ। ਕਿਉਂਕਿ ਪਿਤਾ ਦੀ ਪਛਾਣ ਵਾਲਾ ਪਰਬੰਧ ਹਾਲੀ ਉਸਰਿਆ ਹੀ ਨਹੀਂ ਸੀ। ਪਰਵਾਰ ਵੱਡੇ ਹੁੰਦੇ ਗਏ ਤੇ ਅਗਲਾ ਪੜਾਅ 'ਕਬੀਲਾ' ਜੁੱਗ ਦਾ ਸੀ। ਇਸ ਦੌਰ ਵਿਚ ਸਭ ਤੋਂ ਤਾਕਤਵਰ ਅਤੇ ਚਲਾਕ ਵਿਅਕਤੀ ਕਬੀਲੇ ਦਾ ਮੁਖੀ ਬਣ ਕੇ 'ਰਾਜ' ਕਰਨ ਲੱਗ ਪਿਆ। ਜਿਥੇ ਨਰ ਮੁਖੀ ਦੀ ਆਗਿਆ ਦਾ ਪਾਲਣ ਕਰਨ ਦੇ ਪਾਬੰਦ ਸਨ, ਉਥੇ ਸਾਰੀਆਂ ਔਰਤਾਂ 'ਤੇ ਭੀ ਉਸੇ ਦਾ ਅਧਿਕਾਰ ਸੀ। ਇਕ ਕਬੀਲੇ ਦੀ ਦੂਜੇ ਕਬੀਲੇ ਨਾਲ ਲੜਾਈ ਹੋਣਾ ਨਿੱਤ ਦਾ ਕੰਮ ਸੀ। ਜਵਾਨ ਔਰਤਾਂ ਦਾ ਖੋਹਿਆ ਜਾਣਾ ਜਾਂ ਉਧਾਲ ਕੇ ਲੈ ਜਾਣਾ, ਸ਼ਾਇਦ ਇਸੇ ਦੌਰ ਵਿਚ ਸ਼ੁਰੂ ਹੋਇਆ ਹੋਵੇ। ਔਰਤਾਂ ਨੂੰ ਉਧਾਲ ਕੇ ਲਿਜਾਣ ਵਾਲੇ ਕਬੀਲਿਆਂ ਦੀ ਪਹਿਲੀ ਧਿਰ ਦੇ ਕਬੀਲੇ ਨਾਲ ਖ਼ੂਨੀ ਜੰਗ ਹੋਣੀ ਸੁਭਾਵਕ ਸੀ। ਜਿਸ ਵਿਚ ਦੋਵਾਂ ਧਿਰਾਂ ਦੇ ਬਹੁਤ ਸਾਰੇ ਆਦਮੀ ਮਾਰੇ ਜਾਂਦੇ ਸਨ, ਜ਼ਖ਼ਮੀ ਹੋ ਜਾਂਦੇ ਸਨ। ਸਦੀਆਂ ਬੀਤਣ ਮਗਰੋਂ ਔਰਤਾਂ ਦਾ ਵਟਾਂਦਰਾ ਪਰਵਾਨਿਆ ਗਿਆ। ਭਾਵ ਕਿ ਦੋ ਕਬੀਲੇ ਆਪਸੀ ਸਹਿਮਤੀ ਨਾਲ ਜਿੰਨੀਆਂ ਜਵਾਨ ਲੜਕੀਆਂ ਦਿੰਦੇ ਸਨ, ਉਤਨੀਆਂ ਬਦਲੇ ਵਿਚ ਲੈਂਦੇ ਸਨ। (ਇਸ ਦਾ ਪੂਰਾ ਵਿਸਥਾਰ ਅੱਗੇ ਵਿਆਹ ਵਾਲੇ ਕਾਂਡ ਵਿਚ ਦਿੱਤਾ ਜਾਵੇਗਾ।)

ਔਰਤ ਦੀ ਸਰੀਰਕ ਕਮਜ਼ੋਰੀ ਦਾ ਮਨੁੱਖ ਨੇ ਸਦਾ ਹੀ ਨਾਜਾਇਜ਼ ਫ਼ਾਇਦਾ ਉਠਾਇਆ ਹੈ। ਜਿਸ ਘਰ ਵਿਚ ਵਿਆਹੀ ਜਾ ਕੇ ਲੜਕੀ ਦਾਖ਼ਲ ਹੋਈ ਹੈ, ਉਸ ਵਿਚ ਸਾਰੇ ਇਨਸਾਨ (ਔਰਤਾਂ ਮਰਦ) ਓਪਰੇ ਹਨ। ਉਹ ਸਾਰੇ ਇਕ ਖ਼ੂਨ ਦੇ ਰਿਸ਼ਤੇ ਵਿਚ ਬੱਝੇ ਹੁੰਦੇ ਹਨ। ਸਾਰਿਆਂ ਨੂੰ ਇਕ ਦੂਜੇ ਦੇ ਸੁਭਾਅ ਦਾ ਪਤਾ ਹੁੰਦਾ ਹੈ। ਨਵੀਂ ਆਈ ਲੜਕੀ ਦਾ ਹਾਲੀ ਉਸ ਘਰ ਵਿਚ ਕੋਈ ਨਹੀਂ ਹੈ। ਭਾਵੇਂ ਇਹ ਮੰਨਿਆ ਜਾਂਦਾ ਹੈ ਕਿ ਨਵ ਵਿਆਹੁਤਾ ਦਾ ਪਤੀ ਤਾਂ ਅਪਣਾ 'ਖ਼ਾਸਮ ਖ਼ਾਸ' ਹੈ। ਅਸਲ ਵਿਚ ਚੜ੍ਹਦੀ ਉਮਰੇ ਪਤੀ ਦੇ ਸਬੰਧ ਕੇਵਲ ਵਾਸ਼ਨਾ ਪੂਰਤੀ ਵਾਲੇ ਹਨ। ਬਾਕੀ ਕਿਸੇ ਜ਼ਿੰਮੇਵਾਰੀ ਦਾ ਉਸ ਨੂੰ ਨਾ ਗਿਆਨ ਹੈ, ਨਾ ਪਤਨੀ ਨਾਲ ਉਸ ਦਾ ਕੋਈ

ਹੋਰ ਰਿਸ਼ਤਾ ਹੈ। ਉਹ ਪਰਾਏ ਘਰੋਂ, ਪਰਾਏ ਪਰਵਾਰ ਵਿਚੋਂ ਵੱਖਰੇ ਸੁਭਾਅ ਵਾਲੇ ਮਾਹੌਲ ਵਿਚੋਂ ਆਈ ਹੈ। ਨਵੇਂ ਮਾਹੌਲ ਵਿਚ ਤੁਰੰਤ ਆਪਣੇ ਆਪ ਨੂੰ ਢਾਲ ਲੈਣਾ, ਨਾਮੁਮਕਿਨ ਹੈ। ਉਹ ਪੂਰੀ ਤਰ੍ਹਾਂ ਸਹੁਰੇ ਪਰਵਾਰ ਦੇ ਰਹਿਮ 'ਤੇ ਹੈ। ਪੂਰੀ ਤਰ੍ਹਾਂ ਬੇਸਹਾਰਾ ਹੈ, ਡਾਰ ਵਿਚੋਂ ਵਿਛੜੀ ਕੂੰਜ ਹੈ, 'ਬਿਗਾਨੀ ਧੀ' ਹੈ। ਬਹੁ ਗਿਣਤੀ ਦੇ ਜ਼ੋਰ ਉਸ ਦੀ ਸੱਚੀ ਗੱਲ ਨੂੰ ਭੀ ਝੂਠੀ ਸਿੱਧ ਕੀਤਾ ਜਾ ਸਕਦਾ ਹੈ। ਰੋ ਰੋ ਕੇ ਆਪਣਾ ਆਪ ਖਪਾ ਲੈਣ ਤੋਂ ਸਿਵਾਏ, ਹੋਰ ਕੋਈ ਰਾਹ ਨਹੀਂ। ਕਦੀ ਵਿਚੋਲੇ ਨੂੰ ਲਾਹਨਤਾਂ ਪਾ ਕੇ ਮਨ ਦੀ ਭੜਾਸ ਕਢਦੀ ਹੈ। ਕਦੀ ਰੱਬ ਨੂੰ ਉਲਾਂਭੇ ਦੇ ਕੇ ਕੋਸਦੀ ਹੈ। ਕਦੀ ਆਪਣੇ 'ਪਿਛਲੇ ਜਨਮਾਂ' ਦੇ ਕੀਤੇ ਬੁਰੇ ਕੰਮਾਂ ਦੀ ਸਜ਼ਾ ਸਮਝ ਕੇ, ਆਪਣੇ ਮਨ ਨੂੰ ਧਰਵਾਸ ਦੇਣ ਦੀ ਕੋਸ਼ਿਸ਼ ਕਰਦੀ ਹੈ। ਕਦੀ ਘੱਟ ਦਾਜ ਨੂੰ ਕਾਰਨ ਸਮਝਦੀ ਹੈ। ਫਿਰ ਕਦੀ ਆਪਣੇ ਰੂਪ ਦੀ ਘਾਟ ਮਹਿਸੂਸ ਕਰ ਕੇ ਝੂਰਦੀ ਹੈ ਤੇ ਕਦੀ ਪੁੱਤਰ ਨੂੰ ਜਨਮ ਨਾ ਦੇ ਸਕਣ ਨੂੰ ਘਰ ਵਿਚ ਕਲੇਸ਼ ਦਾ ਕਾਰਨ ਸਮਝ ਕੇ ਹੰਝੂ ਕੇਰਦੀ ਹੈ। ਕਦੀ ਪੇਕਿਆਂ ਦੀ ਕਮਜ਼ੋਰੀ ਨੂੰ ਜ਼ਿੰਮੇਵਾਰ ਠਹਿਰਾਉਂਦੀ ਹੋਈ ਹਉਕੇ ਭਰਦੀ ਹੈ। ਇਸ ਨਰਕ ਭਰੀ ਜ਼ਿੰਦਗੀ ਵਿਚੋਂ ਨਿਕਲਣ ਦੇ ਸਾਰੇ ਰਾਹ ਬੰਦ ਨਜ਼ਰ ਆਉਂਦੇ ਹਨ। ਕਟੀ ਹੋਈ ਪਤੰਗ ਵਾਂਗ, ਡਾਵਾਂ ਡੋਲ...।

ਆਦਮੀ ਵਲੋਂ ਘਰ ਤਿਆਗਣ ਦੇ ਕੁੱਝ ਕਾਰਨ : ਪੁੱਤਰ ਦਾ ਵਿਆਹ ਕਰ ਕੇ ਵਹੁਟੀ ਘਰ ਲਿਆਂਦੀ, ਜਿਵੇਂ ਓਪਰੇ ਮਾਹੌਲ ਵਿਚ ਲੜਕੀ ਘੁਟਣ ਮਹਿਸੂਸ ਕਰਦੀ ਹੈ। ਅਨੇਕ ਪ੍ਰੇਸ਼ਾਨੀਆਂ ਵਿਚ ਘਿਰੀ, ਪਤੀ ਨੂੰ ਅਪਣੀ ਵੇਦਨਾ ਦਸਦੀ ਹੈ। ਨੌਜਵਾਨ ਪਤੀ ਨਾ - ਤਜਰਬੇਕਾਰ ਹੈ। ਮਾਤਾ ਪਿਤਾ ਨਾਲ 'ਸਵਾਲ ਜਵਾਬ' ਕਰਨ ਦੀ ਹਿੰਮਤ ਨਹੀਂ ਕਰ ਸਕਦਾ। ਪਤਨੀ ਨੂੰ ਸੰਤੁਸ਼ਟ ਨਹੀਂ ਕਰ ਸਕਦਾ। ਪਤਨੀ ਦਾ ਚਿਹਰਾ ਉਦਾਸ ਹੈ, ਅੱਖਾਂ ਵਿਚ ਹੰਝੂ ਹਨ। ਨੌਜ਼ਵਾਨ ਮਾਨੋ ਚੱਕੀ ਦੇ ਦੋ ਪੁੜਾਂ ਵਿਚਕਾਰ ਫੱਸ ਗਿਆ ਹੈ। ਦੋ ਟੁੱਕ ਫ਼ੈਸਲਾ ਕਰਨ ਤੋਂ ਅਸਮਰਥ ਹੈ। ਅਜਿਹੀ ਨਿਰਾਸ਼ਾਜਨਕ ਸਥਿਤੀ ਵਿਚੋਂ ਨਿਕਲਣ ਦਾ ਸੌਖਾ ਰਾਹ ਜੋ ਉਸ ਨੂੰ ਸਮਝ ਆਉਂਦਾ ਹੈ, ਉਹ ਹੈ ਘਰੋਂ ਦੌੜ ਜਾਣਾ। ਜ਼ਿੰਮੇਵਾਰੀਆਂ ਤੋਂ ਭੱਜ ਜਾਣਾ, ਸਾਧ ਬਣ ਜਾਣਾ, ਮੰਗ ਕੇ ਖਾਣਾ ਜਾਂ ਆਤਮ ਹੱਤਿਆ ਕਰ ਲੈਣਾ। 'ਸਾਰੇ ਦੁੱਖਾਂ ਤੋਂ ਮੁਕਤੀ ਦਾ ਰਾਹ'। ਬਹੁਤੇ ਸਾਧ ਬਣੇ ਵਿਅਕਤੀ ਜ਼ਿੰਦਗੀ ਤੋਂ ਭਗੌੜੇ ਲੋਕ ਹਨ। ਪਿਛੋਂ ਪਤਨੀ ਦਾ ਕੀ ਹਾਲ ਹੋਇਆ ? ਬੱਚਿਆਂ ਦਾ ਕੀ ਬਣਿਆ ? ਮਾਤਾ ਪਿਤਾ ਨੇ ਕਿਵੇਂ ਜ਼ਿੰਦਗੀ ਗੁਜ਼ਾਰੀ ? ਇਨ੍ਹਾਂ ਦੀ ਜਾਣੇ ਬਲਾ।

ਔਰਤ ਸੋਹਣੀ ਹੋਵੇ, ਗੁਣਵਾਨ ਹੋਵੇ, ਹਰ ਤਰ੍ਹਾਂ ਸਾਰੀਆਂ ਜ਼ਿੰਮੇਵਾਰੀਆਂ ਨਿਭਾਉਣ ਦੇ ਸਮਰਥ ਹੋਵੇ। ਪਰ ਉਸ ਦੇ ਸਾਰੇ ਗੁਣ ਘੱਟੇ 'ਚ ਰੁਲ ਜਾਂਦੇ ਹਨ, ਜੇ

ਬੱਚੇ ਨੂੰ ਜਨਮ ਨਹੀਂ ਦੇ ਸਕਦੀ। ਔਰਤ ਭਾਵੇਂ ਖ਼ੁਦ ਬੱਚੇ ਨੂੰ ਜਨਮ ਦੇ ਸਕਣ ਦੀਆਂ ਸਾਰੀਆਂ ਯੋਗਤਾਵਾਂ ਪੂਰੀਆਂ ਕਰਦੀ ਹੋਵੇ। ਸਰੀਰਕ ਨੁਕਸ ਆਦਮੀ ਵਿਚ ਹੋਵੇ, ਪਰ ਕਸੂਰਵਾਰ ਔਰਤ ਹੀ ਠਹਿਰਾਈ ਜਾਂਦੀ ਹੈ। ਇਸੇ ਤਰ੍ਹਾਂ ਪੁਰਸ਼ ਦੀ ਇਕ ਅਤਿ ਅਹਿਮ ਕਮਜ਼ੋਰੀ ਹੈ 'ਕਾਮ ਕਿਰਿਆ ਬਾਰੇ ਅਣਜਾਨਪੁਣਾ' ਜਾਂ 'ਅਧੂਰੀ ਜਾਣਕਾਰੀ'। ਕੁਦਰਤ ਵਲੋਂ ਹਰ ਇਕ ਜੀਵ ਨੂੰ ਤੰਦਰੁਸਤ ਹੀ ਪੈਦਾ ਕੀਤਾ ਜਾਂਦਾ ਹੈ। ਬਹੁਤ ਥੋੜੇ ਕੇਸ ਹੁੰਦੇ ਹਨ ਜਿਥੇ ਜਨਮ ਸਮੇਂ ਹੀ ਕੋਈ ਅਸਾਧ ਰੋਗ ਹੋਵੇ। ਅਧੂਰੇ ਗਿਆਨ ਵਾਲੇ ਸੰਗੀ ਸਾਥੀਆਂ ਤੋਂ ਨੌਜਵਾਨ 'ਕਾਮ' ਬਾਰੇ ਉਤਸੁਕਤਾ ਨਾਲ ਜਾਣਕਾਰੀ ਲੈਣੀ ਚਾਹੁੰਦੇ ਹਨ। ਕਿਉਂਕਿ ਗਿਆਨ ਵੰਡਣ ਵਾਲੇ ਖ਼ੁਦ ਅਣਜਾਨ ਹੁੰਦੇ ਹਨ, ਇਸੇ ਲਈ ਸੈਕਸ ਸਬੰਧੀ ਕਈ ਤਰ੍ਹਾਂ ਦੇ ਭਰਮ ਪੈਦਾ ਹੋ ਜਾਂਦੇ ਹਨ ਜੋ ਗ੍ਰਹਿਸਤ ਦੀ ਗੱਡੀ ਨੂੰ ਲੀਹ ਤੋਂ ਉਤਾਰ ਦਿੰਦੇ ਹਨ। ਕੰਧਾਂ 'ਤੇ ਲਿਖੇ ਇਸ਼ਤਿਹਾਰ **'ਮਰਦਾਨਾ ਤਾਕਤ ਦੇ ਬਾਦਸ਼ਾਹ, ਨਿਰਾਸ਼ ਕਿਉਂ, ਸੁਹਾਗ ਰਾਤ ਤੋਂ ਘਬਰਾਹਟ ਕਿਉਂ?** ਆਦਿ ਪੜ੍ਹ ਕੇ ਇਨ੍ਹਾਂ ਠੱਗਾਂ ਦੇ ਢਹੇ ਨਾ ਚੜ੍ਹ ਜਾਣਾ। ਜੇ ਕੋਈ ਕਮਜ਼ੋਰੀ ਮਹਿਸੂਸ ਹੋਵੇ ਤਾਂ ਬਿਨਾਂ ਸੰਕੋਚ ਸਰਕਾਰੀ ਜਾਂ ਸਰਕਾਰ ਵਲੋਂ ਪ੍ਰਵਾਨਤ ਹਸਪਤਾਲ ਵਿਚ ਪਹੁੰਚ ਕਰਨੀ ਚਾਹੀਦੀ ਹੈ। ਕਾਮ ਨਾਲ ਸਬੰਧਤ ਘਟੀਆ ਪੁਸਤਕਾਂ ਨਾ ਪੜ੍ਹੀਆ ਜਾਣ। ਸੜਕ ਛਾਪ ਵੈਦਾਂ, ਡਾਕਟਰਾਂ ਤੋਂ ਦੂਰ ਰਿਹਾ ਜਾਵੇ।

ਬਹੁਤੀਆਂ ਹਾਲਤਾਂ ਵਿਚ ਪਤੀ ਪਤਨੀ ਦੇ ਸਰੀਰਕ ਸਬੰਧ 'ਤੰਦਰੁਸਤ' ਨਾ ਹੋਣ ਕਰ ਕੇ ਮਨ ਪ੍ਰੇਸ਼ਾਨ ਹੋ ਜਾਂਦਾ ਹੈ। ਨੌਜਵਾਨ ਨਸ਼ਿਆਂ ਦੀ ਵਰਤੋਂ ਕਰਨ ਲੱਗ ਜਾਂਦੇ ਹਨ। ਨਸ਼ੇ ਦੇ ਬਹਾਨੇ ਪਤਨੀ ਨੂੰ ਕੁੱਟਦੇ ਮਾਰਦੇ ਹਨ। ਕਲੇਸ਼ ਹੋਰ ਵੱਧ ਜਾਂਦਾ ਹੈ। ਨਿਤ ਦੀ ਮਾਰ ਬਰਦਾਸ਼ਤ ਨਾ ਕਰਦੀ ਹੋਈ ਪਤਨੀ ਪੇਕੇ ਘਰ ਟੁਰ ਜਾਂਦੀ ਹੈ। ਕਈ ਵਾਰੀ ਨੌਬਤ ਤਲਾਕ ਤਕ ਵੀ ਪਹੁੰਚ ਜਾਂਦੀ ਹੈ। ਆਰਥਕ ਹਾਲਤ ਬਹੁਤ ਕਮਜ਼ੋਰ ਹੋਣੀ, ਅਣਪੜ੍ਹਤਾ ਹੋਣੀ ਪ੍ਰੇਸ਼ਾਨੀ ਦਾ ਕਾਰਨ ਬਣ ਸਕਦੀ ਹੈ। ਅਜਿਹੀ ਨਿਰਾਸ਼ਾ ਜਨਕ ਸਥਿਤੀ ਵਿਚ ਘਰ ਟੁੱਟ ਜਾਂਦੇ ਹਨ। ਨੌਜਵਾਨ ਘਰੋਂ ਦੌੜ ਜਾਂਦੇ ਹਨ। ਕਈ ਵਾਰੀ ਸਾਧ ਬਣ ਜਾਂਦੇ ਹਨ।

ਘਰ-ਗ੍ਰਹਿਸਤੀ ਜੀਵਨ : ਦੁਨੀਆਂ ਦੇ ਬਹੁਤ ਸਾਰੇ ਧਾਰਮਕ ਰਹਿਬਰਾਂ ਨੇ ਗ੍ਰਹਿਸ ਨੂੰ ਪਾਣੀ ਪੀ ਪੀ ਕੋਸਿਆ ਹੈ। ਅਣਗਿਣਤ ਨੁਕਸਾਨ ਗਿਣਾ ਕੇ, ਆਮ ਇਨਸਾਨ ਨੂੰ ਘਰੋਂ ਨੱਸ ਜਾਣ ਲਈ ਉਤਸ਼ਾਹਤ ਕੀਤਾ ਹੈ। ਬਾਹਰ ਘੁੰਮਣ ਕਰ ਕੇ, ਤਰ੍ਹਾਂ ਤਰ੍ਹਾਂ ਦੇ ਲੋਕਾਂ ਨੂੰ ਮਿਲਣ ਕਰ ਕੇ, ਇਹ ਸਾਧ ਲੋਕ ਚਲਾਕੀਆਂ ਨਾਲ ਆਮ ਇਨਸਾਨ ਨੂੰ ਪ੍ਰਭਾਵਤ ਕਰ ਲੈਂਦੇ ਸਨ, ਹਨ। ਗ੍ਰਹਿਸਤੀਆਂ ਤੋਂ ਅੰਨ, ਵਸਤਰ ਪ੍ਰਾਪਤ ਕਰ ਲੈਂਦੇ ਸਨ। ਹਰ ਤਰ੍ਹਾਂ ਦੀਆਂ ਜੀਵਨ ਲੋੜਾਂ ਪੂਰੀਆਂ ਕਰ ਲੈਂਦੇ ਸਨ।

ਉਨ੍ਹਾਂ ਹੀ ਗ੍ਰਿਹਸਤੀਆਂ ਨੂੰ ਪਾਪੀ ਤੇ ਨਰਕ ਗਾਮੀ ਗਰਦਾਨਦੇ ਸਨ। ਜਿਨ੍ਹਾਂ ਦੇਸ਼ਾਂ ਵਿਚ ਬਦਅਮਨੀ ਲੰਮਾਂ ਸਮਾਂ ਚੱਲੇ, ਵਿਦੇਸ਼ੀ ਹਮਲੇ ਹੋਣ, ਔਰਤਾਂ ਦੀ ਬੇਪੱਤੀ ਹੋਵੇ, ਲੁੱਟਾਂ ਖੋਹਾਂ ਬੇਰੋਕ ਚਲਦੀਆਂ ਹੋਣ, ਬਾਦਸ਼ਾਹ ਵਲੋਂ (ਰਾਜਸੀ ਧਿਰ) ਇਨਸਾਫ਼ ਨਾ ਮਿਲੇ, ਅਜਿਹੀ ਯੁੱਗ ਗਰਦੀ ਵਿਚ ਜਾਂਬਾਜ਼ ਅਣਖੀਲੇ ਗੱਭਰੂ ਬਦਅਮਨੀ ਦੇ ਵਿਰੁਧ ਹਥਿਆਰਬੰਦ ਜੰਗ ਦਾ ਬਿਗਲ ਵਜਾ ਦਿੰਦੇ ਹਨ। ਇਨ੍ਹਾਂ ਵਿਚੋਂ ਬਹੁਤੇ ਜਾਨਾਂ ਵਾਰ ਜਾਂਦੇ ਹਨ। ਕੁੱਝ ਜ਼ਖ਼ਮੀ ਹੋ ਕੇ ਨਕਾਰਾ ਜੀਵਨ ਜਿਉਣ ਲਈ ਮਜਬੂਰ ਹੁੰਦੇ ਹਨ। ਕੁੱਝ ਸਰਕਾਰੀ ਧਿਰ ਨਾਲ ਰਲ ਕੇ ਆਪਣੇ ਲੋਕਾਂ 'ਤੇ ਜ਼ੁਲਮ ਕਰਨ ਵਿਚ ਹਿੱਸੇਦਾਰ ਬਣ ਜਾਂਦੇ ਹਨ। ਕੁੱਝ ਹਾਕਮਾਂ ਦੀਆਂ ਤਲੀਆਂ ਚੱਟਣ ਦੀਆਂ ਸਭ ਤੋਂ ਥੱਲੇ ਦੀਆਂ ਨੌਕਰੀਆਂ ਕਰਨ ਲੱਗ ਪੈਂਦੇ ਹਨ। ਜੋ ਨੌਜਵਾਨ ਜ਼ਿੰਦਗੀ ਦੇ ਇਸ ਭਿਆਨਕ ਦੌਰ ਵਿਚ ਹਾਰ ਜਾਂਦੇ ਹਨ, ਪਰ ਹਾਰ ਸਵੀਕਾਰਨ ਤੋਂ ਸ਼ਰਮ ਖਾਂਦੇ ਹਨ। ਸਾਹਮਣੇ ਮੱਥੇ ਲੜਨ ਤੋਂ ਮੂੰਹ ਫੇਰ ਲੈਂਦੇ ਹਨ। ਜੇਤੂ ਧਿਰ ਦੇ ਚਾਕਰ ਭੀ ਨਹੀਂ ਬਣਨਾ ਚਾਹੁੰਦੇ। ਘਰ ਵਿਚ ਰਹਿਣਾ, ਸਮਾਜ ਵਿਚ ਵਿਚਰਨਾ, ਮੌਤ ਨਾਲੋਂ ਬਦਤਰ ਪ੍ਰਤੀਤ ਹੁੰਦਾ ਹੈ। ਬਸ ਆਖ਼ਰੀ ਇਕੋ ਰਾਹ ਬਾਕੀ ਰਹਿ ਜਾਂਦਾ ਹੈ, ਉਹ ਹੈ ਘਰ ਤਿਆਗ ਦੇਣਾ, ਸਾਧ ਬਣ ਜਾਣਾ। ਜਿਥੇ ਇਹ ਲੋਕ ਖ਼ੁਦ ਕੁਰਾਹੇ ਪੈ ਜਾਂਦੇ ਹਨ। ਅੱਗੋਂ ਆਪਣੀ ਕਾਇਰਤਾ ਨੂੰ ਲੁਕਾਉਣ ਵਾਸਤੇ, ਲੋਕਾਂ ਨੂੰ ਭੀ ਸੁਪਨਮਈ ਸ਼ਬਜ਼ਬਾਗ ਵਿਖਾਉਂਦੇ ਹਨ। ਜੋ ਇਹ ਆਵਾਜਾਰੀ ਦੇਸ਼ ਵਾਸੀਆਂ ਨੂੰ ਝੱਲਣੀ ਪੈ ਰਹੀ ਹੈ, ਇਸ ਦਾ ਕਾਰਨ ਕਿਸੇ ਪਿਛਲੇ ਜਨਮਾਂ ਵਿਚ ਕੀਤੇ ਪਾਪਾਂ ਸਿਰ ਮੜ੍ਹਦੇ ਹਨ, ਹੁਣ ਜੰਗ ਲੜ ਕੇ ਆਜ਼ਾਦੀ ਲੈਣ ਦੀ ਤਾਂਘ ਖ਼ਤਮ ਕਰ ਕੇ, ਕਿਸੇ 'ਅਗੰਮੀ ਸ਼ਕਤੀ' ਦੁਆਰਾ ਰਾਜ ਲੈਣ ਦੀਆਂ ਡੀਂਗਾਂ ਮਾਰਦੇ ਹਨ। ਭਗਤੀ ਕਰ ਕੇ, ਚਲੀਹੇ ਕੱਟ ਕੇ, ਧੂਣੀਆਂ ਤਾਪ ਕੇ, ਵਰਤ ਰੱਖ ਕੇ, ਤੀਰਥ ਯਾਤਰਾਵਾਂ ਕਰ ਕੇ, ਪੁੱਠੇ ਲਟਕ ਕੇ, ਕਿਸੇ ਤਰ੍ਹਾਂ ਦੇ ਮੰਤਰਾਂ ਦਾ ਜਾਪ ਕਰ ਕੇ, ਸਾਰੇ ਦੁੱਖਾਂ ਕਲੇਸ਼ਾਂ ਦਾ ਖ਼ਾਤਮਾ ਕਰ ਦੇਣਗੇ ਦੇ ਝੂਠੇ ਲਾਰੇ ਲਾਉਂਦੇ ਹਨ। ਜ਼ਿੰਮੇਵਾਰੀਆਂ ਤੋਂ ਭਗੌੜੇ ਲੋਕ ਹੌਲੀ ਹੌਲੀ 'ਤਿਆਗ ਨੂੰ ਇਕ ਵਪਾਰ' ਬਣਾ ਲੈਂਦੇ ਹਨ। ਤਿਆਗ ਦਾ ਢੋਲ ਵਜਾਉਣ ਵਾਲੇ ਅਖੌਤੀ ਧਰਮੀ ਸਾਧ, ਸੰਤ ਤੇ ਗੁਰੂ ਰਈਸਾਂ ਨਵਾਬਾਂ ਵਰਗਾ ਠਾਠ ਵਾਲਾ ਜੀਵਨ ਬਤੀਤ ਕਰਦੇ ਵੇਖੇ ਜਾ ਸਕਦੇ ਹਨ।

ਗੁਰੂ ਨਾਨਕ ਬਾਬਾ ਜੀ ਨੇ ਸ਼ਰਤਾਂ ਹੀ ਅਜਿਹੀਆਂ ਰੱਖੀਆਂ ਜੋ ਸਾਰਿਆਂ ਲਈ ਮੰਨਣਯੋਗ ਸਨ ਅਤੇ ਮਨੁੱਖਤਾ ਦੇ ਹਿਤ ਵਿਚ ਸਨ। ਜੋ ਵਿਅਕਤੀ ਬਾਬਾ ਜੀ ਦੇ ਸੰਪਰਕ ਵਿਚ ਆਇਆ, ਉਸ ਨੂੰ ਖੁੱਲ੍ਹ ਕੇ ਅਜਿਹੇ ਮੁੱਢਲੇ ਅਸੂਲ ਦ੍ਰਿੜ ਕਰਵਾਏ ਗਏ। ਜੇ ਕੋਈ ਪਹਿਲਾਂ ਹੀ ਅਜਿਹੇ ਅਸੂਲਾਂ ਦੀ ਪਾਲਣਾ ਕਰਦਾ ਹੈ,

ਤਦੋਂ ਉਸ ਨੂੰ ਸਨਮਾਨ ਦੇ ਕੇ, ਬਰਾਬਰ ਦਾ ਦਰਜਾ ਦਿੱਤਾ। ਉਹ ਮੁਢਲੇ ਨੀਅਮ ਕਿਹੜੇ ਸਨ ?:

1. ਸੁੱਚੀ ਕਿਰਤ ਕਰਨ ਵਾਲਾ ਹੋਵੇ :

ਬਹੁਗਿਣਤੀ ਇਨਸਾਨਾਂ ਦੀ ਇਹੀ ਕੋਸ਼ਿਸ਼ ਹੁੰਦੀ ਹੈ ਕਿ ਮਿਹਨਤ ਘੱਟ ਕਰੀਏ, ਸੁੱਖ ਆਰਾਮ ਬਹੁਤੇ ਮਿਲਣ। ਮਾਣ ਵਡਿਆਈ ਖ਼ੂਬ ਮਿਲੇ, ਸਾਰੇ ਬੰਨੇ ਮੇਰਾ ਹੀ ਹੁਕਮ ਚੱਲੇ, ਇਮਾਨਦਾਰੀ ਦੀ ਕਿਰਤ ਕਰਦਿਆਂ ਜ਼ਰੂਰੀ ਲੋੜਾਂ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਮਾਇਆ ਦੇ ਅੰਬਾਰ ਤਾਂ ਕਿਸੇ ਸਾਜ਼ਸ਼ੀ ਤਰੀਕੇ ਨਾਲ ਹੀ ਇਕੱਠੇ ਕੀਤੇ ਜਾ ਸਕਦੇ ਹਨ। ਧਨ ਕਮਾਉਣਾ ਪਾਪ ਨਹੀਂ, ਸਗੋਂ ਪਰਖ ਇਸ ਗੱਲ ਦੀ ਕਰਨੀ ਚਾਹੀਦੀ ਹੈ ਕਿ ਧਨ ਕਮਾਇਆ ਕਿਵੇਂ ਗਿਆ ਹੈ ? ਸਾਧ ਸੰਤ ਪੁਜਾਰੀ ਟੋਲਾ ਕਿਰਤ ਕਰਨ ਤੋਂ ਭਗੌੜਾ ਹੈ। ਦੂਜਿਆਂ ਦੀ ਕਿਰਤ 'ਤੇ ਪੇਟ ਪਾਲਦਾ ਹੈ। ਕਿਰਤੀਆਂ ਨੂੰ ਲੁੱਟ ਕੇ ਮਹਿਲ ਉਸਾਰਦਾ ਹੈ। ਕਦੇ ਦੁੱਖਾਂ ਦਾ ਖ਼ਾਤਮਾ ਕਰਨ ਦਾ ਲਾਰਾ ਲਾਉਂਦਾ ਹੈ। ਕਦੇ ਸੁੱਖਾਂ ਦੇ ਸਬਜ ਬਾਗ ਵਿਖਾਉਂਦਾ ਹੈ। ਇਸੇ ਤਰ੍ਹਾਂ ਭੋਲਾ ਕਿਰਤੀ ਇਸ ਚਾਲਬਾਜ਼ ਪੁਜਾਰੀ ਹੱਥੋਂ ਨਿਤ ਦਿਨ ਠੱਗਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਜੀ ਨੇ ਸਾਰੀ ਉਮਾਰ ਸਖ਼ਤ ਮਿਹਨਤ ਕੀਤੀ। ਖੇਤੀ, ਨੌਕਰੀ ਜਾਂ ਵਪਾਰ ਕਰਦਿਆਂ ਕਿਸੇ ਦਾ ਹੱਕ ਨਹੀਂ ਮਾਰਿਆ। ਦੌਲਤ ਦੇ ਢੇਰ ਇਕੱਠੇ ਨਹੀਂ ਕੀਤੇ। ਈਮਾਨਦਾਰੀ ਵਾਲਾ ਸਾਦਾ ਜੀਵਨ ਖ਼ੁਦ ਜੀਵਿਆ ਤੇ ਸੱਭ ਨੂੰ ਨੇਕ ਜੀਵਨ ਜਿਉਣ ਦਾ ਉਪਦੇਸ਼ ਦਿਤਾ। ਅਜਿਹੇ ਉੱਤਮ ਜੀਵਨ ਵਾਲੇ ਹੀ ਪਰਉਪਕਾਰੀ ਜਨ ਕਬੀਰ ਜੀ, ਰਵੀਦਾਸ ਜੀ, ਨਾਮਦੇਵ ਜੀ ਅਤੇ ਫ਼ਰੀਦ ਜੀ ਆਦਿ ਸਨ, ਜਿਨ੍ਹਾਂ ਨੂੰ ਸਤਿਗੁਰੂ ਜੀ ਨੇ ਆਪਣੇ ਹਮਜੋਲੀ ਬਣਾਇਆ। ਕਪੜਾ ਬੁਨਣਾ ਨੀਂਵਾਂ ਕੰਮ ਨਹੀਂ, ਸਨਮਾਨਯੋਗ ਹੈ। ਕਪੜਾ ਰੰਗਣਾ ਤੇ ਸਿਲਾਈ ਕਰਨੀ ਬੁਰਾਈ ਨਹੀਂ, ਭਲਾਈ ਹੈ। ਜੁੱਤੀ ਜੋੜਾ ਬਣਾਉਣਾ ਅਤੇ ਮਰੇ ਪਸ਼ੂਆਂ ਨੂੰ ਘਰੋਂ ਚੁੱਕ ਬਾਹਰ ਸੁਟਣਾ ਪਾਪ ਨਹੀਂ, ਵੱਡਾ ਪੁੰਨ ਹੈ। ਖੇਤੀ ਕਰਨੀ, ਦੁਕਾਨ ਚਲਾਉਣੀ ਨੌਕਰੀ ਕਰਨੀ ਬੁਰੀ ਕਿਵੇਂ ਹੈ ? ਜੇ ਕੋਈ ਵਿਅਕਤੀ ਅਜਿਹੇ ਕੰਮ ਨਾ ਕਰੇ ਤਾਂ ਘਰ ਪਰਵਾਰ ਕਿਵੇਂ ਚਲਣਗੇ ? ਲੋਕਾਂ ਦੀਆਂ ਨਜ਼ਰਾਂ ਵਿਚ ਕਿਰਤੀ, ਕਾਮੇ ਤ੍ਰਿਸਕਾਰ ਯੋਗ ਸਨ। ਪਰ ਗੁਰੂ ਨਾਨਕ ਸਾਹਿਬ ਜੀ ਨੇ ਇਨ੍ਹਾਂ ਨੂੰ ਸਨਮਾਨ ਯੋਗ ਆਖਿਆ। ਕਿੰਨੇ ਸਾਰੇ ਕਿਰਤੀ ਮਹਾਂਪੁਰਖਾਂ ਦੀ ਬਾਣੀ ਉਤਾਰਾ ਕਰ ਕੇ ਆਪਣੇ ਕੋਲ ਸਾਂਭ ਲਈ ਤਾਂ ਕਿ ਆਉਣ ਵਾਲੀਆਂ ਨਸਲਾਂ ਵਿਹਲੜਪੁਣੇ ਨੂੰ ਤਿਆਗ ਕੇ ਕਿਰਤੀ, ਮਿਹਨਤੀ ਬਣਨ, ਜੀਵਨ ਦਾ ਸਹੀ ਸੁੱਖ ਪ੍ਰਾਪਤ ਕਰ ਸਕਣ। ਗੁਰ ਵਾਕ ਹਨ:-

ਗਿਆਨ ਵਿਹੂਣਾ ਗਾਵੈ ਗੀਤ ॥ ਭੁਖੇ ਮੁਲਾਂ ਘਰੇ ਮਸੀਤਿ ॥

ਮਖਟੂ ਹੋਇ ਕੈ ਕੰਨ ਪੜਾਏ ॥ ਫਕਰੁ ਕਰੇ ਹੋਰ ਜਾਤਿ ਗਵਾਏ ॥
ਗੁਰੁ ਪੀਰੁ ਸਦਾਏ ਮੰਗਣ ਜਾਇ ॥ ਤਾ ਕੈ ਮੂਲਿ ਨ ਲਗੀਐ ਪਾਇ ॥
ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥ (1245)

ਹੇ ਭਾਈ! ਗਿਆਨ ਦੀ ਗ਼ਲਤ ਵਰਤੋਂ ਕਰਨ ਵਾਲੇ ਖ਼ੁਦਗਰਜ਼ ਲੋਕ ਹੇਕਾਂ ਲਾ ਕੇ ਰਸੀਲੇ ਗਲੇ ਨਾਲ ਗੀਤ ਗਾਉਂਦੇ ਹਨ। ਬੜਾ ਕੀਰਤਨ ਕਰਦੇ ਹਨ। ਪਰ ਲਾਲਚ ਵੱਸ ਘਰ ਨੂੰ ਹੀ ਧਰਮ ਅਸਥਾਨ ਦਾ ਰੂਪ ਦੇ ਦਿਆ ਕਰਦੇ ਹਨ। ਬਹੁਤ ਸਾਰੇ ਮਿਹਨਤ ਤੋਂ ਘਬਰਾਅ ਕੇ, ਕੰਨਾਂ ਵਿਚ ਮੁੰਦਰਾਂ ਪਵਾ ਕੇ, ਜੋਗੀ ਬਣ ਕੇ ਘਰੋਂ ਨੱਸ ਜਾਂਦੇ ਹਨ। ਆਪਣੇ ਆਪ ਨੂੰ ਸਭ ਕਾਸੇ ਤੋਂ ਨਿਰਲੇਪ ਫ਼ਕੀਰ ਦਸਦੇ ਹਨ। ਪਰ ਹੈਨ ਨਿਰੇ ਠੱਗ। ਯਾਦ ਰਖਣਾ ਜੇ ਕੋਈ ਗੁਰੂ ਪੀਰ, ਸੰਤ ਸਾਧ ਮੰਗਦਾ ਨਜ਼ਰ ਆਏ। ਕਿਧਰੇ ਭੁੱਲ ਕੇ ਭੀ ਉਸ ਨੂੰ ਸਿਰ ਨਾ ਝੁਕਾਅ ਦੇਣਾ, ਮੱਥਾ ਨਹੀਂ ਟੇਕਣਾ, ਜੋ ਵਿਅਕਤੀ ਦਸਨਖ ਦੀ ਸੱਚੀ ਕਿਰਤ ਕਰਦਾ ਹੈ, ਅਸਲ ਵਿਚ ਉਹ ਸਹੀ ਰਾਹ 'ਤੇ ਚੱਲ ਰਿਹਾ ਹੈ, ਉਸ ਨੂੰ ਜ਼ਿੰਦਗੀ ਦਾ ਸਹੀ ਰਾਹ ਮਿਲ ਗਿਆ ਸਮਝੋ।

2. ਗ੍ਰਿਹਸਤੀ ਹੋਵੇ :

ਗੁਰੂ ਸਾਹਿਬਾਨ ਖ਼ੁਦ ਪਰਵਾਰ ਵਾਲੇ ਸਨ। ਦੁਨੀਆਂ ਬਣੀ ਹੈ, ਵਧੀ ਹੈ, ਇਹ ਸਭ ਪਰਵਾਰਕ ਸਾਂਝ ਦੁਆਰਾ ਹੀ ਸੰਭਵ ਹੋਇਆ ਹੈ। ਪਰਵਾਰਕ ਜੀਵਨ ਨੂੰ ਤਿਆਗਣ ਵਾਲਾ ਮਨੁੱਖ ਜ਼ਿੰਮੇਵਾਰੀਆਂ ਨਿਭਾਉਣ ਤੋਂ ਮੁਨਕਰ ਹੈ। ਸਮਾਜਕ ਜ਼ਿੰਦਗੀ ਤੋਂ ਬਾਗੀ ਹੈ। ਘਰ ਵਸਾ ਨਹੀਂ ਸਕਦਾ, ਦੇਸ਼ ਨੂੰ ਕਿਵੇਂ ਵਸਾ ਸਕੇਗਾ। ਯਾਦ ਰਹੇ, ਇਕ ਇਕ ਘਰ ਬਣ ਕੇ, ਇਕ ਇਕ ਪਰਵਾਰ ਜੁੜ ਕੇ ਕਬੀਲੇ, ਦੇਸ਼ ਤੇ ਦੁਨੀਆਂ ਬਣਦੀ ਹੈ। ਅਸਲ ਵਿਚ ਗ੍ਰਿਹਸਤ ਤੋਂ ਮੁਨਕਰ ਲੋਕ ਕਾਇਰ ਜਹੇ ਸੁਭਾਅ ਵਾਲੇ ਹੋਇਆ ਕਰਦੇ ਹਨ। ਜੀਵਨ ਨੂੰ ਉਲਾਰਪਨੇ ਤੋਂ ਬਚਾਉਣ ਲਈ ਵਿਆਹ ਅਤੇ ਪਰਵਾਰਕ ਜੀਵਨ ਅਤਿਅੰਤ ਜ਼ਰੂਰੀ ਹੈ। ਜਿਸ ਪਰਵਾਰ ਦਾ ਮਾਹੌਲ ਨਾਖ਼ੁਸ਼ਗਵਾਰ ਹੈ, ਉਸ ਪਰਵਾਰ ਦੇ ਜੀਅ ਸਮਾਜ ਵਿਚ ਹਰ ਥਾਂ ਅਜੀਬ ਜਿਹਾ ਵਰਤਾਉ ਕਰਦੇ ਮਜ਼ਾਕ ਦਾ ਪਾਤਰ ਜਹੇ ਬਣੇ ਰਹਿੰਦੇ ਹਨ।

ਗੁਰੂ ਨਾਨਕ ਸਾਹਿਬ ਨੇ ਜਿੱਥੇ ਗੁਰਬਾਣੀ ਰਾਹੀਂ ਗ੍ਰਿਹਸਤ ਨੂੰ ਮਾਣ ਦਿੱਤਾ ਉਥੇ ਨਾਲ ਹੀ ਬਾਣੀ ਦੀ ਚੋਣ ਕਰਨ ਲੱਗਿਆਂ ਹੋਰ ਗੁਣਾਂ ਦੇ ਨਾਲ ਨਾਲ ਬਾਣੀਕਾਰਾਂ ਦਾ ਗ੍ਰਿਹਸਤੀ ਹੋਣਾ ਜ਼ਰੂਰੀ ਮੰਨਿਆ ਗਿਆ। ਜਿਨ੍ਹਾਂ ਪਰਉਪਕਾਰੀ ਰੱਬੀ ਭਗਤਾਂ ਦੀ ਬਾਣੀ ਸਤਿਗੁਰੂ ਜੀ ਨੇ ਆਪਣੇ ਨਾਲ ਸਾਂਭ ਕੇ ਲਿਆਂਦੀ ਉਹ ਸਾਰੇ ਭਗਤ ਗ੍ਰਿਹਸਤੀ ਸਨ। ਆਪਣੀ ਬਾਣੀ ਵਿਚ ਭੀ ਉਨ੍ਹਾਂ ਕਿਤੇ ਇਕ ਥਾਂ ਭੀ ਗ੍ਰਿਹਸਤ ਦਾ ਵਿਰੋਧ ਨਹੀਂ ਕੀਤਾ। ਔਰਤ ਦਾ ਕਿਤੇ ਇਕ ਵਾਰੀ ਭੀ ਅਪਮਾਨ

ਨਹੀਂ ਕੀਤਾ। ਅਗਰ ਕਿਧਰੇ ਸਖਤ ਸ਼ਬਦਾਵਲੀ ਔਰਤ ਦੇ ਵਿਰੁੱਧ ਨਜ਼ਰ ਆ ਭੀ ਜਾਵੇ ਤਾਂ ਉਸ ਤੋਂ ਜਿਆਦਾ ਮੌਰਦ ਦੀਆਂ ਗਲਤੀਆਂ ਨੂੰ ਸੁਧਾਰਨ ਵਾਸਤੇ ਆਖੇ ਗਏ ਕਠੋਰ ਵਚਨ ਭੀ ਮਿਲ ਜਾਣਗੇ। ਗੁਰਬਾਣੀ ਦਾ ਪਾਵਨ ਫੁਰਮਾਨ ਹੈ:

ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥ ਵੇਸਿ ਨ ਪਾਈਐ ਮਹਾ ਦੁਖਿਆਰੀ ॥ (1348)

ਹੇ ਭਾਈ! ਪਤਨੀ ਦਾ ਤਿਆਗ ਕਰ ਕੇ ਸਾਧ ਬਣ ਜਾਣ ਵਾਲੇ ਪਖੰਡੀ ਕਾਮ ਵਾਸਨਾ ਵਿਚ ਅੰਨੇ ਹੋ ਕੇ ਪਰਾਈਆਂ ਔਰਤਾਂ ਵਲ ਮੈਲੀ ਨਜ਼ਰ ਰੱਖਦੇ ਹਨ। ਧਾਰਮਕ ਪਹਿਰਾਵੇ ਪਹਿਨਣ ਨਾਲ ਧਰਮੀ ਨਹੀਂ ਬਣ ਜਾਈਦਾ। ਸਗੋਂ ਮਨ ਵਿਚੋਂ ਵਿਕਾਰ ਕੱਢਣੇ ਪੈਣਗੇ। ਸੋ, ਸਾਰੇ ਭਗਤਾਂ ਨੇ ਆਪਣੇ ਵਿਕਾਰਾਂ ਨੂੰ ਤਿਆਗ ਦਿਤਾ ਸੀ। ਸੰਪੂਰਨ ਇਨਸਾਨ ਬਣ ਚੁੱਕੇ ਸਨ।

3. ਬਰਾਬਰਤਾ ਵਾਲਾ ਅਸੂਲ :

ਦੁਨੀਆਂ ਦੇ ਹਰ ਖਿਤੇ ਵਿਚ ਸਮੇਂ ਸਮੇਂ ਆਪਣੀ ਤਾਕਤ ਅਤੇ ਧੌਂਸ ਦਾ ਬੜਾ ਮਾਰੂ ਪ੍ਰਦਰਸ਼ਨ ਹੁੰਦਾ ਰਿਹਾ ਹੈ। ਜਿਨ੍ਹਾਂ ਨੇ ਤਾਕਤ ਹਾਸਲ ਕਰ ਲਈ, ਉਹ ਦੂਜਿਆਂ ਨੂੰ ਕੀੜੇ ਕਾਢੇ ਸਮਝਣ ਲੱਗ ਪਏ। ਕਮਜ਼ੋਰਾਂ ਨੂੰ ਲੁੱਟ ਕੇ ਖਾਂਦੇ ਰਹੇ। ਕਤਲ ਕਰਦੇ ਰਹੇ, ਆਪਣੀਆਂ ਵਗਾਰਾਂ ਕਰਵਾਉਂਦੇ ਰਹੇ ਤੇ ਕਮਜ਼ੋਰਾਂ ਤੋਂ ਆਪਣੀ ਪੂਜਾ ਭੀ ਕਰਵਾਉਂਦੇ ਰਹੇ। ਅਤਿ ਕਮਜ਼ੋਰ ਅਤੇ ਹਾਰੇ ਹੋਏ ਲੋਕਾਂ ਨੇ ਜੀਵਤ ਰਹਿਣ ਲਈ ਸਭ ਕੁੱਝ ਛੱਡ ਦਿਤਾ। ਮਾਲਕਾਂ ਦੀਆਂ ਕਠਪੁਤਲੀਆਂ ਮਾਤਰ ਬਣ ਕੇ ਨੱਚਣ ਜੋਗੇ ਰਹਿ ਗਏ। ਅਮੀਰ ਗ਼ਰੀਬ, ਕਾਲਾ ਗੋਰਾ, ਅਫ਼ਸਰ ਜਾਂ ਆਮ ਜੰਤਾ ਦਾ ਪਾੜਾ ਬੇਹੱਦ ਦੁੱਖਦਾਈ ਹੈ। ਜਦੋਂ ਇਸ ਨੂੰ ਧਰਮ ਦੀ ਪਾਹ ਚੜ੍ਹਾਅ ਦਿਤੀ ਜਾਵੇ, ਉਸ ਹਾਲਤ ਵਿਚ ਇਹ "**ਨਿਰੰਕਾਰ ਵਲੋਂ ਦਿਤਾ ਗਿਆ ਸਦੀਵੀ ਕਰਮ ਬਣ ਜਾਂਦਾ ਹੈ।**" ਨਿਮਰਤਾ ਦੇ ਪੁੰਜ ਸੰਗਤਾਂ ਦੀ ਚਰਨ ਧੂੜੀ ਹੋਣ ਦਾ ਨਾਟਕ ਕਰਨ ਵਾਲੇ ਸਾਧ ਸੰਤ, ਬ੍ਰਹਮ ਗਿਆਨੀ, ਸਿੱਖ ਜਥੇਦਾਰ ਨਿਮਾਣੇ ਹੋਣ ਦਾ ਢੋਲ ਭੀ ਵਜਾ ਰਹੇ ਹੁੰਦੇ ਹਨ। ਸ਼ਰੇਆਮ ਆਪਣੀ ਪੂਜਾ ਭੀ ਕਰਵਾ ਰਹੇ ਹੁੰਦੇ ਹਨ। ਆਪਣੇ ਪੈਰੀਂ ਹੱਥ ਭੀ ਲਗਵਾ ਰਹੇ ਹੁੰਦੇ ਹਨ। ਖ਼ੁਦ ਉੱਚੀ ਥਾਵੇਂ ਆਸਨ ਲਾਉਂਦੇ ਹਨ, ਬਾਕੀ ਸਾਰੇ ਨੀਵੇਂ ਥਾਵੇਂ ਬੈਠਦੇ ਹਨ। ਦੂਜਿਆਂ ਨਾਲੋਂ ਉਤਮ ਹੋਣ ਦਾ ਹੰਕਾਰ ਇਤਨਾ ਪ੍ਰਬਲ ਹੈ ਕਿ ਆਪਣੀ ਤਾਕਤ ਜਾਂ ਸ਼ੈਤਾਨੀਅਤ ਦੁਆਰਾ ਪਤਨੀ (ਕਿਉਂਕਿ ਔਰਤ ਹੈ) ਨੀਂਵੀਂ, ਪਤੀ ਉੱਚਾ। ਵਡੱਪਣ ਪੈਸੇ ਦਾ, ਵਡੱਪਣ ਅਹੁਦੇ ਦਾ ਤੇ ਵੱਡਾਪਣ ਜਾਤ ਦਾ, ਵੱਡਾਪਣ ਧਰਮ ਦਾ (ਮੈਂ ਧਰਮੀ ਹਾਂ, ਤੁਸੀ ਸਾਰੇ ਪਾਪੀ ਹੋ), ਵੱਡਾਪਣ ਵਿਦਿਆ ਦਾ, ਵੱਡਾਪਣ ਰਾਜਸੀ ਤਾਕਤ ਦਾ, ਵੱਡਾਪਣ (ਕਾਲਪਨਿਕ) ਕਰਾਮਾਤੀ ਸ਼ਕਤੀਆਂ ਦਾ, ਜੇ ਹੋਰ ਕੋਈ ਵਡਿਆਈ

ਨਹੀਂ। ਗੁਣ, ਵਿਦਿਆ, ਪੈਸਾ, ਅਹੁਦਾ ਆਦਿ ਨਹੀਂ ਹੈ ਤਾਂ ਅਖ਼ੀਰ ਵਿਚ ਹੰਕਾਰਿਆ ਇਨਸਾਨ ਆਖ਼ਰੀ ਹਥਿਆਰ ਦੇ ਤੌਰ 'ਤੇ ਇਉਂ ਕਹਿਣੋ ਭੀ ਸੰਕੋਚ ਨਹੀਂ ਕਰਦਾ ਕਿ ਮੈਂ ਉਮਰ ਵਿਚ ਵੱਡਾ ਹਾਂ। ਇਸ ਲਈ ਉਮਰ ਵਿਚ ਛੋਟੇ ਸਾਧ ਮੇਰੇ ਚਰਨ ਪਰਸੋ। ਮੇਰਾ ਵੱਧ ਸਤਿਕਾਰ ਕਰੋ।

ਮਹਾਨ ਰਹਿਬਰ ਗੁਰੂ ਨਾਨਕ ਬਾਬਾ ਜੀ ਨੇ ਆਪਣੇ ਸੰਗੀ, ਸਾਥੀ ਤੇ ਸਿੱਖਾਂ ਨੂੰ ਇਕ ਸਾਰ ਦਰਜਾ ਦਿਤਾ। ਤੁਸੀ ਸਾਰੇ ਆਪਸ ਵਿਚ 'ਭਾਈ ਭਾਈ' ਹੋ। ਕੋਈ ਵੱਡਾ ਨਹੀਂ, ਛੋਟਾ ਨਹੀਂ। ਸਾਰੇ ਇਕੋ ਪਿਤਾ, ਇਕੋ ਮਾਤਾ ਦੇ ਜਾਏ। ਆਉ ਗੁਰੂ ਵਾਕ ਪੜ੍ਹੀਏ :

ਤੂੰ ਮੇਰਾ ਪਿਤਾ ਤੂ ਹੈ ਮੇਰਾ ਮਾਤਾ॥ ਤੂ ਮੇਰਾ ਬੰਧਪ ਤੂ ਮੇਰਾ ਭਰਾਤਾ॥ (103)

ਇਸੇ ਭਾਵਨਾ ਨੂੰ ਅਮਲੀ ਜਾਮ ਪਹਿਨਾਉਂਦਿਆਂ, ਜਾਤ ਪਾਤ ਦੀਆਂ ਕੰਧਾਂ ਤੋੜਦਿਆਂ ਪੰਚਮ ਨਾਨਕ ਨੇ ਪੋਥੀ ਸਾਹਿਬ ਵਿਚ ਸਾਰੀਆਂ ਜਾਤਾਂ ਵਾਲਿਆਂ ਨੂੰ ਬਰਾਬਰਤਾ ਵਾਲਾ ਸਨਮਾਨਯੋਗ ਰੁਤਬਾ ਦਿਤਾ। ਸੰਗਤਾਂ, ਪੰਗਤਾਂ ਤੇ ਸਰੋਵਰ ਬਰਾਬਰੀ ਦਾ ਸਿਖਿਆ ਸਕੂਲ ਹੀ ਸਮਝਣੇ ਚਾਹੀਦੇ ਹਨ। ਪੰਜ ਪਿਆਰੇ, ਪੰਜ ਵਖਰੀਆਂ ਜਾਤਾਂ, ਵਖਰੇ ਇਲਾਕਿਆਂ ਵਿਚੋਂ ਆਪਣੇ ਆਪ ਨਹੀਂ ਆ ਗਏ। ਸਗੋਂ ਦਸਮੇਂ ਨਾਨਕ ਦੀ ਅਗੰਮੀ ਸੋਚ ਨੇ ਇਸ ਤਰ੍ਹਾਂ ਕਾਰਜ ਵਿਧੀ ਖ਼ੁਦ ਉਲੀਕੀ ਸੀ। ਗੁਰਮਤਿ ਵਿਚਾਰਧਾਰਾ ਹਰ ਮਨੁੱਖ ਨੂੰ ਬਰਾਬਰ ਦਾ ਦਰਜਾ ਪ੍ਰਦਾਨ ਕਰਦੀ ਹੈ। ਇਸ ਪਰਖ ਕਸਵਟੀ 'ਤੇ ਸਾਰੇ ਬਾਣੀਕਾਰ, ਮਹਾਂਪੁਰਖ ਖਰੇ ਉਤਰਦੇ ਹਨ।

4. ਵੰਡ ਛਕਣ ਵਾਲਾ ਹੋਵੇ :

ਭਾਰਤੀ ਧਰਮਾਂ ਅਤੇ ਸਮਾਜ ਵਿਚ ਵੰਡ ਛਕਣ ਵਰਗੀ ਕੋਈ ਪ੍ਰੰਪਰਾ ਵਿਕਸਤ ਨਹੀਂ ਹੋਈ। ਇਥੋਂ ਦਾ ਸਨਾਤਨ 'ਧਰਮ' ਮਨੁੱਖਾਂ ਦੀ ਮਨੁੱਖਾਂ ਨਾਲ ਸਾਂਝ ਭਿਆਲੀ ਨਹੀਂ ਪੁਆਉਂਦਾ। ਸਗੋਂ ਦੂਰੀ ਜਾਂ ਨਫ਼ਰਤ ਪੈਦਾ ਕਰਦਾ ਹੈ। ਨੀਂਵਿਆਂ ਜਾ ਨਿਮਾਣਿਆਂ ਨੂੰ ਉਚੇ ਲੋਕ ਆਪਣੇ ਨਾਲ ਕਿਵੇਂ ਬਿਠਾ ਸਕਦੇ ਹਨ ? ਅਛੂਤਾਂ ਨਾਲ ਵੰਡ ਕੇ ਕਿਵੇਂ ਛਕ ਸਕਦੇ ਹਨ ? ਜਿਥੇ ਦੁੱਖ ਸੁੱਖ ਸਾਂਝੇ ਹੋਣ। ਜਿਥੇ ਰੱਬ ਸਾਰਿਆਂ ਦਾ ਇਕ ਹੋਵੇ, ਜਿਥੇ ਜਾਤ ਇਕ ਹੋਵੇ, ਸਾਰੇ ਇਕੋ ਪਰਵਾਰ ਦੇ ਜੀਅ ਸਮਝੇ ਜਾਣ, ਕੋਈ ਪੂਜਣ ਯੋਗ ਜਾਂ ਕੋਈ ਦੂਜਾ ਘ੍ਰਿਣਾ ਯੋਗ ਨਾ ਹੋਵੇ। ਉਸ ਅਵਸਥਾ ਵਿਚ ਵੰਡ ਕੇ ਛਕਿਆ ਜਾ ਸਕਦਾ ਹੈ। ਫਿਰ ਖਾਣਾ ਸਾਰਿਆਂ ਦਾ ਇਕ ਸਾਰ ਹੋਵੇ। ਇਹ ਨਹੀਂ ਕਿ ਅਮਕਾ ਮੂਲੀ ਨਹੀਂ ਖਾਂਦਾ, ਢਮਕਾ ਲੱਸਣ ਤੋਂ ਨੱਕ ਵੱਟਦਾ ਹੈ, ਫਲਾਨਾ ਮਾਂਹ ਨਹੀਂ ਖਾਂਦਾ ਤੇ ਢਮਕਾਨਾ ਮਾਸ ਖਾਣ ਤੋਂ ਇਨਕਾਰੀ ਹੈ। ਅਜਿਹੇ ਭਰਮਾਂ ਨੂੰ ਤੋੜਨ ਵਾਲੇ ਹੀ ਰਲ ਮਿਲ ਕੇ (ਵੰਡ ਕੇ) ਇਕੱਠੇ ਖਾਣਾ ਖਾ

ਸਕਦੇ ਹਨ।

ਚੋਰ ਕਦੀ ਵੰਡ ਕੇ ਨਹੀਂ ਛਕਦੇ। ਰਾਜੇ ਤੇ ਵੱਡੇ ਅਫ਼ਸਰ ਵੰਡ ਕੇ ਨਹੀਂ ਛਕਦੇ। ਪੁਜਾਰੀ ਟੋਲੇ ਭੀ ਵੰਡ ਕੇ ਨਹੀਂ ਛਕਦੇ। ਕਿਉਂਕਿ ਅਜਿਹੇ ਲੋਕ ਤਾਂ ਆਮ ਸੰਸਾਰ ਨੂੰ ਲੁੱਟਣਾ ਜਾਣਦੇ ਹਨ, ਵੰਡਣਾ ਨਹੀਂ। ਜਿਸ ਮਨੁੱਖ ਦੀ ਦੂਜੇ ਨਾਲ ਕੋਈ ਸਾਂਝ ਹੀ ਨਹੀਂ, ਪਿਆਰ ਭਰਿਆ ਅਪਣਤ ਵਾਲਾ ਰਿਸ਼ਤਾ ਨਹੀਂ, ਉਹ ਵੰਡ ਕੇ ਨਹੀਂ ਛਕੇਗਾ। ਦੂਜਿਆਂ 'ਤੇ ਆਏ ਦੁੱਖਾਂ ਨੂੰ ਦੂਰ ਕਰਨ ਵਾਸਤੇ ਅਜਿਹੇ ਖ਼ੁਦਗਰਜ਼ ਲੋਕ ਖ਼ਤਰਾ ਕਿਉਂ ਸਹੇੜਨਗੇ ? ਜੋ ਵਿਅਕਤੀ ਇਕੱਠੇ ਬੈਠ ਕੇ ਰੋਟੀ ਨਹੀਂ ਖਾ ਸਕਦੇ, ਉਨ੍ਹਾਂ ਤੋਂ ਇਕ ਦੂਜੇ ਲਈ ਆਪਾ ਵਾਰਨਾ, ਕੁਰਬਾਨੀ ਕਰਨ ਦੀ ਆਸ ਰਖਣੀ ਫ਼ਜ਼ੂਲ ਹੈ। ਗੁਰੂ ਬਾਬਾ ਜੀ ਨੇ ਅਮੀਰਾਂ ਵਲੋਂ ਗ਼ਰੀਬਾਂ ਲਈ ਚਲਾਏ ਲੰਗਰਾਂ ਦੀ ਹਮਾਇਤ ਨਹੀਂ ਕੀਤੀ। ਅਜਿਹੇ ਲੰਗਰ ਤਾਂ ਮਲਕ ਭਾਗੋ ਲੰਮੇ ਸਮੇਂ ਤੋਂ ਚਲਾਉਂਦਾ ਆ ਰਿਹਾ ਸੀ। ਪਰ ਬਾਬਾ ਜੀ ਨੇ ਇਸ ਪਾਪ ਕਰਨ ਦੇ ਬਖੀਏ ਉਧੇੜ ਦਿਤੇ। ਅੱਜ ਸਿੱਖਾਂ ਦੇ ਗੁਰਦਵਾਰਿਆਂ ਤੇ ਘਰਾਂ ਵਿਚ ਬਹੁਤੇ ਲੰਗਰ ਮਲਕ ਭਾਗੋਆਂ ਦੇ ਹੀ ਚੱਲ ਰਹੇ ਹਨ। ਵਿਚਾਰਾ ਭਾਈ ਲਾਲੋ ਡੋਰ ਭੋਰ ਹੋਇਆ ਪੇਟ ਨੂੰ ਝੁਲਕਾ ਦੇਣ ਲਈ ਮਜਬੂਰ ਹੈ। ਗੁਰੂ ਸਾਹਿਬਾਨ ਨੇ ਅਜਿਹੀ ਜਜ਼ਬਾਤੀ ਸਾਂਝ ਪੈਦਾ ਕੀਤੀ ਕਿ ਦੂਜੇ ਦੇ ਦੁੱਖੜੇ ਦੂਰ ਕਰਨ ਲਈ ਸਿੱਖ ਸੂਰਮਿਆਂ ਨੇ ਮੁਸੀਬਤਾਂ ਝੱਲੀਆਂ। ਜਾਨ 'ਤੇ ਖੇਡ ਗਏ। ਬਾਣੀ ਰਚੇਤਾ ਸਾਰੇ ਮਹਾਂਪੁਰਖ ਇਸੇ ਤਰ੍ਹਾਂ ਦੀ ਸੁੱਚੀ ਸੋਚ ਵਾਲੇ ਸਨ। ਅਮੀਰ ਵਲੋਂ ਗ਼ਰੀਬ ਨੂੰ ਰੋਟੀ ਖਵਾ ਦੇਣੀ, ਵੰਡ ਛਕਣਾ ਨਹੀਂ ਹੈ। ਸਗੋਂ ਹਰ ਤਰ੍ਹਾਂ ਦੇ ਦੁੱਖ ਸੁੱਖ ਵਿਚ ਸਾਂਝੀ ਵਾਲਤਾ ਲਿਆਉਣ ਦੀ ਕੋਸ਼ਿਸ਼ ਕਰਨੀ ਹੈ। ਇਸੇ ਤਰ੍ਹਾਂ ਦੀ ਸਿਰਜਣਾ ਕਰਨ ਵਾਸਤੇ ਗੁਰਬਾਣੀ ਨੇ ਮਾਹੌਲ ਤਿਆਰ ਕੀਤਾ ਸੀ।

5. ਇਕੋ ਪਰਮੇਸ਼ਰ ਨੂੰ ਮੰਨਣ ਵਾਲੇ :

ਦੁਨੀਆਂ ਵਿਚ ਜਿਨ੍ਹਾਂ ਸਭਿਅਤਾਵਾਂ ਨੇ ਵੱਡੀਆਂ ਜਿੱਤਾਂ ਹਾਸਲ ਕੀਤੀਆਂ ਹਨ। ਆਪਣੇ ਰਾਜ ਦੇ ਝੰਡੇ ਝੁਲਾਏ ਹਨ, ਹੋਰ ਕਈ ਸਾਰੇ ਗੁਣਾਂ ਦੇ ਨਾਲ ਉਹ ਲੋਕ ਕਿਸੇ ਇਕ ਵਿਚਾਰਧਾਰਾ ਨੂੰ ਪਰਣਾਏ ਹੋਏ ਸਨ। ਵਿਚਾਰਾਂ ਦੇ ਮਤਭੇਦ ਹੋਣ ਕਾਰਨ ਖ਼ੂਨ ਦੇ ਰਿਸ਼ਤੇ ਭੀ ਬਿਖਰ ਜਾਂਦੇ ਹਨ। ਭਰਾ, ਭਰਾ ਨਹੀਂ ਰਹਿੰਦਾ, ਦੁਸ਼ਮਣ ਬਣ ਜਾਂਦਾ ਹੈ। ਘਰ ਪਰਵਾਰ ਤੋਂ ਲੈ ਕੇ ਦੇਸ਼, ਧਰਮ ਤੇ ਸਭਿਅਤਾਵਾਂ ਵਿਚਾਰਾਂ ਦੇ ਟਕਰਾਉ ਦੀ ਭੇਟ ਚੜ੍ਹ ਜਾਂਦੀਆਂ ਹਨ। ਲੋਕਾਂ ਨੂੰ ਏਕਤਾ ਦੇ ਸੂਤਰ ਵਿਚ ਪਰੋਏ ਰੱਖਣ ਵਾਸਤੇ ਕਿਸੇ ਕੇਂਦਰ ਨਾਲ ਜੋੜਨ ਦਾ ਖ਼ਿਆਲ ਵਿਕਸਤ ਹੋਇਆ। ਆਪਣਾ ਖ਼ਾਨਦਾਨ, ਆਪਣੀ ਜਾਤ, ਆਪਣੀ ਬੋਲੀ, ਆਪਣਾ ਦੇਵਤਾ ਜਾਂ

ਆਪਣਾ ਸਾਂਝਾ ਧਰਮ, ਮਨੁੱਖਤਾ ਨੂੰ ਇਕੋ ਧੁਰੇ ਨਾਲ ਜੋੜ ਕੇ ਏਕਤਾ ਬਣਾਈ ਰੱਖਣ ਵਾਸਤੇ ਹੀ ਬਣੇ ਸਨ। ਏਕਤਾ ਦਾ ਅਹਿਸਾਸ ਕਰਾਉਣ ਲਈ ਕੁੱਝ ਪਹਿਰਾਵੇ, ਚਿੰਨ੍ਹ, ਨਾਚ, ਖੇਡਾਂ, ਮੇਲੇ, ਤਿਉਹਾਰ ਆਦਿ ਦੀ ਸ਼ੁਰੂਆਤ ਲੋਕਾਂ ਨੂੰ ਕਿਸੇ ਇਕ ਧੁਰੇ ਨਾਲ ਜੋੜ ਕੇ ਰੱਖਣ ਵਾਸਤੇ ਹੀ ਹੋਈ ਸੀ। ਇਨ੍ਹਾਂ ਦਾ ਦਾਇਰਾ ਬੜਾ ਸੀਮਤ ਜਿਹਾ ਸੀ। ਬਹੁਤੇ ਲੋਕਾਂ ਨੂੰ ਲੰਮੇ ਸਮੇਂ ਵਾਸਤੇ ਇਕ ਸੂਤਰ ਵਿਚ ਪਰੋਏ ਜਾਣ ਵਾਸਤੇ ਦੇਵਤਿਆਂ ਦੀ ਪੂਜਾ ਭੀ ਲੰਮੇਂ ਸਮੇਂ ਤਕ ਹੁੰਦੀ ਰਹੀ। ਭਾਰਤ ਵਿਚ ਇਹ ਪ੍ਰੰਪਰਾ ਅਜੇ ਭੀ ਉਸੇ ਤਰ੍ਹਾਂ ਨਿਭਾਈ ਜਾ ਰਹੀ ਹੈ। ਭਾਵੇਂ ਦੇਵਤਿਆਂ ਦੇ ਸੁਭਾਅ, ਖ਼ਾਣ-ਪਾਣ, ਪੂਜਾ ਵਿਧੀਆਂ ਆਦਿਕ ਇਕਸਾਰ ਨਹੀਂ ਹਨ। ਬਹੁਤ ਸਾਰੇ ਦੇਵਤੇ ਇਕ ਦੂਜੇ ਦੇ ਦੁਸ਼ਮਣ ਭੀ ਮੰਨੇ ਜਾਂਦੇ ਹਨ। ਫਿਰ ਭੀ ਇਥੇ ਬਹੁ ਅਵਤਾਰਵਾਦ ਹਾਲੇ ਤਕ ਭਾਰੂ ਹੈ। ਇਸੇ ਕਾਰਨ ਭਾਰਤ ਵਿਚ ਸਦੀਵੀ ਸ਼ਾਂਤੀ ਹੋਣੀ ਸੰਭਵ ਨਹੀਂ ਹੈ।

ਗੁਰੂ ਬਾਬਾ ਜੀ ਨੇ ਉਨ੍ਹਾਂ ਮਹਾਂਪੁਰਖਾਂ ਨੂੰ ਆਪਣੇ ਸੰਗੀ, ਸਾਥੀ ਬਣਾਇਆ, ਜੋ ਅਵਤਾਰਵਾਦ ਤੋਂ ਪੂਰੀ ਤਰ੍ਹਾਂ ਮੁਕਤ ਸਨ। ਜੋ ਇਕੋ ਪਰਮੇਸ਼ਰ ਨੂੰ ਮੰਨਣ ਵਾਲੇ ਸਨ। ਜੋ ਸਾਰੀ ਕਾਇਨਾਤ ਦਾ ਮਾਲਕ ਹੈ। ਜੋ ਕਦੇ ਜਨਮ ਨਹੀਂ ਲੈਂਦਾ ਅਤੇ ਜਿਸ ਦੀ ਕਦੇ ਮੌਤ ਨਹੀਂ ਹੁੰਦੀ। ਉਹ ਗ਼ਲਤੀਆਂ ਨਹੀਂ ਕਰਦਾ ਅਭੁੱਲ ਹੈ। ਉਹ ਦਿਆਲੂ ਹੈ, ਕ੍ਰਿਪਾਲੂ ਹੈ, ਰਿਜ਼ਕ ਦਾਤਾ ਹੈ। ਸਾਰੇ ਜੀਵਾਂ ਨੂੰ ਪੈਦਾ ਕਰਨ ਵਾਲਾ, ਪਾਲਣਾ ਵਾਲਾ ਤੇ ਵਿਨਾਸ਼ ਕਰਨ ਵਾਲਾ ਕੇਵਲ ਪਰਮੇਸ਼ਰ ਹੈ। ਉਸ ਦੇ ਮੁਕਾਬਲੇ ਹੋਰ ਕੋਈ ਭੀ ਨਹੀਂ ਹੈ। ਉਸ ਨਿਰੰਕਾਰ ਬਾਰੇ ਸਭ ਕੁੱਝ ਬਿਆਨ ਕੀਤਾ ਜਾਣਾ ਸੰਭਵ ਨਹੀਂ ਹੈ। ਅਜਿਹੇ ਕਰਤਾਰ ਦੀ ਅਰਾਧਨਾ ਕਰਨੀ ਚਾਹੀਦੀ ਹੈ। ਅਜਿਹੇ ਗੁਣਾਂ ਵਾਲੇ ਰੱਬ ਜੀ ਨੂੰ ਮੰਨਣ ਵਾਲੇ ਜੁੜਦੇ ਗਏ ਸੰਗਠਨ ਬਲਵਾਨ ਦੇ ਵਿਸ਼ਾਲ ਹੁੰਦਾ ਚਲਾ ਗਿਆ। ਗੁਰੂ ਨਾਨਕ ਸਾਹਿਬ ਦੇ ਸੰਗੀ ਸਾਥੀ, ਬਾਣੀ ਰਚਨ ਵਾਲੇ ਮਹਾਂਪੁਰਖ ਅਜਿਹੇ ਗੁਣਾਂ ਵਾਲੇ ਪ੍ਰਭੂ ਦੇ ਉਪਾਸਕ ਸਨ। ਤਾਂ ਹੀ ਉਨ੍ਹਾਂ ਦੀ ਬਾਣੀ ਪਰਵਾਨ ਚੜ੍ਹੀ ਹੈ। ਪੜ੍ਹੋ ਗੁਰਵਾਕ :

ਤੂੰ ਅਕਾਲ ਪੁਰਖੁ ਨਾਹੀ ਸਿਰਿ ਕਾਲਾ ॥ ਤੂੰ ਪੁਰਖੁ ਅਲੇਖ ਅਗੰਮ ਨਿਰਾਲਾ ॥ (1038)

ਪਿੱਛੇ ਜ਼ਿਕਰ ਕੀਤਾ ਗਿਆ ਸੀ ਕਿ ਸਿੱਖ ਪੰਥ ਦੀ ਆਧਾਰਸ਼ਿਲਾ ਗੁਰਬਾਣੀ ਉਚਾਰਨ ਵਾਲੇ ਸਾਰੇ ਮਹਾਂਪੁਰਖ ਗ੍ਰਿਹਸਤੀ ਸਨ। ਉਨ੍ਹਾਂ ਪਰਵਾਰਕ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਔਰਤ ਦੇ ਹੱਕ ਵਿਚ ਜ਼ੋਰਦਾਰ ਆਵਾਜ਼ ਬੁਲੰਦ ਕੀਤੀ। ਜਿਨ੍ਹਾਂ ਨੇ ਔਰਤ ਦੇ ਹੱਕ ਵਿਚ ਪ੍ਰਤੱਖ ਰੂਪ ਵਿਚ ਨਹੀਂ ਭੀ ਲਿਖਿਆ, ਉਨ੍ਹਾਂ ਨੇ ਇਸਤਰੀ ਦੇ ਵਿਰੁਧ ਭੀ ਕੋਈ ਟਿੱਪਣੀ ਨਹੀਂ ਕੀਤੀ। ਭਵਿੱਖ ਵਿਚ ਗੁਰਬਾਣੀ ਨੇ

ਹੀ ਨਵੇਂ ਸਮਾਜ ਦੀ ਸਿਰਜਣਾ ਕਰਨੀ ਸੀ। ਰੂੜੀਵਾਦੀ ਪੁਰਾਤਨ ਵਿਚਾਰਾਂ ਨੂੰ ਤਿਆਗ ਕੇ ਨਵੇਂ ਯੁੱਗ ਦੀ ਸ਼ੁਰੂਆਤ ਹੋਣ ਜਾ ਰਹੀ ਸੀ। ਜ਼ਿੰਦਗੀ ਦੇ ਹਰ ਇਕ ਪਹਿਲੂ ਬਾਰੇ ਗੁਰਬਾਣੀ ਰੂਪੀ ਜਰਖੇਜ ਧਰਤੀ ਵਿਚ ਹਰ ਤਰ੍ਹਾਂ ਦੇ ਮਹਿਕਦੇ ਟਹਿਕਦੇ ਫਲਾਂ, ਫੁੱਲਾਂ ਨਾਲ ਲੱਦੇ ਬੂਟਿਆਂ ਨੇ ਉਗਣਾ ਸੀ। ਸੰਸਾਰ ਦੇ ਹਰ ਪ੍ਰਾਣੀ ਮਾਤਰ ਨੂੰ ਇਕ ਸਾਰ ਠੰਢੀ ਛਾਂ ਤੇ ਖੁਰਾਕ ਮੁਹਈਆ ਕਰਾਉਣੀ ਸੀ। ਇਸੇ ਮਹਾਨ ਖ਼ਜ਼ਾਨੇ ਨੇ ਧਰਤੀ ਦਾ ਸੂਰਜ ਬਣਨਾ ਸੀ। ਮਨੁੱਖੀ ਮਨਾਂ ਨੂੰ ਰੋਸ਼ਨ ਕਰਨਾ ਸੀ। ਪਹਿਲਾਂ ਔਰਤ ਧਰਮ ਤੋਂ ਸੱਖਣੀ ਸੀ, ਤ੍ਰਿਸਕਾਰੀ ਸੀ। ਗੁਰਬਾਣੀ ਨੇ ਪਹਿਲੀ ਵਾਰ ਔਰਤ ਦੇ ਹੱਕ ਵਿਚ ਜ਼ੋਰਦਾਰ ਨਾਹਰਾ ਬੁਲੰਦ ਕੀਤਾ।

> **ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥**
> **ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥**
> **ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥**
> **ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ ॥**
> **ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥**
> **ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥**
> **ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥**
> **ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥** (473)

ਹੇ ਭਾਈ! ਜਿਸ ਔਰਤ ਨੂੰ ਤੁਸੀ ਨੀਵੀਂ ਜਾਂ ਅਪਵਿੱਤਰ ਆਖ ਕੇ ਭੰਡਦੇ ਹੋ, ਉਹ ਭੀ ਬਰਾਬਰ ਦਾ ਇਨਸਾਨ ਹੈ (ਭੰਡ ਦਾ ਇਕ ਅਰਥ ਹੈ ਭੰਡਣਾ, ਦੂਜਾ ਹੈ : ਜਿਸ ਭਾਂਡੇ ਵਿਚ ਬੱਚਾ ਪਲਦਾ ਹੈ, ਉਹ ਹੈ ਇਸਤਰੀ ਦੇ ਗਰਭ ਧਾਰਨ ਕਰਨ ਦੀ ਥਾਂ)। ਇਸ ਔਰਤ ਤੋਂ ਸਾਰੇ ਜਨਮ ਲੈਂਦੇ ਹਨ, ਜ਼ਿੰਦਗੀ ਦੀ ਨੀਂਹ ਔਰਤ ਦੇ ਗਰਭ ਵਿਚ ਹੀ ਟਿਕਦੀ ਹੈ। ਔਰਤ ਨਾਲ ਹੀ ਮੰਗਣੀ ਹੁੰਦੀ ਹੈ, ਔਰਤ ਨੂੰ ਹੀ ਵਿਆਹ ਕੇ ਘਰ ਲਿਆਉਂਦੇ ਹੋ, ਔਰਤ ਨਾਲ ਹੀ (ਗੁਪਤ ਜਾਂ ਪ੍ਰਗਟ) ਲੋਕੀ ਦੋਸਤੀ ਪਾਉਂਦੇ ਹਨ। ਇਨ੍ਹਾਂ ਸਬੰਧਾਂ ਤੋਂ ਨਵਾਂ ਜੀਵਨ ਰਾਹ ਚਲਦਾ ਹੈ। ਜੇ ਇਕ ਪਤਨੀ ਮਰ ਜਾਵੇ ਤਾਂ ਤੁਸੀ ਦੂਜਾ ਵਿਆਹ ਕਰਾਉਂਦੇ ਹੋ। ਕੁਰਾਹੇ ਪਈ ਜਵਾਨੀ ਦੀ (ਵਾਸਨਾ ਗ੍ਰਸਤ) ਤਾਕਤ ਨੂੰ ਔਰਤ ਨਾਲ ਵਿਆਹ ਕਰਵਾ ਕੇ ਹੀ ਇਕ ਬੰਧਨ (ਨਿਯਮ) ਵਿਚ ਬੰਨ੍ਹ ਕੇ ਰਖਿਆ ਜਾ ਸਕਦਾ ਹੈ। ਅਜਿਹੇ ਗੁਣਾਂ ਵਾਲੀ ਇਸਤਰੀ ਨੂੰ ਮੰਦਾ ਕਿਉਂ ਆਖਿਆ ਜਾਵੇ? ਜਦੋਂ ਕਿ ਸਾਰੇ ਲੋਕੀਂ ਸਮੇਤ ਰਾਜਿਆਂ, ਪੀਰਾਂ, ਭਗਤਾਂ ਦੇ - ਔਰਤ ਦੀ ਕੁੱਖ ਵਿਚੋਂ ਹੀ ਜਨਮ ਲੈਂਦੇ ਹਨ। ਔਰਤ ਤੋਂ ਹੋਰ ਔਰਤ (ਲੜਕੀ) ਜਨਮ ਲੈਂਦੀ ਹੈ। ਦੁਨੀਆਂ ਵਿਚ ਹੈ ਕੋਈ ਅਜਿਹਾ ਇਨਸਾਨ ਜਿਸ ਨੇ

ਔਰਤ ਤੋਂ ਬਗ਼ੈਰ ਜਨਮ ਲਿਆ ਹੈ? ਇਕ ਨਿਰੰਕਾਰ ਹੀ ਹੈ ਜੋ ਔਰਤ ਦੀ ਕੁੱਖ ਵਿਚ ਜਨਮ ਨਹੀਂ ਲੈਂਦਾ। ਔਰਤ ਭੀ ਪਰਮੇਸ਼ਰ ਦੀ ਸਿਫ਼ਤ ਸਲਾਹ ਕਰਨ ਦੀ ਅਧਿਕਾਰੀ ਹੈ। ਹਰ ਜੀਵ ਇਸਤਰੀ ਪ੍ਰਭੂ ਦੇ ਗੁਣ ਧਾਰਨ ਕਰ ਕੇ ਸੋਹਣੀ ਗੁਣਵਾਨ ਬਣ ਸਕਦੀ ਹੈ। ਅਕਾਲ ਪੁਰਖ ਨੂੰ ਉਹੀ ਮੂੰਹ ਸੋਹਣੇ ਲਗਦੇ ਹਨ ਜੋ ਨੇਕੀ ਦੇ ਰਾਹ 'ਤੇ ਚਲਦੇ ਹਨ।

ਇਸ ਸਲੋਕ ਨਾਲ ਸਬੰਧਤ ਪਉੜੀ ਵਿਚ ਬਾਬਾ ਜੀ ਫ਼ੁਰਮਾਨ ਕਰਦੇ ਹਨ :

ਸਭੁ ਕੋ ਆਖੈ ਆਪਣਾ ਜਿਸੁ ਨਾਹੀ ਸੋ ਚੁਣਿ ਕਢੀਐ ॥
ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥
ਜਾ ਰਹਣਾ ਨਾਹੀ ਐਤੁ ਜਗਿ ਤਾ ਕਾਇਤੁ ਗਾਰਬਿ ਹੰਢੀਐ ॥
ਮੰਦਾ ਕਿਸੈ ਨ ਆਖੀਐ, ਪੜਿ ਅਖਰੁ ਏਹੋ ਬੁਝੀਐ ॥
ਮੂਰਖੈ ਨਾਲਿ ਨ ਲੁਝੀਐ ॥ (473)

ਹੇ ਭਾਈ! ਸਾਰੇ ਜੀਵ, (ਔਰਤ ਮਰਦ) ਪਰਮੇਸ਼ਰ ਦੇ ਆਪਣੇ ਬਣਾਏ ਹੋਏ ਹਨ ਜਾਂ ਤੁਸੀਂ ਹੀ ਦੱਸੋ ਕਿ ਕੌਣ ਉਸ ਨੇ ਨਹੀਂ ਬਣਾਇਆ? ਹਰ ਇਕ ਇਸਤਰੀ ਪੁਰਖ ਨੇ ਆਪੋ ਆਪਣੇ ਚੰਗੇ ਮੰਦੇ ਕੰਮਾਂ ਦਾ ਹਿਸਾਬ ਖ਼ੁਦ ਦੇਣਾ ਹੈ। ਤੁਸੀਂ ਮਰਦ ਲੋਕ ਕੀ ਸਦਾ ਇਥੇ ਟਿਕੇ ਰਹੋਗੇ? ਕਿਉਂ ਹੰਕਾਰ ਵਿਚ ਆਪਣੇ ਆਪ ਨੂੰ ਉਤਮ ਤੇ ਔਰਤ ਨੂੰ ਨੀਂਵੀਂ ਆਖ ਰਹੇ ਹੋ? ਜੇ ਆਦਮੀ ਪੜ੍ਹ ਲਿਖ ਗਏ, ਤਾਕਤ ਹਾਸਲ ਕਰ ਲਈ ਤਾਂ ਸਿਆਣਿਆਂ ਵਾਲੇ ਕੰਮ ਕਰੋ। ਗਿਆਨਵਾਨ ਹੋ ਕੇ ਭੀ ਨਹੀਂ ਸਮਝੇ, ਅਜੇ ਭੀ ਆਪਣੇ ਵਰਗੀ ਨਿਰੰਕਾਰ ਵਲੋਂ ਬਣਾਈ ਔਰਤ ਦਾ ਅਪਮਾਨ ਕਰ ਰਹੇ ਹੋ? ਜੇ ਤੁਸੀਂ ਇਸ ਅਸੂਲ ਨੂੰ ਨਹੀਂ ਸਮਝਿਆ ਫਿਰ ਨਿਰੇ ਮੂਰਖ ਹੋ। ਮੂਰਖਾਂ ਨਾਲ ਕਾਹਦਾ ਝਗੜਾ, ਜਦੋਂ ਉਨ੍ਹਾਂ ਕੋਲ ਅਕਲ ਵਾਲਾ ਦਿਮਾਗ ਹੀ ਨਹੀਂ ਹੈ?

ਲੜਕੀ ਦੇ ਜਨਮ ਦਾ ਸੰਤਾਪ

ਇਸ ਧਰਤੀ 'ਤੇ ਵਿਚਰਨ ਵਾਲੇ ਇਨਸਾਨ ਕਰੀਬ ਕਰੀਬ ਤਿੰਨ ਕਿਸਮਾਂ ਦੇ ਸੁਭਾਅ ਵਾਲੇ ਵੇਖੇ ਜਾ ਸਕਦੇ ਹਨ, 'ਜੁਆਰੀ, ਵਪਾਰੀ, ਨਿਰੰਕਾਰੀ' ਭਾਵ ਕਿ ਕੁੱਝ ਲੋਕ ਜੂਆ ਖੇਡਦਿਆਂ ਆਪਣਾ ਸਭ ਕੁੱਝ ਬਰਬਾਦ ਕਰ ਲੈਂਦੇ ਹਨ। ਇਸ ਤਰ੍ਹਾਂ ਨਾ ਸਮਝ ਲੋਕ ਜੀਵਨ ਦੀ ਖੇਡ ਹਾਰ ਜਾਂਦੇ ਹਨ। ਕੁੱਝ ਆਪਣੇ ਲਈ ਕਰਨਾ ਸੀ, ਪਰਵਾਰ ਲਈ ਕਰਨਾ ਸੀ। ਸਮਾਜ ਪ੍ਰਤੀ ਫ਼ਰਜ਼ ਪਾਲਣੇ ਸਨ। ਅਜਿਹੇ ਕਾਰਜ ਕਰਨੇ ਬਣਦੇ ਸਨ ਜਿਨ੍ਹਾਂ ਸਦਕਾ ਮਨੁੱਖਤਾ ਦਾ ਕੁੱਝ ਭਲਾ ਹੁੰਦਾ। ਦੂਜੀ ਕਿਸਮ ਦੇ ਲੋਕਾਂ ਨੂੰ ਵਪਾਰੀ ਆਖਿਆ ਜਾ ਸਕਦਾ ਹੈ। ਜੋ ਹਰ ਗੱਲ ਨੂੰ ਪੈਸੇ ਨਾਲ ਤੋਲਦੇ ਹਨ। ਜਿਥੇ ਮੁਨਾਫ਼ਾ ਨਹੀਂ, ਉਸ ਕੰਮ ਨੂੰ ਬੇਕਾਰ ਸਮਝਦੇ ਹਨ। ਕਹਿੰਦੇ ਹਨ ਇਕ ਦੁਕਾਨਦਾਰ (ਛੋਟਾ ਜਿਹਾ ਵਪਾਰੀ) ਮਰਨ ਤੋਂ ਬਾਅਦ ਰੱਬ ਅੱਗੇ ਪੇਸ਼ ਕੀਤਾ ਗਿਆ। ਉਸ ਦੇ ਪਾਪ ਅਤੇ ਪੁੰਨ ਬਰਾਬਰ ਨਿਕਲੇ। ਰੱਬ ਜੀ ਨੇ ਪੁਛਿਆ, "ਭਾਈ ਤੇਰੇ ਪਾਪ ਪੁੰਨ ਬਰਾਬਰ ਹਨ। ਅਸੀਂ ਤੇਰੀ ਇੱਛਾ 'ਤੇ ਛਡਦੇ ਹਾਂ, ਤੂੰ ਨਰਕ ਵਿਚ ਜਾਣਾ ਚਾਹੁੰਦਾਂ ਜਾਂ ਸੁਰਗ ਵਿਚ ?" ਜਗਿਆਸੂ ਬੋਲਿਆ, "ਪ੍ਰਭੂ ਜੀ ਮੈਨੂੰ ਕੋਈ ਭਰਮ ਨਹੀਂ। ਨਰਕ ਅਤੇ ਸੁਰਗ ਦੇ ਵਿਚਕਾਰ ਜਿਹੇ ਮੇਰੀ ਦੁਕਾਨ ਬਣਵਾ ਦਿਓ। ਦੋਵੇਂ ਬੰਨਿਆਂ ਦੇ ਗਾਹਕ ਸੌਦਾ ਖ਼ਰੀਦ ਸਕਣਗੇ। ਮੈਨੂੰ ਦੋ ਪੈਸੇ ਵੱਧ ਆਮਦਨੀ ਹੋ ਜਾਇਆ ਕਰੇਗੀ, ਕਰ ਦਿਉ ਕਿਰਪਾ...।"

ਅਜਿਹੀ ਮਾਨਸਿਕ ਬਣਤਰ ਵਾਲੇ ਲੋਕ ਲੂਣ ਤੇਲ ਵੇਚਦੇ ਹਨ। ਗਾਂ ਮੱਝ ਵੇਚਦੇ ਹਨ। ਨਸ਼ੇ ਵੇਚਦਿਆਂ ਭੀ ਸ਼ਰਮ ਨਹੀਂ ਕਰਦੇ। ਮਿਲਾਵਟ ਵਾਲੀਆਂ ਹੋਰ ਜ਼ਰੂਰੀ ਚੀਜ਼ਾਂ ਦੇ ਨਾਲ ਨਾਲ ਦਵਾਈਆਂ ਭੀ ਮਿਲਾਵਟ ਵਾਲੀਆਂ (ਨਕਲੀ) ਵੇਚਦੇ ਹਨ। ਇਨ੍ਹਾਂ ਨੂੰ ਅਪਣੀ ਜਮੀਰ ਵੇਚਦਿਆਂ ਦੇਸ਼ ਅਤੇ ਧਰਮ ਵੇਚਦਿਆਂ ਭੀ ਰਤੀ ਭਰ ਪ੍ਰੇਸ਼ਾਨੀ ਨਹੀਂ ਹੁੰਦੀ। ਧੀਆਂ ਪੁੱਤਰ ਵੇਚਣੇ ਤਾਂ ਬਹੁਤ ਸਾਧਾਰਣ ਜਿਹੀ ਗੱਲ ਹੈ ਇਨ੍ਹਾਂ ਲਈ। ਸਿੱਖਾਂ ਵਿਚਲੇ ਸ਼ਰਧਾਵਾਨ ਵਿਅਕਤੀ ਧਰਮ ਦੇ ਨਾਂ 'ਤੇ ਪੈਸਾ ਦੇ ਦਿੰਦੇ ਹਨ। ਸੇਵਾ ਲਈ ਵਕਤ ਕੱਢਦੇ ਹਨ। ਡਾਂਗਾਂ ਦੀ ਮਾਰ ਸਹਿ ਲੈਂਦੇ ਹਨ। ਜੇਲ੍ਹਾਂ ਦੇ ਦੁੱਖ ਝੱਲ ਲੈਂਦੇ ਹਨ। ਕਈ ਵਾਰੀ ਪੁਰਜਾ ਪੁਰਜਾ ਕੱਟ ਮਰਦੇ ਹਨ। ਸਰੀਰ ਤੇ ਪ੍ਰਵਾਰ ਲੇਖੇ ਲਾ ਜਾਂਦੇ ਹਨ। ਸਮਾਜ ਤੋਂ ਮੰਗਿਆ ਕੁੱਝ ਨਹੀਂ। ਜੋ ਕੁੱਝ ਪੱਲੇ ਸੀ ਸਭ ਕੁੱਝ ਗੁਰੂ ਦੇ ਨਾਮ ਤੋਂ ਕੁਰਬਾਨ ਕਰ ਦਿਤਾ। ਇਸ ਦੇ ਨਾਲ ਹੀ ਲੋਟੂ ਜਥਾ, ਸੇਵਾ ਦਾ ਨਕਾਬ ਪਹਿਨ ਕੇ ਮਾਇਆ ਬਟੋਰਨੀ ਸ਼ੁਰੂ ਕਰ ਦਿੰਦਾ ਹੈ। ਸ਼ਹੀਦਾਂ ਦੇ ਨਾਮ 'ਤੇ, ਯਤੀਮ ਬੱਚਿਆਂ ਦੀ ਭਲਾਈ, ਬੀਬੀਆਂ ਦੇ ਵਿਆਹ, ਬਜ਼ੁਰਗਾਂ ਦੀ ਸੇਵਾ, ਗੁਰਦਵਾਰਿਆਂ ਦੀ ਕਾਰ ਸੇਵਾ ਅਤੇ ਸਿੱਖਾਂ ਦੇ ਗੁਆਚ ਚੁੱਕੇ ਰਾਜ ਦੀ ਪ੍ਰਾਪਤੀ

ਲਈ ਫ਼ੰਡ...। ਅੱਜ ਦੇ ਪ੍ਰਬੰਧਕ ਤੇ ਪ੍ਰਚਾਰਕ ਧਰਮ ਨੂੰ ਵਪਾਰ ਬਣਾ ਚੁੱਕੇ ਹਨ। ਸਤਿਗੁਰੂ ਜੀ ਨੇ ਗੁਰਬਾਣੀ ਜੀਵਨ ਸੁਆਰਨ ਲਈ ਬਖ਼ਸ਼ਿਸ਼ ਕੀਤੀ ਸੀ। ਪਰ ਮੌਜੂਦਾ ਦੌਰ ਵਿਚ ਧਰਮ ਦੀ ਆੜ ਹੇਠਾਂ ਬਹੁਤ ਵਿਸ਼ਾਲ ਵਪਾਰ ਹੋ ਰਿਹਾ ਹੈ।

ਤੀਜੀ ਕਿਸਮ ਦੇ ਨਿਰੰਕਾਰੀ ਲੋਕ ਆਪਣੀ ਲਗਨ ਵਿਚ ਮਖ਼ਮੂਰ ਰਹਿੰਦਿਆਂ ਵਿਖਾਵੇ ਤੋਂ ਬਗੈਰ ਸਦਾ ਹੀ ਭਲਾ ਸੋਚਦੇ ਹਨ, ਭਲਾ ਕਰਦੇ ਹਨ। ਕਿਸੇ 'ਤੇ ਅਹਿਸਾਨ ਕਦੀ ਨਹੀਂ ਕਰਦੇ। ਵਪਾਰੀ ਬਿਰਤੀ ਵਾਲੇ ਲੋਕ ਫਿਰ ਉਨ੍ਹਾਂ ਨੂੰ ਕੈਸ਼ (ਪੈਸਾ ਕਮਾਉਣਾ) ਕਰਦੇ ਹਨ। ਕੁੱਝ ਸਮਾਂ ਪਿੱਛੇ ਚਲੇ ਜਾਈਏ, ਜਦੋਂ ਸਾਡੇ ਘਰਾਂ ਵਿਚ ਗਾਂ, ਬੱਚੇ ਨੂੰ ਜਨਮ ਦਿਆ ਕਰਦੀ ਸੀ, ਤਦੋਂ ਵੱਛਾ ਹੋਣ ਦੀ ਸੂਰਤ ਵਿਚ ਪਰਵਾਰ ਨੂੰ ਚਾਅ ਚੜ੍ਹ ਜਾਂਦਾ ਸੀ। ਗੁੜ ਵੰਡਦੇ ਸਨ। ਵੱਛੀ ਹੋਣ ਦੀ ਸੂਰਤ ਵਿਚ ਸਾਰਿਆਂ ਦੇ ਚਿਹਰੇ ਉੱਤਰ ਜਾਂਦੇ ਸਨ। ਅਜਿਹਾ ਕਿਉਂ ? ਕਿਉਂਕਿ ਉਸ ਸਮੇਂ ਖੇਤੀ ਦਾ ਸਾਰਾ ਦਾਰੋਮਦਾਰ ਬਲਦਾਂ ਦੇ ਸਿਰ ਚਲਦਾ ਸੀ। ਵੱਛੇ ਨੇ ਜਵਾਨ ਹੋ ਕੇ ਗੱਡਾ, ਹਲ਼ ਆਦਿ ਖਿਚਣਾ ਸੀ ਜਾਂ ਚੰਗੀ ਮੋਟੀ ਰਕਮ ਵੱਟ ਕੇ ਵੇਚਿਆ ਜਾ ਸਕਦਾ ਸੀ। ਇਸ ਤੋਂ ਵਿਪਰੀਤ ਮੱਝ ਅਗਰ ਕੱਟੇ ਨੂੰ ਜਨਮ ਦੇਵੇ ਤਾਂ ਉਦਾਸੀ। ਕਿਉਂਕਿ ਕੱਟਾ ਖੇਤੀ ਲਈ ਲਾਹੇਵੰਦ ਨਹੀਂ ਸੀ। ਕੱਟੇ ਦਾ ਮਾਸ ਖਾਣਾ ਤੇ ਵੇਚਣ ਦਾ ਪੰਜਾਬ ਵਿਚ ਚਲਣ ਨਹੀਂ ਸੀ। ਇਸ ਲਈ ਕੱਟਾ ਵਿਚਾਰਾ ਯੂ.ਪੀ. ਦੇ ਵਪਾਰੀਆਂ ਨੂੰ ਕੌਡੀਆਂ ਦੇ ਭਾਅ ਵੇਚ ਦਿਤਾ ਜਾਂਦਾ ਸੀ। ਜਿਥੇ ਅੱਗੇ ਵੱਡੀਆਂ ਫ਼ੈਕਟਰੀਆਂ ਵਿਚ ਉਸ ਨੂੰ ਕੱਟ ਕੇ, ਮਾਸ ਡੱਬਾ ਬੰਦ ਕਰ ਕੇ ਦੇਸ਼ ਵਿਦੇਸ਼ ਵਿਚ ਵੇਚ ਕੇ ਚੋਖੀ ਕਮਾਈ ਕਰ ਲਈ ਜਾਂਦੀ ਸੀ। ਕੱਟੀ ਦੇ ਜਨਮ ਨਾਲ ਸਾਰੇ ਪ੍ਰਵਾਰ ਨੂੰ ਬਹੁਤ ਖ਼ੁਸ਼ੀ ਹੁੰਦੀ ਸੀ। ਕਿਉਂਕਿ ਉਸ ਨੇ ਜਵਾਨ ਹੋ ਕੇ ਦੁੱਧ ਦੀਆਂ ਲੋੜਾਂ ਪੂਰੀਆਂ ਕਰਨੀਆਂ ਸਨ। ਅੱਜ ਕੱਲ ਮਸ਼ੀਨਾਂ ਆਉਣ ਕਰ ਕੇ ਸਾਰਾ ਢਾਂਚਾ ਬਦਲ ਗਿਆ ਹੈ।

ਇਸ ਤਰ੍ਹਾਂ ਦੇ ਮਾਹੌਲ ਵਿਚੋਂ ਹੀ ਲੜਕਾ ਜਾਂ ਲੜਕੀ ਪ੍ਰਤੀ ਚੰਗੀ ਮੰਦੀ ਸੋਚ ਵਿਕਸਤ ਹੋਈ ਹੈ। ਲੜਕੀ ਨੇ ਜਵਾਨ ਹੋ ਕੇ ਕਿਸੇ ਹੋਰ ਘਰ ਚਲੀ ਜਾਣਾ ਹੈ। ਫਿਰ ਇਸ ਨੂੰ ਕਿਉਂ ਪੜ੍ਹਾਈਏ ? ਇਸ 'ਤੇ ਖ਼ਰਚਿਆ ਪੈਸਾ ਸੱਭ ਬੇਕਾਰ ਗਿਆ। ਇਸ ਦੀ ਪੜ੍ਹਾਈ ਸਾਡੇ ਕਿਸ ਕੰਮ ? ਜਿੰਨੀ ਦੇਰ ਸਾਡੇ ਘਰ ਵਿਚ ਰਹੇ ਇਸ ਤੋਂ ਵੱਧ ਕੰਮ ਕਿਉਂ ਨਾ ਲਿਆ ਜਾਵੇ ? ਜਦੋਂ ਇਸ ਨੇ ਮਾਤਾ ਪਿਤਾ ਦੇ ਘਰ ਰਹਿਣਾ ਹੀ ਨਹੀਂ, ਚੰਗਾ ਖਾਣਾ ਕਿਉਂ ਦਿਤਾ ਜਾਵੇ ? ਇਸ ਦੀ ਚੰਗੀ ਸਿਹਤ ਸਾਡੇ ਕਿਸ ਕੰਮ ? ਲੜਕੀ ਨੂੰ ਅਗਰ ਜ਼ਿਆਦਾ ਲਾਡ ਪਿਆਰ ਕੀਤਾ, ਤਾਂ ਇਸ ਨੇ ਕੰਮ ਘੱਟ ਕਰਨਾ ਹੈ। ਹੋਰ ਸਹੂਲਤਾਂ ਦੀ ਮੰਗ ਉਠਾਏਗੀ। ਇਸ ਲਈ ਇਹ ਇੰਨੀ ਦਹਿਸ਼ਤ ਵਿਚ ਰੱਖੀ ਜਾਵੇ ਕਿ ਕੁੱਝ ਮੰਗਣ ਦੀ ਹਿੰਮਤ ਹੀ ਨਾ ਕਰ ਸਕੇ। ਸਾਈਕਲ, ਸਕੂਟਰ,

ਕਾਰ ਆਦਿ ਸਿੱਖਣ ਤੋਂ ਵਾਂਝੀ ਰੱਖੀ ਜਾਵੇ ਤਾਕਿ ਅੰਦਰ ਅਨਜਾਣਪੁਨੇ ਦਾ ਡਰ ਸਦਾ ਬਣਿਆ ਰਹੇ। ਇਕੱਲੀ ਨੂੰ ਬਾਹਰ ਨਾ ਜਾਣ ਦਿਤਾ ਜਾਵੇ ਤਾਕਿ ਬਾਹਰਲੇ ਮਾਹੌਲ ਸਬੰਧੀ ਮਨ ਵਿਚ ਦਹਿਸ਼ਤ ਬਣੀ ਰਹੇ। ਆਰਥਕ ਪੱਖੋਂ ਆਪਣੇ ਆਪ 'ਤੇ ਨਿਰਭਰ ਨਾ ਹੋਣ ਦਿਤੀ ਜਾਵੇ, ਕਿਤੇ ਆਦਮੀ ਦੀ ਗ਼ੁਲਾਮੀ ਵਿਚੋਂ ਨਿਕਲ ਨਾ ਜਾਵੇ। ਸਿਆਣੇ ਬੰਦਿਆਂ ਦੀ ਸੰਗਤ ਤੋਂ ਰੋਕਿਆ ਜਾਵੇ ਤਾਕਿ ਦੁਨੀਆਂਦਾਰੀ ਦਾ ਪਤਾ ਹੀ ਨਾ ਲੱਗੇ। ਕੰਮ ਦਾ ਇਨਾ ਵਜਨ ਲੱਦ ਦਿਤਾ ਜਾਵੇ ਕਿ ਕੁਝ ਸੋਚਣ ਜੋਗੀ ਫ਼ੁਰਸਤ ਹੀ ਨਾ ਮਿਲੇ। ਮਾਮੂਲੀ ਜਿਹੇ ਬਹਾਨੇ ਲੈ ਕੇ ਬਾਰ ਬਾਰ ਬੇਇੱਜ਼ਤੀ ਕੀਤੀ ਜਾਵੇ ਤਾਂ ਕਿ ਆਪਣੇ ਅੰਦਰ ਘਟੀਆਪਣ ਦਾ ਅਹਿਸਾਸ ਪਾ ਲਵੇ। 'ਤੂੰ ਘਟੀਆ ਹੈਂ, ਮੂਰਖ ਹੈਂ, ਲੜਕੀਆਂ/ਜ਼ਨਾਨੀਆਂ ਹੁੰਦੀਆਂ ਹੀ ਘੱਟ ਅਕਲ ਵਾਲੀਆਂ ਨੇ' ਆਖ ਕੇ, ਸਾਹ ਸੱਤ ਹੀਨ ਕੀਤੀ ਜਾਵੇ।

ਪਿਛਲੇ ਸੈਂਕੜੇ ਸਾਲਾਂ ਤੋਂ ਸਮਾਜਕ ਬਣਤਰ ਲਗਭਗ ਇਸੇ ਤਰ੍ਹਾਂ ਦੀ ਉਸਰ ਚੁੱਕੀ ਹੈ ਕਿ ਉਸ ਤੋਂ ਵੱਖਰਾ ਕੁਝ ਕਰਨਾ ਤਾਂ ਦੂਰ ਦੀ ਗੱਲ, ਸੋਚਣਾ ਭੀ ਨਾਮੁਮਕਿਨ ਹੋਇਆ ਪਿਆ ਹੈ। ਹੋਰ ਬਹੁਤ ਸਾਰੇ ਕੰਮਾਂ ਦੇ ਮੱਤਭੇਦ ਹੋ ਸਕਦੇ ਹਨ। ਔਰਤਾਂ ਨੂੰ ਗ਼ੁਲਾਮ ਬਣਾ ਕੇ ਰੱਖਣ ਵਿਚ ਲਗਭਗ 95 ਫ਼ੀਸਦੀ ਪੁਰਸ਼ ਇਕ ਮੱਤ ਹਨ। ਘਰ ਵਿਚ ਬੇਟੀ ਦਾ ਜਨਮ ਹੋਇਆ ਤਾਂ ਸਾਰੇ ਪ੍ਰਵਾਰਾਂ ਦੇ ਚਿਹਰੇ ਮੁਰਝਾ ਜਾਂਦੇ ਹਨ। ਸੰਗੀ ਸਾਥੀ ਤੇ ਰਿਸ਼ਤੇਦਾਰ ਵਧਾਈ ਨਹੀਂ ਦਿੰਦੇ, ਸਗੋਂ ਇਸ ਤਰ੍ਹਾਂ 'ਦੁੱਖ ਵੰਡਾਉਂਦੇ' ਹਨ- **'ਜਿਵੇਂ ਪਰਮਾਤਮਾ ਨੂੰ ਭਾਵੇ। ਸ਼ਾਇਦ ਅਗਲੀ ਵਾਰੀ ਰੱਬ ਖ਼ੁਸ਼ੀਆਂ ਨਾਲ ਝੋਲੀ ਭਰ ਦੇਵੇ। ਭਾਣਾ ਤਾਂ ਮੰਨਣਾ ਹੀ ਹੋਇਆ ਨਾ।'** ਅਜਿਹੀ ਅਣਚਾਹੀ ਔਲਾਦ ਨੂੰ ਜੀਵਤ ਕੌਣ ਰਹਿਣ ਦਿੰਦਾ ਹੈ? ਜਿਸ ਮਾਂ ਨੇ ਬੱਚੀ ਨੂੰ ਜਨਮ ਦਿਤਾ ਹੈ, ਉਸ ਦੀ ਸਰੀਰਕ ਪੀੜ ਨੂੰ ਕੋਈ ਸਮਝਣਾ ਨਹੀਂ ਚਾਹੁੰਦਾ। ਉਸ ਦੀ ਮਾਨਸਿਕ ਪੀੜ ਨੂੰ ਘਟਾਉਣਾ ਨਹੀਂ ਚਾਹੁੰਦਾ। ਨਵ ਜਨਮੀ ਮਾਸੂਮ ਕਲੀ ਨੂੰ ਕੁਚਲ ਦੇਣ ਦੀ ਹਿਰਦੇ ਵੇਧਕ ਘਟਨਾ ਇਕ ਮਮਤਾ ਵਿੰਨ੍ਹੀ ਮਾਂ ਕਿਵੇਂ ਬਰਦਾਸ਼ਤ ਕਰਦੀ ਹੈ? ਕਿਸੇ ਨੂੰ ਫ਼ਿਕਰ ਨਹੀਂ। ਸਾਰੇ ਮਾਹੌਲ ਨੂੰ ਪਰਖ ਕੇ ਮਾਂ ਖ਼ੁਦ ਆਖਣ ਨੂੰ ਮਜਬੂਰ ਹੋ ਜਾਂਦੀ ਹੈ, **"ਇਸ ਪੱਥਰ ਨੂੰ ਪਰ੍ਹੇ ਸੁੱਟੇ ਦਿਉ, ਟੋਆ ਪੁੱਟ ਕੇ ਦਬਾ ਦਿਉ, ਮੈਂ ਇਸ ਪੱਥਰ ਦਾ ਭਾਰ ਨਹੀਂ ਚੁੱਕ ਸਕਦੀ।"**

ਉਹ ਮਾਸੂਮ ਜ਼ਿੰਦੜੀ ਪਿਆਰੀ ਬਾਲੜੀ ਜਿਸ ਨੇ ਹਾਲੇ ਅੱਖਾਂ ਭੀ ਨਹੀਂ ਖੋਲ੍ਹੀਆਂ ਹੁੰਦੀਆਂ। ਆਪਣੇ ਮਾਂ ਅਤੇ ਪਿਤਾ ਦਾ ਪਾਪੀ ਚਿਹਰਾ ਨਹੀਂ ਵੇਖਿਆ ਹੁੰਦਾ, ਜਿਸ ਕਲੀ ਨੇ ਧਰਤੀ 'ਤੇ ਅਜੇ ਪੈਰ ਭੀ ਨਹੀਂ ਰੱਖਿਆ, ਜਿਸ ਨੇ ਅਜੇ ਕੋਈ ਪਾਪ ਨਹੀਂ ਕੀਤਾ, ਉਸ ਨੂੰ 'ਉਸਦੇ ਆਪਣੇ' ਹੀ ਬੜੀ ਬੇਰਹਿਮੀ ਨਾਲ ਕਤਲ ਕਰ ਦਿੰਦੇ ਹਨ। ਦਰਗਾਹ ਵਿਚ ਪਾਪ ਪੁੰਨ (ਕਾਲਪਨਿਕ) ਦੇ ਫ਼ੈਸਲੇ ਕਰਨ ਵਾਲਾ ਧਰਮਰਾਜ ਪਤਾ

ਨਹੀਂ ਸ਼ਰਾਬ ਦਾ ਮੱਟ ਪੀ ਕੇ ਆਪਣੇ ਮਹਿਲ ਅੰਦਰ ਦੀਆਂ ਪਰੀਆਂ ਨਾਲ ਹਠਕੇਲੀਆਂ ਕਰਦਾ ਰਹਿੰਦਾ ਹੈ ਜਾਂ ਉਹ ਬੇਅੰਤ ਪਾਪ ਹੁੰਦੇ ਵੇਖ ਕੇ ਪਾਗਲ ਹੋ ਗਿਆ ਹੈ। ਪਰ ਧਰਤੀ 'ਤੇ ਹੋ ਰਹੇ ਬੇਅੰਤ ਪਾਪਾਂ ਨੂੰ ਰੋਕਣ ਤੋਂ ਅਸਮਰਥ ਹੈ। ਬੇਟੀ ਕਦੀ ਅੱਕ ਦਾ ਦੁੱਧ (ਰਸ) ਪਾ ਕੇ ਮਾਰ ਦਿਤੀ ਜਾਂਦੀ ਹੈ। ਕਦੀ ਵੱਧ ਅਫ਼ੀਮ ਖੁਆ ਕੇ ਗਲੋਂ ਲਾਹ ਦਿਤੀ ਜਾਂਦੀ ਹੈ। ਕਦੀ ਪਾਣੀ ਦੇ ਬੱਠਲ ਵਿਚ ਡੋਬ ਕੇ, ਕਦੀ ਸਾਹ ਬੰਦ ਕਰ ਕੇ ਛੁਟਕਾਰਾ ਪਾ ਲਿਆ ਜਾਂਦਾ ਹੈ। ਮਰ ਰਹੀ ਅਣਭੋਲ ਬਾਲੜੀ ਦੇ ਮੂੰਹ ਵਿਚ ਗੁੜ ਦੀ ਰੋੜੀ ਪਾ ਕੇ, ਹੱਥ 'ਤੇ ਥੋੜੀ ਜਿੰਨੀ ਰੂੰਅ ਟਿਕਾ ਕੇ ਗੀਤ ਗਾਇਆ ਜਾਂਦਾ ਹੈ –

ਗੁੜ ਖਾ ਤੇ ਪੂਣੀ ਕੱਤ ਕੁੜੇ। ਤੂੰ ਜਾ, ਵੀਰ ਨੂੰ ਘੱਤ ਕੁੜੇ।

ਭਾਰਤ ਵਿਚਲੇ ਹਿੰਦੂ ਤਬਕੇ ਨੂੰ ਗਊਆਂ ਦਾ ਬੜਾ ਫ਼ਿਕਰ ਹੈ। ਕੋਈ ਗਊ ਦੁਰਘਟਨਾ ਵਿਚ ਮਰ ਜਾਵੇ (ਅਗਰ ਸਬੰਧਤ ਵਿਅਕਤੀ ਹਿੰਦੂ ਨਾ ਹੋਵੇ) ਤਾਂ ਉਸ ਬੰਦੇ ਨੂੰ ਜਾਨੋ ਮਾਰਨ ਤਕ ਜਾਣਗੇ। ਘਰ ਫੂਕ ਦੇਣਗੇ, ਜੁਰਮਾਨੇ ਦੇ ਰੂਪ ਵਿਚ ਗਊਆਂ ਦੀ 'ਸੇਵਾ' ਕਰਨ ਦਾ ਹੁਕਮ ਚਾੜ੍ਹ ਦੇਣਗੇ ਪਰ ਮਾਸੂਮ ਬਾਲੜੀਆਂ ਨੂੰ ਮਾਰਨ ਤੋਂ ਬਚਾਉਣ ਲਈ ਜਬਾਨ ਨਹੀਂ ਖੋਲ੍ਹਣਗੇ। ਇਸ ਦਾ ਮਤਲਬ ਕਿ ਉਹ ਗਊ ਨੂੰ ਉੱਤਮ ਤੇ ਇਸਤਰੀ ਨੂੰ ਘਟੀਆ ਸਮਝਦੇ ਹਨ। ਭਾਵੇਂ ਜਨਮ ਸਾਰਿਆਂ ਨੇ ਔਰਤ ਦੀ ਕੁੱਖ ਵਿਚੋਂ ਲਿਆ ਹੈ, ਗਾਂ ਦੀ ਕੁੱਖ ਵਿਚੋਂ ਨਹੀਂ। ਲਗਾਤਾਰ ਪ੍ਰਚਾਰ ਦੁਆਰਾ ਲੋਕਾਂ ਦੀ ਸੋਚਣ ਸ਼ਕਤੀ ਖ਼ਤਮ ਕਰ ਦਿਤੀ ਹੈ। ਜਿਵੇਂ ਪੁੱਤਰ ਦੇ ਜਨਮ 'ਤੇ ਖ਼ੁਸ਼ੀਆਂ ਮਨਾਈਆਂ ਜਾਂਦੀਆਂ ਹਨ। ਇਸ ਤੋਂ ਉਲਟ ਪੁੱਤਰੀ ਦੇ ਜਨਮ 'ਤੇ ਘਰ ਵਿਚ ਸੋਗ ਪੈ ਜਾਂਦਾ ਹੈ। ਸਭ ਦੇ ਚਿਹਰਿਆਂ 'ਤੇ ਮੁਰਦੇਹਾਨੀ ਛਾ ਜਾਂਦੀ ਹੈ। ਬਹੁਤੇ ਘਰਾਂ ਵਿਚ ਬੇਟੀ ਨੂੰ ਜਨਮ ਦੇਣ ਵਾਲੀ ਮਾਂ ਨੂੰ ਜਣੇਪੇ ਵਿਚ ਹੀ ਫਿਟਕਾਰਨਾ, ਅਪਮਾਨਤ ਕਰਨਾ ਨਿਤ ਦੀਆਂ ਦੁਖਦਾਈ ਗੱਲਾਂ ਹਨ।

ਆਮ ਤੌਰ 'ਤੇ ਬੇਟੀ ਨੂੰ ਜਨਮ ਦੇਣ ਵਾਲੀ ਮਾਂ ਨੂੰ ਚੰਗਾ ਖਾਣਾ ਤਕ ਨਹੀਂ ਦਿਤਾ ਜਾਂਦਾ। ਬੱਚੀ ਲਈ ਮਾਂ ਦੀ ਛਾਤੀ ਵਿਚੋਂ ਲੋੜੀਂਦਾ ਦੁੱਧ ਨਹੀਂ ਉਤਰਦਾ। ਦੋਵਾਂ ਦੀ ਹਾਲਤ ਅਤਿ ਤਰਸਯੋਗ ਹੁੰਦੀ ਹੈ। ਬੀਤੇ ਸਮਿਆਂ ਵਿਚ ਜੱਚਾ ਲਈ ਪੇਕਿਆਂ ਤੇ ਸਹੁਰਿਆਂ ਵਲੋਂ ਪੰਜੀਰੀ ਤਿਆਰ ਕਰ ਕੇ ਦਿਤੀ ਜਾਂਦੀ ਸੀ। ਇਥੇ ਭੀ ਇਨਸਾਨੀਅਤ ਦਾ ਗਲਾ ਘੁਟਦਿਆਂ ਲੜਕੀ ਨੂੰ ਜਨਮ ਦੇਣ ਵਾਲੀ ਮਾਂ ਨੂੰ ਪੰਜੀਰੀ (ਗਿਜਾ ਵਾਲੀ ਖ਼ੁਰਾਕ) ਆਦਿ ਘੱਟ ਦਿਤੀ ਜਾਂਦੀ ਸੀ। ਜਿੰਨੀ ਮਿਲਦੀ ਭੀ ਸੀ, ਉਹ ਤਾਹਨੇ ਮਾਰ ਮਾਰ ਕੇ ਇੰਨਾ ਹੌਸਲਾ ਢਾਹ ਦਿਤਾ ਜਾਂਦਾ ਸੀ ਕਿ ਜੱਚਾ ਵਿਚਾਰੀ ਦੂਜਿਆਂ ਨੂੰ ਖੁਆ ਕੇ ਸਬਰ ਦਾ ਘੁੱਟ ਭਰ ਕੇ ਰਹਿ ਜਾਂਦੀ ਸੀ। ਸ਼ਗਨਾਂ ਦਾ ਪ੍ਰਤੀਕ ਮੰਨਿਆ ਜਾਂਦਾ ਨਿੰਮ ਲੜਕੇ ਦੇ ਜਨਮ ਤੇ ਦਰਵਾਜ਼ੇ 'ਤੇ

ਬੰਨਿਆ ਜਾਂਦਾ ਸੀ। ਲੜਕੀ ਦੇ ਜਲਮ 'ਤੇ ਕੋਈ ਸ਼ਗਨ ਨਹੀਂ। ਲੜਕੀ ਨੂੰ ਜਨਮ ਦੇਣ ਵਾਲੀ ਔਰਤ ਨੂੰ ਤਾਹਨੇ ਮਿਹਣੇ ਮਾਰ ਕੇ ਸਰੀਰਕ ਤੰਦਰੁਸਤੀ ਤੋਂ ਪਹਿਲਾਂ ਹੀ ਘਰੇਲੂ ਕੰਮਾਂ 'ਤੇ ਲਾ ਲਿਆ ਜਾਂਦਾ ਸੀ। ਲੜਕੀ ਦੇ ਜਨਮ 'ਤੇ ਦਾਈ ਨੂੰ ਵਧਾਈ (ਸੇਵਾ ਫੱਲ) ਅੱਧੀ ਦਿਤੀ ਜਾਂਦੀ ਸੀ। ਜਦ ਅੰਦਰ ਬੱਚੇ ਦੇ ਜਨਮ ਦੇਣ ਸਮੇਂ ਦਾਈ ਆਣ ਪਹੁੰਚੀ, ਬੱਚੇ ਦੀ ਖ਼ਬਰ (ਮੁੰਡਾ ਜਾਂ ਕੁੜੀ) ਬਾਹਰ ਗੇਟ 'ਤੇ ਘਰ ਦੇ ਆਦਮੀ ਬੈਠ ਜਾਂਦੇ। ਜਦੋਂ ਦਾਈ ਆ ਕੇ ਦਸਦੀ ਕਿ ਲੜਕੀ ਜਨਮੀ ਹੈ ਤਾਂ ਤੁਰੰਤ ਹੁਕਮ ਸੁਣਾ ਦਿਤਾ ਜਾਂਦਾ ਸੀ ਕਿ ਤੂੰ ਲੜਕੀ ਨੂੰ ਇਸੇ ਵਕਤ ਮਾਰ ਦੇ, ਨਹੀਂ ਤਾਂ ਤੈਨੂੰ ਬਾਹਰ ਨਹੀਂ ਜਾਣ ਦਿਆਂਗੇ। ਤੈਨੂੰ ਕੋਈ ਸੇਵਾ ਫਲ਼ ਨਹੀਂ ਮਿਲੇਗਾ। ਮਜਬੂਰ ਹੋ ਕੇ ਦਾਈ ਹੀ ਨਵਜਨਮੀ ਬੱਚੀ ਨੂੰ ਮਾਰ ਮੁਕਾਉਂਦੀ ਸੀ। ਇਹੀ ਵਰਤਾਰਾ ਬਦਲਵੇਂ ਰੂਪ ਵਿਚ ਅੱਜ ਤਾਈਂ ਵਰਤ ਰਿਹਾ ਹੈ।

ਜਣੇਪੇ ਦੇ ਦਸ ਦਿਨ ਜਾਂ ਤੇਰਾਂ ਦਿਨਾਂ ਤੋਂ ਮਗਰੋਂ ਪੁੱਤਰ ਨੂੰ ਜਨਮ ਦੇਣ ਵਾਲੀ ਮਾਂ ਦੇ ਬਹੁਤ ਸਾਰੇ ਖ਼ੁਸ਼ੀ ਵਾਲੇ ਸ਼ਗਨ ਕੀਤੇ ਜਾਂਦੇ ਹਨ। ਵਧਾਈਆਂ ਮਿਲਦੀਆਂ ਹਨ। ਮਾਂ ਅਤੇ ਪੁੱਤਰ ਲਈ ਹੈਸੀਅਤ ਮੁਤਾਬਕ ਸੋਨੇ ਦੇ ਗਹਿਣੇ ਤੋਹਫ਼ੇ ਵਿਚ ਦਿਤੇ ਜਾਂਦੇ ਹਨ। ਪਰ ਬੇਟੀ ਨੂੰ ਜਨਮ ਦੇਣ ਵਾਲੀ ਮਾਂ ਲਈ ?... ਹਉਕੇ, ਹਾਵੇ, ਬਦ ਅਸੀਸਾਂ। ਜਦੋਂ ਮਾਂ ਬੇਟੀ ਨੂੰ ਲੈ ਕੇ ਬਾਹਰ ਆਵੇ ਤਾਂ ਕੋਈ ਘਰ ਦਾ ਨਰ (ਪੁਰਸ਼) ਵਿਅਕਤੀ ਹੀ ਸਾਹਮਣੇ ਖੜਾ ਕੀਤਾ ਜਾਂਦਾ ਹੈ। ਜੇ ਵੱਡਾ ਕੋਈ ਘਰ ਵਿਚ ਨਾ ਹੋਵੇ ਤਾਂ ਛੋਟਾ ਬਾਲਕ ਹੀ ਭਾਵੇਂ ਖਲ੍ਹਾਰਨਾ ਪਵੇ, ਪਰ ਲੜਕਾ ਹੋਵੇ। ਅਗਰ ਘਰ ਵਿਚ ਕੋਈ ਭੀ ਨਰ ਵਿਅਕਤੀ ਨਹੀਂ ਹੈ ਤਾਂ ਕਿਸੇ ਆਦਮੀ ਦੀ ਜੁੱਤੀ ਸਾਹਮਣੇ ਰੱਖ ਦਿਤੀ ਜਾਂਦੀ ਹੈ। ਬਾਹਰ ਨਿਕਲਦਿਆਂ ਹੀ ਜੱਚਾ ਨੇ ਉਸ ਜੁੱਤੀ ਨੂੰ ਨਮਸਕਾਰ ਕਰਨੀ ਹੁੰਦੀ ਹੈ। ਅਜਿਹੇ ਹਾਲਾਤਾਂ ਵਿਚ ਸਿੱਖੀ ਕਿੱਥੇ ? 'ਸੋ ਕਿਉ ਮੰਦਾ ਆਖੀਐ' ਨਿਤ ਕੂਕਣ ਵਾਲੇ ਕਿਥੇ ਚਲੇ ਗਏ ? ਗੁਰਦੁਆਰਾ ਕਮੇਟੀਆਂ ਕਿਸ ਮਰਜ ਦੀ ਦਵਾ ਹਨ ? ਅਜਿਹੇ ਮਨਮਤੀ ਕਰਮ ਘੱਟ ਜਾਂ ਵੱਧ ਅੱਜ ਭੀ ਹਰ ਥਾਂ ਵੇਖੇ ਜਾ ਸਕਦੇ ਹਨ। ਗੁਰਬਾਣੀ ਰੁਮਾਲਿਆਂ ਵਿਚ ਲਿਪਟ ਕੇ, ਖਾਮੋਸ਼ ਪਈ ਰਹਿ ਗਈ ਹੈ। ਪ੍ਰਚਾਰਕ ਮਾਇਆ ਮਗਰ ਦੌੜਾਂ ਲਾ ਰਹੇ ਹਨ। ਸੰਗਤਾਂ ਵਿਚਾਰੀਆਂ... ? ਰੱਬ ਰਾਖਾ।

ਹਰ ਧੀ ਆਪਣੇ ਬਾਬਲ ਦੀ ਪੱਗ ਦਾ ਟੋਟਾ ਹੈ।
ਇਸ ਦੇਸ਼ ਦੀ ਹਰ ਧੀ ਦਾ ਹੀ ਮਸਤਕ ਖੋਟਾ ਹੈ। (ਸ਼ਿਵ ਕੁਮਾਰ)

✿✿✿

ਲੜਕੀ ਦਾ ਬਚਪਨ

ਲੜਕੀਆਂ ਨੂੰ ਅਨਪੜ੍ਹ ਰੱਖ ਕੇ ਵੱਧ ਕੰਮ ਕਰਾਉਣ ਲਈ, ਸਾਰੀ ਦੁਨੀਆਂ ਦੇ ਪੁਰਸ਼ ਇਕੋ ਵਿਚਾਰ ਰਖਦੇ ਹਨ। ਜਿਵੇਂ ਗ਼ੁਲਾਮਾਂ ਨਾਲ ਸਾਰੇ ਮਾਲਕਾਂ ਦਾ ਵਰਤਾਉ ਲਗਭਗ ਇਕੋ ਜਿਹਾ ਹੋਇਆ ਕਰਦਾ ਹੈ। ਸੰਨ 1841 ਵਿਚ ਅਮਰੀਕਾ ਦੀ ਇਕ ਲੜਕੀ ਨੇ ਬੜੀ ਜੱਦੋ ਜਹਿਦ ਤੋਂ ਬਾਅਦ ਬੀ.ਏ. ਦੀ ਡਿਗਰੀ ਪਾਸ ਕੀਤੀ ਸੀ। ਉਸ ਤੋਂ ਪਹਿਲਾਂ ਦੁਨੀਆਂ ਭਰ ਵਿਚ ਕੋਈ ਲੜਕੀ ਬੀ.ਏ. ਨਹੀਂ ਕਰ ਸਕੀ। ਯੌਰਪ ਅਤੇ ਅਮਰੀਕਾ ਦੇ ਸਿਆਣਿਆਂ ਨੇ ਤਾਂ ਅਪਣੇ ਵਿਨਾਸ਼ ਤੋਂ ਬਚਣ ਵਾਸਤੇ ਅਖ਼ੀਰ ਇਹ ਸਮਝ ਲਿਆ ਹੈ ਕਿ ਮਨੁੱਖੀ ਆਬਾਦੀ ਦੀ ਅੱਧੀ ਵਸੋਂ ਨੂੰ ਅਨਪੜ੍ਹ ਰੱਖਣਾ, ਉਸ ਨੂੰ ਬਰਾਬਰ ਦਾ ਇਨਸਾਨ ਨਾਲ ਮੰਨਣਾ ਆਪਣੇ ਪੈਰੀਂ ਖ਼ੁਦ ਕੁਹਾੜਾ ਮਾਰਨ ਵਾਲੀ ਗੱਲ ਹੈ। ਉਨ੍ਹਾਂ ਲੋਕਾਂ ਨੇ ਔਰਤਾਂ ਨੂੰ ਬਰਾਬਰ ਦੇ ਹੀ ਨਹੀਂ, ਕਈ ਹਾਲਾਤਾਂ ਵਿਚ ਪੁਰਸ਼ਾਂ ਨਾਲੋਂ ਵੱਧ ਅਧਿਕਾਰ ਦਿਤੇ ਹੋਏ ਹਨ। ਏਸ਼ੀਅਨ ਅਤੇ ਅਫ਼ਰੀਕਨ ਮੁਲਕਾਂ ਵਿਚ ਅਜੇ ਸ਼ਾਇਦ ਔਰਤ 'ਤੇ 100 ਸਾਲ ਤਕ ਹੋਰ ਅਤਿਆਚਾਰ ਹੁੰਦੇ ਰਹਿਣਗੇ।

ਆਪਣੇ ਚੁਫ਼ੇਰੇ ਅੱਖਾਂ ਖੋਲ੍ਹ ਕੇ ਵੇਖੀਏ ਤਾਂ ਲੜਕੀਆਂ ਨਾਲ ਧੱਕਾ ਹੁੰਦਾ, ਆਪਣੇ ਘਰ ਵਿਚ ਹੀ ਨਜ਼ਰ ਆ ਜਾਵੇਗਾ। ਪਹਿਲੀ ਗੱਲ ਤਾਂ ਇਸ 'ਨਾਮ ਕਰਨ' ਦੀ ਚੀਰ ਫਾੜ ਕਰ ਲਈਏ। ਲੜਕੀ ਨੂੰ 'ਕੁੜੀ' ਕਿਉਂ ਕਿਹਾ ਜਾਂਦਾ ਹੈ? ਇਸ ਦਾ ਇਕ ਅਰਥ ਹੈ : ਝੂਠ, ਕੂੜ ਅਤੇ ਝੂਠ ਸਮਰਥੀ ਸ਼ਬਦ ਹਨ। ਇਨ੍ਹਾਂ ਸ਼ਬਦਾਂ ਦੀ ਵਰਤੋਂ ਨਿਤ ਦਿਨ ਹੋ ਰਹੀ ਹੈ। ਗੁਰਬਾਣੀ ਵਿਚ ਤਾਂ ਕੂੜ, ਕੂੜੁ, ਕੂੜਿ, ਕੂੜੀ, ਕੂੜੀਈ, ਕੂੜੈ, ਕੂੜਾ ਆਦਿ ਸ਼ਬਦ ਬੇਅੰਤ ਵਾਰੀ ਵਰਤੇ ਪੜ੍ਹੇ ਜਾ ਸਕਦੇ ਹਨ। ਜਿਸ ਦਾ ਸਿਧਾ ਤੇ ਸਪੱਸ਼ਟ ਅਰਥ ਹੈ : 'ਝੂਠ, ਝੂਠਾ ਅਤੇ ਝੂਠੀ।' ਇਸ ਦੇ ਪਿੱਛੇ ਛੁਪੀ ਭਾਵਨਾ ਔਰਤ ਦੀ ਸਮੁੱਚੀ ਹੋਂਦ ਨੂੰ ਝੂਠ 'ਤੇ ਉਸਰੀ, ਝੂਠ 'ਤੇ ਟਿਕੀ, ਝੂਠ ਦੀ ਸਾਕਾਰ ਮੂਰਤ ਪੇਸ਼ ਕਰਦੀ ਹੈ ਲੜਕੀ ਜਾਂ ਔਰਤ ਜਿਸ ਨੇ ਹਰ ਸਮੇਂ ਝੂਠ ਬੋਲਣਾ ਹੈ। ਝੂਠ ਕਮਾਉਣਾ ਹੈ ਜੋ ਝੂਠ ਦਾ ਹੀ ਦੂਜਾ ਨਾਮ ਹੈ (ਕੂੜੀ), ਕੁੜੀ। ਅਜਿਹਾ ਨਾਮ ਕਰਨ ਸਮੂਹ ਔਰਤਾਂ ਦਾ ਘੋਰ ਅਪਮਾਨ ਹੈ। ਸਦੀਆਂ ਤੋਂ ਅਜਿਹਾ ਅਪਮਾਨ ਹੁੰਦਾ ਆ ਰਿਹਾ ਹੈ। ਗੁਰੂ ਸਾਹਿਬ ਜੀ ਨੇ ਸਾਰੇ ਗੁਰੂ ਗ੍ਰੰਥ ਸਾਹਿਬ ਵਿਚ ਲੜਕੀ ਲਈ 'ਕੁੜੀ' ਸ਼ਬਦ ਦੀ ਵਰਤੋਂ ਨਹੀਂ ਕੀਤੀ। ਸਮੂਹਕ ਜਾਂ ਵਿਅਕਤੀਗਤ ਲਈ ਹੋਰ ਬਹੁਤ ਸਾਰੇ ਸ਼ਬਦ ਵਰਤੇ ਗਏ ਹਨ। ਧੀਆਂ ਲਈ 'ਕੁੜੀ' (ਕੂੜੀ) ਸ਼ਬਦ ਨਹੀਂ ਮਿਲੇਗਾ।

ਸਮਾਜ ਵਿਚ ਇਕ ਹੋਰ ਸ਼ਬਦ ਪ੍ਰਚਲਤ ਹੈ 'ਕੁੜਿੱਕੀ'। ਇਹ ਛੋਟਾ ਜਿਹਾ

ਇਕ ਯੰਤਰ ਹੁੰਦਾ ਹੈ ਜਿਸ ਨੂੰ ਅਜਿਹੇ ਸ਼ਾਜ਼ਸੀ ਢੰਗ ਨਾਲ ਤਿਆਰ ਕੀਤਾ ਹੁੰਦਾ ਹੈ ਕਿ ਪੰਛੀ ਆਦਿ ਅਭੋਲ ਹੀ ਇਸ ਵਿਚ ਫੱਸ ਜਾਂਦੇ ਹਨ। ਇਸ ਵਿਚ ਫੱਸ ਕੇ ਜਾਂ ਤਾਂ ਉਨ੍ਹਾਂ ਦੀ ਮੌਤ ਹੋ ਜਾਂਦੀ ਹੈ ਜਾਂ ਸ਼ਿਕਾਰੀ ਉਮਰ ਭਰ ਲਈ ਉਨ੍ਹਾਂ ਨੂੰ ਗ਼ੁਲਾਮ ਬਣਾ ਲੈਂਦਾ ਹੈ। ਕੁੜਿੱਕੀ ਵਿਚ ਨਿਸ਼ਚਤ ਥਾਵੇਂ ਚੋਗ ਪਾਇਆ ਜਾਂਦਾ ਹੈ। ਜੀਵ ਖਾਣੇ/ਦਾਣੇ ਨੂੰ ਵੇਖ ਕੇ ਆਪਣੇ ਆਪ 'ਤੇ ਕਾਬੂ ਨਹੀਂ ਰੱਖ ਸਕਦਾ। ਲਾਲਚ ਵੱਸ ਜਦੋਂ ਖਾਣੇ ਨੂੰ ਮੂੰਹ (ਬਾਂਦਰ ਹੱਥ ਪਾਉਂਦਾ ਹੈ) ਵਿਚ ਪਾਉਂਦਾ ਹੈ, ਕੁੜਿੱਕੀ ਆਪਣਾ ਕੰਮ ਕਰ ਦਿੰਦੀ ਹੈ ਭਾਵ ਕਿ ਜੀਵ ਫਸ ਚੁੱਕਾ ਹੁੰਦਾ ਹੈ। ਇਸ ਕੁੜਿ (ਕੁੜੀ+ਕੁੜ-ਕੀ, ਕੁੜਿਕੀ) ਕੀ ਸ਼ਬਦ ਦੀ ਭਾਵਨਾ ਇਹੀ ਪ੍ਰਤੀਤ ਹੁੰਦੀ ਹੈ ਕਿ ਕੁੜੀ (ਔਰਤ) ਮਨੁੱਖ ਨੂੰ ਅਪਣੇ ਵੱਲ ਆਕਰਸ਼ਤ ਕਰਦੀ ਹੈ। ਵਾਸਨਾ ਦਾ ਉਤੇਜਿਤ ਕੀਤਾ ਪੁਰਸ਼ ਅੱਗੇ ਵੱਧਦਾ ਹੈ ਤੇ ਸਦਾ ਵਾਸਤੇ ਕੂੜ + ਕੀ, ਕੁੜਿੱਕੀ ਵਿਚ ਫੱਸ ਜਾਂਦਾ ਹੈ। ਅਖੌਤੀ ਧਰਮੀ ਪੁਰਖਾਂ ਨੇ ਕੁੜਿੱਕੀ ਤੋਂ ਦੂਰ ਰਹਿਣ ਦਾ ਇਸੇ ਲਈ ਉਪਦੇਸ਼ ਕੀਤਾ ਹੈ।

ਤੀਜਾ ਇਕ ਸ਼ਬਦ ਹੈ 'ਭੰਡ' ਜਾਂ 'ਭਾਂਡ'। ਭਾਵੇਂ ਵਿਦਵਾਨਾਂ ਨੇ ਇਸ ਦੇ ਅਰਥ ਬੱਚੇ ਦੇ ਮੁੱਢਲੇ ਵਿਕਾਸ ਲਈ ਪ੍ਰਫੁੱਲਤ ਕਰਨ ਵਾਲਾ ਭਾਂਡਾ ਕੀਤੇ ਹਨ। ਪਰ ਇਸ ਦੇ ਅਰਥ 'ਭੰਡਣ ਯੋਗ' ਸੁਭਾਅ ਕਰ ਕੇ ਭੈੜੀ, ਜਿਸ ਨੂੰ ਭੰਡਿਆ ਜਾਣਾ ਚਾਹੀਦਾ ਹੈ ਜਾਂ ਜਿਸ ਨੂੰ ਭੰਡਿਆ ਜਾ ਰਿਹਾ ਹੈ। ਉਹ ਭੰਡ (ਔਰਤ) ਹੈ। ਭਾਵ ਜੋ ਮੰਦੇ ਸੁਭਾਅ ਵਾਲੀ ਹੈ ਜਿਸ ਨੂੰ ਹਰ ਕੋਈ ਭੰਡਦਾ ਹੈ। ਜਿਸ ਨੂੰ ਰਿਸ਼ੀਆਂ, ਮੁਨੀਆਂ, ਅਵਤਾਰਾਂ (ਅਖੌਤੀ) ਦੇਵਤਿਆਂ ਨੇ ਭੀ ਭੰਡਿਆ ਹੈ। ਇਸ ਕਰ ਕੇ ਭੰਡ (ਭੰਡਣਯੋਗ) ਹੈ। ਇਸੇ ਲਈ ਗੁਰੂ ਨਾਨਕ ਸਾਹਿਬ ਜੀ ਨੇ ਸ਼ੇਰ ਗਰਜ ਨਾਲ ਆਖਿਆ ਸੀ :

ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵਿਆਹੁ ॥...
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥ (473)

ਸਿੱਖਾਂ ਦੇ ਵਿਦਵਾਨਾਂ ਨੂੰ ਔਰਤ ਜਾਤੀ ਲਈ ਘੜਿਆ ਗਿਆ ਅਪਮਾਨ ਜਨਮ ਸ਼ਬਦ 'ਕੁੜੀ' ਆਪਣੇ ਸਾਹਿਤ ਵਿਚ ਕੱਢ ਦੇਣਾ ਚਾਹੀਦਾ ਹੈ। ਰੋਜ਼ਾਨਾ ਦੀ ਬੋਲਚਾਲ ਵਿਚ ਭੀ ਲੜਕੀ, ਕਾਕੀ, ਬੀਬੀ ਅਤੇ ਬੇਬੇ ਆਦਿ ਸ਼ਬਦਾਂ ਦੀ ਵਰਤੋਂ ਕਰਨ ਵਾਲੇ ਪਾਸੇ ਮੋੜਾ ਪਾ ਲੈਣਾ ਚਾਹੀਦਾ ਹੈ। ਯਾਦ ਰਹੇ ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਸਤਿਕਾਰਯੋਗ ਭੈਣ ਵਾਸਤੇ (ਜਨਮ ਸਾਖੀ ਸਾਹਿਤ ਮੁਤਾਬਕ) 'ਬੇਬੇ ਜੀ' ਸ਼ਬਦ ਵਰਤਿਆ ਹੈ। ਹਾਂ ਇਤਨਾ ਖ਼ਿਆਲ ਜ਼ਰੂਰ ਰਹੇ ਕਿ 'ਬੀਬੀ ਅਤੇ ਬੀਵੀ' ਸ਼ਬਦ ਦੇ ਅਰਥ ਅਤੇ ਉਚਾਰਣ ਦਾ ਜ਼ਰੂਰ ਪਤਾ ਹੋਣਾ ਚਾਹੀਦਾ ਹੈ। ਸਿੱਖ

ਇਹਿਤਾਸ ਵਿਚ ਬੇਬੇ ਤੋਂ ਬਾਅਦ ਅਮਰੋ ਜੀ 'ਬੀਬੀ' ਸਨ। ਭਾਨੀ ਜੀ 'ਬੀਬੀ' ਸਨ। ਇਸੇ ਤਰ੍ਹਾਂ ਹੋਰ ਬਹੁਤ ਸਾਰੀਆਂ। ਪਰ ਬੀਵੀ ਸ਼ਬਦ 'ਪਤਨੀ' ਵਾਸਤੇ ਵਰਤਿਆ ਜਾਂਦਾ ਹੈ। ਕਾਸ਼ ਸਾਡੇ ਲੇਖਕ ਤੇ ਪ੍ਰਚਾਰਕ ਇਸ ਬੰਨੇ ਧਿਆਨ ਕੇਂਦਰ ਕਰਨ।

ਵਿਚਾਰ ਚੱਲ ਰਹੀ ਸੀ ਲੜਕੀ ਦੀ ਪਰਵਰਿਸ਼ ਦੀ। ਲੜਕੇ ਦੀ ਮਾਂ ਨੂੰ ਜੋ ਮਾਣ ਸਤਿਕਾਰ ਪਰਵਾਰ ਵਲੋਂ ਮਿਲਦਾ ਹੈ, ਉਹ ਮਾਣ ਲੜਕੀ ਦੀ ਮਾਂ ਨੂੰ ਨਹੀਂ ਮਿਲਦਾ। ਪੂਰੀ ਖੁਰਾਕ ਨਹੀਂ ਮਿਲਦੀ, ਨਿਤ ਦਿਨ ਮਾਨਸਕ ਚੋਟਾਂ ਮਾਰੀਆਂ ਜਾਂਦੀਆਂ ਹਨ। ਮੈਂ ਤਜਰਬਾ ਕਰ ਕੇ ਵੇਖਿਆ ਹੈ ਅਗਰ ਮੱਝ ਨੂੰ ਮੱਛਰ ਮੱਖੀ ਪ੍ਰੇਸ਼ਾਨ ਕਰੇ, ਗਰਮੀ ਸਰਦੀ ਤੋਂ ਬਚਾਉ ਨਾ ਕੀਤਾ ਜਾਵੇ। ਬੈਠਣ ਖਲੋਣ ਵਾਲੀ ਥਾਂ ਸਾਫ਼ ਨਾ ਹੋਵੇ। ਖੁਰਾਕ ਠੀਕ ਤਰ੍ਹਾਂ ਦੀ ਨਾ ਹੋਵੇ। ਪਹਿਲੀ ਗੱਲ ਤਾਂ ਮੱਝ ਦੁੱਧ ਦੀ ਬਾਲਟੀ ਭਰਨ ਦੀ ਥਾਂ ਲੱਤਾਂ ਮਾਰ ਕੇ ਬਾਲਟੀ ਭੰਨ ਦਿੰਦੀ ਹੈ। ਜੇ ਕੋਈ ਬਹੁਤੀ ਸਾਊ ਮੱਝ ਹੋਵੇ ਲੱਤ ਭਾਵੇਂ ਨਾ ਚੁੱਕੇ ਪਰ ਦੁੱਧ ਘੱਟ ਦਿੰਦੀ ਹੈ। ਹੂ ਬ ਹੂ ਜਣੇਪੇ ਵਾਲੀ ਮਾਂ 'ਤੇ ਇਹ ਅਸੂਲ ਢੁਕਦਾ ਹੈ। ਮੰਦੇ ਵਿਹਾਰ ਕਾਰਨ ਬੱਚੀ ਨੂੰ ਪਿਆਰ ਘੱਟ ਕਰਦੀ ਹੈ। ਪ੍ਰੇਸ਼ਾਨੀਆਂ ਕਾਰਨ ਬੱਚੀ ਲਈ ਦੁੱਧ ਪੂਰਾ ਨਹੀਂ ਹੁੰਦਾ। ਜਿਸ ਦੀ ਬਦੌਲਤ ਨਵਜਨਮੀ ਬੱਚੀ ਪੂਰਾ ਵਿਕਾਸ ਨਹੀਂ ਕਰ ਸਕਦੀ। ਪੁੱਤਰ ਨੂੰ ਜਨਮ ਦੇਣ ਵਾਲੀ ਮਾਂ ਲਈ ਸਾਰੀਆਂ ਸਹੂਲਤਾਂ ਦੀ ਬਹੁਤਾਤ। ਪੁੱਤਰ ਲਈ ਮਾਂ ਦੀ ਛਾਤੀ ਵਿਚ ਦੁੱਧ ਵਾਧੂ।

ਬੇਟੀ ਦੀ ਮਾਂ ਨੂੰ ਸਰੀਰਕ ਤੰਦਰੁਸਤੀ ਵਾਸਤੇ ਲੋੜੀਂਦਾ ਆਰਾਮ ਨਹੀਂ ਕਰਨ ਦਿਤਾ ਜਾਂਦਾ। ਜਣੇਪੇ ਵਿਚੋਂ ਛੇਤੀ ਉਠਾ ਕੇ ਘਰੇਲੂ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ। ਮਾਨਸਿਕ ਪ੍ਰੇਸ਼ਾਨੀ, ਖੁਰਾਕ ਦੀ ਕਮੀ ਤੇ ਛੇਤੀ ਕੰਮ ਤੇ ਲੱਗ ਜਾਣ ਕਾਰਨ ਕਈ ਬੀਮਾਰੀਆਂ ਆ ਡੇਰਾ ਲਾਉਂਦੀਆਂ ਹਨ। ਅਜਿਹੀਆਂ ਮੁਸ਼ਕਲਾਂ ਵਿਚ ਆਵਾਜਾਰ ਮਾਂ, ਬੇਟੀ ਨੂੰ ਮਨਹੂਸ ਕਲਹਿਣੀ ਕਰਮਾਮਾਰੀ ਆਦਿ ਸਮਝ ਕੇ ਉਸ ਵੱਲ ਜ਼ਰੂਰੀ ਤਵੱਜੋਂ ਨਹੀਂ ਦਿੰਦੀ, ਜਿਸ ਕਾਰਨ ਲੜਕੀ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਠੀਕ ਤਰ੍ਹਾਂ ਨਹੀਂ ਹੋ ਸਕਦਾ। ਨਵਜਨਮੇ ਲੜਕੇ ਨੂੰ ਵੇਖਣ ਬੜੇ ਉਤਸ਼ਾਹ ਨਾਲ ਰਿਸ਼ਤੇਦਾਰ ਅਤੇ ਦੋਸਤ ਮਿੱਤਰ ਆਉਂਦੇ ਹਨ। ਮਠਿਆਈਆਂ ਦੇ ਡੱਬੇ ਅਤੇ ਬੱਚੇ ਲਈ ਤਰ੍ਹਾਂ ਤਰ੍ਹਾਂ ਦੇ ਖਿਡੌਣੇ ਲਿਆਉਂਦੇ ਹਨ। ਨਵਜਨਮੀ ਲੜਕੀ ਨੂੰ ਵੇਖਣ ਕੋਈ ਵਿਰਲਾ ਹੀ ਆਉਂਦਾ ਹੈ। ਫਿਰ ਮਠਿਆਈ ਤੇ ਖਿਡੌਣੇ ਤਾਂ ਬਾਲੜੀ ਦੀ 'ਕਿਸਮਤ' ਵਿਚ ਕਿਥੇ ਹਨ?

'ਓਪਰੀਆਂ ਬਲਾਵਾਂ' ਤੋਂ ਬਚਾਉਣ ਲਈ ਦਿਨ ਰਾਤ ਜੱਚਾ ਦੇ ਸਿਰਹਾਣੇ ਪਾਣੀ, ਲੋਹਾ ਤੇ ਅਨਾਜ ਰੱਖਿਆ ਜਾਂਦਾ ਹੈ। ਕਿਤੇ ਪੁੱਤਰ ਨੂੰ ਕੋਈ ਓਪਰੀ ਹਵਾ

ਨਾ ਚਿਬੜ ਜਾਵੇ। ਜੇ ਲੜਕੀ ਹੋਵੇ ਤਾਂ ਇਨ੍ਹਾਂ ਵਿਚੋਂ ਕਿਸੇ ਚੀਜ਼ ਦੀ ਲੋੜ ਨਹੀਂ ਸਮਝੀ ਜਾਂਦੀ। ਅਖੇ, ਕੁੜੀਆਂ ਤਾਂ ਮਾਰੀਆਂ ਨਹੀਂ ਮਰਦੀਆਂ, ਇਨ੍ਹਾਂ ਨੂੰ ਕਿਸੇ ਚੀਜ਼ ਦੀ ਕੀ ਲੋੜ ਹੈ ?ਧੀ ਨੂੰ 'ਮਰਜਾਣੀ' ਕਹਿਣਾ ਲਾਡ ਪਿਆਰ ਮੰਨਿਆ ਜਾਂਦਾ ਹੈ। ਪਰ ਲੜਕੇ ਲਈ **'ਜਿਉਂਦਾ ਰਹੁ, ਜਵਾਨੀਆਂ ਮਾਣੇ'** ਆਖੀਦਾ ਹੈ। ਮਰਜਾਣਾ ਤਾਂ ਵੱਡੀ ਗਾਲ ਮੰਨੀ ਜਾਂਦੀ ਹੈ। ਔਰਤ ਚੰਗਾ ਕੰਮ ਕਰੇ ਤਾਂ ਵਧਾਈ ਮਰਦ ਨੂੰ। ਜਿਵੇਂ 'ਬੁੱਢ ਸੁਹਾਗਣ ਹੋਵੇਂ, ਵੀਰ ਜਿਊਣ, ਪੁੱਤ ਖਿਡਾਵੇਂ' ਆਦਿ। ਅਗਰ ਮਰਦ ਦੀ ਕਿਸੇ ਮਰਦ ਨਾਲ ਹੀ ਲੜਾਈ ਹੋਵੇ ਤਾਂ ਗਾਲਾਂ ਔਰਤਾਂ ਨੂੰ। ਜਿਵੇਂ 'ਤੇਰੀ ਮਾਂ ਦੀ..., ਤੇਰੀ ਭੈਣ ਦੀ..., ਤੇਰੀ ਧੀ ਦੀ...'।

ਲੜਕੀ ਨੂੰ ਬਹੁਤ ਛੋਟੀ ਉਮਰੇ ਘਰੇਲੂ ਕੰਮਾਂ ਵਿਚ ਲਾ ਦਿਤਾ ਜਾਂਦਾ ਹੈ। ਜਿਵੇਂ ਆਪਣੇ ਤੋਂ ਛੋਟੇ ਬੱਚਿਆਂ ਨੂੰ ਸਾਂਭਣਾ। ਬਰਤਣ ਮਾਂਜਣੇ, ਝਾੜੂ ਪੋਚਾ ਲਾਉਣਾ। ਕੱਪੜੇ ਧੋਣੇ ਤੇ ਰੋਟੀ ਸਬਜ਼ੀ ਆਦਿ ਬਣਾਉਣੀ। ਆਏ ਮਹਿਮਾਨਾਂ ਦੀ ਹਰ ਤਰ੍ਹਾਂ ਦੀ ਖਾਤਰਦਾਰੀ ਕਰਨੀ, ਮੰਜੇ ਬਿਸਤਰੇ ਵਗੈਰਾ ਦਾ ਪ੍ਰਬੰਧ ਕਰਨਾ ਜਾਂ ਮਾਂ ਨਾਲ ਕਰਾਉਣਾ। ਇਸ ਤੋਂ ਉਲਟ ਲੜਕਾ ਘਰ ਦਾ ਕੋਈ ਕੰਮ ਨਹੀਂ ਕਰਦਾ। ਬਾਹਰ ਮੈਦਾਨ ਵਿਚ ਖੇਢਦਾ ਹੈ, ਗੱਪ ਸ਼ਪ ਮਾਰਦਾ ਹੈ। ਅਖ਼ਬਾਰ ਪੜ੍ਹਦਾ ਹੈ ਜਾਂ ਟੀ.ਵੀ. ਵੇਖਦਾ ਹੈ। ਮਾਂ, ਭੈਣ, ਭਾਬੀ ਨਾਲ ਘਰੇਲੂ ਕੰਮਾਂ ਵਿਚ ਆਮ ਕਰ ਕੇ ਉਸ ਨੂੰ ਲਾਇਆ ਹੀ ਨਹੀਂ ਜਾਂਦਾ। ਲੜਕੀਆਂ ਨੂੰ ਕੰਮਾਂ ਦਾ ਬੋਝ ਹੋਣ ਕਰ ਕੇ ਪੜ੍ਹਾਈ ਲਈ ਸਮਾਂ ਬਹੁਤ ਘੱਟ ਮਿਲਦਾ ਹੈ। ਲੜਕਿਆਂ ਨੂੰ ਸਮਾਂ ਵਾਧੂ, ਅਗਰ ਪੜ੍ਹਨਾ ਚਾਹੁਣ ਤਾਂ।

ਅੱਜ ਤਾਈਂ ਪਿੰਡਾਂ ਵਿਚ ਬਹੁਗਿਣਤੀ ਲੜਕੀਆਂ ਨੂੰ ਪੜ੍ਹਨ ਨਹੀਂ ਭੇਜਿਆ ਜਾਂਦਾ। ਘਰਾਂ ਵਿਚ ਕੋਈ ਚੰਗਾ ਅਖ਼ਬਾਰ ਰਿਸਾਲਾ ਜਾਂ ਕਿਤਾਬ ਨਹੀਂ ਲਿਆਂਦੀ ਜਾਂਦੀ, ਜਿਥੋਂ ਥੋੜੀ ਬਹੁਤ ਅਕਲ ਆ ਸਕੇ। ਜੇ ਕੋਈ ਗਿਣਤੀ ਦੀਆਂ ਲੜਕੀਆਂ ਸਕੂਲੇ ਪੜ੍ਹਦੀਆਂ ਭੀ ਹਨ ਤਾਂ ਦਸਵੀਂ, ਬਾਰ੍ਹਵੀਂ ਤੱਕ ਥੋੜੀਆਂ ਹੀ ਪੁਜਦੀਆਂ ਹਨ। ਜਿੰਨੀਆਂ ਕੁ ਬਾਰ੍ਹਵੀਂ ਪਾਸ ਕਰ ਭੀ ਲੈਂਦੀਆਂ ਹਨ, ਉਨ੍ਹਾਂ ਨੂੰ ਕਾਲਜ ਜਾਣਾ ਨਸੀਬ ਨਹੀਂ ਹੁੰਦਾ। ਪਿੰਡਾਂ ਵਿਚੋਂ ਇਕ ਫ਼ੀਸਦੀ ਲੜਕੀਆਂ ਮਸੀਂ ਕਾਲਜਾਂ ਤਕ ਜਾਂਦੀਆਂ ਹਨ। ਹਾਂ ਸ਼ਹਿਰੀ ਪਰਵਾਰ ਕਾਫ਼ੀ ਹੱਦ ਤਕ ਆਪਣੀਆਂ ਬੇਟੀਆਂ ਨੂੰ ਪੜ੍ਹਾ ਰਹੇ ਹਨ। ਸਰੀਰਕ ਸਮਰੱਥਾ ਅਤੇ ਦਿਲਚਸਪੀ ਵਾਲੀਆਂ ਖੇਢਾਂ ਵਿਚ ਲੜਕੀਆਂ ਨੂੰ ਸ਼ਾਮਲ ਹੋਣ ਦੇ ਮੌਕੇ ਘੱਟ ਹੀ ਪ੍ਰਾਪਤ ਹੁੰਦੇ ਹਨ। ਹੋਰ ਕੋਮਲ ਕਲਾਵਾਂ ਸਿੱਖਣ ਦੇ ਮੌਕੇ ਅਤਿ ਸੀਮਤ ਜਿਹੇ ਹਨ। ਸਾਰਾ ਮੈਦਾਨ ਪੁੱਤਰਾਂ ਲਈ ਖੁੱਲ੍ਹਾ ਹੁੰਦਾ ਹੈ। ਉਹ ਫਿਰ ਭੀ ਪਛੜਦੇ ਜਾ ਰਹੇ ਹਨ। ਮੌਜੂਦਾ ਸਮੇਂ ਦੀਆਂ

ਅਖ਼ਬਾਰਾਂ ਵਿਚ ਅਕਸਰ ਅੰਕੜੇ ਛਪਦੇ ਰਹਿੰਦੇ ਹਨ ਕਿ ਗਿਣਤੀ ਪੱਖੋਂ ਕਾਲਜਾਂ ਯੂਨੀਵਰਸਿਟੀਆਂ ਵਿਚ ਲੜਕੀਆਂ ਘੱਟ ਹਨ। ਪਰ ਉੱਚੀਆਂ ਡਿਗਰੀਆਂ ਪ੍ਰਾਪਤ ਕਰਨ ਵਿਚ ਬਹੁਤ ਅੱਗੇ ਹਨ। ਇਸ ਘੁਟਣ ਭਰੇ ਅਤੇ ਨਾਖੁਸ਼ਗਵਾਰ ਹਾਲਾਤ ਵਿਚ ਭੀ ਬੀਬੀਆਂ ਲਗਾਤਾਰ ਅੱਗੇ ਵੱਧ ਰਹੀਆਂ ਹਨ, ਇਹ ਤਸੱਲੀ ਵਾਲੀ ਗੱਲ ਹੈ। ਗੁਰੂ ਫ਼ੁਰਮਾਨ ਹਨ :

ਬਾਬੁਲ ਕੈ ਘਰਿ ਬੇਟੜੀ, ਬਾਲੀ ਬਾਲੈ ਨੇਹਿ॥

ਜੇ ਲੋੜਹਿ ਵਰੁ ਕਾਮਣੀ, ਸਤਿਗੁਰ ਸੇਵਹਿ ਤੇਹਿ॥ (935)

ਹੇ ਭਾਈ! ਮਾਤਾ ਪਿਤਾ ਬਾਲਕੀ (ਬੇਟੀ) ਨੂੰ ਪਾਲਦੇ ਹਨ, ਸਾਰੀਆਂ ਲੋੜਾਂ ਪੂਰੀਆਂ ਕਰਦੇ ਹਨ। ਆਖ਼ਰ ਜੁਆਨ ਹੋਣ 'ਤੇ ਬੇਟੀ ਨੂੰ ਵਿਆਹ ਕੇ ਟੋਰ ਦਿੰਦੇ ਹਨ। ਜਿਵੇਂ ਸੰਸਾਰੀ ਮਾਪੇ ਚੰਗਾ ਵਰ ਲੱਭ ਕੇ ਆਪਣਾ ਫ਼ਰਜ਼ ਪੂਰਾ ਕਰਦੇ ਹਨ। ਇਸੇ ਤਰ੍ਹਾਂ ਜੀਵ ਇਸਤਰੀ ਨੂੰ ਸਤਿਗੁਰੂ ਗਿਆਨ ਬਖ਼ਸ਼ ਕੇ ਨਿਰੰਕਾਰ ਨਾਲ ਮਿਲਾ ਦਿੰਦਾ ਹੈ, ਜੋ ਕਿ ਸਾਡਾ ਸਾਰਿਆਂ ਦਾ ਮਾਲਕ (ਪਤੀ) ਹੈ।

(ਗੁਰਬਾਣੀ ਵਿਚ ਕੰਨਿਆ 7 ਵਾਰੀ, ਬਾਲੀ 9 ਵਾਰੀ ਤੇ ਬੇਟੜੀ ਕੇਵਲ ਇਕ ਵਾਰੀ ਆਇਆ ਹੈ।)

ਵਿਆਹ ਦੀ ਤਿਆਰੀ- ਜ਼ਿੰਦਗੀ ਅਧੂਰੀ

ਸਾਡੇ ਭਾਰਤੀ (ਪੰਜਾਬੀ+ਸਿੱਖ) ਸਮਾਜ ਵਿਚ ਬੇਟੀ ਦੀ ਪੈਦਾਇਸ਼ ਤੋਂ ਹੀ ਉਸ ਦੇ ਵਿਆਹ ਬਾਰੇ ਸੋਚਿਆ ਜਾਣ ਲਗਦਾ ਹੈ। ਉਸ ਦਾ ਦਾਜ ਬਣਾਉਣ ਦਾ ਫ਼ਿਕਰ। ਗਹਿਣੇ ਗੱਟੇ, ਕੱਪੜੇ, ਸੋਨਾ, ਸਮਰੱਥਾ ਮੁਤਾਬਕ ਸਾਰੇ ਮਾਤਾ ਪਿਤਾ ਕਰਦੇ ਹਨ। ਕੁੱਝ ਹੱਦ ਤਕ ਲੜਕੀ ਨੂੰ ਸੁੰਦਰ ਬਣਾਉਣ ਦਾ ਉਪਰਾਲਾ ਭੀ ਕੀਤਾ ਜਾਂਦਾ ਹੈ। ਬਹੁਤੀ ਵਾਰੀ ਤਾਂ ਨਕਲੀ ਸੁੰਦਰਤਾ ਦਾ ਲੇਪ ਕਰਵਾ ਲਿਆ ਜਾਂਦਾ ਹੈ। ਜੋ ਅਸਲ ਤਿਆਰੀ ਸੀ, ਉਸ ਵੱਲ ਧਿਆਨ ਹੀ ਨਹੀਂ ਦਿਤਾ ਜਾਂਦਾ। ਪਹਿਲੀ ਗੱਲ ਸੀ ਕਿ ਬੇਟੀਆਂ ਨੂੰ ਬੇਟਿਆਂ ਵਾਗ ਪਿਆਰ ਦੇਣਾ। ਉਨ੍ਹਾਂ ਦੇ ਜਨਮ 'ਤੇ ਰੋਣਾ ਨਹੀਂ; ਪੁੱਤਰ ਵਾਂਗ ਖ਼ੁਸ਼ ਹੋਣਾ। ਲੜਕੀ ਨੂੰ ਜਦੋਂ ਪਰਵਾਰ ਨਹਿਸ ਗਰਦਾਨਦਾ ਹੈ ਤਾਂ ਇਸ ਨਾਲ ਸਮੁੱਚੀ 'ਔਰਤ ਜਾਤ' ਅਪਮਾਨਤ ਹੁੰਦੀ ਹੈ। ਨਵ ਜਨਮੀ ਬਾਲੜੀ ਭਾਵੇਂ ਹਾਲ ਅਣਭੋਲ ਹੈ। ਆਲੇ ਦੁਆਲੇ ਜੋ ਹੋਰ ਬੀਬੀਆਂ ਇਸ ਪਾਪ ਭਰੇ ਵਰਤਾਰੇ ਨੂੰ ਵੇਖ ਪਰਖ ਰਹੀਆਂ ਹੁੰਦੀਆਂ ਹਨ। ਕਦੀ ਸੋਚਿਆ ਹੈ, ਉਨ੍ਹਾਂ ਸੱਭ ਦੇ ਮਨਾਂ 'ਤੇ ਕਿਵੇਂ ਵਿਹੂਲੇ ਤੀਰ ਖੁਭਦੇ ਹਨ। ਮਣਾ ਮੂੰਹੀ ਭਾਰ ਥੱਲੇ ਦਬ ਜਾਂਦੀਆਂ ਹਨ। ਆਪਣੇ ਆਪ ਤੋਂ ਸ਼ਰਮ ਆਉਣ ਲੱਗ ਪੈਂਦੀ ਹੈ। ਔਰਤ ਹੋਣਾ ਵੱਡਾ ਅਪਰਾਧ ਪ੍ਰਤੀਤ ਹੋਣ ਲਗਦਾ ਹੈ। ਮਾਮੂਲੀ ਜਿਹੀਆਂ ਗੱਲਾਂ 'ਤੇ ਲੜਕੀਆਂ ਨੂੰ ਮਾਰਨਾ ਤੇ ਫਿਟਕਾਰਨਾ ਆਮ ਵਰਤਾਰਾ ਵੇਖੀਦਾ ਹੈ ਤਾਂ ਸਮੂਹ ਔਰਤਾਂ 'ਤੇ ਮਨ ਵਿਚ ਘਟੀਆ ਪਣ ਦਾ ਅਹਿਸਾਸ ਪ੍ਰਵੇਸ਼ ਕਰਨ ਲਗਦਾ ਹੈ। ਉਹ ਆਪਣੇ ਆਪ ਨੂੰ ਅਣਚਾਹੀ ਵਸਤੂ ਜਿਹੀ ਸਮਝਣ ਲਗਦੀਆਂ ਹਨ। ਇਸ ਤਰ੍ਹਾਂ ਦੇ ਬੁਰੇ ਵਰਤਾਰੇ ਨਾਲ ਲੜਕੀਆਂ ਹੀਣ ਭਾਵਨਾ ਵਿਚ ਡਰ ਡਰ ਕੇ, ਛੁਪ ਛੁਪ ਕੇ, ਦਿਨ ਕਟੀ ਕਰਨ ਲਗਦੀਆਂ ਹਨ। ਤਿਆਰੀ ਵਿਆਹ ਦੀ ਨਹੀਂ, ਸਗੋਂ ਸ਼ਖ਼ਸੀਅਤ ਉਸਾਰੀ ਕਰਨੀ ਕਿਤੇ ਵੱਧ ਜ਼ਰੂਰੀ ਹੈ। ਜੋ ਦਾਜ ਦਾ ਦੈਂਤ ਚਾਰੇ ਬੰਨੇ ਮਾਸੂਮ, ਬੇਕਸੂਰ ਬੀਬੀਆਂ ਨੂੰ ਨਿਗਲਦਾ ਜਾ ਰਿਹਾ ਹੈ, ਉਸ ਨੂੰ ਨੱਥ ਪਾਉਣ ਦਾ ਇਕ ਤਰੀਕਾ ਹੈ, ਬੀਬੀਆਂ ਨੂੰ ਸਵੈ ਨਿਰਭਰ ਬਣਾਉਣਾ। ਇਸ ਲਈ ਕਿੱਤਾ ਮੁਖੀ ਕੋਰਸ ਕਰਵਾਉਣੇ ਜ਼ਰੂਰੀ ਹਨ। ਅੱਜ ਦੇ ਵਿਗਿਆਨਕ ਜੁੱਗ ਵਿਚ ਸਰੀਰਕ ਸ਼ਕਤੀ ਦੀ ਉਤਨੀ ਲੋੜ ਨਹੀਂ, ਜਿਤਨੀ ਅਕਲ ਦੀ ਜ਼ਰੂਰਤ ਹੈ। ਜੇ ਬੇਟੀਆਂ ਨੂੰ ਮੌਕੇ ਪਰਦਾਨ ਕਰੀਏ ਤਾਂ ਬਹੁਤ ਛੇਤੀ ਚੰਗੇ ਨਤੀਜੇ ਸਾਹਮਣੇ ਆ ਸਕਦੇ ਹਨ। ਪਹਿਲੀ ਸੰਸਾਰ ਜੰਗ ਅਤੇ ਦੂਜੀ ਸੰਸਾਰ ਜੰਗ ਵਿਚ ਯੋਰਪ ਤਬਾਹੀ ਦੇ ਕੰਢੇ 'ਤੇ ਪਹੁੰਚ ਗਿਆ ਸੀ। ਦੂਜੀ

ਸੰਸਾਰ ਜੰਗ ਵਿਚ ਲਗਪਗ ਪੰਜ ਕਰੋੜ ਇਨਸਾਨ ਮੌਤ ਦਾ ਖਾਜਾ ਬਣ ਗਏ ਸਨ। ਉਸ ਹਾਲਤ ਵਿਚ ਇਕ ਤਾਂ ਯੋਰਪ ਵਾਲਿਆਂ ਨੇ ਏਸ਼ੀਅਨ ਅਤੇ ਅਫ਼ਰੀਕੀ ਦੇਸ਼ਾਂ ਵਿਚੋਂ ਆਦਮੀ ਮੰਗਾਏ, ਦੂਜੇ ਔਰਤਾਂ ਨੂੰ ਘਰੋਂ ਬਾਹਰ ਨਿਕਲ ਕੇ ਖੇਤਾਂ, ਕਾਰਖਾਨਿਆਂ, ਦੁਕਾਨਾਂ ਤੇ ਦਫ਼ਤਰਾਂ ਵਿਚ ਨੌਕਰੀ ਕਰਨ ਦੀ ਖੁੱਲ੍ਹ ਦਿਤੀ। ਉਨ੍ਹਾਂ ਦੀ ਤਹਿਸ਼ ਨਹਿਸ਼ ਹੋ ਚੁੱਕੀ ਆਰਥਕ ਹਾਲਤ ਮੁੜ ਤੋਂ ਸਾਧਾਰਣ ਹਾਲਤ ਵਿਚ ਲਿਆਉਣ ਲਈ ਬੀਬੀਆਂ ਨੇ ਜੀਅ ਜਾਨ ਨਾਲ ਮਿਹਨਤ ਕੀਤੀ। ਉਦੋਂ ਤੋਂ ਲੈ ਕੇ ਦੁਕਾਨਾਂ, ਬੈਂਕਾਂ, ਸਕੂਲਾਂ, ਦਫ਼ਤਰਾਂ ਆਦਿ ਵਿਚ ਅੱਸੀ ਨੱਬੇ ਫ਼ੀਸਦੀ ਔਰਤਾਂ ਨੇ ਕੰਮ ਸੰਭਾਲਿਆ ਹੋਇਆ ਹੈ ਤੇ ਬੜੀ ਸਿਆਣਪ ਨਾਲ ਜ਼ਿੰਮੇਵਾਰੀਆਂ ਨਿਭਾ ਰਹੀਆਂ ਹਨ। ਉਹ ਦੇਸ਼ ਮੁੜ ਤੋਂ ਤਰੱਕੀ ਦੀਆਂ ਸਿਖਰਾਂ 'ਤੇ ਪਹੁੰਚ ਗਏ ਹਨ। ਇਸ ਸਫ਼ਲ ਤਜਰਬੇ ਨੇ ਜਿਥੇ ਉਨ੍ਹਾਂ ਦੇਸ਼ਾਂ ਨੂੰ ਮੁੜ ਤੋਂ ਪੈਰਾਂ 'ਤੇ ਖੜੇ ਕੀਤਾ, ਉਥੇ ਔਰਤਾਂ ਦੀ ਜ਼ਿੰਦਗੀ ਵਿਚ ਭੀ ਨਵਾਂ ਇਨਕਲਾਬ ਆਇਆ। ਘਰੋਂ ਬਾਹਰ ਨਿਕਲਣ ਕਾਰਨ ਉਨ੍ਹਾਂ ਵਿਚ ਸਵੈ ਭਰੋਸਾ ਪੈਦਾ ਹੋਇਆ, ਆਪਣੀਆਂ ਔਕੜਾਂ ਨਾਲ ਨਜਿੱਠਣ ਦੀ ਦਲੇਰੀ ਪੈਦਾ ਹੋਈ। ਤਨਖ਼ਾਹ ਮਿਲਣ ਕਰ ਕੇ ਪ੍ਰਵਾਰਕ ਤੰਗੀ ਦੂਰ ਹੋਈ। ਔਰਤਾਂ ਨੂੰ ਮਰਦ ਦੀ (ਪੈਸੇ ਮੰਗਣੇ) ਗ਼ੁਲਾਮੀ ਵਿਚੋਂ ਮੁਕਤੀ ਮਿਲੀ। ਅੱਜ ਉਹ ਆਦਮੀਆਂ ਨਾਲ ਕਦਮ ਮਿਲਾ ਕੇ ਚੱਲਣ ਦੇ ਪੂਰੀ ਤਰ੍ਹਾਂ ਸਮਰੱਥ ਹੋ ਚੁੱਕੀਆਂ ਹਨ। ਅਮਰੀਕਾ ਅਤੇ ਯੋਰਪੀਨ ਸਰਕਾਰ ਨੇ ਪੁਰਸ਼ਾਂ ਨਾਲੋਂ ਵੱਧ ਅਧਿਕਾਰ ਔਰਤਾਂ ਨੂੰ ਦਿਤੇ ਹੋਏ ਹਨ ਤਾਂ ਕਿ ਪਿਛਲੇ ਸਮੇਂ ਵਿਚ ਹੋ ਚੁੱਕੀਆਂ ਗ਼ਲਤੀਆਂ ਲਈ ਪਛਤਾਵਾ ਕਰਦਿਆਂ ਅੱਗੋਂ ਪ੍ਰਵਾਰਕ ਜ਼ਿੰਦਗੀ ਨੂੰ ਸੁਖੀ ਕੀਤਾ ਜਾ ਸਕੇ, ਕਿਉਂਕਿ ਪ੍ਰਵਾਰਕ ਜੀਵਨ ਦਾ ਮੁੱਖ ਧੁਰਾ ਔਰਤ ਹੈ। ਗੁਣਵਾਨ ਔਰਤ ਦੀ ਸਤਿਗੁਰੂ ਜੀ ਇਉਂ ਵਡਿਆਈ ਕਰਦੇ ਹਨ :

ਸਾਚੇ ਪਿਰ ਲੋੜੀ ਪ੍ਰੀਤਮ ਜੋੜੀ, ਮਤਿ ਪੂਰੀ ਪਰਧਾਨੇ ॥
ਸੰਜੋਗੀ ਮੇਲਾ ਥਾਨਿ ਸੁਹੇਲਾ, ਗੁਣਵੰਤੀ ਗੁਰ ਗਿਆਨੇ ॥
ਸਤੁ ਸੰਤੋਖੁ ਸਦਾ ਸਚੁ ਪਲੈ, ਸਚੁ ਬੋਲੈ ਪਿਰ ਭਾਏ ॥
ਨਾਨਕ ਵਿਛੁੜਿ ਨਾ ਦੁਖੁ ਪਾਏ, ਗੁਰਮਤਿ ਅੰਕਿ ਸਮਾਏ ॥ (764)

ਹੇ ਭੈਣ! ਸੱਚੇ ਪਤੀ ਪਰਮੇਸ਼ਰ ਨੂੰ ਯਾਦ ਰੱਖ, ਨਿਰੰਕਾਰ ਨਾਲ ਇਕਮਿਕਤਾ ਬਣਾ ਲੈ। ਫਿਰ ਤੂੰ ਸਮਝਦਾਰ ਅਤੇ ਸਾਰਿਆਂ ਦੀ ਮੁਖੀ (ਪ੍ਰਧਾਨ) ਮੰਨੀ ਜਾਵੇਂਗੀ। ਚੰਗੇ ਸੰਜੋਗ ਨਾਲ ਹੀ ਪ੍ਰਮਾਤਮਾ ਬਾਰੇ ਸਮਝ ਆਉਂਦੀ ਹੈ। ਫਿਰ ਹਿਰਦੇ ਰੂਪ ਥਾਨ ਸੋਹਣਾ ਬਣ ਜਾਂਦਾ ਹੈ। ਤੂੰ ਗੁਣਵਾਨ ਬਣਜਾ, ਗੁਰੂ ਵਲੋਂ ਬਖ਼ਸ਼ਿਸ਼ ਕੀਤੇ (ਗੁਰਬਾਣੀ) ਗਿਆਨ ਨੂੰ ਹਿਰਦੇ ਵਿਚ ਸੰਭਾਲ ਲੈ। ਹੇ ਭੈਣ! ਤੂੰ ਸੱਚ ਮਾਰਗ

(ਜੀਵਨ ਰਾਹ) 'ਤੇ ਚਲਦੀ ਰਹੁ, ਸੰਤੋਖ ਵਾਲਾ ਸੰਜਮੀ ਜੀਵਨ ਅਖ਼ਤਿਆਰ ਕਰ ਲੈ। ਸਦਾ ਸੱਚ ਬੋਲਿਆ ਕਰ, ਫਿਰ ਤੂੰ ਸਦਾ ਆਪਣੇ ਪ੍ਰੀਤਮ ਨੂੰ ਚੰਗੀ ਲਗੇਂਗੀ। ਅਜਿਹਾ ਰਸਤਾ ਧਾਰਨ ਕਰਨ ਨਾਲ ਕਦੀ ਵਿਛੋੜੇ ਦਾ ਦੁੱਖ ਸਹਿਣਾ ਨਹੀਂ ਪਵੇਗਾ। ਗੁਰੂ ਦੀ ਦਿਤੀ ਮੱਤ ਰਾਹੀਂ ਪ੍ਰਭੂ ਪਤੀ ਨਾਲ ਹਮੇਸ਼ਾ ਪ੍ਰੇਮ ਬਣਿਆ ਰਹੇਗਾ। ਯਾਦ ਰਹੇ ਸਦਾ ਸੰਸਾਰ ਵਿਚ ਕਾਰੋਬਾਰ ਕਰਦਿਆਂ, ਰਿਸ਼ਤੇ ਨਿਭਾਉਂਦਿਆਂ ਅਗਰ ਉਪਰ ਵਰਣਿਤ (ਨੇਕੀ) ਰਾਹ 'ਤੇ ਇਨਸਾਨ ਚਲੇਗਾ ਤਾਂ ਜੀਵਨ ਸਫ਼ਲਾ ਕਰ ਲਵੇਗਾ।

ਜਵਾਨੀ ਦੀ ਦਹਿਲੀਜ਼ 'ਤੇ

12-13 ਸਾਲ ਤਕ ਬਚਪਨ ਦਾ ਸਮਾਂ ਮੰਨਿਆ ਜਾਂਦਾ ਹੈ। ਅਗਲੇ 7 ਸਾਲ 'ਟੀਨ ਏਜ਼' (ਅਲੜ੍ਹ ਉਮਰ ਦੇ) ਗਿਣੇ ਜਾਂਦੇ ਹਨ। ਇਸ ਉਮਰ ਵਿਚ ਜੀਵਨ ਦਾ ਤਜਰਬਾ ਕੋਈ ਨਹੀਂ ਹੁੰਦਾ, ਜੋਸ਼ ਬਹੁਤ ਹੁੰਦਾ ਹੈ। ਇਸੇ ਉਮਰ ਵਿਚ ਲੜਕੀ ਦੇ ਸਰੀਰਕ ਅੰਗਾਂ ਵਿਚ ਤਬਦੀਲੀ ਆਉਣ ਲਗਦੀ ਹੈ, ਉਸ ਨੂੰ ਕਈ ਕੁੱਝ ਓਪਰਾ ਜਿਹਾ ਭੀ ਮਹਿਸੂਸ ਹੁੰਦਾ ਹੈ। 'ਸੰਗ' ਭੀ ਆਉਣੀ ਸ਼ੁਰੂ ਹੋ ਜਾਂਦੀ ਹੈ। ਛਾਤੀ ਉਭਰਨ ਲਗਦੀ ਹੈ ਤੇ ਔਰਤ ਹੋਣ ਦਾ ਸੰਪੂਰਨ ਅਹਿਸਾਸ ਕਰਵਾਉਣ ਲਈ 'ਮਹਾਵਾਰੀ' ਕਿਰਿਆ ਸ਼ੁਰੂ ਹੋ ਜਾਂਦੀ ਹੈ। ਲੜਕੀ ਡਰਦੀ ਹੈ, ਸ਼ਰਮਾਉਂਦੀ ਹੈ, ਪਰ ਸਮਝਦਾਰ ਮਾਂ ਨੂੰ ਆਪਣੇ ਬਾਰੇ ਦਸਦੀ ਹੈ ਤੇ ਮਾਂ, ਮਹਾਂਵਾਰੀ ਨੂੰ ਸਾਂਭਣ ਦਾ ਤਰੀਕਾ ਸਹਿਜੇ ਹੀ ਸਿਖਾ ਦਿੰਦੀ ਹੈ। ਇਹ ਸੰਕੇਤ ਹੈ ਇਸ ਗੱਲ ਦਾ ਕਿ ਛੇਤੀ ਹੀ ਬੱਚੇ ਦੀ ਪੈਦਾਇਸ਼ ਲਈ 'ਜ਼ਮੀਨ' ਤਿਆਰ ਹੋ ਰਹੀ ਹੈ। ਸੈਕਸ ਵੇਗ ਅੰਗੜਾਈਆਂ ਭਰਨ ਲਗਦਾ ਹੈ। ਆਪਣੇ ਆਪ ਨੂੰ ਬਹੁਤਾ ਸਮਾਂ ਸ਼ੀਸ਼ੇ ਅੱਗੇ ਖਲੋ ਕੇ ਸਵਾਰਨ ਨੂੰ ਦੇਣ ਲਗੀਦਾ ਹੈ। ਆਪਣੇ ਹਮ ਉਮਰ ਲੜਕਿਆਂ ਵਲ ਮਨ ਬਦੋਬਦੀ ਖਿਚਿਆ ਜਾਂਦਾ ਹੈ। ਸਿਆਣੀ ਮਾਂ 'ਵੱਡੀ ਭੈਣ ਜਾਂ ਭਾਬੀ' ਸਮੇਂ ਸਮੇਂ ਜਵਾਨੀ ਦੀ ਦਹਿਲੀਜ਼ 'ਤੇ ਪਹਿਲਾ ਕਦਮ ਰੱਖ ਰਹੀ ਅਲੜ੍ਹ ਬੀਬੀ ਨੂੰ 'ਸੰਭਲ' ਕੇ ਚੱਲਣ ਦੀ ਨਸੀਹਤ ਬਾਰ ਬਾਰ ਕਰਦੀਆਂ ਹਨ। ਉਸ ਨੂੰ ਪੜ੍ਹਾਈ ਵਲ, ਘਰੇਲੂ ਕੰਮਾਂ ਵਲ ਰੁਚਿਤ ਕਰਨ ਲਈ ਪੂਰੀ ਤਰ੍ਹਾਂ ਕੋਸ਼ਿਸ਼ ਕਰਦੀਆਂ ਹਨ। ਜੀਵਨ ਰਾਹ ਤੋਂ ਖਿੜਕ ਜਾਣ ਵਾਲੀ ਸਭ ਤੋਂ ਖ਼ਤਰਨਾਕ ਉਮਰ ਇਹੋ ਹੈ। 13 ਤੋਂ 19 ਸਾਲ ਵਾਲੀ। ਇਸ ਉਮਰ ਵਿਚ ਜੇ ਲੜਕੀ ਤਿਲਕਣਬਾਜ਼ੀ ਤੋਂ ਬਚ ਗਈ, ਫਿਰ ਸਾਰੀ ਉਮਰ ਸਵੈ ਵਿਸ਼ਵਾਸ ਵਿਚ ਬਿਤਾਏਗੀ। ਘਰ ਵਿਚ ਸਿਆਣੀ ਔਰਤ ਦੀ ਹਣਹੋਂਦ ਕਾਰਨ ਲੜਕੀਆਂ ਬਹੁਤ ਕੁੱਝ ਸਿੱਖਣ ਤੋਂ ਵਾਂਝੀਆਂ ਰਹਿ ਜਾਂਦੀਆਂ ਹਨ।

ਜਿਵੇਂ ਦੀ ਆਪਸੀ ਨੇੜਤਾ ਮਾਂ ਅਤੇ ਬੇਟੀ ਵਿਚ ਹੁੰਦੀ ਹੈ, ਉਤਨੀ ਸਾਂਝ ਪਿਤਾ ਅਤੇ ਪੁੱਤਰ ਵਿਚ ਨਹੀਂ ਹੁੰਦੀ। 13-14 ਸਾਲ ਦੀ ਉਮਰ ਵਿਚ ਲੜਕੇ ਦੇ ਸਰੀਰ ਵਿਚ ਵੀ ਕੁੱਝ ਤਬਦੀਲੀ ਆਉਣੀ ਸ਼ੁਰੂ ਹੋ ਜਾਂਦੀ ਹੈ। ਆਵਾਜ਼ ਭਾਰੀ ਹੋ ਜਾਣੀ, ਮੁੱਛਾਂ-ਦਾੜ੍ਹੀ ਉਗਣੀ, ਗੁਪਤ ਅੰਗ ਦੁਆਲੇ ਵਾਲ ਉਗਣੇ ਅਤੇ ਸੰਗਾਊ ਜਿਹੇ ਢੰਗ ਨਾਲ ਲੜਕੀਆਂ ਦੇ ਨੇੜੇ ਹੋਣ ਦਾ ਜਤਨ ਕਰਨਾ। ਸੈਕਸ ਕਰਨ ਦੀ ਇੱਛਾ ਪੈਦਾ ਹੁੰਦੀ ਹੈ, ਵੀਰਜ ਬਣਦਾ ਹੈ। ਸੁਤਿਆਂ ਜਾਗਦਿਆਂ ਕਈ ਵਾਰੀ

ਵੀਰਜ ਨਿਕਲ ਭੀ ਜਾਂਦਾ ਹੈ। ਇਸ ਜਵਾਨੀ ਦੀ ਉਮਰ ਵਿਚ ਜਿਵੇਂ ਖ਼ੂਨ ਵਾਧੂ ਬਣਦਾ ਹੈ, ਸਰੀਰ ਤਾਕਤਵਰ ਬਣਦਾ ਚਲਾ ਜਾਂਦਾ ਹੈ। ਇਸੇ ਤਰ੍ਹਾਂ ਵੀਰਜ ਭੀ ਲਗਾਤਾਰ ਬਣਦਾ ਹੈ। ਜੇ ਵਾਧੂ ਵੀਰਜ ਨਿਕਲ ਗਿਆ, ਘਬਰਾਉਣਾ ਨਹੀਂ, ਡਰਨਾ ਨਹੀਂ। ਇਹ ਹੋਰ ਬਣ ਜਾਵੇਗਾ। ਜਿੰਨਾ ਵਾਧੂ ਸੀ, ਉਹੀ ਖਾਰਜ ਹੋਇਆ ਹੈ। ਅਜਿਹੀ ਕੱਚੀ ਉਮਰ ਵਿਚ ਸੰਗਦਾ ਹੋਇਆ ਲੜਕਾ ਕਿਸੇ ਸਿਆਣੇ ਆਦਮੀ (ਪਿਤਾ ਜਾਂ ਵੱਡਾ ਭਰਾ) ਤੋਂ ਕੁੱਝ ਨਹੀਂ ਪੁਛਦਾ। ਜਿਨ੍ਹਾਂ ਸਾਥੀਆਂ ਤੋਂ ਪੁਛਦਾ ਹੈ, ਉਹ ਖ਼ੁਦ ਅਣਜਾਣ ਹੋਣ ਕਰ ਕੇ ਗ਼ਲਤ ਰਾਹ ਪਾਉਂਦੇ ਹਨ। ਇਸ ਤਰ੍ਹਾਂ ਜੀਵਨ ਭਟਕ ਜਾਂਦਾ ਹੈ। ਅਖੌਤੀ ਸੈਕਸ ਸਪੈਸ਼ਲਿਸਟਾਂ ਤੋਂ ਬਚਣਾ। ਇਹ ਨੌਜਵਾਨਾਂ ਨੂੰ ਖ਼ੌਫ਼ਜ਼ਦਾ ਕਰ ਕੇ ਖ਼ੂਬ ਲੁਟਦੇ ਹਨ ਤੇ ਇਨ੍ਹਾਂ ਦੀਆਂ ਦਵਾਈਆਂ ਭੀ ਸਰਕਾਰ ਵਲੋਂ ਮਾਨਤਾ ਪ੍ਰਾਪਤ ਨਹੀਂ ਹੁੰਦੀਆਂ । ਜਿਸ ਤਰੀਕੇ ਇਹ ਲੋਕ ਦਵਾਈਆਂ ਤਿਆਰ ਕਰਦੇ ਹਨ, ਉਹ ਅਤਿ ਘਟੀਆ ਹੁੰਦੀ ਹੈ। ਇਲਾਜ ਦੇ ਨਾਮ 'ਤੇ ਲੋਕਾਂ ਨੂੰ ਨਸ਼ੇ ਖੁਆ ਰਹੇ ਹਨ ਅਤੇ ਮਰਦ ਬਣਾਉਣ ਦੀ ਜਗ੍ਹਾ ਨਾ-ਮਰਦ ਬਣਾ ਰਹੇ ਹਨ। ਜੇ ਜ਼ਰੂਰਤ ਹੋਵੇ ਤਾਂ ਸਰਕਾਰੀ ਜਾਂ ਮਾਨਤਾ ਪ੍ਰਾਪਤ ਹਸਪਤਾਲ ਵਿਚ ਇਲਾਜ ਕਰਵਾਉਣਾ ਚਾਹੀਦਾ ਹੈ। ਇਨ੍ਹਾਂ ਵਿਸ਼ਿਆਂ ਨਾਲ ਸਬੰਧਤ ਬਾਜ਼ਾਰੂ ਕਿਤਾਬਾਂ ਜਾਂ ਬਲਿਊ ਫ਼ਿਲਮਾਂ ਕਦੀ ਨਾ ਦੇਖੀਆਂ ਜਾਣ। ਜ਼ਿੰਦਗੀ ਦਾ ਸਹੀ ਮਾਰਗ ਦਰਸ਼ਨ ਕਰਨ ਵਾਲੀਆਂ ਡਾਕਟਰ ਜਸਵੰਤ ਕੌਰ ਗਿੱਲ, ਬੀਬੀ ਕੈਲਾਸ਼ ਕੌਰ ਪੁਰੀ ਦੀਆਂ ਲਿਖੀਆਂ ਕਿਤਾਬਾਂ ਲ਼ਾਹੇਵੰਦ ਹਨ।

ਇਸ ਕੱਚੀ ਉਮਰ ਵਿਚ ਹੀ (ਅਚੇਤ+ਅਨਭੋਲ) ਲੜਕੇ-ਲੜਕੀਆਂ ਇਕ ਦੂਜੇ ਨੂੰ ਖ਼ਤ ਲਿਖਦੇ ਨੇ, ਫ਼ੋਨ 'ਤੇ ਸੁਨੇਹੇ ਘਲਦੇ ਹਨ ਤੇ ਮੋਬਾਈਲ ਫ਼ੋਨਾਂ 'ਤੇ ਲੰਮਾ ਸਮਾਂ ਗੱਲਾਂ ਕਰਦੇ ਹਨ। ਤੋਹਫ਼ੇ ਦਿੰਦੇ, ਲੈਂਦੇ ਹਨ। ਪੜ੍ਹਾਈ ਵੱਲ ਲੋੜੀਂਦਾ ਧਿਆਨ ਨਹੀਂ ਦਿੰਦੇ। ਨਤੀਜਾ ਫ਼ੇਲ੍ਹ ਹੋਣ ਦਾ ਨਿਕਲਦਾ ਹੈ। ਕਈ ਵਾਰੀ ਵਾਸ਼ਨਾ ਗ੍ਰਸਤ ਹੋ ਕੇ ਸਰੀਰਕ ਸਬੰਧ ਸਥਾਪਤ ਕਰ ਲੈਂਦੇ ਹਨ। ਆਪਣੇ ਆਪੇ ਨੂੰ ਸੰਭਾਲਣ ਦਾ ਪਤਾ ਨਹੀਂ ਹੁੰਦਾ ਤੇ ਗਰਭ ਠਹਿਰ ਜਾਂਦਾ ਹੈ। ਲੜਕਾ ਭੀ ਨਾਤਜਰਬੇਕਾਰ ਹੈ। ਅਜਿਹੀ ਅਵਸਥਾ ਵਿਚ ਲੜਕਾ ਪਾਸਾ ਵੱਟ ਜਾਂਦਾ ਹੈ। ਲੜਕੀ ਇਕੱਲੀ ਇਸ ਮੁਸ਼ਕਲ ਵਿਚ ਫਸ ਜਾਂਦੀ ਹੈ। ਮਾਂ ਨੂੰ ਦਸਦਿਆਂ ਬੜੀ ਦੁਰਗਤ ਹੋਣੀ ਹੈ, ਨਹੀਂ ਦਸਦੀ ਤਾਂ ਹਾਲਤ ਹੋਰ ਭੀ ਬੁਰੀ ਹੋਣੀ ਹੈ। ਅਖ਼ੀਰ ਮਾਂ (ਜਾਂ ਕੋਈ ਹੋਰ ਵਿਸ਼ਵਾਸ ਜੋਗ ਬੀਬੀ ਰਾਹੀਂ) ਦੱਸ ਕੇ ਕਿਸੇ ਸਮਝਦਾਰ ਡਾਕਟਰ ਤੋਂ 'ਸਫ਼ਾਈ' ਹੀ ਇਕੋ ਇਕ ਇਲਾਜ ਰਹਿ ਜਾਂਦਾ ਹੈ। ਲੜਕੀ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੀ ਹੈ। ਮਾਂ ਦੀਆਂ ਨਜ਼ਰਾਂ ਵਿਚ ਇੱਜ਼ਤ ਘੱਟ ਜਾਂਦੀ ਹੈ। ਛੇਤੀ ਵਿਆਹ ਕਰ ਕੇ ਘਰੋਂ ਬਿਪਤਾ

ਨੂੰ ਵਿਦਾ ਕਰਨ ਦੀ ਕਾਹਲ ਵਿਚ ਪੜ੍ਹਾਈ ਅਧੂਰੀ ਹੀ ਰਹਿ ਜਾਂਦੀ ਹੈ। ਅਜਿਹੀ ਤਰਾਸਦੀ ਝੱਲਣ ਤੋਂ ਬਾਅਦ ਆਮ ਤੌਰ 'ਤੇ ਲੜਕੀ ਦੇ ਮਨ ਵਿਚ ਮਰਦਾਂ ਪ੍ਰਤੀ ਨਫ਼ਰਤ ਉਬਾਲੇ ਖਾਣ ਲਗਦੀ ਹੈ। ਜਿਸ ਨੂੰ ਵਿਆਹੀ ਗਈ ਹੈ ਜੇ ਉਸ ਪ੍ਰਵਾਰ ਨੂੰ ਕਿਸੇ ਤਰ੍ਹਾਂ ਪਿਛਲੀ ਜ਼ਿੰਦਗੀ ਦਾ ਪਤਾ ਲੱਗ ਜਾਵੇ ਤਾਂ ਜ਼ਿੰਦਗੀ ਕੰਡਿਆਂ ਦਾ ਬਿਛੌਣਾ ਬਣ ਜਾਂਦੀ ਹੈ। ਸਬੰਧਤ ਲੜਕੇ ਨੂੰ ਦੋਸ਼ੀ ਨਹੀਂ ਮੰਨਿਆ ਜਾਂਦਾ, ਸਿਰਫ਼ ਲੜਕੀ ਨੂੰ ਕਸੂਰਵਾਰ ਠਹਿਰਾ ਦਿਤਾ ਜਾਂਦਾ ਹੈ। ਅੱਲੜ ਲੜਕੀ ਨੂੰ ਮੱਤ ਦੇਂਦੇ ਹੋਏ (ਜੀਵ ਨੂੰ) ਗੁਰਬਾਣੀ ਦਾ ਫ਼ੁਰਮਾਨ ਹੈ:

ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥ ਕਿਉ ਰਲੀਆ ਮਾਨੈ ਬਾਝੁ ਭਤਾਰਾ ॥
ਕਾਗ ਉਡਾਵਤ ਭੁਜਾ ਪਿਰਾਨੀ ।ਕਹਿ ਕਬੀਰ ਇਹ ਕਥਾ ਸਿਰਾਨੀ ॥ (792)

ਹੇ ਪੁੱਤਰੀ! ਤੂੰ ਛੋਟੀ ਤੇ ਅਣਜਾਣ ਹੈਂ। ਤੇਰਾ ਅਜੇ ਵਿਆਹ ਨਹੀਂ ਕੀਤਾ। ਇਸ ਲਈ ਤੂੰ ਸ਼ਿਗਾਰ ਆਦਿ ਨਾ ਕਰ। ਇਸ ਤਰ੍ਹਾਂ ਦੀ ਮੌਜ ਮਸਤੀ ਕੇਵਲ ਪਤੀ (ਪ੍ਰਭੂ ਤੇ ਜੀਵ ਤੋਂ ਭਾਵ ਹੈ) ਨਾਲ ਹੀ ਕਰਨੀ ਸੋਭਦੀ ਹੈ, ਹੋਰ ਕਿਸੇ ਨਾਲ ਨਹੀਂ। ਜੇ ਪਤੀ ਦੂਰ ਪਰਦੇਸ਼ ਗਿਆ ਹੋਵੇ ਤਾਂ ਪਤਨੀ ਕਾਂਵਾਂ ਰਾਹੀਂ ਸੁਨੇਹੇ ਭੇਜ ਕੇ ਦਿਲ ਪਰਚਾਉਂਦੀ ਹੈ। ਜਦੋਂ ਮਕਾਨ ਦੇ ਬਨੇਰੇ 'ਤੇ ਕਾਂ ਆ ਕੇ ਬੈਠ ਜਾਂਦੇ ਹਨ, ਉਸ ਨੂੰ ਇਉਂ ਲਗਦਾ ਹੈ ਜਿਵੇਂ ਪਤੀ ਦਾ ਕੋਈ ਸੁਨੇਹਾ ਲੈ ਕੇ ਆਏ ਹਨ। ਇਉਂ ਕਾਂਵਾਂ ਨੂੰ ਉਡਾਉਂਦਿਆਂ ਬਾਂਹਵਾਂ ਥੱਕ ਜਾਂਦੀਆਂ ਹਨ, ਪਰ ਮਨ ਦਾ ਚਾਅ ਨਹੀਂ ਘਟਦਾ, ਉਡੀਕ ਖ਼ਤਮ ਨਹੀਂ ਹੁੰਦੀ।

ਗੁਰੂ ਬਾਬਾ ਜੀ ਦਾ ਇਕ ਨਵੇਕਲਾ ਤੇ ਸਮੇਂ ਨਾਲੋਂ ਬਹੁਤ ਅਗੇਤਾ ਉਪਕਾਰ ਸੀ, ਦੱਬੀ ਕੁਚਲੀ, ਸਿਸਕੀਆਂ ਭਰਦੀ ਅਣਗਿਣਤ ਜ਼ੁਲਮਾਂ ਦਾ ਸ਼ਿਕਾਰ ਔਰਤ ਦੇ ਹੱਕ 'ਚ ਅੜ ਖਲੋਣਾ। ਆਪਣੀ ਪਾਵਨ ਬਾਣੀ ਵਿਚ ਥਾਂ ਪੁਰ ਥਾਂ ਬਰਾਬਰਤਾ ਵਾਲੇ ਅਸੂਲ ਦ੍ਰਿੜ ਕਰਵਾਉਣਾ। ਸਥਾਪਤ ਕਦਰਾਂ ਕੀਮਤਾਂ ਵਲੋਂ ਬੇਪ੍ਰਵਾਹ ਹੋ ਕੇ ਕਮਜ਼ੋਰਾਂ ਦਾ ਪੱਖ ਪੂਰਨਾ ਖਾਲਾ ਜੀ ਦਾ ਵਾੜਾ ਨਹੀਂ ਸੀ। ਪਹਿਲਾਂ ਹੋ ਗੁਜ਼ਰੇ ਪੈਗੰਬਰਾਂ ਨੇ ਨੀਵਾਂ ਸਥਾਨ ਔਰਤ ਨੂੰ ਦਿਤਾ। ਉਸ ਦੀ ਪ੍ਰਵਹ ਨਹੀਂ ਕੀਤੀ। ਪਹਿਲਾਂ ਹੋਏ ਦੇਵਤਿਆਂ (ਅਖੌਤੀ) ਅਵਤਾਰਾਂ ਨੇ ਕੀ ਕੀਤਾ, ਕੀ ਕਿਹਾ, ਸਭ ਛੱਡ ਦਿਤਾ। ਗੀਤਾ, ਰਾਮਾਇਣ, ਪੁਰਾਣ, ਮਹਾਂਭਾਰਤ ਅਤੇ ਮੰਨੂ ਸਿਮ੍ਰਿਤੀ ਨੇ ਔਰਤ ਨੂੰ ਕੀ ਬਣਾ ਕੇ ਪੇਸ਼ ਕੀਤਾ ਹੈ, ਸਭ ਨੂੰ ਰੱਦ ਕਰ ਦਿਤਾ। ਕੁਰਾਨ ਅਤੇ ਬਾਈਬਲ ਨੇ ਜੋ ਲਿਖਿਆ, ਉਸ ਨੂੰ ਪਾਸੇ ਕਰ ਦਿਤਾ। ਸਾਰਿਆਂ ਤੋਂ ਨਵੇਕਲੇ, ਸਭ ਤੋਂ ਆਹਲਾ ਤੇ ਇਨਸਾਨੀਅਤ ਨੂੰ ਸਮਮੁਖ ਰੱਖ ਕੇ ਬਾਬਾ ਜੀ ਨੇ ਔਰਤ ਜਾਤੀ ਨੂੰ ਜੋ ਸਨਮਾਨ ਦਿਤਾ, ਉਹ ਪਹਿਲਾਂ ਕਿਧਰੇ ਸੁਣਿਆ, ਸੋਚਿਆ ਹੀ ਨਹੀਂ ਸੀ। ਔਰਤ

ਹੋਣ ਦਾ ਅਰਥ ਇਤਨਾ ਕੁ ਮੰਨਿਆ ਜਾਂਦਾ ਸੀ ਕਿ ਵਾਸ਼ਨਾ ਪੂਰਤੀ ਲਈ ਇਕ ਖਿਡਾਉਣਾ, ਬੱਚੇ ਪੈਦਾ ਕਰਨ ਵਾਲੀ ਮਸ਼ੀਨ ਤੇ ਘਰ ਦੀ ਸਾਂਭ ਸੰਭਾਲ ਵਾਸਤੇ ਨੌਕਰਾਣੀ, ਉਮਰ ਭਰ ਲਈ। ਇਸ ਤੋਂ ਅੱਗੇ ਔਰਤ ਦੀ ਕੋਈ ਕੀਮਤ ਨਹੀਂ, ਹੋਂਦ ਨਹੀਂ। ਇਸਤਰੀ ਜਗਤ ਨੂੰ ਸਤਿਕਾਰ ਦੇਂਦਿਆਂ ਸਤਿਗੁਰੂ ਜੀ ਰੱਬੀ ਹੁਕਮ ਸਾਦਰ ਕਰ ਰਹੇ ਹਨ :

ਆਵਹੁ ਭੈਣੇ ਗਲਿ ਮਿਲਹ, ਅੰਕਿ ਸਹੇਲੜੀਆਹ ॥
ਮਿਲਿ ਕੈ ਕਰਹ ਕਹਾਣੀਆਂ, ਸੰਮ੍ਰਥ ਕੰਤ ਕੀਆਹ ॥
ਸਾਚੇ ਸਾਹਿਬ ਸਭਿ ਗੁਣ, ਅਉਗਣ ਸਭਿ ਅਸਾਹ ॥ (17)

ਹੇ ਭੈਣੋਂ! ਆਓ ਪਿਆਰ ਦੀਆਂ ਗਲਵਕੜੀਆਂ ਪਾਈਏ। ਅੰਗ ਨਾਲ ਅੰਗ ਤੇ ਸੁਭਾ ਨਾਲ ਸੁਭਾ ਦਾ ਮੇਲ ਕਰੀਏ। ਜੀਵਨ ਸਾਥਣਾਂ ਬਣ ਕੇ ਜ਼ਿੰਦਗੀ ਬਤੀਤ ਕਰੀਏ, ਗਿਆਨ ਹਾਸਲ ਕਰੀਏ। ਹੇ ਭੈਣੋਂ, ਨਿਰੰਕਾਰ ਸਾਰੇ ਗੁਣਾਂ, ਦਾ ਅਮੁੱਕ ਖ਼ਜ਼ਾਨਾ ਹੈ। ਅਸੀ ਸਾਰੀਆਂ ਅਉਗੁਣਾਂ ਨਾਲ ਭਰੀਆਂ ਹਾਂ। ਪਰਮੇਸ਼ਰ ਦੀ ਯਾਦ ਅਤੇ ਉਸ ਦੇ ਗੁਣ ਹਿਰਦੇ ਵਿਚ ਬਸਾ ਲਈਏ ਤਾਂ ਕਿ ਅਸੀ ਭੀ ਸੋਹਣੀਆਂ ਬਣ ਜਾਈਏ। ਅਗਰ ਗੁਰੂ ਨਾਨਕ ਸਾਹਿਬ, ਬੀਬੀਆਂ ਨੂੰ ਬਰਾਬਰ ਨਾ ਸਮਝਦੇ ਤਾਂ ਭੈਣਾਂ ਆਖ ਕੇ ਮਾਣ ਦਿਉਂ ਦਿੰਦੇ ?

ਕੁੜਮਾਈ ਜਾਂ ਮੰਗਣੀ

ਗੁਰੂ ਸਾਹਿਬ ਜੀ ਨੇ ਜ਼ਿੰਦਗੀ ਦੇ ਹਰ ਪਹਿਲੂ ਨੂੰ ਸਾਦਾ ਅਤੇ ਸੌਖਾ ਬਣਾਉਣ ਦਾ ਬੇਅੰਤ ਯਤਨ ਕੀਤਾ ਤਾਂ ਕਿ ਕੋਈ ਦੂਜਾ ਮਨੁੱਖ ਸਿੱਖਾਂ ਨੂੰ ਕੁਰਾਹੇ ਨਾ ਪਾ ਸਕੇ, ਲੁੱਟ ਕੇ ਨਾ ਖਾ ਸਕੇ। ਜ਼ਰਾ ਸੋਚ ਕੇ ਵੇਖੋ, ਅਗਰ ਸਾਡੇ ਕੋਲ ਸਤਿਗੁਰੂ ਦਾ ਉਪਦੇਸ਼ ਲਿਖਤ ਰੂਪ ਵਿਚ ਨਾਲ ਹੁੰਦਾ, ਕੀ ਸਾਡੀ ਜੀਵਨ ਸ਼ੈਲੀ ਵਿਚ ਕਿਸੇ ਤਬਦੀਲੀ ਦੇ ਆਸਾਰ ਹੋ ਸਕਦੇ? ਨਵੇਂ ਵਿਚਾਰ ਸਾਡੇ ਮਨ ਵਿਚ ਵਿਕਸਤ ਹੋ ਸਕਦੇ ਸਨ? ਸਦੀਆਂ ਤੋਂ ਜਿਸ ਸਮਾਜਕ ਬਣਤਰ ਵਿਚ ਅਸੀ ਬੱਝੇ ਹੋਏ ਸਾਂ, ਉਸ ਤੋਂ ਬਾਹਰ ਨਿਕਲਣ ਦਾ ਕੋਈ ਰਾਹ ਹੈ ਸੀ? ਜਿਸ ਧਾਰਮਕ (ਅਖੌਤੀ) ਕੈਦ ਵਿਚ ਜਕੜ ਕੇ ਸਾਨੂੰ ਹੱਥਕੜੀਆਂ, ਬੇੜੀਆਂ ਪਹਿਨਾ ਕੇ ਮਜ਼ਬੂਤ ਕਿਲ੍ਹੇ ਵਿਚ ਡੱਕ ਦਿਤਾ ਸੀ, ਕੀ ਉਸ ਵਿਚੋਂ ਕਦੇ ਮੁਕਤ ਹੋ ਸਕਦੇ ਸਾਂ? ਜਿਸ ਬ੍ਰਾਹਮਣ ਪੁਜਾਰੀ ਦੇ ਪੈਰਾਂ ਵਿਚ ਸਾਨੂੰ ਲੰਮੇ ਪਾ ਦਿਤਾ ਗਿਆ ਸੀ, ਉਸ ਅੱਗੇ ਕਦੀ ਅੱਖ ਚੁੱਕ ਕੇ ਵੇਖਣ ਦੀ ਹਿੰਮਤ ਕਰ ਸਕਦੇ ਸਾਂ? ਦੇਸ਼ੀ ਜਾਂ ਵਿਦੇਸ਼ੀ ਜਰਵਾਣਿਆਂ ਨੇ ਸਦੀਆਂ ਤੀਕ ਆਮ ਲੋਕਾਂ ਨੂੰ ਪੈਰਾਂ ਹੇਠ ਮਧੋਲਿਆ, ਕੀ ਉਨ੍ਹਾਂ ਸਾਹਮਣੇ ਹਿੱਕਾਂ ਤਾਣ, ਖੰਡੇ ਪਕੜ ਕੇ, ਜੈਕਾਰੇ ਗਜਾ ਕੇ ਦੋ ਹੱਥ ਕਰ ਸਕਦੇ ਸਾਂ? ਅਸੀ ਲੁੱਟੇ ਪੁੱਟੇ, ਦਰ ਦਰ ਭਟਕਦੇ, ਬੀਬੀਆਂ, ਬੱਚੇ, ਘਰ ਜ਼ਮੀਨਾਂ ਤਿਆਗ ਕੇ ਕਾਇਰਤਾ ਵਿਚ ਸਾਧ ਬਣ ਕੇ ਲੁਕੇ ਹੋਏ ਪਖੰਡੀ ਟੋਲੇ ਆਪਣੇ ਘਰ ਬਸਾ ਸਕਦੇ ਸਾਂ? ਵਿਦੇਸ਼ੀ ਹਕੂਮਤਾਂ ਦੇ ਹੁੰਦਿਆਂ ਅਸੀ ਇਸ ਦੇਸ਼ ਨੂੰ ਆਪਣਾ ਦੇਸ਼ ਕਹਿ ਸਕਦੇ ਸਾਂ? ਹਰ ਥਾਂ 'ਤੇ ਜਵਾਬ ਮਿਲੇਗਾ ਨਹੀਂ! ਨਹੀਂ!! ਨਹੀਂ!!!

ਇਹ ਗੁਰੂ ਨਾਨਕ ਬਾਬਾ ਜੀ ਹੀ ਸਨ ਜਿਨ੍ਹਾਂ ਨੇ ਸਾਡੇ ਮਨ ਮਤਸਕ ਨੂੰ ਧੋ ਕੇ ਸਾਰੀ ਗੰਦਗੀ ਅੰਦਰੋਂ ਕੱਢ ਦਿਤੀ। ਸੋਚਣ ਸਮਝਣ ਦੇ ਨਵੇਂ ਦਿਸਹਦੇ ਸਥਾਪਤ ਕਰ ਦਿਤੇ। ਅੱਜ ਜਦੋਂ ਕਦੇ ਸਿੱਖ ਲੇਖਕ ਕੁੱਝ ਲਿਖਦਾ ਹੈ, ਅਗਰ ਬ੍ਰਾਹਮਣੀ ਸੋਚ ਵਾਲੇ ਲੱਠ ਲੈ ਕੇ ਉਸ ਦੇ ਮਗਰ ਮਾਰਨ ਲਈ ਆ ਪੈਣ ਤਾਂ ਬਾਬਾ ਨਾਨਕ ਜੀ ਤੁਰੰਤ ਆ ਖਲੋਂਦੇ ਹਨ। ਲੇਖਕ ਬਾਬਾ ਜੀ ਦੀ ਪਾਵਨ ਬਾਣੀ ਵਿਚੋਂ ਜਦੋਂ ਪਰਮਾਣ ਦੇ ਕੇ ਗੱਲ ਕਰੇਗਾ ਤਾਂ ਲੱਠਮਾਰਾਂ ਦਾ ਅੱਧਾ ਕੁ ਪਾਰਾ ਹੇਠਾਂ ਡਿੱਗ ਪੈਂਦਾ ਹੈ। ਭਾਈਉ! ਆਹ ਮੈਂ ਐਵੇਂ ਨਹੀਂ ਲਿਖਿਆ, ਬਾਬਾ ਜੀ ਦੀ ਬਾਣੀ ਦੀ ਵਿਆਖਿਆ ਹੀ ਕੀਤੀ ਹੈ। ਇਹ ਤਾਂ ਬਾਬਾ ਜੀ ਦੀ ਆਖੀ ਹੋਈ ਵਿਚਾਰ ਹੈ। ਸਟੇਜ 'ਤੇ ਬੋਲਣ ਵਾਲਾ ਅਗਰ ਗੁਰਬਾਣੀ ਦੇ ਪਰਮਾਣ ਦੇ ਕੇ ਵਿਚਾਰ ਰੱਖੇਗਾ, ਤਦੋਂ ਸਰੋਤੇ ਅਵੱਸ਼

ਕਾਇਲ ਹੋਣਗੇ। ਇਹ ਵੱਖਰੀ ਗੱਲ ਹੈ ਕਿ ਬਹੁਤੇ ਲੇਖਕ ਤੇ ਕਥਾ ਕੀਰਤਨ ਵਾਲੇ ਗੁਰਬਾਣੀ ਨੂੰ ਕਮਾਈ ਦਾ ਜ਼ਰੀਆ ਬਣਾ ਚੁੱਕੇ ਹਨ।

ਜ਼ਿੰਦਗੀ ਵਿਚ ਖ਼ੁਸ਼ੀਆਂ ਕੇਵਲ ਆਦਮੀ ਲਈ ਰਾਖਵੀਆਂ ਕਰ ਦਿਤੀਆਂ ਹਨ। ਆਦਮੀ ਆਪਣੇ ਲਈ ਖ਼ੁਸ਼ੀ ਮਨਾਉਂਦਾ ਹੈ, ਔਰਤ ਦੂਜਿਆਂ ਲਈ ਖ਼ੁਸ਼ੀ ਮਨਾਉਂਦੀ ਹੈ। ਆਦਮੀ ਕਮਾਈ ਕਰਦਾ ਹੈ, ਔਰਤ ਖ਼ਰਚ ਲਈ ਕੁੱਝ ਮੰਗਦੀ ਹੈ। ਆਦਮੀ ਸ਼ਰਾਬਾਂ ਪੀਂਦਾ ਹੈ ਤੇ ਮੁਰਗੇ ਮਰੋੜਦਾ ਹੈ, ਘਰ ਵਿਚ (ਬਹੁਗਿਣਤੀ) ਔਰਤ ਬੱਚਿਆਂ ਸਮੇਤ ਭੁੱਖੇ ਪੇਟ ਸੌਂਦੀ ਹੈ। ਆਦਮੀ, ਪਤਨੀ ਨੂੰ ਮਰੀ ਲੋਚਦਾ ਹੈ। ਪਤਨੀ ਉਸ ਲਈ ਲੰਮੀ ਉਮਰ ਦੀਆਂ ਅਰਦਾਸਾਂ ਕਰਦੀ ਹੈ। ਆਦਮੀ ਘਰ ਜ਼ਮੀਨ ਦਾ ਮਾਲਕ ਹੈ, ਔਰਤ ਘਰ ਵਾਲੀ ਹੋ ਕੇ ਭੀ ਬੇਘਰ ਹੈ। ਉਸ ਦੇ ਨਾਮ 'ਤੇ ਕੁੱਝ ਨਹੀਂ ਹੈ। ਮਾਂ, ਬੱਚਿਆਂ ਨੂੰ ਨੌ ਮਹੀਨੇ ਪੇਟ ਵਿਚ ਰਖਦੀ ਹੈ, ਔਕੜਾਂ ਝੱਲਦੀ ਹੈ। ਬੱਚਿਆਂ ਦੀਆਂ ਜਨਮ ਪੀੜਾਂ ਸਹਿੰਦੀ ਹੈ, ਪਾਲਦੀ ਹੈ, ਸਾਲਾਂ ਬੱਧੀ ਗੰਦ ਧੌਂਦੀ ਹੈ। ਐਪਰ ਬੱਚੇ ਮਾਂ ਦੇ ਨਹੀਂ ਹਨ, ਪਿਤਾ ਦੇ ਮੰਨੀਦੇ ਹਨ। ਸਾਰੀਆਂ ਲਿਖਤਾਂ ਵਿਚ ਪਿਉ ਦਾ ਨਾਂ ਲਿਖਿਆ ਜਾਂਦਾ ਹੈ। ਆਦਮੀ ਮੂਰਖ ਹੋ ਕੇ ਭੀ ਅੱਗੇ ਚਲਦਾ ਹੈ। ਔਰਤ ਸਿਆਣੀ ਹੋਣ 'ਤੇ ਭੀ ਪਿੱਛੇ ਟੋਰੀਦੀ ਹੈ। ਆਦਮੀ ਲੜਾਈਆਂ ਕਰੇ, ਘਰ ਉਜਾੜੇ, ਜ਼ਨਾਨੀ ਰੋਕ ਨਹੀਂ ਸਕਦੀ। ਤੀਵੀਂ ਮਾਮੂਲੀ ਜਿਹੀ ਗ਼ਲਤੀ 'ਤੇ ਖ਼ਸਮ ਤੋਂ ਗਾਲ੍ਹਾਂ ਖਾਵੇ, ਹੱਡ ਤੁੜਾਵੇ, ਕੁਸਕ ਨਹੀਂ ਸਕਦੀ। ਕੀ ਇਹ ਬੇ ਇਨਸਾਫ਼ੀ ਅਕਾਲ ਪੁਰਖ ਨੇ ਕੀਤੀ ਹੈ? ਕੀ ਸਮਾਜ ਨੇ ਜਾਂ ਧਰਮਾਂ ਨੇ ਧ੍ਰੋਹ ਕਮਾਇਆ ਹੈ? ਸਦੀਆਂ ਬੀਤ ਜਾਣ 'ਤੇ ਭੀ ਹਾਲਾਤ ਵਿਚ ਕੋਈ ਖ਼ਾਸ ਤਬਦੀਲੀ ਨਹੀਂ ਆਈ। ਦੋਸ਼ੀ ਕਿਸ ਨੂੰ ਮੰਨਿਆ ਜਾਵੇ? ਜੇ ਆਦਮੀ ਸਹੀ ਮਾਇਨਿਆਂ ਵਿਚ 'ਇਨਸਾਨ' ਬਣ ਗਿਆ ਹੈ, ਜੇ ਮਨੁੱਖ ਸਚਮੁੱਚ ਹੀ 'ਧਰਮੀ' ਬਣ ਗਿਆ ਹੈ, ਫਿਰ ਤਾਂ ਇਹ ਜ਼ੁਲਮ ਤੁਰੰਤ ਬੰਦ ਹੋਣਾ ਚਾਹੀਦਾ ਹੈ। ਪਰ ਨੇੜ ਭਵਿੱਖ ਵਿਚ ਅਜਿਹਾ ਹੁੰਦਾ ਨਜ਼ਰ ਨਹੀਂ ਆਉਂਦਾ।

ਲੜਕੇ-ਲੜਕੀ ਦੀ ਸ਼ੁਰੂਆਤੀ ਸਾਂਝ ਪੁਆਉਣ ਵਾਲੀ ਇਕ ਰਸਮ ਪ੍ਰਵਾਨ ਕੀਤੀ ਗਈ ਸੀ, ਕੁੜਮਾਈ। ਅਸਲ ਵਿਚ ਆਪਣੀ ਯਾਰੀ ਪੁਗਾਉਣ ਲਈ ਜਾਂ ਆਪਣਾ ਕੋਈ ਕੰਮ ਕਢਵਾਉਣ ਲਈ, ਨਿੱਕੇ ਬੱਚਿਆਂ ਦਾ ਭਵਿੱਖ ਦਾਅ 'ਤੇ ਲਾ ਦਿਆ ਕਰਦੇ ਸਨ। ਦੁੱਧ ਪੀਂਦੇ ਮਾਸੂਮ ਬੱਚਿਆਂ ਦੇ ਰਿਸ਼ਤੇ ਤੈਅ ਕਰ ਦੇਣੇ। ਕਈ ਵਾਰ ਤਾਂ ਬੱਚਿਆਂ ਦੇ ਜਨਮ ਤੋਂ ਪਹਿਲਾਂ ਹੀ ਵਚਨ ਦੇ ਦੇਣੇ। ਅਗਰ ਮੇਰੇ ਘਰ ਲੜਕਾ ਹੋਇਆ ਤੇ ਤੇਰੇ ਘਰ ਲੜਕੀ ਜਨਮੀ ਤਾਂ ਦੋਵਾਂ ਦਾ ਰਿਸ਼ਤਾ ਪੱਕਾ ਰਿਹਾ। ਜੇ ਦੋਹਾਂ ਦੇ ਲੜਕੀਆਂ ਜਾਂ ਲੜਕੇ ਹੋ ਗਏ ਤਦੋਂ ਕੋਈ ਬਦਲਵੇਂ ਪ੍ਰਬੰਧ ਕਰਨੇ ਪੈਂਦੇ

ਸਨ। ਇਸ ਸਮਾਜਕ ਦਬਾਅ ਕਾਰਨ ਗੁਰੂ ਸਾਹਿਬਾਨ ਦੇ ਰਿਸ਼ਤੇ ਅਤੇ ਵਿਆਹ ਛੋਟੀ ਉਮਰ ਵਿਚ ਹੀ ਹੁੰਦੇ ਰਹੇ। ਗੁਰੂ ਜੀ ਦੇ ਪੁੱਤਰਾਂ ਤੇ ਧੀਆਂ ਦੇ ਵਿਆਹ ਭੀ ਨਿੱਕੀ ਉਮਰ ਵਿਚ ਹੀ ਹੋਏ ਪੜ੍ਹੇ ਜਾ ਸਕਦੇ ਹਨ। ਪੰਜਵੇਂ ਗੁਰੂ ਜੀ ਦਾ ਵਿਆਹ ਸੋਲਾਂ ਸਾਲ ਦੀ ਉਮਰ ਵਿਚ। ਛੇਵੇਂ ਪਾਤਸ਼ਾਹ ਦੇ (ਪ੍ਰਚਲਤ ਤਿੰਨ ਵਿਆਹ) ਵਿਆਹ ਪਹਿਲਾ ਨੌ ਸਾਲ ਦੀ ਉਮਰ ਵਿਚ, ਦੂਜਾ ਪੰਦਰਾਂ ਸਾਲ ਅਤੇ ਤੀਜਾ 17 ਸਾਲ ਦੀ ਉਮਰ ਵਿਚ ਹੋਇਆ।(ਮਹਾਨ ਕੋਸ਼ - ਪੰਨਾ 265) ਗੁਰੂ ਹਰਿ ਰਾਇ ਜੀ ਦਾ ਵਿਆਹ ਗਿਆਰਾਂ ਸਾਲ ਦੀ ਬਾਲ ਅਵੱਸਥਾ ਵਿਚ। ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਵਿਆਹ ਕੇਵਲ 11 ਸਾਲ ਦੀ ਬਾਲ ਅਵੱਸਥਾ ਵਿਚ ਕਰ ਦਿਤਾ ਗਿਆ ਸੀ। ਪ੍ਰਚਲਤ ਰਵਾਇਤ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦਾ ਪਹਿਲਾ ਵਿਆਹ 9 ਸਾਲ ਦੀ ਉਮਰ ਵਿਚ ਪਿਤਾ ਗੁਰੂ ਤੇਗ ਬਹਾਦਰ ਜੀ ਨੇ ਛੇ ਸਾਲ ਦੀ ਬਾਲਕੀ ਜੀਤੋ ਜੀ ਨਾਲ ਕਰ ਦਿਤਾ, ਦੂਜਾ ਵਿਆਹ ਗੁਰੂ ਜੀ ਨੇ 18 ਸਾਲ ਦੀ ਉਮਰੇ ਕਰਵਾਇਆ, ਤੀਜਾ ਵਿਆਹ ਕਰਾਇਆ 34 ਸਾਲ ਦੀ ਉਮਰ ਵਿਚ। ਗੁਰੂ ਸਾਹਿਬਾਨ ਦਾ ਇਕ ਹੀ ਵਿਆਹ ਸੀ, ਬਹੁਤੇ ਵਿਆਹਾਂ ਵਾਲੀਆਂ ਗੱਲਾਂ ਉਨ੍ਹਾਂ ਨਾਲ ਜੋੜਨ ਤੋਂ ਸੰਕੋਚ ਕਰਨਾ ਚਾਹੀਦਾ ਹੈ। (ਹੋਰ ਵਿਸਥਾਰ ਅੱਗੇ ਅਵੇਗਾ।) ਬਾਲਕੀ ਅਤੇ ਕੁੜਮ-ਕੁੜਮਾਈ ਬਾਰੇ ਗੁਰਬਾਣੀ ਵਿਚੋਂ ਬਹੁਤ ਸਾਰੇ ਸੰਕੇਤ ਮਿਲਦੇ ਹਨ। ਜਿਨ੍ਹਾਂ ਵਿਚੋਂ ਕੁੱਝ ਇਉਂ ਹਨ :

ਸਤੁ ਸੰਤੋਖੁ ਕਰਿ ਭਾਉ ਕੁੜਮ ਕੁੜਮਾਈ ਆਇਆ ਬਲਰਾਮ ਜੀਉ ॥
ਸੰਤ ਜਨਾ ਕਰਿ ਮੇਲੁ ਗੁਰਬਾਣੀ ਗਾਵਾਈਆ ਬਲਰਾਮ ਜੀਉ ॥ (773)

ਹੇ ਭਾਈ ਜਨੋ! ਜਿਵੇਂ ਕੁੜਮਾਚਾਰੀ ਦਾ ਰਿਸ਼ਤਾ ਸਾਰੀ ਉਮਰ ਲਈ ਹੁੰਦਾ ਹੈ। ਤੁਸੀ ਸਤ (ਸਚਾਈ) ਅਤੇ ਸੰਤੋਖ ਨੂੰ ਜੀਵਨ ਦਾ ਆਧਾਰ ਬਣਾ ਲਉ। ਜਿਵੇਂ ਤੁਸੀ ਉਸ ਕੁੜਮਾਚਾਰੀ ਵਾਲੇ ਰਿਸ਼ਤੇ ਨੂੰ ਡਰ ਅਤੇ ਪਿਆਰ ਦੇ ਮਿਲਵੇਂ ਅਸਰ ਥੱਲੇ ਨਿਭਾਉਂਦੇ ਹੋ। ਇਸੇ ਤਰ੍ਹਾਂ ਨਿਰੰਕਾਰ ਨਾਲ ਇਕਤਾਰ ਜੁੜੇ ਰਹੋ। ਕੁੜਮਾਈ ਆਦਿ ਵਕਤ ਮੇਲ (ਰਿਸ਼ਤੇਦਾਰਾਂ ਦਾ ਇਕੱਠ) ਜੁੜਦਾ ਹੈ। ਤੁਸੀ ਗੁਰੂ ਦੀ ਸੰਗਤ ਵਿਚ ਜੁੜ ਕੇ ਗੁਰਬਾਣੀ ਗਾਵੋ, ਵਿਚਾਰੋ ਤੇ ਸਮਝੋ। ਤੁਹਾਡਾ ਰਿਸ਼ਤਾ ਗੁਰਸਿਖੀ ਨਾਲ ਹੋਰ ਪੱਕਾ ਹੋਵੇਗਾ। ਗੁਰਬਾਣੀ ਦੇ ਚਾਨਣ ਵਿਚ ਸਾਦਗੀ ਵਾਲੇ ਕਾਰਜ ਕਰੋਗੇ।

ਜੇ ਲੋੜਹਿ ਵਰੁ ਬਾਲੜੀਏ ਤਾ ਗੁਰਚਰਣੀ ਚਿਤੁ ਲਾਏ ਰਾਮ ॥
ਸਦਾ ਹੋਵਹਿ ਸੋਹਾਗਣੀ ਹਰਿ ਜੀਉ ਮਰੈ ਨ ਜਾਏ ਰਾਮ ॥ (771)

ਹੇ ਪੁੱਤਰੀ! ਜੇ ਤੂੰ ਜੀਵਨ ਭਰ ਸਾਥ ਨਿਭਾਉਣ ਵਾਲਾ ਵਰ ਚਾਹੁੰਦੀ ਹੈਂ ਤਾਂ ਗੁਰਮਤਿ ਦੀ ਧਾਰਨੀ ਬਣ ਜਾ। ਗੁਰੂ ਦੀ ਅਗਵਾਈ ਵਿਚ ਤੂੰ ਸਮਝਦਾਰ ਬਣ

ਜਾਵੇਂਗੀ। ਤੈਨੂੰ ਕੋਈ ਧੋਖਾ ਨਹੀਂ ਦੇ ਸਕੇਗਾ। ਅਸਲੀ ਮਾਲਕ ਤੂੰ ਪਰਮੇਸ਼ਰ ਨੂੰ ਪਰਵਾਨ ਕਰੇਂਗੀ। ਸੰਸਾਰੀ ਰਿਸ਼ਤੇ ਭਾਵੇਂ ਜ਼ਰੂਰੀ ਹਨ, ਪਰ ਇਨ੍ਹਾਂ ਦੇ ਮੋਹ ਵਿਚ ਗਲਤਾਨ ਨਹੀਂ ਹੋਵੇਂਗੀ।

(ਗੁਰਬਾਣੀ ਵਿਚ ਬਾਲੀ 9 ਵਾਰੀ ਤੇ ਬਾਲੜੀਏ 6 ਵਾਰੀ ਆਇਆ ਹੈ।)

ਭਾਰਤ ਦੇ ਪਛੜੇ ਸੂਬਿਆਂ ਵਿਚ ਅੱਜ ਭੀ ਹਜ਼ਾਰਾਂ ਦੀ ਗਿਣਤੀ ਵਿਚ ਬਾਲ ਵਿਆਹ ਹੋ ਰਹੇ ਹਨ। ਬਹੁਤੀ ਵਾਰੀ ਮਾਤਾ ਜਾਂ ਪਿਤਾ ਨੇ ਬੱਚਾ ਬੱਚੀ ਕੁੱਛੜ ਚੁੱਕੇ ਹੁੰਦੇ ਹਨ। 'ਲਾੜਾ ਲਾੜੀ' ਰੋ ਰਹੇ ਹੁੰਦੇ ਹਨ। ਚੁੱਕ ਕੇ ਹੀ ਉਨ੍ਹਾਂ ਦੇ ਫੇਰੇ ਕੀਤੇ ਜਾ ਰਹੇ ਹੁੰਦੇ ਹਨ। ਭਾਰਤੀ ਕਾਨੂੰਨ ਮੁਤਾਬਕ ਵਿਆਹ ਵਕਤ ਲੜਕੀ ਦੀ ਉਮਰ 18 ਸਾਲ ਤੋਂ ਘੱਟ ਨਹੀਂ ਹੋਣੀ ਚਾਹੀਦੀ। ਲੜਕੇ ਦੀ ਉਮਰ 21 ਸਾਲ ਤੋਂ ਘੱਟ ਨਾ ਹੋਵੇ। ਪਰ ਇਸ ਨਿਆਰੇ ਪਿਆਰੇ ਦੇਸ਼ ਵਿਚ ਬਹੁਤ ਆਜ਼ਾਦੀ (ਗ਼ਲਤ ਕੰਮ ਕਰਨ ਦੀ) ਹੈ। ਅੱਜ ਤਕ ਲੜਕੀਆਂ ਨੂੰ ਸਕੂਲ ਨਹੀਂ ਭੇਜਿਆ ਜਾਂਦਾ। ਕੋਈ ਕੰਮ ਨਹੀਂ ਸਿੱਖਣ ਦਿਤਾ ਜਾਂਦਾ। ਬਸ ਘਰ ਦੀ ਚਾਰ ਦੀਵਾਰੀ ਵਿਚ ਕੈਦ ਰਹਿ ਕੇ, ਸਿਸਕੀਆਂ ਭਰਦਿਆਂ, ਅਪਮਾਨ ਸਹਿੰਦਿਆਂ, ਹੰਝੂ ਬਹਾਉਂਦਿਆਂ, ਤੜਪ ਤੜਪ ਕੇ ਮਰਨ ਲਈ ਹੀ ਇਨ੍ਹਾ ਦਾ ਜਨਮ ਹੋਇਆ ਹੈ। ਬਾਹਰਲੀ ਦੁਨੀਆਂ ਦੀ ਹਵਾ ਤਕ ਇਨ੍ਹਾਂ ਕੋਲ ਨਹੀਂ ਪਹੁੰਚ ਸਕਦੀ। ਖ਼ੈਰ, ਇਹ ਤਾਂ ਉਸ ਸਮਾਜ ਵਿਚ ਪੈਦਾ ਹੋਈਆਂ ਹਨ, ਜਿਨ੍ਹਾਂ ਦਾ 'ਧਰਮ' ਭੀ ਔਰਤ ਨੂੰ ਘਿਰਣਾਯੋਗ ਗਰਦਾਨਦਾ ਹੈ। ਬਾਘਣ, ਨਾਗਣ, ਵਾਸਨਾ ਦੀ ਪੁਤਲੀ, ਇਮਾਨ ਤੋਂ ਡੁਲਾ ਦੇਣ ਵਾਲੀ ਆਖ ਕੇ, ਜੀਵਨ ਦੇ ਸੋਹਣੇ ਅੱਧ ਨਾਲ ਸਦੀਆਂ ਤੋਂ ਜ਼ੁਲਮ ਕੀਤਾ ਹੈ। ਪਰ ਕੀ ਗੁਰਬਾਣੀ ਦੇ ਅਖੰਡ ਪਾਠ ਕਰਾਉਣ ਵਾਲੇ, ਗੁਰਮਤਿ ਸਮਾਗਮ ਰਚਾਉਣ ਵਾਲੇ, ਨਿਤਨੇਮ ਰੋਜ਼ਾਨਾ ਕਰਨ ਵਾਲੇ, ਅੱਖਾਂ ਬੰਦ ਕਰ ਕੇ, ਸਿਮਰਨ ਕਰਨ ਵਾਲੇ, ਗਾਤਰੇ ਕਿਰਪਾਨਾਂ ਸਜਾਉਣ ਵਾਲੇ, ਵੱਡੇ ਅਹੁਦਿਆਂ 'ਤੇ ਬੈਠਣ ਵਾਲੇ, ਗੁਰੂ ਗ੍ਰੰਥ ਸਾਹਿਬ ਦੀ ਕਮਾਈ 'ਤੇ ਪਲਣ ਵਾਲੇ ਔਰਤਾਂ ਨੂੰ ਬਰਾਬਰ ਦੀ ਇਨਸਾਨ ਮੰਨਣ ਤੋਂ ਇਨਕਾਰੀ ਨਹੀਂ ਹਨ? 'ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥' (473) ਦੀਆਂ ਉੱਚੀਆਂ ਹੇਕਾਂ ਲਾਉਣ ਵਾਲੇ, ਇੱਕੀਵੀਂ ਸਦੀ ਵਿਚ ਭੀ ਪੱਥਰ ਜੁੱਗ ਵਾਲੀ ਸੋਚ ਤਹਿਤ ਔਰਤਾਂ ਦਾ ਅਪਮਾਨ ਕਰਨੋਂ ਰਤਾ ਸ਼ਰਮ ਨਹੀਂ ਕਰਦੇ। ਬਰਾਬਰ ਦੀ ਇਨਸਾਨ ਮੰਨਣ ਤੋਂ ਢੀਠਾਂ ਵਾਂਗ ਇਨਕਾਰੀ ਹਨ। ਗੁਰਬਾਣੀ ਜੋ ਮਰਜ਼ੀ ਆਖੀ ਜਾਵੇ, ਇਨ੍ਹਾਂ ਇਕ ਨਹੀਂ ਮੰਨਣੀ। ਉਂਵ ਗੁਰੂ ਗ੍ਰੰਥ ਸਾਹਿਬ ਨੂੰ ਲੰਮੇ ਪੈ ਪੈ ਕੇ ਡੰਡਉਤਾਂ ਬੜੀਆਂ ਕਰਨਗੇ। ਭਾਸ਼ਣ ਬੜੇ ਦੇਣਗੇ, ਕੀਰਤਨ ਬੜਾ 'ਰਸ ਭਿਨਾ' ਕਰਨਗੇ। ਪਰ ਗੁਰੂ ਦੀ ਆਖੀ ਗੱਲ ਕਦੀ ਨਹੀਂ ਮੰਨਣਗੇ। ਮਾਤਾ ਪਿਤਾ

(ਜੋ ਕਿ ਔਰਤ ਅਤੇ ਮਰਦ ਸਰੀਰ ਵਿਚ ਹਨ) ਦੀ ਸੇਵਾ ਦਾ ਮਹਾਤਮ ਭਾਈ ਗੁਰਦਾਸ ਇਸ ਤਰ੍ਹਾਂ ਬਿਆਨ ਕਰਦੇ ਹਨ :

ਮਾਂ ਪਿਉ ਪਰਹਰ ਸੁਣੈ ਵੇਦ, ਭੇਦ ਨ ਜਾਣੈ ਕਥਾ ਕਹਾਣੀ॥
ਮਾਂ ਪਿਉ ਪਰਹਰ ਕਰੈ ਤਪ, ਵਣ ਖੰਡ ਭੁਲਾ ਫਿਰੈ ਬਿਬਾਣੀ॥
ਮਾਂ ਪਿਉ ਪਰਹਰ ਕਰੈ ਪੂਜ, ਦੇਵੀ ਦੇਵ ਨ ਸੇਵ ਕਮਾਣੀ॥
ਮਾਂ ਪਿਉ ਪਰ ਹਰ ਨਾਵਣਾ, ਅਠਸਠ ਤੀਰਥ ਘੁੰਮਣਵਾਣੀ॥
ਮਾਂ ਪਿਉ ਪਰ ਹਰ ਕਰੈ ਦਾਨ, ਬੇਈਮਾਨ ਅਗਿਆਨ ਪ੍ਰਾਣੀ॥
ਮਾਂ ਪਿਉ ਪਰਹਰ ਵਰਤ ਕਰ, ਮਰ ਮਰ ਜੰਮੈ ਭਰਮ ਭੁਲਾਣੀ॥
ਗੁਰ ਪਰਮੇਸਰ ਸਾਰ ਨ ਜਾਣੀ॥ (ਭਾ. ਗੁ. 13-39)

ਹੇ ਭਾਈਓ! ਅਗਰ ਮਾਂ ਬਾਪ ਦੀ ਸੇਵਾ ਨਹੀਂ ਕਰਦੇ, ਪਰ ਵੇਦ ਗ੍ਰੰਥਾਂ ਦੀਆਂ ਕਥਾ ਕਹਾਣੀਆਂ ਪਾਠ ਬਹੁਤ ਕਰਦੇ ਹੋ, ਫਿਰ ਤੁਸੀਂ ਨਾ ਸਮਝ ਹੀ ਰਹੇ। ਜੇ ਕੋਈ ਮਾਂ ਬਾਪ ਦੀ ਸੇਵਾ ਨਾ ਕਰੇ, ਪਰ ਤਪ (ਸਿੱਖਾਂ ਵਿਚ ਵਿਖਾਵੇ ਦਾ ਸਿਮਰਨ) ਕਰਨ ਜੰਗਲ ਵਿਚ ਚਲਾ ਜਾਵੇ, ਉਹ ਬੰਦਾ ਜ਼ਿੰਦਗੀ ਦੇ ਰਾਹ ਤੋਂ ਭਟਕਿਆ ਹੋਇਆ ਸਮਝੋ। ਜੇ ਕੋਈ ਦੇਵੀਆਂ, ਦੇਵਤਿਆਂ ਦੀ ਪੂਜਾ ਤਾਂ ਕਰੇ ਪਰ ਮਾਂ ਬਾਪ ਨੂੰ ਵਿਸਾਰ ਦੇਵੇ, ਅਜਿਹੀ ਸੇਵਾ ਬੇਕਾਰ ਹੀ ਸਮਝੋ। ਬਹੁਤ ਲੋਕ ਤੀਰਥਾਂ ਤੇ ਇਸ਼ਨਾਨ ਕਰਨ ਜਾਂਦੇ ਹਨ। ਅਗਰ ਮਾਤਾ ਪਿਤਾ ਦੀ ਸੇਵਾ ਨਹੀਂ ਕਰਦੇ ਤਾਂ ਸਮਝੋ ਅਠਾਹਟ ਤੀਰਥਾਂ ਦੇ ਘੁੰਮਣ ਘੇਰ ਵਿਚ ਫਸ ਕੇ ਜੀਵਨ ਬੇਕਾਰ ਗਵਾ ਰਹੇ ਹਨ। ਜਿਹੜੇ ਲੋਕ ਦਾਨ ਤਾਂ ਬੜਾ ਕਰਦੇ ਹਨ ਪਰ ਮਾਤਾ ਪਿਤਾ ਦੀ ਸਾਰ ਨਹੀਂ ਲੈਂਦੇ, ਅਜਿਹੇ ਲੋਕੀਂ ਨਿਰੇ ਬੇਈਮਾਨ ਹਨ। ਬੇਅਕਲ ਹਨ, ਦਾਨ ਦੇ ਨਾਂ 'ਤੇ ਪਖੰਡ ਕਰਦੇ ਹਨ। ਬਹੁਤੇ ਲੋਕ ਮਾਂ ਪਿਉ ਨੂੰ ਸੰਭਾਲਦੇ ਨਹੀਂ ਵਰਤ ਆਦਿ ਰੱਖ ਕੇ 'ਪੁੰਨ ਕਰਮ' ਬਹੁਤ ਕਰਦੇ ਹਨ। ਅਜਿਹੇ ਲੋਕ ਮਾਨੋ ਜੰਮਣ ਮਰਨ ਦੇ ਚੱਕਰ ਵਿਚ ਘੁੰਮ ਰਹੇ ਹਨ। ਭਰਮਾਂ ਵਿਚ ਪੈ ਕੇ ਜੀਵਨ ਬੇਕਾਰ ਗਵਾ ਰਹੇ ਹਨ। ਗੁਰੂ ਦੀ ਆਖੀ ਨਾ ਸਮਝੀ, ਨਾ ਮੰਨੀ। ਪਰਮੇਸ਼ਰ ਬਾਰੇ ਅਜਿਹੇ ਮੂਰਖਾਂ ਨੂੰ ਕੋਈ ਸਮਝ ਨਹੀਂ ਹੈ। ਗੁਰੂ ਹੀ ਸਹੀ ਮੱਤ ਦੇ ਕੇ ਸਹੀ ਰਸਤੇ ਟੋਰਦਾ ਹੈ।

ਜਿਸ ਬਜ਼ੁਰਗ ਕੋਲ ਗੁਜ਼ਾਰੇ ਜੋਗਾ ਧਨ ਹੋਵੇ, ਉਹ ਤਾਂ ਬੁਢਾਪਾ ਕੁੱਝ ਸੌਖਾ ਬਿਤਾ ਸਕਦਾ ਹੈ। ਖੀਸਾ ਖ਼ਾਲੀ ਵਾਲੇ ਬਜ਼ੁਰਗ ਤਾਂ ਰੁਲ ਕੇ ਹੀ ਮਰਦੇ ਹਨ। ਸ਼ਾਇਦ ਇਕ ਅੱਧ ਲਾਇਕ ਪੁੱਤਰ ਹੋਵੇ। ਵਰਨਾ 'ਪਿਰਥੀ ਚੰਦ' ਤਾਂ ਘਰ ਘਰ ਚੰਦ ਚਾਹੜ ਰਹੇ ਹਨ।

ਉਧਾਲੇ ਤੋਂ ਵਿਆਹ ਵੱਲ

ਕਾਦਰ ਨੇ ਨਰ ਮਾਦਾ ਬਣਾਏ ਹਨ, ਤਾਂ ਕਿ ਦੋਵਾਂ ਦੇ ਪਿਆਰ ਸਬੰਧਾਂ ਤੋਂ ਵੰਸ਼ ਚਲਦੀ ਰਹੇ। ਦੋਵੇਂ ਰਲ ਕੇ ਬੱਚਿਆਂ ਦੀ ਉਚਿਤ ਸੰਭਾਲ ਕਰ ਸਕਣ। ਜਿਥੇ ਇਕੱਲੀ ਮਾਂ ਨੂੰ ਇਹ ਜ਼ਿੰਮੇਵਾਰੀ ਨਿਭਾਉਣੀ ਪਵੇ ਉਥੇ (ਸਮੇਤ ਪਸ਼ੂ, ਪੰਛੀਆਂ ਦੇ) ਬੱਚਿਆਂ ਦੀ ਮੌਤ ਦਰ ਵੱਧ ਜਾਂਦੀ ਹੈ। ਬਾਕੀ ਜੀਵ ਸੰਸਾਰ ਵਿਚ ਪਤੀ ਪਤਨੀ ਵਾਲਾ ਰਿਸ਼ਤਾ (ਵਕਤੀ ਜਾਂ ਸਦੀਵੀ) ਤਾਂ ਮੌਜੂਦ ਹੈ ਪਰ ਬਾਕੀ ਰਿਸ਼ਤਿਆਂ ਦੀ ਅਣਹੋਂਦ ਹੈ। ਇਹ ਮਨੁੱਖ ਹੀ ਹੈ ਜਿਸ ਨੇ 'ਸਭਿਅਕ' ਸਮਾਜ ਦੀ ਲੋੜ ਮਹਿਸੂਸ ਕੀਤੀ ਅਤੇ ਰਿਸ਼ਤੇ ਨਿਰਧਾਰਤ ਕੀਤੇ। ਆਦਿ ਕਾਲ ਤੋਂ ਹੀ ਨਰ ਮਾਦਾ ਦੀ ਸਾਂਝ ਤੋਂ ਵੰਸ਼ ਪ੍ਰੰਪਰਾ ਚੱਲ ਰਹੀ ਹੈ। ਭਾਵੇਂ ਪਹਿਲਾਂ ਇਸ ਨੂੰ ਕਾਮ ਪੂਰਤੀ ਦਾ ਵਸੀਲਾ ਮੰਨਿਆ ਗਿਆ। ਪਰ ਬਹੁਤ ਲੰਮੇ ਦੁਖਦਾਈ ਤਜਰਬਿਆਂ ਤੋਂ ਮਗਰੋਂ ਕਬੀਲਿਆਂ ਦੇ ਸਿਆਣੇ ਮੁਖੀਆਂ ਨੇ ਪਤੀ ਪਤਨੀ ਦੀ ਜੋੜੀ ਨੂੰ ਪ੍ਰਵਾਨ ਕਰ ਲਿਆ। ਇਸ ਤੋਂ ਪਹਿਲਾਂ ਇਕ ਕਬੀਲੇ ਦੇ ਲੋਕ ਦੂਜੇ ਕਬੀਲੇ ਦੀਆਂ ਜਵਾਨ ਔਰਤਾਂ ਨੂੰ ਆਪਣੇ ਬਾਹੂਬਲ ਸਦਕਾ ਜਬਰੀ ਚੁੱਕ ਕੇ ਲੈ ਜਾਂਦੇ ਸਨ। ਦੂਜੀ ਧਿਰ ਭੀ ਠੀਕ ਮੌਕੇ ਦੀ ਤਾਕ ਵਿਚ ਰਹਿੰਦੀ ਸੀ ਕਿ ਅਸੀ ਉਨ੍ਹਾਂ ਦੀਆਂ ਲੜਕੀਆਂ ਨੂੰ ਕਦੋਂ ਚੁੱਕ ਲਿਆਈਏ। ਫਿਰ ਕਬੀਲੇ ਦੇ ਸਰਦਾਰ ਦੀ ਮਰਜ਼ੀ ਹੁੰਦੀ ਸੀ ਕਿ ਉਹ ਆਪਣੇ ਕੋਲ ਕਿੰਨੀਆਂ ਔਰਤਾਂ ਰੱਖੇ ਤੇ ਬਾਕੀਆਂ ਨੂੰ ਕਿੰਨੀਆਂ ਦੇਵੇ। ਇਸ ਧਿੰਗਾਜ਼ੋਰੀ ਵਿਚ ਜਿਥੇ ਮਰਦਾਂ ਦਾ ਦੋਵੇਂ ਪਾਸਿਆਂ ਵਿਚ ਜਾਨੀ ਨੁਕਸਾਨ ਹੁੰਦਾ ਸੀ, ਉਥੇ ਇਸਤਰੀਆਂ ਦੀ ਹਾਲਤ ਭੀ ਅਤਿ ਤਰਸਯੋਗ ਤੇ ਦੁਖਦਾਈ ਹੋਇਆ ਕਰਦੀ ਸੀ।

ਸਮਾਂ ਬੀਤਣ ਨਾਲ ਨਿਤ ਦੀ ਮਾਰੋ ਮਾਰੀ ਤੋਂ ਬਚਣ ਲਈ ਦੋਵਾਂ ਧਿਰਾਂ ਦੀ ਰਜ਼ਾਮੰਦੀ ਨਾਲ ਲੜਕੀਆਂ ਦਾ 'ਵਟਾਂਦਰਾ' ਸ਼ੁਰੂ ਕੀਤਾ ਗਿਆ। ਭਾਵ ਕਿ ਜਿੰਨੀਆਂ ਜਵਾਨ ਲੜਕੀਆਂ ਇਕ ਕਬੀਲੇ ਵਾਲੇ ਦੇਣਗੇ, ਦੂਜੇ ਕਬੀਲੇ ਵਾਲੇ ਉਨੀਆਂ ਹੀ ਧੀਆਂ ਵੱਟੇ ਵਿਚ ਦੇਣਗੇ। ਪਰ ਤਾਕਤਵਰ ਧਿਰਾਂ ਕਦੋਂ ਕਿਸੇ ਅਸੂਲ 'ਤੇ ਟਿਕਦੀਆਂ ਹਨ? ਸਗੋਂ ਲੜਕੀਆਂ ਨੂੰ ਉਧਾਲਣ ਵਾਲਾ ਸਿਲਸਿਲਾ ਫ਼ੌਜਾਂ ਲੈ ਕੇ ਹਥਿਆਰ ਧਾਰਨ ਕਰ ਕੇ ਨਗਾਰੇ ਦੀ ਚੋਟ ਨਾਲ ਕੀਤਾ ਜਾਣ ਲੱਗਾ। ਕਮਜ਼ੋਰ ਧਿਰਾਂ ਆਪਣੇ ਕਬੀਲੇ ਨੂੰ ਜਾਨੀ ਮਾਲੀ ਨੁਕਸਾਨ ਤੋਂ ਬਚਾਉਣ ਲਈ, ਹਮਲਾਵਰ ਦੀ ਇੱਛਾ ਅੱਗੇ ਝੁਕਦਿਆਂ ਮੰਗ ਮੁਤਾਬਕ ਆਪਣੀਆਂ ਜਵਾਨ ਲੜਕੀਆਂ ਉਨ੍ਹਾਂ ਨਾਲ ਟੋਰਨ ਦੀ ਸਹਿਮਤੀ ਪ੍ਰਗਟ ਕਰ ਦਿੰਦੀਆਂ। ਸਮਾਂ ਬੀਤਦਿਆਂ ਅੱਗੋਂ ਆਏ

ਹਮਲਾਵਰਾਂ ਦੀ ਸੇਵਾ ਭੀ ਕੀਤੀ ਜਾਣ ਲੱਗੀ। ਅਗਲਵਾਂਢੀ ਹੋ ਕੇ ਲੜਕੀਆਂ ਪ੍ਰਾਪਤ ਕਰਨ ਆ ਰਹੇ ਲੋਕਾਂ ਦਾ 'ਸਿਰ ਸੁੱਟ ਕੇ ਸੁਆਗਤ' ਭੀ ਕੀਤਾ ਜਾਣ ਲੱਗਾ। ਹੌਲੀ ਹੌਲੀ ਸਮਾਂ ਪਾ ਕੇ ਇਸੇ 'ਉਧਾਲੇ ਵਾਲੀ ਸੀਨਾ ਜ਼ੋਰੀ' ਨੇ ਵਿਆਹ ਦਾ ਰੂਪ ਧਾਰਨ ਕਰ ਲਿਆ। ਆਪਣੇ ਕਬੀਲੇ ਵਿਚ ਵਿਆਹ ਨਾ ਕਰ ਕੇ ਬਾਹਰਲੇ ਕਬੀਲੇ ਵਿਚ ਲੜਕੀ ਲੈਣੀ ਦੇਣੀ ਪ੍ਰਵਾਨ ਕੀਤੀ ਜਾਣ ਲੱਗੀ। ਕਿਸੇ ਕਾਰਨ ਵਸ ਐਨ ਮੌਕੇ 'ਤੇ ਆ ਕੇ ਲੜਕੀ ਵਾਲਾ ਲੜਕੀ ਭੇਜਣ ਤੋਂ ਇਨਕਾਰ ਭੀ ਕਰ ਦਿਆ ਕਰਦਾ ਸੀ। ਜਿਸ 'ਤੇ ਲੜਾਈ ਭੜਕ ਪੈਂਦੀ ਸੀ। ਕਦੀ ਕਦਾਈਂ ਜੰਗਲਾਂ ਵਿਚੋਂ ਦੀ ਲੰਘਦਿਆਂ ਰਾਹ ਵਿਚ ਬਰਾਤ 'ਤੇ ਡਾਕੂ ਹਮਲਾ ਕਰ ਦਿੰਦੇ। ਲੜਕੀ ਅਤੇ ਸਾਮਾਨ ਖੋਹ ਕੇ ਨੱਸ ਜਾਂਦੇ। ਬਰਾਤ ਵਾਲੇ ਖ਼ਾਲੀ ਹੱਥ ਪਰਤਦੇ।

ਸਮਾਜ ਵਿਚ ਭਾਵੇਂ ਲੜਕੀਆਂ 'ਲੈਣੀਆਂ ਦੇਣੀਆਂ' ਪ੍ਰਵਾਨ ਹੋ ਗਈਆਂ ਸਨ। ਆਪੋ ਆਪਣੇ ਰੀਤੀ ਰਿਵਾਜਾਂ ਮੁਤਾਬਕ ਵਿਆਹ ਦੀਆਂ ਰੀਤਾਂ ਰਸਮਾਂ ਭੀ ਘੜੀਆਂ ਜਾਣ ਲੱਗੀਆਂ ਸਨ। ਪਰ ਜਾਹਰਾ ਤੌਰ 'ਤੇ ਉਹੀ ਉਧਾਲੇ ਵਾਲੀ ਕਰੂਰ ਵਿਧੀ (ਰੂਪ ਵਟਾ ਕੇ) ਬਰਕਰਾਰ ਰਹੀ। ਸਦੀਆਂ ਬੀਤ ਜਾਣ 'ਤੇ ਭੀ ਅੱਜ ਦੇ ਸਭਿਅਕ ਆਖੇ ਜਾਂਦੇ ਸਮਾਜ ਵਿਚ ਉਹ ਰੀਤਾਂ ਰਸਮਾਂ ਨਿਤ ਵੇਖੀਆਂ ਜਾ ਸਕਦੀਆਂ ਹਨ। ਲਾੜਾ ਅਸਲ ਵਿਚ ਹਮਲਾਵਰ ਟੁਕੜੀ ਦਾ ਮੁਖੀ ਹੋਇਆ ਕਰਦਾ ਸੀ। ਉਸ ਦੇ ਹੱਥ ਵਿਚ ਕਿਰਪਾਨ ਹੋਣੀ ਜ਼ਰੂਰੀ ਸੀ। ਅੱਜ ਭੀ ਲਾੜਾ ਬਰਾਤ ਲੈ ਕੇ ਟੁਰਨ ਲੱਗੇ ਹੱਥ ਵਿਚ ਕਿਰਪਾਨ ਲੈ ਕੇ ਨਿਕਲਦਾ ਹੈ। ਉਂਞ ਭਾਵੇਂ ਸਾਰੀ ਉਮਰ ਕਿਰਪਾਨ ਨੂੰ ਹੱਥ ਭੀ ਲਾ ਕੇ ਨਾ ਵੇਖਿਆ ਹੋਵੇ। ਬਹੁਤ ਸਾਰੇ ਵਿਅਕਤੀਆਂ ਦਾ ਬਰਾਤ ਰੂਪ ਵਿਚ ਇਕੱਠੇ ਹੋ ਕੇ ਢੋਲ ਵਜਾ ਕੇ ਨਿਕਲਣਾ, ਹਮਲਾਵਰ ਵਿਧੀ ਹੀ ਤਾਂ ਹੈ। ਅਸਲ ਵਿਚ ਜਿਸ ਨੂੰ ਅੱਜ ਬਰਾਤ ਆਖਿਆ ਜਾ ਰਿਹਾ ਹੈ, ਇਹ ਲੁਟੇਰਿਆਂ ਦਾ ਟੋਲਾ ਹੀ ਤਾਂ ਹੈ। ਅੱਜ ਕਲ ਭਾਵੇਂ ਦੋਵਾਂ ਧਿਰਾਂ ਦੀ ਰਜ਼ਾਮੰਦੀ ਨਾਲ ਸਾਰਾ ਕਾਰਜ ਨੇਪਰੇ ਚੜ੍ਹਦਾ ਹੈ, ਅਸਲ ਵਿਚ ਇਉਂ ਨਹੀਂ ਹੈ। ਪੁਰਾਤਨ ਸਮੇਂ ਵਿਚ ਲੜਕੀਆਂ ਨੂੰ ਉਧਾਲਣ ਆਏ ਹਮਲਾਵਰ ਲੜਕੀ ਵਾਲਿਆਂ ਕੋਲ ਜੋ ਭੀ ਮਾਲ ਅਸਬਾਬ, ਮੱਝ, ਗਾਂ, ਘੋੜੇ ਜਬਰੀ ਲੈ ਜਾਇਆ ਕਰਦੇ ਸਨ। ਕੀਤੇ ਗਏ ਸਮਝੌਤੇ ਅਧੀਨ ਅੱਜ ਲੜਕੀ ਵਾਲੇ ਮੰਗੀਆਂ ਗਈਆਂ ਵਸਤਾਂ ਖ਼ੁਦ ਹੱਥ ਜੋੜ ਕੇ 'ਖ਼ੁਸ਼ੀ ਖ਼ੁਸ਼ੀ' ਅਰਪਣ ਕਰ ਦਿੰਦੇ ਹਨ। ਲੜਕੀ ਵਾਲੇ ਅੱਜ ਭੀ 'ਨੀਵੇਂ' ਹਨ। ਜੰਗ ਵਿਚ ਹਾਰੀਆਂ ਧਿਰਾਂ ਵਾਂਗ, ਜੇਤੂ (ਲੜਕੇ ਵਾਲੇ) ਧਿਰ ਦੀਆਂ ਸਾਰੀਆਂ ਮੰਗਾਂ ਸਵੀਕਾਰ ਕਰਨ ਲਈ ਮਜਬੂਰ ਹਨ। ਦਾਜ ਵਿਚ ਦਿਤਾ ਜਾ ਰਿਹਾ ਸਾਮਾਨ ਅਸਲ ਵਿਚ ਲੁੱਟਿਆ ਜਾ ਰਿਹਾ ਮਾਲ ਹੈ। ਕਮਜ਼ੋਰ ਧਿਰ ਖ਼ੁਦ ਲੁਟਾ ਰਹੀ

ਹੈ। ਅੱਜ ਤਾਈਂ ਵਿਦਾਇਗੀ ਸਮੇਂ ਲੜਕੀ ਅਤੇ ਪ੍ਰਵਾਰ ਵਲੋਂ ਧਾਹਾਂ ਮਾਰ ਮਾਰ ਰੋਣਾ ਉਸੇ ਮਾਨਸਿਕਤਾ ਦੀ ਦੇਣ ਹੈ, ਜਦੋਂ ਲੜਕੀ ਨੂੰ ਚੁਕਿਆ ਜਾਂਦਾ ਸੀ ਤੇ ਘਰ ਲੁੱਟਿਆ ਜਾਂਦਾ ਸੀ। ਅੱਜ ਭੀ ਤਾਂ ਲੜਕੀ ਵਾਲੇ ਲੁੱਟੇ ਹੀ ਜਾ ਰਹੇ ਹਨ। ਲੜਕੀ ਨੂੰ 'ਦੁਸ਼ਮਣਾਂ' ਦੇ ਘਰ ਜਾ ਕੇ ਪਤਾ ਨਹੀਂ ਕਿੰਨੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇਗਾ। ਇਸ ਭਿਆਨਕਤਾ ਨੂੰ ਮਹਿਸੂਸ ਕਰ ਕੇ ਲੜਕੀ ਭੀ ਜਾਰੋਜਾਰ ਵਿਲਕਦੀ ਹੈ ਤੇ ਪਰਵਾਰ ਦੇ ਬਾਕੀ ਮੈਂਬਰ ਭੀ। ਕੀ ਪਤਾ ਲੜਕੀ ਕਿਨ੍ਹਾਂ ਹਾਲਤਾਂ ਵਿਚ ਜ਼ਿੰਦਗੀ ਗੁਜ਼ਾਰੇ, ਮੁੜ ਕੇ ਮਾਤਾ ਪਿਤਾ ਨਾਲ ਕਦੀ ਮਿਲਾਪ ਹੋ ਭੀ ਸਕੇਗਾ ਕਿ ਨਹੀਂ?

ਲੜਕੇ ਵਾਲੇ ਆਪਣੇ ਘਰ ਆ ਕੇ ਵੱਡੇ ਪੱਧਰ 'ਤੇ ਖ਼ੁਸ਼ੀਆਂ ਮਨਾਉਂਦੇ ਹਨ। ਸ਼ਰਾਬਾਂ ਦੇ ਦੌਰ ਚਲਦੇ ਹਨ। ਢੋਲ ਵਜਦੇ ਤੇ ਭੰਗੜੇ ਪੈਂਦੇ ਹਨ। ਇਹ ਸਭ ਉਨ੍ਹਾਂ ਸਾਥੀ ਧਾੜਵੀਆਂ ਦਾ ਸ਼ੁਕਰੀਆ ਅਦਾ ਕੀਤਾ ਜਾ ਰਿਹਾ ਹੈ। ਜੰਗ ਵਿਚ ਮਦਦ ਕਰਨ ਤੇ ਧੰਨਵਾਦ, ਜਦੋਂ ਤੁਹਾਨੂੰ ਮੇਰੀ ਲੋੜ ਪਵੇ, ਮੈਂ ਹਾਜ਼ਰ ਹੋਵਾਂਗਾ। ਉਹੀ ਪੁਰਾਤਨ ਲੁੱਟ ਦਾ ਬਦਲਿਆ ਰੂਪ ਹੈ। ਪੁਰਾਤਨ ਵਖ਼ਤਾਂ ਵਿਚ ਬੰਦਿਆਂ ਨੂੰ ਗ਼ੁਲਾਮ ਬਣਾ ਲਿਆ ਜਾਂਦਾ ਸੀ। ਉਨ੍ਹਾਂ ਤੋਂ ਉਮਰ ਭਰ ਪਸ਼ੂਆਂ ਵਾਂਗ ਕੰਮ ਲਿਆ ਜਾਂਦਾ ਸੀ। ਕਈ ਵਾਰੀ ਗ਼ੁਲਾਮਾਂ ਨੂੰ ਅੱਗੇ ਵੇਚ ਦਿਤਾ ਜਾਂਦਾ ਸੀ। ਗ਼ੁਲਾਮਾਂ ਦੀ ਜ਼ਿੰਦਗੀ ਭੀ ਕੋਈ ਜ਼ਿੰਦਗੀ ਹੈ? ਘੋਰ ਮੁਸੀਬਤਾਂ ਠੋਹਕਰਾਂ, ਫਿਟਕਾਰਾਂ। ਇਸੇ ਤਰ੍ਹਾਂ ਜਿਨ੍ਹਾਂ ਔਰਤਾਂ ਨੂੰ ਚੁੱਕ ਕੇ ਲਿਆਉਂਦੇ ਸਨ, ਉਹ ਭੀ ਮਾਲਕਾਂ ਦੀਆਂ ਉਮਰ ਭਰ ਲਈ ਗ਼ੁਲਾਮ ਸਨ, ਕੋਈ ਸੁਣਵਾਈ ਨਹੀਂ। ਜ਼ਰਾ ਕੁ ਜ਼ੁਬਾਨ ਖੋਲ੍ਹਣ 'ਤੇ ਹੀ ਹੱਡ ਸੇਕ ਦਿਤੇ ਜਾਂਦੇ ਸਨ। ਕੋਈ ਕਾਨੂੰਨ ਨਹੀਂ, ਕਿਧਰੇ ਸੁਣਵਾਈ ਨਹੀਂ। ਮਾਪੇ ਦੂਰ ਹਨ, 'ਕਮਜ਼ੋਰ' ਧਿਰ ਹਨ। ਆਪਣੀ ਵਿਲਕ ਰਹੀ ਬੇਟੀ ਦੀ ਮਦਦ ਕਰਨੋ ਅਸਮਰਥ। ਸਾਰੀਆਂ ਵਗਾਰਾਂ ਕਰਨੀਆਂ ਤੇ ਬੱਚੇ ਪੈਦਾ ਕਰਨੇ, ਆਦਮੀ (ਇਕ ਜਾਂ ਬਹੁਤੇ) ਦੀ ਕਾਮ ਭੁੱਖ ਪੂਰੀ ਕਰਨੀ... ਤੇ ਬਸ। ਜੋ ਗ਼ੁਲਾਮਾਂ ਵਾਲਾ ਜਾਲਮਾਨਾ ਵਰਤਾਉ ਔਰਤਾਂ ਨਾਲ ਤਦੋਂ ਕੀਤਾ ਜਾਂਦਾ ਸੀ, ਥੋੜੇ ਬਹੁਤੇ ਫ਼ਰਕ ਨਾਲ ਅੱਜ ਭੀ ਬਾਦਸਤੂਰ ਜਾਰੀ ਹੈ।

ਅੱਜ ਤੱਕ ਲੜਕੇ ਤੇ ਲੜਕੀ ਵਾਲਿਆਂ ਦਾ ਰਿਸ਼ਤਾ ਬਰਾਬਰਤਾ ਅਖ਼ਤਿਆਰ ਨਹੀਂ ਕਰ ਸਕਿਆ। ਇਸ ਮਨੋਰੋਗ ਤੋਂ ਕਹਿੰਦੇ ਕਹਾਉਂਦੇ ਸਿੱਖ ਭੀ ਨਹੀਂ ਬਚ ਸਕੇ। ਆਮ ਸਿੱਖ ਤਾਂ ਬੁਰੀ ਤਰ੍ਹਾਂ ਗਰਕਿਆ ਪਿਆ ਹੈ। ਲੜਕਾ ਹਾਕਮ ਵਾਲੀ ਧੌਂਸ ਜਮਾਉਂਦਾ ਹੈ। 'ਮੇਰੀ ਸੇਵਾ, ਮੇਰਾ ਮਾਣ ਸਤਿਕਾਰ, ਮੇਰੀਆਂ ਮੰਗਾਂ, ਮੇਰਾ ਖਾਣ ਪੀਣ, ਮੇਰੇ ਸਾਥੀਆਂ ਦਾ ਸਨਮਾਨ..., ਉਨ੍ਹਾਂ ਨੇ ਸਾਡਾ ਕੋਈ ਖ਼ਿਆਲ

ਨਹੀਂ ਰੱਖਿਆ। ਮੈਂ ਉਨ੍ਹਾਂ ਦੇ ਘਰ ਨਹੀਂ ਜਾਵਾਂਗਾ। ਮੈਂ ਇਸ ਜ਼ਨਾਨੀ (ਪਤਨੀ) ਨੂੰ ਵਾਪਸ ਭੇਜ ਦਿਆਂਗਾ'। ਬਹੁ ਗਿਣਤੀ ਲੜਕੇ ਇਸੇ ਮਾਨਸਿਕ ਪ੍ਰਵਿਰਤੀ ਅਧੀਨ ਜੀਅ ਰਹੇ ਹਨ। ਧੀ ਵਾਲੇ ਥਰਥਰ ਕੰਬ ਰਹੇ ਹੁੰਦੇ ਹਨ। ਕਿਤੇ ਦਾਮਾਦ ਜਾਂ ਉਸ ਦੇ ਸਾਥੀ ਨਾਰਾਜ਼ ਨਾ ਹੋ ਜਾਣ। ਵਿਤੋਂ ਬਾਹਰ ਜਾ ਕੇ ਲੜਕੇ ਦੀ ਸੇਵਾ ਕਰਦੇ ਹਨ। ਮੀਟ, ਮੁਰਗਾ, ਇੰਗਲਿਸ਼ ਸ਼ਰਾਬ ਤੇ ਹੋਰ ਕਈ ਕੁੱਝ। ਗ਼ੁਲਾਮਾਂ ਨਾਲੋਂ ਭੀ ਵੱਧ ਆਜ਼ਜ਼ੀ ਵਿਚ ਸਾਰਾ ਪ੍ਰਵਾਰ ਦਾਮਾਦ ਅੱਗੇ ਲਿਲਕੜੀਆਂ ਕੱਢ ਰਿਹਾ ਹੁੰਦਾ ਹੈ। 'ਧੀਆਂ ਵਾਲੇ ਨੀਵੇਂ ਜੁ ਹੋਏ'। ਦੂਜੇ ਸ਼ਬਦਾਂ ਵਿਚ ਆਖੀਏ ਤਾਂ ਜੰਗ ਵਿਚ ਹਾਰੇ ਹੋਏ ਲੋਕ।

ਇਸ 'ਨਮੋਸ਼ੀ' ਤੋਂ ਬਚਣ ਲਈ ਇਕ ਹੋਰ ਭੀ ਵਿਹਾਰ ਪ੍ਰਚੱਲਤ ਰਿਹਾ। ਉਹ ਇਹ ਕਿ ਇਕ ਕਬੀਲਾ ਜਿੰਨੀਆਂ ਲੜਕੀਆਂ ਦੂਜੇ ਕਬੀਲੇ ਨੂੰ ਦੇਵੇਗਾ, ਉਤਨੀਆਂ ਹੀ ਲੜਕੀਆਂ ਆਪਣੇ ਕਬੀਲੇ ਦੇ ਲੜਕਿਆਂ ਲਈ ਪ੍ਰਾਪਤ ਕਰੇਗਾ। ਦੋਹਾਂ ਧਿਰਾਂ ਦੀ ਸਹਿਮਤੀ ਨਾਲ ਕੀਤਾ ਗਿਆ ਲੜਕੀਆਂ ਦਾ ਤਬਾਦਲਾ, ਆਹਮੋ ਸਾਹਮਣੇ ਲੜਕੀਆਂ ਦਾ ਵਟਾਂਦਰਾ। 'ਅਗਰ ਤੁਸੀਂ ਸਾਡੀ ਬੇਟੀ ਨੂੰ ਪ੍ਰੇਸ਼ਾਨ ਕਰੋਗੇ ਤਾਂ ਅਸੀਂ ਤੁਹਾਡੀ ਬੇਟੀ ਨੂੰ ਉਸ ਤੋਂ ਵੱਧ ਦੁੱਖੀ ਕਰਾਂਗੇ।' ਕੁੱਝ ਖ਼ਾਨਦਾਨਾਂ ਵਿਚ ਅੱਜ ਤੱਕ ਇਹ 'ਵੱਟੇ' ਵਾਲੀ ਪ੍ਰੰਪਰਾ ਪ੍ਰਚੱਲਤ ਹੈ। ਮੁਸਲਮਾਨਾਂ ਵਿਚ ਇਕ ਸੌਖਾ ਰਾਹ ਪ੍ਰਵਾਨ ਕੀਤਾ ਗਿਆ। ਆਪਣੇ ਭੂਆ ਦੇ ਪੁੱਤਰ, ਮਾਸੀ ਦੇ ਪੁੱਤਰ, ਮਾਮੇ ਦੇ ਪੁੱਤਰ, ਚਾਚੇ-ਤਾਏ ਦੇ ਪੁੱਤਰ ਨਾਲ ਲੜਕੀ ਵਿਆਹ ਦੇਣੀ ਤਾਂ ਕਿ ਅਪਣੱਤ ਬਣੀ ਰਹੇ। ਰਿਸ਼ਤੇਦਾਰਾਂ ਬਾਰੇ ਪਹਿਲਾਂ ਤੋਂ ਹੀ ਜਾਣਕਾਰੀ ਹੁੰਦੀ ਹੀ ਹੈ। ਕੁੱਝ ਹੱਦ ਤਕ ਲੜਕੀ ਸੌਖਾ ਜੀਵਨ ਬਿਤਾ ਸਕਦੀ ਹੈ।

ਉਪਰ ਵਰਣਿਤ ਹੀਣਤਾ ਵਾਲੇ ਕਾਰਨਾਂ ਸਦਕਾ, ਲੜਕੀਆਂ ਮਾਰ ਦੇਣਾ ਆਮ ਜਿਹਾ ਵਰਤਾਰਾ ਬਣ ਗਿਆ। ਸਿੱਖਾਂ ਵਿਚ ਸਿਰ ਕੱਢਵੇਂ ਸਰਦਾਰ ਭੀ ਇਸ ਪਾਪ ਕਰਮ ਤੋਂ ਨਾ ਡਰੇ। ਗੁਰਬਾਣੀ ਦੇ ਉਪਦੇਸ਼ ਨਿਤ ਦਿਨ ਸੁਣਨ-ਪੜ੍ਹਨ ਵਾਲੇ ਭੀ ਇਸ ਅਤਿਆਚਾਰ ਵਿਚ ਖ਼ੁਦ ਸ਼ਾਮਲ ਹੋ ਗਏ। ਸਤਿਗੁਰੂ ਜੀ ਤਾਂ ਆਖ ਰਹੇ ਹਨ :

ਸਾਚੁ ਸੀਲ ਸਚੁ ਸੰਜਮੀ, ਸਾ ਪੂਰੀ ਪਰਵਾਰਿ ॥
ਨਾਨਕ ਅਹਿਨਿਸਿ ਸਦਾ ਭਲੀ, ਪਿਰ ਕੈ ਹੇਤਿ ਪਿਆਰਿ ॥ (1088)

ਹੇ ਪੁੱਤਰੀ! ਤੂੰ ਸੱਚ ਨੂੰ ਧਾਰਨ ਕਰ, ਆਪਣੇ ਮਨ ਨੂੰ ਸੰਜਮ ਵਿਚ ਰੱਖ ਕੇ ਨਿਮਰੀ ਵਿਹਾਰ ਵਾਲੀ ਬਣ। ਇਨ੍ਹਾਂ ਗੁਣਾਂ ਸਦਕਾ ਤੂੰ ਪਰਵਾਰ ਵਿਚ ਸਤਿਕਾਰ ਪਾ ਸਕੇਂਗੀ। ਅਜਿਹੀ (ਜੀਵ ਇਸਤਰੀ) ਇਸਤਰੀ ਦਿਨ ਰਾਤ ਪਰਮੇਸ਼ਰ ਨੂੰ ਯਾਦ

ਰਖਦੀ ਹੈ। ਭਲੀ ਆਖਦੀ ਹੈ, ਪ੍ਰਭੂ ਦਾ ਪਿਆਰ ਪਾ ਲੈਂਦੀ ਹੈ।

ਉਚਿਤ ਸੰਭਾਲ, ਖ਼ੁਰਾਕ ਅਤੇ ਸਮੇਂ ਸਿਰ ਇਲਾਜ ਨਾ ਕਰਾਉਣ ਕਰ ਕੇ ਲੜਕੀਆਂ ਦੀ ਮੌਤ ਦਰ ਤਾਂ ਅੱਗੇ ਹੀ ਵੱਧ ਸੀ, ਉਤੋਂ ਬੇਰਹਿਮੀ ਨਾਲ ਧੀਆਂ ਨੂੰ ਮਾਰਿਆ ਭੀ ਜਾਂਦਾ ਰਿਹਾ। ਲੜਕੀਆਂ ਦੀ ਅਨੁਪਾਤ ਖ਼ਤਰਨਾਕ ਹੱਦ ਤਕ ਘੱਟ ਗਈ। ਅਜਿਹੀ ਹਾਲਤ ਵਿਚ ਪੰਜ ਸੱਤ ਭਰਾਵਾਂ ਵਿਚੋਂ ਮਸੀਂ ਕਿਸੇ ਇਕ ਦਾ ਵਿਆਹ ਹੁੰਦਾ ਤੇ ਇਕੱਲੀ ਔਰਤ ਨੂੰ ਸਾਰਿਆਂ ਦੀ ਕਾਮ ਭੁੱਖ ਪੂਰੀ ਕਰਨੀ ਪੈਂਦੀ। ਇਸ ਘਾਟ ਦਾ ਫ਼ਾਇਦਾ ਉਠਾ ਕੇ ਬਹੁਤ ਸਾਰੇ ਨਿਰਦਈ ਪਿਉਆਂ ਨੇ ਧੀਆਂ ਨੂੰ ਵੱਡੀਆਂ ਰਕਮਾਂ ਲੈ ਕੇ ਵਿਆਹਿਆ, ਅਸਲ ਵਿਚ ਵੇਚਿਆ। ਇਸ ਦੌਰ ਵਿਚ ਲੜਕੇ-ਲੜਕੀ ਦਾ ਹਾਣ ਵੇਖਣਾ, ਯੋਗਤਾ ਪਰਖਣੀ, ਰੂਪ ਰੰਗ ਤੇ ਸੁੰਦਰਤਾ ਦੀ ਇਕਸਾਰਤਾ ਮਿਲਾਉਣੀ ਫ਼ਜ਼ੂਲ ਗੱਲਾਂ ਵਾਂਗ ਭੁਲਾ ਦਿਤੇ ਗਏ। ਅੱਲੜ ਉਮਰਾਂ ਵਾਲੀਆਂ ਰੂਪਵਤੀਆਂ, ਬੁੱਢਿਆਂ ਨਾਲ ਵਿਆਹ ਕੇ ਨਰਕ ਵਿਚ ਸੁੱਟੀਆਂ। ਰੁਪਏ ਲੈ ਕੇ ਅਪਾਹਜਾਂ, ਅਮਲੀਆਂ ਤੇ ਵਿਭਚਾਰੀਆਂ ਨੂੰ ਧੀਆਂ ਵੇਚ ਦਿਤੀਆਂ। ਲੜਕੀਆਂ ਲਈ ਇਹ ਵਿਆਹ ਨਹੀਂ ਸਨ। ਤੜਪ ਤੜਪ ਕੇ ਮਰਨ ਲਈ ਕੁੰਭੀ ਨਰਕ ਸਨ।

ਸਮਾਂ ਆਪਣੀ ਚਾਲ ਚਲਦਾ ਗਿਆ। ਵਿਆਹ ਸਬੰਧੀ ਉੱਭਰ ਰਹੀਆਂ ਧਿਰਾਂ ਨੇ ਕੁੱਝ ਨਿਯਮ ਘੜੇ। ਜਿਨ੍ਹਾਂ ਦਾ ਮੋਟਾ ਜਿਹਾ ਵੇਰਵਾ ਇਉਂ ਹੈ :

☛ ਗੰਧਰਵ ਵਿਆਹ : ਲੜਕੇ-ਲੜਕੀ ਵਲੋਂ ਆਪਸੀ ਰਜ਼ਾਮੰਦੀ ਨਾਲ ਆਪਣੇ ਇਸ਼ਟ (ਧਰਮ ਜਾਂ ਦੇਵਤਾ) ਅੱਗੇ ਪਤੀ-ਪਤਨੀ ਹੋਣ ਦਾ ਪ੍ਰਣ ਕਰ ਲੈਣਾ। ਮਾਤਾ ਪਿਤਾ ਭਾਵੇਂ ਰਜ਼ਾਮੰਦ ਨਾ ਹੋਣ।

☛ ਸੁਅੰਬਰ : ਲੜਕੀ ਦਾ ਪਿਤਾ ਕੋਈ ਔਖੀ ਜਿਹੀ ਸ਼ਰਤ ਰੱਖ ਕੇ, ਨੌਜਵਾਨ ਲੜਕਿਆਂ ਨੂੰ ਵੰਗਾਰ ਪਾਉਂਦਾ ਸੀ। ਜੋ ਗੱਭਰੂ ਇਸ ਸ਼ਰਤ ਨੂੰ ਪੂਰੀ ਕਰ ਦੇਵੇਗਾ, ਮੇਰੀ ਬੇਟੀ ਉਸ ਨੂੰ ਆਪਣਾ ਪਤੀ ਚੁਣ ਲੇਵੇਗੀ। ਪਰ ਅਜਿਹਾ ਕੇਵਲ ਰਾਜੇ ਹੀ ਕਰ ਸਕਦੇ ਸਨ। ਸੀਤਾ ਤੇ ਦਰੋਪਤੀ ਦਾ ਵਿਆਹ ਇਸੇ ਹੀ ਰੀਤ (ਸੁਅੰਬਰ) ਨਾਲ ਹੋਇਆ ਆਖੀਦਾ ਹੈ। ਇਸੇ ਤਰ੍ਹਾਂ ਕੁੱਝ ਹੋਰ ਰੀਤੀਆਂ ਚੱਲੀਆਂ। ਹਿੰਦੂ ਮਤ ਵਿਚ ਅੱਗ ਨੂੰ ਇਸ਼ਟ ਮੰਨ ਕੇ, ਉਸ ਦੁਆਲੇ ਫੇਰੇ ਲੈ ਕੇ ਵਿਆਹ ਕਰਨ ਦੀ ਪ੍ਰਥਾ ਅੱਜ ਸਰਬ ਪ੍ਰਵਨਿਤ ਮੰਨੀ ਗਈ ਹੈ। ਮੁਸਲਮਾਨਾਂ ਵਿਚ ਉਨ੍ਹਾਂ ਦੀ ਧਰਮ ਪੁਸਤਕ ਕੁਰਾਨ 'ਤੇ ਹੱਥ ਰੱਖ ਕੇ ਜੀਵਨ ਭਰ ਪਤੀ-ਪਤਨੀ ਬਣੇ ਰਹਿਣ ਦਾ ਪ੍ਰਣ ਕੀਤਾ ਜਾਂਦਾ ਰਿਹਾ ਹੈ। ਇਸ ਨੂੰ ਨਿਕਾਹ ਕਿਹਾ। ਇਸਾਈਆਂ ਵਿਚ ਰਿੰਗ ਸੈਰਾਮਨੀ, ਪਾਰਸੀਆਂ ਵਿਚ ਚੁੰਨੀ ਚੜ੍ਹਾਉਣੀ, ਕੁੱਝ ਲੋਕਾਂ ਵਿਚ ਜੈ ਮਾਲਾ ਤੇ

ਆਧੁਨਿਕ ਦੌਰ ਵਿਚ ਕੋਰਟ ਮੈਰਿਜ ਭੀ ਮਕਬੂਲ ਹੁੰਦੀ ਜਾ ਰਹੀ ਹੈ। ਸਿੱਖ ਧਰਮ ਨੇ ਬੜੇ ਸੁੰਦਰ ਅਤੇ ਨਵੇਕਲੇ ਅਸੂਲ ਸਮਾਜ ਨੂੰ ਦਿਤੇ ਹਨ, ਜਿਨ੍ਹਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ।

ਗੁਰੂ ਨਾਨਕ ਬਾਬਾ ਜੀ ਨੇ ਸਮਾਜ ਵਿਚ ਪ੍ਰਚਲਤ ਥੋਥੀਆਂ ਤੇ ਲੁੱਟ ਖਸੁੱਟ ਕਰਨ ਵਾਲੀਆਂ ਰੀਤੀਆਂ ਦਾ ਕਰੜਾ ਵਿਰੋਧ ਕੀਤਾ। ਅਜਿਹੇ ਹਵਾਲਿਆਂ ਦੇ ਦਰਸ਼ਨ ਗੁਰਬਾਣੀ ਵਿਚੋਂ ਸਹਿਜੇ ਹੀ ਕੀਤੇ ਜਾ ਸਕਦੇ ਹਨ। ਹੋਰ ਸੁਧਾਰਾਂ ਵਾਂਗ ਉਨ੍ਹਾਂ ਵਿਆਹ ਰੀਤੀ ਨੂੰ ਭੀ ਸੌਖਾ ਤੇ ਬਰਾਬਰਤਾ ਵਾਲਾ ਬਣਾਇਆ। ਭਾਵੇਂ ਬਹੁਤੇ ਸਬੂਤ ਤਾਂ ਨਹੀਂ ਮਿਲਦੇ ਪਰ ਗੁਰੂ ਰਾਮ ਦਾਸ ਸਾਹਿਬ ਵਲੋਂ ਲਾਵਾਂ ਦਾ ਉਚਾਰਨ ਤੇ ਸਿੱਖ ਪੰਥ ਵਿਚ ਚਲਣ ਐਵੇਂ ਨਹੀਂ ਹੋਇਆ। ਗੁਰੂ ਸਾਹਿਬ ਜੀ ਨੇ ਉਹੀ ਕਾਰਜ ਕੀਤੇ ਹਨ, ਜਿਨ੍ਹਾਂ ਦੀ ਲਿਖਤੀ ਜਾਂ ਜੁਬਾਨੀ ਗੁਰੂ ਨਾਨਕ ਸਾਹਿਬ ਆਗਿਆ ਕਰ ਗਏ ਸਨ। ਗੁਰੂ ਨਾਨਕ ਸਾਹਿਬ ਜੀ ਦਾ ਵਿਆਹ (ਅੱਗ ਦੁਆਲੇ) ਕਰਾਉਣ ਲਈ ਜਦੋਂ ਬ੍ਰਾਹਮਣ ਆਣ ਢੁੱਕੇ, ਪੂਰੀ ਤਿਆਰੀ ਹੋ ਗਈ, ਤਦੋਂ ਬਾਬਾ ਜੀ ਨੂੰ ਸੱਦਿਆ ਗਿਆ। ਉਨ੍ਹਾਂ ਬ੍ਰਾਹਮਣੀ ਰੀਤ ਅਪਣਾਉਣ ਤੋਂ ਸਾਫ਼ ਇਨਕਾਰ ਕਰ ਦਿਤਾ ਤੇ ਸੰਗੀ, ਸਾਥੀਆਂ ਸਮੇਤ ਇਕ ਕੰਧ ਨੇੜੇ ਮੰਜਾ ਡਾਹ ਕੇ ਬੈਠ ਗਏ। ਬ੍ਰਾਹਮਣਾਂ ਵਲੋਂ ਚੁੱਕੇ ਹੋਏ ਸਾਜ਼ਸ਼ੀ ਟੋਲੇ ਨੇ ਗੁਰੂ ਜੀ ਉਤੇ ਕੰਧ ਸੁੱਟ ਕੇ ਮਾਰਨ ਦੀ ਕੋਸ਼ਿਸ਼ ਕੀਤੀ ਪਰ ਬਚ ਗਏ। ਸਾਰਿਆਂ ਨੇ ਹਾਰ ਹੰਭ ਕੇ ਪੁੱਛਿਆ ਕਿ ਤੁਸੀਂ ਦੱਸੋ, ਫਿਰ ਵਿਆਹ ਕਿਵੇਂ ਕਰੀਏ? ਗੁਰੂ ਜੀ ਨੇ ਇਕ ਚੌਕੀ (ਪੀੜ੍ਹਾ) ਮੰਗਵਾਈ, ਕਾਗ਼ਜ਼ 'ਤੇ '੧ੴ' ਮੰਗਲਾਚਰਨ ਲਿਖ ਕੇ ਉਤੇ ਰੱਖ ਦਿਤਾ। ਮਾਤਾ ਸੁਲੱਖਣੀ ਜੀ ਨੂੰ ਲਿਆਂਦਾ ਗਿਆ। ਗੁਰੂ ਨਾਨਕ ਸਾਹਿਬ ਜੀ ਅੱਗੇ ਅੱਗੇ ਤੇ ਸੁਲੱਖਣੀ ਜੀ ਪਿੱਛੇ ਪਿੱਛੇ ਪੱਲਾ ਫੜ ਕੇ ਤੁਰਦੇ ਰਹੇ। ਚਾਰ ਚੱਕਰ ਲਾਏ, ਸਾਰਿਆਂ ਧਿਆਨ ਪੂਰਵਕ ਵੇਖਿਆ ਤੇ ਵਿਆਹ ਸੰਪੂਰਨ ਹੋ ਗਿਆ। ਇਸ ਦੀ ਗਵਾਹੀ ਸੂਰਜ ਪ੍ਰਕਾਸ਼ ਵਿਚ ਭਾਈ ਸੰਤੋਖ ਸਿੰਘ ਜੀ ਇਉਂ ਭਰਦੇ ਹਨ :

ਅਸ ਲਿਖ ਚੌਕੀ ਪਰ ਧਰਿਓ, ਲੀਨ ਪ੍ਰਕਰਮਾ ਚਾਰ।
ਆਗਹਿ ਆਗਹਿ ਸਤਿਗੁਰੂ, ਮੂਲੇ ਪਾਛ ਕੁਆਰ।

ਭਾਵ ਕਿ ਮੂਲਾ ਜੀ ਦੀ ਬੇਟੀ (ਕੁਆਰ-ਬੇਟੀ) ਨੇ ਗੁਰੂ ਨਾਨਕ ਸਾਹਿਬ ਜੀ ਦੇ ਪਿੱਛੇ ਚਲਦਿਆਂ ਚਾਰ ਪ੍ਰਕਰਮਾਂ ਕੀਤੀਆਂ ਤੇ ਵਿਆਹ ਸੰਪੂਰਨ ਹੋ ਗਿਆ। ਬ੍ਰਾਹਮਣ ਦੀ ਛੁੱਟੀ ਕਰ ਦਿਤੀ। ਜੋ ਬ੍ਰਾਹਮਣ ਵਰਗ ਇਨਸਾਨ ਦੇ ਜਨਮ ਤੋਂ ਭੀ ਪਹਿਲਾਂ ਉਸ ਦਾ ਗੁਰੂ ਸੀ। ਜਨਮ ਤੋਂ ਲੈ ਕੇ, ਮਰਨ ਤਕ ਭੀ ਗੁਰੂ ਸੀ ਅਤੇ ਮਰਨ ਤੋਂ ਬਾਅਦ ਭੀ ਸੌ ਸਾਲ ਤਕ ਗੁਰੂ ਸੀ। ਬਾਬਾ ਜੀ ਨੇ ਉਸ ਪੁਜਾਰੀ ਟੋਲੇ ਦੀ ਛੁੱਟੀ

ਕਰ ਦਿਤੀ। ਜੋ ਬ੍ਰਾਹਮਣ ਅਜਿਹੇ ਕਰਮਕਾਂਡਾਂ ਦਾ ਖੱਟਿਆ ਖਾ ਰਿਹਾ ਸੀ, ਉਸ ਦੀ ਚੌਧਰ ਤੇ ਰੋਜ਼ੀ ਦੋਵੇਂ ਹੱਥੋਂ ਨਿਕਲ ਰਹੀਆਂ ਸਨ। ਇਸੇ ਕਾਰਨ ਇਹ ਖ਼ਤਰਨਾਕ ਸ਼ੈ (ਬ੍ਰਾਹਮਣ+ਪੁਜਾਰੀ) ਸਿੱਖ ਪੰਥ ਨਾਲ ਦੁਸ਼ਮਣੀ ਪਾਲਦੀ ਆ ਰਹੀ ਹੈ। ਅੱਗੇ ਜਾ ਕੇ ਇਸ ਬ੍ਰਾਹਮਣ ਪੁਜਾਰੀ ਨੇ ਦਾੜ੍ਹੀ ਕੇਸ ਰੱਖ ਕੇ ਅਨੰਦ ਕਾਰਜ ਕਰਵਾਉਣ ਸ਼ੁਰੂ ਕਰ ਦਿਤੇ।

ਬਾਬਾ ਬੰਦਾ ਸਿੰਘ ਤੋਂ ਮਗਰੋਂ ਸਿੱਖਾਂ 'ਤੇ ਸੰਕਟ ਦੇ ਹੋਰ ਗਹਿਰੇ ਬੱਦਲ ਛਾਏ ਰਹੇ। ਘਰ ਛੱਡ ਕੇ ਸਿੱਖਾਂ ਨੂੰ ਜੰਗਲੀ ਵਾਸਾ ਕਰਨਾ ਪਿਆ। ਪਿੱਛੇ ਸਾਰੀਆਂ ਰੀਤੀਆਂ ਉਹੀ ਪ੍ਰਚਲਤ ਹੁੰਦੀਆਂ ਗਈਆਂ ਜਿਨ੍ਹਾਂ ਤੋਂ ਗੁਰਬਾਣੀ ਨੇ ਰੋਕਿਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਤਾਂ ਇਨ੍ਹਾਂ ਬ੍ਰਾਹਮਣੀ ਕਰਮਕਾਂਡਾਂ ਨੂੰ ਮਾਨੋ ਸਰਕਾਰੀ ਮਾਨਤਾ ਹੀ ਮਿਲ ਗਈ। ਸਿੱਖ ਰਾਜ ਖੁਸ ਜਾਣ ਤੋਂ ਮਗਰੋਂ ਕੁੱਝ ਸਮਝਦਾਰ ਸਿੱਖਾਂ ਨੂੰ ਅਹਿਸਾਸ ਹੋਇਆ ਕਿ ਰਾਜ ਤਾਂ ਗਿਆ ਹੀ ਸੀ, ਹੁਣ ਧਰਮ ਭੀ ਗਿਆ ਸਮਝੋ। ਬਚਾਉਣ ਦਾ ਉਪਰਾਲਾ ਕਰਨ ਲਈ 1873 ਈ. ਵਿਚ ਸਿੰਘ ਸਭਾ ਲਹਿਰ ਦੀ ਸਥਾਪਨਾ ਕੀਤੀ ਗਈ। ਹੋਰ ਕੰਮਾਂ ਦੇ ਨਾਲ ਨਾਲ ਇਸ ਦੇ ਵਿਦਵਾਨ ਪੁਰਖਾਂ ਨੇ ਅਨੰਦ ਮੈਰਿਜ ਐਕਟ ਭੀ ਬਣਵਾਇਆ। ਹਿੰਦੂ ਕੱਟੜ ਪੰਥੀਆਂ ਨੇ ਇਸ ਨੂੰ ਰੋਕਣ ਦੀ ਕੋਈ ਕਸਰ ਬਾਕੀ ਨਾ ਛੱਡੀ। ਟਿਕਾ ਰਿਪੁਦਮਨ ਸਿੰਘ ਨਾਭਾ ਅਤੇ ਭਾਈ ਕਾਨ੍ਹ ਸਿੰਘ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਅਨੰਦ ਮੈਰਿਜ ਐਕਟ 1909 ਈ. ਨੂੰ ਹੋਂਦ ਵਿਚ ਆ ਗਿਆ।

ਕਾਨੂੰਨੀ ਮਾਨਤਾ ਭਾਵੇਂ ਮਿਲ ਗਈ, ਪਰ ਹਾਲੇ ਬਹੁਤ ਕੁੱਝ ਕਰਨ ਵਾਲਾ ਬਾਕੀ ਸੀ। ਅਨੰਦ ਕਾਰਜ ਬਾਰੇ ਸਿੱਖਾਂ ਨੂੰ ਜਾਣੂ ਕਰਾਉਣ ਦੀ ਲੋੜ ਸੀ ਤਾਂ ਕਿ ਸਿੱਖੀ ਅੰਦਰ ਘੁਸਪੈਠ ਕਰ ਚੁੱਕੀਆਂ ਬ੍ਰਾਹਮਣੀ ਰੀਤਾਂ ਨੂੰ ਚੁਣ ਚੁਣ ਕੇ ਬਾਹਰ ਕੱਢਿਆ ਜਾ ਸਕੇ। ਸ਼੍ਰੋਮਣੀ ਕਮੇਟੀ ਹੋਂਦ ਵਿਚ ਆਈ। ਸਿੱਖ ਰਹਿਤ ਮਰਿਆਦਾ ਤਿਆਰ ਕੀਤੀ ਗਈ। ਉਸ ਵਿਚ ਅਨੰਦ ਕਾਰਜ (ਵਿਆਹ) ਦੀ ਰੀਤ ਨੂੰ ਵਿਸਥਾਰ ਨਾਲ ਦਰਜ ਕੀਤਾ ਗਿਆ। ਸੰਨ 1947 ਈ. ਵਿਚ ਦੇਸ਼, ਦੇਸੀ ਹਾਕਮਾਂ ਦੇ ਕਬਜ਼ੇ ਵਿਚ ਆ ਗਿਆ। ਨਵੇਂ ਕਾਨੂੰਨ ਘਾੜਿਆਂ ਨੇ 26 ਜਨਵਰੀ 1950 ਈ. ਨੂੰ ਅਨੰਦ ਮੈਰਿਜ ਐਕਟ ਰੱਦ ਕਰ ਕੇ ਸਿੱਖਾਂ 'ਤੇ ਹਿੰਦੂ ਮੈਰਿਜ ਐਕਟ ਲੱਦ ਦਿਤਾ। ਜਿੰਨਾ ਵਿਰੋਧ ਇਸ ਦਾ ਹੋਣਾ ਚਾਹੀਦਾ ਸੀ, ਅਫ਼ਸੋਸ ਕਿ ਸਿੱਖ ਮੁਖੀਆਂ ਤੇ ਸਿੱਖ ਵਿਦਵਾਨਾਂ ਵਲੋਂ ਉਤਨਾ ਵਿਰੋਧ ਨਹੀਂ ਹੋਇਆ। ਈਸਾਈਆਂ ਅਤੇ ਮੁਸਲਮਾਨਾਂ ਦੇ ਵਿਆਹ ਕਾਨੂੰਨ ਵੱਖਰੇ ਹਨ। ਸਿੱਖਾਂ ਨੂੰ ਸੰਵਿਧਾਨ ਦੀ ਧਾਰਾ 25 ਮੁਤਾਬਕ ਹਿੰਦੂ ਗਰਦਾਨ ਦਿਤਾ ਹੈ। ਅਨੰਦ ਰੀਤੀ ਬੜੀ ਸਾਦੀ ਹੈ, ਸੌਖੀ ਹੈ, ਪਰ

ਇਸ ਨੂੰ ਪ੍ਰਚਾਰਨ ਦੀ ਲੋੜ ਹੈ। ਸਿੱਖ ਰਹਿਤ ਮਰਿਆਦਾ ਵਿਚ ਪੰਨਾ 23 'ਤੇ ਇਉਂ ਲਿਖਿਆ ਹੋਇਆ ਹੈ : ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ। ਸਿੱਖਾਂ ਦਾ ਵਿਆਹ ਅਨੰਦ ਰੀਤੀ ਨਾਲ ਹੀ ਹੋਵੇ। ਸਿੱਖ ਦਾ ਵਿਆਹ ਬਿਨਾਂ ਜਾਤ ਗੋਤ ਵਿਚਾਰੇ ਹੋਵੇ। ਲੜਕਾ-ਲੜਕੀ ਮਨ ਅਤੇ ਸਰੀਰ ਕਰ ਕੇ ਜਦੋਂ ਜਵਾਨ ਹੋਵਣ ਵਿਆਹ ਤਦੋਂ ਕੀਤਾ ਜਾਵੇ। ਵਿਆਹ ਸਾਦਾ ਬਿਨਾਂ ਦਹੇਜ ਤੋਂ ਹੋਵੇ।

(ਵਿਸਥਾਰ ਲਈ ਸਿੱਖ ਰਹਿਤ ਮਰਿਆਦਾ ਦਾ ਪੂਰਾ ਹਿੱਸਾ ਅੱਗੇ ਦਿਤਾ ਜਾਵੇਗਾ।)

ਸਖੀ ਆਉ ਸਖੀ, ਵਸਿ ਆਉ ਸਖੀ, ਅਸੀ ਪਿਰ ਕਾ ਮੰਗਲ ਗਾਵਹੁ ॥
ਤਜਿ ਮਾਨੁ ਸਖੀ, ਤਜਿ ਮਾਨੁ ਸਖੀ, ਮਤੁ ਅਪਣੇ ਪ੍ਰੀਤਮ ਭਾਵਹੁ ॥ (847)

ਹੇ ਸਖੀ! ਆਉ ਇਕੱਠੀਆਂ ਹੋ ਕੇ ਸੰਗਤ ਕਰੀਏ। ਆਉ ਸੰਗਤ ਵਿਚ ਜੁੜ ਕੇ ਸੱਚੇ ਪਤੀ (ਪਰਮੇਸ਼ਰ) ਦੇ ਗੀਤ ਗਾਈਏ। ਸਾਨੂੰ ਸਭ ਨੂੰ ਗੁਰੂ ਪਰਮੇਸ਼ਰ ਦੀ ਸੰਗਤ ਵਿਚੋਂ ਜੋ ਸਿਖਿਆ ਮਿਲਦੀ ਹੈ, ਉਸ ਨਾਲ ਹੰਕਾਰ ਦੂਰ ਕਰੀਏ। ਅਵਗੁਣਾਂ ਦਾ ਤਿਆਗ ਕਰਾਂਗੇ ਤਾਂ ਪਤੀ ਪਰਮੇਸ਼ਰ ਜੀ ਸਾਨੂੰ ਪਿਆਰ ਕਰਨਗੇ।

ਵਿਆਹ ਦਾ ਬੰਧਨ

ਮਨੁੱਖੀ ਸਭਿਅਤਾ ਦੇ ਅਣਗਿਣਤ ਉਤਰਾਵਾਂ ਚੜ੍ਹਾਵਾਂ ਵਿਚੋਂ ਹੋਏ ਨਿਰੰਤਰ ਵਿਕਾਸ ਤੋਂ ਬਾਅਦ ਇਕ ਪਤੀ ਇਕ ਪਤਨੀ ਵਾਲਾ ਅਸੂਲ ਪ੍ਰਵਾਨ ਕੀਤਾ ਗਿਆ। ਪਤੀ ਪਤਨੀ ਵਾਲੇ ਇਸ ਰਿਸ਼ਤੇ ਨੂੰ ਦੁਨੀਆਂ ਦੇ ਧਰਮਾਂ ਨੇ, ਰਾਜ ਕਾਨੂੰਨ ਨੇ ਅਤੇ ਸਮਾਜ ਨੇ ਪ੍ਰਵਾਨਗੀ ਦਿੱਤੀ ਹੋਈ ਹੈ। ਜਿੱਥੇ ਪਤੀ ਪਤਨੀ ਨੂੰ ਇਕੱਠੇ ਰਹਿੰਦਿਆਂ ਜੀਵਨ ਬਿਤਾਉਣ ਦਾ ਹੱਕ ਮਿਲਿਆ ਹੈ, ਉਥੇ ਨਾਲ ਹੀ ਉਨ੍ਹਾਂ ਦੇ ਕੁੱਝ ਫਰਜ਼ ਭੀ ਨਿਸ਼ਚਿਤ ਕੀਤੇ ਹਨ। ਇਹ ਸਾਰੇ ਹਰ ਦੇਸ਼ ਦੇ ਕਾਨੂੰਨ ਅਤੇ ਧਾਰਮਿਕ ਮਾਨਤਾਵਾਂ ਮੁਤਾਬਕ ਪ੍ਰਵਾਹਿਤ ਹੁੰਦੇ ਹਨ। ਸਮਾਜ ਵਿਚ ਅਫਰਾ ਤਫਰੀ ਨਾਂ ਮਚੇ, ਔਰਤ ਵਰਗ ਨਾਲ ਕੋਈ ਜਿਆਦਤੀ ਨਾ ਹੋਵੇ, ਮਰਦ ਮਨਆਈਆਂ ਨਾ ਕਰੇ ਵਰਗੀਆਂ ਅਣਗਿਣਤ ਸੰਭਾਵੀ ਮੁਸ਼ਕਲਾਂ ਨੂੰ ਸਾਹਮਣੇ ਰਖਦਿਆਂ ਕੁੱਝ ਬੰਦਸ਼ਾ ਦੀ ਪਾਲਣਾ ਕਰਨੀ ਜਰੂਰੀ ਹੈ। ਭਾਂਵੇ ਹਾਲੀ ਬਹੁਤ ਕੁਝ ਕਰਨ ਵਾਲਾ ਬਾਕੀ ਹੈ, ਪਰ ਸਤਿਗੁਰੂ ਜੀ ਨੇ ਗੁਰਬਾਣੀ ਉਪਦੇਸ ਰਾਹੀ ਪਹਿਲਾਂ ਹੀ ਬਹੁਤ ਕੁੱਝ ਸਾਨੂੰ ਦਿੱਤਾ ਹੋਇਆ ਹੈ। ਸਿੱਖਾਂ ਦੇ ਗੌਰਵਸ਼ਾਲੀ ਇਤਿਹਾਸ ਵਿਚੋਂ ਔਰਤ ਨੂੰ ਮਿਲੀ ਅਜ਼ਾਦੀ ਦੇ ਕੁੱਝ ਕੁ ਦਰਸ਼ਨ ਕੀਤੇ ਜਾ ਸਕਦੇ ਹਨ। ਅਤਿਅੰਤ ਪਛੜੇਵੇਂ ਵਾਲੇ ਜਮਾਨੇ ਵਿਚ ਭੀ, ਗੁਰੂ ਘਰ ਨਾਲ ਸਬੰਧਤ ਸਤਿਕਾਰਯੋਗ ਮਾਈਆਂ ਬੀਬੀਆਂ ਨੇ ਯਾਦਗਾਰੀ ਕਾਰਜ ਕੀਤੇ ਸਨ।

ਬੀਤੇ ਸਮਿਆਂ ਵਿਚ ਬ੍ਰਾਹਮਣ ਅਤੇ ਨਾਈ ਰਿਸ਼ਤੇ ਕਰਵਾਉਣ ਵਿਚ ਮੋਹਰੀ ਰੋਲ ਨਿਭਾਇਆ ਕਰਦੇ ਸਨ। ਕਿਸ ਪਰਵਾਰ ਦੀ ਲੜਕੀ ਦਾ ਰਿਸ਼ਤਾ, ਕਿਸ ਖ਼ਾਨਦਾਨ ਦੇ ਲੜਕੇ ਨਾਲ ਜੋੜਨਾ ਹੈ, ਉਨ੍ਹਾਂ ਦੀ ਹੀ ਜ਼ਿਮੇਵਾਰੀ ਹੋਇਆ ਕਰਦੀ ਸੀ। ਰਾਜੇ ਮਹਾਰਾਜੇ ਭੀ ਇਨ੍ਹਾਂ ਦੀ ਆਖੀ 'ਤੇ ਇਤਬਾਰ ਕਰ ਲਿਆ ਕਰਦੇ ਸਨ। ਹਾਂ ਇਨ੍ਹਾਂ ਸ਼ਾਦੀਆਂ ਵਿਚ ਲੜਕੇ ਲੜਕੀ ਨੂੰ ਪੂਰੀ ਤਰ੍ਹਾਂ ਨਜ਼ਰ ਅੰਦਾਜ਼ ਕਰ ਦਿਤਾ ਜਾਂਦਾ ਸੀ। ਦੋਵਾਂ ਧਿਰਾਂ ਦੇ ਵੱਡਿਆਂ ਦੀ ਹੀ ਮਰਜ਼ੀ ਚਲਦੀ ਸੀ। ਜਦੋਂ ਵਿਆਹ ਨਿੱਕੇ ਨਿੱਕੇ ਬੱਚਿਆਂ ਦੇ ਹੀ ਕਰ ਦਿਤੇ ਜਾਂਦੇ ਸਨ, ਫਿਰ ਮਰਜ਼ੀ ਤਾਂ ਵੱਡਿਆਂ ਦੀ ਚਲਣੀ ਹੀ ਹੋਈ। ਇਆਣੇ ਬਾਲਕਾਂ ਨੂੰ ਤਾਂ ਇਹ ਭੀ ਪਤਾ ਨਹੀਂ ਸੀ ਹੁੰਦਾ ਕਿ ਵਿਆਹ ਕਿਸ ਖਿਡੌਣੇ ਦਾ ਨਾਮ ਹੈ। ਪਤੀ, ਪਤਨੀ ਕਿਸ ਬਲਾ ਨੂੰ ਕਹਿੰਦੇ ਹਨ ?

ਰਿਸ਼ਤਾ ਪਰਵਾਨ ਕਰਾਉਣ ਦੀ ਬੇਸਬਰੀ ਲਾਲਸਾ ਅਧੀਨ ਲੜਕੀ ਵਾਲੇ

ਲਿਫ਼ ਲਿਫ਼ ਕੇ ਬੇਟੀ ਦੀ ਕਾਰਗੁਜ਼ਾਰੀ ਕੁੱਝ ਇਸ ਤਰ੍ਹਾਂ ਬਿਆਨ ਕਰਦੇ ਨੇ- "ਵੇਖੋ ਜੀ, ਸਾਡੀ ਕੁੜੀ ਬੜੀ ਸਾਊ ਹੈ, ਨਿਰੀ ਗਊ ਹੈ, ਜੋ ਗੁਣ ਇਕ ਚੰਗੀ ਨੂੰਹ-ਧੀ ਵਿਚ ਹੋਣੇ ਚਾਹੀਦੇ ਹਨ, ਉਹ ਸਾਰੇ ਤਾਂ ਅਸੀਂ ਬਚਪਨ ਵਿਚ ਹੀ ਇਸ ਨੂੰ ਸਿਖਾ ਦਿਤੇ ਸਨ। ਨਜ਼ਰ ਨੀਵੀਂ ਰਖਣੀ, ਹੌਲੀ ਬੋਲਣਾ, ਉਠਣ ਬੈਠਣ ਦਾ ਸਲੀਕਾ, ਵੱਡਿਆਂ ਦਾ ਸਤਿਕਾਰ ਸੱਭ ਸਿਖਾ ਦਿਤਾ ਹੈ। ਸ਼ਿਕਾਇਤ ਦਾ ਮੌਕਾ ਕਦੀ ਨਹੀਂ ਦੇਵੇਗੀ। ਵੇਖੋ ਭਾਵੇਂ ਵੱਡੀ ਤੋਂ ਵੱਡੀ ਪੜ੍ਹਾਈ ਕੀਤੀ ਹੋਈ ਹੈ, ਪਰ ਘਰ ਦੇ ਭਾਂਡੇ ਮਾਂਜੇਗੀ, ਕੱਪੜੇ ਧੋਵੇਗੀ, ਝਾੜੂ ਪੋਚਾ ਲਾਵੇਗੀ, ਸਿਲਾਈ ਕਰੇਗੀ, ਕੱਪੜੇ ਪਰੈੱਸ ਕਰੇਗੀ, ਸਾਰੇ ਕੰਮ ਆਉਂਦੇ ਨੇ। ਵੇਖੋ ਜੀ, ਕੀਰਤਨ ਭੀ ਕਰਨਾ ਜਾਣਦੀ ਹੈ, ਪਾਠ ਤਾਂ ਨਿਤ ਦਿਨ ਬੜੀ ਸੁਰੀਲੀ ਆਵਾਜ਼ ਨਾਲ ਕਰਦੀ ਹੈ, ਗੁਰਬਾਣੀ ਬੜੀ ਸ਼ੁੱਧਤਾ ਨਾਲ ਪੜ੍ਹਦੀ ਹੈ। ਤੁਸੀ ਜਾਣਦੇ ਹੀ ਹੋ ਜੇ ਘਰ ਵਿਚ ਮਾਂ ਪਾਠ ਕਰੇਗੀ, ਗੁਰਦਵਾਰੇ ਜਾਵੇਗੀ ਤਾਂ ਬੱਚਿਆਂ ਨੇ ਆਪੇ ਧਰਮ ਦੇ ਰਾਹ 'ਤੇ ਤੁਰ ਪੈਣਾ ਹੈ। ਬਾਕੀ ਪੜ੍ਹਾਈਆਂ ਤਾਂ ਕਰਾਉਣੀਆਂ ਪੈਂਦੀਆਂ ਨੇ, ਅਸਲ ਕੀਮਤ ਤਾਂ ਗੁਣਾਂ ਦੀ ਹੈ।" ਲਗਭਗ ਹਰ ਲੜਕੀ ਦੇ ਮਾਤਾ ਪਿਤਾ ਆਪਣੀ ਬੇਟੀ ਦੀ ਇਸ ਤਰ੍ਹਾਂ "ਨੁਮਾਇਸ਼" ਲਾਉਂਦੇ ਹਨ। ਫਿਰ ਭੀ ਕੀ ਪਤਾ 'ਮਾਲ ਵਿਕੇ ਕਿ ਨਾ ਵਿਕੇ'।

ਇਕ ਬੇਟੀ ਜਦੋਂ ਚੀਨ ਵਿਚ ਪੈਦਾ ਹੁੰਦੀ ਹੈ ਤਾਂ ਉਸ ਦੇ ਮਲੂਕ ਫੁੱਲਾਂ ਵਰਗੇ ਕੋਮਲ ਬਾਲ ਪੈਰਾਂ 'ਤੇ ਕੱਪੜਾ ਵਲ੍ਹੇਟ ਕੇ, ਲੜਕੀ ਦੇ ਜੋੜਿਆਂ (ਲਕੜੀ ਦੀ ਜੁੱਤੀ) ਵਿਚ ਜਕੜ ਦਿਤਾ ਜਾਂਦਾ ਹੈ। ਲੜਕੀ ਦਾ ਸਰੀਰ ਵਧਦਾ ਹੈ ਪਰ ਪੈਰ ਨਹੀਂ। ਪੈਰਾਂ ਵਿਚਲੀਆਂ ਹੱਡੀਆਂ ਇਕੋ ਥਾਂ ਗੰਢ ਬਣਨ ਲਗਦੀਆਂ ਹਨ। ਮਾਸ ਫੱਟਣ ਲਗਦਾ ਹੈ, ਖ਼ੂਨ ਰੁਕਦਾ ਹੈ, ਬਾਲੜੀ ਵਿਲਕਦੀ ਹੈ, ਤੜਪਦੀ ਹੈ, ਲਗਾਤਾਰ ਰੋਂਦੀ ਹੈ। ਸਾਰਾ ਸਰੀਰ ਸੁੱਜ ਜਾਂਦਾ ਹੈ। ਹੱਡੀਆਂ ਗਲ ਜਾਂਦੀਆਂ ਹਨ। ਲੱਤਾਂ ਸੁੱਕ ਜਾਂਦੀਆਂ ਹਨ। ਪਰ ਇਨ੍ਹਾਂ ਮਾਸੂਮ ਜਿੰਦਾਂ 'ਤੇ ਤਰਸ ਕਰਨ ਵਾਲਾ ਕੋਈ ਨਹੀਂ ਹੈ। "ਛੋਟੇ ਪੈਰਾਂ ਵਾਲੀ ਕੁੜੀ ਬਹੁਤ ਸੋਹਣੀ ਲਗਦੀ ਹੈ।" ਇਹ ਚੀਨੇ ਮਰਦਾਂ ਦੀ ਮਨੌਤ ਹੈ। ਅਸਲ ਵਿਚ ਤੀਵੀਂ ਨੂੰ ਜ਼ਖ਼ਮੀ ਕਰ ਕੇ, ਅਪਾਹਜ ਬਣਾ ਕੇ, ਲੰਗੜੀ ਕਰ ਕੇ, ਅਪਣੇ ਅਧੀਨ ਰੱਖਣ ਦਾ ਜਾਲਮਾਨਾ ਢੰਗ ਹੈ। ਸੁੰਦਰ ਹੋਣ ਦਾ ਤਾਂ ਪਖੰਡ ਕੀਤਾ ਗਿਆ ਹੈ। "ਮੇਰੀ ਬੇਟੀ, ਮੇਰੀ ਭੈਣ, ਮੇਰੀ ਪਤਨੀ ਜਾਂ ਮੇਰੀ ਮਾਂ, ਮੇਰੇ ਘਰ ਤੋਂ ਬਾਹਰ ਨਾ ਨਿਕਲੇ। ਵਰਨਾ ਇਸ ਨਾਲ ਕੋਈ ਮਾੜੀ ਘਟਨਾ ਵਾਪਰ ਸਕਦੀ ਹੈ। ਮੈਂ ਇਸ ਦੀ ਇੱਜ਼ਤ ਦਾ ਰਾਖਾ ਜੂ ਹਾਂ।" ਹਰ ਆਦਮੀ ਇਹੀ ਐਲਾਨ ਕਰਦਾ ਹੈ। ਪਰ ਆਪਣੇ ਘਰ ਅੰਦਰ ਆਪਣੀਆਂ ਧੀਆਂ-ਭੈਣਾਂ 'ਤੇ ਜੋ ਜ਼ੁਲਮ ਕਰਦਾ ਹੈ, ਉਸ ਦਾ ਉਸ ਨੂੰ ਕਦੇ ਚੇਤਾ ਹੀ ਨਹੀਂ ਆਇਆ।

ਅਰਬ ਮੁਲਕਾਂ ਵਿਚ ਔਰਤਾਂ ਨੂੰ ਹਮੇਸ਼ਾ ਪਰਦੇ ਵਿੱਚ ਰਹਿਣ ਲਈ ਮਜਬੂਰ ਕੀਤਾ ਗਿਆ ਹੈ। ਘਰੋਂ ਬਾਹਰ ਨਿਕਲਣ ਲੱਗਿਆਂ ਸਿਰ ਤੋਂ ਪੈਰਾਂ ਤੀਕ ਬੁਰਕਾ ਪਾਉਣਾ ਹੈ। ਸਾਰਾ ਚਿਹਰਾ ਭੀ ਢੱਕਿਆ ਹੋਣਾ ਚਾਹੀਦਾ ਹੈ। ਸਿਰਫ਼ ਅੱਖਾਂ ਨੰਗੀਆਂ ਰਹਿ ਸਕਦੀਆਂ ਹਨ। ਇਕ ਆਦਮੀ ਚਾਰ ਵਿਆਹ ਕਰਵਾ ਸਕਦਾ ਹੈ। ਇਕ ਮਰਦ ਦੇ ਮੁਕਾਬਲੇ ਦੋ ਔਰਤਾਂ ਦੀ ਗਵਾਹੀ ਮੰਨੀ ਜਾਵੇਗੀ। ਜੇ ਕੋਈ ਔਰਤ ਪਰਾਏ ਮਰਦ ਨਾਲ ..... ਲੱਭ ਗਈ ਤਾਂ ਕੋਰੜਿਆਂ ਦੀ ਮਾਰ ਜਾਂ ਪੱਥਰ ਮਾਰ ਮਾਰ ਕੇ ਜਹੱਨੁਮ (ਨਰਕਾਂ) ਵਿਚ ਪੁਚਾ ਦੇਣੀ। ਕੁੱਝ ਮੁਲਕਾਂ ਵਿਚ ਔਰਤ ਦੀ ਸੁੰਨਤ ਕਰ ਦਿਤੀ ਜਾਂਦੀ ਹੈ ਭਾਵ ਕਿ ਉਸ ਦੇ ਅੰਦਰੋਂ ਸੈਕਸ ਇੱਛਾ ਸਦਾ ਲਈ ਖ਼ਤਮ ਕਰ ਦਿਤੀ ਜਾਂਦੀ ਹੈ। ਮਰਦਾਂ ਦਾ ਦਿਲ ਕਰੇ ਤਾਂ ਆਪਣੀ ਕਾਮ ਭੁੱਖ ਪੂਰੀ ਕਰ ਲਵੇ, ਔਰਤ ਨੂੰ ਇਸ ਤੋਂ ਕੋਈ ਸੁੱਖ ਨਹੀਂ ਮਿਲੇਗਾ। ਸੰਗਤੀ ਰੂਪ ਵਿਚ ਔਰਤ ਨੂੰ ਨਵਾਜ ਕਰਨ ਦੀ ਆਗਿਆ ਨਹੀਂ। ਜੇ ਕਦੀ ਤਸਲੀਮਾ ਨਸਰੀਨ (ਬੰਗਲਾਦੇਸ਼ੀ ਲੇਖਿਕਾ) ਵਰਗੀ ਦਲੇਰ ਔਰਤ ਇਸ ਧੱਕੇ ਵਿਰੁੱਧ ਆਵਾਜ਼ ਬੁਲੰਦ ਕਰੇ, ਤਦੋਂ ਉਸ ਵਿਰੁਧ ਕਤਲ ਦੇ ਹੁਕਮਨਾਮੇ ਜਾਰੀ ਹੋ ਜਾਂਦੇ ਹਨ। ਸਿਰ 'ਤੇ ਵੱਡੇ ਇਨਾਮਾਂ ਦਾ ਐਲਾਨ ਕੀਤਾ ਜਾਂਦਾ ਹੈ। ਆਖੇ ਤੇ ਮੰਨੇ ਜਾਂਦੇ ਧਾਰਮਕ ਮੁਲਾਣਿਆਂ ਵਲੋਂ, ਅਜਿਹੀਆਂ (ਪਾਪਣਾਂ) ਨੂੰ ਮਾਰਨਾ ਧਰਮ ਦੀ ਦੁਨੀਆਂ ਵਿਚ ਸਵਾਬ (ਪੁੰਨ) ਮੰਨਿਆ ਜਾਂਦਾ ਹੈ। ਹਰ ਕੋਈ ਇਹ 'ਪੁੰਨ ਕਰਮ' ਕਰਨ ਲਈ ਉਤਾਵਲਾ ਨਜ਼ਰ ਆਉਂਦਾ ਹੈ। ਦੱਖਣੀ ਰਾਜਾਂ ਵਿਚ ਦੇਵੀ (?) ਸੀ, ਯੇਲਮਾ। ਥਾਉਂ ਥਾਈਂ ਪਿੰਡਾਂ, ਸ਼ਹਿਰਾਂ ਵਿਚ ਇਸ ਦੇਵੀ ਨਮਿਤ ਮੰਦਰ ਬਣੇ ਹੋਏ ਹਨ। ਲੋਕੀ ਉਸ ਦੀ ਪੂਜਾ ਕਰ ਕੇ ਲੋਕ ਪਰਲੋਕ ਸਵਾਰਨ ਲਈ ਨਿੱਤ ਦਿਨ ਕਤਾਰਾਂ ਵਿਚ ਲੱਗੇ ਨਮਸਕਾਰਾਂ ਕਰਨ ਆਉਂਦੇ ਹਨ। ਜੋ ਵਿਅਕਤੀ/ਪਰਵਾਰ ਆਪਣੀ ਸਭ ਤੋਂ ਪਿਆਰੀ ਚੀਜ਼ ਇਸ ਯੇਲਮਾ ਨੂੰ ਅਰਪਣ ਕਰੇਗਾ, ਉਸ ਦੇ ਸਾਰੇ ਦੁੱਖ ਕਲੇਸ਼ ਸਦਾ ਵਾਸਤੇ ਖ਼ਤਮ ਹੋ ਜਾਣਗੇ। ਸੁਰਗ ਦੀਆਂ ਮਨਮੋਹਣੀਆਂ ਪਰੀਆਂ ਉਸ ਦੇ ਸਵਾਗਤ ਲਈ ਖੜੀਆਂ ਹੋਣਗੀਆਂ। ਸੁਰਗ ਵਿਚੋਂ ਉੱਡਣ ਖਟੋਲੇ (ਜਹਾਜ਼) ਲੈਣ ਵਾਸਤੇ ਆਉਣਗੇ। ਫਿਰ ਮਾਤਾ ਜਿਸ 'ਤੇ ਮਿਹਰਬਾਨ ਹੋਵੇ, ਉਸ ਘਰ ਵਿਚਲੀ ਕਿਸੇ ਸੋਹਣੀ ਜਹੀ ਕੁੜੀ ਦੇ ਸਿਰ ਵਿਚਲੇ ਬਾਲਾਂ ਦੀ ਲਿਟ ਬਣ ਜਾਂਦੀ ਹੈ। ਕੰਘੀ ਕਰਦਿਆਂ ਮਾਂ ਨੂੰ ਜਦੋਂ ਬੇਟੀ ਦੇ ਸਿਰ ਵਿਚ ਲਿਟ ਬਣੀ ਦਿਸਦੀ ਹੈ, ਉਹ ਦੇਵੀ ਮਾਂ ਦੀ ਕ੍ਰਿਪਾ ਦਾ ਢੰਡੋਰਾ ਪਿੱਟ ਦਿੰਦੀ ਹੈ। ਗੁੱਡੀਆਂ-ਪਟੋਲਿਆਂ ਨਾਲ ਖੇਡਦੀ ਮਾਸੂਮ ਬਾਲਕੀ ਨੂੰ ਇਸ਼ਨਾਨ ਕਰਵਾ ਕੇ ਨਵੇਂ ਵਸਤਰ ਪਹਿਨਾ ਕੇ, ਸ਼ਿੰਗਾਰ ਕਰ ਕੇ, ਵਾਜੇ ਗਾਜੇ ਤੇ ਢੋਲ ਢਮੱਕਿਆਂ ਨਾਲ ਸਾਰਾ ਪਿੰਡ ਬਰਾਤ ਰੂਪ ਵਿਚ ਇਕੱਠਾ ਹੋ ਕੇ, ਮੰਦਰ ਵਿਚ ਲਿਜਾ

ਕੇ, ਦੇਵੀ ਮਾਂ ਅੱਗੇ ਇਸ ਬਾਲਕੀ ਨੂੰ ਅਰਪਣ ਕਰਦੇ ਹਨ। 10-12 ਸਾਲ ਦੀ ਨਿਆਣੀ ਉਮਰ ਦੀ ਕੱਚੀ ਕਰੂੰਬਲ ਨੂੰ ਪਿੰਡ ਦਾ ਧਨੀ ਵਿਅਕਤੀ ਪਾਂਡੇ ਨੂੰ ਕੁੱਝ ਪੈਸੇ ਦੇ ਕੇ ਲੜਕੀ ਨੂੰ ਆਪਣੇ ਨਾਲ ਲੈ ਜਾਂਦਾ ਹੈ। ਇਸ ਆਦਮੀ ਵਲੋਂ, ਨਹੀਂ ਨਹੀਂ ਦਰਿੰਦੇ ਵਲੋਂ ਇਸ ਬਾਲੜੀ ਨੂੰ 'ਕੁਚਲ' ਦਿਤਾ ਜਾਂਦਾ ਹੈ। ਬੱਚੀ ਦੀਆਂ ਚੀਕਾਂ ਸੁਣ ਕੇ ਕੋਈ ਕਾਰਨ ਪੁੱਛਣ ਦੀ ਹਿੰਮਤ ਭੀ ਨਹੀਂ ਕਰ ਸਕਦਾ। ਕੁੱਝ ਦਿਨ ਆਪਣੀ ਹਵਸ ਮਿਟਾ ਕੇ ਅੱਧ ਮੋਈ ਲੜਕੀ ਵਾਪਸ ਮੰਦਰ ਭੇਜ ਦਿਤੀ ਜਾਂਦੀ ਹੈ। ਪੈਸੇ ਦੇ ਕੇ ਫਿਰ ਕੋਈ ਹੋਰ ਲੈ ਜਾਂਦਾ ਹੈ, ਫਿਰ ਕੋਈ ਹੋਰ...। ਦੇਵੀ ਮਾਈ ਇਸ ਤਰੀਕੇ ਪ੍ਰਸੰਨ ਕੀਤੀ ਜਾਂਦੀ ਹੈ। ਭਾਰਤ ਮਹਾਨ ਦੇਸ਼ ਵਿਚ ਅਵਤਾਰਾਂ, ਰਿਸ਼ੀਆਂ, ਮੁਨੀਆਂ ਦੀ ਧਰਤੀ 'ਤੇ, "ਦੇਵ-ਦਾਸੀਆਂ" ਤਾਂ ਹੋਣੀਆਂ ਹੀ ਚਾਹੀਦੀਆਂ ਨੇ। ਹਜ਼ਾਰਾਂ ਸਾਲਾਂ ਤੋਂ "ਉਹ ਪ੍ਰਥਾ ਭੀ ਦੇਵਤਿਆਂ ਨੂੰ ਖ਼ੁਸ਼ ਕਰਨ ਵਾਸਤੇ" ਬਾਦਸਤੂਰ ਅੱਜ ਤਕ ਚਲਦੀ ਆ ਰਹੀ ਹੈ। "ਧਾਰਮਕ ਪੁੰਨ" ਜੋ ਹੋਇਆ। ਅਜਿਹਾ 'ਮਹਾਨ ਪੁੰਨ' ਕਰਨ ਲਈ ਹਰ ਕੋਈ ਕਾਹਲਾ ਨਜ਼ਰ ਆਉਂਦਾ ਹੈ। "ਹਾਂ ਦੇਵੀ-ਦੇਵਤਿਆਂ ਦੀ ਪਵਿੱਤਰ ਧਰਤੀ" 'ਤੇ ਹੀ ਗੁਰੂ ਨਾਨਕ ਨੇ ਮੁਢਲੇ ਕਦਮ ਰੱਖੇ ਸਨ। ਉਨ੍ਹਾਂ ਨੇ ਆਪਣੇ ਮਜ਼ਬੂਤ ਕਦਮਾਂ ਨਾਲ ਸਾਰੀ ਧਰਤੀ ਨੂੰ ਗਾਹ ਲਿਆ। ਆਪਣੇ ਮੁਬਾਰਕ ਫੌਲਾਦੀ ਪੈਰਾਂ ਨਾਲ ਜ਼ਮਾਨੇ ਦੀਆਂ ਸਭ ਗ਼ਲਤ ਰਸਮਾਂ ਨੂੰ ਜ਼ੋਰਦਾਰ ਠੋਕਰਾਂ ਮਾਰੀਆਂ, ਅਗਿਆਨਤਾ ਦੀ ਨੀਂਦ ਵਿਚੋਂ ਚਪੇੜਾਂ ਮਾਰ ਮਾਰ ਜਗਾਇਆ। ਲੋਕੀਂ ਕਹਿੰਦੇ ਨੇ ਬਾਬੇ ਦੀ ਬਾਣੀ ਬੜੀ ਮਿੱਠੀ ਹੈ। ਮੈਂ ਸਮਝ ਕੇ ਬਾਣੀ ਕਈ ਵਾਰ ਪੜ੍ਹ ਲਈ ਹੈ। ਮੈਨੂੰ ਤਾਂ ਇਸ ਬਾਣੀ ਵਿਚੋਂ ਪੰਜ ਸੌ ਸਾਲ ਬੀਤ ਜਾਣ 'ਤੇ ਭੀ ਅੱਗ ਨਿਕਲਦੀ ਮਹਿਸੂਸ ਹੁੰਦੀ ਹੈ। ਬਾਬਾ ਜੀ ਦੀ ਬਾਣੀ ਨਿਰਾ ਬਲਡੋਜ਼ਰ ਹੈ ਜੋ ਸਾਰੇ ਰੁੱਖਾਂ-ਬਿਰਖਾਂ, ਕੱਖਾਂ-ਕਾਨਿਆਂ, ਕੀੜਿਆਂ-ਕਾਢਿਆਂ ਨੂੰ ਦਰੜਦੀ ਚੱਲੀ ਜਾਂਦੀ ਹੈ ਤਾਂ ਕਿ ਪਿੱਛੇ ਪਿੱਛੇ ਨਵੀਂ ਫ਼ਸਲ (ਗੁਰਮਤਿ ਅਨੁਸਾਰੀ) ਬੀਜੀ ਜਾ ਸਕੇ। ਅਜਿਹੇ ਨਿੱਘਰੇ ਹੋਏ ਸਮੇਂ ਵਿਚ ਔਰਤ ਦੇ ਹੱਕ ਵਿਚ ਆਵਾਜ਼ ਉਠਾਉਣੀ ਕਿਸੇ ਸ਼ੇਰ ਮਰਦ ਦਾ ਹੀ ਕੰਮ ਸੀ।

ਹਰ ਸਿੱਖ ਨੂੰ ਸਾਦਗੀ ਵਾਲਾ ਬਿਨਾਂ ਜਾਤ ਗੋਤ ਵਿਚਾਰਨ ਤੋਂ ਕੇਵਲ ਯੋਗਤਾ ਦੇ ਆਧਾਰ 'ਤੇ ਬੱਚਿਆਂ ਦਾ ਵਿਆਹ ਕਰਨਾ ਚਾਹੀਦਾ ਹੈ। ਦਾਜ ਦਾ ਦੈਂਤ ਸਿੱਖਾਂ ਦੇ ਘਰਾਂ ਵਿਚ ਨਹੀਂ ਨਹੀਂ, ਸਿੱਖਾਂ ਦੇ ਮਨਾਂ ਵਿਚ ਜੰਮ ਕੇ ਬੈਠ ਗਿਆ ਹੈ। ਸੌਦੇ ਹੁੰਦੇ ਹਨ, ਮੁੰਡੇ ਨਿਲਾਮ ਹੁੰਦੇ ਹਨ, ਬੋਲੀ ਲਗਦੀ ਹੈ, ਗਾਹਕ ਬਦਲਦੇ ਹਨ, ਨਿਖੱਟੂ ਤੇ ਬਦਕਾਰ ਮੁੰਡੇ ਲਈ ਭੀ ਘੱਟੋ ਘੱਟ ਮੋਟਰ ਸਾਈਕਲ ਤੇ ਹੋਰ ਦਾਜ ਤਾਂ ਚਾਹੀਦਾ ਹੀ ਹੈ। ਲੜਕੀ ਭਾਵੇਂ ਸੋਹਣੀ ਹੈ, ਅਕਲ ਵਾਲੀ ਹੈ, ਪਰ ਲੜਕੇ ਦੇ

ਘਰ ਆ ਕੇ ਉਸ ਦੀ ਗੁਲਾਮੀ ਸਵੀਕਾਰ ਕਰਨ ਲਈ 'ਰਜ਼ਾਮੰਦ' ਹੈ। ਕਾਕੇ ਦੀ ਸੈਕਸ ਭੁੱਖ ਪੂਰੀ ਕਰਨ ਦੀ ਭੀ ਸਦਾ ਪਾਬੰਦ ਹੈ। ਫਿਰ ਵੀ ਲੜਕਾ ਮੋਟਰ ਸਾਈਕਲ ਤੋਂ ਥੱਲੇ ਨਹੀਂ ਆ ਸਕਦਾ। ਵੈਸੇ ਮੇਰੀ ਤੁੱਛ ਜਹੀ ਰਾਏ ਹੈ, ਜੋ ਮਾਤਾ ਪਿਤਾ ਆਪਣੇ ਦਾਮਾਦ ਨੂੰ ਮੋਟਰ ਸਾਈਕਲ ਦੇਣਾ ਹੀ ਚਾਹੁੰਦੇ ਹਨ ਤਾਂ ਛੇ ਮਹੀਨੇ ਵਿਆਹ ਤੋਂ ਪਹਿਲਾਂ ਹੀ ਉਸ ਦੇ ਘਰ ਪੁਚਾ ਦਿਆ ਕਰਨ, ਕਿਉਂਕਿ ਨਸ਼ੇ ਕਰ ਕੇ ਹੰਕਾਰੇ ਹੋਏ ਮੁੰਡੇ ਨੇ ਕਿੱਲੀ ਮਰੋੜਨੀ ਹੈ, ਅੱਗਾ ਪਿੱਛਾ ਨਹੀਂ ਵੇਖਣਾ, ਐਕਸੀਡੈਂਟ ਵਿਚ ਮਰਨਾ ਜਾਂ ਹੱਡ ਤੁੜਵਾਣੇ ਹੀ ਹਨ। ਇਸ ਲਈ ਅਗਰ ਮੋਟਰ ਸਾਈਕਲ ਛੇ ਮਹੀਨੇ ਅਗੇਤਾ (ਵਿਆਹ ਤੋਂ ਪਹਿਲਾਂ) ਦਾਮਾਦ ਜੀ ਕੋਲ ਪਹੁੰਚਿਆ ਹੋਵੇਗਾ ਤਾਂ ਜੇ ਉਸ ਨੇ ਮਰਨਾ ਹੈ ਤਾਂ ਮਰ ਚੁਕਿਆ ਹੋਵੇਗਾ ਲੜਕੀ ਵਿਧਵਾ ਹੋਣ ਤੋਂ ਬਚ ਜਾਵੇਗੀ।

ਵਿਆਹ ਸਮੇਂ ਲੜਕੀ ਨੂੰ ਨੁਮਾਇਸ਼ ਦੀ ਵਸਤੂ ਵਾਂਗ ਸ਼ਿੰਗਾਰਿਆ ਜਾਂਦਾ ਹੈ। ਇਸ ਤਰ੍ਹਾਂ ਦੇ ਸ਼ਿੰਗਾਰ ਕਰਨ ਵਾਲੇ/ਵਾਲੀਆਂ ਥਾਂ ਥਾਂ ਦੁਕਾਨਾਂ ਪਾਈ ਬੈਠੇ ਹੋਏ ਦੁਕਾਨਦਾਰ ਆਪੇ ਆ ਕੇ ਫਸਣ ਵਾਲੇ ਸ਼ਿਕਾਰ ਦੀ ਉਡੀਕ ਕਰ ਰਹੇ ਹੁੰਦੇ ਹਨ। ਇਕ ਦਿਨ ਦੇ ਸ਼ਿੰਗਾਰ 'ਤੇ ਹਜ਼ਾਰਾਂ ਰੁਪਏ ਰੋੜ੍ਹ ਦਿਤੇ ਜਾਂਦੇ ਹਨ। ਜਦੋਂ ਕਿ ਲੜਕੀ ਦੀ ਅਸਲੀ ਸੂਰਤ ਵਿਆਹ ਤੋਂ ਦੋ ਚਾਰ ਦਿਨਾਂ ਮਗਰੋਂ ਹੀ ਦਿਸ ਪੈਂਦੀ ਹੈ। ਅਜਿਹੇ ਸ਼ਿੰਗਾਰ ਕਰ ਕੇ ਜਿਥੇ ਲੋਕਾਂ ਨੂੰ ਧੋਖਾ ਦਿਤਾ ਜਾ ਰਿਹਾ ਹੈ, ਉਥੇ ਅਪਣੇ ਆਪ ਨੂੰ ਭੀ ਧੋਖਾ ਦਿਤਾ ਜਾਂਦਾ ਹੈ। ਹਜ਼ਾਰਾਂ ਰੁਪਏ ਕੈਮਰੇ ਵਾਲੇ ਨੂੰ ਦੇ ਕੇ, ਵੀਡੀਉ ਫ਼ਿਲਮ ਬਣਵਾ ਲਈ ਜਾਂਦੀ ਹੈ। ਫਿਰ ਸਾਰੀ ਉਮਰ ਅਪਣੀ ਝੂਠੀ ਪ੍ਰਸੰਸਾ ਕਰ ਕੇ, ਮਨ ਪਰਚਾ ਲਈਦਾ ਹੈ। "ਅਸੀ ਉਦੋਂ ਕਿੰਨੇ ਸੋਹਣੇ ਸਾਂ..."। ਬਾਕੀ ਉਮਰ ਤਾਂ ਵਿਆਹ ਤੇ ਹੋਇਆ ਖ਼ਰਚਾ ਉਤਾਰਨ ਲਈ, ਦਾਜ ਲਈ, ਲੜਾਈ ਝਗੜਿਆਂ ਲਈ ਜਾਂ ਬੱਚੇ ਪਾਲਣ ਲਈ ਹੀ ਰਹਿ ਜਾਂਦੀ ਹੈ। ਜਾਂ ਫਿਰ ਜੀਵਨ ਵਿਚਲੀਆਂ "ਹਵਾਈ" ਆਸਾਂ ਪੂਰੀਆਂ ਨਾ ਹੋਣ ਦੇ ਝੋਰੇ 'ਤੇ ਹਉਕੇ ਰਹਿ ਜਾਂਦੇ ਹਨ। ਕਾਸ਼ ਵਿਆਹ ਤੇ ਦੋਹਾਂ ਧਿਰਾਂ ਵਲੋਂ ਬਰਬਾਦ ਕੀਤਾ ਗਿਆ ਪੈਸਾ, ਬੱਚਿਆਂ ਨੂੰ ਸਵੈ ਰੁਜ਼ਗਾਰ ਦੇਣ ਲਈ ਵਰਤਿਆ ਜਾਂਦਾ। ਵਿਆਹ ਤੇ ਕੀਤੇ ਗਏ ਅੰਨੇ ਪੈਸੇ ਨਾਲ ਨਵਵਿਆਹਿਆ ਜੋੜਾ ਅਪਣੇ ਪੈਰਾਂ 'ਤੇ ਖੜੋਣ ਜੋਗਾ ਹੋ ਜਾਂਦਾ ਹੈ। ਦੋਵੇਂ ਰਲ ਕੇ ਇਕ ਦੂਜੇ ਦੇ ਪੂਰਕ ਬਣ ਕੇ, ਖ਼ੁਸ਼ੀਆਂ ਭਰੀ ਖੁਮਾਰੀਆਂ ਵਾਲੀ 'ਨਾਮ' ਵਿਚ ਰੰਗੀ ਗੁਰਮੁਖੀ ਜੋੜੀ ਬਣ ਕੇ, ਇਕ ਦੂਜੇ ਦੇ ਸਾਹਾਂ ਵਿਚੋਂ ਦੀ ਸਾਹ ਲੈਂਦੇ ਹਨ। ਅਪਣੇ ਸਾਥੀ ਦਾ ਦੁਖ ਅਪਣੇ ਉਤੇ ਲੈਂਦੇ ਹਨ। ਸਮਾਜ ਲਈ ਇਕ ਨਮੂਨੇ ਦੀ ਜੋੜੀ ਬਣ ਕੇ ਉਭਰਦੇ ਹਨ। ਅਜਿਹੇ ਜੋੜਿਆਂ ਦੀ ਕਲਪਣਾ ਗੁਰਬਾਣੀ ਵਿਚ ਇਉਂ ਕੀਤੀ ਗਈ ਹੈ :

ਧਨ (ਇਸਤਰੀ) ਪਿਰੁ ਏਹਿ ਨਾ ਆਖੀਅਨਿ, ਬਹਨਿ ਇਕਠੇ ਹੋਇ॥
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ॥ (788)

ਹੇ ਭਾਈ! ਪਤੀ-ਪਤਨੀ ਉਹ ਨਹੀਂ ਹਨ ਜੋ ਮਜਬੂਰੀ ਵਸ ਇਕੱਠੇ ਰਹਿ ਰਹੇ ਹਨ, ਸਗੋਂ ਅਸਲੀ ਪਤੀ-ਪਤਨੀ ਉਹ ਹਨ ਜੋ ਸਰੀਰ ਭਾਵੇਂ ਦੋ ਹਨ ਪਰ ਜੋਤ ਇਕ ਹੈ। ਵਿਚਾਰ ਇਕ ਹੈ, ਇਕ ਦੂਜੇ ਨੂੰ ਸਮਰਪਿਤ ਹਨ, ਵਫ਼ਾਦਾਰ ਹਨ, ਉਹੀ ਅਸਲ ਜੋੜੀ ਮੰਨੀ ਜਾਵੇਗੀ।

ਅਨੰਦ ਕਾਰਜ

ਗੁਰਬਾਣੀ ਵਿਚ "ਅਨੰਦ" ਕੀ ਹੈ, ਇਸ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ, ਅਨੰਦ ਪ੍ਰਾਪਤ ਕਰ ਚੁੱਕੇ ਵਿਅਕਤੀ ਦੀ ਮਾਨਸਿਕ ਅਵੱਸਥਾ ਕਿਹੋ ਜਿਹੀ ਹੁੰਦੀ ਹੈ ਆਦਿ ਦਾ ਵਿਸਥਾਰ ਸਹਿਤ ਜ਼ਿਕਰ ਕੀਤਾ ਮਿਲਦਾ ਹੈ। ਗੁਰੂ ਸਾਹਿਬਾਨ ਇਸੇ ਧਰਤੀ ਤੇ ਜਨਮੇ, ਪ੍ਰਵਾਨ ਚੜ੍ਹੇ, ਜੀਵਨ ਦੇ ਅਣਗਿਣਤ ਦੁੱਖ ਸੁੱਖ ਉਤਰਾ-ਚੜ੍ਹਾਅ ਉਹਨਾਂ ਪਿੰਡੇ 'ਤੇ ਹੰਢਾਏ। ਪ੍ਰਵਾਰ ਦੀਆਂ, ਸਮਾਜ ਦੀਆਂ ਅਤੇ ਰਾਜਨੀਤੀ ਨਾਲ ਸਬੰਧਤ ਉਨ੍ਹਾਂ ਨੇ ਸਾਰੀਆਂ ਜ਼ਿੰਮੇਵਾਰੀਆਂ ਬਾਖ਼ੂਬੀ ਨਿਭਾਈਆਂ। ਦੁੱਖ ਕਿਉਂ ਆਉਂਦੇ ਹਨ, ਇਹਨਾਂ ਨੂੰ ਘੱਟ ਕਿਵੇਂ ਕੀਤਾ ਜਾ ਸਕਦਾ ਹੈ। ਜਾਂ ਦੁੱਖਾਂ ਤੋਂ ਛੁਟਕਾਰਾ ਪਾ ਕੇ ਸਦੀਵੀਂ ਸੁੱਖ ਕਿਵੇਂ ਮਿਲ ਸਕਦਾ ਹੈ। ਸੰਪੂਰਨ ਅਨੰਦ ਦੀ ਪ੍ਰਾਪਤੀ ਵਾਸਤੇ ਜੀਵਨ ਕਿਵੇਂ ਬਤੀਤ ਕਰਨਾ ਚਾਹੀਦਾ ਹੈ, ਸਾਰੇ ਪੱਖਾਂ ਤੇ ਚਾਨਣ ਪਾਇਆ ਹੈ। ਜਿਵੇਂ ਰੁੱਖ ਵੱਡਾ ਹੋਇਆ ਛਾਂ ਦਿੰਦਾ ਹੈ, ਫੱਲ ਤੇ ਲੱਕੜੀ ਦਿੰਦਾ ਹੈ। ਪਰ ਉਸ ਦਾ ਮੁੱਢ ਇਕ ਨਿੱਕੇ ਜਿਹੇ ਬੀਜ ਤੋਂ ਬੱਝਾ ਹੈ। ਇਸੇ ਤਰ੍ਹਾਂ ਦੁਨੀਆਂ ਵਿਚ ਪ੍ਰਵਾਰ ਹਨ, ਰਿਸ਼ਤੇ-ਨਾਤੇ ਹਨ। ਪਿੰਡ, ਸ਼ਹਿਰ ਤੇ ਵੱਡੇ ਛੋਟੇ ਦੇਸ਼ ਹਨ। ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਵਾਸਤੇ ਖਾਣਾ, ਕੱਪੜਾ, ਮਕਾਨ, ਆਵਾਜਾਈ, ਮਨੋਰੰਜਨ, ਵਿਦਿਆ, ਸਾਇੰਸ, ਮੈਡੀਕਲ ਅਤੇ ਧਰਮ ਆਦਿ ਦਾ ਚਲਣ ਮਨੁੱਖ ਨੂੰ ਸੁਖੀ (ਅਨੰਦ ਅਵੱਸਥਾ) ਬਣਾਉਣ ਲਈ ਹੋਇਆ। ਜਰਾ ਸੋਚ ਕੇ ਵੇਖੋ ਜੇ ਪ੍ਰਵਾਰਕ ਇਕਾਈ ਨਾ ਹੋਵੇ ਤਾਂ ਕੀ ਇਕ ਬੱਝਵੇਂ ਨਿਯਮ ਵਿਚ ਸਾਰੀਆਂ ਸਹੂਲਤਾਂ ਪ੍ਰਾਪਤ ਹੋ ਸਕਣਗੀਆਂ ? ਕਦੀ ਨਹੀਂ। ਜਿਥੇ ਅਪਣੱਤ ਨਾ ਹੋਵੇ, ਕੋਈ ਨੇੜਲੀ ਸਾਂਝ ਨਾ ਹੋਵੇ, ਤਾਂ ਕੋਈ ਕਿਸੇ ਲਈ ਕਿਉਂ ਦੁੱਖ ਬਰਦਾਸ਼ਤ ਕਰੇਗਾ ? ਕਿਉਂ ਤਸੀਹੇ ਝੱਲੇਗਾ, ਕਿਉਂ ਸੇਵਾ ਕਰੇਗਾ, ਕਿਉਂ ਕਿਸੇ ਲਈ ਜਾਨ ਦੀ ਬਾਜੀ ਲਾਵੇਗਾ ? ਅਪਣੱਤ ਪ੍ਰਵਾਰ ਤੋਂ ਸ਼ੁਰੂ ਹੁੰਦੀ ਹੈ, ਜੇ ਯੋਗ ਅਗਵਾਈ ਮਿਲਦੀ ਰਹੇ ਤਾਂ ਸੰਸਾਰ ਤਕ ਫੈਲ ਜਾਂਦੀ ਹੈ। ਸਾਰੇ ਅਪਣੇ ਹੀ ਨਜ਼ਰ ਆਉਣ ਲਗਦੇ ਹਨ। ਜ਼ਿੰਮੇਵਾਰੀ ਨਿਭਾਉਣੀ ਹੈ ਪਰ ਫੱਲ ਦੀ ਇੱਛਾ ਨਹੀਂ ਰੱਖਣੀ।

ਪਤੀ-ਪਤਨੀ ਦੀ ਸਾਂਝ ਅਤਿ ਪ੍ਰਸੰਨਤਾ ਦਾਇਕ ਹੈ। ਇੰਨੀ ਕਸ਼ਿਸ਼ ਭਰਪੂਰ ਜ਼ਿੰਦਗੀ ਹੋਰ ਕਿਧਰੇ ਨਹੀਂ ਮਿਲੇਗੀ। ਭਰਾਵਾਂ ਦਾ ਪਿਆਰ ਹੋ ਸਕਦਾ ਹੈ। ਭੈਣਾਂ-ਭੈਣਾਂ ਦਾ ਖ਼ੂਬ ਪਿਆਰ ਹੋ ਸਕਦਾ ਹੈ। ਦੋਸਤ ਪਿਆਰ ਵਿਚ ਉਮਰ ਭਰ ਸਾਥ ਨਿਭਾਉਣ ਦੇ ਵਾਅਦੇ ਕਰਦੇ ਹਨ। ਇਕ ਸਮਾਂ ਅਜਿਹਾ ਆ ਹੀ ਜਾਂਦਾ ਹੈ ਕਿ

ਸਾਰਿਆਂ ਨਾਲੋਂ ਨੇੜਤਾ ਘਟਦੀ ਚਲੀ ਜਾਂਦੀ ਹੈ। ਅੰਤ ਖ਼ਤਮ ਹੋ ਜਾਂਦੀ ਹੈ, ਕੇਵਲ ਯਾਦਾਂ ਬਾਕੀ ਰਹਿ ਜਾਂਦੀਆਂ ਹਨ। ਪਤੀ-ਪਤਨੀ ਦਾ ਰਿਸ਼ਤਾ ਜੀਵਨ ਭਰ ਦਾ ਹੈ। ਅੰਤਲੇ ਸੁਆਸਾਂ ਤਕ ਵਫ਼ਾਦਾਰੀ, ਸਮਰਪਣ ਭਾਵਨਾ! ਪਹਿਲੀ ਉਮਰੇ ਦੋਹਾਂ ਨੂੰ ਨੇੜੇ ਰੱਖਣ ਵਿਚ ਸੈਕਸ ਕੇਂਦਰੀ ਭੂਮਿਕਾ ਨਿਭਾਉਂਦਾ ਹੈ। ਉਸ ਤੋਂ ਬਾਅਦ ਬੱਚੇ ਕੇਂਦਰ ਬਿੰਦੂ ਬਣ ਜਾਂਦੇ ਹਨ। ਬੁਢਾਪੇ ਦੀ ਅਵੱਸਥਾ ਵਿਚ ਇਕ ਦੂਜੇ ਦੀ ਲੋੜ ਨੇੜੇ ਰਖਦੀ ਹੈ। ਖ਼ਾਸ ਕਰ ਕੇ ਜੇ ਅਪਣੇ ਜੀਵਨ ਸਾਥੀ ਨੂੰ ਧੋਖਾ ਨਹੀਂ ਦਿਤਾ, ਦੁੱਖਾਂ ਸੁੱਖਾਂ ਵਿਚ ਮੋਢੇ ਨਾਲ ਮੋਢਾ ਜੋੜ ਕੇ ਫ਼ਰਜ਼ ਨਿਭਾਏ ਹਨ ਤਾਂ ਇਹ ਸਾਂਝ ਬੁਢਾਪੇ ਵਿਚ ਭੀ ਪੱਕੀ ਪੀਡੀ ਬਣੀ ਰਹੇਗੀ। ਸਮੇਂ ਦੀ ਗਰਦਸ ਨੇ ਮਾਤਾ-ਪਿਤਾ ਤੋਂ ਵਿਛੋੜ ਦੇਣਾ ਹੈ। ਭੈਣਾਂ ਅਪਣੇ ਘਰ ਜਾਂਦੀਆਂ ਹਨ। ਭਰਾ ਅਪਣੇ ਘਰ ਬਸਾ ਲੈਂਦੇ ਹਨ। ਧੀਆਂ ਵਿਆਹ ਦਿਤੀਆਂ ਜਾਂਦੀਆਂ ਹਨ। ਪੁੱਤਰ ਵਿਆਹੇ ਜਾਂਦੇ ਹਨ ਕਾਰੋਬਾਰਾਂ ਤੇ ਲਗਦੇ ਹਨ। ਬਹੁਤ ਵਾਰੀ ਮਾਤਾ-ਪਿਤਾ ਤੋਂ ਵੱਖਰਾ ਘਰ ਬਸਾ ਲੈਂਦੇ ਹਨ। ਬੁਢਾਪੇ ਵਿਚ ਭੀ ਪਤੀ ਪਤਨੀ ਨੇ ਇਕ ਦੂਜੇ ਦਾ ਸਾਥ ਦੇਣਾ ਹੁੰਦਾ ਹੈ। ਇਹ ਤਾਂ ਹੀ ਸੰਭਵ ਹੋ ਸਕੇਗਾ ਅਗਰ ਪਤੀ-ਪਤਨੀ ਅਪਣੇ ਫ਼ਰਜ਼ ਨੂੰ ਸਹੀ ਤਰੀਕੇ ਨਿਭਾਉਣ, ਧੋਖਾ ਨਾ ਦੇਣ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੀਤੇ ਵਾਅਦੇ ਯਾਦ ਰੱਖਣ। ਇਕ ਆਦਰਸ਼ ਦੰਪਤੀ (ਪਤੀ-ਪਤਨੀ) ਦਾ ਮਾਡਲ ਗੁਰਬਾਣੀ ਵਿਚ ਇਉਂ ਹੈ :

ਸਾ ਧਨ ਮਨਿ ਅਨੰਦੁ ਭਇਆ ਹਰਿ ਜੀਉ ਮੇਲਿ ਪਿਆਰੇ ਰਾਮ ॥
ਸਾ ਧਨ ਹਰਿ ਕੈ ਰਸਿ ਰਸੀ, ਗੁਰ ਕੈ ਸਬਦਿ ਅਪਾਰੇ ਰਾਮ ॥
ਸਬਦਿ ਅਪਾਰੇ ਮਿਲੇ ਪਿਆਰੇ, ਸਦਾ ਗੁਣ ਸਾਰੇ ਮਨਿ ਵਸੇ ॥
ਸੇਜ ਸੁਹਾਵੀ ਜਾ ਪਿਰਿ ਰਾਵੀ, ਮਿਲਿ ਪ੍ਰੀਤਮ ਅਵਗਣ ਨਸੇ ॥
ਜਿਤੁ ਘਰਿ ਨਾਮਾ ਹਰਿ ਸਦਾ ਧਿਆਈਐ, ਸੋਹਿਲੜਾ ਜੁਗ ਚਾਰੇ ॥
ਨਾਨਕ ਨਾਮਿ ਰਤੇ ਸਦਾ ਅਨੰਦੁ ਹੈ, ਹਰਿ ਮਿਲਿਆ ਕਾਰਜ ਸਾਰੇ ॥ (440)

ਹੇ ਭਾਈ! ਉਸ ਇਸਤਰੀ (ਜੀਵ) ਦੇ ਮਨ ਵਿਚ ਸਦੀਵੀਂ ਅਨੰਦ ਦੀ ਅਵੱਸਥਾ ਬਣ ਜਾਂਦੀ ਹੈ, ਜਿਨ੍ਹਾਂ ਨੂੰ ਪਿਆਰਾ ਜੀਵਨ ਸਾਥੀ (ਕਰਤਾਰ) ਮਿਲ ਜਾਂਦਾ ਹੈ। ਫਿਰ ਔਰਤ ਸਦਾ ਹੀ ਪਤੀ ਦੇ ਵਿਆਰ ਵਿਚ ਖੀਵੀ ਰਹਿੰਦੀ ਹੋਈ ਸਾਰੇ ਕਾਰਜ ਕਰਦੀ ਹੈ। ਅਜਿਹੀ ਚੰਗੇਰੀ ਸਿਖਿਆ ਗੁਰੂ ਦੇ ਸ਼ਬਦ (ਗੁਰਬਾਣੀ) ਤੋਂ ਪ੍ਰਾਪਤ ਹੁੰਦੀ ਹੈ। ਗੁਰੂ ਦਾ ਸ਼ਬਦ (ਉਪਦੇਸ਼) ਬਹੁਤ ਕੀਮਤੀ ਹੈ, ਇਹ ਪਿਆਰੇ ਨਾਲ ਮਿਲਾ ਦਿੰਦਾ ਹੈ। ਜੀਵ ਗੁਣਾ ਦੇ ਧਾਰਨੀ ਹੋ ਜਾਂਦੇ ਹਨ। ਫਿਰ ਮਿਲਾਪ ਦਾ ਸਮਾਂ ਅਤਿਅੰਤ ਰਸੀਲਾ ਬਣ ਜਾਂਦਾ ਹੈ। ਪਤੀ-ਪਤਨੀ ਆਪਾ ਭਾਵ ਮਿਟਾ ਕੇ,

ਇਕਮਿਕ ਹੋ ਜਾਂਦੇ ਹਨ। ਸਾਰੇ ਅਉਗਣ ਨਸ ਜਾਂਦੇ ਹਨ। ਜਿਸ ਘਰ ਵਿਚ (ਹਿਰਦੇ) ਗੁਰੂ ਦੀ ਸਿਖਿਆ ਮੁਤਾਬਕ ਜੀਵਨ ਬਤੀਤ ਕੀਤਾ ਜਾਂਦਾ ਹੈ, ਮਾਨੋ ਚਾਰੇ ਜੁਗਾਂ ਦੀਆਂ ਖ਼ੁਸ਼ੀਆਂ ਉਸ ਘਰ ਵਿਚ ਆ ਗਈਆਂ। ਜੋ ਜੀਵ (ਔਰਤ-ਮਰਦ ਸਾਰੇ ਹੀ) ਗੁਰੂ ਦੀ ਸਿੱਖਿਆ ਲੈ ਕੇ, ਨੇਕੀ ਵਾਲਾ ਰਾਹ ਅਖ਼ਤਿਆਰ ਕਰਦੇ ਹਨ, ਉਹ ਸਦਾ ਅਨੰਦ ਵਿਚ ਰਹਿੰਦੇ ਹਨ। ਉਹਨਾਂ ਦੇ ਮਨ ਵਿਚ ਨਿਰੰਕਾਰ ਦਾ ਵਾਸਾ ਹੋ ਗਿਆ, ਜੀਵਨ ਸੰਵਰ ਗਿਆ।

ਧਨ ਪਿਰੁ ਏਕੈ ਸੰਗਿ ਬਸੇਰਾ॥ ਸੇਜ ਏਕ ਪੈ ਮਿਲਨੁ ਦੁਹੇਰਾ॥
ਧੰਨਿ ਸੁਹਾਗਨਿ ਜੋ ਪੀਅ ਭਾਵੈ॥ ਕਹਿ ਕਬੀਰ ਫਿਰਿ ਜਨਮ ਨ ਆਵੈ॥(483)

ਹੇ ਭਾਈ! ਪਤੀ-ਪਤਨੀ (ਜੀਵ) ਇਕੋ ਘਰ ਵਿਚ ਰਹਿੰਦੇ ਹਨ। ਇਕੱਠੇ ਰਹਿੰਦਿਆਂ ਭੀ ਦੂਰੀ ਬਣੀ ਹੁੰਦੀ ਹੈ। ਮਨ ਕਰ ਕੇ ਇਕ ਦੂਜੇ ਨੂੰ ਪਿਆਰ ਨਹੀਂ ਕਰਦੇ। ਉਹ ਇਸਤਰੀ ਵੱਡੇ ਭਾਗਾਂ ਵਾਲੀ ਹੈ (ਉਹ ਪਤੀ ਖ਼ੁਸ਼ ਨਸੀਬ ਹੈ) ਜਿਨ੍ਹਾਂ ਦਾ ਆਪਸ ਵਿਚ ਦਿਲੀ ਪਿਆਰ ਹੈ। ਸਮਝੋ ਉਹਨਾਂ ਨੇ ਅਪਣਾ ਜਨਮ ਮਰਨ ਖ਼ਤਮ ਕਰ ਲਿਆ, ਜੀਵਨ ਸਫ਼ਲ ਹੋ ਗਿਆ।

ਚੰਗੇ ਇਨਸਾਨ ਬਣਾਉਣ ਲਈ ਪਹਿਲਾ ਸਿਖਿਆ ਕੇਂਦਰ ਘਰ ਹੈ। ਘਰ ਤੋਂ ਮੁਰਾਦ ਕੋਈ ਮਹਿਲ ਨਹੀਂ, ਕੋਈ ਆਲੀਸ਼ਾਨ ਕੋਠੀ ਨਹੀਂ। ਘਰ ਤੋਂ ਮੁਰਾਦ ਹੈ ਜਿਥੇ ਕੋਈ ਬੇਗਾਨਾ ਪਣ ਨਾ ਹੋਵੇ। ਇਕ ਦੂਜੇ 'ਤੇ ਵਿਸ਼ਵਾਸ ਹੋਵੇ। ਇਕ ਦੂਜੇ ਨੂੰ ਅੱਗੇ ਵਧਣ ਲਈ ਸਹਾਇਤਾ ਕੀਤੀ ਜਾਵੇ। ਜਿਥੇ ਪਹੁੰਚ ਕੇ ਜੀਵ (ਔਰਤ-ਮਰਦ) ਚਿੰਤਾ ਮੁਕਤ ਹੋ ਜਾਵੇ। ਡਰ ਨਾਮ ਦੀ ਸ਼ੈਅ ਨੇੜੇ ਨਾ ਢੁੱਕ ਸਕੇ। ਉਹ ਭਾਵੇਂ ਸਾਦਾ ਜਿਹਾ ਮਕਾਨ ਹੀ ਹੋਵੇ, ਉਸ ਨੂੰ 'ਘਰ' ਆਖਿਆ ਜਾ ਸਕਦਾ ਹੈ। ਬਾਕੀ ਤਾਂ ਇਮਾਰਤਾਂ ਹਨ, ਮਹਿਲ ਹਨ, ਕੋਠੀਆਂ ਹਨ, ਬੰਗਲੇ ਹਨ। ਹਜ਼ਾਰਾਂ, ਲੱਖਾਂ ਵਿਚੋਂ 'ਘਰ' ਕਿਤੇ ਕਿਤੇ ਵੇਖਣ ਨੂੰ ਮਿਲਦੇ ਹਨ। ਬਹੁਤੀਆਂ ਥਾਵਾਂ ਦਾ ਤਾਂ ਇਹ ਹਾਲ ਹੈ:

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ, ਦੁਖੁ ਸਬਾਇਐ ਜਗਿ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ॥ (1382)

ਹੇ ਫਰੀਦਾ! ਤੂੰ ਅੱਜ ਤੱਕ ਇਹੀ ਸਮਝਦਾ ਰਿਹਾ ਕਿ ਦੁੱਖ ਸਿਰਫ਼ ਤੈਨੂੰ ਇਕੱਲੇ ਨੂੰ ਹੀ ਹੈ। ਜਦੋਂ ਚਾਰੇ ਬੰਨੇ ਪਰਖ ਕਰ ਕੇ ਵੇਖਿਆ, ਮਹਿਸੂਸ ਕੀਤਾ ਤਾਂ ਹਰ ਘਰ, ਹਰ ਪ੍ਰਵਾਰ ਦੁੱਖਾਂ, ਕਲੇਸ਼ਾਂ ਵਾਲੀ ਅੱਗ ਵਿਚ ਸੜਦਾ ਨਜ਼ਰ ਆਇਆ।

ਗੁਰੂ ਨਾਨਕ ਸਾਹਿਬ ਜੀ ਨੇ (ਅਤੇ ਗੁਰਬਾਣੀ ਦੇ ਰਚਨਾਕਾਰ ਜਾਂ ਬਾਣੀ ਦੇ ਪੈਰੋਕਾਰ) ਅਪਣਾ ਘਰ ਵਿਆਹ ਕਰਵਾ ਕੇ "ਬਸਾਇਆ", ਬ੍ਰਹਮਚਾਰੀ ਰਹਿਣ ਦਾ

ਢੌਂਗ ਨਹੀਂ ਕੀਤਾ। ਬਹੁਤ ਸਾਰੇ ਮਾਈ ਭਾਈ ਨੂੰ ਅਪਣੇ ਨਾਲ ਲਿਜਾ ਕੇ, ਛਪਰੀਆਂ ਪਾ ਕੇ, ਰੁੱਖੀ ਸੁੱਖੀ ਖਾ ਕੇ, ਮਿਹਨਤੀ ਬਣਾ ਕੇ, ਧਰਮ ਨੂੰ ਹਿਰਦੇ ਵਿਚ ਧਾਰਨ ਕਰਵਾ ਕੇ ਅਪਣੀ ਨਿਗਰਾਨੀ ਵਿਚ, ਨਵੇਂ ਇਨਕਲਾਬ ਦਾ ਮੁੱਢ **"ਕਰਤਾਰਪੁਰ ਬਸਾਇਆ"**। ਸ੍ਰੀ ਚੰਦ ਜੋ ਗੁਰੂ ਨਾਨਕ ਸਾਹਿਬ ਦਾ ਬੇਟਾ ਸੀ, ਉਸ ਨੇ ਸੁਆਹ ਮਲ ਲਈ, ਕਪੜੇ ਤਿਆਗ ਦਿਤੇ, ਵਿਆਹ ਕਰਵਾ ਕੇ ਘਰ ਬਸਾਉਣ ਤੋਂ ਇਨਕਾਰੀ ਹੋ ਗਿਆ। ਖ਼ੁਦ ਉੱਜੜ ਗਿਆ ਤੇ ਉੱਜੜੇ ਉਖੜਿਆਂ ਦਾ ਗੁਰੂ ਬਣ ਬੈਠਾ। ਗੁਰੂ ਵੱਲੋਂ ਤੇ ਸਿੱਖਾਂ ਵੱਲੋਂ "ਮਰ" ਗਿਆ। ਗੁਰੂ ਅੰਗਦ ਜੀ ਨੇ ਅਪਣਾ ਕੇਂਦਰ ਖਡੂਰ ਨੂੰ ਬਣਾ ਲਿਆ। ਬੇ ਰੌਣਕਾ, ਸਹੂਲਤਾਂ ਤੋਂ ਸੱਖਣਾ ਪਿੰਡ, ਗੁਰੂ ਕੀਆਂ ਸੰਗਤਾਂ ਦੇ ਜੋੜ ਮੇਲ, ਹੋਣ ਕਰ ਕੇ **"ਬਸਦਾ ਰਸਦਾ"** ਵੱਡਾ ਨਗਰ ਬਣ ਗਿਆ। ਇਕ ਹੋਰ ਕੇਂਦਰ ਦੀ ਲੋੜ ਨੂੰ ਮਹਿਸੂਸ ਕਰ ਕੇ **"ਗੋਇੰਦਵਾਲ ਬਸਾਇਆ"**। ਸਿੱਖ ਗਤੀਵਿਧੀਆਂ ਦਾ ਕੇਂਦਰ ਅੰਮ੍ਰਿਤਸਰ, **"ਬਸਾਇਆ"**, ਤਰਨ ਤਾਰਨ ਬਸਾਇਆ। ਜਲੰਧਰ ਦੇ ਨੇੜੇ ਇਕ ਹੋਰ ਕਰਤਾਰਪੁਰ **ਬਸਾਇਆ**। ਕੀਰਤਪੁਰ ਤੇ ਅਨੰਦਪੁਰ ਬਸਾਇਆ। ਇਥੇ ਅਪਣਾ ਘਰ ਬਰਬਾਦ ਕਰਵਾ ਕੇ ਭੀ, ਸਰੀਰ ਨੂੰ ਤਵੀਆਂ 'ਤੇ ਪਾ ਕੇ ਭੀ, ਚਾਂਦਨੀ ਚੌਕ ਸੀਸ ਕਟਵਾ ਕੇ ਭੀ, ਬੱਚਿਆਂ ਨੂੰ ਸਰਹੰਦ ਦੀਆਂ ਨੀਹਾਂ ਵਿਚ ਚਿਣਵਾ ਕੇ ਭੀ, ਸੱਭ ਕੁੱਝ ਦਾਅ 'ਤੇ ਲਾ ਕੇ ਭੀ, ਉਜੜਦੇ ਪੰਜਾਬ ਨੂੰ **"ਬਸਾਇਆ"**। ਦਰ ਦਰ ਭਟਕਦੇ, ਡਰਪੋਕ ਸਾਧਾਂ ਦੀਆਂ ਧਾੜਾਂ ਨੂੰ ਘਰ ਬਸਾਉਣ ਦੀ ਪ੍ਰੇਰਨਾ ਕੀਤੀ। ਭਾਰਤ ਨੂੰ ਬਸਣ ਜੋਗਾ ਕੀਤਾ। ਮਨੁੱਖਤਾ ਲਈ ਗ੍ਰਿਸਤੀ ਜੀਵਨ ਦੇ ਨਵੇਂ ਸੰਕਲਪ ਪੇਸ਼ ਕੀਤੇ। ਜੀਵਨ ਦੇ ਜਿਸ ਅਮਲ (ਗ੍ਰਿਸਤ ਧਰਮ) ਨੂੰ ਲੋਕੀ ਜ਼ਹਿਰ ਆਖ ਕੇ, ਜਾਨ ਬਚਾ ਕੇ ਦੌੜ ਰਹੇ ਸਨ। ਗੁਰਬਾਣੀ ਨੇ ਉਸ ਨੂੰ ਧਰਮ ਦਾ ਜ਼ਰੂਰੀ ਅੰਗ ਪ੍ਰਵਾਨ ਕੀਤਾ। ਵਿਆਹ ਨੂੰ ਸਮਾਜ ਦੀ ਮਹੱਤਵਪੂਰਨ ਇਕਾਈ ਸਵੀਕਾਰ ਕੀਤਾ। ਜੋ ਇਨਸਾਨ ਘਰ ਦੀ ਜ਼ਿੰਮੇਵਾਰੀ ਨਿਭਾਉਣ ਤੋਂ ਇਨਕਾਰੀ ਹੈ, ਉਹ ਦੇਸ਼ ਪ੍ਰਤੀ ਜ਼ਿੰਮੇਵਾਰੀ ਕਦੋਂ ਨਿਭਾਏਗਾ? ਜੋ ਆਦਮੀ ਔਰਤ ਦੇ ਨੇੜੇ ਜਾਣ ਤੋਂ ਥਰ ਥਰ ਕੰਬਦਾ ਹੈ, ਉਹ ਦੁਸ਼ਮਣ ਨਾਲ ਦੋ ਹੱਥ ਕਰਨ ਦੀ ਹਿੰਮਤ ਕਿਵੇਂ ਪੈਦਾ ਕਰ ਸਕੇਗਾ? ਮਨੁੱਖਤਾ ਦਾ ਕੋਮਲ ਤੇ ਸੁੰਦਰ ਅੱਧ (ਔਰਤ) ਜਿਸ ਨੂੰ ਬਾਘਣ ਤੇ ਨਾਗਣ ਨਜ਼ਰ ਆਉਂਦੀ ਹੈ, ਉਸ ਤੋਂ ਮੈਦਾਨੇ ਜੰਗ ਵਿਚ ਜੂਝਣ ਦੀ, ਤੇਗਾ ਵਾਹੁਣ ਦੀ, ਦੇਸ਼ ਧਰਮ ਦੀ ਰਾਖੀ ਲਈ ਆਪਾ ਵਾਰ ਦੇਣ ਦੀ, ਮਰਦ-ਏ-ਮੁਜਾਹਿਦ ਹੋਣ ਦੀ ਤਵੱਕੋ ਕਿਵੇਂ ਕੀਤੀ ਜਾ ਸਕਦੀ ਹੈ?

ਉਤਰੀ ਭਾਰਤ ਨੂੰ ਜੋਗ ਮੱਤ ਨੇ ਲੰਮੇ ਸਮੇਂ ਤਕ ਅਪਣੇ ਤਿਆਗ ਅਤੇ ਭਾਂਜਵਾਦੀ ਪ੍ਰਚਾਰ ਰਾਹੀਂ, ਉਜਾੜ ਕੇ ਰੱਖ ਦਿਤਾ। ਇਨ੍ਹਾਂ ਜੋਗ ਧਾਰੀ ਲੁਟੇਰਿਆਂ ਨੇ

ਕਿਰਤ ਦਾ ਤਿਆਗ ਕੀਤਾ। ਮਾਤਾ-ਪਿਤਾ ਤਿਆਗੇ, ਭੈਣ-ਭਰਾ ਤਿਆਗੇ। ਧੀਆਂ ਪੁੱਤਰ ਵਿਲਕਦੇ ਤਿਆਗੇ, ਧਾਹਾਂ ਮਾਰਦੀ ਪਤਨੀ ਤਿਆਗੀ। ਘਰ ਛੱਡਿਆ, ਜ਼ਮੀਨ ਛੱਡੀ, ਇੱਜ਼ਤ ਆਬਰੂ ਗਵਾਈ ਤੇ ਤਨ ਦੇ ਕਪੜੇ ਤਕ ਲਾਹ ਕੇ ਸੁੱਟ ਦਿਤੇ, ਨੰਗੇ ਹੋ ਕੇ ਜੰਗਲਾਂ ਵਲ ਦੌੜ ਗਏ। ਤਾਂ ਕਿ ਬਿਨਾਂ ਖੇਚਲ ਕੀਤਿਆਂ, ਬਗ਼ੈਰ ਲੜਾਈ ਲੜਿਆਂ। ਵਿਦੇਸ਼ੀ ਹਮਲਾਵਰ ਜੋ ਜੀ ਆਵੇ ਸੋ ਲੁੱਟ ਲੈਣ। ਜੋ ਔਰਤ ਸੋਹਣੀ ਲੱਗੇ, ਉਸ ਨੂੰ ਚੁੱਕ ਕੇ ਲੈ ਜਾਣ। ਕਿਉਂਕਿ ਸੰਸਾਰ ਸਾਰਾ "ਮਿਥਿਆ" ਹੈ, ਮੋਹ ਮਾਇਆ ਦਾ ਜਾਲ ਹੈ। ਇਹ ਜਨਮ ਛੱਡੋ, ਅਗਲੇ ਜਨਮ ਲਈ ਕਠਿਨ ਤਪੱਸਿਆ ਕਰੋ ਤੇ ਮੁਕਤ ਹੋ ਜਾਉ...। ਜੋਗੀਆਂ ਦੇ ਪ੍ਰਸਿੱਧ ਗੁਰੂ ਗੋਰਖ ਨਾਥ ਦੀ ਬਾਣੀ ਪੜ੍ਹੋ :

ਬਾਘਨੀ ਉਪਾਯਾ, ਬਾਘਨੀ ਨਿਪਾਯਾ, ਬਾਘਨੀ ਪਾਲੀ ਕਾਯਾ।

ਬਾਘਨੀ ਡਾਕਰੈ, ਜੋਗੀਐ ਪਾਖਰੈ, ਅਨਭੁਈ ਗੋਰਖ ਰਾਯਾ।

ਹੇ ਭਗਤੋ! ਮਨੁੱਖ ਨੂੰ ਖ਼ੂੰਖ਼ਾਰ ਸ਼ੇਰਨੀ ਨੇ ਜਨਮ ਦਿਤਾ ਹੈ। ਇਸ ਦੇ ਗਰਭ ਵਿਚ ਹੀ ਸਰੀਰ ਬਣਿਆ ਹੈ। ਇਸੇ ਵੱਢ ਖਾਣੀ ਸ਼ੇਰਨੀ ਨੇ ਪਾਲ ਪੋਸ ਕੇ ਵੱਡਾ ਕੀਤਾ ਹੈ। ਇਹੀ ਬਾਘਣੀ ਸਮਾਂ ਆਉਣ ਤੇ ਡੱਕਰੇ ਕਰ ਕੇ ਪਾੜ ਕੇ ਖਾ ਜਾਂਦੀ ਹੈ। ਸਿਰਫ਼ ਜੋਗੀ ਲੋਕ ਇਸ ਦੀ ਮਾਰੂ ਸ਼ਕਤੀ ਤੋਂ ਬਚ ਸਕਦੇ ਹਨ। ਜਿਹੜੇ ਗੋਰਖਨਾਥ ਦੇ ਅਨੁਆਈ ਬਣ ਜਾਗੇ, ਕੇਵਲ ਉਹੀ ਬਚਣਗੇ। ਹੋਰ ਨਮੂਨਾ ਵੇਖੋ:

ਸੂਪਣੀ ਕਹੈ ਮੈ ਅਬਲਾ ਬਲੀਆ। ਬ੍ਰਹਮਾ ਬਿਸ਼ਨ ਮਹਾਦੇਵ ਛਲੀਆ।

ਹੇ ਜੋਗੀਉ! ਜਿਸ ਨੂੰ ਤੁਸੀ ਸੁੰਦਰਤਾ ਦੀ ਮੂਰਤੀ ਮੰਨੀ ਜਾ ਰਹੇ ਹੋ, ਇਹ ਜ਼ਹਿਰੀਲੀ ਸੱਪਣੀ ਹੈ। ਆਖਣ ਨੂੰ ਲੋਕੀ ਔਰਤ ਨੂੰ ਅਬਲਾ (ਬਲ ਰਹਿਤ) ਆਖ ਦਿੰਦੇ ਹਨ। ਪਰ ਇਹ ਬਹੁਤ ਬਲਵਾਨ ਹੈ। ਆਮ ਵਿਅਕਤੀ ਦੀ ਇਸ ਅੱਗੇ ਕੀ ਪਾਇਆ ਹੈ। ਇਸ ਨੇ ਸ੍ਰਿਸ਼ਟੀ ਦੇ ਬਣਾਉਣ ਚਲਾਉਣ ਤੇ ਖਪਾਉਣ ਵਾਲੇ, ਤਿੰਨੇ ਦੇਵਤੇ ਬ੍ਰਹਮਾ, ਵਿਸ਼ਨੂੰ ਤੇ ਸ਼ਿਵ ਨੂੰ ਕਾਬੂ ਕਰ ਲਿਆ, ਹੋਰ ਕੌਣ ਬਚ ਸਕਦਾ ਹੈ?

ਨਿੱਤ ਦਿਨ ਹੋ ਰਹੇ ਅਜਿਹੇ ਮਾਰੂ ਪ੍ਰਚਾਰ ਅਤੇ ਮੰਦੇ ਪ੍ਰਭਾਵ ਤੋਂ ਇਕ ਦਮ ਉਲਟ ਦਿਸ਼ਾ ਵਲ ਬੋਲਣਾ-ਲਿਖਣਾ ਬਹੁਤ ਖ਼ਤਰਨਾਕ ਸੀ। ਪ੍ਰਵਾਰਕ ਜ਼ਿੰਦਗੀ ਨੂੰ ਸੱਭ ਤੋਂ ਉੱਤਮ ਆਖਣਾ ਇਨ੍ਹਾਂ ਦੇ ਮੁਢਲੇ ਅਸੂਲਾਂ 'ਤੇ ਕਰਾਰੀ ਚੋਟ ਸੀ। ਸ਼ੇਰ ਮਰਦ ਸਤਿਗੁਰੂ ਜੀ ਨੇ ਇਹ ਵਦਾਨੀ ਸੱਟ ਮਾਰੀ, ਤਾਂ ਅਜਿਹੀ ਸੋਚ ਵਾਲਿਆਂ ਨੂੰ ਤਰੇਲੀਆਂ ਆਉਣ ਲਗੀਆਂ।

ਗੁਰਬਾਣੀ ਉਪਦੇਸ਼ ਤਾਂ ਇਉਂ ਪੜ੍ਹੇ ਜਾ ਸਕਦੇ ਹਨ :

ਆਵਹੁ ਸਜਣਾ ਹਉ ਦੇਖਾ ਦਰਸਨੁ ਤੇਰਾ ਰਾਮ॥

ਘਰਿ ਆਪਨੜੈ ਖੜੀ ਤਕਾ, ਮੈ ਮਨਿ ਚਾਉ ਘਨੇਰਾ ਰਾਮ॥

ਮਨਿ ਚਾਉ ਘਨੇਰਾ, ਸੁਣਿ ਪ੍ਰਭ ਮੇਰਾ, ਮੈ ਤੇਰਾ ਭਰਵਾਸਾ ॥
ਦਰਸ਼ਨੁ ਦੇਖਿ ਭਈ ਨਿਹਕੇਵਲ, ਜਨਮ ਮਰਣ ਦੁਖੁ ਨਾਸਾ ॥
ਸਗਲੀ ਜੋਤਿ ਜਾਤਾ ਤੂ ਸੋਈ, ਮਿਲਿਆ ਭਾਇ ਸੁਭਾਏ ॥
ਨਾਨਕ ਸਾਜਨ ਕਉ ਬਲਿ ਜਾਈਐ, ਸਾਚਿ ਮਿਲੇ ਘਰਿ ਆਏ ॥ (764)

ਹੇ ਸੱਜਣ ਜੀ! (ਜੀਵ ਇਸਤਰੀ ਪਤੀ ਪ੍ਰਮੇਸ਼ਰ ਨੂੰ) ਕ੍ਰਿਪਾ ਕਰ ਕੇ ਆਉ, ਤੁਹਾਡੇ ਖੁਲ੍ਹੇ ਦੀਦਾਰ ਕਰੀਏ। ਅਸੀਂ ਅਪਣੇ ਘਰ ਦੇ ਦਰਵਾਜ਼ੇ ਵਿਚ ਖੜੀਆਂ ਬੇਸਬਰੀ ਨਾਲ ਤੁਹਾਡਾ ਰਾਹ ਵੇਖ ਰਹੀਆਂ ਹਾਂ। ਤੁਹਾਨੂੰ ਮਿਲਣ ਦਾ ਸਾਡੇ ਮਨ ਅੰਦਰ ਚਾਉ ਠਾਠਾ ਮਾਰ ਰਿਹਾ ਹੈ। ਬਸ ਇਕ ਤੁਸੀਂ ਮਿਲ ਪਵੋ, ਹੋਰ ਕਿਸੇ ਚੀਜ਼ ਦੀ ਲੋੜ ਨਹੀਂ। ਤੁਹਾਡੇ ਦਰਸ਼ਨਾਂ ਨਾਲ ਹੀ ਸਾਡੇ ਸਾਰੇ ਦੁਖ ਕੱਟੇ ਜਾਣਗੇ। ਅਸੀਂ ਤਾਂ ਸਾਰਿਆਂ ਵਿਚ ਹੀ ਤੁਹਾਡਾ ਰੂਪ ਵੇਖ ਰਹੀਆਂ ਹਾਂ। ਸਾਡੀ ਕੀ ਪਾਇਆਂ ਸੀ ਤੁਹਾਡੇ ਨਾਲ ਸਬੰਧ ਜੋੜਨ ਦੀ, ਤੁਸੀ ਬੜੀ ਕ੍ਰਿਪਾ ਕੀਤੀ ਕਿ ਸਾਨੂੰ ਪ੍ਰਵਾਨ ਕਰ ਲਿਆ। ਕੁਰਬਾਨ ਜਾਵਾਂ ਅਪਣੇ ਪਿਆਰੇ ਮਿੱਤਰ ਤੋਂ ਜਿਸ ਨੇ ਘਰ ਆ ਕੇ ਸਾਨੂੰ ਨਿਹਾਲ ਕੀਤਾ।

ਗੁਰੂ ਨਾਨਕ ਸਾਹਿਬ ਜੀ ਵਲੋਂ ਉਚਾਰਨ ਕੀਤੇ ਇਕ ਸਲੋਕ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" (473) ਨੂੰ ਆਧਾਰ ਬਣਾ ਕੇ ਕਵੀ ਈਸ਼ਰ ਸਿੰਘ ਭਾਈਆ ਨੇ ਇਕ ਕਵਿਤਾ ਵਿਚ ਇਉਂ ਬਿਆਨ ਕੀਤਾ ਹੈ :

ਜੋ ਨਿੰਦਿਆ ਕਰਦੇ ਨਾਰ ਦੀ, ਉਹ ਮੂਰਖ ਹਨ ਨਾਦਾਨ।
ਇਹ ਮਾਣਕ ਮੋਤੀ ਲਾਲ ਹੈ, ਕੋਈ ਜੌਹਰੀ ਕਰੇ ਪਛਾਣ।
ਇਹ ਨਾ ਹੁੰਦੀ ਜੱਗ ਵਿਚ, ਤਾਂ ਹੁੰਦਾ ਸੱਭ ਸੁੰਨ ਸਾਨ।
ਪੀਰ ਪੈਗੰਬਰ ਔਲੀਏ, ਪਏ ਜਿੰਦ ਕਰਨ ਕੁਰਬਾਨ।
ਘਰ ਦੀ ਇਹ ਹੈ ਲੱਛਮੀ, ਮਹਿਫ਼ਲ ਦੀ ਇਹ ਸ਼ਾਨ।
ਹੈ ਸਿੱਧੀ ਤੀਰ ਦੇ ਵਾਂਗਰਾਂ, ਲਿਫ ਜਾਂਦੀ ਵਾਂਗ ਕਮਾਨ।
ਗ੍ਰਿਸਤੀ ਦੀ ਸੰਸਾਰ ਵਿਚ, ਨਹੀਂ ਇਸ ਤੋਂ ਬਿਨਾ ਗੁਜਰਾਨ।
"ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ।"

ਗੁਰੂ ਕੇ ਅਖਵਾਉਣ ਵਾਲੇ ਅਗਰ ਕਦੀ ਅਖੰਡ ਪਾਠਾਂ ਦੇ ਚੱਕਰਵਿਊ ਵਿਚੋਂ ਨਿਕਲ ਕੇ, ਗੁਰਬਾਣੀ ਨੂੰ ਵਿਚਾਰ ਸਹਿਤ ਪੜ੍ਹਨ ਦਾ ਸੁਭਾਅ ਬਣਾ ਲੈਣ, ਗੁਰੂ ਗ੍ਰੰਥ ਸਾਹਿਬ ਦੀਆਂ ਅਰਥ ਬੋਧ ਵਾਲੀਆਂ ਪੋਥੀਆਂ, ਹਰ ਇਕ ਘਰ ਵਿਚ ਹੋਣ। ਗੁਰਦਵਾਰਿਆਂ ਦੀਆਂ ਗੋਲਕਾਂ ਭਰਨ ਦੀ ਥਾਂ, ਬੇਲੋੜੇ ਲੰਗਰ ਚਲਾਉਣ ਦੀ ਥਾਂ, ਉਨੇ ਪੈਸੇ, ਗਿਆਨ ਹਾਸਲ ਕਰਨ ਤੇ ਖ਼ਰਚੀਏ। ਹੱਥੀ ਕੰਮ ਕਰਨਾ ਸਿਖ ਕੇ

ਆਰਥਕ ਪੱਖੋਂ ਮਜ਼ਬੂਤ ਹੋਈਏ। ਪ੍ਰਬੰਧਕਾਂ ਦੀਆਂ ਤਜੋਰੀਆਂ ਨਾ ਭਰਦੇ ਰਹੀਏ। ਵਿਆਹਾਂ ਅਤੇ ਮਰਨਿਆਂ 'ਤੇ ਲੱਖਾਂ ਰੁਪਏ ਬਰਬਾਦ ਕਰਨ ਦੀ ਥਾਂ ਅਪਣੇ ਬੱਚੇ-ਬੱਚੀ ਨੂੰ ਪੈਰਾਂ 'ਤੇ ਖੜੇ ਕਰਨ ਵਾਸਤੇ ਕੋਈ ਉਪਰਾਲਾ ਕਰੀਏ। ਵਰਨਾ ਸਿੱਖ ਕੌਮ ਬਰਬਾਦੀ ਦੇ ਕੰਢੇ 'ਤੇ ਖੜੀ ਹੈ, ਵੇਲਾ ਸੰਭਲਣ ਦਾ ਹੈ।

ਪੇਈਅੜੇ ਸਹੁ ਸੇਵਿ ਤੂੰ ਸਾਹੁਰੜੈ ਸੁਖਿ ਵਸੁ ॥
ਗੁਰ ਮਿਲਿ ਚਜੁ ਆਚਾਰੁ ਸਿਖੁ, ਤੁਧੁ ਕਦੇ ਨ ਲਗੈ ਦੁਖੁ ॥
ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥
ਨਾਨਕ ਧੰਨੁ ਸੋਹਾਗਣੀ, ਜਿਨ ਸਹ ਨਾਲਿ ਪਿਆਰੁ ॥ (50)

ਹੇ ਪੁਤਰੀ! ਮਾਤਾ-ਪਿਤਾ ਦੇ ਘਰ ਵਿਚ ਨਿਰੰਕਾਰ ਪਤੀ ਨੂੰ ਚਿੱਤ ਵਿਚ ਬਸਾਈ ਰੱਖੀ। ਗੁਣਵਾਨ ਬਣ ਜਾਵੀਂ। ਗੁਣਾਂ ਦੇ ਕਾਰਨ ਹੀ ਤੇਰੀ ਸਹੁਰੇ ਘਰ ਵਿਚ ਇੱਜ਼ਤ ਹੋਵੇਗੀ। ਪਤੀ ਨੂੰ ਮਿਲਣ ਦੇ ਢੰਗ ਗੁਰੂ ਨੂੰ ਮਿਲ ਕੇ (ਗੁਰਬਾਣੀ ਪੜ੍ਹ ਸਮਝ ਕੇ) ਸਮਝ ਲਈਦੇ ਹਨ। ਜਦੋਂ ਤੂੰ ਜ਼ਿੰਦਗੀ ਜਿਊਣ ਦੇ ਸਾਰੇ ਆਚਾਰ ਵਿਹਾਰ ਸਿੱਖ ਲਵੇਗੀ, ਫਿਰ ਤੈਨੂੰ ਸਹੁਰੇ ਘਰ ਦੁੱਖਾਂ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਸਾਰੀਆਂ ਹੀ (ਜੀਵ) ਇਸਤਰੀਆਂ ਨੇ ਸਹੁਰੇ ਘਰ ਜਾਣਾ ਹੈ। ਜਿਵੇਂ ਵਿਆਹ ਹੁੰਦਾ ਹੈ, ਉਸ ਸਮੇਂ ਲੜਕੀ ਛੋਟੀ ਹੁੰਦੀ ਹੈ। ਮਗਰੋਂ ਜੁਆਨ ਹੋਣ 'ਤੇ ਕੁੱਝ ਰਸਮਾਂ ਦੀ ਪੂਰਤੀ ਕਰ ਕੇ ਸਹੁਰੇ ਘਰ ਤੋਰ ਦਿਤੀ ਜਾਂਦੀ ਹੈ। ਉਹ ਔਰਤਾਂ (ਜੀਵ) ਧੰਨਤਾ ਯੋਗ ਹਨ, ਸਤਿਕਾਰਯੋਗ ਹਨ, ਅਸਲੀ ਸੋਹਾਗਣਾਂ ਹਨ, ਜਿਨ੍ਹਾਂ ਦਾ ਪ੍ਰਮੇਸਰ ਪਤੀ ਨਾਲ ਸੱਚਾ ਪਿਆਰ ਹੈ। ਅਜਿਹੀਆਂ ਗੁਣਵਾਨ ਜੀਵ ਇਸਤਰੀਆਂ ਦੀ ਬਹੁਲਤਾ ਨਾਲ ਹੀ ਸਾਰਾ ਸਮਾਜ ਸੋਹਣਾ ਬਣਦਾ ਹੈ। ਧਰਤੀ ਹੀ ਧਰਮਸਾਲ ਬਣੀ ਦਿਸਦੀ ਹੈ।

ਦਾਜ ਤੇ ਸ਼ਿੰਗਾਰ

ਸਾਹਿਤ ਪੜ੍ਹਦਿਆਂ, ਇਤਿਹਾਸ ਵਿਚਾਰਿਆਂ, ਧਰਮਾਂ ਦਾ ਅਧਿਐਨ ਕਰਦਿਆਂ, ਇਕ ਗੱਲ ਹਰ ਥਾਂ 'ਤੇ ਸਾਂਝੀ ਨਜ਼ਰ ਆਈ ਕਿ ਦੁਨੀਆਂ ਦੇ ਕਿਸੇ ਭੀ ਖਿੱਤੇ ਵਿਚ ਰਹਿਣ ਵਾਲੀਆਂ ਔਰਤਾਂ, ਹਾਰ ਸ਼ਿੰਗਾਰ ਦੀਆਂ ਚਾਹਵਾਨ ਹਨ। ਅਪਣੇ ਆਪ ਨੂੰ ਸੁੰਦਰ ਬਣਾ ਕੇ ਰੱਖਣਾ ਚਾਹੁੰਦੀਆਂ ਹਨ। ਘਰ ਨੂੰ ਬਣਾ ਸੰਵਾਰ ਕੇ ਰੱਖਣਾ ਔਰਤਾਂ ਦੇ ਸੁਭਾਅ ਦਾ ਹਿੱਸਾ ਹੈ। ਸਮਾਜਕ ਗੀਤਾਂ ਰਸਮਾਂ (ਲੈਣ ਦੇਣ) ਭੀ ਔਰਤਾਂ ਹੀ ਨਿਭਾਉਂਦੀਆਂ ਹਨ। ਦੂਜੀ ਸਾਂਝੀ ਗੱਲ ਕਿ ਤੀਵੀਆਂ ਦੀ ਕੋਈ ਜਾਤ ਨਹੀਂ ਹੁੰਦੀ। ਹਾਲਾਂਕਿ ਗੁਰਬਾਣੀ ਨੇ ਜਾਤ ਪਰਬੰਧ ਨੂੰ ਮੂਲੋਂ ਹੀ ਰੱਦ ਕੀਤਾ ਹੈ। ਫਿਰ ਭੀ ਇਹ ਜਾਤੀ ਕੋਹੜ ਸਮਾਜ ਵਿਚ ਜਿਉਂ ਦਾ ਤਿਉਂ ਮੌਜੂਦ ਹੈ। ਸਿੱਖ ਸਮਾਜ ਭੀ ਜਾਤੀਵਾਦ ਵਿਚ ਉਸੇ ਤਰ੍ਹਾਂ ਗਰਕਿਆ ਵੇਖਿਆ ਜਾ ਸਕਦਾ ਹੈ, ਜਿਵੇਂ ਬਾਕੀ ਲੋਕ।

ਸੰਨ 2000 ਵਿਚ ਲੇਖਕ ਰਾਂਚੀ (ਝਾਰਖੰਡ ਸੂਬਾ) ਵਿਖੇ ਗੁਰੂ ਨਾਨਕ ਜੀ ਦੇ ਗੁਰਪੁਰਬ 'ਤੇ ਗਿਆ। ਕਥਾ ਵਿਚ ਇਕ ਸਮੇਂ ਮੈਂ ਜਾਤ ਪਾਤ ਦੇ ਵਿਰੁਧ ਸਖ਼ਤ ਟਿਪਣੀਆਂ ਕੀਤੀਆਂ। ਪ੍ਰੋਗਰਾਮ ਤੋਂ ਮਗਰੋਂ ਉਥੋਂ ਦੇ ਕੁੱਝ ਹਿੰਦੂ ਦੁਕਾਨਦਾਰ ਤੇ ਬ੍ਰਾਹਮਣ ਪੁਜਾਰੀ ਇਕੱਠੇ ਹੋ ਕੇ, ਸੁਆਲ ਜਵਾਬ ਕਰਨ ਲੱਗੇ। ਉਹਨਾਂ ਦਾ ਤਰਕ ਸੀ ਕਿ "ਜਾਤ ਪਾਤ ਜਨਮ ਤੋਂ ਹੁੰਦੀ ਹੈ। ਸਦੀਆਂ ਤੋਂ ਪ੍ਰਚਲਤ ਹੈ, ਧਰਮ ਗ੍ਰੰਥਾਂ ਵਿਚ ਲਿਖੀ ਹੋਈ ਹੈ।" ਸੁਆਲ ਜਵਾਬ ਅੱਗੇ ਇਉਂ ਕੀਤੇ ਗਏ :

ਮੇਰਾ ਸੁਆਲ - ਪੰਡਿਤ ਜੀ! ਤੁਸੀ ਬ੍ਰਾਹਮਣ ਕਿਵੇਂ ਮੰਨੇ ਗਏ ?ਅਤੇ ਤੁਹਾਡੀ ਉਪ ਜਾਤ (ਗੋਤ) ਭਾਰਦਵਾਜ ਕਿਉਂ ਹੈ ?

ਪੰਡਿਤ - ਅਸੀ ਬ੍ਰਹਮਾ ਦੇ ਮੂੰਹ ਤੋਂ ਪੈਦਾ ਹੋਏ ਹਾਂ। ਇਕ ਬਹੁਤ ਵੱਡੇ ਰਿਸ਼ੀ ਭਾਰਦਵਾਜ ਦੇ ਮੰਨਣ ਵਾਲੇ ਹਾਂ।

ਸੁਆਲ - ਪਹਿਲੀ ਗੱਲ ਬ੍ਰਹਮਾ ਇਕ ਕਾਲਪਨਿਕ ਦੇਵਤਾ ਹੈ। ਉਸ ਦੇ ਪੈਦਾ ਹੋਣ ਦੇ ਢੰਗ ਤਰੀਕੇ ਗ਼ੈਰ-ਕੁਦਰਤੀ ਹਨ। ਦੂਜਾ ਮੂੰਹ ਵਿਚੋਂ ਕੋਈ ਜੀਵ ਪੈਦਾ ਨਹੀਂ ਹੋਇਆ ਕਰਦਾ। ਹਰ ਕੋਈ ਜਾਣਦਾ ਹੈ ਕਿ ਬੱਚੇ ਦੀ ਪੈਦਾਇਸ਼ ਮਾਤਾ-ਪਿਤਾ ਦੇ ਸੰਯੋਗ ਤੋਂ ਹੁੰਦੀ ਹੈ। ਕੀ ਬ੍ਰਹਮਾ ਦੇ ਮੂੰਹ ਵਿਚ ਔਰਤਾਂ ਵਾਲਾ 'ਜਣਨ ਅੰਗ' ਲਗਿਆ ਹੋਇਆ ਸੀ ?ਅਗਲੀ ਗੱਲ, ਕੋਈ ਇਸਤਰੀ ਵਿਆਹੀ ਜਾ ਕੇ ਜਦੋਂ ਅਪਣੇ ਪਿਤਾ ਦੇ ਘਰ ਤੋਂ ਵਿਦਾ ਹੋ ਕੇ ਪਤੀ ਦੇ ਘਰ ਦਾਖ਼ਲ ਹੁੰਦੀ

ਹੈ ਤਾਂ ਉਸ ਦੀ ਜਾਤ ਪਿਤਾ ਵਾਲੀ ਨਾ ਰਹਿ ਕੇ ਪਤੀ ਵਾਲੀ ਬਣ ਜਾਂਦੀ ਹੈ। ਅਗਰ ਜਾਤ ਪਾਤ ਹਜ਼ਾਰਾਂ ਸਾਲ ਤੋਂ ਹੈ, ਧਰਮ ਗ੍ਰੰਥਾਂ ਤੋਂ ਹੈ। ਫਿਰ ਇਕੋ ਝਟਕੇ ਨਾਲ ਖ਼ਤਮ ਕਿਵੇਂ ਹੋ ਜਾਂਦੀ ਹੈ?

ਪੰਡਿਤ – ਦਰਅਸਲ ਇਸਤਰੀ ਦੀ ਕੋਈ ਜਾਤ ਨਹੀਂ ਹੁੰਦੀ।

ਸੁਆਲ – "ਪੰਡਿਤ ਜੀ! ਤੁਸੀ ਇਸਤਰੀ ਨੂੰ ਇਨਸਾਨ ਮੰਨਦੇ ਹੋ ਕਿ ਨਹੀਂ? ਸਿੱਖ ਧਰਮ ਜਾਤ ਦਾ ਵਿਰੋਧੀ ਹੈ। ਪਰ ਤੁਸੀ ਦੱਸੋ ਕਿ ਆਦਮੀ ਦੀ ਜਾਤ ਹੈ, ਔਰਤ ਦੀ ਜਾਤ ਨਹੀਂ ਹੈ? ਜੇ ਨਹੀਂ ਹੈ ਤਾਂ ਪਤੀ ਵਾਲੀ ਜਾਤ ਭੀ ਕਿਉਂ ਹੈ? ਜਾਂ ਤੁਸੀ ਕਹਿ ਦਿਉ ਕਿ ਇਸਤਰੀ ਇਨਸਾਨ ਹੀ ਨਹੀਂ ਹੈ। ਮੈਂ ਮੰਨ ਲਵਾਂਗਾ ਕਿ ਤੁਸੀ ਕਿਸੇ ਭੇਡ ਬੱਕਰੀ ਜਾਂ ਗਾਂ ਮੱਝ ਤੋਂ ਜਨਮ ਲਿਆ ਹੈ।" ਇਸ ਤੋਂ ਮਗਰੋਂ ਉਹਨਾਂ ਦੀ ਸਵਾਲ ਜੁਆਬ ਕਰਨ ਦੀ ਸਮਰੱਥਾ ਖ਼ਤਮ ਹੋ ਗਈ। ਭਰੇ ਪੀਤੇ ਬੁੜ ਬੁੜ ਕਰਦੇ ਵਿਦਾ ਹੋ ਗਏ।

ਇਕ ਮਾਂ ਇਕੋ ਪਿਉ ਤੋਂ ਜਨਮ ਲੈ ਕੇ ਲੜਕੇ ਦੀ ਜਾਤ ਹੈ ਪਰ ਲੜਕੀ ਦੀ ਕੋਈ ਜਾਤ ਨਹੀਂ। ਪਤੀ ਦੀ ਜਾਤ ਹੈ, ਪਤਨੀ ਦੀ ਕੋਈ ਜਾਤ ਨਹੀਂ, ਉਸ ਨੂੰ ਪਤੀ ਵਾਲੀ ਜਾਤ ਅਪਣਾਉਣੀ ਪੈਂਦੀ ਹੈ। ਪਿਤਾ ਦੀ ਜਾਤ ਹੈ ਮਾਂ ਦੀ ਕੋਈ ਜਾਤ ਨਹੀਂ। ਉਸੇ ਬੀਜ ਤੋਂ, ਉਸੇ ਖ਼ੂਨ ਤੋਂ, ਉਸੇ ਗਰਭ ਤੋਂ ਲੜਕਾ-ਲੜਕੀ ਜਨਮ ਲੈਂਦੇ ਹਨ। ਲੜਕੇ ਨੂੰ ਪਿਤਾ ਵਾਲੀ ਜਾਤ ਮਿਲਦੀ ਹੈ, ਮਾਤਾ ਵਾਲੀ ਕਿਉਂ ਨਹੀਂ? ਜੇ ਮਾਂ ਦੀ ਜਾਤ ਬੁਰੀ ਹੈ ਫਿਰ ਉਸ ਦਾ ਗਰਭ (ਪੇਟ) ਬੁਰਾ ਕਿਉਂ ਨਹੀਂ? ਉਸ ਦਾ ਦੁੱਧ ਜ਼ਹਿਰ ਕਿਉਂ ਨਹੀਂ? ਬੱਚਾ ਉਸ ਦੀ ਗੋਦ ਵਿਚ ਕਿਉਂ ਖੇਡੇ? ਉਸ ਦਾ ਜੂਠਾ ਕਿਉਂ ਖਾਧਾ-ਪੀਤਾ? ਗੁਰਬਾਣੀ ਨੇ ਤਾਂ ਡੰਕੇ ਦੀ ਚੋਟ ਨਾਲ ਇਉਂ ਐਲਾਨ ਕੀਤਾ ਹੈ:

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥
ਇਸ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (1128)

ਹੇ ਗਵਾਰ ਮਨੁੱਖ! ਤੂੰ ਬਹੁਤ ਲੰਮੇ ਅਰਸੇ ਤੋਂ ਮੂਰਖ ਹੀ ਚਲਿਆ ਆ ਰਿਹਾ ਹੈਂ। ਜਾਤੀ ਨੂੰ ਗਲੋਂ ਲਾਹ ਦੇ, ਜਾਤੀ ਹੰਕਾਰ ਨੂੰ ਤਿਆਗ ਦੇ। ਇਹ ਜਾਤ-ਪਾਤੀ ਹੰਕਾਰ ਬਹੁਤ ਬੁਰਾ ਹੈ, ਇਸ ਤੋਂ ਅੱਗੇ ਬਹੁਤ ਬੁਰਾਈਆਂ ਪੈਦਾ ਹੁੰਦੀਆਂ ਹਨ। ਲੜਕੀ ਨੂੰ ਜਨਮ ਲੈਂਦਿਆਂ ਹੀ ਮਾਰਿਆ ਗਿਆ। ਨਵੀਆਂ ਖੋਜਾਂ ਦੀ ਸਹਾਇਤਾ ਲੈ ਕੇ, ਜਨਮ ਲੈਣ ਤੋਂ ਪਹਿਲਾਂ ਹੀ ਟੈਸਟ ਕਰਵਾ ਕੇ, ਪਤਾ ਲਾ ਲੈਣਾ ਕਿ ਲੜਕੀ ਹੈ, ਉਸ ਹਾਲਤ ਵਿਚ ਜਨਮ ਲੈਣ ਤੋਂ ਪਹਿਲਾਂ ਹੀ ਮਾਰ ਦਿਤੀ ਜਾਂਦੀ ਹੈ। ਜੇ ਸਹੀ ਸਲਾਮਤ ਦੁਨੀਆਂ ਵਿਚ ਆ ਹੀ ਜਾਵੇ ਤਾਂ, "ਪੱਥਰ ਹੈ, ਚੁੜੇਲ ਹੈ, ਮਾਪਿਆਂ 'ਤੇ

ਭਾਰ ਜੂ" ਆਖ ਕੇ ਹੌਸਲਾ ਹੀਣ ਕੀਤੀ ਜਾਂਦੀ ਹੈ। ਬੀਮਾਰ ਹੋਣ ਤੇ ਲੜਕੇ ਲਈ ਸੌ ਤਰ੍ਹਾਂ ਦੇ ਇਲਾਜ, ਲੜਕੀ 'ਰੱਬ ਆਸਰੇ'। ਧਾਗਿਆਂ ਤਵੀਤਾਂ ਦੀ ਭਾਵੇਂ ਕੋਈ ਅਹਿਮੀਅਤ ਨਹੀਂ ਹੈ ਪਰ ਨਿੱਕੇ ਬਾਲਕਾਂ ਦੇ ਗਲ ਵਿਚ ਧਾਗੇ ਤਵੀਤ ਕੌਡੀਆਂ ਪੈਸੇ 'ਜੰਤਰ' ਕੇ ਆਮ ਹੀ ਪੁਆਏ ਜਾਂਦੇ ਸੀ। ਬੇਟੀਆਂ ਲਈ ਅਜਿਹਾ ਕੋਈ ਉਹੜ ਪੋਹੜ ਨਹੀਂ ਕੀਤਾ ਜਾਂਦਾ ਸੀ। ਅਖੇ ਇਹ ਨਹੀਂ ਮਰਦੀਆਂ, ਇਨ੍ਹਾਂ ਨੂੰ ਮੌਤ ਕਿਥੇ? ਘੱਟ ਖਾਣਾ ਪਿਆਰ ਦੀ ਅਣਹੋਂਦ, ਘਰੇਲੂ ਕੰਮਾਂ ਦਾ ਬੋਝ। ਨਿੱਕੀ ਨਿੱਕੀ ਗੱਲ 'ਤੇ ਝਿੜਕਾਂ, ਲਾਹਨਤਾਂ। ਜਿਵੇਂ ਜਿਵੇਂ ਉਮਰ ਵਧਦੀ ਹੈ, ਤਿਵੇਂ ਤਿਵੇਂ ਹੀ ਲੜਕੀ ਦੁਆਲੇ ਸਿਕੰਜਾ ਵਧੇਰੇ ਕਸਿਆ ਜਾਣ ਲਗਦਾ ਹੈ। ਬਾਹਰ ਅੰਦਰ ਹਰ ਥਾਂ ਜ਼ਹਿਰੀ ਨਜ਼ਰਾਂ ਪਿੱਛਾ ਕਰਦੀਆਂ ਹਨ। ਅਪਣਿਆਂ ਦੀਆਂ "ਕਿਤੇ ਹਸਦੀ ਨਾ ਹੋਵੇ, ਗ਼ਲਤੀ ਨਾ ਕਰ ਬੈਠੇ।"। ਨਜ਼ਰਾਂ ਬੇਗਾਨਿਆਂ ਦੀਆਂ "ਕਿਤੇ ਕਾਬੂ ਕਰ ਲਈਏ, ਭੁਚਲਾ ਕੇ ਅਪਣਾ ਮਤਲਬ ਕੱਢ ਲਈਏ।" ਸਕੂਲਾਂ, ਕਾਲਜਾਂ ਵਿਚ ਭੀ ਹਾਲਤ ਕੋਈ ਤਸੱਲੀ ਬਖ਼ਸ਼ ਨਹੀਂ ਹੈ। ਜੇ ਕਿਸੇ ਕਾਰਨ ਘਰ ਆਉਣ ਤੋਂ ਲੜਕੀ ਲੇਟ ਹੋ ਜਾਵੇ ਤਾਂ ਘਰ ਵਾਲੇ ਜਿਊਣਾ ਮੁਹਾਲ ਕਰ ਦਿੰਦੇ ਹਨ। "ਕਿੱਥੇ ਗਈ ਸੀ, ਕੀਹਦੇ ਕੋਲ ਖੜ੍ਹੀ ਸੀ, ਸਾਡੀ ਇੱਜ਼ਤ ਨਾ ਰੋਲ ਦੇਵੀਂ। ਪਿਉ ਦੀ ਪੱਗ ਨੂੰ ਦਾਗ਼ ਨਾ ਲਾ ਦੇਵੀਂ।" ਕਲੇਜਾ ਵਿੰਨਵੀਆਂ ਸਲਾਬਤਾਂ ਸੁਣਾ ਕੇ, ਲੜਕੀ ਦਾ ਖ਼ੂਨ ਤੋਂ ਪਾਣੀ ਬਣਾ ਦਿਤਾ ਜਾਂਦਾ ਹੈ। ਡਰੀ ਹੋਈ ਹਿਰਨੀ ਵਾਂਗ ਹਰ ਸਮੇਂ ਖ਼ਤਰਿਆਂ ਵਿਚ ਘਿਰੀ ਮਹਿਸੂਸ ਕਰਦੀ ਹੈ। ਅਚਨਚੇਤੀ ਕੋਈ ਮੁਸੀਬਤ ਆ ਪੈਣ 'ਤੇ, ਲੜਕੀ ਮੁਕਾਬਲਾ ਕਰਨ ਦੀ ਥਾਂ ਹੱਥ ਲਾਉਣ ਤੋਂ ਪਹਿਲਾਂ ਢਹਿ ਢੇਰੀ ਹੋ ਜਾਂਦੀ ਹੈ। ਹੰਝੂ ਵਗਾਉਣ ਤੋਂ ਸਿਵਾਏ ਉਸ ਨੂੰ ਕੁੱਝ ਭੀ ਨਹੀਂ ਆਉਂਦਾ।

ਚਾਹੀਦਾ ਤਾਂ ਇਹ ਸੀ ਕਿ ਪੁੱਤਰ ਦੇ ਬਰਾਬਰ ਸਹੂਲਤਾਂ ਦੇ ਕੇ, ਹਰ ਤਰ੍ਹਾਂ ਦੇ ਮਾੜੇ ਚੰਗੇ ਹਾਲਾਤ ਨਾਲ ਟੱਕਰ ਲੈਣ ਦੀ ਲੜਕੀ ਨੂੰ ਭੀ ਜਾਚ ਸਿਖਾਈ ਜਾਂਦੀ। ਪੜ੍ਹਾਈ ਦੇ ਬਰਾਬਰ ਮੌਕੇ ਦਿਤੇ ਜਾਂਦੇ। ਇਸ ਮਨੋਰੋਗ ਤੋਂ ਬਚਾਇਆ ਜਾਂਦਾ ਕਿ ਧੀਆਂ ਕੋਈ ਵਾਧੂ ਜਿਹੀ (ਅਣਚਾਹੀ) ਚੀਜ਼ ਹਨ। ਖਾਣਾ ਬਰਾਬਰ, ਖੇਡਣ ਕੁੱਦਣ ਦੇ ਮੌਕੇ ਇਕਸਾਰ ਦਿਤੇ ਜਾਣ। ਦਹਿਸ਼ਤ ਵਿਚ ਨਾ ਪਾ ਕੇ ਸਗੋਂ ਆਈ ਮੁਸੀਬਤ ਨਾਲ 'ਦੋ ਹੱਥ' ਕਰਨ ਲਈ ਤਿਆਰ ਕੀਤੀ ਜਾਂਦੀ। ਜੇ ਕੋਈ ਸਿਰ ਫਿਰਿਆ ਸੜਕ ਛਾਪ ਆਸ਼ਿਕ ਮੰਦੀ ਹਰਕਤ ਕਰੇ ਤਾਂ ਵੰਗਾਰਨ ਦੀ ਹਿੰਮਤ ਅਤੇ ਕੜਾਕੇਦਾਰ ਚਪੇੜ ਜੜ ਦੇਣ ਦੀ ਦਲੇਰੀ ਪੈਦਾ ਕੀਤੀ ਜਾਂਦੀ। ਜੂਡੋ ਕਰਾਟੇ ਤਾਂ ਸਾਰੀਆਂ ਹੀ ਬੇਟੀਆਂ ਲਈ ਸਿੱਖਣੇ ਜ਼ਰੂਰੀ ਕਰ ਦੇਣੇ ਚਾਹੀਦੇ ਹਨ, ਤਾਂਕਿ ਵਿਗੜਿਆਂ ਨੂੰ ਮੌਕੇ ਮੁਤਾਬਕ ਸਬਕ ਸਿਖਾਇਆ ਜਾ ਸਕੇ।

ਅਜਿਹੇ ਮੰਦੇ ਵਾਤਾਵਰਣ ਵਿਚ ਜਨਮੀਆਂ ਅਤੇ ਪਲੀਆਂ ਬੇਟੀਆਂ, ਕੇਵਲ ਘਰ ਦੀ ਚਾਰ ਦੀਵਾਰੀ ਤਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ। ਜ਼ਿੰਦਗੀ ਦਾ ਬਹੁਤਾ ਸਮਾਂ ਰਸੋਈ ਵਿਚ ਹੀ ਗੁਜ਼ਰ ਜਾਂਦਾ ਹੈ। ਅਪਣੇ ਘਰ ਵਿਚ ਰਹਿੰਦਿਆਂ ਜੋ ਸਮਾਂ ਬਾਕੀ ਬਚਦਾ ਹੈ, ਉਸ ਵਿਚ ਘਰ ਨੂੰ ਸਵਾਰਨਾ ਜਾਂ ਅਪਣੇ ਆਪ ਨੂੰ ਸ਼ਿੰਗਾਰਨਾ। ਮਾਵਾਂ ਦਾਜ ਦੀ ਤਿਆਰੀ ਵਿਚ ਰੁੱਝੀਆਂ ਹੁੰਦੀਆਂ ਹਨ। ਜਵਾਨ ਧੀਆਂ ਸ਼ਿੰਗਾਰ ਵਲ ਸਮਾਂ ਵੱਧ ਦੇਣ ਲਗਦੀਆਂ ਹਨ। ਸਾਦਗੀ ਵਿਚ ਕੁਦਰਤੀ ਸੁੰਦਰਤਾ ਹੈ। ਸ਼ਿੰਗਾਰ ਵਿਚ ਬਣਾਵਟੀ ਸੁਹੱਪਣ ਹੈ, ਵਕਤੀ ਖ਼ੁਸ਼ੀ ਹੈ। ਗੁਰੂ ਬਾਬਾ ਜੀ ਨੇ ਗੁਣਾਂ ਦਾ ਸ਼ਿੰਗਾਰ ਕਰਨ ਦਾ ਹੁਕਮ ਦਿਤਾ ਹੈ। ਆਉ ਸ਼ਬਦ ਪੜ੍ਹੀਏ:

ਮਨੁ ਮੋਤੀ ਜੇ ਗਹਿਣਾ ਹੋਵੈ, ਪਉਣੁ ਹੋਵੈ ਸੂਤ ਧਾਰੀ ॥
ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ, ਰਾਵੈ ਲਾਲ ਪਿਆਰੀ ॥
ਲਾਲ ਬਹੁ ਗੁਣਿ ਕਾਮਣਿ ਮੋਹੀ ॥ ਤੇਰੇ ਗੁਣ ਹੋਹਿ ਨ ਅਵਰੀ ॥ ਰਹਾਉ ॥
ਹਰਿ ਹਰਿ ਹਾਰੁ ਕੰਠਿ ਲੇ ਪਹਿਰੈ, ਦਾਮੋਦਰੁ ਦੰਤੁ ਲੇਈ ॥
ਕਰ ਕਰਿ ਕਰਤਾ ਕੰਗਨ ਪਹਿਰੈ, ਇਨ ਬਿਧਿ ਚਿਤੁ ਧਰੇਈ ॥
ਮਧੁਸੂਦਨੁ ਕਰ ਮੁੰਦਰੀ ਪਹਿਰੈ, ਪਰਮੇਸਰੁ ਪਟੁ ਲੇਈ ॥
ਧੀਰਜੁ ਧੜੀ ਬੰਧਾਵੈ ਕਾਮਣਿ, ਸ੍ਰੀ ਰੰਗੁ ਸੁਰਮਾ ਦੇਈ ॥
ਮਨ ਮੰਦਰਿ ਜੇ ਦੀਪਕੁ ਜਾਲੇ, ਕਾਇਆ ਸੇਜ ਕਰੇਈ ।
ਗਿਆਨ ਰਾਉ ਜਬ ਸੇਜੈ ਆਵੈ, ਤ ਨਾਨਕ ਭੋਗੁ ਕਰੇਈ ॥ (358)

ਹੇ ਪ੍ਰਮੇਸ਼ਰ ਜੀ! ਤੂੰ ਸਾਨੂੰ (ਜੀਵ ਇਸਤਰੀਆਂ+ਔਰਤ ਮਰਦ ਸਾਰੇ ਹੀ ਜੀਵ ਇਸਤਰੀਆਂ ਹਨ, ਪਰ ਇਥੇ ਸੰਬੋਧਨੀ ਬਚਨ ਔਰਤਾਂ ਦੇ ਸ਼ਿੰਗਾਰ ਵਾਲੇ ਵਰਤੇ ਹਨ) ਅਪਣੇ ਬੇਅੰਤ ਗੁਣਾਂ ਨਾਲ ਮੋਹ ਲਿਆ ਹੈ। ਜਿੰਨੇ ਗੁਣ ਤੇਰੇ ਵਿਚ ਹਨ, ਹੋਰ ਕਿਸੇ ਵਿਚ ਨਹੀਂ ਹੋ ਸਕਦੇ। ਪਰ ਕੁੱਝ ਕੁ ਗੁਣ ਤਾਂ ਅਪਣਾਏ ਜਾ ਸਕਦੇ ਹਨ ਜੋ ਜ਼ਰੂਰੀ ਹਨ। (ਰਹਾਉ) ਹੇ ਪੁੱਤਰੀ! ਲੋਕੀ ਮੋਤੀਆਂ ਦੇ ਹਾਰ ਪਹਿਨ ਕੇ ਸੁੰਦਰ ਬਣਦੇ ਹਨ, ਰੇਸਮ ਦੀ ਡੋਰੀ ਧਾਗਾ ਪਾਉਂਦੇ ਹਨ। ਪਰ ਤੂੰ ਮਨ ਨੂੰ ਇੰਨਾ ਗੁਣਵਾਨ ਬਣਾ ਲਈ ਜੋ ਮੋਤੀਆਂ ਨੂੰ ਪਿੱਛੇ ਛੱਡ ਜਾਵੇ। ਹੋਰ ਕਪੜੇ ਲੀੜੇ ਤਨ ਢਕਣ ਲਈ ਤਾਂ ਠੀਕ ਹਨ, ਪਰ ਅਸਲੀ ਸ਼ਿੰਗਾਰ ਹੈ ਨਿਮਰਤਾ ਦਾ, ਸੱਭ ਨੂੰ ਮੁਆਫ਼ ਕਰ ਦੇਣਾ ਦਾ। ਹਰ ਸਮੇਂ ਰੱਬ ਜੀ ਨੂੰ ਯਾਦ ਰੱਖਣਾ ਇਹੀ ਰੇਸਮੀ ਧਾਗਾ ਬਣ ਜਾਵੇ। ਇਸ ਤਰ੍ਹਾਂ ਗੁਣਵਾਨ ਇਸਤਰੀ, ਪਤੀ ਦਾ ਪਿਆਰ ਪ੍ਰਾਪਤ ਕਰ ਲੈਂਦੀ ਹੈ। ਰੱਬ ਜੀ ਦੀ ਯਾਦ ਨੂੰ ਗਲ ਦਾ ਹਾਰ ਬਣਾ ਲਵੇ। ਹੋਰ ਸੋਨੇ ਆਦਿ ਦੇ ਹਾਰ ਇਸ ਦੇ ਮੁਕਾਬਲੇ ਤੁੱਛ ਹਨ। ਨਿਰੰਕਾਰ ਦੇ ਨਾਮ ਨੂੰ ਹੀ ਦੰਦਾਂ ਦਾ ਦੰਦਾਸਾ ਬਣਾ ਲਵੇ (ਪੁਰਾਣੇ ਸਮੇਂ

ਦਾ ਦੰਤ ਮੰਜਨ) ਸੋਹਣੀਆਂ ਲੱਗਣ ਲਈ ਔਰਤਾਂ ਹੱਥਾਂ ਵਿਚ ਕੰਗਣ (ਇਕ ਗਹਿਣਾ) ਪਹਿਨਦੀਆਂ ਹਨ। ਸਿਆਣੀ ਔਰਤ ਕਰਤਾਰ ਨੂੰ ਹੀ ਕੰਗਣ ਮੰਨ ਕੇ ਚੱਲੇ। ਇਸ ਤਰ੍ਹਾਂ ਵਿਹਾਰ ਕਰਨ ਵਾਲੀ ਇਸਤਰੀ, ਉਸ ਮਾਲਕ ਦਾ ਮਨ ਜਿੱਤ ਲੈਂਦੀ ਹੈ। ਹੇ ਪੁਤਰੀ! ਤੂੰ ਉਂਗਲਾਂ ਵਿਚ ਤਰ੍ਹਾਂ ਤਰ੍ਹਾਂ ਦੀਆਂ ਮੁੰਦਰੀਆਂ ਪਹਿਨਣ ਦੀ ਥਾਂ ਕੰਨਾ ਵਿਚ ਮੁਰਕੀਆਂ ਪਾਉਣ ਦੀ ਥਾਂ, ਅਕਾਲ ਪੁਰਖ ਦੇ ਉੱਤਮ ਗੁਣਾਂ ਦੀ ਧਾਰਨੀ ਬਣ। ਰੇਸਮੀ ਬਸਤਰ ਪਹਿਨਣ ਦਾ ਸੌਕ ਪੂਰਾ ਕਰਨ ਦੀ ਥਾਂਵੇਂ ਤੂੰ ਸਾਦਗੀ ਵਿਚ ਰਹਿ। ਨਿਰੰਕਾਰ ਦਾ ਕ੍ਰਿਪਾ ਰੂਪੀ ਰੇਸ਼ਮੀ ਸੂਟ ਪਹਿਨ। ਵਿਆਹ ਕਰਵਾ ਕੇ ਨੂੰਹਾਂ-ਧੀਆਂ ਕੇਸਾਂ ਵਿਚ ਸੰਧੂਰ ਪਾਉਣ ਦਾ ਸ਼ਗਨ ਕਰਦੀਆਂ ਹਨ। ਪਰ ਇਸ ਸੰਧੂਰ ਦਾ ਤਿਆਗ ਕਰ ਕੇ ਮਨ ਨੂੰ ਧੀਰਜ ਵਿਚ ਲਿਆ। ਚੰਚਲਤਾ ਖ਼ਤਮ ਕਰ ਦੇ। ਅੱਖਾਂ ਦੀ ਸੁੰਦਰਤਾ ਵਾਸਤੇ ਬੀਬੀਆਂ ਕੱਜਲ (ਸੁਰਮਾ) ਪਾਉਂਦੀਆਂ ਹਨ। ਤੂੰ ਇਹਨਾਂ ਅੱਖਾਂ ਵਿਚ ਨਿਰੰਕਾਰ ਨੂੰ ਬਸਾ ਕੇ ਰੱਖ, ਇਹੋ ਅਸਲ ਸੁਰਮਾ ਹੈ। ਤੂੰ ਪਤੀ ਦੀ ਉਡੀਕ ਵਿਚ ਖ਼ੁਸ਼ੀਆਂ ਵਾਲਾ ਮਾਹੌਲ ਸਿਰਜਣ ਲਈ, ਘਰ ਵਿਚ ਦੀਪਕ ਜਲਾ ਕੇ ਰੋਸ਼ਨੀ ਕਰਦੀ ਹੈ। ਇਹ ਤਾਂ ਥੋੜ ਚਿਰਾ ਬਾਹਰੀ ਚਾਨਣ ਹੈ। ਅਸਲ ਚਾਨਣ ਤਾਂ ਹਿਰਦੇ ਵਿਚ ਕਰਨਾ ਹੈ। ਮਨ ਵਿਚੋਂ ਸਾਰੇ ਵਹਿਮ ਭਰਮ ਕੱਢ ਦੇ, ਇਕ ਪ੍ਰਭੂ 'ਤੇ ਟੇਕ ਰੱਖ। ਅਪਣੇ ਸੋਹਣੇ ਸਰੀਰ ਨੂੰ ਮਿਹਨਤ ਨਾਲ, ਕਿਰਤ ਨਾਲ, ਸੇਵਾ ਨਾਲ, ਪਰਉਪਕਾਰ ਨਾਲ ਸ਼ਿੰਗਾਰ ਲੈ, ਪਤੀ ਤਾਂ ਹੀ ਸਰੀਰ ਰੂਪੀ ਸੇਜ ਨੂੰ ਪ੍ਰਵਾਨ ਕਰ ਲਵੇਗਾ। ਉਪਰ ਵਰਣਤ ਜੀਵਨ ਵਿਧੀ ਵਿਚ ਟੁਰਦਿਆਂ ਤੂੰ ਪੂਰਨ ਰੂਪ ਵਿਚ ਗੁਣਵਾਨ ਅਤੇ ਗਿਆਨਵਾਨ ਬਣ ਜਾਵੇਂਗੀ। ਜਦੋਂ ਗਿਆਨ ਦਾ ਰਾਜਾ (ਨਿਰੰਕਾਰ) ਤੈਨੂੰ ਪ੍ਰਵਾਨ ਕਰ ਲਵੇਗਾ ਤਾਂ ਅਸਲੀ ਮਿਲਾਪ ਉਦੋਂ ਮੰਨਿਆ ਜਾਵੇਗਾ। ਪਤੀ ਪਤਨੀ ਤਾਂ ਨਿਤ ਮਿਲਦੇ ਹਨ, ਵਿਛੜਦੇ ਹਨ। ਪਿਆਰ ਕਰਦੇ ਹਨ, ਝਗੜਦੇ ਹਨ ਪਰ ਨਿਰੰਕਾਰ ਪਤੀ ਨਾਲ ਭੋਗ (ਸਾਂਝ) ਇਕ ਨਵੇਕਲੀ ਅਨੰਦਮਈ ਅਵੱਸਥਾ ਹੈ।

ਇਸ ਸਮਾਜ ਨੂੰ ਇਹਨਾਂ ਰਿਸ਼ਤਿਆਂ ਨੂੰ ਰਸੀਲੇ ਬਣਾਉਣ ਲਈ ਸਤਿਗੁਰੂ ਜੀ ਨੇ ਉਦਾਹਰਣਾਂ ਸਮਾਜ ਵਿਚੋਂ ਹੀ ਲਈਆਂ ਹਨ। ਜਿਸ ਔਰਤ ਨੂੰ ਨੀਵੀਂ ਆਖ ਕੇ ਭੰਡਿਆ ਗਿਆ ਹੈ, ਸਤਿਗੁਰੂ ਉਸ ਨੂੰ ਵੱਡਾ ਮਾਣ ਦਿੰਦੇ ਹਨ, ਬਰਾਬਰ ਦੀ ਇਨਸਾਨ ਸਵੀਕਾਰਦੇ ਹਨ :

ਗੁਰਮੁਖਿ ਸਦਾ ਸੋਹਾਗਣੀ, ਪਿਰੁ ਰਾਖਿਆ ਉਰਧਾਰਿ ॥
ਮਿਠਾ ਬੋਲਹਿ ਨਿਵਿ ਚਲਹਿ, ਸੇਜੈ ਰਵੈ ਭਤਾਰੁ ॥
ਸੋਭਾਵੰਤੀ ਸੋਹਾਗਣੀ, ਜਿਨ ਗੁਰ ਕਾ ਹੇਤੁ ਅਪਾਰੁ ॥ (31)

ਜਿਥੇ ਬੇਲੋੜੇ ਹਾਰ ਸ਼ਿੰਗਾਰ ਦੀ ਗੁਰਬਾਣੀ ਨੇ ਵਿਰੋਧਤਾ ਕੀਤੀ ਹੈ, ਉਥੇ ਦਾਜ ਵਰਗੀ ਲਾਹਨਤ ਦੇ ਖ਼ਿਲਾਫ਼ ਭੀ ਖੁੱਲ੍ਹ ਕੇ ਲਿਖਿਆ ਹੈ। ਸਮਾਜ ਵਿਚ ਇੰਨੀ ਹਵਸ ਵੱਧ ਚੁੱਕੀ ਹੈ ਕਿ ਦਾਜ ਕਾਰਨ ਮਲੂਕ, ਸੋਹਣੀਆਂ ਸਿਆਣੀਆਂ ਨੂੰਹਾਂ ਨੂੰ ਤਸੀਹੇ ਦਿੰਦੇ ਹਨ। ਸਰੀਰਕ ਮਾਰ ਤੋਂ ਇਲਾਵਾ ਕਲੇਜਾ ਵਿੰਨਵੇਂ ਮੰਦੇ ਬਚਨ ਬੋਲਦੇ ਹਨ। ਖ਼ੁਦ ਭਾਵੇਂ ਸਾਰੀ ਉਮਰ ਜੇਲ੍ਹ ਵਿਚ ਗੁਜਾਰਨੀ ਪਵੇ। ਮੁਕੱਦਮੇ ਲੜਦਿਆਂ ਜੋ ਕੁੱਝ ਪੱਲੇ ਸੀ, ਭਾਵੇਂ ਉਹ ਭੀ ਉੱਜੜ ਜਾਵੇ ਪਰ ਵਹੁਟੀ ਨੂੰ ਤੜਪਾ ਤੜਪਾ ਕੇ ਮਾਰ ਹੀ ਦੇਣਾ ਹੈ। ਬਚਪਨ ਤੋਂ ਹੀ ਲੜਕੀਆਂ ਨੂੰ ਅਜਿਹੀ ਸਿੱਖਿਆ ਮਿਲਦੀ ਹੈ ਕਿ **"ਤੇਰੀ ਡੋਲੀ ਪਿਤਾ ਦੇ ਘਰੋਂ ਜਾਵੇ, ਪਤੀ ਦੇ ਘਰੋਂ ਅਰਥੀ ਹੀ ਨਿਕਲੇ। ਸਹੁਰੇ ਘਰ ਝਗੜਾ ਕਰ ਕੇ ਪੇਕੇ ਨਾ ਆਵੀਂ, ਫਿਰ ਤੇਰੇ ਲਈ ਸਾਡੇ ਘਰ ਦੇ ਦਰਵਾਜ਼ੇ ਬੰਦ ਹਨ।"** ਅਣਗਿਣਤ ਲੜਕੀਆਂ ਦੀ ਜਾਨ ਬਚਾਈ ਜਾ ਸਕਦੀ ਹੈ। ਜੇ ਉਹਨਾਂ ਅੰਦਰ ਹਾਲਾਤ ਨਾਲ ਦੋ ਹੱਥ ਕਰਨ ਦੀ ਦਲੇਰੀ ਪੈਦਾ ਕੀਤੀ ਜਾਵੇ। ਅੰਦਰ ਸੜ ਕੇ ਮਰਨ ਨਾਲੋਂ, ਕੋਈ ਹੋਰ ਬਦਲਵਾਂ ਰਾਹ ਲੱਭਿਆ ਜਾਵੇ। ਲੜਕੀਆਂ ਨੂੰ ਔਰਤਾਂ ਨਾਲ ਸਬੰਧਤ ਕਾਨੂੰਨ ਤੋਂ ਜਾਣੂ ਕਰਵਾਇਆ ਜਾਵੇ। ਸਮਾਜ ਸੇਵੀ ਜਥੇਬੰਦੀਆਂ ਬਾਰੇ ਦੱਸਿਆ ਜਾਵੇ। ਅਖ਼ਬਾਰਾਂ ਤੇ ਟੀ.ਵੀ. ਵਾਲਿਆਂ ਨੂੰ ਬੁਲਾ ਕੇ ਭੀ ਅਪਣੇ ਨਾਲ ਹੋ ਰਿਹਾ ਸਲੂਕ ਦੱਸਿਆ ਜਾਵੇ। ਅਗਰ ਮਰਨਾ ਪੈ ਹੀ ਜਾਵੇ ਤਾਂ ਬਹਾਦਰਾਂ ਵਾਲੀ ਮੌਤ ਮਰਿਆ ਜਾਵੇ। ਦਾਜ ਦੇ ਲੋਭੀ ਪ੍ਰਵਾਰ ਨੂੰ ਕੋਈ ਸਖ਼ਤ ਸਬਕ ਸਿਖਾ ਦਿਤਾ ਜਾਵੇ। ਕੀੜੇ ਮਕੌੜਿਆਂ ਵਾਂਗ ਕਿਉਂ ਮਰਿਆ ਜਾਵੇ? ਜਿਤਨੀਆਂ ਲੜਕੀਆਂ (ਔਰਤਾਂ) ਸਮਾਜਕ ਤੇ ਪ੍ਰਵਾਰਿਕ ਦੁੱਖਾਂ ਦੀਆਂ ਸਤਾਈਆਂ ਹੋਈਆਂ ਆਤਮ ਹੱਤਿਆਵਾਂ ਕਰ ਚੁੱਕੀਆਂ ਹਨ। ਅਗਰ ਉਤਨੀਆਂ ਕੁ ਆਪਣੇ ਨਾਲ ਹੋ ਰਹੇ ਜੁਲਮਾਂ ਨੂੰ ਠੱਲਣ ਵਾਸਤੇ ਬਹਾਦਰੀ ਨਾਲ ਲੜਦੀਆਂ, ਕੋਈ ਸਿਆਣਪ ਵਾਲਾ ਰਾਹ ਤਲਾਸ਼ਦੀਆਂ ਤਾਂ ਅੱਜ ਤੱਕ ਬਹੁਤ ਸਾਰਾ ਸੁਧਾਰ ਹੋ ਚੁੱਕਿਆ ਹੋਣਾ ਸੀ। ਮਾਤਾ ਪਿਤਾ ਨੂੰ ਭੀ ਚਾਹੀਦਾ ਹੈ ਕਿ ਉਹ ਬੇਟੀਆਂ ਦੇ ਮਨ ਵਿਚ ਸਵੈ-ਵਿਸ਼ਵਾਸ ਪੈਦਾ ਕਰਨ, ਡਰਪੋਕ ਨਾ ਬਣਾਉਣ। ਸਕੂਟਰ ਤੋਂ ਲੈ ਕੇ ਹਰ ਤਰ੍ਹਾਂ ਦੀਆਂ ਗੱਡੀਆਂ ਮੋਟਰਾਂ ਚਲਾਉਣੀਆਂ ਭੀ ਬੱਚੀਆਂ ਨੂੰ ਜ਼ਰੂਰ ਸਿਖਾਉਣ। ਅਜਿਹੇ ਕੰਮ ਸਿਖਾਉਣ ਕਿ ਔਖੇ ਵੇਲੇ ਲੜਕੀ ਆਪਣਾ ਰੁਜ਼ਗਾਰ ਖ਼ੁਦ ਕਰ ਸਕੇ, ਲੋੜਾਂ ਤੋਂ ਆਤੁਰ ਨਾ ਹੋ ਜਾਵੇ। ਹਾਰ ਸ਼ਿੰਗਾਰ ਤੇ ਸਰੀਰਕ ਸੁੰਦਰਤਾ ਥੋੜ ਚਿਰੀ ਹੈ। ਸਦੀਵੀਂ ਜਾਂ ਉਮਰ ਭਰ ਤਾਂ ਇਨਸਾਨ ਦੇ ਗੁਣਾਂ ਨੇ ਨਿਭਣਾ ਹੈ। ਇਸ ਲਈ ਕਿੱਤਾ ਮੁਖੀ ਕੰਮ ਵੱਧ ਤੋਂ ਵੱਧ ਸਿੱਖੇ ਜਾਣ। ਦਾਜ ਦੇ ਵਿਰੁਧ ਗੁਰਬਾਣੀ ਇਉਂ ਫ਼ੈਸਲਾ ਸੁਣਾਉਂਦੀ ਹੈ:

ਹਰਿ ਪ੍ਰਭੁ ਮੇਰੇ ਬਾਬੁਲਾ, ਹਰਿ ਦੇਵਹੁ ਦਾਨ ਮੈ ਦਾਜੋ ॥
ਹਰਿ ਕਪੜੋ ਹਰਿ ਸੋਭਾ ਦੇਵਹੁ, ਜਿਤੁ ਸਵਰੈ ਮੇਰਾ ਕਾਜੋ ॥
ਹਰਿ ਹਰਿ ਭਗਤੀ ਕਾਜੁ ਸੁਹੇਲਾ, ਗੁਰ ਸਤਿਗੁਰ ਦਾਨੁ ਦਿਵਾਇਆ ॥
ਖੰਡਿ ਵਰਭੰਡਿ ਹਰਿ ਸੋਭਾ ਹੋਈ, ਇਹੁ ਦਾਨੁ ਨ ਰਲੈ ਰਲਾਇਆ ॥
ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ, ਸੁ ਕੂੜੁ ਅਹੰਕਾਰੁ ਕਚੁ ਪਾਜੋ ॥
ਹਰਿ ਪ੍ਰਭ ਮੇਰੇ ਬਾਬੁਲਾ, ਹਰਿ ਦੇਵਹੁ ਦਾਨੁ ਮੈ ਦਾਜੋ ॥ (79)

ਹੇ ਪਰਮ ਕ੍ਰਿਪਾਲੂ ਪਿਤਾ ਜੀ! (ਜੀਵ ਵਲੋਂ ਨਿਰੰਕਾਰ ਨੂੰ ਸੰਬੋਧਨ) ਤੁਸੀ ਮੇਰੇ ਲਈ ਸੰਸਾਰੀ ਵਸਤਾਂ ਵਾਲਾ ਦਾਜ ਇਕੱਠਾ ਕਰ ਕੇ ਨਾ ਦੇਣਾ। ਮੈਨੂੰ ਅਜਿਹਾ ਗਿਆਨ ਰੂਪ ਦਾਜ ਦਿਉ ਜੋ ਸਾਰੀ ਉਮਰ ਮੇਰੇ ਕੰਮ ਆਵੇ। ਪਰਮੇਸ਼ਰ ਦਾ ਨਾਂਮ (ਗਿਆਨ ਉਪਦੇਸ਼) ਰੂਪ ਕੱਪੜਾ ਦੇਵੋ। ਮੇਰੀ ਅਤੇ ਅਪਣੀ ਸੋਭਾ ਵਧਾਉਣ ਲਈ ਤੁਸੀ ਬਹੁਤਾ ਦਾਜ ਦਿੰਦੇ ਹੋ। ਮੈਨੂੰ ਅਜਿਹੀ ਗੁਣਵਾਨ ਬਣਾ ਦਿਉ ਕਿ ਅਪਣੇ ਆਪ ਹੀ ਸਾਰੇ ਮੇਰੀ ਵਡਿਆਈ ਕਰਨ। ਨਿਰੰਕਾਰ ਨੂੰ ਅਪਣਾ ਆਸਰਾ ਬਣਾਉਣ ਨਾਲ, ਸਾਰੇ ਕਾਰਜ ਸੁਤੇ ਸਿੱਧ ਸੰਵਰਨ ਲੱਗ ਪੈਂਦੇ ਹਨ। ਅਜਿਹੀ ਉੱਤਮ ਮੱਤ ਗੁਰੂ ਬਖ਼ਸ਼ਿਸ਼ ਕਰਦਾ ਹੈ। ਹੇ ਪਿਤਾ ਜੀ! ਧਰਤੀ ਦੇ ਕੋਨੇ ਕੋਨੇ ਵਿਚ ਅਜਿਹੀ ਸੋਭਾ ਹੋਣ ਲਗਦੀ ਹੈ ਕਿ ਸਾਰੀਆਂ ਬੇਟੀਆਂ ਨਾਲੋਂ ਨਿਰਾਲਾ (ਗੁਣਾ ਦਾ ਨੇਕੀ ਦਾ) ਦਾਜ ਵੇਖ ਕੇ, ਲੋਕੀ ਧੰਨ ਧੰਨ ਕਰਦੇ ਹਨ। ਜੋ ਤਰ੍ਹਾਂ ਤਰ੍ਹਾਂ ਦੇ ਦਾਨ (ਦਾਜ ਨੂੰ ਲੋਕੀ ਦਾਨ ਭੀ ਕਹਿੰਦੇ ਹਲ) ਲੋਕੀ ਧੀਆਂ ਨੂੰ ਦੇ ਕੇ ਟੋਰਦੇ ਹਨ, ਇਹ ਸਾਰੇ ਮਨਮੁੱਖਾਂ ਦੇ ਕੰਮ ਹਨ। ਦਾਜ ਮੰਗਣ ਵਾਲੇ ਵੱਡੇ ਮਨਮੁਖ ਤੇ ਪਾਪੀ ਹਨ। ਇਹ ਕੱਪੜੇ ਪੈਸੇ ਸੋਨਾ ਅਤੇ ਹੋਰ ਪਦਾਰਥ ਅਪਣਾ ਹੰਕਾਰ ਵਧਾਉਣ ਲਈ ਹੀ ਹਨ। ਅਜਿਹੇ ਕਰਮ ਕੱਚੇ ਪਿੱਲੇ ਲੋਕ ਹੀ ਕਰਦੇ ਹਨ। ਮੈਨੂੰ ਕਿਸੇ ਚੀਜ਼ ਦੀ ਪਰਦਰਨੀ ਚੰਗੀ ਨਹੀਂ ਲਗਦੀ। ਬਸ ਇਹੀ ਬੇਨਤੀ ਹੈ ਕਿ ਮੈਨੂੰ ਅਜਿਹੇ ਰੱਬ ਜੀ ਨਾਲ ਇਕ ਮਿਕ ਰਹਿਣ ਦੀ ਸੱਚੀ ਸਿਖਿਆ ਦੇਵੋ ਕਿ ਮੈਂ ਸਾਰੀ ਉਮਰ ਨੇਕੀ ਦੇ ਰਾਹ ਚਲਦੀ ਰਹਾਂ। ਮੇਰੇ ਲਈ ਇਹੀ ਸੱਚਾ ਦਾਨ ਹੈ, ਇਹੀ ਵਧੀਆ ਦਾਜ ਹੈ।

ਲੋਭ ਵਿਚ ਅੰਨੇ ਹੋਏ ਮਨੁੱਖ ਨੂੰ ਹਰ ਵਸਤੂ ਪੈਸੇ ਵਿਚੋਂ ਦੀ ਦਿਸਦੀ ਹੈ। ਉਸ ਲਈ ਧਰਮ ਭੀ ਪੈਸ਼ਾ, ਦੁਕਾਨ ਵਪਾਰ ਪੈਸਾ, ਨੌਕਰੀ ਪੈਸਾ, ਰਿਸ਼ਤੇ ਨਾਤੇ ਪੈਸਾ, ਧੀਆਂ-ਪੁੱਤਰ ਸੱਭ ਪੈਸੇ ਦੀ ਐਨਕ ਰਾਹੀਂ ਵੇਖੀਦੇ ਹਨ। ਨੂੰਹ ਵਰਗੀ "ਕੂਲੀ ਬਟੇਰੀ" ਜਦੋਂ ਪੈਰ ਹੇਠ ਆਈ ਹੋਵੇ, ਅਜਿਹਾ ਹਲਕਿਆ ਹੋਇਆ ਵਿਅਕਤੀ ਕਿਵੇਂ ਨਹੀਂ ਪੈਸਾ ਕਮਾਵੇਗਾ? ਮੰਗ ਮੋਟਰ ਸਾਈਕਲ ਦੀ, ਕਾਰ ਦੀ, ਸੋਨੇ ਦੀ ਨਗਦ ਦੀ... ਵਰਨਾ ਮੌਤ ਲਈ ਤਿਆਰ ਰਹੋ। ਗੁਰਬਾਣੀ ਫ਼ੁਰਮਾਨ ਹੈ:

ਜਿਉ ਕੂਕਰੁ ਹਰਕਾਇਆ, ਧਾਵੈ ਦਹਦਿਸ ਜਾਇ ॥

ਲੋਭੀ ਜੰਤ ਨ ਜਾਣਈ, ਭਖੁ ਅਭਖੁ ਸਭ ਖਾਇ ॥ (50)

ਹੇ ਭਾਈ! ਜਿਵੇਂ ਹਲਕਿਆ ਕੁੱਤਾ ਇਧਰ ਉਧਰ ਦੌੜਾ ਹੈ। ਜੋ ਭੀ ਅੱਗੇ ਆਉਂਦਾ ਹੈ, ਉਸੇ ਨੂੰ ਵੱਢ ਖਾਂਦਾ ਹੈ। ਇਸੇ ਤਰ੍ਹਾਂ ਲੋਭੀ ਬੰਦੇ ਦੀ ਹਾਲਤ ਹੈ। ਉਸ ਨੂੰ ਸਮਝ ਹੀ ਨਹੀਂ ਕਿ ਖਾਣਯੋਗ ਵਸਤੂ ਕਿਹੜੀ ਹੈ, ਤਿਆਗਣਯੋਗ ਕਿਹੜੀ ਹੈ ?ਅਜਿਹਾ ਹਲਕਿਆ ਵਿਅਕਤੀ ਧੀਆਂ-ਪੁੱਤਰਾਂ, ਨੂੰਹਾਂ ਰਿਸ਼ਤੇਦਾਰਾਂ, ਸੱਭ ਦਾ ਖ਼ੂਨ ਪੀਂਦਾ ਹੈ। ਉਸ ਨੂੰ ਕੋਈ ਸ਼ਰਮ ਨਹੀਂ, ਮਾਸਾ ਭਰ ਲਿਹਾਜ ਨਹੀਂ।

ਸਾਕਤ ਸੁਆਨ ਕਹੀਅਹਿ ਬਹੁ ਲੋਭੀ, ਬਹੁ ਦੁਰਮਤਿ ਮੈਲੁ ਭਰੀਜੈ ॥

ਆਪਨ ਸੁਆਇ ਕਰਹਿ ਬਹੁ ਬਾਤਾ, ਤਿਨਾ ਕਾ ਵਿਸਾਹੁ ਕਿਆ ਕੀਜੈ ॥(1326)

ਹੇ ਭਾਈ! ਪਾਪੀ ਮਨੁੱਖ ਅਤੇ ਕੁੱਤਾ ਦੋਵੇਂ ਅਤਿ ਲਾਲਚੀ ਹੁੰਦੇ ਹਨ। ਇਸੇ ਕਾਰਨ ਕੁੱਤਾ ਟੁੱਕਰ ਦੀ ਬੁਰਕੀ ਲਈ ਦਰ ਦਰ ਪੂਛਲ ਹਿਲਾਉਂਦਾ ਘੁੰਮਦਾ ਹੈ। ਇਸੇ ਤਰ੍ਹਾਂ ਦੇ ਸੁਭਾ ਵਾਲਾ ਲੋਭੀ ਮਨੁੱਖ, ਹਰ ਥਾਂ ਅਪਣੇ ਮਤਲਬ ਕੱਢਣ ਲਈ ਬੜੀਆਂ ਮਿੱਠੀਆਂ ਗੱਲਾਂ ਕਰਦਾ ਹੈ, ਬਹੁਤ ਡੀਗਾਂ ਮਾਰਦਾ ਹੈ। ਪਰ ਆਪਣਾ ਮਤਲਬ ਕੱਢ ਕੇ ਨੱਸ ਜਾਂਦਾ ਹੈ, ਮੁੜ ਨੇੜੇ ਨਹੀਂ ਆਉਂਦਾ। ਅਜਿਹੇ ਵਿਅਕਤੀਆਂ ਦਾ ਵਿਸ਼ਵਾਸ ਨਾ ਕਰਿਉ। ਇਕ ਪ੍ਰਮਾਣ ਹੋਰ ਪੜ੍ਹੋ :

ਲੋਭੀ ਕਾ ਵੇਸਾਹੁ ਨ ਕੀਜੈ, ਜੇ ਕਾ ਪਾਰਿ ਵਸਾਇ ॥

ਅੰਤਿ ਕਾਲਿ ਤਿਥੈ ਧੁਹੈ, ਜਿਥੈ ਹਥੁ ਨ ਪਾਇ ॥

ਮਨਮੁਖ ਸੇਤੀ ਸੰਗੁ ਕਰੇ, ਮੁਹਿ ਕਾਲਖ ਦਾਗੁ ਲਗਾਇ ॥

ਮੁਹ ਕਾਲੇ ਤਿਨਾ ਲੋਭੀਆਂ, ਜਾਸਨਿ ਜਨਮ ਗਵਾਇ ॥ (1417)

ਹੇ ਭਾਈ! ਲੋਭੀ ਮਨੁੱਖ ਕਿੰਨਾ ਭੀ ਯਕੀਨ ਬਣਾਵੇ, ਵਿਸ਼ਵਾਸ ਨਾ ਕਰਨਾ। ਤੁਹਾਨੂੰ ਇਹ ਲੋਭੀ ਬੰਦਾ ਅਜਿਹੇ ਥਾਂ ਧੋਖਾ ਦੇਵੇਗਾ, ਜਿਥੇ ਤੁਸੀ ਪੂਰੀ ਤਰ੍ਹਾਂ ਫਸ ਜਾਉਗੇ, ਬਚ ਨਿਕਲਣ ਦਾ ਕੋਈ ਰਾਹ ਨਹੀਂ ਲੱਭਣਾ। ਅਜਿਹੇ ਮਨਮੁੱਖਾਂ ਨਾਲ ਸਾਂਝ (ਰਿਸ਼ਤੇ ਨਾਤੇ) ਪਾ ਕੇ ਹਰ ਪੱਖੋਂ ਨੁਕਸਾਨ ਹੀ ਕਰਵਾਉਗੇ ਅਪਮਾਨ ਸਹੋਗੇ। ਅਜਿਹੇ ਲੋਭੀਆਂ ਦੇ ਤਾਂ ਮੂੰਹ ਕਾਲੇ ਕਰਨੇ ਚਾਹੀਦੇ ਹਨ। ਇਹਨਾਂ ਨੇ ਤਾਂ ਅਪਣਾ ਜਨਮ ਬਰਬਾਦ ਕੀਤਾ ਹੀ ਸੀ, ਕਈਆਂ ਨੂੰ ਹੋਰ ਭੀ ਡੋਬ ਦਿੱਤਾ। ਜਦੋਂ ਭੀ ਲੋਭ ਅਪਣਾ ਭਿਆਨਕ ਸੁਭਾਅ ਪ੍ਰਗਟ ਕਰਦਾ ਹੈ, ਤਦੋਂ ਆਮ ਵਿਅਕਤੀ ਹੀ ਨਹੀਂ ਰਾਜੇ-ਰਾਣੇ ਭੀ ਦਲਦਲ ਵਿਚ ਗਰਕ ਹੋ ਜਾਂਦੇ ਹਨ। ਜਿੰਨਾ ਵੱਡਾ ਪੈਸੇ ਵਾਲਾ ਵਿਅਕਤੀ, ਉਤਨਾ ਵੱਡਾ ਮੁੱਲ ਉਤਨਾ ਹੀ ਵੱਧ ਦਾਜ। ਸਮਾਜਵਾਦ ਦਾ ਢੋਲ ਵਜਾਉਣ ਵਾਲਿਆਂ ਦਾ ਮੁਖੀ ਹਰਕਿਸ਼ਨ ਸਿੰਘ ਸੁਰਜੀਤ 'ਗ਼ਰੀਬੀ ਦਾਵੇ' ਵਿਚ

ਅਪਣੇ ਪੋਤਰੇ ਦੇ ਵਿਆਹ ਤੇ, ਪੋਤ ਨੂੰਹ ਦੇ ਪਰਵਾਰ ਵਲੋਂ, ਪੰਦਰਾਂ ਕਰੋੜ ਰੁਪਏ ਤਾਂ ਪਾਰਟੀਆਂ 'ਤੇ ਖ਼ਰਚ ਕਰਵਾ ਗਿਆ। ਸੋਨਾ, ਕੱਪੜਾ ਤੇ ਹੀਰੇ ਆਦਿ ਕਿਸੇ ਲਿਖਤ ਵਿਚ ਨਹੀਂ ਆਏ। **"ਗ਼ਰੀਬਾਂ ਦੀ ਪਾਰਟੀ ਦਾ ਸਮਾਜਵਾਦੀ ਨੇਤਾ, ਵਿਆਹ 'ਤੇ ਸਿਰਫ਼ ਪੰਦਰਾਂ ਤੋਂ ਵੀਹ ਕਰੋੜ ਰੁਪਏ।"**

✿✿✿

ਵਿਆਹ ਸਮੇਂ ਸਿੱਖਿਆ ਤੇ ਰਸਮਾਂ

ਇਕ ਸਿਆਣੇ ਪੁਰਖ ਨੇ ਵਿਆਹ ਸਮੇਂ ਹੁੰਦਾ ਉਜਾੜਾ ਵੇਖ ਕੇ ਹਉਕਾ ਲੈਂਦਿਆਂ ਟਿਪਣੀ ਕੀਤੀ : **"ਵਿਆਹ ਤੋਂ ਪਹਿਲਾਂ ਦੋਹਾਂ ਧਿਰਾਂ ਚੰਗੀ ਸਬਜੀ ਰੋਟੀ ਖ਼ਾਂਦੇ ਹਨ। ਵਿਆਹ ਤੋਂ ਮਗਰੋਂ ਦੋਵੇਂ ਚਟਣੀ ਨਾਲ ਰੋਟੀ ਖਾਣ ਜੋਗੇ ਰਹਿ ਜਾਂਦੇ ਹਨ। ਖ਼ਾਸ ਕਰ ਕੇ ਲੜਕੀ ਵਾਲੇ।"** ਇਉਂ ਭੀ ਕਿਹਾ ਜਾ ਸਕਦਾ ਹੈ ਕਿ ਦਸ ਸਾਲ ਦੀ ਕਮਾਈ ਦੋ ਦਿਨਾਂ ਵਿਚ ਉਡਾਈ ਜਾਂ ਪੇਂਡੂ ਮੁਹਾਵਰੇ ਵਿਚ ਇਉਂ ਆਖ ਸਕਦੇ ਹਾਂ, ਹਰਿਆ ਭਰਿਆ ਖੇਤ ਗਧਿਆਂ ਨੂੰ ਲੁਟਾ ਦਿਤਾ। ਵੱਡੇ ਪੈਲੇਸ ਵਿਚ ਵਿਆਹ ਦਾ ਪ੍ਰਬੰਧ ਕਰਨਾ। ਅਣਗਿਣਤ ਕਿਸਮ ਦੇ ਖਾਣੇ ਪਰੋਸਣੇ। ਕਈ ਤਰ੍ਹਾਂ ਦੇ ਠੰਢੇ, ਦੋ ਚਾਰ ਤੱਤੇ ਪੀਣ ਵਾਲੇ ਪਦਾਰਥ, ਗਿੱਲੇ-ਸੁੱਕੇ ਬਹੁਤ ਤਰ੍ਹਾਂ ਦੇ ਮੀਟ ਅਤੇ ਮਹਿੰਗੀਆਂ ਅੰਗਰੇਜ਼ੀ ਸ਼ਰਾਬਾਂ। ਸਟੇਜ 'ਤੇ ਲੱਕ ਹਿਲਾ ਕੇ, ਅੱਖਾਂ ਮਟਕਾ ਕੇ ਅੱਧ ਨੰਗੇ ਜਿਸਮ ਰਾਹੀਂ ਨੱਚਣ-ਗਾਉਣ ਵਾਲੀਆਂ ਵਿਆਹ ਨੂੰ ਚਾਰ ਚੰਨ ਲਾ ਰਹੀਆਂ ਹੁੰਦੀਆਂ ਨੇ। ਪਿੱਛੇ ਕੰਨ ਵਾੜਵੀਂ ਪਾਗਲ ਕਰ ਦੇਣ ਵਾਲੀ ਆਵਾਜ਼ ਵਿਚ, ਲੱਚਰ ਗਾਣੇ ਵੱਜ ਰਹੇ ਹੁੰਦੇ ਹਨ। ਉਮਰਾਂ ਦੇ ਭੁੱਖੇ ਲੋਕ, ਹਾਬੜਿਆਂ ਵਾਂਗ ਖਾਣੇ ਵਲ ਦੌੜਦੇ ਹਨ। ਹਰ ਚੀਜ਼ ਅਪਣੇ ਅੰਦਰ ਲਗਾਤਾਰ ਸੁਟਦੇ ਨਿਗਲਦੇ ਚਲੇ ਜਾਂਦੇ ਹਨ। ਜਿਵੇਂ ਅੱਜ ਤੋਂ ਮਗਰੋਂ ਫਿਰ ਛੇ ਮਹੀਨੇ ਰੋਟੀ ਨਹੀਂ ਮਿਲੇਗੀ। ਇਉਂ ਕਹਿ ਲਈਏ ਮੌਜੂਦਾ ਦੌਰ ਵਿਚ ਦੋ ਪ੍ਰਵਾਰ ਅਪਣੇ ਘਰਾਂ ਨੂੰ ਅੱਗ ਲਾ ਕੇ, ਅਪਣੇ ਭਵਿੱਖ ਨੂੰ ਭੁੰਨਦੇ ਹਨ ਤੇ ਲੋਕਾਂ ਅੱਗੇ ਪਰੋਸਦੇ ਹਨ। ਲੋਕੀ ਖ਼ੂਬ ਤਮਾਸ਼ਾ ਵੇਖਦੇ ਹਨ ਤੇ ਪੇਟ ਤੂੜ ਕੇ, ਕੁੱਝ ਦਮੜੇ (ਰੋਟੀ ਦਾ ਮੁੱਲ ?) ਦੇ ਕੇ ਚਾਲੇ ਪਾ ਦਿੰਦੇ ਹਨ। ਕਿਸੇ ਪਾਸੇ ਭੀ ਬਾਬਾ ਨਾਨਕ ਜੀ ਦੀ ਸਿੱਖੀ ਦੇ ਦਰਸ਼ਨ ਨਹੀਂ ਹੁੰਦੇ।

ਕੁੱਝ ਟੁੱਕੜ ਬੋਚ ਕਿਸਮ ਦੇ "ਕਵੀ" ਕਿਸੇ ਹੋਰ ਦੀ ਲਿਖੀ ਕਵਿਤਾ ਲੈ ਕੇ, ਬੋਝੇ ਵਿਚੋਂ ਮੈਲਾ ਤੇ ਸੜਿਆ ਬੁਸਿਆ ਕਾਗ਼ਜ਼ ਕੱਢ ਕੇ, ਸਟੇਜ 'ਤੇ ਆ ਕਬਜ਼ਾ ਕਰਦੇ ਹਨ। ਕਦੀ ਸਿੱਖਿਆ ਪੜ੍ਹਨਗੇ, ਕਦੀ ਸਿਹਰਾ। ਸਾਰੀ ਉਮਰ ਦੀ ਸਿਖਿਆ ਜਿਵੇਂ ਇਕੋ ਦਿਨ ਵਿਚ ਅੰਦਰ ਧੱਕ ਦੇਣ ਲੱਗੇ ਹੋਣ। ਦਾਦੇ-ਦਾਦੀਆਂ, ਨਾਨੇ-ਨਾਨੀਆਂ ਅਤੇ ਹੋਰ ਮਰ ਚੁੱਕੇ ਬਜ਼ੁਰਗਾਂ ਨੂੰ "ਸੱਚ ਖੰਡ" ਵਿਚੋਂ ਹੇਠਾਂ ਉਤਾਰ ਲਿਆਉਣਗੇ। ਬੱਚਿਆਂ ਨੂੰ ਆਸ਼ੀਰਵਾਦ ਦੇਣਗੇ। ਕਦੀ ਉਪਰੋਂ ਹੀ ਫੁੱਲ ਬਰਸਾਉਂਦੇ ਖ਼ੁਸ਼ੀ ਵਿਚ ਖੀਵੇ ਹੋਏ ਬਿਆਨਣਗੇ। ਜਿਤਨੀ ਦੇਰ ਮਾਇਆ ਦਾ ਚੰਗਾ ਗੱਫਾ ਮੂਹਰੇ ਇਕੱਠਾ ਨਹੀਂ ਹੋ ਜਾਂਦਾ ਜਾਂ ਕੋਈ ਬੈਠ ਜਾਣ ਲਈ ਤਾੜਨਾ ਨਹੀਂ

ਕਰ ਦਿੰਦਾ, ਉਤਨੀ ਦੇਰ ਪਾਸੇ ਨਹੀਂ ਹੁੰਦੇ। ਰਾਗੀ ਸਿੰਘ ਅਪਣਾ ਪ੍ਰੋਗਰਾਮ ਪਹਿਲਾਂ ਚੰਗੀ ਚੋਖੀ ਮਾਇਆ ਲੈ ਕੇ ਬੁੱਕ ਕਰਦੇ ਹਨ। ਵਾਜੇ ਤੇ ਇਕੱਠੀ ਹੋਈ ਮਾਇਆ "ਬੋਨਸ" ਬਣ ਜਾਂਦੀ ਹੈ। ਗਈਆਂ ਗੁਜਰੀਆਂ ਸਾਖੀਆਂ ਭੀ ਕਈ ਵਾਰੀ ਸਿੱਖਿਆ ਦੇ ਨਾਮ 'ਤੇ ਸੁਣਾ ਜਾਂਦੇ ਹਨ। ਮਤਲਬ ਹੁੰਦਾ ਹੈ, ਵੱਧ ਤੋਂ ਵੱਧ ਸਮਾਂ ਸਟੇਜ 'ਤੇ ਬੈਠਣਾ। ਸਾਰਿਆਂ ਵਲੋਂ ਆਈ ਮਾਇਆ ਦਾ ਹਿਸਾਬ ਲਾਉਣਾ। ਜਦੋਂ ਵੇਖਿਆ ਕਿ ਤਰਦਾ ਤਰਦਾ ਮਾਲ ਆ ਚੁਕਿਆ ਹੈ, ਤਾਂ "ਅੱਜ ਇਤਨੀ ਹੀ ਸੇਵਾ ਪ੍ਰਵਾਨ ਕਰਨਾ" ਆਖ ਕੇ ਵਾਜਾ ਢੋਲਕੀ ਵਲੇਟ ਲਿਜਾਂਦੇ ਹਨ। ਜੇ ਕੋਈ ਢਾਡੀ ਜੱਥਾ ਆਇਆ (ਜਾਂ ਬੁਲਾਇਆ) ਹੋਵੇ ਤਾਂ ਉਸ ਨੇ ਭੀ ਅਪਣੀ ਹਾਜ਼ਰੀ (ਅਸਲ ਵਿਚ ਉਗਰਾਹੀ) ਲਗਵਾਉਣੀ ਹੋਈ। ਢਾਡੀਆਂ ਨੇ ਬੀਬੀ ਵੀਰੋ ਦਾ ਜਾਂ ਕੰਵਰ ਨੌ ਨਿਹਾਲ ਸਿੰਘ (ਮਾ: ਰਣਜੀਤ ਸਿੰਘ ਦਾ ਪੋਤਰਾ) ਦਾ ਵਿਆਹ ਕਰਨਾ ਹੀ ਹੋਇਆ ਤੇ ਬਰਾਤੀਆਂ ਅਤੇ ਮੇਲ ਦੇ ਬੋਝੇ ਵਿਚੋਂ ਅਪਣਾ ਹਿੱਸਾ ਕਢਵਾਉਣਾ ਹੀ ਹੋਇਆ।

ਸੰਨ 2000 ਵਿਚ ਦਾਸ ਕੈਨੇਡਾ ਦੇ ਵੈਨਕੂਵਰ ਸ਼ਹਿਰ ਵਿਚ ਗੁਰਦਵਾਰਾ ਗੁਰੂ ਨਾਨਕ ਦਰਬਾਰ, ਰੋਸ ਸਟਰੀਟ ਵਿਖੇ ਬਤੌਰ ਕਥਾ ਵਾਚਕ ਗਿਆ ਹੋਇਆ ਸੀ। ਇਸੇ ਸਮੇਂ ਕੀਰਤਨੀ ਜੱਥਾ ਭਾਈ ਦਿਲਬਾਗ ਸਿੰਘ, ਗੁਲਬਾਗ ਸਿੰਘ ਪੁੱਜਿਆ ਹੋਇਆ ਸੀ। ਇਸ ਕੀਰਤਨੀ ਜੱਥੇ ਵਲੋਂ ਕੀਤੇ ਗਏ "ਤਮਾਸ਼ੇ" ਕਦੀ ਫਿਰ ਲਿਖਾਂਗਾ, ਅੱਜ ਕੇਵਲ ਇਕ ਢਾਡੀ ਜੱਥਾ, ਭਾਈ ਮੇਜਰ ਸਿੰਘ ਜੋ ਕਪੂਰਥਲੇ ਦੇ ਨੇੜੇ ਰਹਿੰਦਾ ਹੈ (ਸੁਣਿਆ ਹੈ ਅੱਜ ਕਲ ਬਾਹਰ ਹੀ ਰਹਿਣ ਦੇ ਜੋਗਾੜ ਕਰ ਰਿਹਾ ਹੈ) ਉਹ ਭੀ ਉਸੇ ਗੁਰਦਵਾਰੇ ਵਿਚ ਠਹਿਰਿਆ ਹੋਇਆ ਸੀ। ਉਧਰੋਂ "ਜਥੇਦਾਰ" ਰਣਜੀਤ ਸਿੰਘ ਅਤੇ ਸਾਥੀਆਂ ਨੇ ਰਲ ਕੇ, ਪੰਥ ਵਿਚ ਪਾਟੋ ਧਾੜ ਪਾਉਣ ਵਾਲਾ "ਹੁਕਮਨਾਮਾ" ਜਾਰੀ ਕਰ ਦਿਤਾ। ਅਖੇ ਜ਼ਮੀਨ 'ਤੇ ਬੈਠ ਕੇ ਲੰਗਰ ਛਕਿਆ ਜਾਵੇ, ਕੁਰਸੀਆਂ 'ਤੇ ਬੈਠ ਕੇ ਕੋਈ ਨਾ ਛਕੇ। ਇਸ ਗੁਰਦਵਾਰੇ ਦੇ ਪ੍ਰਧਾਨ ਅਤੇ ਹੋਰ ਮੈਂਬਰਾਂ ਨੇ ਇਸ ਦਾ ਵਿਰੋਧ ਕੀਤਾ। ਭਾਈ ਰਣਜੀਤ ਸਿੰਘ ਨੇ ਇਹਨਾਂ ਨੂੰ ਭੀ ਪੰਥ ਵਿਚੋਂ "ਛੇਕ" ਦਿਤਾ। ਉਸ ਗੁਰਦਵਾਰੇ ਵਿਚ ਜਥੇਦਾਰਾਂ ਤੋਂ ਡਰਦਾ ਕੋਈ ਵਿਰਲਾ ਹੀ ਜਾਂਦਾ ਸੀ। ਦਾਸ "ਸਿਰ 'ਤੇ ਕੱਫਣ ਬੰਨ ਕੇ" ਉਸ ਗੁਰਦਵਾਰੇ ਪੁੱਜ ਗਿਆ। ਹੌਲੀ ਹੌਲੀ ਹੋਰ ਭੀ ਆਉਣ ਲੱਗ ਪਏ। ਭਾਈ ਮੇਜਰ ਸਿੰਘ ਦਾ ਢਾਡੀ ਜੱਥਾ ਭੀ ਇਹਨਾਂ ਵਿਚੋਂ ਇਕ ਸੀ। ਇਸ ਗੁਰਦਵਾਰੇ ਵਿਚ ਸੰਗਤ ਘੱਟ ਆਉਣ ਲੱਗ ਪਈ। ਸਨਿੱਚਰਵਾਰ ਦਾ ਦਿਨ, ਇਕ ਪ੍ਰਵਾਰ ਵਲੋਂ ਬੇਟੀ ਦਾ ਅਨੰਦ ਕਾਰਜ ਵਾਸਤੇ ਬੁਕਿੰਗ ਕਰਵਾਈ ਗਈ। ਲਾਵਾਂ ਦਾਸ ਨੇ ਪੜ੍ਹਨੀਆਂ ਸਨ, ਅਰਦਾਸ ਭੀ ਮੇਰੇ ਜ਼ਿੰਮੇ ਸੀ, ਕਥਾ ਦੀ ਮਨਾਹੀ ਸੀ। ਗੁਰਦਵਾਰੇ ਲਈ ਡਾਲਰ "ਫ਼ਿਕਸ ਰੇਟ"

ਵਿਚ ਜਮਾਂ ਕਰਵਾਣੇ ਸਨ। ਸਾਰੇ ਕੰਮਾਂ ਦੇ ਮੈਨੂੰ ਪੰਜਾਹ ਡਾਲਰ ਮਿਲਣੇ ਸਨ। ਕੀਰਤਨੀਆਂ ਨੂੰ ਇਕ ਸੌ ਇਕ ਡਾਲਰ ਮਿਲਣਾ ਸੀ। ਢਾਡੀ ਮੇਜਰ ਸਿੰਘ ਨੇ ਬੜੀ ਕੋਸ਼ਿਸ਼ ਕੀਤੀ ਕਿ ਇਕ ਗੀਤ ਗਾਉਣ ਦਾ ਵਕਤ ਦਿਤਾ ਜਾਵੇ। ਲੜਕੀ ਵਾਲੇ ਵਕਤ ਦੇਣ ਨੂੰ ਕਿਸੇ ਕੀਮਤ 'ਤੇ ਭੀ ਨਾ ਮੰਨੇ। ਉਹਨਾਂ ਦੀ ਮਜਬੂਰੀ ਸੀ ਕਿ ਲੜਕੀ ਦੀ ਮਰਜ਼ੀ ਤੋਂ ਬਿਨਾ ਜ਼ਬਰਦਸਤੀ ਵਿਆਹ ਕੀਤਾ ਜਾ ਰਿਹਾ ਸੀ, ਪੂਰਾ ਖ਼ਤਰਾ ਸੀ ਕਿ ਲੜਕੀ ਸਮਾਗਮ ਵਿਚੋਂ ਉਠ ਕੇ ਹੀ ਨਾ ਦੌੜ ਜਾਵੇ। ਪੰਜਾਬ ਵਿਚੋਂ ਆਇਆ "ਅਸਲੀ ਸਿੱਖ" ਲੜਕਾ ਹੋਰ ਕਿਵੇਂ ਭੀ ਕੈਨੇਡਾ ਵਿਚ ਪੱਕਾ ਨਹੀਂ ਹੋ ਸਕਣਾ। ਲੇਵਾ ਦੇਵੀ (ਸੌਦੇਬਾਜ਼ੀ) ਕਰ ਕੇ ਇਕ ਵਾਰੀ ਅਨੰਦ ਕਾਰਜ ਕਰ ਦਿਉ, ਕੋਰਟ ਮੈਰਿਜ਼ ਸਰਟੀਫ਼ੀਕੇਟ ਇਮੀਗ੍ਰੇਸ਼ਨ ਵਾਲਿਆਂ ਅੱਗੇ ਰੱਖ ਦਿਉ। ਲੜਕਾ ਪੱਕਾ ਹੋ ਜਾਵੇਗਾ। ਫਿਰ ਭਾਵੇਂ ਲੜਕੀ ਜਿਥੇ ਦਿਲ ਕਰੇ "ਹਰੀ ਅੰਗੂਰੀ" ਚਰੇ ਤੇ ਲੜਕਾ ਜਿਧਰ ਦਿਲ ਕਰੇ "ਮੂੰਹ ਮਾਰਦਾ" ਫਿਰੇ। ਸਟੇਜ ਸੈਕਟਰੀ ਦੇ ਤਰਲੇ ਕਰ ਕੇ ਢਾਡੀ ਜੱਥੇ ਦੇ ਮੁਖੀ ਨੇ ਜਥੇ ਤੋਂ ਬਿਨਾਂ ਸਿਰਫ਼ ਦੋ ਮਿੰਟ ਬੋਲਣ ਦਾ ਵਕਤ ਲੈ ਲਿਆ। ਵਾਰੀ ਮਿਲਣ 'ਤੇ ਭਾਈ ਮੇਜਰ ਸਿੰਘ ਨੇ ਇਉਂ ਵਿਚਾਰ ਪ੍ਰਗਟ ਕੀਤੇ: "ਸਤਿਕਾਰਯੋਗ ਸਾਧ ਸੰਗਤ ਜੀ!... ਫ਼ਤਹਿ ਪ੍ਰਵਾਨ ਕਰਨੀ। ਇਸ ਗੁਰਦਵਾਰੇ ਵਿਚ ਜਥੇਦਾਰ ਦੀ ਗਿੱਦੜ-ਭਬਕੀ ਵਾਲੀ ਚਿੱਠੀ ਕਾਰਨ, ਸੰਗਤ ਅੱਗੇ ਹੀ ਘੱਟ ਆਉਂਦੀ ਹੈ। ਅਸੀਂ ਰਾਗੀ ਢਾਡੀ ਪੰਜ ਦਿਨ ਚਾਰੇ ਬੰਨੇ ਅੱਡੀਆਂ ਚੁੱਕ ਚੁੱਕ ਵੇਖਦੇ ਹਾਂ ਪਰ ਕੋਈ ਵਿਅਕਤੀ ਆਉਂਦਾ ਨਹੀਂ ਦਿਸਦਾ। ਸਨਿੱਚਰਵਾਰ ਨੂੰ ਕੋਈ ਕੋਈ ਵਿਆਹ ਦਾ ਪ੍ਰੋਗਰਾਮ ਆਉਂਦਾ ਹੈ। ਜੇ ਇਸ ਦਿਨ ਭੀ ਸਾਨੂੰ ਸਟੇਜ 'ਤੇ ਬੋਲਣ ਦਾ ਵਕਤ ਨਹੀਂ ਦੇਣਾ, ਫਿਰ ਸਾਨੂੰ ਜਾਂ ਤਾਂ ਜੇਲ੍ਹ ਭੇਜ ਦਿਉ, ਜਿਥੇ ਬੈਠਿਆਂ ਨੂੰ ਰੋਟੀ ਮਿਲਦੀ ਰਹੇ ਜਾਂ ਫਿਰ ਸਾਨੂੰ ਜ਼ਹਿਰ ਦੇ ਕੇ ਮਾਰ ਦਿਉ। ਤਸੀਹੇ ਦੇ ਕੇ ਕਿਉਂ ਤੜਫਾਉਂਦੇ ਹੋ? ਜਾਂ ਫਿਰ ਸਾਨੂੰ ਆਗਿਆ ਦਿਉ ਅਸੀ ਆਲੂ ਗੰਢੇ ਪੁੱਟਣ ਖੇਤਾਂ ਵਿਚ ਚਲੇ ਜਾਈਏ ਤੇ ਕਿਰਾਇਆ ਪੂਰਾ ਕਰ ਸਕੀਏ। ਮੈਂ ਤੁਹਾਥੋਂ ਜਵਾਬ ਮੰਗਦਾ ਹਾਂ"...।

ਲੜਕੀ ਦਾ ਪਿਤਾ ਆਇਆ, ਉਸ ਨੇ ਸਟੇਜ ਸੈਕਟਰੀ ਨੂੰ ਆਖ ਕੇ ਪੰਜ ਮਿੰਟ ਵਿਚ ਇਕ ਕਵਿਤਾ ਪੇਸ਼ ਕ਼ਰਨ ਦੀ ਇਜਾਜ਼ਤ ਦੇ ਦਿਤੀ। ਅਪਣੀ "ਸਮਝਦਾਰੀ" ਨਾਲ ਸਾਰਿਆਂ ਨੇ ਜੱਥੇ ਅੱਗੇ ਡਾਲਰ ਰੱਖੇ। ਤੇ ਵਿਚਾਰੇ ਢਾਡੀ ਜੱਥੇ ਦਾ ਇਉਂ ਕੁੱਝ ਗੁੱਸਾ ਢਲਿਆ। ਸਤਿਗੁਰੂ ਜੀ ਨੇ ਤਾਂ ਬ੍ਰਾਹਮਣ ਨੂੰ ਲੜਕੀ ਦੇ ਵਿਆਹ ਵਕਤ ਰੁਪਿਆ ਦੋ ਰੁਪਏ ਮੰਗਣ 'ਤੇ ਭੀ ਫਿਟਕਾਰ ਪਾਈ ਸੀ, ਪੜ੍ਹੋ:

ਤੁਧੁ ਸਿਰਿ ਲਿਖਿਆ ਸੋ ਪੜੁ ਪੰਡਿਤ ਅਵਰਾ ਨੋ ਨਾ ਸਿਖਾਲਿ ਬਿਖਿਆ॥

ਪਹਿਲਾ ਫਾਹਾ ਪਾਇਆ ਪਾਧੇ, ਪਿਛੈ ਦੇ ਗਲਿ ਚਾਟੜਿਆ ॥

ਸਸੈ ਸੰਜਮੁ ਗਇਓ ਮੂੜੇ, ਏਕੁ ਦਾਨੁ ਤੁਧੁ ਕੁ ਥਾਇ ਲਇਆ ॥

ਸਾਈ ਪੁਤ੍ਰੀ ਜਜਮਾਨ ਕੀ ਸਾ ਤੇਰੀ, ਏਤੁ ਧਾਨਿ ਖਾਧੈ ਤੇਰਾ ਜਨਮੁ ਗਇਆ ॥ (435)

ਹੇ ਬ੍ਰਾਹਮਣ ਪੁਜਾਰੀ! (ਸਮੇਤ ਸਿੱਖ ਪੁਜਾਰੀਆਂ ਦੇ) ਪਹਿਲਾਂ ਅਪਣੇ ਆਪ ਨੂੰ ਪਛਾਣੋ, ਜੋ ਉਪਦੇਸ਼ ਕਰ ਰਹੇ ਹੋ, ਉਸ ਨੂੰ ਅਪਣੇ ਆਪ 'ਤੇ ਭੀ ਲਾਗੂ ਕਰੋ। ਦੂਜਿਆ ਨੂੰ ਭਰਮਾਂ ਵਿਚ ਪਾ ਕੇ, ਲੁਟਦੇ ਹੋ ਤੇ ਕੁਰਾਹੇ ਪਾਉਂਦੇ ਹੋ। ਇਹ ਤੁਹਾਡੀ ਜ਼ਹਿਰ ਵਰਗੀ ਮਾਰੂ ਸਿੱਖਿਆ ਹੈ। ਅਜਿਹੀ ਗ਼ਲਤ ਸਿੱਖਿਆ ਕਾਰਨ, ਪਹਿਲਾਂ ਫਾਹਾ ਤੇਰੇ ਗਲ ਵਿਚ ਪੈਣਾ ਚਾਹੀਦਾ ਹੈ, ਨਾਲ ਤੇਰੇ ਪਿਛੇ (ਝੋਲੀ ਚੁੱਕੀ ਕਰਨ ਵਾਲੇ) ਖਾਣ-ਪੀਣ ਵਾਲੇ ਚਾਟੜਿਆਂ ਨੂੰ ਭੀ ਹਿਸਾਬ ਦੇਣਾ ਪਏਗਾ। ਐ ਪੁਜਾਰੀ! ਤੇਰੇ ਸਬਰ ਦਾ ਪੁਲ ਟੁੱਟ ਗਿਆ ਹੈ। ਸ਼ਰਮ ਹੀ ਲਾਹ ਦਿਤੀ ਤੂੰ ਤਾਂ। ਮੂਰਖਾ! ਤੂੰ ਕੋਈ ਇਕ ਘਰ ਤਾਂ ਛੱਡ ਦਿੰਦਾ। ਪਰ ਨਹੀਂ ਤੂੰ ਤਾਂ ਹਰ ਥਾਂ, ਹਰ ਘਰ ਵਿਚ ਲੁੱਟ ਮਚਾਈ ਹੋਈ ਹੈ। ਧੀਆਂ ਸਾਰਿਆਂ ਲਈ ਆਦਰਯੋਗ ਹੁੰਦੀਆਂ ਹਨ। ਜਿਵੇਂ ਤੇਰੀ ਬੇਟੀ ਹੈ। ਇਸੇ ਤਰ੍ਹਾਂ ਜਜਮਾਨ ਦੀ ਬੇਟੀ ਨੂੰ ਸਤਿਕਾਰ ਦੇ। ਅਜਿਹੀਆਂ ਪਾਪ ਵਾਲੀਆਂ ਲੁੱਟਾਂ ਕਰਦਿਆਂ, ਪੇਟ ਪੂਰਤੀ ਕਰਦਿਆਂ, ਤੈਂ ਅਪਣਾ ਜਨਮ ਹੀ ਬਰਬਾਦ ਕਰ ਲਿਆ। ਬੜਾ ਸਿਆਣਾ ਬਣਦਾ ਹੈਂ ਪਰ ਤੂੰ ਨਿਰੋਲ ਮੂਰਖ ਹੀ ਰਿਹਾ। (ਇਹੋ ਹਾਲ ਸਿੱਖ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਦਾ ਹੈ)।

ਇਕ ਦੋਸਤ ਦੀ ਭੈਣ ਦਾ ਵਿਆਹ ਸੀ। ਵੀਹ ਕੁ ਸਾਲ ਪਹਿਲਾਂ ਉਸ ਨੇ ਮੈਨੂੰ ਉਚੇਚੇ ਤੌਰ 'ਤੇ ਬੁਲਾਇਆ, ਤਾਂ ਕਿ ਅਨੰਦ ਕਾਰਜ ਦੇ ਸਮੇਂ ਜੋੜੀ ਨੂੰ "ਗੁਰਮਤਿ ਸਿਖਿਆ" ਦਿਤੀ ਜਾ ਸਕੇ। ਲਾੜਾ ਪੀ.ਐਚ.ਡੀ. ਕਰ ਕੇ ਪ੍ਰੋਫ਼ੈਸਰ ਲੱਗਿਆ ਹੋਇਆ ਸੀ। ਲੜਕੀ ਐਮ.ਏ.ਸੀ. ਚੰਗੀ ਨੌਕਰੀ 'ਤੇ ਲੱਗੀ ਹੋਈ ਸੀ। ਜੋੜੀ ਆ ਕੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਬੈਠ ਗਈ। ਕੀਰਤਨ ਹੋਇਆ। ਗੁਰਮਤਿ ਸਿੱਖਿਆ ਦੇਣ ਲਈ ਮੇਰਾ ਨਾਮ ਬੋਲਿਆ ਗਿਆ। ਜੋ ਸਿੱਖਿਆ ਮੈਂ ਉਸ ਵਕਤ ਦਿਤੀ, ਲਗਭਗ ਇਸ ਤਰ੍ਹਾਂ ਸੀ "ਸਤਿਕਾਰਯੋਗ ਸੰਗਤ ਜੀਓ! ਗੁਰ ਫ਼ਤਹਿ ਪ੍ਰਵਾਨ ਕਰਨੀ। ਮੈਨੂੰ ਹੁਕਮ ਹੋਇਆ ਹੈ, ਗੁਰਮਤਿ ਸਮਝਾਉਣ ਦਾ। ਪਰ ਕਦੀ ਵਿਚਾਰ ਕਰ ਕੇ ਵੇਖਿਆ ਹੈ ਪਈ ਵੀਹ ਮਿੰਟਾ ਵਿਚ ਜਾਂ ਅੱਧੇ ਘੰਟੇ ਵਿਚ ਹੋ ਚੁਕੀਆਂ ਮਨਮਤਾਂ ਨੂੰ ਵਾਪਸ ਮੋੜਿਆ ਜਾ ਸਕਦੈ? ਮੈਂ ਹੁਣੇ ਬਰਾਤ ਆਉਂਦੀ ਵੇਖੀ। ਕੀਰਤਨੀ ਜੱਥੇ ਨੂੰ ਹੁਕਮ ਹੋਇਆ ਕਿ ਬਰਾਤ ਦੇ ਸਵਾਗਤ ਲਈ ਅਗਲਵਾਂਢੀ ਹੋ ਕੇ, ਅਰਦਾਸ ਕਰੋ ਤੇ "**ਹਮ ਘਰਿ ਸਾਜਨ ਆਏ ॥ ਸਾਚੈ ਮੇਲਿ ਮਿਲਾਏ ॥**" (764) ਗਾ ਕੇ ਬਰਾਤ ਦਾ ਸੁਆਗਤ ਕਰੋ। ਜੱਥੇ ਨੇ ਇਸੇ ਤਰ੍ਹਾਂ

ਗੁਰਬਾਣੀ ਗਾਈ। ਬਰਾਤ ਵਿਚ ਅੱਧੇ ਆਦਮੀ ਸ਼ਰਾਬੀ ਨਜ਼ਰ ਆ ਰਹੇ ਸਨ। ਡਿੱਗ ਰਹੇ ਸਨ, ਧੱਕੇ ਮਾਰ ਕੇ ਅੱਗੇ ਲੰਘ ਜਾਣਾ ਚਾਹੁੰਦੇ ਸਨ। ਇਹਨਾਂ ਦੇ ਸੁਆਗਤ ਵਾਸਤੇ "ਸਾਜਨ ਆਏ" ਗਾਇਆ ਜਾ ਰਿਹਾ ਹੈ? ਵੈਸੇ ਤਾਂ ਇਹ ਪੰਕਤੀ ਨਿਰੰਕਾਰ ਵਾਸਤੇ ਹੈ। ਘੱਟੋ ਘੱਟ ਸਾਹਮਣੇ ਕੋਈ ਗੁਰਬਾਣੀ ਵਾਲੇ ਗੁਣਾਂ ਦਾ ਧਾਰਨੀ ਗੁਰਸਿੱਖ ਹੋਵੇ ਤਾਂ ਭੀ ਮੰਨ ਲਈਏ। ਪਰ ਸ਼ਰਾਬੀਆਂ ਲਈ "ਸਾਜਨ"? ਕਹਿਣਾ ਤਾਂ ਇਉਂ ਚਾਹੀਦਾ ਸੀ "ਹਮ ਘਰ ਭੂਤਨੇ ਆਏ, ਰੱਬ ਇਹਨਾਂ ਤੋਂ ਬਚਾਏ।" ਪੰਡਾਲ ਵਿਚ ਬੈਠੀਆਂ ਅੱਧੀਆਂ ਕੁ ਬੀਬੀਆਂ ਦੇ ਸਿਰ ਨੰਗੇ ਹਨ। ਜਿਨ੍ਹਾਂ ਨੂੰ ਚਾਲੀ ਪੰਜਾਹ ਸਾਲ ਦੀ ਉਮਰ ਤਕ ਇਹ ਹੀ ਸਮਝ ਨਹੀਂ ਆਈ ਕਿ ਮਹਾਰਾਜ ਦੀ ਹਜ਼ੂਰੀ ਵਿਚ ਸਿਰ ਢੱਕ ਕੇ ਜਾਈਦਾ ਹੈ। ਭਲਾ ਮੈਂ ਉਹਨਾਂ ਨੂੰ ਅੱਜ ਕੀ ਮੱਤ ਦੇਵਾਂਗਾ? ਤੁਸੀ ਫੁੱਲ ਤੋੜ ਕੇ, ਪੱਤੀਆਂ ਵੱਖ ਵੱਖ ਕਰ ਕੇ, ਟੋਕਰੀਆਂ ਭਰ ਕੇ ਰੱਖੀਆਂ ਹੋਈਆਂ ਹਨ। ਜੋੜੀ ਤੇ ਫੁੱਲ ਬਰਸਾਉਣਗੇ ਤੇ ਕੀਰਤਨੀ ਜੱਥਾ ਬਚਿੱਤਰ ਨਾਟਕ ਦੀ ਕਵਿਤਾ ਪੜ੍ਹੇਗਾ "ਸੰਖਨ ਕੀ ਧੁਨ ਘੰਟਨ ਕੀ ਕਰ, ਫੂਲਨ ਕੀ ਬਰਖਾ ਬਰਖਾਵੈ"...। ਅਜਿਹੇ ਹਾਲਾਤ ਵਿਚ ਮੈਂ ਕੀ ਮੱਤ ਦੇ ਸਕਾਂਗਾ? ਭੈਣ (ਲਾੜੀ) ਨੇ ਜਿਥੇ ਹੋਰ ਅਣਗਿਣਤ ਤਰ੍ਹਾਂ ਦੇ ਸ਼ਿੰਗਾਰ ਕੀਤੇ ਹੋਏ ਹਨ, ਉਥੇ ਭਰਵੱਟੇ ਭੀ ਕੱਟੇ ਹੋਏ ਹਨ, ਸ਼ਾਇਦ ਗੁੱਤ ਭੀ ਕੱਟੀ ਹੋਵੇ। ਅਜਿਹੇ ਹਾਲਾਤ ਵਿਚ ਮੇਰੀ ਅੱਜ ਦੀ ਮੱਤ ਦਿਤੀ ਕੀ ਸੰਵਾਰੇਗੀ? ਕਾਕਾ ਜੀ (ਲਾੜਾ) ਵਿਦਿਆ ਦੇ ਡਾਕਟਰ ਹਨ, ਪ੍ਰੋਫ਼ੈਸਰ ਲੱਗ ਚੁੱਕੇ ਹਨ। ਪਰ ਦਾਹੜੀ ਕਟਵਾ ਕੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਨੰਦ ਕਾਰਜ ਕਰਵਾਉਣ ਆਏ ਹਨ। ਜਿਥੇ ਇੰਨੇ ਵੱਡੇ ਪਹਿਲਾਂ ਹੀ ਵਿਦਵਾਨ ਹੋਣ, ਉਹਨਾਂ ਨੂੰ ਇੰਨਾ ਭੀ ਅਹਿਸਾਸ ਨਾ ਹੋਵੇ ਕਿ ਸਿੱਖ ਲਈ (ਗੁਣਾਂ ਦੇ ਨਾਲ) ਦਾਹੜੀ ਕੇਸ ਰਖਣੇ ਜ਼ਰੂਰੀ ਹਨ। ਉਥੇ ਮੇਰੇ ਲੈਕਚਰ ਕੀ ਸੰਵਾਰਨਗੇ? ਲੜਕੀ ਚੌਵੀ ਸਾਲ ਦੀ ਹੋ ਚੁੱਕੀ ਹੈ। ਲੜਕਾ ਅਠਾਈ ਕੁ ਸਾਲ ਦਾ ਹੋ ਗਿਆ ਹੈ। ਜੇ ਇੰਨੀ ਉਮਰ ਤੇ ਇੰਨੀ ਵਿਦਿਆ ਨਾਲ ਭੀ ਕੋਈ ਮੱਤ ਨਹੀਂ ਆਈ, ਫਿਰ ਮੇਰੀ ਅੱਜ ਦੀ ਦਿਤੀ ਮੱਤ ਇਹਨਾਂ ਦਾ ਕੀ ਸੰਵਾਰ ਸਕੇਗੀ? ਕੀਰਤਨ ਅਤੇ ਸਿਖਿਆ ਕੋਈ ਰਸਮ ਪੂਰਤੀ ਨਹੀਂ ਹਨ। ਵੀਹ ਪੰਝੀ ਸਾਲ ਇਹਨਾਂ ਨੇ ਗੁਰਮਤਿ ਨੂੰ ਨਹੀਂ ਪੜ੍ਹਿਆ, ਨਾ ਹੀ ਅਪਣਾਇਆ ਹੈ। ਅੱਜ ਰਸਮ ਪੂਰਤੀ ਲਈ ਮੈਨੂੰ ਖੜਾ ਕੀਤਾ ਗਿਆ। ਜੋ ਮੈਂ ਕਿਹਾ ਹੈ ਕੀ ਇਹ ਗ਼ਲਤ ਹੈ...?

ਮੈਨੂੰ ਬੈਠ ਜਾਣ ਦਾ ਇਸ਼ਾਰਾ ਹੋ ਗਿਆ। ਮੇਰਾ ਦੋਸਤ ਮੈਨੂੰ ਬਾਹਰ ਲੈ ਗਿਆ। ਆਖਣ ਲੱਗਾ, ਰਿਕਸ਼ਾ ਆ ਚੁਕਿਆ ਹੈ, ਤੁਰੰਤ ਇਥੋਂ ਚਲੇ ਜਾਉ। ਵਰਨਾ ਮਾਹੌਲ ਸਾਰਾ ਵਿਗੜ ਚੁਕਿਆ ਹੈ, ਕੋਈ ਭੀ ਭਾਣਾ ਵਾਪਰ ਸਕਦਾ ਹੈ। ਜੋ ਮੇਰੇ ਨਾਲ

ਬੀਤੇਗੀ ਔਖਾ ਸੌਖਾ ਮੈਂ ਨਜਿੱਠਾਂਗਾ। ਇੰਨੀ ਚੋਟ ਸਹਿਣ ਜੋਗੇ ਇਹ ਲੋਕ ਨਹੀਂ ਹਨ। ਬਿਨਾ ਪ੍ਰਸ਼ਾਦਾ ਛਕੇ, ਦਾਸ ਬੱਸ 'ਤੇ ਸਵਾਰ ਹੋ ਕੇ ਅਪਣੇ ਟਿਕਾਣੇ 'ਤੇ ਪਹੁੰਚਿਆ। ਬਾਅਦ ਦੇ ਹਾਲਾਤ ਕਾਫ਼ੀ ਬਿਗੜ ਗਏ ਸਨ। ਜਿਸ ਸਿੰਘ ਨੇ ਮੈਨੂੰ ਬੁਲਾਇਆ ਸੀ, ਮੇਰੀ ਥਾਂ ਉਸ ਨੂੰ ਬਾਰ ਬਾਰ ਮਾਫ਼ੀ ਮੰਗ ਕੇ ਮਾਹੌਲ ਸ਼ਾਂਤ ਕਰਨਾ ਪਿਆ।

ਇਸੇ ਤਰ੍ਹਾਂ ਇਕ ਵਿਆਹ ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਨੇੜਤਾ ਕਾਫ਼ੀ ਸੀ, ਇਸ ਲਈ ਜੋ ਗਦੇਲਾ ਲੜਕੇ - ਲੜਕੀ ਲਈ ਗੁਰੂ ਗ੍ਰੰਥ ਜੀ ਦੇ ਅੱਗੇ ਵਿਛਾਇਆ ਹੋਇਆ ਸੀ, ਮੈਂ ਉਹ ਚੁੱਕ ਕੇ ਪਰੇ ਰੱਖ ਦਿਤਾ। ਘਰ ਵਾਲਿਆਂ ਸੋਚਿਆ, ਸ਼ਾਇਦ ਮੈਲਾ ਹੋਵੇਗਾ, ਉਹਨਾਂ ਹੋਰ ਨਵਾਂ ਵਿਛਾ ਦਿਤਾ। ਮੈਂ ਚੁੱਕ ਕੇ ਉਹ ਭੀ ਦੂਰ ਰੱਖ ਦਿਤਾ। ਤੀਸਰਾ ਰੇਸ਼ਮੀ ਕਿਸਮ ਦੇ ਬਹੁਤ ਵਧੀਆ ਕੱਪੜੇ ਦਾ ਬਣਿਆ ਗਦੇਲਾ ਚਾਦਰ ਲਿਆ ਕੇ ਫਿਰ ਵਿਛਾ ਦਿਤਾ। ਮੈਂ ਜਦੋਂ ਉਸ ਨੂੰ ਚੁੱਕਣ ਲੱਗਿਆ ਤਾਂ ਸਾਰਾ ਪ੍ਰਵਾਰ ਮੈਨੂੰ ਟੁੱਟ ਕੇ ਪੈ ਗਿਆ। ਭਾਈ ਤੈਨੂੰ ਕੋਈ ਕੱਪੜਾ ਪਸੰਦ ਕਿਉਂ ਨਹੀਂ ਆਉਂਦਾ, ਦਸ ਇਸ ਵਿਚ ਕੀ ਨੁਕਸ ਹੈ ?ਮੈਂ ਬੇਨਤੀ ਕੀਤੀ, ਕੱਪੜੇ ਵਿਚ ਕੋਈ ਨੁਕਸ ਨਹੀਂ ਹੈ, ਗਦੇਲਾ ਵਿਛਾਉਣਾ ਮਰਿਆਦਾ ਦੇ ਉਲਟ ਹੈ। ਆਖਣ ਲੱਗੇ, "ਜੇ ਭਲਾ ਸਾਡੀ ਬੇਟੀ ਛੱਡ ਕੇ ਚਲੇ ਗਏ, ਤੂੰ ਜ਼ਿੰਮੇਵਾਰ ਹੈ ? ਇਕ ਨਹੀਂ ਅਸੀ ਅਪਣੇ ਜੁਆਈ ਦੇ ਸਤਿਕਾਰ ਵਾਸਤੇ ਜਿੰਨੇ ਮਰਜ਼ੀ ਗਦੇਲੇ ਵਿਛਾਈਏ। ਜੇ ਹੁਣ ਕੋਈ ਹਰਕਤ ਕੀਤੀ ਤਾਂ ਖ਼ਬਰਦਾਰ...। ਦਾਸ ਇਕੱਲਾ ਸੀ, ਦੂਜੇ ਪਾਸੇ ਬਹੁਤੇ ਸਨ, ਬੇਬਸ ਹੋ ਕੇ ਰਹਿ ਗਿਆ। ਮੇਰੀਆਂ ਅਜਿਹੀਆਂ "ਆਪਹੁਦਰੀਆਂ" ਵੇਖ ਸੁਣ ਕੇ, ਰਿਸ਼ਤੇਦਾਰਾਂ ਨੇ ਮੈਨੂੰ ਪੰਦਰਾਂ ਸਾਲ ਲਗਾਤਾਰ ਅਪਣੇ ਸਮਾਗਮਾਂ ਵਿਚ ਨਾ ਸੱਦਿਆ। ਚਿੱਠੀ 'ਤੇ ਲਿਖਿਆ ਹੁੰਦਾ ਸੀ "ਸਾਰੇ ਪ੍ਰਵਾਰ ਨੂੰ ਸੱਦਾ ਹੈ, ਪਰ ਭਾਈ ਇੰਦਰ ਸਿੰਘ ਨਾ ਆਵੇ।" "ਜਥੇਦਾਰਾਂ" ਨੇ ਤਾਂ ਮੇਰੇ ਖ਼ਿਲਾਫ਼ ਕਾਰਵਾਈ 2006 ਵਿਚ ਕੀਤੀ ਹੈ। ਪਰ ਮੇਰੇ ਰਿਸ਼ਤੇਦਾਰਾਂ ਦਾ ਕਠੋਰ ਬਾਈਕਾਟ ਮੈਂ ਪਹਿਲਾਂ ਹੀ ਭੁਗਤ ਲਿਆ ਸੀ।

ਨਿਮਰਤਾ ਸਹਿਤ ਬੇਨਤੀ ਕਰ ਰਿਹਾ ਹਾਂ ਅਗਰ ਸਵੀਕਾਰ ਕਰ ਸਕੋ। ਆਮ ਲੋਕਾਂ ਕੋਲ ਗਿਆਨ ਕੋਈ ਨਹੀਂ। ਗੁਰਬਾਣੀ ਪੜ੍ਹਨੀ, ਵਿਚਾਰਨੀ ਤਾਂ ਦੂਰ ਦੀ ਗੱਲ, ਬਹੁਤਿਆਂ ਨੇ ਕਦੀ ਅਖ਼ਬਾਰ ਨਹੀਂ ਪੜ੍ਹਿਆ। ਕੋਈ ਕਿਤਾਬ ਰਿਸਾਲਾ ਘਰ ਵਿਚ ਨਹੀਂ ਹੈ। ਪੜ੍ਹਿਆਂ ਲਿਖਿਆਂ ਵਾਲਾ ਘਰ ਵਿਚ ਕੋਈ ਮਾਹੌਲ ਨਹੀਂ ਹੈ। ਅਜਿਹੇ ਲੋਕਾਂ ਨੂੰ ਗੁਰਮਤਿ ਅਤੇ ਰਹਿਤ ਮਰਿਆਦਾ ਕਿਥੋਂ ਸਮਝ ਆਵੇਗੀ ? ਇਹਨਾ ਲਈ ਪਿੰਡਾਂ ਵਿਚ ਮੁੱਢਲੇ ਪੜ੍ਹਾ ਵਾਲੇ ਗੁਰਮਤਿ ਸਿਖਿਆ ਕੇਂਦਰ ਖੋਲ੍ਹਣੇ

ਚਾਹੀਦੇ ਹਨ। ਜਿਥੇ ਗੁਰਬਾਣੀ ਦੀ ਸੰਥਿਆ, ਅਰਥ ਬੋਧ, ਇਤਿਹਾਸ, ਸਿੱਖ ਰਹਿਤ ਮਰਿਆਦਾ ਆਦਿ ਪੜ੍ਹਾਈ ਜਾਵੇ। ਫਿਰ ਕਿਤੇ ਚੰਗੇ ਨਤੀਜੇ ਦੀ ਆਸ ਕੀਤੀ ਜਾ ਸਕਦੀ ਹੈ। ਦੂਜੀ ਜ਼ਰੂਰੀ ਗੱਲ ਇਹ ਕਿ ਗੀਤ ਗਾਉਣੇ, ਨੱਚਣਾ, ਭੰਗੜਾ ਪਾਉਣਾ ਤੇ ਹੋਰ ਅਜਿਹੇ ਮਨੋਰੰਜਨ ਵਾਲੇ ਪ੍ਰੋਗਰਾਮ ਤੋਂ ਨੌਜੁਆਨਾਂ ਨੂੰ ਨਾ ਰੋਕਿਆ ਜਾਵੇ। ਸੋਚੋ! ਜੇ ਖ਼ੁਸ਼ੀ ਮਨਾਉਣ ਦੇ ਸਾਰੇ ਰਾਹ ਬੰਦ ਕਰ ਦਿਆਂਗੇ ਤਾਂ ਫਿਰ ਇਹ ਖ਼ੁਸ਼ੀਆਂ ਵਾਲਾ ਮੇਲ ਮਿਲਾਪ ਨਹੀਂ ਰਹੇਗਾ। ਚੁੱਪ ਕਰ ਕੇ ਤਾਂ ਕੇਵਲ ਮਰਿਆਂ ਤੋਂ ਹੀ ਬੈਠਦੇ ਹਨ, ਵਿਆਹ ਤਾਂ ਹੱਸਣ ਖੇਢਣ ਲਈ ਹੁੰਦੇ ਹਨ। ਸੰਜਮ ਵਾਲੇ ਤਰੀਕੇ ਅਪਣਾ ਕੇ, ਸਭਿਅਕ ਦਾਇਰੇ ਵਿਚ ਰਹਿ ਕੇ, ਹੱਸਣਾ ਗਾਉਣਾ ਜਾਇਜ਼ ਹੈ। ਜੇ ਇਜਾਜ਼ਤ ਨਹੀਂ ਦਿਆਂਗੇ ਫਿਰ ਬੱਚੇ ਬਾਗੀ ਹੋਣਗੇ। ਗੁਰੂ ਸਾਹਿਬ ਜੀ ਨੇ ਖ਼ੁਦ ਸੋਹਣੇ ਗੀਤ ਗਾਉਣ ਦੀ ਇਜਾਜ਼ਤ ਦਿਤੀ ਹੈ। ਪੜ੍ਹੋ:

ਆਵਹੁ ਮੀਤ ਪਿਆਰੇ ॥ ਮੰਗਲ ਗਾਵਹੁ ਨਾਰੇ ॥
ਸਚੁ ਮੰਗਲੁ ਗਾਵਹੁ ਤਾਂ ਪ੍ਰਭ ਭਾਵਹੁ ਸੋਹਿਲੜਾ ਜੁਗ ਚਾਰੇ ॥
ਅਪਨੈ ਘਰਿ ਆਇਆ ਥਾਨਿ ਸੁਹਾਇਆ ਕਾਰਜ ਸਬਦਿ ਸਵਾਰੇ ॥
ਗਿਆਨ ਮਹਾ ਰਸੁ ਨੇਤ੍ਰੀ ਅੰਜਨੁ ਤ੍ਰਿਭਵਣ ਰੂਪੁ ਦਿਖਾਇਆ॥
ਸਖੀ ਮਿਲਹੁ ਰਸਿ ਮੰਗਲੁ ਗਾਵਹੁ, ਹਮ ਘਰਿ ਸਾਜਨੁ ਆਇਆ ॥ (764)

ਐ ਮਿੱਤਰ ਪਿਆਰਿਓ, ਸਖੀ ਸਹੇਲੀਓ (ਸਤਸੰਗੀ ਜਨੋ) ਆਓ ਰਲ ਮਿਲ ਕੇ ਸੋਹਣੇ ਗੀਤ ਗਾਈਏ। ਆਓ ਭੈਣੋ ਖ਼ੁਸ਼ੀ ਦੇ ਗੀਤ ਗਾਓ। ਜੇ ਤੁਸੀ ਖ਼ੁਸ਼ੀ ਵਾਲੀ ਸੱਚੀ ਸਿਫ਼ਤ ਸਲਾਹ ਵਾਲੇ ਗੀਤ ਗਾਉਗੇ ਤਾਂ ਪ੍ਰਮੇਸ਼ਰ ਨੂੰ ਚੰਗੇ ਲੱਗੋਗੇ। ਚਾਰੇ ਜੁੱਗਾਂ ਵਿਚ ਤੁਹਾਡੀ ਜੈ ਜੈ ਕਾਰ ਹੋਵੇਗੀ। ਰਲ ਮਿਲ ਕੇ ਖ਼ੁਸ਼ੀ ਦੇ ਸੋਹਿਲੇ ਗੀਤ ਗਾਉਂਦੇ ਰਹਿਣਾ। ਜਦੋਂ ਨਿਰੰਕਾਰ ਹਿਰਦੇ ਵਿਚ ਬਸ ਜਾਵੇ, ਤਦੋਂ ਹਿਰਦਾ ਸੋਹਣਾ, ਵਿਕਾਰਾਂ ਤੋਂ ਰਹਿਤ ਹੋ ਜਾਂਦਾ ਹੈ। ਗੁਰੂ ਦੇ ਗਿਆਨ ਦੇਣ ਵਾਲੇ ਸ਼ਬਦ ਨੂੰ ਸਮਝੋ। ਫਿਰ ਸਾਰੇ ਕਾਰਜ ਤੁਸੀ ਉਸ ਮੁਤਾਬਕ ਹੀ ਕਰੋਗੇ। ਗਿਆਨ ਦਾ ਸੁਰਮਾ ਅੱਖਾਂ ਵਿਚ ਪਾਉ। ਫਿਰ ਤੁਹਾਨੂੰ ਤਿੰਨਾਂ ਲੋਕਾਂ ਦੇ ਬਾਰੇ ਸਹੀ ਸਮਝ ਆ ਜਾਵੇਗੀ। ਭੈਣੋ ਸਹੇਲੀਓ! ਰਲ ਮਿਲ ਕੇ ਸੋਹਣੇ ਗੀਤ ਗਾਉ, ਕਿਉਂਕਿ ਸਾਡੇ "ਸੱਜਣ" ਜੀ ਆਏ ਹਨ। ਸਾਨੂੰ ਚਾਅ ਚੜ੍ਹਿਆ ਹੋਇਆ ਹੈ, ਖ਼ੁਸ਼ੀਆਂ ਮਨਾਉ।

ਸਿੱਖਾਂ ਵਿਚਲੇ ਤਾਲਿਬਾਨ ਕਿਸਮ ਦੀ ਸੋਚ ਵਾਲੇ ਲੋਕਾਂ ਨੇ ਹਮੇਸ਼ਾ ਲਾਠੀ, ਗੋਲੀ ਦੀ ਵਰਤੋਂ ਕੀਤੀ ਹੈ ਜਾਂ ਧਮਕੀਆਂ ਦਿਤੀਆਂ ਹਨ। ਜਦੋਂ ਕਿ ਧਰਮ ਪਿਆਰ ਭਰੇ ਪ੍ਰਚਾਰ ਨਾਲ ਅਤੇ ਪਰਉਪਕਾਰ ਵਾਲੇ ਵਿਹਾਰ ਨਾਲ ਵਧਦਾ ਹੈ। ਖਾੜਕੂਵਾਦ ਨਾਲ ਸਬੰਧਤ ਨੌਜੁਆਨਾਂ ਨੇ, ਲੋਕਾਂ ਦੇ ਵਿਆਹ ਵਾਲੇ ਕੰਮਾਂ ਵਿਚ

ਦਖ਼ਲ ਦਿਤਾ। ਮਰਨੇ ਤੇ ਸਖ਼ਤੀਆਂ ਲਾਗੂ ਕੀਤੀਆਂ। ਸਕੂਲਾਂ ਵਿਚ ਬੱਚਿਆਂ ਲਈ ਅਤੇ ਮਾਸਟਰਾਂ ਵਾਸਤੇ ਵਰਦੀਆਂ ਨਿਸਚਿਤ ਕੀਤੀਆਂ। ਵਧਦੇ ਵਧਦੇ ਆਮ ਬੰਦੇ ਦੀ ਨਿਜੀ ਜ਼ਿੰਦਗੀ ਵਿਚ ਦਖ਼ਲ ਦੇਣ ਤੇ ਪ੍ਰੇਸ਼ਾਨ ਕਰਨ ਤਕ ਚਲੇ ਗਏ। ਖ਼ੁਦ ਹੀ ਲੋਕਾਂ ਨੂੰ ਸਜ਼ਾਵਾਂ ਦੇਣ ਲੱਗ ਪਏ। ਅਜਿਹਾ ਔਰੰਗਜ਼ੇਬੀ ਢੰਗ ਅਤਿ ਨਿੰਦਾਯੋਗ ਹੈ। ਵਿਆਹ ਸ਼ਾਦੀਆਂ ਵਿਚ ਸਾਦਗੀ ਆਵੇ, ਮਰਨੇ ਦੇ ਕਾਰਜ ਸਾਦੇ ਹੋਣ, ਪ੍ਰੇਰਨਾ ਤੇ ਸਿਖਿਆ ਦੇਣੀ ਬਣਦੀ ਹੈ, ਤਾਕਤ ਦੀ ਵਰਤੋਂ ਨਹੀਂ। ਘਰੇਲੂ ਸਮਾਗਮਾਂ ਵਿਚ ਹੱਸਣਾ, ਨੱਚਣਾ, ਗਾਉਣਾ ਕਿਵੇਂ ਭੀ ਬੁਰਾ ਨਹੀਂ ਹੈ। ਸਮਾਜਕ ਗੀਤਾਂ ਰਸਮਾਂ, ਜੋ ਗੁਰਮਤਿ ਦੀ ਸਿੱਧੀ ਉਲੰਘਣਾ ਨਹੀਂ ਕਰਦੀਆਂ, ਉਹ ਕਰਨ ਦੇਣੀਆਂ ਚਾਹੀਦੀਆਂ ਹਨ। ਅਗਰ ਬਚਪਨ ਤੋਂ ਹੀ ਅਪਣੇ ਬੱਚਿਆਂ ਨੂੰ ਗੁਰਮਤਿ ਪੜ੍ਹਾਈ ਹੋਵੇਗੀ, ਫਿਰ ਤਾਂ ਨੌਜੁਆਨ ਖ਼ੁਦ ਹੀ ਗ਼ਲਤ ਕੰਮ ਨਹੀਂ ਕਰਨਗੇ। ਸੰਨ 1998 ਵਿਚ ਮੇਰੀ ਬੇਟੀ ਦਾ ਵਿਆਹ ਹੋਇਆ। ਅਨੰਦ ਕਾਰਜ ਵਾਸਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜਾਣ ਤੋਂ ਪਹਿਲਾਂ ਉਹ ਮੈਨੂੰ ਆਖਣ ਲੱਗੀ ਕਿ "ਗੁਰਮਤਿ ਦੀ ਸਿਖਿਆ ਦਿਉ, ਤਾਬਿਆ ਜਾ ਕੇ ਕੀ ਕਰਨਾ ਹੈ?" ਮੈਂ ਆਖਿਆ, "ਬੇਟੀ! ਅੱਜ ਸਿਖਿਆ ਦਾ ਵਕਤ ਨਹੀਂ ਹੈ। ਗੁਰਮਤਿ ਤੈਨੂੰ ਬਚਪਨ ਤੋਂ ਹੀ ਸਿਖਾਈ ਜਾ ਰਹੀ ਹੈ। ਤੂੰ ਸਟੇਜ ਦੀ ਬਹੁਤ ਵਧੀਆ ਵਕਤਾ ਹੈਂ, ਅੱਛੀ ਧਰਮ ਪ੍ਰਚਾਰਕਾ ਹੈਂ। ਅੱਜ ਤਾਂ ਤੇਰੇ ਸਿਖੇ ਦਾ ਇਮਤਿਹਾਨ ਹੈ। ਲੋਕੀ ਵੇਖਣਗੇ ਕਿ ਇਕ ਪ੍ਰਚਾਰਕ ਬੀਬੀ ਨੇ ਅਪਣੇ ਵਿਆਹ ਵਕਤ ਪਹਿਰਾਵਾ ਕੀ ਪਹਿਨਿਆ? ਸ਼ਿੰਗਾਰ ਕਿਵੇਂ ਦਾ ਕੀਤਾ, ਹੋਰ ਗੀਤਾਂ ਰਸਮਾਂ ਕਿਵੇਂ ਦੀਆਂ ਨਿਭਾਈਆਂ?" ਉਸ ਨੇ ਇਹ ਸੱਭ ਗੱਲਾਂ ਪੱਲੇ ਬੰਨ ਲਈਆਂ। ਸਾਰੇ ਕਾਰਜ ਗੁਰਮਤਿ ਅਨੁਸਾਰੀ ਹੋਏ। ਜਿਸ ਨੇ ਵੇਖਿਆ ਖ਼ੁਸ਼ੀ ਪ੍ਰਗਟ ਕੀਤੀ। ਦੋਹਾਂ ਬੱਚਿਆਂ ਦੇ ਵਿਆਹ ਦੀ ਖ਼ੁਸ਼ੀ ਵਿਚ ਮੈਂ ਅਪਣੇ ਘਰ ਵਿਚ ਸ਼ਰਾਬ ਦੀ ਵਰਤੋਂ ਨਹੀਂ ਕਰਨ ਦਿਤੀ। ਭਾਵੇਂ ਕੁੱਝ ਅਤਿ ਨੇੜਤਾ ਵਾਲੇ ਰਿਸ਼ਤੇਦਾਰ ਨਾਰਾਜ਼ ਹੋ ਕੇ, ਵਿਆਹ ਛੱਡ ਕੇ ਚਲੇ ਗਏ ਸਨ। ਮੇਰੇ ਘਰ ਵਿਚ ਮੇਰੇ ਬੱਚਿਆਂ ਦੇ ਵਿਆਹ ਵਿਚ, ਮੇਰੇ ਵਲੋਂ ਪ੍ਰਵਾਨੇ ਜਾਂ ਨਿਸਚਿਤ ਕੀਤੇ ਅਸੂਲ ਹੀ ਲਾਗੂ ਹੋਣਗੇ। ਉਦੋਂ ਤੋਂ ਲੈ ਕੇ ਸੱਭ ਨੂੰ ਅਹਿਸਾਸ ਹੋ ਗਿਆ ਕਿ ਇਹ ਬੰਦਾ ਕਿਸੇ ਦੀ ਨਹੀਂ ਮੰਨੇਗਾ। ਜੇ ਮੰਨੇਗਾ ਤਾਂ ਕੇਵਲ ਗੁਰਬਾਣੀ ਦੀ। ਕਾਸ਼ ਕਿ ਸਾਡਾ ਸਿੱਖ ਲਾਣਾ ਸਿੱਖੀ ਅਸੂਲ ਪੜ੍ਹੇ, ਸਮਝੇ ਤੇ ਅਪਣਾਵੇ। ਅੱਗੇ ਗੁਰਵਾਕ ਪੜ੍ਹੋ–

ਕਵਣੁ ਸੁ ਅਖਰੁ ਕਵਣੁ ਗੁਣੁ, ਕਵਣੁ ਸੁ ਮਣੀਆ ਮੰਤੁ॥

ਕਵਣੁ ਸੁ ਵੇਸੋ ਹਉ ਕਰੀ, ਜਿਤੁ ਵਸਿ ਆਵੈ ਕੰਤੁ॥ (1384)

ਹੇ ਵੱਡੀ ਭੈਣ! ਮੈਂ ਅਪਣੇ ਮਾਲਕ (ਨਿਰੰਕਾਰ-ਸੰਕੇਤ ਪਤੀ ਵਲ ਹੈ) ਨੂੰ ਖ਼ੁਸ਼ ਕਰਨ ਲਈ ਕਿਹੜੇ ਅੱਖਰ ਲਿਖਾਂ? ਕਿਨ੍ਹਾਂ ਗੁਣਾਂ ਨੂੰ ਧਾਰਨ ਕਰਾਂ ਜਾਂ ਜੀਭ ਨਾਲ ਕਿਹੜੇ ਮੰਤਰ ਪੜ੍ਹਾਂ? ਮੈਂ ਕਿਹੋ ਜਿਹਾ ਕੱਪੜਾ ਲੀੜਾ ਪਹਿਨਾਂ? ਕਿਹੋ ਜਿਹਾ ਸ਼ਿੰਗਾਰ ਕਰ ਕੇ ਕਿਸ ਤਰ੍ਹਾਂ ਦਾ ਭੇਸ (ਬਾਹਰੀ ਦਿੱਖ) ਬਣਾਵਾ ਤਾਕਿ ਪਤੀ ਮੇਰੇ ਵਸ ਵਿਚ ਰਹੇ।

ਨਿਵਣੁ ਸੁ ਅਖਰੁ ਖਵਣੁ ਗੁਣੁ, ਜਿਹਬਾ ਮਣੀਆ ਮੰਤੁ ॥

ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ ॥ (1384)

ਹੇ ਮੇਰੀ ਪਿਆਰੀ ਭੈਣ (ਮਾਨੋ ਪਹਿਲੇ ਸਵਾਲ ਦੇ ਜਵਾਬ ਵਿਚ) ਪਤੀ ਨੂੰ ਵਸ ਵਿਚ ਕਰਨ ਦਾ ਤਰੀਕਾ ਸਿੱਖ ਲੈ। ਨਿਮਰਤਾ ਵਿਚ ਰਹਿਣਾ, ਜੇ ਕੋਈ ਕੁੱਝ ਆਖੇ ਤਾਂ ਉਸ ਨੂੰ ਵੀ ਮੁਆਫ਼ ਕਰ ਦੇਣਾ, ਜਰ ਲੈਣਾ। ਜ਼ਬਾਨ 'ਤੇ ਮਿਠਾਸ ਵਾਲੇ ਬਚਨ ਹੋਣ, ਕੌੜਾ ਕਦੀ ਨਾ ਬੋਲਣਾ। ਇਹ ਤਿੰਨ ਗੱਲਾਂ ਜੇ ਅਪਣਾ ਲਵੇਂ ਤਾਂ ਪਤੀ ਵਸ ਵਿਚ ਰਹੇਗਾ। ਯਾਦ ਰਹੇ ਇਹ ਗੁਣ ਕੇਵਲ ਔਰਤਾਂ ਲਈ ਰਾਖਵੇਂ ਨਹੀਂ ਹਨ ਸਗੋਂ ਸਾਰੀ ਮਨੁੱਖ ਜਾਤੀ (ਔਰਤ-ਮਰਦ) ਨੇ ਇਨ੍ਹਾਂ ਗੁਣਾਂ ਦੇ ਧਾਰਨੀ ਬਣਨਾ ਹੈ। ਆਉ ਸ਼ਿੰਗਾਰ ਬਾਰੇ ਸਤਿਗੁਰੂ ਜੀ ਤੋਂ ਹੋਰ ਸਵਾਲ ਪੁਛੀਏ :

ਬਤੀਹ ਸੁਲਖਣੀ ਸਚੁ ਸੰਤਤਿ ਪੂਤ ॥ ਆਗਿਆਕਾਰੀ ਸੁਘੜ ਸਰੂਪ ॥

ਇਛ ਪੂਰੇ ਮਨ ਕੰਤ ਸੁਆਮੀ ॥ ਸਗਲ ਸੰਤੋਖੀ ਦੇਰ ਜੇਠਾਨੀ ॥

ਸਭ ਪਰਵਾਰੈ ਮਾਹਿ ਸਰੇਸਟ ॥ ਮਤੀ ਦੇਵੀ ਦੇਵਰ ਜੇਸਟ ॥

ਧੰਨੁ ਸੁ ਗ੍ਰਿਹੁ ਜਿਤੁ ਪ੍ਰਗਟੀ ਆਇ ॥ ਜਨ ਨਾਨਕ ਸੁਖੇ ਸੁਖਿ ਵਿਹਾਇ ॥ (371)

ਹੇ ਪੁਤਰੀ! (ਗੁਰੂ ਦੇ ਗਿਆਨ ਵਾਲੀ ਭਗਤੀ, ਤੇ ਗੁਣਵਾਨ ਜੀਵ ਇਸਤਰੀ) ਤੂੰ ਬੱਤੀ ਕਿਸਮ ਦੇ ਉਤਮ ਗੁਣਾਂ ਵਾਲੀ ਬਣ ਜਾਵੇ। (ਬੱਤੀ ਗੁਣਾਂ ਵਿਚ : ਸੁੰਦਰਤਾ, ਨਿਮਰਤਾ, ਦਯਾ, ਲੱਜਾ, ਧੀਰਜ, ਰਾਗ ਆਦਿ ਗਿਣੀਦੇ ਹਨ) ਤੇਰੇ ਘਰ ਸੱਚ ਰੂਪ ਔਲਾਦ ਪੈਦਾ ਹੋਵੇ। ਤੂੰ ਪ੍ਰਵਾਰ ਵਿਚ ਸਾਰਿਆਂ ਦੀ ਸਹਿਮਤੀ ਨਾਲ ਕਾਰਜ ਕਰੇ। ਤੈਨੂੰ ਪ੍ਰਮਾਤਮਾ ਨੇ ਬਹੁਤ ਸੋਹਣੀ ਬਣਾਇਆ ਹੈ। ਇਨ੍ਹਾਂ ਗੁਣਾਂ ਦਾ ਮਕਸਦ ਹੈ ਪਤੀ (ਰੱਬ ਜੀ) ਦੀਆਂ ਨਜ਼ਰਾਂ ਵਿਚ ਪ੍ਰਵਾਨ ਹੋ ਜਾਣਾ। ਤੇਰੀ ਤ੍ਰਿਸ਼ਨਾ ਖ਼ਤਮ ਹੋ ਜਾਵੇ, ਸੰਤੋਖੀ ਸੁਭਾਅ ਵਾਲੀ ਬਣ ਜਾਵੇਂ। ਤੇਰੇ ਗੁਣਾਂ ਕਾਰਨ ਸਾਰਾ ਪ੍ਰਵਾਰ ਤੈਨੂੰ ਸਿਆਣੀ ਜਾਣ ਕੇ ਆਦਰ ਦੇਵੇ। ਦਿਉਰ, ਜੇਠ ਸਾਰੇ ਘਰ ਵਾਲੇ ਤੇਰੇ ਕੋਲੋਂ ਸਲਾਹ ਲੈ ਕੇ ਕੰਮ ਕਰਨ। ਅਜਿਹੀ ਔਰਤ ਜਿਸ ਘਰ ਵਿਚ ਆ ਗਈ, ਉਸ ਥਾਂ ਸੁੱਖ ਹੀ ਸੁੱਖ ਹੋਣਗੇ, ਦੁੱਖਾਂ ਦਾ ਖ਼ਾਤਮਾ ਹੋ ਜਾਵੇਗਾ। ਇਹ ਹਮੇਸ਼ਾਂ ਯਾਦ ਰੱਖਣਯੋਗ ਨੁਕਤਾ ਹੈ ਕਿ ਗੁਰਬਾਣੀ ਵਿਚ ਉਪਦੇਸ਼ ਭਾਵੇਂ ਪੁਰਖ ਨੂੰ ਜਾਂ

ਔਰਤ ਨੂੰ ਹੈ, ਬਾਹਰੀ ਤੌਰ 'ਤੇ ਇਕ ਲਈ ਪ੍ਰਤੀਤ ਹੁੰਦਾ ਹੈ ਪਰ ਦੋਹਾਂ ਲਈ ਸਾਂਝਾ ਹੁੰਦਾ ਹੈ। ਔਰਤ ਮਰਦ ਸਾਰੇ ਜੀਵ ਇਸਤਰੀਆਂ ਹਨ। ਪੁਰਖ ਕੇਵਲ ਕਰਤਾ ਪੁਰਖ ਹੈ। ਪੜ੍ਹੋ ਹੁਕਮ :

ਇਸੁ ਜਗ ਮਹਿ 'ਪੁਰਖੁ ਏਕੁ ਹੈ', ਹੋਰ ਸਗਲੀ ਨਾਰਿ ਸਬਾਈ॥
ਸਭਿ ਘਟ ਭੋਗਵੈ ਅਲਿਪਤੁ ਰਹੈ, ਅਲਖ ਨ ਲਖਣਾ ਜਾਈ॥
ਪੂਰੇ ਗੁਰਿ ਵੇਖਾਲਿਆ, ਸਬਦੇ ਸੋਝੀ ਪਾਈ॥
ਪੁਰਖੈ ਸੇਵਹਿ ਸੇ ਪੁਰਖ ਹੋਵਹਿ, ਜਿਨੀ ਹਉਮੈ ਸਬਦਿ ਜਲਾਈ॥ (591)

ਹੇ ਭਾਈ! ਸਾਰੀ ਕਾਇਨਾਤ ਵਿਚ ਮਰਦ ਸਿਰਫ਼ ਇਕ ਅਕਾਲ ਪੁਰਖ ਹੈ। ਹੋਰ ਸੱਭ ਉਸ ਦੀਆਂ ਪਤਨੀਆਂ ਮੰਨਣੀਆਂ ਚਾਹੀਦੀਆਂ ਹਨ। ਉਹ ਸਾਰਿਆਂ ਦੇ ਅੰਦਰ ਬੈਠ ਕੇ (ਔਰਤ-ਮਰਦ) ਆਪ ਭੋਗਦਾ ਹੈ। ਇਨ੍ਹਾਂ ਗੁੱਝੇ ਭੇਦਾਂ ਨੂੰ ਪੂਰੀ ਤਰ੍ਹਾਂ ਨਹੀਂ ਜਾਣਿਆ ਜਾ ਸਕਦਾ। ਸਮਰੱਥ ਗੁਰੂ ਨੇ ਬਾਣੀ ਸ਼ਬਦ ਰਾਹੀਂ ਗਿਆਨ ਦੇ ਕੇ, ਅਸਲੀਅਤ ਸਮਝਾ ਦਿਤੀ। ਜੋ ਬਹਾਦਰ, ਨਿੱਡਰ, ਸਮਰੱਥ ਰੱਬ ਜੀ ਨੂੰ ਧਿਆਉਣਗੇ, ਉਹ ਖ਼ੁਦ ਨਿੱਡਰ, ਦਲੇਰ ਹੋ ਜਾਣਗੇ। ਸ਼ਬਦ ਦੇ ਗਿਆਨ ਨਾਲ ਉਹਨਾਂ ਨੇ ਹੰਕਾਰ ਆਦਿ ਵਿਕਾਰ ਖ਼ਤਮ ਕਰ ਦਿਤੇ। ਹੋਰ ਵੇਖੋ :

ਹਮ ਤੁਮ ਬੀਚੁ ਭਇਓ ਨਹੀਂ ਕੋਈ॥ ਤੁਮਹਿ ਸੁ ਕੰਤ ਨਾਰਿ ਹਮ ਸੋਈ॥ (484)

ਐ ਸੰਸਾਰ ਦੇ ਲੋਕੋ ਸੁਣ ਲਉ! ਮੇਰੇ ਅਤੇ ਪਰਮੇਸ਼ਰ ਪਤੀ ਦੇ ਵਿਚਕਾਰ ਕੋਈ ਵਿਚੋਲਾ ਨਹੀਂ ਹੈ। ਦੋਵੇਂ ਇਕਮਿਕ ਹੋ ਗਏ ਹਾਂ। ਪਰਮੇਸ਼ਰ ਜੀ ਪਤੀ ਹਨ ਮੈਂ (ਕਬੀਰ) ਉਸ ਦੀ ਪਤਨੀ ਹਾਂ। ਹੋਰ ਵੇਖੋ :

ਸਾਚੁ ਕਤੇਬ ਬਖਾਨੈ ਅਲਹੁ, ਨਾਰਿ ਪੁਰਖੁ ਨਹੀ ਕੋਈ॥
ਪੜੇ ਗੁਨੇ ਨਾਹੀ ਕਛੁ ਬਉਰੇ, ਜਉ ਦਿਲ ਮਹਿ ਖਬਰਿ ਨ ਹੋਈ॥
ਅਲਹੁ ਗੈਬੁ ਸਗਲ ਘਟ ਭੀਤਰਿ, ਹਿਰਦੈ ਲੇਹੁ ਬਿਚਾਰੀ॥
ਹਿੰਦੂ ਤੁਰਕ ਦੁਹੂੰ ਮਹਿ ਏਕੈ, ਕਹੈ ਕਬੀਰ ਪੁਕਾਰੀ॥ (484)

ਹੇ ਭਾਈ! ਧਰਮ ਪੁਸਤਕਾਂ ਕੇਵਲ ਪੜ੍ਹਨ ਲਈ ਨਹੀਂ ਹੁੰਦੀਆਂ, ਉਹਨਾਂ ਵਿਚਲੇ ਗਿਆਨ ਨੂੰ ਅਮਲੀ ਜੀਵਨ ਵਿਚ ਢਾਲਣਾ ਹੁੰਦਾ ਹੈ। ਸਾਰੇ ਅੱਲਾਹ ਦੇ ਬਣਾਏ ਜੀਵ ਹਨ। ਨਾਰੀ ਅਤੇ ਪੁਰਖ ਵਿਚ ਵਿਕਤਰਾ ਕਰਨਾ ਜਾਇਜ਼ ਨਹੀਂ ਹੈ। ਧਰਮ ਪੁਸਤਕਾ ਨੂੰ ਸਮਝ ਕਿ ਸਾਰੇ ਹੀ ਪੰਜ ਤੱਤਾਂ ਦੇ ਬਣੇ ਹੋਏ ਹਨ, ਫਿਰ ਵਖਰੇਵਾਂ ਕਿਵੇਂ ਹੋਇਆ? ਗੁਪਤ ਰੂਪ ਵਿਚ ਖ਼ੁਦਾ ਸਾਰਿਆਂ ਦੇ ਅੰਦਰ ਹੈ, ਚੰਗੀ ਤਰ੍ਹਾਂ ਵਿਚਾਰ ਕੇ ਵੇਖ। ਤੂੰ ਤਾਂ ਔਰਤ ਮਰਦ ਨੂੰ ਵੱਖਰੇ ਮੰਨਦਾ ਹੈ ਪਰ ਕਬੀਰ ਤਾਂ ਹਿੰਦੂ ਅਤੇ ਮੁਸਲਮਾਨ ਨੂੰ ਭੀ ਇਕੋ ਮੰਨਦਾ ਹੈ। ਕਿਉਂਕਿ ਸਾਰੇ ਪੰਜ ਤੱਤਾਂ ਦੇ ਸੁਮੇਲ ਤੋਂ

ਬਣੇ ਹਨ। ਸਾਰਿਆਂ ਵਿਚ ਖ਼ੁਦਾ ਦਾ ਵਾਸਾ ਹੈ।

ਕਵੀ ਈਸ਼ਰ ਸਿੰਘ ਦੀ ਇਕ ਕਾਵਿਕ ਟੂਕ ਨਾਲ ਇਸ ਪ੍ਰਸੰਗ ਨੂੰ ਸੰਕੋਚਦੇ ਹਾਂ :-

ਮਾਲੀ ਹੋਵੇ ਪਰ ਪਾਣੀ ਨਾ ਹੋਵੇ ਜਿੱਥੇ, ਉਥੇ ਬੂਟਿਆਂ ਨੇ ਕਦੇ ਫਲਣਾ ਨਹੀਂ।
ਬੱਤੀ ਹੈ ਪਰ ਦੀਵੇ ਵਿਚ ਤੇਲ ਨਹੀਂ, ਉਸ ਦੀਵੇ ਨੇ ਕਦੀ ਭੀ ਬਲਣਾ ਨਹੀਂ।
ਦੋ ਪਹੀਏ ਨੇ ਗੱਡੀ ਦੇ ਮਰਦ ਤੀਵੀਂ, ਇਕ ਕਮਜ਼ੋਰ ਹੈ ਦੂਜੇ ਨੇ ਹਿਲਣਾ ਨਹੀਂ।

ਪਤੀ ਪਤਨੀ ਦੀ ਵ.ਫ਼ਾਦਾਰੀ

ਸਾਡੇ ਸਮਾਜ ਵਿਚ ਦਿਨ ਪ੍ਰਤੀ ਦਿਨ ਰਿਸ਼ਤੇ ਟੁਟਦੇ ਜਾ ਰਹੇ ਹਨ। ਵਿਸ਼ਵਾਸ ਤਿੜਕ ਰਹੇ ਹਨ। ਰਿਸ਼ਤੇਦਾਰੀਆਂ ਦੀ ਦੋਸਤਾਂ ਮਿੱਤਰਾਂ ਦੀ ਭੈਣਾਂ-ਭਰਾਵਾਂ, ਪਤੀ-ਪਤਨੀ ਦੀ ਸਾਂਝ ਕਮਜ਼ੋਰ ਪੈਂਦੀ ਜਾ ਰਹੀ ਹੈ। ਬਹੁਤੇ ਵਿਦਵਾਨਾਂ ਨੇ ਇਸ ਦਾ ਕਾਰਨ ਪਦਾਰਥਵਾਦੀ ਰੁਚੀਆਂ ਦਾ ਭਾਰੂ ਹੋਣਾ ਲਿਖਿਆ ਹੈ। ਪਰ ਇਹ ਪੂਰਾ ਸੱਚ ਨਹੀਂ ਹੈ। ਪੈਸਾ ਮਹੱਤਵਪੂਰਨ ਹੈ, ਇਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਜੀਵਨ ਦੀਆਂ ਸਾਰੀਆਂ ਲੋੜਾਂ ਪੈਸੇ ਨਾਲ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਜਿਨ੍ਹਾਂ ਕੋਲ ਪੈਸਾ ਨਹੀਂ ਹੈ, ਉਹਨਾਂ ਤੋਂ ਆਪਣੇ ਪਰਾਏ ਸਾਰੇ ਮੂੰਹ ਫੇਰ ਲੈਂਦੇ ਹਨ। ਹਰ ਇਨਸਾਨ ਇਕ ਦੂਜੇ ਨਾਲ ਲੋੜਾਂ ਕਾਰਨ ਜੁੜਿਆ ਹੋਇਆ ਹੈ। ਕੁੱਝ ਪੰਜਾਬੀ ਮੁਹਾਵਰੇ ਇਸ ਪਾਸੇ ਸਾਡਾ ਧਿਆਨ ਖਿਚਦੇ ਹਨ। ਜਿਵੇਂ "ਜੇ ਉਹ ਸਾਡੇ ਨਾਲ ਨਹੀਂ ਬੋਲਦਾ ਨਾ ਸਹੀ, ਅਸੀ ਕਿਹੜਾ ਉਸ ਤੋਂ ਗੱਡਾ ਕਢਾਉਣਾ ਹੈ", "ਸਾਡਾ ਕੀ ਉਸ ਨੇ ਵਿਆਹ ਉਠਵਾਉਣਾ ਹੈ"...। ਜਦੋਂ ਟਰੈਕਟਰ ਨਹੀਂ ਆਏ ਸੀ ਤਦੋਂ ਬਲਦਾਂ ਨਾਲ ਖਿੱਚਣ ਵਾਲੇ ਗੱਡੇ ਚਿੱਕੜ ਵਿਚ ਫਸ ਜਾਂਦੇ ਸਨ। ਆਲੇ ਦੁਆਲੇ ਦੇ ਖੇਤਾਂ ਵਿਚ ਕੰਮ ਕਰਨ ਵਾਲੇ ਬੰਦੇ, ਇਕੱਠੇ ਹੋ ਕੇ ਜੋਰ ਲਾਉਂਦੇ ਤੇ ਗੱਡਾ ਕੱਢ ਦਿੰਦੇ। ਕਿਸੇ ਕਮਜ਼ੋਰ ਪਿਤਾ ਦੀ ਬੇਟੀ ਦਾ ਵਿਆਹ ਹੁੰਦਾ। ਉਹ ਸਾਰੇ ਭਾਈਚਾਰੇ ਨੂੰ ਇਕੱਠਾ ਕਰਦਾ। ਅਪਣੀ ਮਜਬੂਰੀ ਸਾਰਿਆਂ ਨੂੰ ਕਹਿ ਸੁਣਾਉਂਦਾ। ਫਿਰ ਕੋਈ ਦਇਆਵਾਨ ਭਰਾ, ਵਿਆਹ ਦੀ ਚਿੱਠੀ ਚੁਕਦਾ ਤੇ ਲੜਕੀ ਦੇ ਪਿਤਾ ਦੀ ਝੋਲੀ ਵਿਚ ਰੱਖ ਦਿੰਦਾ ਜਿਸ ਦਾ ਸੰਕੇਤ ਸੀ ਕਿ ਲੋੜ ਪੈਣ 'ਤੇ ਵਿਆਹ ਵਿਚ ਮੈਂ ਮੱਦਦ ਕਰਾਂਗਾ। ਅੱਜ ਹਾਲਾਤ ਬਦਲ ਗਏ ਹਨ, ਮਸ਼ੀਨੀ ਯੁੱਗ ਚੱਲ ਰਿਹਾ ਹੈ। ਕਿਸੇ 'ਤੇ ਮੁਥਾਜੀ ਵਾਲੀ ਨਿਰਭਰਤਾ ਨਹੀਂ। ਸਗੋਂ "ਪੈਸਾ ਦਿਉ ਤੇ ਗਜ (ਕਪੜਾ) ਪੜਵਾਉ।"

ਇਕ ਦੂਜੇ ਤੋਂ ਵਿਸ਼ਵਾਸ ਤੋੜਨ ਦੇ ਅਸਲ ਜ਼ਿੰਮੇਵਾਰ ਧਰਮ ਮੁਖੀ, ਰਾਜ ਮੁਖੀ ਅਤੇ ਲੇਖਕ ਹਨ। ਧਾਰਮਕ ਆਗੂਆਂ ਨੇ ਆਮ ਲੋਕਾਂ ਨੂੰ ਸੁਚੱਜੀ ਅਗਵਾਈ ਦੇਣੀ ਸੀ। ਉਹਨਾਂ ਦਾ ਅਪਣਾ ਜੀਵਨ ਇਕ ਮਾਡਲ ਰੂਪ ਵਿਚ ਸ਼ੀਸ਼ੇ ਵਾਂਗ ਸਾਫ਼ ਪਾਕ ਹੋਣਾ ਚਾਹੀਦਾ ਸੀ। ਮਨੁੱਖਤਾ ਦੇ ਕਲਿਆਣ ਹਿਤ ਪੂਰੀ ਵਾਹ ਲਾਉਂਦੇ, ਖ਼ੁਦ ਵਿਕਾਰਾਂ ਤੋਂ ਬਚ ਕੇ ਸਾਦਾ ਜੀਵਨ ਬਤੀਤ ਕਰਦੇ। ਅਫ਼ਸੋਸ ਕਿ ਅਜਿਹਾ ਨਹੀਂ ਹੈ। ਧਰਮ ਅਸਥਾਨ ਕਮਾਈ ਦਾ ਸਾਧਨ ਬਣ ਚੁੱਕੇ ਹਨ। ਪ੍ਰਬੰਧਕ ਅਤੇ ਪ੍ਰਚਾਰਕ

(ਵਿਰਲਿਆਂ ਨੂੰ ਛੱਡ ਕੇ) ਭ੍ਰਿਸ਼ਟ ਅਤੇ ਆਚਰਣਹੀਣ ਹੋ ਚੁੱਕੇ ਹਨ। ਝੂਠੀਆਂ ਤੇ ਗ਼ੈਰ-ਵਿਗਿਆਨਕ ਕਹਾਣੀਆਂ ਧਾਰਮਕ ਸਟੇਜਾਂ ਤੋਂ ਸੁਣੀਆਂ ਜਾ ਰਹੀਆਂ ਹੁੰਦੀਆਂ ਹਨ। ਤਿਆਗ ਦਾ ਉਪਦੇਸ਼ ਕਰਨ ਵਾਲੇ ਹਿਰਸੀ ਲੋਭੀ ਹੰਕਾਰੀ ਤੇ ਐਸ਼-ਪ੍ਰਸਤ ਵੇਖੇ ਜਾ ਸਕਦੇ ਹਨ। ਅੱਜ ਦਾ ਨੌਜੁਆਨ ਤਬਕਾ ਅਜਿਹੇ ਲੋਕਾਂ ਤੋਂ ਕੀ ਗ੍ਰਹਿਣ ਕਰੇਗਾ ?ਇਹੀ ਕਿ ਲੁੱਟੋ, ਖਾਉ, ਝੂਠ ਬੋਲੋ, ਲੋਕਾਂ ਨੂੰ ਗੁਮਰਾਹ ਕਰੋ ਤੇ ਖ਼ੁਦ ਐਸ਼ ਵਾਲੀ ਜ਼ਿੰਦਗੀ ਬਿਤਾਉ।

ਦੂਜੇ ਹਨ ਸਾਡੇ ਰਾਜਨੇਤਾ। ਚੋਣਾਂ ਲੜਨ ਵਾਸਤੇ ਕਰੋੜਾਂ ਰੁਪਏ ਖ਼ਰਚ ਕੇ ਘਾਟੇ ਦਾ ਸੌਦਾ ਕਿਵੇਂ ਕੀਤਾ ਜਾ ਸਕਦਾ ਹੈ। ਅਣਗਿਣਤ ਚੋਰ ਮੋਰੀਆਂ ਰਾਹੀਂ ਅਰਬਾਂ ਕਮਾਏ ਜਾਂਦੇ ਹਨ। ਉਪਦੇਸ਼ ਬੜੇ ਲੁਭਾਵਣੇ ਕਿਤੇ ਜਾਂਦੇ ਹਨ, ਸਬਜ਼ ਬਾਗ਼ ਬੜੇ ਵਿਖਾਏ ਜਾਂਦੇ ਹਨ। ਇਹਨਾਂ ਦੇ ਸੰਗੀ ਸਾਥੀ ਹਨ ਵੱਡੇ ਅਫਸ਼ਰ। ਉਹ ਖ਼ੁਦ ਖਾਂਦੇ ਹਨ, ਇਹਨਾਂ ਨੂੰ ਖਾਣ ਦੇ ਰਾਹ ਦਸਦੇ ਹਨ। ਸਾਰੇ ਰਲ ਕੇ ਆਮ ਜੰਤਾ ਨੂੰ ਲੜਾਉਂਦੇ ਹਨ ਤੇ ਮਰਵਾਉਂਦੇ ਹਨ। ਆਮ ਬੰਦਾ ਇਹਨਾਂ ਤੋਂ ਅਤਿ ਮਾਯੂਸ ਹੈ। ਤੀਜੇ ਹਨ ਲੇਖਕ ਤੇ ਪੱਤਰਕਾਰ ਆਦਿ। ਕੋਈ ਵਿਰਲਾ ਸੱਚ ਲਿਖਦਾ ਜਾਂ ਬੋਲਦਾ ਹੈ, ਵਰਨਾ ਸੱਚ ਨੂੰ ਛੁਪਾ ਕੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨਾ, ਇਹ ਲੋਕ ਬਾਖ਼ੂਬੀ ਜਾਣਦੇ ਹਨ। ਅਖਬਾਰ ਤੇ ਟੀ.ਵੀ. ਚੈਨਲਾਂ 'ਤੇ ਜਾਦੂ-ਟੂਣੇ, ਜੰਤਰ ਮੰਤਰ, ਹਥੌਲੇ ਤੇ ਰਾਸ਼ੀਆਂ, ਜੋਤਿਸ਼ ਤੇ ਵਾਸਤੂ ਸ਼ਾਸਤਰ ਦਾ ਪ੍ਰਚਾਰ ਕਰ ਰਹੇ ਵੇਖੇ ਜਾ ਸਕਦੇ ਹਨ। ਕਾਲਪਨਿਕ ਕਥਾ ਕਹਾਣੀਆਂ, ਅਣਹੋਏ ਦੇਵਤੇ, ਪੱਥਰ ਦੇ 'ਭਗਵਾਨਾਂ' ਨੂੰ ਸੱਚ ਦੀ ਚਾਸਣੀ ਇਹੀ ਲੋਕ ਚਾਹੜਦੇ ਹਨ। ਪੜ੍ਹਿਆ ਲਿਖਿਆ ਵਰਗ ਇਸ ਠੱਗੀ ਵਿਚੋਂ ਨਿਕਲਣਾ ਚਾਹੁੰਦਾ ਹੈ। ਵਰਤ ਰਹੇ ਵਰਤਾਰੇ ਬਾਰੇ ਸੱਚ ਜਾਣਨਾ ਚਾਹੁੰਦਾ ਹੈ। ਪਰ ਮਕਾਰ ਕਿਸਮ ਦੇ ਲੇਖਕ ਤੇ ਪੱਤਰਕਾਰ ਸਮਾਜ ਦੀ ਮਾਨਸਿਕ ਤ੍ਰਿਪਤੀ ਨਹੀਂ ਕਰ ਸਕੇ।

ਇਹਨਾਂ ਤਿੰਨਾਂ ਪ੍ਰਮੁੱਖ ਧਿਰਾਂ ਵਲੋਂ ਮਾਯੂਸ ਹੋ ਕੇ, ਆਮ ਇਨਸਾਨ ਮਜਬੂਰੀ ਵਸ ਖ਼ੁਦਗਰਜ਼ੀ, ਚੋਰੀ, ਬੇਈਮਾਨੀ, ਧੱਕੇਸ਼ਾਹੀ ਤੇ ਬੇਵਫ਼ਾਈ ਆਦਿ ਦੇ ਰਾਹ ਪੈ ਗਿਆ ਹੈ। ਇਸੇ ਕਾਰਨ ਰਿਸ਼ਤੇ ਤਿੜਕ ਰਹੇ ਹਨ। ਰਿਸ਼ਤਿਆਂ ਨੂੰ ਪਲੀਤ ਕਰਨ ਵਿਚ ਸੱਭ ਤੋਂ ਵੱਡਾ ਯੋਗਦਾਨ ਮਰਦ ਵਲੋਂ ਪਾਇਆ ਗਿਆ ਹੈ ਕਿਉਂਕਿ ਉਪਰ ਤੋਂ ਲੈ ਕੇ ਹੇਠਲੇ ਦਰਜੇ ਤਕ, ਸਾਰੀ ਤਾਕਤ ਆਦਮੀ ਦੇ ਹੱਥ ਵਿਚ ਹੈ। ਸਦੀਆਂ ਤੋਂ ਔਰਤ ਇਕ ਵਸਤੂ ਜਾਂ ਖਿਡੌਣਾ ਬਣਾ ਕੇ ਰੱਖੀ ਗਈ ਹੈ, ਬਰਾਬਰ ਦੀ ਇਨਸਾਨ ਨਹੀਂ ਮੰਨੀ ਗਈ। ਸਾਰੇ ਧਰਮਾਂ 'ਤੇ ਆਦਮੀ ਕਾਬਜ਼ ਹੈ। ਸਾਰੀ ਰਾਜਨੀਤੀ ਨੂੰ ਆਦਮੀ ਸਦੀਆਂ ਤੋਂ ਕਾਬੂ ਕਰ ਚੁਕਿਆ ਹੈ। ਸਾਰੀਆਂ ਨੌਕਰੀਆਂ

ਪੁਰਸ਼ ਦੀ ਮਾਲਕੀ ਵਿਚ ਹਨ। ਘਰ ਜ਼ਮੀਨ ਬੈਂਕ ਅਕਾਊਂਟ ਸਭ ਆਦਮੀ ਦੀ ਮੁੱਠੀ ਵਿਚ ਹਨ। ਬੱਚਿਆਂ ਦੇ ਨਾਮ ਨਾਲ ਪਿਤਾ ਦਾ ਨਾਮ ਜੋੜਿਆ ਗਿਆ ਹੈ, ਮਾਂ ਦਾ ਨਹੀਂ। ਵਿਆਹ ਵਕਤ ਲੜਕੀ ਦੇ ਹੱਥ ਵਿਚ ਲੜਕੇ ਦਾ ਪੱਲਾ ਫੜਾ ਕੇ, ਲੜਕੇ ਦੇ ਪਿੱਛੇ ਲਾਈ ਜਾਂਦੀ ਹੈ। ਵਿਆਹ ਕਰਵਾ ਕੇ ਜਦੋਂ ਲੜਕਾ-ਲੜਕੀ ਵਾਪਸ ਆਉਂਦੇ ਹਨ ਤਾਂ ਲੜਕਾ ਅੱਗੇ ਚਲਦਾ ਹੈ ਤੇ ਲੜਕੀ ਉਸ ਦਾ ਪੱਲਾ ਫੜ ਕੇ ਡਰੀ ਸਹਿਮੀ, ਨੀਵੀਂ ਪਾਈ ਪਿੱਛੇ ਪਿੱਛੇ ਟੁਰਦੀ ਹੈ। ਜਿਵੇਂ ਕਹਿ ਰਹੀ ਹੋਵੇ, **"ਸੁਆਮੀ ਜੀ ! ਮੇਰਾ ਹੋਰ ਕੋਈ ਸਹਾਰਾ ਨਹੀਂ, ਨਿਰੋਲ ਅੰਬਰੀ ਅੰਡੇ ਨਿਆਣੀ ਹਾਂ। ਤੁਹਾਡਾ ਪੱਲਾ ਫੜਿਆ ਹੈ, ਮੈਨੂੰ ਅਪਣਾ ਸਹਾਰਾ ਦੇਈ ਰਖਣਾ।"** ਲੜਕੀ ਨੂੰ ਪਿਤਾ ਵਲੋਂ ਮਿਲਿਆ ਸਮਾਨ ਹੀ ਉਸ ਦਾ ਅਪਣਾ ਹੁੰਦਾ ਹੈ। ਉਹ ਭੀ ਤਦੋਂ ਜੇ ਉਸ ਕੋਲ ਰਹਿਣ ਦਿਤਾ ਜਾਵੇ। ਬਾਕੀ ਤਾਂ ਮਿਹਨਤ ਤੇ ਸਿਆਣਪ ਤੋਂ ਮਗਰੋਂ ਹੀ, ਉਹ ਅਪਣੇ ਪੈਰ ਸਹੁਰੇ ਘਰ ਜਮ੍ਹਾ ਸਕਦੀ ਹੈ। ਇਹ ਵੱਖਰੀ ਗੱਲ ਹੈ ਕਿ ਕੁੱਝ ਕੁ ਲੜਕੀਆਂ ਬਹੁਤ ਹੀ ਸਮਝਦਾਰ ਹੁੰਦੀਆਂ ਹਲ ਜੋ ਛੇਤੀ ਹੀ ਨਵੇਂ ਘਰ ਵਿਚ ਅਪਣਤ ਤੇ ਵਿਸ਼ਵਾਸ ਬਣਾ ਲੈਂਦੀਆਂ ਹਨ। ਬਹੁਤ ਸਾਰੀਆਂ ਉਹ ਵੀ ਹੁੰਦੀਆਂ ਹਨ ਜਿਨ੍ਹਾਂ ਨੂੰ ਸਾਰੀ ਉਮਰ ਹੀ ਪਤਾ ਨਹੀਂ ਲਗਦਾ ਕਿ ਉਸ ਦਾ **'ਘਰ'** ਕਿਥੇ ਹੈ ? ਜਨਮ ਦੇਣ ਵਾਲੇ ਮਾਂ ਪਿਉ ਅਪਣੱਤ ਜਤਾਉਂਦੀ ਬੇਟੀ ਨੂੰ, ਇਕਦਮ ਚੂਰ ਚੂਰ ਕਰ ਦਿੰਦੇ ਹਨ, ਜਦੋਂ ਕਹਿੰਦੇ ਹਨ **"ਇਹ ਘਰ ਤੇਰਾ ਨਹੀਂ, ਇਹ ਦਾਹਵੇ ਸਹੁਰੇ ਘਰ ਜਾ ਕੇ ਕਰੀਂ।"** ਸਹੁਰੇ ਘਰ ਕਾਲਜਾ ਵਿੰਨਦੇ ਤੀਰਾਂ ਵਰਗੀਆਂ ਆਵਾਜ਼ਾਂ ਸੁਣਦੀ ਹਰ ਰੋਜ਼ ਹੰਝੂ ਬਹਾਉਂਦੀ ਹੈ, ਜਦੋਂ ਕਹਿੰਦੇ ਹਨ, **"ਇਹ ਬੇਗਾਨੀ ਧੀ ਹੈ।"** ਉਹ ਬਾਰ ਬਾਰ ਰੱਬ ਤੋਂ ਪੁਛਦੀ ਹੈ, ਧਰਮ ਮੁਖੀਆਂ ਨੂੰ ਸਵਾਲ ਕਰਦੀ ਹੈ। ਰਾਜਨੇਤਾਵਾਂ ਅੱਗੇ ਬੇਨਤੀਆਂ ਕਰਦੀ ਹੈ, **"ਤੁਸੀ ਸਾਰੇ ਦੱਸੋ ਮੇਰਾ ਘਰ ਕਿਥੇ ਹੈ ?"** ਪਿਤਾ ਦੇ ਘਰ ਮੈਂ "ਪਰਾਇਆ ਧਨ" ਹਾਂ। ਸਹੁਰੇ ਘਰ ਮੈਂ 'ਬੇਗਾਨੀ ਧੀ" ਹਾਂ। ਫਿਰ ਮੇਰੇ ਅਪਣੇ ਕੌਣ ਹਨ ? ਮੈਂ ਕਿਸ ਦੇ ਅੱਗੇ ਫਰਿਆਦ ਕਰ ਕੇ ਦੁਖੜੇ ਸੁਣਾਵਾਂ ? ਗੁਰਵਾਕ ਪੜ੍ਹੋ :

ਹਮ ਤੇਰੀ ਧਰ ਸੁਆਮੀਆ ਮੇਰੇ, ਤੂ ਕਿਉ ਮਨਹੁ ਬਿਸਾਰੇ ॥
ਇਸਤ੍ਰੀ ਰੂਪ ਚੇਰੀ ਕੀ ਨਿਆਈ, ਸੋਭ ਨਹੀਂ ਬਿਨੁ ਭਰਤਾਰੇ ॥ (1268)

ਹੇ ਸੁਆਮੀ ਜੀ! ਮੈਨੂੰ ਕੇਵਲ ਤੇਰਾ ਹੀ ਆਸਰਾ ਹੈ। ਮੈਂ ਤੈਨੂੰ ਕਦੀ ਭੀ ਮਨੋ ਨਹੀਂ ਭੁਲਾਵਾਂਗੀ। ਤੂੰ ਮੇਰਾ ਆਸਰਾ ਬਣੇ ਰਹਿਣਾ। ਇਸਤਰੀ ਤਾਂ ਸੇਵਕਾ ਹੁੰਦੀ ਹੈ। ਪਤੀ ਤੋਂ ਬਿਨਾਂ ਉਸ ਦੀ ਜ਼ਿੰਦਗੀ ਅਤਿ ਸੰਕਟਮਈ ਹੈ। ਹੋਰ ਪੜ੍ਹੋ :

ਨਾ ਮੈ ਕੁਲੁ ਨਾ ਸੋਭਾਵੰਤ ॥ ਕਿਆ ਜਾਨਾ ਕਿਉ ਭਾਨੀ ਕੰਤ ॥
ਮੋਹਿ ਅਨਾਥ ਗਰੀਬ ਨਿਮਾਨੀ ॥ ਕੰਤ ਪਕਰਿ ਹਮ ਕੀਨੀ ਰਾਨੀ ॥ (394)

ਹੇ ਪਿਆਰੇ ਸੱਜਣ ਜੀ! ਮੇਰੀ ਉੱਚੀ ਕੁਲ ਨਹੀਂ ਹੈ। ਮੈਂ ਕੋਈ ਚੰਗੇ ਕੰਮ ਭੀ ਨਹੀਂ ਕੀਤੇ। ਪਤਾ ਨਹੀਂ ਕਿਵੇਂ ਤੁਸੀ ਮੈਨੂੰ ਪਸੰਦ ਕਰ ਲਿਆ? ਮੈਂ ਤਾਂ ਗ਼ਰੀਬਣੀ ਹਾਂ, ਅਨਾਥ ਹਾਂ, ਨਿਮਾਣੀ ਜਿਹੀ ਹਾਂ। ਤੁਸੀ ਮੈਨੂੰ ਅਪਣੀ ਬਣਾ ਲਿਆ ਤੇ ਮੈਂ ਝੱਟ ਪੱਟ ਰਾਣੀ ਬਣ ਗਈ। ਇਹ ਤੁਹਾਡੀ ਕ੍ਰਿਪਾ ਸਦਕਾ ਹੋਇਆ ਹੈ।

ਪਾਠਕ ਜਨੋ! ਇਹ ਸ਼ਬਦ ਭਾਵੇਂ ਜੀਵ ਇਸਤਰੀ ਨਿਰੰਕਾਰ ਲਈ ਬੋਲਦੀ ਵਿਖਾਈ ਗਈ ਹੈ। ਪਰ ਆਲੇ ਦੁਆਲੇ ਧਿਆਨ ਨਾਲ ਪਰਖ ਕੇ ਵੇਖੋ, ਚਲਦੇ ਹਾਲਾਤ ਮੁਤਾਬਕ ਜੇ ਪਤੀ ਨੇ ਔਰਤ ਨੂੰ ਸਨਮਾਨ ਦਿਤਾ ਤਾਂ ਜੀਵਨ ਸੁਖੀ ਹੈ। ਪਤੀ ਨੇ ਅਪਣੀ ਨਾ ਬਣਾਈ, ਕੋਈ ਠਾਹਰ ਨਹੀਂ। ਵਿਦਵਾਨਾਂ ਦਾ ਕਥਨ ਹੈ ਕਿ **"ਔਰਤ ਕੁੱਝ ਕਰਦੀ ਨਹੀਂ, ਬਸ ਸੱਭ ਕੁੱਝ ਜਰਦੀ ਹੈ, ਜਾਂ ਮਰਦੀ ਹੈ।"**

ਆਮ ਜੀਵਨ ਪ੍ਰਵਾਹ ਵਿਚ ਪਤਨੀ, ਪਤੀ ਲਈ ਉਮਰ ਭਰ ਵਫ਼ਾਦਾਰੀ ਨਿਭਾਉਂਦੀ ਹੈ। ਜੇ ਪਤੀ ਨਿਖੱਟੂ ਹੋਵੇ, ਨਸ਼ਈ ਹੋਵੇ ਤਾਂ ਭੀ ਔਰਤ ਛੇਤੀ ਕਿਤੇ ਸਾਥ ਨਹੀਂ ਛਡਦੀ। ਪਰ ਆਦਮੀ ਮਾਮੂਲੀ ਜਿਹੇ ਬਹਾਨੇ ਘੜ ਕੇ ਪਤਨੀ ਤੋਂ ਵੱਖ ਹੋਣ ਲਈ ਤਿਆਰ ਹੋ ਜਾਂਦਾ ਹੈ। ਅਖੇ "ਇਹ ਸੋਹਣੀ ਨਹੀਂ, ਦਾਜ ਘੱਟ ਲਿਆਈ ਹੈ। ਇਹ ਸਿਰਫ਼ ਲੜਕੀਆਂ ਨੂੰ ਜਨਮ ਦੇ ਰਹੀ ਹੈ ਜਦੋਂ ਕਿ ਸਾਨੂੰ ਲੜਕਾ ਚਾਹੀਦਾ ਹੈ। ਇਹ ਸਾਡੇ ਮੂਹਰੇ ਚਬਰ ਚਬਰ ਬੋਲਦੀ ਹੈ, ਸ਼ਰਮ ਹਯਾ ਸਾਰੀ ਲਾਹ ਦਿੱਤੀ। ਇਹ ਤੀਵੀ ਬਦਚਲਣ ਹੈ, ਅਸੀ ਨਹੀਂ ਰਖਣੀ।" ਜਦੋਂ ਕਿ ਸੱਚ ਇਹ ਹੈ ਕਿ ਆਦਮੀ ਅਪਣੇ ਕੰਮਾਂ ਦੇ ਕਾਰਨ ਬਹੁਤਾ ਸਮਾਂ ਘਰੋਂ ਬਾਹਰ ਰਹਿੰਦਾ ਹੈ। ਉਹ ਬਾਹਰ ਸ਼ਰਾਬ ਪੀਵੇ, ਜੂਆ ਖੇਡੇ, ਰੰਡੀ ਬਜ਼ਾਰ ਜਾਵੇ ਜਾਂ ਹੋਟਲਾਂ ਵਿਚ ਰਾਤਾਂ ਰੰਗੀਨ ਬਣਾਵੇ, ਸੱਭ ਜਾਇਜ਼ ਹੈ। ਇਹਨਾਂ ਮੰਦੇ ਕੰਮਾਂ 'ਤੇ ਸਾਰੀ ਕਮਾਈ ਰੋੜ੍ਹ ਦੇਵੇ, ਲੜਾਈ ਕਰ ਕੇ ਹੱਡ ਗੋਡੇ ਤੁੜਵਾ ਲਵੇ, ਕਤਲ ਕਰ ਦੇਵੇ, ਵੀਹ ਸਾਲੀ ਕੈਦ ਹੋ ਜਾਵੇ, ਸਾਰੀ ਜ਼ਮੀਨ ਆਦਿ ਵੇਚ ਕੇ ਮੁਕੱਦਮਿਆਂ 'ਤੇ ਉਜਾੜ ਦੇਵੇ, ਸੱਭ ਠੀਕ ਹੈ। ਦੂਸਰੇ ਪੱਖ ਤੋਂ ਸੋਚੀਏ ਤਾਂ ਬਹੁਤੀਆਂ ਹਾਲਤਾਂ ਵਿਚ ਪਤੀ ਵਲੋਂ ਕੀਤੀਆਂ ਗ਼ਲਤੀਆਂ ਦੀ ਸਜ਼ਾ ਪਤਨੀ ਨੂੰ ਭੋਗਣੀ ਪੈਂਦੀ ਹੈ। ਆਦਮੀ ਨਸ਼ੇੜੀ ਹੋਵੇ ਤਾਂ ਜ਼ਨਾਨੀ ਦੀ ਜ਼ਿੰਦਗੀ ਨਰਕ ਵਰਗੀ। ਨਿਖੱਟੂ ਹੋਵੇ ਤਾਂ ਲੋੜਾਂ ਪੂਰੀਆਂ ਕਰਨੀਆਂ ਦੁੱਭਰ। ਝਗੜਾ ਕਰ ਲਵੇ, ਮੁਕੱਦਮਿਆਂ ਤੇ ਘਰ ਦਾ ਉਜਾੜਾ। ਜੇਲ੍ਹ ਚਲਾ ਜਾਵੇ ਤਾਂ ਜਿਊਣਾ ਮੁਹਾਲ। ਬੱਚੇ, ਮਾਂ ਤੋਂ ਹਰ ਚੀਜ਼ ਮੰਗਦੇ ਹਨ, ਜਦੋਂ ਲੋੜੀਂਦੀਆਂ ਚੀਜ਼ਾਂ ਖ਼ਰੀਦ ਕੇ ਦੇਣ ਤੋਂ ਵੀ ਮਾਂ ਅਸਮਰੱਥ ਹੋਵੇ, ਬੱਚਿਆਂ ਦੀਆਂ ਅੱਖਾਂ ਵਿਚੋਂ ਹੰਝੂ ਵਗਦੇ ਹੋਣ, ਮਾਂ ਦੇ ਕਾਲਜੇ ਦਾ ਰੁੱਗ ਭਰਿਆ ਜਾਂਦਾ ਹੈ। ਜੇ ਆਦਮੀ ਘਰ ਪ੍ਰਵਾਰ ਦੀਆਂ ਲੋੜਾਂ ਵਾਸਤੇ ਚੰਗੀ ਕਿਰਤ ਕਮਾਈ ਨਹੀਂ ਕਰਦਾ ਤਾਂ ਸਜ਼ਾ ਔਰਤ

ਨੂੰ ਭੋਗਣੀ ਪੈਂਦੀ ਹੈ। ਜੇ ਕਦੀ ਜ਼ਨਾਨੀ ਲੋੜਾਂ ਦੀ ਪੂਰਤੀ ਵਾਸਤੇ ਘਰੋਂ ਬਾਹਰ ਜਾ ਕੇ ਕੰਮ ਕਰਨਾ ਚਾਹੁੰਦੀ ਹੈ ਤਾਂ ਉਸ ਨੂੰ ਬਦਕਾਰ ਆਖ ਕੇ ਫਿਟਕਾਰਿਆ ਜਾਂਦਾ ਹੈ। ਬਦਨਾਮ ਕੀਤੀ ਜਾਂਦੀ ਹੈ।

ਕਦੀ ਸੁਣਿਆ ਵੇਖਿਆ ਹੈ ਅੱਜ ਤਕ ਕੋਈ ਇਸਤਰੀ ਸ਼ਰਾਬ ਪੀਂਦੀ ਹੋਵੇ ਤੇ ਜੂਆ ਖੇਢਦੀ ਹੋਵੇ ? ਪੰਜੇ ਪਾਂਡਵ ਭਰਾ ਨਿਸੰਗ ਜੂਆ ਖੇਢਦੇ ਹਨ। ਅਪਣੀ ਪਤਨੀ ਦਰੋਪਦੀ ਤੋਂ ਪੁੱਛੇ ਬਗ਼ੈਰ ਸੋਨਾ-ਚਾਂਦੀ, ਮਹਿਲ ਕੋਠੀਆਂ ਜੂਏ ਵਿਚ ਹਾਰ ਜਾਂਦੇ ਹਨ। ਹਾਥੀ ਘੋੜੇ ਤੇ ਰਾਜ ਭਾਗ ਦਾ ਅੱਧ ਭੀ ਹਾਰ ਜਾਂਦੇ ਹਨ। ਜਦੋਂ ਹੋਰ ਕੁੱਝ ਦਾਅ 'ਤੇ ਲਾਉਣ ਵਾਸਤੇ ਨਾ ਰਿਹਾ ਤਾਂ ਦਰੋਪਦੀ ਰਾਜਕੁਮਾਰੀ, ਰਾਜੇ ਦੀ ਬੇਟੀ, ਕੱਲ ਨੂੰ ਹੋਣ ਵਾਲੇ ਰਾਜਿਆਂ ਦੀ ਪਤਨੀ, ਬਗ਼ੈਰ ਦੱਸੇ, ਬਿਨਾਂ ਇਜਾਜ਼ਤ ਲਏ, ਜੂਏ ਵਿਚ ਹਾਰ ਦਿੱਤੀ। ਜਿਸ ਨੂੰ ਤੁਰੰਤ ਦਰਯੋਧਨ ਦੇ ਸੇਵਕ ਮਹਿਲ ਵਿਚੋਂ ਧੂਹ ਕੇ ਲੈ ਆਏ। ਪਤਵੰਤੇ ਸੱਜਣਾਂ, ਬਜ਼ੁਰਗਾਂ, ਗੁਰੂਆਂ ਅਤੇ ਪਤੀਆਂ ਦੇ ਸਾਹਮਣੇ ਦਰੋਪਦੀ ਦੇ ਬਸਤਰ ਉਤਾਰੇ ਗਏ, ਪੁੱਜ ਕੇ ਅਪਮਾਨਤ ਕੀਤੀ ਗਈ। ਉਹ ਰੋ ਰੋ ਕੇ ਦੁਹੱਥੜੀ ਪਿਟਦੀ ਹੋਈ ਸਾਰੇ 'ਧਰਮੀ ਪੁਰਖਾਂ' ਅੱਗੇ ਦੁਹਾਈ ਦੇ ਰਹੀ ਸੀ, "ਮੈਨੂੰ ਬੇਇਜ਼ਤ ਹੋਣ ਤੋਂ ਬਚਾਉ, ਮੇਰੀ ਰੱਖਿਆ ਕਰੋ।" ਸਾਰੀ ਸਭਾ ਰਾਜ ਦਰਬਾਰ ਖਾਮੋਸ਼ ਸੀ। ਮਹਾਰਾਜ ਧਿਰਧ੍ਰਾਸਟਰ ਅੰਨਾ ਸੀ। ਇਕ 'ਬਦਮਾਸ਼' (ਦਰਯੋਧਨ) ਨੇ ਸਾਰੇ ਰਾਜ ਦਰਬਾਰ ਨੂੰ ਅਪੰਗ ਬਣਾ ਕੇ ਰੱਖ ਦਿਤਾ। ਇਕ ਰਾਜ ਕੁਮਾਰੀ ਨੂੰ ਸਭਾ ਵਿਚ ਹੀ ਅਪਣੀ ਗੋਦ ਵਿਚ ਬਿਠਾ ਲਿਆ...।

ਅਗਰ ਧਿਰਧ੍ਰਾਸਟਰ ਮਹਾਰਾਜਾ 'ਸੁਜਾਖਾ' ਹੁੰਦਾ। ਜੇ ਕਿਤੇ ਸਭਾ ਵਿਚ ਬੈਠੇ ਬਜ਼ੁਰਗ ਤੇ ਧਰਮ ਗੁਰੂ ਸੱਚ ਬੋਲਣ ਦੀ ਹਿੰਮਤ ਕਰ ਸਕਦੇ, ਜੇ ਕਿਤੇ ਪੰਜੇ ਪਾਂਡੋ 'ਮਰਦ' ਹੁੰਦੇ। ਉਸ ਹਾਲਤ ਵਿਚ ਦਰੋਪਦੀ ਦੀ ਦੁਰਗਤ ਨਾ ਹੁੰਦੀ। ਜੇ ਇੰਨੀ ਸਮਰੱਥ ਔਰਤ ਨਾਲ ਹਿੰਨਾ ਗੰਦਾ ਸਲੂਕ ਹੋ ਸਕਦਾ ਹੈ ਤਾਂ ਆਮ ਔਰਤ ਦੀ ਸੁਣਵਾਈ ਕਿਥੇ, ਇੱਜ਼ਤ ਕਿਥੇ ? ਉਸ ਘਟਨਾ ਤੋਂ ਉਤਸ਼ਾਹਤ ਹੋ ਕੇ, ਸਦੀਆਂ ਤੋਂ ਭਾਰਤ ਵਿਚ ਦਰਜੋਧਨ ਦਰਦਨਾਂਦੇ ਫਿਰ ਰਹੇ ਹਨ। ਥਾਂ ਥਾਂ ਦਰੋਪਦੀਆਂ ਦੇ ਚੀਰ ਹਰਨ ਹੋ ਰਹੇ ਹਨ। ਧਰਮ ਗੁਰੂ ਤੇ ਪਤਵੰਤੇ ਬਜ਼ੁਰਗ ਨੀਵੀਆਂ ਪਾਈ ਹੰਝੂ ਬਹਾ ਰਹੇ ਹਨ। ਇੰਨਾ ਅਪਮਾਨ ਸਹਿਣ ਕਰਨ ਤੋਂ ਮਗਰੋਂ ਵੀ ਦਰੋਪਦੀ ਪਾਂਡਵ ਪਤੀਆਂ ਨਾਲ ਜੰਗਲਾਂ ਵਿਚ ਕਸ਼ਟ ਝਲਦੀ ਰਹੀ। ਬਾਰਾਂ ਸਾਲ ਦਾ ਬਨਵਾਸ, ਭੁੱਖ ਤ੍ਰੇਹ ਬਰਦਾਸ਼ਤ ਕਰਦੀ ਰਹੀ।

ਰਾਵਣ ਦੀ ਭੈਣ ਸਰੂਪਲਤਾ ਦਾ ਨੱਕ, ਕੰਨ ਕੱਟ ਕੇ ਅਪਮਾਨ ਕੀਤਾ ਗਿਆ। ਗ਼ਲਤੀ ਕੀਤੀ ਲਛਮਣ ਨੇ। ਰਾਵਣ ਨੇ ਗੁੱਸੇ ਵਿਚ ਆ ਕੇ ਭੈਣ ਦਾ

ਬਦਲਾ ਲੈਣ ਲਈ ਸੀਤਾ ਚੁੱਕ ਲਿਆਂਦੀ। ਭਾਵੇਂ ਕਿਹਾ ਗਿਆ ਹੈ ਕਿ ਰਾਵਣ ਨੇ ਸੀਤਾ ਦਾ 'ਅਪਮਾਨ' (ਅਸਲ ਵਿਚ ਬਲਾਤਕਾਰ) ਨਹੀਂ ਕੀਤਾ। ਪਰ ਜਦੋਂ ਸੀਤਾ ਬਿਨਾਂ ਕਸੂਰ ਤੋਂ ਉਧਾਲੀ ਗਈ ਕੀ ਉਹ ਬਲਾਤਕਾਰ ਨਹੀਂ ਸੀ? ਅਸਲ ਵਿਚ ਅਪਣੀ ਮਰਜ਼ੀ ਦੇ ਵਿਰੁਧ ਕੀਤਾ ਜਾਣ ਵਾਲਾ, ਬਲ ਦੀ ਵਰਤੋਂ ਵਾਲਾ ਕੰਮ, ਬਲਾਤਕਾਰ ਹੀ ਹੁੰਦਾ ਹੈ। ਕਰੀਬ ਇਕ ਸਾਲ ਤੱਕ ਰਾਵਣ ਉਸ ਨੂੰ ਮਨਾਉਂਦਾ ਰਿਹਾ ਤੇ ਉਹ ਇਨਕਾਰ ਕਰਦੀ ਰਹੀ। ਰਾਮ ਨੇ ਫ਼ੌਜੀ ਹਮਲਾ ਕਰ ਕੇ ਬੇਅੰਤ ਜਾਨੀ ਨੁਕਸਾਨ ਕਰ/ਕਰਾ ਕੇ ਸੀਤਾ ਵਾਪਸ ਤਾਂ ਲਿਆਂਦੀ ਪਰ ਅਪਨਾਉਣ ਤੋਂ ਨਾਂਹ ਕਰ ਦਿਤੀ। ਕੀ ਪਤਾ ਰਾਵਣ ਨੇ "ਜੂਠੀ" ਕਰ ਦਿਤੀ ਹੋਵੇ। ਅਜਿਹੀ ਭਿੱਟ ਜਾਂ ਜੂਠ ਉਤਾਰਨ ਲਈ ਭਾਂਡਿਆਂ ਨੂੰ ਅੱਗ ਵਿਚ ਪਾਇਆ ਜਾਂਦਾ ਸੀ। ਸੀਤਾ ਦੀ ਜੂਠ ਜਾਂ ਭਿੱਟ ਉਤਾਰਨ ਲਈ ਅੱਗ ਵਿਚ ਪਾ ਦਿਤੀ ਗਈ। ਕਥਾ ਮੁਤਾਬਕ ਸੀਤਾ ਸੱਚੀ (ਅਸਲ ਵਿਚ ਸੁੱਚੀ) ਸੀ, ਇਸੇ ਕਾਰਨ ਅਗਨੀ ਨੇ ਉਸ ਨੂੰ ਸਾੜਿਆ ਨਹੀਂ। ਪਰ ਅੱਜ ਸਤਾਰਾਂ ਔਰਤਾਂ ਹਰ ਰੋਜ਼ ਅੱਗ ਵਿਚ ਸਾੜ ਕੇ ਮਾਰੀਆਂ ਜਾ ਰਹੀਆਂ ਨੇ ਕੇਵਲ ਮੇਰੇ ਭਾਰਤ ਦੇਸ਼ ਵਿਚ। ਕੀ ਹਰ ਰੋਜ਼ ਸੜਨ ਵਾਲੀਆਂ ਸਤਾਰਾਂ ਔਰਤਾਂ ਵਿਚੋਂ ਕੋਈ ਵੀ ਸੁੱਚੀ ਨਹੀਂ? ਖ਼ੈਰ ਅੱਜ ਦੀਆਂ ਅਣਗਿਣਤ ਜ਼ਨਾਨੀਆਂ ਵਾਂਗ ਸੀਤਾ ਵੀ ਸੜ ਕੇ ਮਰ ਜਾਂਦੀ ਫਿਰ ਕਿਹੜੀ ਪਰਲੋ ਆ ਜਾਣੀ ਸੀ? ਸਾਰਿਆਂ ਇਹੀ ਆਖਣਾ ਸੀ ਕਿ ਜੂਠੀ ਸੀ ਤਾਂ ਹੀ ਸੜੀ ਹੈ। ਰਾਮ ਨੇ ਹੋਰ ਵੱਧ ਸਤਿਕਾਰ ਦਾ ਪਾਤਰ ਬਣ ਜਾਣਾ ਸੀ। ਦੇਖੋ ਜੀ ਕਿੰਨਾ ਮਹਾਨ ਇਨਸਾਫ਼ ਕੀਤਾ ਹੈ, ਅਪਣੀ ਪਤਨੀ ਰਾਣੀ ਸੀਤਾ ਨੂੰ ਭੀ ਨਹੀਂ ਬਖ਼ਸ਼ਿਆ। ਰਾਮ ਨੇ ਹੋਰ ਵੱਡਾ ਪੂਜਨੀਕ ਤੇ ਹੋਰ ਵੱਧ ਮਰਿਆਦਾ ਪਰਸੋਤਮ ਬਣ ਜਾਣਾ ਸੀ। ਫਿਰ ਵੀ ਕਿਹੜੀ ਸੀਤਾ ਘਰੇ ਸੁੱਖ ਨਾਲ ਰਹਿਣ ਦਿਤੀ। ਪਰਜਾ ਦੀ ਘੁਸਰ ਮੁਸਰ, ਧੋਬੀ ਦਾ ਤਾਹਨਾ ਸੁਣ ਕੇ ਸੀਤਾ ਨੂੰ ਘਰੋਂ ਕੱਢ ਦਿਤਾ। ਜੰਗਲ ਬੀਆਬਾਨ ਵਿਚ, ਇਕ ਸਾਧ ਦੀ ਕੁਟੀਆਂ ਦੇ ਨੇੜੇ। ਉਥੇ ਹੀ ਸੀਤਾ ਨੇ ਦੋ ਬੱਚਿਆਂ ਨੂੰ ਜਨਮ ਦਿਤਾ। ਬਹੁਤ ਸਾਰੇ ਉਤਰਾਵਾਂ ਚੜ੍ਹਾਵਾਂ ਤੋਂ ਮਗਰੋਂ, ਰਾਮ ਨੇ ਸੀਤਾ ਨੂੰ ਅਪਣੇ ਕੋਲ ਆਉਣ ਦੀ ਮਨਜ਼ੂਰੀ ਦੇ ਦਿਤੀ। ਪਰ ਪਵਿੱਤਰ ਰਾਜ ਦਰਬਾਰ, ਪਾਵਨ ਮਹਿਲ, ਅਤਿ ਸਤਿਕਾਰਯੋਗ ਧਰਮੀ ਪੁਰਖ ਵਿਸ਼ਨੂੰ ਜੀ ਦਾ ਅਵਤਾਰ, ਮਰਿਆਦਾ ਪ੍ਰਸੋਤਮ ਰਾਮ ਚੰਦਰ ਜੀ, ਵੀਹ ਸਾਲ ਵੱਖ ਰਹਿ ਰਹੀ ਪਤਨੀ ਨੂੰ ਕਿਵੇਂ ਅੰਗੀਕਾਰ ਕਰੇ? ਲੋਕਾਂ ਦੀ ਜ਼ਬਾਨ ਬੰਦ ਕਿਵੇਂ ਕਰੇ? ਸੋ ਦੁਬਾਰਾ ਪ੍ਰੀਖਿਆ ਦੀ ਸ਼ਰਤ ਸੁਣਾ ਦਿਤੀ। (ਕਥਾ ਮੁਤਾਬਕ) ਸੀਤਾ ਨੇ ਰੱਬ ਅੱਗੇ ਪੁਕਾਰ ਕੀਤੀ ਕਿ ਮੈਂ ਕਸ਼ਟ ਭੋਗਦੀ ਨੇ ਉਮਰ ਬਿਤਾ ਦਿਤੀ। ਬਿਨਾ ਕਸੂਰ ਤੋਂ ਮੈਨੂੰ ਅਨੇਕ ਸਜ਼ਾਵਾਂ ਦਿਤੀਆਂ ਜਾ ਚੁਕੀਆਂ ਹਨ। ਹੁਣ ਹੋਰ ਪ੍ਰੀਖਿਆਵਾਂ ਮੈਥੋ

ਨਹੀਂ ਦੇ ਹੁੰਦੀਆਂ। ਜੇ ਮੈਂ ਸੁੱਚੀ ਹਾਂ ਤਦੋਂ ਧਰਤੀ ਫਟ ਜਾਵੇ, ਮੈਂ ਉਸ ਵਿਚ ਸਮਾ ਜਾਵਾਂ ...। ਕਹਿੰਦੇ ਨੇ ਰੱਬ ਨੇ ਪੁਕਾਰ ਸੁਣ ਲਈ। ਧਰਤੀ ਫੱਟ ਗਈ ਤੇ ਸੀਤਾ ਵਿਚ ਸਮਾਂ ਗਈ ਯਾਨੀ ਕਿ ਆਤਮ ਹਤਿਆ ਕਰ ਗਈ। ਰਾਮ ਦਾ ਕੋਈ ਇਮਤਿਹਾਨ ਨਹੀਂ, ਕੋਈ ਅਗਨੀ ਪ੍ਰੀਖਿਆ ਨਹੀਂ। ਲਛਮਣ ਸਰੂਪਲਤਾ ਦਾ ਨੱਕ ਵੱਢ ਕੇ (ਅਸਲ ਵਿਚ ਬਲਾਤਕਾਰ ਕਰ ਕੇ, ਨੱਕ ਵੱਢੇ ਜਾਣ ਦਾ ਭਾਵ ਅਰਥ ਹੀ ਰੇਪ ਤੋਂ ਹੈ) ਭੀ ਪਵਿੱਤਰ ਹੈ। ਰਾਮ ਦੇ ਆਖੇ ਲੱਗ ਕੇ ਧੋਖੇ ਨਾਲ ਸੀਤਾ ਨੂੰ ਜੰਗਲ ਵਿਚ ਛੱਡ ਆਉਂਦਾ ਹੈ। ਬੇਇਨਸਾਫ਼ੀ ਵਿਰੁਧ ਕਿਧਰੇ ਆਵਾਜ਼ ਨਹੀਂ ਉਠਾਉਂਦਾ। ਫਿਰ ਭੀ ਪੂਜਣਯੋਗ ਹੈ।

ਇਹਨਾਂ ਕਹਾਣੀਆਂ ਤੋਂ ਪ੍ਰਭਾਵਤ ਹੋ ਕੇ ਕੌਣ ਪਤੀ ਅਪਣੀ ਪਤਨੀ ਦੀ ਅਗਨੀ ਪ੍ਰੀਖਿਆ ਨਹੀਂ ਲਵੇਗਾ? ਬਿਨਾਂ ਕਿਸੇ ਕਸੂਰ ਤੋਂ ਅਪਣੀ ਪਤਨੀ ਨੂੰ ਕਿਉਂ ਨਹੀਂ ਘਰੋਂ ਕੱਢੇਗਾ? ਕਿਉਂ ਨਹੀਂ ਆਤਮ ਹਤਿਆ ਲਈ ਮਜਬੂਰ ਕਰੇਗਾ? ਜੇ ਮਰਿਆਦਾ ਪਰਸੋਤਮ ਅਜਿਹਾ ਕਰਦਾ ਹੈ ਤਾਂ ਧਰਮ ਮੁਖੀ ਵਿਸ਼ਨੂੰ ਦੇ ਅਵਤਾਰ ਦੀ ਰੀਸ ਉਸ ਦੇ ਸੇਵਕ ਕਿਉਂ ਨਹੀਂ ਕਰਨਗੇ? ਯਾਦ ਰਹੇ ਹਿੰਦੂ ਗ੍ਰੰਥਾਂ ਦੇ ਮੁਤਾਬਕ ਸੀਤਾ ਅਤੇ ਦਰੋਪਦੀ ਦੇਵੀ ਦੁਗਾ ਦੀਆਂ ਅਵਤਾਰ ਸਨ। ਜੇ ਦੇਵੀਆਂ ਅਤੇ ਰਾਣੀਆਂ ਨਾਲ ਅਜਿਹਾ ਸਲੂਕ ਕੀਤਾ ਜਾਵੇਗਾ, ਉਸ ਨੂੰ ਧਰਮ ਗ੍ਰੰਥਾਂ ਦੇ ਪ੍ਰਵਚਨ ਕਹਿ ਕੇ ਪ੍ਰਚਾਰਿਆ ਜਾਵੇਗਾ, ਧਰਮ ਅਸਥਾਨਾਂ ਵਿਚ ਨਿਤ ਦਿਨ ਅਜਿਹੀ ਕਥਾ ਹੋਵੇਗੀ, ਤਦੋਂ ਔਰਤ ਵਰਗ ਨਾਲ ਇਹੀ ਜ਼ੁਲਮ ਹੁੰਦਾ ਰਹੇਗਾ। ਕ੍ਰਿਸ਼ਨ ਰਾਜਾ ਹੈ, ਅਵਤਾਰ ਹੈ, ਖ਼ੁਦ ਭਗਵਾਨ ਹੈ। ਸੋਲਾਂ ਹਜ਼ਾਰ ਗੋਪੀਆਂ ਦੇ ਵਿਚਕਾਰ ਭੰਗੜਾ ਪਾਉਂਦਾ ਹੈ, ਬੰਸਰੀ ਵਜਾਉਂਦਾ ਹੈ। ਜਿਸ ਕਿਸੇ ਗੋਪੀ ਨੇ ਸੁੰਦਰਤਾ ਵਿਚ ਬਾਕੀਆਂ ਨੂੰ ਮਾਤ ਦੇ ਦਿਤੀ। ਜਿਸ ਨੇ ਨੱਚ ਕੇ, ਗਾ ਕੇ, ਲੁਭਾਉਣੀਆਂ ਸ਼ਰਾਰਤਾਂ ਕਰ ਕੇ, ਕ੍ਰਿਸ਼ਨ ਦਾ ਮਨ ਮੋਹ ਲਿਆ, ਉਹ ਆਪਣੀ ਕਾਮ ਭੁੱਖ ਪੂਰੀ ਕਰਨ ਵਿਚ (ਸਿਰਫ਼ ਇਕ ਵਾਰੀ) ਕਾਮਯਾਬ ਹੋ ਗਈ। ਬਾਕੀ ਸਾਰੀਆਂ ਬਿੱਟ ਬਿੱਟ ਵੇਖਦੀਆਂ ਰਹਿ ਗਈਆਂ। ਇਹੀ ਸਿਲਸਿਲਾ ਨਿੱਤ ਚਲਦਾ ਹੈ। ਪਤਾ ਨਹੀਂ ਭਗਵਾਨ ਕਿਸ 'ਤੇ ਮਿਹਰਬਾਨ ਹੋ ਜਾਵੇ। ਬਾਕੀ ਅਭਾਗੀਆਂ ਸਾਰੀ ਉਮਰ 'ਪਤੀ ਸੁੱਖ' ਤੋਂ ਵਾਂਝੀਆਂ ਹੀ ਰਹਿ ਜਾਂਦੀਆਂ ਹਨ। ਅਜਿਹੀਆਂ ਕਹਾਣੀਆਂ ਕੀ ਸੁਨੇਹਾ ਦਿੰਦੀਆਂ ਹਨ? ਇਹੀ ਨਾ ਕਿ ਔਰਤ ਬੇਬਸ ਹੈ, ਉਸ ਦੀ ਅਪਣੀ ਕੋਈ ਇੱਛਾ ਨਹੀਂ। ਪਤੀ ਇਕ ਹੈ, ਉਸ ਦੀਆਂ ਪਤਨੀਆਂ ਹਜ਼ਾਰਾਂ ਭੀ ਹੋ ਸਕਦੀਆਂ ਹਨ। ਪਤਨੀ ਨੂੰ ਕੋਈ ਅਧਿਕਾਰ ਨਹੀਂ ਕਿ ਉਹ ਪਤੀ ਨੂੰ ਰੋਕ ਸਕੇ। ਉਹ ਤਾਂ ਪ੍ਰਮੇਸ਼ਰ ਰੂਪ ਹੈ, ਸੋਲਾਂ ਕਲਾਂ ਸੰਪੂਰਨ ਭਗਵਾਨ ਹੈ। ਗ਼ਲਤੀ ਕਰ ਹੀ ਨਹੀਂ ਸਕਦਾ। ਇੰਨਾ ਮਾਣ ਕੋਈ ਘੱਟ ਹੈ

ਕਿ ਤੁਹਾਨੂੰ ਭਗਵਾਨ ਦੀਆਂ ਪਤਨੀਆਂ ਅਖਵਾਉਣ ਦਾ ਹੱਕ ਮਿਲ ਗਿਆ। ਸਰੀਰਕ ਸੁੱਖ ਨਹੀਂ ਭੀ ਮਿਲਿਆ, ਫਿਰ ਕੀ ਹੋਇਆਂ ?ਅਗਲੇ ਜਨਮ ਵਿਚ ਤੁਹਾਡੇ ਲਈ ਸੁਰਗ ਦੇ ਦਰਵਾਜ਼ੇ ਖੁੱਲ੍ਹ ਜਾਣਗੇ। ਇਹ ਯਾਦ ਰੱਖਣਾ ਕਿ ਸੁਰਗ ਵਿਚ ਭੀ ਤੁਹਾਨੂੰ (ਔਰਤਾਂ ਨੂੰ) ਦੇਵਤਿਆਂ ਦਾ ਮਨੋਰੰਜਨ ਹੀ ਕਰਨਾ ਪਵੇਗਾ।ਅਸੀ ਤੁਹਾਨੂੰ ਇੰਦਰ ਭਗਵਾਨ ਦੇ ਅਖਾੜੇ ਦੀਆਂ ਪਰੀਆਂ ਦਾ ਉੱਚਾ ਰੁਤਬਾ ਬਖ਼ਸ਼ ਦਿਆਂਗੇ। ਰਹੋਗੀਆਂ ਦਾਸੀਆਂ ਬਣ ਕੇ। ਪਾਠਕ ਖ਼ੁਦ ਵੇਖ ਸਕਦੇ ਹਨ ਕਿ ਵਿਸ਼ਨੂੰ ਭਗਵਾਨ ਜੀ ਲੰਮੇ ਪਏ ਹਨ ਤੇ ਉਨ੍ਹਾਂ ਦੀ ਮੁੱਖ ਪਤਨੀ ਬੈਠੀ ਲੱਤਾਂ ਘੁੱਟ ਰਹੀ ਹੁੰਦੀ ਹੈ। ਅੱਜ ਤੱਕ ਤੁਸੀਂ ਕਦੀ ਨਹੀਂ ਵੇਖਿਆ ਹੋਣਾ ਕਿ ਕੋਈ ਪੁਰਸ਼ (ਦੇਵਤਾ-ਅਵਤਾਰ) ਕਦੀ ਔਰਤ ਦੀ ਸੇਵਾ ਵਿਚ ਹਾਜ਼ਰ ਹੋਵੇ।

ਗੁਰੂ ਸਾਹਿਬ ਦੀ ਮਜਬੂਰੀ ਬਣ ਗਈ ਕਿ ਸਮਾਜ ਵਿਚੋਂ ਉਦਾਹਰਣਾਂ ਲੈ ਕੇ ਮਨੁੱਖ ਨੂੰ ਸਮਝਾਉਣਾ ਸੀ। ਮਾਨੋ ਢੱਠੇ ਖੰਡਰਾਂ ਵਿਚੋਂ ਥੋੜਾ ਬਹੁਤ ਸਮਾਨ ਚੁੱਕ ਕੇ, ਨਵੀਂ ਕੁੱਲੀ ਬਨਾਉਣੀ ਪੈਣੀ ਸੀ। ਸਮਾਜ ਵਿਚੋਂ ਜਾਂ ਧਾਰਮਕ ਅਕੀਦਿਆਂ ਵਿਚੋਂ ਛਾਣ ਛੱਟ ਕੇ ਪਰੋਸਣਾ ਮਜਬੂਰੀ ਸੀ। ਬਹੁਤ ਕੁੱਝ ਨਵਾਂ ਬਣਾਇਆ, ਬਣਿਆ ਹੋਇਆ ਹੋਰ ਘੜਿਆ, ਤਰਾਸਿਆ ਤਾਂ ਕਿ ਵਰਤਣ ਜੋਗਾ ਹੋ ਜਾਵੇ। ਰੂੜੀ ਦੇ ਢੇਰ ਨੂੰ ਸਿੱਧੇ ਤਰੀਕੇ ਕੋਈ ਨਹੀਂ ਖਾਂਦਾ। ਹਾਂ ਫ਼ਸਲਾਂ ਵਿਚ ਰੂੜੀ ਜ਼ਰੂਰ ਪਾਈਦੀ ਹੈ। ਮਾਨੋ ਰੂੜੀ ਵਿਚੋਂ ਲੋੜੀਂਦੇ ਤੱਤ ਲੈ ਕੇ, ਫ਼ਸਲ ਆਮ ਨਾਲੋਂ ਵੱਧ ਝਾੜ ਦਿੰਦੀ ਹੈ। ਸਮਾਜ ਵਿਚਲੇ ਵਰਤਾਰੇ ਨੂੰ ਸਤਿਗੁਰੂ ਜੀ ਨੇ ਬਾਣੀ ਵਿਚ ਵਰਤ ਕੇ ਇਉਂ ਸਮਝਾਇਆ :

ਸਾਈ ਸੋਹਾਗਣਿ ਸਾਈ ਭਾਗਣਿ, ਜੇ ਪਿਰਿ ਕਿਰਪਾ ਧਾਰੀ ॥
ਪਿਰਿ ਅਉਗਣ ਤਿਸ ਕੇ ਸਭਿ ਗਵਾਏ, ਗਲ ਸੇਤੀ ਲਾਇ ਸਵਾਰੀ ॥
ਕਰਮਹੀਣ ਧਨ ਕਰੈ ਬਿਨੰਤੀ, ਕਦਿ ਆਵੈ ਨਾਨਕ ਵਾਰੀ ॥
ਸਭਿ ਸੁਹਾਗਣਿ ਮਾਣਹਿ ਰਲੀਆ, ਇਕ ਦੇਵਹੁ ਰਾਤਿ ਮੁਰਾਰੀ ॥ (959)

ਹੇ ਪੁਤਰੀ! ਅਸਲੀ ਸੁਹਾਗਵਤੀ ਉਹ ਹੈ, ਵੱਡੇ ਭਾਗਾਂ ਵਾਲੀ ਹੈ ਜਿਸ 'ਤੇ ਮਾਲਕ (ਪਤੀ ਪ੍ਰਮੇਸ਼ਰ) ਮਿਹਰਵਾਨ ਹੋ ਜਾਵੇ। ਸਿਆਣਾ ਪਤੀ ਅਨਜਾਣ ਪਤਨੀ ਨੂੰ ਭੀ ਚੰਗੀ ਮੱਤ ਦੇ ਕੇ ਸਿਆਣੀ ਬਣਾ ਦਿੰਦਾ ਹੈ। ਨਾ ਸਮਝ ਇਸਤਰੀਆਂ ਬੇਨਤੀ ਕਰਦੀਆਂ ਹਨ, ਕਦੇ ਅਸੀ ਭੀ ਅਪਣੇ ਪਤੀ ਦੀ ਨੇੜਤਾ ਹਾਸਲ ਕਰ ਸਕਾਂਗੀਆਂ? ਅਸੀ ਕਤਾਰ ਵਿਚ ਹਾਂ, ਕਦੀ ਤਾਂ ਬੁਲਾਵੇਗਾ ਹੀ। ਜਿਨ੍ਹਾਂ ਨੂੰ ਸੁਹਾਗਣ ਹੋਣ ਦਾ ਸਹੀ ਸਤਿਕਾਰ ਮਿਲ ਗਿਆ ਹੈ, ਉਹ ਅਪਣੇ ਪਤੀ ਨਾਲ ਮੌਜ ਮਸਤੀ ਕਰਦੀਆਂ ਹਨ। ਹਰ ਤਰ੍ਹਾਂ ਖ਼ੁਸ਼ ਹਨ। ਹੇ ਪਤੀ (ਪ੍ਰਮੇਸ਼ਰ) ਜੀ ਇਕ ਰਾਤ

ਮੈਨੂੰ ਭੀ ਅਪਣੀ ਨੇੜਤਾ ਵਾਲਾ ਸੁੱਖ ਦੇ ਦਿਉ, ਇਸ ਤਰ੍ਹਾਂ ਅਰਦਾਸਾਂ ਕਰਦੀਆਂ ਵਾਰੀ ਦੀ ਉਡੀਕ ਵਿਚ ਹਨ।

ਮੁਸਲਮਾਨਾਂ ਵਿਚ ਬਹੁ-ਪਤਨੀ ਰਵਾਇਤ ਨੂੰ ਧਰਮ ਦਾ ਅੰਗ ਪ੍ਰਵਾਨ ਕੀਤਾ ਹੋਇਆ ਹੈ। ਅੱਜ ਤੱਕ ਵੱਡੇ ਅਮੀਰ ਜ਼ਾਦੇ (ਅਰਬ ਮੁਲਕਾਂ ਵਿਚ) ਜਿੰਨੀਆਂ ਜੀ ਚਾਹੇ, ਪਤਨੀਆਂ ਰੱਖ ਸਕਦੇ ਹਨ। ਔਰਤ ਇਸ ਤਰ੍ਹਾਂ ਸੋਚ ਭੀ ਨਹੀਂ ਸਕਦੀ। ਜੋ ਗ਼ਰੀਬ ਔਰਤਾਂ ਮਜਬੂਰੀ ਵਸ ਦੁਕਾਨਦਾਰੀ ਕਰਦੀਆਂ ਹਨ। ਉਨ੍ਹਾਂ ਵਾਸਤੇ ਮੁਸਲਮਾਨੀ ਰਹਿਤ ਮੁਤਾਬਕ ਇਹ ਹੁਕਮ ਹੈ ਕਿ ਸਿਰਫ਼ ਅਪਣੀਆਂ ਅੱਖਾਂ ਨੰਗੀਆਂ ਰੱਖਣ, ਬਾਕੀ ਚਿਹਰਾ ਢਕਿਆ ਹੋਣਾ ਚਾਹੀਦਾ ਹੈ। ਅਗਰ ਬੁਰਕਾ ਨਹੀਂ ਪਾਉਣਾ ਤਾਂ ਬੁੱਲ੍ਹਾਂ ਨੂੰ ਢੱਕ ਕੇ ਰੱਖਣ ਲਈ ਚੌੜੀ ਜਿਹੀ ਪੱਟੀ ਬੰਨਣੀ ਲਾਜ਼ਮੀ ਹੈ। ਜਦੋਂ ਇਸ ਬਾਰੇ ਮੈਂ ਉਥੇ ਰਹਿਣ ਵਾਲੇ ਸਿੱਖ ਵੀਰ ਨੂੰ ਪੁਛਿਆ ਤਾਂ ਉਸ ਨੇ ਦੱਸਿਆ ਕਿ ਔਰਤਾਂ ਦੇ ਚਿਹਰੇ ਦੇ ਹਾਵ-ਭਾਵ ਨੂੰ ਲੁਕਾਉਣ ਵਾਸਤੇ ਇਹ ਲੋਕ ਇਉਂ ਕਰਦੇ ਹਨ। ਢਕੇ ਹੋਏ ਮੂੰਹ ਤੋਂ ਬੁਲ੍ਹਾਂ ਦੀ ਮੁਸਕਰਾਹਟ ਦਾ ਪਤਾ ਨਹੀਂ ਲਗਦਾ। ਇਹਨਾਂ ਦਾ ਮੰਨਣਾ ਹੈ ਕਿ ਬੇਗਾਨੇ ਲੋਕਾਂ ਨਾਲ ਔਰਤ ਹੱਸ ਕੇ, ਮੁਸਕਰਾ ਕੇ ਗੱਲਬਾਤ ਨਾ ਕਰੇ।

ਆਦਮੀ ਨੌਕਰੀ 'ਤੇ ਜਾਵੇ ਜਾਂ ਘਰੋਂ ਝਗੜਾ ਕਰ ਕੇ ਕਿਧਰੇ ਚਲਾ ਜਾਵੇ, ਔਰਤ ਉਸ ਦੀ ਸਦਾ ਉਡੀਕ ਕਰਦੀ ਹੋਈ, ਸੁਖੀ ਸਾਂਦੀ ਘਰ ਪਰਤ ਆਉਣ ਦੀਆਂ ਅਰਦਾਸਾਂ ਕਰਦੀ ਹੈ। ਕਈ ਵਾਰੀ ਤਾਂ ਉਡੀਕ ਵਿਚ ਹੀ ਉਮਰ ਗੁਜ਼ਾਰ ਦਿੰਦੀ ਹੈ। ਦੂਜੇ ਬੰਨੇ ਅਗਰ ਕਿਸੇ ਮਜਬੂਰੀ ਵਸ ਔਰਤ ਨੂੰ ਕਿਤੇ ਘਰੋਂ ਬਾਹਰ ਰਹਿਣਾ ਪੈ ਗਿਆ ਤਾਂ ਪਤੀ ਕਿਸੇ ਕੀਮਤ 'ਤੇ ਬਰਦਾਸ਼ਤ ਨਹੀਂ ਕਰਦਾ। ਆਪੇ ਤੋਂ ਬਾਹਰ ਹੋਇਆ, ਗਾਲ੍ਹਾਂ ਕਢੇਗਾ, ਮਾਰਕੁਟ ਭੀ ਕਰੇਗਾ, ਹੋ ਸਕਦਾ ਹੈ ਘਰੋਂ ਹੀ ਕੱਢ ਦੇਵੇ। ਬੀਬੀ ਦੀ ਮਜਬੂਰੀ ਸਮਝਣ ਦੀ ਕੋਸ਼ਿਸ਼ ਨਹੀਂ ਕਰੇਗਾ। ਅਕਸਰ ਬਾਕੀ ਪ੍ਰਵਾਰ ਵਾਲੇ ਭੀ ਉਸ ਬੀਬੀ ਦੇ ਵਿਰੋਧ ਵਿਚ ਭੁਗਤਦੇ ਹਨ। ਮਸ਼ਹੂਰ ਨਾਵਲਕਾਰ ਸ. ਜਸਵੰਤ ਸਿੰਘ ਕੰਵਲ, ਜੋ ਇਸ ਸਮੇਂ 90 ਨੂੰ ਢੁੱਕਿਆ ਹੋਇਆ ਹੈ, ਜੁਆਨੀ ਵਿਚ ਇਕ ਹਮ-ਉਮਰ, ਹਮ-ਖ਼ਿਆਲ ਔਰਤ ਨੂੰ ਦਿਲ ਦੇ/ਲੈ ਬੈਠਾ। ਮਾਤਾ-ਪਿਤਾ ਨੂੰ ਇਹ ਪ੍ਰਵਾਨ ਨਹੀਂ ਸੀ। ਵਿਆਹ ਹੋਰ ਥਾਵੇਂ ਕਰ ਦਿੱਤਾ। ਬੱਚੇ ਜਨਮੇ, ਜੁਆਨ ਹੋਏ। ਅੱਗੋਂ ਬੱਚਿਆਂ ਦੇ ਵਿਆਹ ਕੀਤੇ, ਦੋਹਤਿਆਂ ਪੋਤਿਆਂ ਵਾਲਾ ਹੋ ਗਿਆ। ਪਰ ਉਸ ਸਿਦਕਵਾਨ ਬੀਬੀ (ਡਾ. ਜਸਵੰਤ ਕੌਰ ਜੋ ਪੀ.ਆਈ. ਚੰਡੀਗੜ੍ਹ ਵਿਚ ਡਾਕਟਰ ਸੀ) ਨੇ ਹੋਰ ਕਿਸੇ ਨਾਲ ਸਾਰੀ ਉਮਰ ਵਿਆਹ ਨਾ ਕਰਾਇਆ। ਉਮਰ 60 ਸਾਲ ਦੀ ਹੋਣ 'ਤੇ ਨੌਕਰੀ ਤੋਂ ਰੀਟਾਇਰ ਹੋ ਗਈ। ਬੁੱਢੇ ਬਾਰੇ ਭੀ ਦੋਹਾਂ

ਦਾ ਮੇਲ ਮਿਲਾਪ ਕਾਇਮ ਸੀ। ਪਤਨੀ, ਪੁੱਤਰ ਤੇ ਪੋਤਰੇ ਪੋਤਰੀਆਂ ਤੱਕ, ਸੱਭ ਨੂੰ ਇਸ ਨਿਰਾਲੇ ਇਸ਼ਕ ਦਾ ਪਤਾ ਸੀ। ਜਦੋਂ ਡਾ. ਜਸਵੰਤ ਕੌਰ ਸੱਠਾਂ ਤੋਂ ਟੱਪ ਗਈ। ਸ੍ਰ. ਜਸਵੰਤ ਸਿੰਘ ਪੈਂਹਠਾਂ ਨੂੰ ਪਾਰ ਕਰ ਗਿਆ ਤਾਂ ਸਾਰੇ ਪ੍ਰਵਾਰ ਨੇ ਰਲ ਕੇ ਦੋਹਾਂ ਨੂੰ ਬੇਨਤੀ ਕੀਤੀ। ਹੇ ਬਾਪੂ ਜੀ, ਹੇ ਦਾਦਾ ਜੀ, ਅਸੀ ਤੁਹਾਡਾ ਬਹੁਤ ਨਾ ਖ਼ਤਮ ਹੋਣ ਵਾਲਾ ਸਿਦਕ ਵੇਖ ਕੇ ਹੈਰਾਨ ਹਾਂ ਤੇ ਪ੍ਰੇਸ਼ਾਨ ਭੀ ਹਾਂ। ਅਸੀ ਸਾਰੇ ਨਿਮਰਤਾ ਸਹਿਤ ਬੇਨਤੀ ਕਰਦੇ ਹਾਂ (ਸਮੇਤ ਸਾਡੀ ਵੱਡੀ ਮਾਤਾ ਜੀ, ਯਾਨੀ ਕਿ ਤੁਹਾਡੀ ਪਹਿਲੀ ਪਤਨੀ) ਕਿ ਤੁਸੀ ਡਾਕਟਰ ਮਾਤਾ ਜੀ ਨਾਲ ਵਿਆਹ ਕਰਵਾ ਲਉ। ਸੱਠ ਸਾਲ ਦੀ ਉਮਰ ਲੰਘਾ ਕੇ, ਇਹਨਾਂ ਨੇ ਵਿਆਹ ਕਰਵਾਇਆ, ਪਾਰਟੀ ਕੀਤੀ, ਖ਼ੁਸ਼ੀਆਂ ਮਨਾਈਆਂ। ਪੋਤਰੇ ਪੋਤਰੀਆਂ, ਦੋਹਤੇ ਦੋਹਤਰੀਆਂ ਨੇ ਬਾਪੂ ਜੀ ਦਾ ਅਨੰਦ ਕਾਰਜ ਵੇਖਿਆ। ਪੰਜ ਸੱਤ ਸਾਲ 'ਸੁਹਾਗਵੰਤੀ' ਰਹਿ ਕੇ ਬੀਬੀ ਜਸਵੰਤ ਕੌਰ ਪਤੀ ਕੰਵਲ ਦੇ ਹੱਥਾਂ ਵਿਚ ਸਰੀਰ ਤਿਆਗ ਗਈ। ਸਾਰੀ ਉਮਰ ਉਡੀਕਦੀ ਰਹੀ। ਇੰਨੀ ਕਠਿਨ ਘਾਲਣਾ। ਕੋਈ ਆਦਮੀ ਇੰਨੀ ਕੁਰਬਾਨੀ ਕਰ ਸਕਦਾ ਹੈ ? ਸ਼ਾਇਦ ਨਹੀਂ।

ਨੜਿਨਵੇਂ ਫ਼ੀ ਸਦੀ ਬੇਵਫ਼ਾਈ ਆਦਮੀ ਕਰਦੇ ਹਨ, ਬਦਨਾਮੀ ਇਸਤਰੀ ਦੇ ਸਿਰ ਮੜਦੇ ਹਨ। ਇਹ ਚਰਿੱਤਰਹੀਣ ਹੈ, ਬੇਵਫ਼ਾ ਹੈ, ਧੋਖੇਬਾਜ ਹੈ, ਕਾਮ ਦੀ ਗੰਦਲ ਹੈ, ਵੇਸ਼ਵਾ ਹੈ (ਇਹ ਸ਼ਬਦ ਵਿਸ਼, ਜ਼ਹਿਰ ਤੋਂ ਵਿਕਸਤ ਹੋਇਆ ਹੈ) ਆਦਮੀ ਦਾ ਧਰਮ ਇਮਾਨ ਬਰਬਾਦ ਕਰਦੀ ਹੈ, ਬਘਿਆੜੀ ਹੈ, ਚੁੜੇਲ ਹੈ, ਜਾਦੂਗਰਨੀ ਹੈ, ਫ਼ੁੱਫੇਕੁਟਣੀ ਹੈ... ਆਖ ਕੇ ਬਦਨਾਮ ਕੀਤੀ ਜਾਂਦੀ ਹੈ। ਅੰਮ੍ਰਿਤਾ ਪ੍ਰੀਤਮ ਦੀ ਇਕ ਕਵਿਤਾ ਨਾਲ ਸਮਾਪਤ ਕਰਦੇ ਹਾਂ :

ਮੈਂ ਬੁਰਕੀ ਤੋਂ ਵੱਧ ਕੁਝ ਨਹੀਂ, ਜਿਵੇਂ ਚਾਹਵੇਂ ਨਿਗਲ ਲੈ।
ਤੇ ਤੂੰ ਲਾਵੇ ਤੋਂ ਵੱਧ ਕੁੱਝ ਨਹੀਂ, ਜਿੰਨਾ ਚਾਹਵੇਂ ਪਿਘਲ ਲੈ।
ਲਾਵੇ 'ਚ ਲਪੇਟ ਲੈ, ਕਦਮਾ ਤੇ ਖੜੀ ਹਾਂ, ਬਾਹਵਾਂ 'ਚ ਸਮੇਟ ਲੈ।
ਚੁੰਮ ਲੈ ਚੱਟ ਲੈ, ਤੇ ਫਿਰ ਰਹਿੰਦ ਖ਼ੂੰਹਦ ਉਹਦਾ ਭੀ ਕੁੱਝ ਵੱਟ ਲੈ।
ਅੰਨ ਦਾਤਾ, ਮੇਰੀ ਜੀਭ ਤੇ ਇਨਕਾਰ ? ਇਹ ਕਿਵੇਂ ਹੋ ਸਕਦੈ ?

ਪਿਆਰ ਵਿਆਹ

ਸਿਆਣਿਆਂ ਦਾ ਕਥਨ ਹੈ ਕਿ ਨੌਜੁਆਨਾਂ ਕੋਲ ਜੋਸ਼ ਹੈ, ਗਿਆਨ ਦੀ ਕਮੀ ਹੈ। ਬੁਢਾਪੇ ਵਿਚ ਗਿਆਨ ਦਾ ਸਾਗਰ ਹੈ ਪਰ ਤਾਕਤ ਦੀ ਘਾਟ ਹੈ। ਜੇ ਕਦੀ ਜੋਸ਼ ਅਤੇ ਗਿਆਨ ਦਾ ਸੁਮੇਲ ਹੋ ਜਾਵੇ, ਦੁਨੀਆਂ ਦਾ ਮੁਹਾਂਦਰਾ ਬਦਲ ਸਕਦਾ ਹੈ। ਜੁਆਨੀ ਦੀ ਧੱਕੜ ਉਮਰ ਵਿਚ ਕਾਮ ਠਾਠਾਂ ਮਾਰਦਾ, ਸਿਰ ਨੂੰ ਚੜ੍ਹ ਜਾਂਦਾ ਹੈ। ਗੱਭਰੂ ਮੁੰਡੇ ਨੂੰ ਹਰੇਕ ਲੜਕੀ ਤਾਂ ਸੋਹਣੀ ਲਗਦੀਹੀ ਹੈ ਬਲਕਿ ਹਰ ਇਕ 'ਮਾਦਾ' ਚੰਗੀ ਲਗਦੀ ਹੈ। ਕਿਸੇ ਝਾੜੀ ਤੇ, ਥੜੇ ਤੇ, ਰੰਗਦਾਰ ਕਪੜਾ ਪਿਆ ਭੀ ਅਪਣੇ ਵਲ ਸੈਨਤਾਂ ਕਰਦਾ ਪ੍ਰਤੀਤ ਹੁੰਦਾ ਹੈ। ਇਸ ਚੜ੍ਹਦੀ ਉਮਰ ਵਿਚ ਲੜਕੀਆਂ ਬਹੁਤਾ ਸਮਾਂ ਸ਼ੀਸ਼ੇ ਮੂਹਰੇ ਖਲੋ ਕੇ ਅਪਣੇ ਆਪ ਨੂੰ ਵੇਖਣ ਅਤੇ ਸ਼ਿੰਗਾਰਨ 'ਤੇ ਗੁਜ਼ਾਰਦੀਆਂ ਹਨ। ਧਰਤੀ 'ਤੇ ਪੱਬ ਨਹੀਂ ਲਗਦਾ, ਹਰ ਵਕਤ ਕੋਈ ਗੀਤ ਗੁਣ-ਗੁਣਾਉਣ ਨੂੰ ਦਿਲ ਮਚਲਦਾ ਹੈ। ਜੁਆਨ ਮੁੰਡੇ ਬਹੁਤ ਚੰਗੇ ਲਗਦੇ ਹਨ। ਬੇਅਰਥ ਗੱਲਾਂ ਭੀ ਬਹੁਤ ਅਰਥ ਭਰਪੂਰ ਲਗਦੀਆਂ ਹਨ। ਨੌਜੁਆਨ ਲੜਕੇ ਅਪਣੇ ਮਜ਼ਬੂਤ ਜੁੱਸੇ ਦੀ ਦਰਸ਼ਨੀ ਕਰਦੇ ਪ੍ਰਤੀਤ ਹੁੰਦੇ ਹਨ। ਲੜਕੀਆਂ ਨੂੰ ਵੇਖ ਕੇ ਖੰਘਣਾ, ਕੋਈ ਸ਼ਰਾਰਤ ਕਰਨੀ, ਰਾਹ ਰੋਕਣਾ ਜਾਂ ਦੂਜਿਆਂ ਤੇ ਰੋਹਬ ਪਾਉਣ ਵਾਲੀਆਂ ਫੜ੍ਹਾਂ ਮਾਰਨੀਆਂ, ਅਪਣੇ ਵੱਲੋ ਧਿਆਨ ਖਿੱਚਣ ਦੇ ਚਲਾਊ ਜਿਹੇ ਤਰੀਕੇ ਹਨ। ਅਪਣੇ ਪੈਸੇ ਦੀ, ਮੋਟਰ ਸਾਈਕਲ ਜਾਂ ਕਾਰ ਆਦਿ ਰਾਹੀਂ ਅਮੀਰੀ ਦਾ ਰੋਹਬ ਭੀ ਪਾਇਆ ਜਾਂਦਾ ਹੈ। ਕਈ ਵਾਰੀ ਬਿਨਾ ਵਜ੍ਹਾ ਝਗੜੇ ਭੀ ਕਰ ਲੈਂਦੇ ਹਨ। ਜਦੋਂ ਕਦੀ ਕਿਸੇ ਬਹਾਨੇ ਲੜਕੇ ਲੜਕੀ ਦੀ ਨੇੜਤਾ ਹੋ ਜਾਵੇ ਤਾਂ ਖਤਾਂ ਦਾ ਸਿਲਸਿਲਾ (ਅੱਜਕਲ ਫ਼ੋਨ 'ਤੇ ਸੁਨੇਹੇ ਤੇ ਗੱਲਬਾਤ) ਖ਼ਤਮ ਹੋਣ ਦਾ ਨਾਮ ਹੀ ਨਹੀਂ ਲੈਂਦਾ। ਆਸ਼ਕ ਜੋੜੀ ਨੂੰ ਸਾਰੇ ਵੇਖ ਰਹੇ ਹੁੰਦੇ ਹਨ, ਉਹਨਾਂ ਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਅਸੀ ਕਿਸੇ ਨੂੰ ਨਹੀਂ ਦਿਸਦੇ। ਲੜਕੀ ਵਿਆਹ ਕਰਾਉਣ ਲਈ ਮਨਾਉਂਦੀ ਹੈ। ਲੜਕਾ ਕਾਮ ਭੁੱਖ ਮਿਟਾਉਣ ਲਈ ਮਜਬੂਰ ਕਰਦਾ ਹੈ। ਅਚੇਤ ਰੂਪ ਵਿਚ ਲੜਕੀ ਗਰਭ ਠਹਿਰਨ ਤੋਂ ਘਬਰਾਉਂਦੀ ਹੈ। ਲੜਕਾ ਇਸ ਪੱਖੋਂ ਬੇਪ੍ਰਵਾਹੀ ਵਿਖਾਉਂਦਾ ਹੈ। ਗਰਭ ਠਹਿਰ ਜਾਣ ਦੀ ਸੂਰਤ ਵਿਚ ਲੜਕੀ ਕਿਸੇ ਥਾਂ ਜੋਗੀ ਨਹੀਂ ਰਹਿੰਦੀ। ਲੜਕਾ ਅੱਖਾਂ ਫੇਰ ਜਾਂਦਾ ਹੈ। ਲੜਕੀ ਲੁੱਟੀ ਪੁੱਟੀ ਗਈ ਮਹਿਸੂਸ ਕਰਦੀ ਹੈ। ਲੜਕਾ ਅਪਣੀ ਮਰਦਾਨਗੀ ਦੀਆਂ ਫੜ੍ਹਾਂ ਮਾਰਦਾ ਹੋਇਆ, ਅਪਣੇ ਪਿਆਰ ਦੇ ਕਿੱਸੇ ਦੋਸਤਾਂ ਨੂੰ ਚਟਕਾਰੇ ਲਾ ਲਾ ਕੇ ਸੁਣਾਉਂਦਾ ਹੈ।

ਜੋਬਨ ਰੁੱਤੇ ਇਕ ਦੂਜੇ ਨੂੰ ਚੰਗੇ ਲਗਣਾ ਕੁਦਰਤੀ ਵਰਤਾਰਾ ਹੈ। ਜੇ ਕਿਤੇ ਲੜਕੇ ਲੜਕੀ ਦੀ ਨੇੜਤਾ ਬਣ ਗਈ। ਕੱਦ ਕਾਠ ਰੂਪ ਰੰਗ ਵਿਦਿਆ, ਆਰਥਕ ਹਾਲਤ, ਉਮਰ ਅਤੇ ਸੁਭਾਅ ਮੇਲ ਖਾ ਗਏ, ਤਦੋਂ ਸੰਜਮ ਵਿਚ ਰਹਿ ਕੇ, ਦੋਵੇਂ ਧਿਰਾਂ ਅਪਣੇ ਮਾਤਾ-ਪਿਤਾ (ਜਾਂ ਜੋ ਭੀ ਪ੍ਰਵਾਰ ਦਾ ਮੁਖੀ ਹੋਵੇ) ਨੂੰ ਦੱਸਣ। ਦੋਵੇਂ ਪ੍ਰਵਾਰਾਂ ਦੇ ਸਿਆਣੇ ਆਦਮੀ, ਆਪਸੀ ਸਹਿਮਤੀ ਬਨਾਉਣ ਵਾਸਤੇ, ਸਚਾਈ 'ਤੇ ਆਧਾਰਤ ਗੱਲਬਾਤ ਕਰਨ। ਜਾਤ ਅਤੇ ਦਾਜ ਨੂੰ ਵਿਚਕਾਰ ਨਾ ਆਉਣ ਦਿੱਤਾ ਜਾਵੇ। ਦੋਵੇਂ ਧਿਰਾਂ ਦੇ ਜ਼ਿੰਮੇਵਾਰ ਵਿਅਕਤੀਆਂ ਨੂੰ ਖ਼ੁਦਗਰਜੀਆਂ ਤੋਂ ਹੱਟ ਕੇ, ਰਿਸ਼ਤੇ ਵਲ ਵਧਣਾ ਚਾਹੀਦਾ ਹੈ, ਸੌਦੇਬਾਜ਼ੀ ਵਿਚਕਾਰ ਨਹੀਂ ਆਉਣੀ ਚਾਹੀਦੀ। ਭਾਰਤੀ ਸਮਾਜ ਵਿਚ ਆਮ ਕਰ ਕੇ ਹਾਲੀ ਤਕ ਪਿਆਰ ਵਿਆਹ ਨੂੰ ਲੋਕਾਂ ਦੀ ਮਾਨਸਿਕ ਬਣਤਰ ਨੇ ਪ੍ਰਵਾਨਗੀ ਨਹੀਂ ਦਿੱਤੀ। ਜਦੋਂ ਕਿਤੇ ਅਜਿਹਾ ਹੁੰਦਾ ਹੈ ਤਾਂ ਪ੍ਰਵਾਰ ਰਿਸ਼ਤੇਦਾਰ ਆਦਿ ਵਾਵੇਲਾ ਖੜਾ ਕਰ ਦਿੰਦੇ ਹਨ। ਖ਼ਾਸ ਕਰ ਕੇ ਲੜਕੀ ਨੂੰ ਜ਼ਿਆਦਾ ਅਪਮਾਨ ਸਹਿਣਾ ਪੈਂਦਾ ਹੈ। ਭਾਵੇਂ ਕਿ ਲੜਕਾ ਲੜਕੀ ਬਾਲਗ ਹੋਣ ਦੀ ਸ਼ਰਤ 'ਤੇ ਭਾਰਤ ਦਾ ਕਾਨੂੰਨ ਪਿਆਰ ਵਿਆਹ ਨੂੰ ਮਾਨਤਾ ਦਿੰਦਾ ਹੈ। ਪਰ ਜਦੋਂ ਕਿਧਰੇ ਅਜਿਹੀਆਂ ਸ਼ਾਦੀਆਂ ਹੁੰਦੀਆਂ ਹਨ ਤਾਂ ਕਤਲ ਹੋ ਜਾਂਦੇ ਹਨ। ਮੁਕੱਦਮੇ ਚਲਦੇ ਹਨ, ਘਰ ਉਜੜਦੇ ਹਨ, ਰਿਸ਼ਤੇਦਾਰੀਆਂ ਟੁੱਟ ਜਾਂਦੀਆਂ ਹਨ। ਪਿੰਡਾਂ ਦੀਆਂ ਪੰਚਾਇਤਾਂ ਅਪਣੇ ਤੌਰ 'ਤੇ ਅਜਿਹੇ ਜੋੜਿਆਂ ਨੂੰ ਅਪਣੀ ਬਰਾਦਰੀ ਵਿਚੋਂ ਕੱਢ ਦਿੰਦੇ ਹਨ। ਕਈ ਬਾਰੀ ਭੜਕਾਹਟ ਇੰਨੀ ਵੱਧ ਜਾਂਦੀ ਹੈ, ਹਜ਼ੂਮ ਇਕੱਠੇ ਹੋ ਕੇ ਵਿਆਹੇ ਜੋੜੇ ਨੂੰ ਕੁੱਟ ਕੁੱਟ ਕੇ ਜਾਨੋਂ ਮਾਰ ਮੁਕਾਉਂਦੇ ਹਨ। ਪੁਲਿਸ ਖ਼ਾਮੋਸ਼ ਖੜੀ ਤਮਾਸ਼ਾ ਵੇਖਦੀ ਹੈ। ਅਦਾਲਤਾਂ ਬੇਵਸ ਪ੍ਰਤੀਤ ਹੁੰਦੀਆਂ ਹਨ। ਰਾਜਨੀਤਕ ਲੋਕ ਜਾਤ ਪਾਤੀ ਅਤੇ ਅਜਿਹੇ ਪਛੜੇਪਨ ਵਾਲੇ ਮਾਹੌਲ ਨੂੰ ਖ਼ਤਮ ਕਰਨਾ ਹੀ ਨਹੀਂ ਚਾਹੁੰਦੇ। ਜੇ ਕਿਤੇ ਪਿਆਰ ਵਿਆਹ ਜਾਤੀ ਬੰਧਨ ਤੋੜ ਕੇ ਕੀਤਾ ਹੋਵੇ ਫਿਰ ਤਾਂ ਮਾਨੋ ਪਰਲੋ ਹੀ ਆ ਜਾਂਦੀ ਹੈ। ਅਜਿਹੇ ਹਿੰਮਤੀ ਜੋੜੇ ਵਾਸਤੇ ਫਿਰ ਜਿਊਣਾ ਬਹੁਤ ਔਖਾ ਹੈ। ਭਾਵੇਂ ਕਿ ਸਰਕਾਰਾਂ ਨੇ ਅੰਤਰਜਾਤੀ ਵਿਆਹਾਂ ਨੂੰ ਉਤਸ਼ਾਹਤ ਕਰਨ ਵਾਸਤੇ ਇਹਨਾਂ ਜੋੜਿਆਂ ਦੀ ਮਦਦ ਕਰਨ ਦੇ ਵਚਨ ਭੀ ਦਿਤੇ ਹੋਏ ਹਨ। ਪਰ ਅਪਣੇ ਆਪ ਤੇ ਨਿਰਭਰਤਾ ਅਤੇ ਲੋਕਾਂ ਨੂੰ ਇਸ ਪੱਖੋਂ ਜਾਗਰੂਕ ਕਰਨਾ ਬਹੁਤ ਜ਼ਰੂਰੀ ਹੈ। ਲੜਕੇ ਜਾਂ ਲੜਕੀ ਨੂੰ ਸਾਰੀ ਉਮਰ ਜਾਤੀ ਸੂਚਕ ਜ਼ਹਿਰੀਲੇ ਬੋਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਹਾਲਾਂਕਿ ਜਾਤੀ ਸੂਚਕ ਸ਼ਬਦ ਵਰਤ ਕੇ ਕਿਸੇ ਦਾ ਅਪਮਾਨ ਕਰਨਾ ਕਾਨੂੰਨੀ ਅਪਰਾਧ ਹੈ, ਸਜ਼ਾ ਯੋਗ ਹੈ।

ਪਿਆਰ ਵਿਆਹਾਂ ਦੇ ਮਾਮਲੇ ਵਿਚ ਆਮ ਨੌਜੁਆਨ ਅਪਣੇ ਮਾਡਲ ਹੀਰ

ਰਾਂਝੇ ਨੂੰ, ਮਿਰਜਾ ਸਾਹਿਬਾਂ ਨੂੰ, ਸੋਹਣੀ ਮਹੀਵਾਲ ਨੂੰ ਜਾਂ ਰੋਮੀਉ ਜੂਲੀਅਟ ਆਦਿ ਨੂੰ ਬਣਾਉਂਦੇ ਹਨ। ਦੇਖੋ ਜੀ ਇਹਨਾਂ ਦਾ ਪਿਆਰ ਕਿੰਨਾ ਸੱਚਾ ਸੀ, ਆਪਾ ਵਾਰੂ ਸੀ, ਸਾਥੀ ਨਾਲ ਜਿਊਣ ਮਰਨ ਦਾ ਸੀ। ਅਸੀ ਭੀ ਉਹਨਾਂ ਵਾਲੇ ਰਾਹ 'ਤੇ ਕਿਉਂ ਨਾ ਟੁਰੀਏ ? ਨੌਜੁਆਨੋ ! ਕਾਗ਼ਜ਼ੀ ਕਿੱਸੇ ਕਹਾਣੀਆਂ ਹੋਰ ਹਨ, ਜ਼ਮੀਨੀ ਸਚਾਈ ਹੋਰ ਹੈ। ਅਸਲ ਵਿਚ ਅਪਣੀ ਮਹਿਬੂਬਾ ਨੂੰ ਪ੍ਰਾਪਤ ਕਰਨ ਤੋਂ ਅਸਫਲ ਰਹਿਣ ਵਾਲੇ ਆਸ਼ਕ ਕਵੀਆਂ ਦੀਆਂ ਇਹ ਕਾਵਿਕ ਉਡਾਰੀਆਂ ਹਨ। ਕਵੀ ਜੋ ਕੁੱਝ ਖ਼ੁਦ ਕਰਨ ਦਾ ਚਾਹਵਾਨ ਹੈ, ਉਹ ਅਪਣੇ ਪਾਤਰ ਰਾਹੀਂ ਕਰਵਾਉਂਦਾ ਹੈ। ਜੋ ਖ਼ੁਦ ਕਹਿਣਾ ਚਾਹ ਰਿਹਾ ਹੁੰਦਾ ਹੈ, ਉਹ ਸਬਜ (ਵਾਰਤਾਲਾਪ) ਅਪਣੇ ਪਾਤਰਾਂ ਤੋਂ ਬੁਲਾਉਂਦਾ ਹੈ। ਹੁਣ ਜੇ ਕਿਸੇ ਨੇ ਅਪਣੇ ਮਨ ਨੂੰ ਭਾ ਗਈ 'ਹੀਰ ਸਲੇਟੀ' ਪ੍ਰਾਪਤ ਕਰਨ ਦਾ ਤਹਈਆ ਕਰ ਹੀ ਲਿਆ ਹੈ, ਤਦੋਂ ਅਪਣਾ ਘਰ ਛੱਡ ਕੇ ਹੀਰ ਦੇ ਪਿਉ ਦੀਆਂ ਮੱਝਾਂ ਚਾਰਨ ਲਈ, ਪੱਠੇ ਪਾਉਣ ਲਈ ਖੁਰਲੀਆਂ ਵਿਚ ਸੌਣ ਲਈ, ਭੁੱਖੇ ਪਿਆਸੇ ਰਹਿਣ ਲਈ ਅਪਣੀ 'ਹੀਰ' ਦੇ ਘਰ ਪਹੁੰਚ ਜਾਣਾ ਚਾਹੀਦਾ ਹੈ। ਹੋ ਸਕਦਾ ਹੈ ਕਦੀ '**ਚੋਰੀ ਦੀ ਚੂਰੀ**' ਖਾਣ ਵਾਸਤੇ ਮਿਲ ਹੀ ਜਾਵੇ। ਅਠਾਰਾਂ-ਵੀਹ ਸਾਲ ਦੇ ਨੌਜੁਆਨ ਨੂੰ ਇਸ਼ਕ ਜਾਗਦਾ ਹੈ। ਫਿਰ ਬਾਰਾਂ ਸਾਲ ਤਕ ਮੱਝਾਂ ਸਾਂਭਦਿਆਂ ਤੀਹ-ਪੈਂਤੀ ਸਾਲ ਦੀ ਉਮਰ ਹੋ ਜਾਂਦੀ ਹੈ। ਫਿਰ ਤਾਂ ਜੇ ਦਾਅ ਲੱਗ ਗਿਆ ਅਧਖੜ ਜਿਹੀ ਉਮਰ ਵਿਚ ਹੀ ਵਿਆਹ ਕਰਾਉਣਾ ਪਵੇਗਾ। ਉਹ ਭੀ ਤਦੋਂ ਜੇ ਤੁਸੀ ਰਾਂਝੇ ਵਰਗੇ ਡਰਪੋਕ ਨਾ ਹੋਏ ਤਦੋਂ। ਹੀਰ ਬਾਰ ਬਾਰ ਕਹਿੰਦੀ ਰਹੀ ਜੇ ਵਿਆਹ ਕੇ ਨਹੀਂ ਲਿਜਾ ਸਕਦਾ ਮਰ ਜਾਣਿਆ, ਕੱਢ ਕੇ (ਉਧਾਲ ਕੇ) ਹੀ ਲੈ ਚੱਲ। ਕਾਇਰ ਰਾਂਝਾ ਇਹ ਵੀ ਨਾ ਕਰ ਸਕਿਆ। ਆਖ਼ੀਰ ਨੂੰ ਪਿਤਾ ਨੇ ਹੀਰ ਦਾ ਵਿਆਹ ਹੋਰ ਕਿਤੇ ਕਰ ਦਿਤਾ। ਫਿਰ ਹੀਰ ਨੇ ਸੱਪ ਲੜਨ ਦਾ ਬਹਾਨਾ ਕੀਤਾ, ਰਾਂਝਾ ਕੰਨ ਪੜਵਾ ਕੇ, ਸੁਆਹ ਮਲ ਕੇ ਜੋਗੀ ਬਣ ਕੇ ਹੀਰ ਦੇ ਸਹੁਰੇ ਘਰ ਆਇਆ ਤੇ ਹੀਰ ਉਸ ਨਾਲ ਨੱਸ ਗਈ। ਅਸਲ ਵਿਚ ਰਾਂਝੇ ਨੂੰ ਨਸਾ ਕੇ ਲੈ ਗਈ। ਅੱਗੋਂ ਚਾਰ ਦਿਨ ਘਰ ਨਾ ਬਸਾਇਆ। ਬੱਚੇ ਨਾ ਪਾਲੇ। ਖੇਤੀ ਨਾ ਕੀਤੀ, ਨੌਕਰੀ ਜਾਂ ਦੁਕਾਨ ਨਾ ਕੀਤੀ। ਸਾਧ ਬਣ ਕੇ ਰੋਟੀਆਂ ਮੰਗ ਲਿਆਵਾਂਗਾ। ਖ਼ੁਦ ਖਾਵਾਂਗਾ ਤੇ ਹੀਰ ਸਲੇਟੀ ਨੂੰ ਇੱਜ਼ਤ ਦੀ ਰੋਟੀ ਖੁਆਵਾਂਗਾ। ਜੇ ਬੱਚੇ ਪਾਲਣੇ ਪੈ ਜਾਂਦੇ ਤਾਂ ਰਾਂਝੇ ਨੇ ਕਦੋਂ ਦੀ ਆਤਮ ਹਤਿਆ ਕਰ ਲੈਣੀ ਸੀ। ਹੀਰ ਵਿਚਾਰੀ ਨੂੰ ਕਿਸੇ ਦਿਉਰ-ਜੇਠ ਨਾਲ ਨਿਰਬਾਹ ਕਰਨਾ ਪੈਣਾ ਸੀ। ਕੀ ਇਹੀ ਹੈ ਨੌਜੁਆਨ ਮੁੰਡੇ ਕੁੜੀਆਂ ਦਾ ਮਾਡਲ ਜੋੜਾ ? ਸੱਸੀ ਟਿੱਬਿਆਂ ਵਿਚ ਵਿਲਕਦੀ ਮਰ ਗਈ ਪੁਨੂੰ ਨੱਸ ਗਿਆ। ਸੋਹਣੀ ਮਹੀਵਾਲ ਰਾਤਾਂ ਨੂੰ ਚੋਰੀ ਚੋਰੀ ਮਿਲਦੇ, ਦਰਿਆ ਝਨਾ ਵਿਚ ਡੁੱਬ

ਮਰੇ। ਬਾਕੀ ਆਸ਼ਕਾਂ ਦਾ ਹਾਲ ਵੀ ਵਧੀਆ ਨਹੀਂ ਰਿਹਾ। ਬਗ਼ਾਵਤ ਕਰਨੀ ਹੀ ਹੈ ਅਪਣੇ ਲੋਕਾਂ ਦੀ ਆਜ਼ਾਦੀ ਵਾਸਤੇ ਕਰੋ। ਫ਼ੂਲੋ ਰਸਮੋ ਰਿਵਾਜ, ਦਾਜ, ਜਾਤ-ਪਾਤ, ਵਹਿਮ-ਭਰਮ, ਸਰਕਾਰੀ ਅਤਿਆਚਾਰ, ਗ਼ਰੀਬੀ ਅਨਪੜ੍ਹਤਾ ਆਦਿ ਕਿੰਨਾ ਹਨੇਰ ਮਚਿਆ ਹੈ, ਚਾਰੇ ਬੰਨੇ ਬਹੁ ਪਰਤੀ ਅੰਧਕਾਰ ਨੂੰ ਦੂਰ ਕਰਨ ਵਾਸਤੇ ਅਗਰ ਕੋਈ ਸਿਆਣਪ ਵਾਲਾ ਕਾਰਜ ਕਰ ਜਾਉ ਤਾਂ ਜਨਮ ਸਫ਼ਲਾ ਹੁੰਦਾ ਹੈ। ਵਰਨਾ ਚੌਹ ਦਿਨਾਂ ਦੀ ਜੁਆਨੀ ਤਾਂ ਭੇਡਾਂ ਤੇ ਵੀ ਆਉਂਦੀ ਹੈ। ਖੋਤੇ ਖੋਤੀਆਂ ਭੀ ਦੁਲੱਤੀਆਂ ਮਾਰ ਕੇ ਖ਼ੂਬ ਇਸ਼ਕ ਲੜਾਉਂਦੇ ਹਨ।

ਪਿਆਰ ਵਿਆਹ ਉਸ ਮਾਹੌਲ ਵਿਚ ਕਾਮਯਾਬ ਹੋ ਸਕਦੇ ਹਨ, ਅਗਰ ਸਮਾਜ ਵਿਚ ਔਰਤਾਂ ਨੂੰ ਮਰਦਾਂ ਦੇ ਬਰਾਬਰ ਵਿਦਿਆ ਦਿਤੀ ਜਾਵੇ। ਦੂਜੇ ਤੇ ਨਿਰਭਰ ਨਾ ਹੋ ਕੇ ਆਰਥਕ ਪੱਖੋਂ ਔਰਤ ਖ਼ੁਦ ਕਮਾਉਂਦੀ ਹੋਵੇ। ਜ਼ਮੀਨ ਜਾਇਦਾਦ ਵਿਚ ਬਰਾਬਰ ਦੀ ਹਿੱਸੇਦਾਰ ਹੋਵੇ। ਸਰਕਾਰੀ ਕਾਨੂੰਨਾਂ ਨਿਯਮਾਂ ਆਦਿ ਦਾ ਗਿਆਨ ਹੋਵੇ। ਦੇਸ਼ ਦਾ ਕਾਨੂੰਨ ਔਰਤਾਂ ਦੀ ਰਾਖੀ ਦੀ ਸਖ਼ਤੀ ਨਾਲ ਪਾਲਣਾ ਕਰੇ। ਅੱਜ ਦੇ ਨਿੱਘਰੇ ਹੋਏ ਹਾਲਾਤ ਕਾਰਨ ਆਮ ਵਿਆਹ ਵਿਚ ਕਿੰਨੀਆਂ ਮੁਸ਼ਕਲਾਂ ਆ ਘੇਰਦੀਆਂ ਹਨ। ਪਿਆਰ ਵਿਆਹ ਵਿਚ ਤਾਂ ਪ੍ਰਵਾਰ ਅਤੇ ਸਮਾਜ ਭੀ ਵਿਰੁਧ ਭੁਗਤਦੇ ਹਨ, ਤਦੋਂ ਜੀਵਨ ਸੁਖੀ ਕਿਵੇਂ ਰਹਿ ਸਕੇਗਾ?

ਸਾਡੇ ਨੌਜੁਆਨ ਮੁੰਡੇ ਕੁੜੀਆਂ ਪੱਛਮੀ ਮੁਲਕਾਂ ਦੀ ਰੀਸ ਕਰਨੀ ਚਾਹੁੰਦੇ ਹਨ। ਸ਼ਾਇਦ ਇਸ ਗੱਲ ਤੋਂ ਅਨਜਾਣ ਹਨ ਕਿ ਪੱਛਮੀ ਸਭਿਅਤਾ ਸਾਡੇ ਅੱਜ ਦੇ ਹਾਲਾਤ ਨਾਲੋਂ ਪੰਜਾਹ-ਸੱਠ ਸਾਲ ਅੱਗੇ ਹੈ। ਉਹਨਾਂ ਦਾ ਹਰ ਪ੍ਰਵਾਰ ਸਵੈ-ਨਿਰਭਰ ਹੈ। ਦਸਵੀਂ ਜਾਂ ਬਾਹਰਵੀਂ ਕਰ ਕੇ ਲੜਕੇ ਲੜਕੀਆਂ ਘਰੋਂ ਚਲੇ ਜਾਂਦੇ ਹਨ। ਅਪਣੀ ਖ਼ੁਦ ਕਮਾਈ ਕਰਦੇ ਹਨ ਤੇ ਨਾਲੋ ਨਾਲ ਪੜ੍ਹਾਈ ਕਰਦੇ ਹਨ। ਵਿਆਹ ਕਰਵਾ ਕੇ ਲੋੜ ਪੈਣ 'ਤੇ ਮਾਤਾ ਪਿਤਾ ਦਾ ਆਸ਼ੀਰਵਾਦ ਲੈਂਦੇ ਹਨ ਤੇ ਵਿਦਾ ਹੋ ਕੇ ਅਪਣੇ ਨਵੇਂ ਘਰ ਵਿਚ ਚਲੇ ਜਾਂਦੇ ਹਨ। ਕਦੀ ਸਾਲ ਛੇ ਮਹੀਨਿਆਂ ਮਗਰੋਂ ਆ ਕੇ ਮਿਲ ਜਾਂਦੇ ਹਨ, ਵਰਨਾ ਮਾਤਾ-ਪਿਤਾ ਅਪਣੇ ਰਾਜ਼ੀ, ਬੱਚੇ ਅਪਣੇ ਰਾਜ਼ੀ। ਔਰਤਾਂ ਅਤੇ ਬੱਚਿਆਂ ਦੇ ਹੱਕ ਵਿਚ ਕਾਨੂੰਨ ਇੰਨਾ ਸਖ਼ਤ ਹੈ ਕਿ ਅਗਰ ਪੁਰਸ਼, ਔਰਤ ਨੂੰ ਜਾਂ ਬੱਚਿਆਂ ਨੂੰ ਤੰਗ ਪ੍ਰੇਸ਼ਾਨ ਕਰਦਾ ਹੈ ਤਾਂ ਕਠੋਰ ਦੰਡ ਦਿੱਤਾ ਜਾਂਦਾ ਹੈ। ਸਾਡਾ ਦੇਸ਼ ਜਦੋਂ ਉਸ ਪੱਧਰ 'ਤੇ ਪੁੱਜੇਗਾ ਉਦੋਂ ਤੱਕ ਉਥੇ ਵਿਆਹ ਦੀ ਪ੍ਰਥਾ ਹੀ ਖ਼ਤਮ ਹੋ ਚੁੱਕੀ ਹੋਵੇਗੀ। ਕੁਦਰਤ ਨੇ 'ਨਰ-ਮਾਦਾ' ਬਣਾਏ ਹਨ। ਪਤੀ ਪਤਨੀ ਵਾਲਾ ਰਿਸ਼ਤਾ ਸਮਾਜ ਨੇ ਵਿਕਸਤ ਕੀਤਾ ਹੈ। ਜਦੋਂ ਮਨੁੱਖ ਨੂੰ ਅਪਣੇ ਹੱਕ ਅਤੇ ਫ਼ਰਜ਼ ਦੀ ਪੂਰੀ ਤਰ੍ਹਾਂ ਸਮਝ ਆ ਗਈ ਤਾਂ ਸ਼ਾਇਦ ਪਤੀ-ਪਤਨੀ ਵਾਲਾ

ਉਮਰ ਭਰ ਦਾ ਬੰਧਨ ਨਹੀਂ ਰਹੇਗਾ।

ਸਾਡੇ ਨੌਜੁਆਨ ਰੁਜ਼ਗਾਰ ਵਾਸਤੇ ਵਿਦੇਸ਼ਾਂ ਵੱਲ ਬੇਅੰਤ ਗਿਣਤੀ ਵਿਚ ਜਾ ਰਹੇ ਹਨ। ਕਈ ਜਾਇਜ਼ ਤੇ ਕਈ ਸਾਰੇ ਨਜਾਇਜ਼ ਤਰੀਕੇ। ਬਹੁਤ ਸਾਰੀਆਂ ਗੋਰੀਆਂ ਲੜਕੀਆਂ/ਔਰਤਾਂ ਹਫੜਾ ਦਫੜੀ ਵਾਲੀ ਜ਼ਿੰਦਗੀ ਤੋਂ ਉਪਰਾਮ ਹੋ ਕੇ, 'ਟਿਕਾਊ' ਜੀਵਨ ਬਤੀਤ ਕਰਨਾ ਚਾਹੁੰਦੀਆਂ ਹਨ। ਇਕੋ ਪੁਰਸ਼ ਨਾਲ ਰਹਿ ਕੇ ਘਰ ਵਸਾਉਣਾ ਚਾਹੁੰਦੀਆਂ ਹਨ। ਗੋਰਿਆਂ ਦੇ ਵਿਹਾਰ ਤੋਂ ਪ੍ਰੇਸ਼ਾਨ ਹੋ ਕੇ ਸਿੱਖ ਨੌਜੁਆਨਾਂ ਨਾਲ ਵਿਆਹ ਕਰਵਾ ਲੈਂਦੀਆਂ ਸਨ। ਸਿੱਖ ਧਰਮ ਨੂੰ ਮੰਨਣ ਦੀਆਂ ਫੜ੍ਹਾਂ ਮਾਰਨ ਵਾਲੇ, ਗੁਰੂ ਗ੍ਰੰਥ ਸਾਹਿਬ ਨੂੰ ਬੇਅੰਤ ਵਾਰ ਨਮਸਕਾਰਾਂ ਕਰਨ ਵਾਲੇ, ਉਸ ਦੇਸ਼ ਵਿਚ ਪੱਕੇ ਹੋ ਕੇ, ਗੋਰੀ ਪਤਨੀ ਨੂੰ ਛੱਡ ਜਾਂਦੇ ਹਨ। ਪੰਜਾਬ ਵਿਚੋਂ ਲੱਖਾਂ ਰੁਪਏ ਦੇ ਸੌਦੇ ਕਰ ਕੇ, ਸੋਹਣੀਆਂ ਅੱਲੜ, ਲੜਕੀਆਂ ਨੂੰ ਵਿਆਹ ਕੇ, ਉਧਰ ਲੈ ਜਾਂਦੇ ਹਨ। ਲੰਮੇ ਸਮੇਂ ਤਕ ਉਸ ਲੜਕੀ ਦਾ ਮਾਸ ਨੋਚਦੇ ਹਨ। ਫ਼ੈਕਟਰੀਆਂ ਜਾਂ ਖੇਤਾਂ ਵਿਚ ਉਸ ਤੋਂ ਦੂਹਰੀਆਂ ਸਿਫ਼ਟਾਂ ਵਿਚ ਕੰਮ ਕਰਵਾ ਕੇ ਸਾਰਾ ਪੈਸਾ ਖ਼ੁਦ ਹੜੱਪਦੇ ਹਨ। ਸ਼ਰਾਬਾਂ ਪੀਂਦੇ ਹਨ, ਕਲੱਬਾਂ ਵਿਚ ਪੈਸਾ ਰੋਹੜਦੇ ਹਨ। ਜੇ ਪਤਨੀ ਪੱਕੀ ਹੋ ਗਈ ਤਾਂ ਸ਼ਾਇਦ ਘਰੇਲੂ ਜ਼ੁਲਮ ਤੋਂ ਛੁਟਕਾਰਾ ਮਿਲ ਸਕੇ। ਵੈਸੇ ਉਦੋਂ ਤਕ ਇਨ੍ਹਾਂ ਦੀ ਬਹੁਤੀ ਉਮਰ ਭੰਗ ਦੇ ਭਾੜੇ ਲੰਘ ਚੁੱਕੀ ਹੁੰਦੀ ਹੈ। ਜੇ ਸਿੱਖ ਗੱਭਰੂ ਵਫ਼ਾਦਾਰ ਰਹਿੰਦੇ ਤਾਂ ਗੋਰੀਆਂ ਨੇ ਵਿਆਹ ਭੀ ਕਰਵਾਣੇ ਸਨ ਤੇ ਇਹਨਾਂ ਨੂੰ ਬਿਨਾਂ ਮੁਸ਼ਕਲ ਤੋਂ ਸਬੰਧਤ ਦੇਸ਼ ਵਿਚ ਪੱਕੇ ਭੀ ਕਰਵਾ ਦੇਣਾ ਸੀ। ਅਫ਼ਸੋਸ ਕਿ ਸਿੱਖ ਅਖਵਾਉਣ ਵਾਲਾ ਨੌਜੁਆਨ ਇੰਨਾ ਨਿੱਘਰ ਗਿਆ ਹੈ ਕਿ ਉਸ ਦਾ ਅਤਿ ਮੰਦਾ ਜੀਵਨ ਵੇਖ ਕੇ ਸਿੱਖਾਂ ਦੀਆਂ ਧੀਆਂ ਮੁਸਲਮਾਨਾਂ, ਗੋਰਿਆਂ ਅਤੇ ਕਾਲਿਆਂ ਨਾਲ ਵਿਆਹ ਕਰਵਾਉਣ ਲਈ ਮਜਬੂਰ ਹੋ ਰਹੀਆਂ ਹਨ। ਗੁਰਦਵਾਰਿਆਂ ਦੀਆਂ ਸਟੇਜਾਂ 'ਤੇ ਜੋ ਸਿੱਖ ਜੀਵਨ ਨਿੱਤ ਸੁਣਾਇਆ ਜਾ ਰਿਹਾ ਹੈ, ਅੱਜ ਦਾ ਸਿੱਖ ਉਸ ਦੇ ਨੇੜੇ ਤੇੜੇ ਭੀ ਨਹੀਂ ਹੈ। ਸਿੱਖਾਂ ਦੇ ਮੁਖੀ ਡਾਲਰ ਤੇ ਪੌਂਡ ਇਕੱਠੇ ਕਰਨ ਲਈ ਮਾਨੋ ਪਾਗ਼ਲ ਹੋਏ ਫਿਰਦੇ ਹਨ। ਅਪਣੇ ਨੌਜੁਆਨਾਂ ਬੱਚਿਆਂ, ਬੀਬੀਆਂ ਬਾਰੇ ਸੋਚਣ ਸੁਣਨ ਨੂੰ ਹੀ ਤਿਆਰ ਨਹੀਂ।

ਕਿਸੇ ਨਵੇਂ ਅਸੂਲ ਨੂੰ ਸਮਾਜ ਵਿਚ ਪ੍ਰਚਲਤ ਕਰਨ ਵਾਸਤੇ ਉਥੋਂ ਦੇ ਲੋਕਾਂ ਨੂੰ ਮਾਨਸਿਕ ਤੌਰ 'ਤੇ ਪਹਿਲਾਂ ਤਿਆਰ ਕਰਨਾ ਬੜਾ ਜ਼ਰੂਰੀ ਹੈ। ਗੁਰਬਾਣੀ ਰਾਹੀਂ ਪ੍ਰਗਟ ਕੀਤੇ ਨਿਯਮ ਸਿੱਖ ਪੰਥ ਵਿਚ ਪੰਜ ਸੌ ਸਾਲ ਬੀਤ ਜਾਣ 'ਤੇ ਭੀ ਲਾਗੂ ਨਹੀਂ ਹੋ ਸਕੇ। ਸਿੱਖਾਂ ਦੇ ਪ੍ਰਚਾਰਕ ਅਤੇ ਲੇਖਕ ਬਹਾਨੇ ਭਾਵੇਂ ਜਿੰਨੇ ਮਰਜ਼ੀ ਘੜਦੇ ਰਹਿਣ ਪਰ ਸੱਚ ਇਹੀ ਹੈ ਕਿ ਲੋਕਾਂ ਦੀ ਸੋਚਣ ਵਿਧੀ ਨੂੰ ਬਦਲਣਾ ਬਹੁਤ ਕਠਿਨ

ਹੈ। ਮੜ੍ਹੀਆਂ, ਕਬਰਾਂ, ਤੀਰਥ, ਵਰਤ ਰੱਖਣੇ, ਹੋਲੀ ਆਦਿ ਦੀ ਫੁੱਟੀ ਕਉਡੀ ਕੀਮਤ ਨਹੀਂ ਹੈ। ਆਮ ਵਿਅਕਤੀ ਫਿਰ ਵੀ ਇਹਨਾਂ 'ਮਰੇ ਸੱਪਾਂ' ਨੂੰ ਅਪਣੇ ਗਲ ਵਿਚ ਪਾਈ ਫਿਰਦਾ ਹੈ। ਲੋਕ ਰਾਏ ਤਿਆਰ ਕਰਨ ਤੋਂ ਬਿਨਾਂ ਕੀਤੇ ਕੰਮ ਵਿਚ ਕਾਮਯਾਬੀ ਦੇ ਆਸਾਰ ਘੱਟ ਹਨ। ਇਸੇ ਮਨੋਵਿਗਿਆਨ ਨੂੰ ਸਮਝਦਿਆਂ ਅੰਗਰੇਜ਼ਾਂ ਨੇ ਜੋ ਕਾਨੂੰਨ ਭਾਰਤ ਵਿਚ ਬਣਾਇਆ, ਇਥੇ ਦੇ ਮੁਸਲਮਾਨ ਅਤੇ ਹਿੰਦੂ ਧਰਮ ਮੁਖੀਆਂ ਨੂੰ ਪੁੱਛ ਕੇ ਬਣਾਇਆ। ਸਤੀ ਪ੍ਰਥਾ ਦੇ ਵਿਰੁਧ ਅਕਬਰ ਬਾਦਸ਼ਾਹ ਨੇ ਹੁਕਮ ਜਾਰੀ ਕੀਤਾ, ਸਫ਼ਲ ਨਾ ਹੋਇਆ। ਸੰਨ 15-7-1856 ਨੂੰ ਅੰਗਰੇਜ਼ ਸਰਕਾਰ ਨੇ ਕਾਨੂੰਨ ਬਣਾ ਕੇ ਸਤੀ ਪ੍ਰਥਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ। ਗੁਰੂ ਸਾਹਿਬਾਨ ਨੇ ਇਸ ਨਸਲਘਾਤੀ ਰਸਮ ਦਾ ਬਹੁਤ ਵਿਰੋਧ ਕੀਤਾ। ਆਜ਼ਾਦੀ ਤੋਂ ਮਗਰੋਂ ਹੋਰ ਕਈ ਕਾਨੂੰਨ ਬਣ ਗਏ। ਅਜੇ ਭੀ ਸਤੀ ਪ੍ਰਥਾ ਪੂਰੀ ਤਰ੍ਹਾਂ ਬੰਦ ਨਹੀਂ ਹੋਈ। ਸੁਧਾਰ ਦੀ ਗਤੀ ਬਹੁਤ ਧੀਮੀ ਹੈ। ਇਸੇ ਤਰ੍ਹਾਂ ਅਸੀ ਇਤਿਹਾਸ ਵਿਚੋਂ ਪੜ੍ਹ ਸਕਦੇ ਹਾਂ ਕਿ ਗੁਰੂ ਪ੍ਰਵਾਰਾਂ ਦੇ ਬੱਚੇ ਜਾਤਾਂ ਪਾਤਾਂ ਉਲੰਘ ਕੇ ਨਹੀਂ ਵਿਆਹੇ ਜਾ ਸਕੇ। ਅਪਣੇ ਹੀ ਭਾਈਚਾਰੇ ਵਿਚ ਰਿਸ਼ਤੇ ਨਾਤੇ ਕਰਦੇ ਰਹੇ। ਗੁਰੂ ਕਾਲ ਤੋਂ ਬਾਅਦ ਭੀ ਜਾਤੀ ਬੰਧਨ ਤੋੜ ਕੇ ਸਿੱਖਾਂ ਨੇ ਵਿਆਹ ਕੀਤੇ ਹੋਣ, ਅਜਿਹੀ ਕੋਈ ਵਿਰਲੀ ਘਟਨਾ ਤਾਂ ਹੋ ਸਕਦੀ ਹੈ, ਜਨ ਸਮੂਹ ਦੇ ਜੀਵਨ ਦਾ ਅੰਗ ਨਹੀਂ ਬਣ ਸਕੀ। ਸਿੱਖ ਧਰਮ ਵਿਚ ਪਿਆਰ ਵਿਆਹ 'ਤੇ ਕੋਈ ਧਾਰਮਕ ਰੋਕ ਨਹੀਂ ਹੈ। ਆਪੋ ਅਪਣੇ ਹਾਲਾਤ ਮੁਤਾਬਕ ਪਿਆਰ ਵਿਆਹ ਕੀਤੇ ਜਾ ਸਕਦੇ ਹਨ। ਜੋ ਕੇਵਲ ਗੁਣਾ 'ਤੇ ਆਧਾਰਤ ਹੋਣ। ਮਾਤਾ ਪਿਤਾ ਦੀ ਸਹਿਮਤੀ ਨਾਲ, ਦਾਜ ਅਤੇ ਜਾਤ ਤੋਂ ਮੁਕਤ ਹੋਣ। ਭਾਵੇਂ ਸਿੱਖ ਰਹਿਤ ਮਰਿਆਦਾ ਵਿਚ ਪਿਆਰ ਵਿਆਹ ਬਾਰੇ ਕੁੱਝ ਨਹੀਂ ਲਿਖਿਆ ਪਰ ਅਜਿਹੀ ਮੱਦ ਪਾਉਣੀ ਸਮੇਂ ਦੀ ਲੋੜ ਹੈ।

ਹਰ ਇਕ ਲੇਖਕ ਤੇ ਹਰ ਇਕ ਸਟੇਜੀ ਬੁਲਾਰਾ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਬਾਰੇ ਬੜੇ ਲੰਮੇ ਚੌੜੇ ਭਾਸ਼ਨ ਦਿੰਦਾ ਹੈ : "ਇਹ ਦਸਾਂ ਪਾਤਸ਼ਾਹੀਆਂ ਦੀ ਜਾਗਦੀ ਜੋਤ ਹੈ, ਇਹ ਰੱਬੀ ਨੂਰ ਹੈ, ਪੈਂਤੀ ਭਗਤਾਂ ਗੁਰੂਆਂ ਦੀ ਅਜ਼ਲੀ ਬਾਣੀ ਹੈ, ਸਿੱਖਾਂ ਦੀ ਜ਼ਿੰਦਗੀ ਦਾ ਧੁਰਾ ਹੈ, ਇਸ ਦੀ ਵਿਚਾਰਧਾਰਾ ਦੀ ਰਾਖੀ ਵਾਸਤੇ ਸਿੰਘਾਂ ਨੇ ਹਜ਼ਾਰਾਂ-ਲੱਖਾਂ ਜਾਨਾ ਵਾਰ ਦਿਤੀਆਂ, ਇਹ ਬਾਣੀ ਤਾਂ ਖ਼ੁਦ ਹੀ ਪ੍ਰਮੇਸ਼ਰ ਹੈ, ਜਿਸ ਨੇ ਇਸ ਦੇ ਦਰਸ਼ਨ ਕਰ ਲਏ, ਉਸ ਨੇ ਰੱਬ ਦੇ ਦਰਸ਼ਨ ਕਰ ਲਏ"... ਆਦਿ। ਖ਼ੁਦ ਭਾਸ਼ਨ ਦੇਣ ਵਾਲੇ ਅਤੇ ਸਿੱਖੀ ਦਾ ਦਮ ਭਰਨ ਵਾਲੇ ਇਸ ਅਕਾਲੀ ਬਾਣੀ ਦਾ ਕਿੰਨਾ ਕੁ ਸਤਿਕਾਰ ਕਰਦੇ ਹਨ, ਉਹਨਾਂ ਦੀ ਰੋਜ਼ਮਰਾ ਦੀ ਜ਼ਿੰਦਗੀ ਵਿਚੋਂ ਪਰਖਿਆ ਜਾ ਸਕਦਾ ਹੈ। ਹੋਰ ਬਹੁਤ ਕੁੱਝ ਗੁਰਬਾਣੀ ਤੋਂ ਉਲਟ ਹੋ ਰਿਹਾ

ਹੈ, ਉਸ ਨੂੰ ਨਾ ਚਿਤਾਰਦੇ ਹੋਏ ਕੇਵਲ ਅਨੰਦ ਕਾਰਜ ਦੇ ਵਰਤਾਰੇ ਵਿਚੋਂ ਭੀ ਕੇਵਲ ਇਕ ਨੁਕਤਾ ਵਿਚਾਰ ਰਿਹਾ ਹਾਂ। ਜਿਸ ਨੌਜੁਆਨ ਜੋੜੇ ਨੇ 'ਸਤਿਕਾਰਯੋਗ' ਸੰਗਤ ਦੀ ਹਾਜ਼ਰੀ ਵਿਚ ਪ੍ਰਣ ਕੀਤਾ ਕਿ ਜੀਵਨ ਭਰ ਇਕੱਠੇ ਰਹਾਂਗੇ। ਕੀਰਤਨੀਆਂ ਨੇ ਇਸੇ ਭਾਵਨਾ ਦੇ ਸ਼ਬਦ ਗਾਏ। ਜੋੜੀ ਨੇ ਕਈ ਵਾਰੀ ਮੱਥਾ ਟੇਕਿਆ। ਲਾਵਾਂ ਪੜ੍ਹੀਆਂ ਗਈਆਂ, ਪਰਕਰਮਾ ਕੀਤੀ ਗਈ। ਉਪਦੇਸ਼ ਦਿੱਤਾ ਗਿਆ। ਹੁਕਮਨਾਮਾ ਪੜ੍ਹਿਆ, ਸੁਣਿਆ ਗਿਆ। ਜੀਵਨ ਭਰ ਸਾਥ ਨਿਭਾਉਣ ਦੀਆਂ ਕਈ ਵਾਰੀ ਕਸਮਾਂ ਖਾਧੀਆਂ ਗਈਆਂ। ਪਰ ਕਦੀ ਸਰਵੇ ਕਰ ਕੇ ਵੇਖਿਆ ਹੈ, ਸਿੱਖਾਂ ਦੇ ਮੁਖੀਆਂ ਨੇ, ਪਈ ਅਜਿਹੇ ਕੀਤੇ ਵਿਆਹ ਕਿੰਨਾ ਸਮਾਂ ਨਿਭਦੇ ਹਨ ? ਤਲਾਕ ਲੈਣ ਲਈ ਕਚਹਿਰੀਆਂ ਦੇ ਚੱਕਰ ਕਟਦੇ ਹਨ। ਜੋ ਅਨੰਦ ਵਿਆਹ ਆਖ਼ਰੀ ਸੁਆਸ ਤਕ ਸਾਥ ਨਿਭਾਉਣ ਦੀਆਂ ਅਣਗਿਣਤ ਕਸਮਾਂ ਚੁਕ ਕੇ ਗੁਰੂ ਨੂੰ ਹਾਜ਼ਰ ਨਾਜ਼ਰ ਜਾਣ ਕੇ ਕੀਤਾ ਗਿਆ ਸੀ, ਉਹ ਅਦਾਲਤਾਂ ਵਿਚ ਖ਼ਤਮ ਹੁੰਦਾ ਹੈ। ਕਿਥੇ ਰਿਹਾ ਗੁਰੂ ਦਾ ਸਤਿਕਾਰ, ਕਿਥੇ ਗਈਆਂ ਅਨੇਕ ਕਸਮਾਂ ? ਬਿਨਾਂ ਖ਼ਾਸ ਕਾਰਨਾਂ ਦੇ ਰੂਪ ਅਤੇ ਪੈਸੇ ਦੀ ਅੰਨੀ ਹਵਸ ਵਿਚ ਗਰਕ ਹੋ ਕੇ ਜੋ ਇਨਸਾਨ ਵਿਸ਼ਵਾਸਘਾਤ ਕਰਦੇ ਹਨ। ਅਸਲ ਵਿਚ ਇਹੀ ਲੋਕ ਹਨ, ਗੁਰੂ ਦਾ ਅਪਮਾਨ ਕਰਨ ਵਾਲੇ। ਅਜਿਹੀ ਨੀਚ ਬਿਰਤੀ ਵਾਲਿਆਂ ਦੀ ਦਰਿੰਦਗੀ ਤੋਂ ਡਰਦਿਆਂ ਲੋਕੀ ਧੀਆਂ ਨੂੰ ਗਰਭ ਵਿਚ ਮਾਰਨ ਲਈ ਮਜਬੂਰ ਹੋਏ ਹਨ। ਅਜਿਹੇ ਕਾਤਲ ਨੌਜੁਆਨਾਂ ਦੇ ਵਹਿਸ਼ੀਪੁਣੇ ਕਾਰਨ ਅਣਗਿਣਤ ਮਾਪਿਆਂ ਦੇ ਮਨ ਵਿਚ ਦਹਿਲ ਬੈਠ ਜਾਂਦਾ ਹੈ। ਮਾਤਾ-ਪਿਤਾ ਸੋਚਦੇ ਹਨ ਕਿ ਲੰਮੀ ਨਰਕ ਵਰਗੀ ਜ਼ਿੰਦਗੀ ਭੋਗਦਿਆਂ ਤੜਪ ਤੜਪ ਕੇ ਮਰਨ ਨਾਲੋਂ ਧੀਆਂ ਨੂੰ ਗਰਭ ਵਿਚ ਹੀ ਖ਼ਤਮ ਕਰ ਦਿਉ। ਅਜਿਹੇ ਕਾਤਲ ਤੇ ਲਾਲਚੀ ਮੁੰਡਿਆਂ ਨੂੰ ਲੱਖਾਂ ਰੁਪਏ ਦਾਜ ਦੇਣ ਦੀ ਥਾਂ, ਅਪਣੀ ਬੇਟੀ ਨੂੰ ਫਿਰ ਭੀ ਵਿਲਕਦੀ ਵੇਖਣ ਦੀ ਥਾਂ, ਅਪਣੀਆਂ ਅੱਖਾਂ ਸਾਹਮਣੇ ਸੜਦੀ ਮਰਦੀ ਵੇਖਣ ਦੀ ਥਾਂ, ਹੋਸ਼ ਆਉਣ ਤੋਂ ਪਹਿਲਾਂ ਗਰਭ ਵਿਚ ਹੀ ਮਾਰ ਦਿੰਦੇ ਹਨ। ਵਹੁਟੀਆਂ ਨੂੰ ਦਾਜ ਕਾਰਨ ਕਤਲ ਕਰਨ ਵਾਲੇ ਬਘਿਆੜੋ। ਘੱਟੋ ਘੱਟ ਗੁਰੂ ਗ੍ਰੰਥ ਸਾਹਿਬ ਦੀ ਸਹੁੰ ਖਾਧੀ ਦੀ ਲੱਜਾ ਰੱਖ ਲਵੋ। ਜਾਂ ਫਿਰ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਆਨੰਦ ਕਾਰਜ ਹੀ ਨਾ ਕਰਵਾਉ। ਜੇ ਇਹੀ ਪਾਪ ਕਰਨੇ ਹਨ ਤਾਂ ਧਰਮ ਨੂੰ ਵਿਚਕਾਰ ਕਿਉਂ ਲਿਆਉਂਦੇ ਹੋ ?

ਜਿਸ ਤਰ੍ਹਾਂ ਦੀ ਦੌੜ ਵਿਦੇਸ਼ ਜਾਣ ਵਾਲਿਆਂ ਵਿਚ ਲੱਗੀ ਹੋਈ ਵੇਖ ਰਹੇ ਹਾਂ। ਉਸ ਨੂੰ ਸੁਣ ਪੜ੍ਹ ਅਤੇ ਮਹਿਸੂਸ ਕਰ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਅੱਜ ਸਿੱਖ ਅਖਵਾਉਣ ਵਾਲੇ 'ਰਿਸ਼ਤਿਆਂ ਦੀ ਸ਼ਰਮ' ਭੀ ਉਤਾਰ ਚੁੱਕੇ ਹਨ। ਬਹੁਤ ਸਾਰੇ

ਮਾਮਲੇ ਅਜਿਹੇ ਅਖ਼ਬਾਰਾਂ ਵਿਚ ਛਪ ਚੁੱਕੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਨਕਲੀ ਅਨੰਦ ਕਾਰਜ ਹੋਏ। ਤਾਂ ਕਿ ਵੀਡੀਉ ਫ਼ਿਲਮ ਬਣਾ ਕੇ ਅੰਬੈਸੀ ਦੇ ਅਫ਼ਸਰ ਨੂੰ ਵਿਖਾਈ ਜਾ ਸਕੇ, ਵੇਖੋ ਜੀ ਸਾਡਾ ਵਿਆਹ ਪੂਰਨ ਧਾਰਮਕ ਰਸਮਾਂ ਨਾਲ ਸੰਪੂਰਨ ਹੋਇਆ ਹੈ। ਹਾਲਤ ਇਥੋਂ ਤਕ ਗਰਕੇ ਹੋਏ ਹਨ ਕਿ ਸਕੇ ਭੈਣਾਂ ਭਰਾਵਾਂ ਦੇ ਵਿਆਹ, ਮਾਂ ਪੁੱਤਰ ਦਾ ਵਿਆਹ, ਬੱਝਵੇਂ ਟਾਈਮ ਵਾਲਾ ਵਿਆਹ, ਪੱਕੇ ਕਰਾਉਣ ਵਾਲਾ ਵਿਆਹ, ਲੁੱਟ ਕੇ ਖਾਣ ਵਾਲਾ ਵਿਆਹ, ਪਾਗ਼ਲ ਬਣਾ ਦੇਣ ਵਾਲਾ ਵਿਆਹ ਤੇ ਪਾਰ ਬੁਲਾ ਦੇਣ ਵਾਲਾ ਵਿਆਹ। ਇਹ ਸਾਰੇ ਵਿਆਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ "ਪੂਰਨ ਗੁਰ-ਮਰਿਆਦਾ ਨਾਲ ਨੇਪਰੇ ਚੜ੍ਹਦੇ ਹਨ।" ਪਿਆਰ ਵਿਆਹ ਦਾ ਢੰਡੋਰਾ ਪਿੱਟਣ ਵਾਲੇ ਜਰਾ ਆਲੇ ਦੁਆਲੇ ਅੱਖਾਂ ਖੋਲ੍ਹ ਕੇ ਵੇਖ ਲੈਣ ਕਿ ਜਦੋਂ ਕਬੀਲਦਾਰੀ ਦਾ ਭਾਰ ਚੁੱਕਣਾ ਪਿਆ ਫਿਰ ਭੀ ਪਿਆਰ ਇਸੇ ਤਰ੍ਹਾਂ ਕਾਇਮ ਰਹੇਗਾ ? ਜੋ ਲੜਕੀ ਵਿਆਹ ਤੋਂ ਪਹਿਲਾਂ ਹੂਰ ਪਰੀ ਦਿਸਦੀ ਹੈ। ਰਾਤ ਨੂੰ ਸੁਪਨਿਆਂ ਵਿਚ ਭੀ ਦੂਰ ਨਹੀਂ ਹੁੰਦੀ। ਵਿਆਹ ਤੋਂ ਮਗਰੋਂ ਜਦੋਂ ਜੁਆਨੀ ਦਾ ਜੋਸ਼ ਜਰਾ ਘੱਟ ਜਾਂਦਾ ਹੈ, ਉਹ ਚੁੜੇਲ, ਭੂਤਨੀ, ਡਾਇਣ ਤੇ ਬੇਵਫ਼ਾ ਆਦਿ ਨਜ਼ਰ ਆਉਣ ਲਗਦੀ ਹੈ। ਉਧਰ ਜੋ ਲੜਕਾ ਸੁਪਨਿਆਂ ਦਾ ਰਾਜਕੁਮਾਰ ਦਿਸਦਾ ਸੀ, ਕੁੱਝ ਦਿਨਾਂ ਮਗਰੋਂ ਰਾਖ਼ਸ਼, ਚੰਡਾਲ ਤੇ ਦਰਿੰਦਾ ਦਿਸਣ ਲਗਦਾ ਹੈ। ਜੇ ਪਿਆਰ ਵਿਆਹ ਕਰਵਾਉਣਾ ਚਾਹੁੰਦੇ ਹੋ ਤਾਂ ਸਰਬਪੱਖੀ ਪੜਚੋਲ ਕਰ ਲੈਣੀ। ਜੇ ਪਿਆਰ ਵਿਆਹ ਨਹੀਂ ਹੋਇਆ। ਸਾਰੇ ਪੱਖਾਂ ਬਾਰੇ ਵਿਚਾਰ ਕਰ ਕੇ, ਅਪਣਾ ਫ਼ਰਜ਼ ਜਾਣ ਕੇ ਗੁਰੂ ਦਾ ਭੈ ਅਦਬ ਜਾਣ ਕੇ ਉਥੇ ਹੀ ਪਿਆਰ ਪਾਉ।

ਧਨ ਪਿਰ ਕਾ ਇਕ ਹੀ ਸੰਗਿ ਵਾਸਾ, ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੈ ਹਉਮੈ ਭੀਤਿ ਤੋਰੀ, ਜਨ ਨਾਨਕ ਮਿਲੈ ਬਨਵਾਰੀ॥ (1263)

ਹੇ ਭਾਈ! ਮਨ ਕਰਕੇ ਪਤੀ ਪਤਨੀ ਵਿਚ ਇਕਸਾਰਤਾ ਹੋਵੇ। ਅਫਸੋਸ ਹੈ ਕਿ ਆਪੋ ਆਪਣੀ ਹਉਮੈਂ ਵਿਚਕਾਰ ਕੰਧ ਬਣ ਕੇ ਖਲੋ ਜਾਂਦੀ ਹੈ। ਅਗਰ ਸਤਿਗੁਰੂ ਦੀ ਸਿੱਖਿਆ ਲੈ ਕੇ, ਹਉਮੈਂ ਤਿਆਗ ਦੇਈਏ। ਨਿਮਰਤਾ ਧਾਰਨ ਕਰ ਲਈਏ, ਸਮਝੋ ਪ੍ਰਮਾਤਮਾ ਦਾ ਮਿਲਾਪ ਹੋ ਗਿਆ, ਜੀਵਨ ਸੰਵਰ ਗਿਆ।

✿✿✿

ਗਹਿਣੇ ਜਾਂ ਗੁਲਾਮੀ ?

ਦੁਨੀਆਂ ਦੇ ਹਰੇਕ ਦੇਸ਼ ਵਿਚ ਔਰਤਾਂ ਸ਼ਿੰਗਾਰ ਭੀ ਕਰਦੀਆਂ ਹਨ ਅਤੇ ਗਹਿਣੇ ਭੀ ਪਹਿਨਦੀਆਂ ਹਨ। 'ਗਹਿਣੇ' ਦਾ ਅਰਥ ਹੈ ਗਿਰਵੀ ਕਰਨਾ। ਭਾਵ ਪੈਸੇ ਲੈ ਕੇ 'ਅਧੂਰਾ' ਸੌਦਾ ਕਰਨਾ। ਜਿਵੇਂ ਰੁਪਿਆਂ ਦੀ ਲੋੜ ਪੂਰੀ ਕਰਨ ਵਾਸਤੇ ਕਿਸੇ ਕੋਲ ਜ਼ਮੀਨ ਗਹਿਣੇ ਕਰੀਦੀ ਹੈ। ਘਰ ਗਹਿਣੇ ਰੱਖ ਦੇਈਦਾ ਹੈ। ਜਦੋਂ ਛਡਵਾ ਸਕਣ ਦੀ ਅਵੱਸਥਾ ਵਿਚ ਹੋਈਏ ਤਦੋਂ ਗਹਿਣੇ ਕੀਤਾ ਮਕਾਨ ਜਾਂ ਜ਼ਮੀਨ ਛੁਡਾ ਲਈਦੀ ਹੈ। ਇਸੇ ਤਰ੍ਹਾਂ ਲੜਕੀ ਨੂੰ ਜਨਮ ਭਾਵੇਂ ਕਿਸੇ ਹੋਰ ਨੇ ਦਿੱਤਾ ਹੈ ਪਰ 'ਗਹਿਣੇ' ਕਿਸੇ ਹੋਰ ਕੋਲ ਕੀਤੀ ਜਾਂਦੀ ਹੈ। ਪੁਰਾਣੇ ਸਮਿਆਂ ਵਿਚ ਲੋਕੀ ਰਾਜਿਆਂ, ਨਵਾਬਾਂ, ਇਲਾਕਾਈ ਸਰਦਾਰਾਂ ਅੱਗੇ ਬਣਾ ਸੰਵਾਰ ਸ਼ਿੰਗਾਰ ਕੇ ਅਪਣੀਆਂ ਜੁਆਨ ਧੀਆਂ ਪੇਸ਼ ਕਰਦੇ ਸਨ। ਜੇ ਲੜਕੀ ਸੁੰਦਰ ਹੈ, ਰਾਜੇ/ਸਰਦਾਰ ਦੇ ਮਨ ਨੂੰ ਭਾ ਗਈ ਹੈ ਤਾਂ ਉਸ ਨੂੰ ਅਪਣੇ ਜ਼ਨਾਨਖ਼ਾਨੇ ਵਿਚ ਦਾਖ਼ਲ ਕਰ ਲੈਂਦਾ ਸੀ। ਜਿਥੇ ਪਹਿਲਾਂ ਹੀ ਕਿੰਨੀਆਂ ਸਾਰੀਆਂ ਔਰਤਾਂ ਨੂੰ ਬੰਦ ਕਰ ਕੇ ਰੱਖਿਆ ਹੋਇਆ ਹੈ। ਵੱਟੇ ਵਿਚ ਲੜਕੀ ਲਿਆਉਣ ਵਾਲੇ ਨੂੰ ਚੰਗੀ ਚੋਖੀ ਰਕਮ ਜਾਂ ਜ਼ਮੀਨ ਆਦਿ ਬਖ਼ਸ਼ ਦਿਤੀ ਜਾਂਦੀ ਸੀ। ਧੀ ਦੇਣ ਵਾਲਿਆਂ ਦੇ ਕਿਸੇ ਇਕ ਵਿਅਕਤੀ ਨੂੰ ਸਰਕਾਰੀ ਨੌਕਰੀ ਵਿਚ ਭੀ ਰੱਖਿਆ ਜਾ ਸਕਦਾ ਸੀ। ਅਜਿਹੇ ਬੇਗ਼ੈਰਤ ਸਰਦਾਰ ਅੱਜ ਤਾਈਂ ਪੰਜਾਬ ਵਿਚ ਬਹੁਤ ਸਾਰੇ ਵੇਖੇ ਜਾ ਸਕਦੇ ਹਨ। ਸਿੱਖਾਂ ਲਈ ਸੱਭ ਤੋਂ ਵਧੀਆ ਲਕਬ 'ਭਾਈ' ਹੈ। ਸਰਦਾਰ ਤਾਂ ਉਹ ਅਖਵਾਉਣ ਲੱਗੇ ਸਨ ਜਿਨ੍ਹਾਂ ਨੇ ਕੁੱਝ ਬੰਦਿਆਂ ਨੂੰ ਅਪਣੇ ਅਧੀਨ ਕਰ ਲਿਆ। ਕੁੱਝ ਜਮੀਨ ਹਥਿਆ ਲਈ। ਆਮ ਸਿੱਖਾਂ ਨਾਲੋਂ ਉੱਚੇ ਹੋਣ ਦੇ ਹੰਕਾਰ ਵਿਚ ਆ ਗਏ। ਉਹ ਸਰਦਾਰ ਅਖਵਾਉਣ ਲੱਗ ਪਏ। ਅੱਗੇ ਜਾ ਕੇ ਆਮ ਸਿੱਖ ਨੂੰ ਕੀੜਾ ਕਾਢਾ ਸਮਝਣ ਵਾਲੇ ਮੁਫ਼ਤ ਖੋਰੇ ਠੱਗ ਲੋਕ ਸੰਤ ਬ੍ਰਹਮਗਿਆਨੀ ਜਾਂ 1008 ਆਦਿ ਦੀਆਂ ਹੰਕਾਰੀ ਉਪਾਧੀਆਂ ਭੀ ਅਪਣੇ ਨਾਵਾਂ ਨਾਲ ਲਾਉਣ ਲੱਗ ਪਏ।

ਪੁਰਾਣੇ ਸਮਿਆਂ ਵਿਚ ਪੜ੍ਹਾਈ ਲਿਖਾਈ ਬਿਲਕੁਲ ਘੱਟ ਸੀ। ਕੋਈ ਵਿਰਲਾ ਪੜ੍ਹਿਆ ਬੰਦਾ ਹੋਇਆ ਕਰਦਾ ਸੀ। ਰਾਜੇ ਕੋਲ ਅਪਣੀ ਮੋਹਰ ਹੁੰਦੀ ਸੀ। ਮੁਣਸੀ ਹੁਕਮ ਲਿਖਦਾ ਸੀ, ਰਾਜਾ ਪ੍ਰਵਾਨਗੀ ਦੀ ਮੋਹਰ ਲਾ ਦਿੰਦਾ ਸੀ। ਇਸੇ ਤਰ੍ਹਾਂ ਨਵਾਬਾਂ (ਗਵਰਨਰ) ਕੋਲ ਅਪਣੀਆਂ ਮੋਹਰਾਂ, ਇਲਾਕੇ ਦੇ ਚੌਧਰੀਆਂ ਸਰਦਾਰਾਂ ਕੋਲ ਅਪਣੀ ਪਛਾਣ ਪ੍ਰਗਟ ਕਰਦੀਆਂ ਮੋਹਰਾਂ ਹੁੰਦੀਆਂ ਸਨ। ਸੱਭ ਤੋਂ ਛੋਟਾ

ਰੁਤਬਾ ਨੰਬਰਦਾਰ ਦਾ ਹੋਇਆ ਕਰਦਾ ਸੀ। ਜੋ ਪਿੰਡਾਂ ਵਿਚ ਅਜੇ ਮੌਜੂਦ ਹੈ। ਪਿੰਡ ਦੇ ਨੰਬਰਦਾਰ ਨੂੰ ਇਕ ਸਰਕਾਰੀ ਮੋਹਰ ਮਿਲਦੀ ਸੀ, ਜਿਸ 'ਤੇ ਉਸ ਦੀ ਪਛਾਣ ਉਕਰੀ ਹੁਦੀ ਸੀ। ਇਹ ਪਛਾਣ (ਮੋਹਰ) ਨੰਬਰਦਾਰ ਨੇ ਹਮੇਸ਼ਾ ਅਪਣੇ ਕੋਲ ਰਖਣੀ ਹੁੰਦੀ ਸੀ। ਜਦੋਂ ਕੋਈ ਮਸਲਾ ਆ ਪਵੇ, ਛੋਟੇ ਮੋਟੇ ਕੰਮ ਲਈ ਅਪਣੀ ਪ੍ਰਵਾਨਗੀ ਦੇਣੀ ਹੋਵੇ ਜਾਂ ਗੁਆਹੀ ਪਾਉਣੀ ਹੋਵੇ ਤਾਂ ਉਂਗਲ ਵਿਚ ਪਾਈ ਮੁੰਦਰੀ+ਛਾਪ+ਛੱਲਾ ਜਾਂ ਮੋਹਰ, ਸਿਆਹੀ ਲਾ ਕੇ ਕਾਗ਼ਜ਼ 'ਤੇ ਠੱਪਾ ਲਾ ਦਿੱਤਾ ਜਾਂਦਾ ਸੀ। ਇਸੇ ਕਿਰਿਆ ਦਾ ਬਦਲਵਾਂ ਰੂਪ ਹੈ ਲੜਕੇ ਵਲੋਂ ਲੜਕੀ ਦੀ ਉਂਗਲ ਵਿਚ ਮੁੰਦਰੀ ਪਾਉਣੀ। ਅਪਣੇ ਕਬਜ਼ੇ ਦੀ ਪਛਾਣ ਲਈ ਮੋਹਰ ਛਾਪ ਲਾ ਦੇਣੀ। ਇਸ 'ਤੇ ਮੇਰਾ ਕਬਜ਼ਾ ਹੈ। ਲੜਕੀ ਵਲੋਂ ਲੜਕੇ ਨੂੰ ਅਪਣੇ ਕਬਜ਼ੇ ਵਿਚ ਕਰਨ ਲਈ ਕੋਈ ਵਿਧਾਨ ਨਿਸ਼ਾਨ ਨਹੀਂ ਹੈ।

ਸੂਖਮ ਜਿਹੇ ਮਨੋਵਿਗਿਆਨਕ ਢੰਗ ਵਰਤ ਕੇ, ਉਸੇ ਤਰ੍ਹਾਂ ਔਰਤ ਨੂੰ ਚੌਤਰਫ਼ੀ ਗੁਲਾਮ ਰੱਖਣ ਵਾਸਤੇ ਗ਼ੁਲਾਮੀ ਵਾਲੇ ਅਣਗਿਣਤੀ ਚਿੰਨ ਧਾਰਨ ਕਰਵਾਂਏ ਜਾਂਦੇ ਹਨ। ਗੁਲਾਮੀ ਪ੍ਰਵਾਨ ਕਰਨ ਵਾਲੀਆਂ ਕਈ 'ਧਾਰਮਕ' (?) ਜਾਂ ਸਮਾਜਕ ਰਸਮਾਂ ਕਰਵਾਈਆਂ ਜਾਂਦੀਆਂ ਹਨ। ਜਿਵੇਂ ਰੱਖੜੀ, ਵਰਤ, ਕਰਵਾ ਚੌਥ, ਟਿੱਕਾ ਭਾਈ ਦੂਜ ਆਦਿ। ਔਰਤਾਂ ਨੂੰ ਮੰਡੀਆਂ ਵਿਚ ਵੇਚਿਆ-ਖ਼ਰੀਦਿਆ ਜਾਂਦਾ ਸੀ। ਦੁਖੀ ਹੋ ਕੇ ਘਰੋਂ ਦੌੜ ਨਾ ਜਾਣ, ਇਸ ਲਈ ਪੈਰਾਂ ਵਿਚ ਬੇੜੀਆਂ ਤੇ ਹੱਥਾਂ ਵਿਚ ਹੱਥਕੜੀਆਂ ਪੈਂਦੀਆਂ ਰਹੀਆਂ ਹਨ। ਕੰਨਾਂ ਵਿਚ ਕਾਂਟੇ ਵਾਲੇ ਤੇ ਨੱਕ ਵਿਚ ਨੱਥ ਪਾ ਕੇ, ਪੂਰੀ ਤਰ੍ਹਾਂ ਆਪਣੀ ਗ੍ਰਿਫ਼ਤ ਵਿਚ ਜਕੜ ਲੈਣ ਦੇ ਹੀ ਤਾਂ ਢੰਗ ਤਰੀਕੇ ਹਨ। ਸਦੀਆਂ ਦੀ ਮਾਰ ਕੁੱਟ ਅਤੇ ਪ੍ਰੇਰਨਾ ਵਿਚ ਆ ਕੇ ਔਰਤਾਂ ਨੇ ਗੁਲਾਮੀ ਵਾਲੇ ਸਾਰੇ ਚਿੰਨ੍ਹ ਅਤੇ ਸਾਰੀਆਂ ਰੀਤਾਂ ਰਸਮਾਂ ਨੂੰ ਅਪਣੀ ਜ਼ਿੰਦਗੀ ਨਾਲ ਸਦਾ ਵਾਸਤੇ ਨੱਥੀ ਕਰ ਲਿਆ ਹੈ। ਇਨਸਾਨੀਅਤ ਦੇ ਦੁਸ਼ਮਣ ਤਿਉਹਾਰਾਂ ਅਤੇ ਗਹਿਣਿਆਂ ਨੂੰ ਅਜਿਹਾ ਗਲ ਪੁਆਇਆ ਹੈ ਕਿ "ਆਜ਼ਾਦ ਹੋਣ ਦੀ ਇੱਛਾ ਸ਼ਕਤੀ ਹੀ ਮਰ ਗਈ ਹੈ।" ਗੁਲਾਮੀ ਦੇ ਪ੍ਰਤੀਕ ਪਹਿਰਾਵੇ ਨੂੰ "ਸ਼ਿੰਗਾਰ, ਸੁੰਦਰਤਾ ਤੇ ਸੁਹਾਗ" ਨਾਲ ਨਰੜ ਕੇ, ਅਪਣੀ ਆਤਮਾ ਦੀ ਆਵਾਜ਼ ਕੁਚਲ ਦਿੱਤੀ ਹੈ।

ਆਮ ਜੀਵਨ ਵਿਚ ਪਾਠਕ ਪਰਖ ਸਕਦੇ ਹਨ ਕਿ ਘੋੜਾ, ਬਲਦ, ਊਠ ਅਤੇ ਹੋਰ ਜਾਨਵਰਾਂ ਨੂੰ ਕਾਬੂ ਵਿਚ ਰੱਖਣ ਵਾਸਤੇ ਲਗਾਮ (ਘੋੜਾ) ਨੱਥ (ਬਲਦ ਤੇ ਝੋਟਾ) ਪਾਈ ਜਾਂਦੀ ਹੈ। ਜੇ ਨਾ ਪਾਈ ਜਾਵੇ ਤਾਂ ਉਹ ਬਾਗ਼ੀ ਹੋ ਸਕਦੇ ਹਨ, ਕੰਮ ਕਰਨ ਤੋਂ ਆਕੀ ਹੋ ਸਕਦੇ ਹਨ। ਉਹਨਾਂ ਤੋਂ ਕੰਮ ਲੈਣ ਵਾਸਤੇ ਨੱਕ ਵਿਚ ਨੱਥ ਪਾਉਣੀ ਜ਼ਰੂਰੀ ਸਮਝੀ ਗਈ। ਇਸੇ ਤਰ੍ਹਾਂ ਆਦਮੀ ਨੇ ਇਸਤਰੀ ਨੂੰ ਗੁਲਾਮ ਬਣਾ

ਕੇ ਰੱਖਣ ਵਾਸਤੇ ਬੜੇ ਜ਼ੁਲਮ ਕੀਤੇ ਹਨ। ਜਨਮ ਸਮੇਂ ਲੜਕੀ ਨੂੰ ਮਾਰ ਦੇਣ ਨਾਲ ਬਾਕੀ ਔਰਤਾਂ ਜੋ ਇਸ ਪਾਪ ਕਰਮ ਨੂੰ ਵੇਖਦੀਆਂ ਹਨ, ਉਹਨਾਂ ਅੰਦਰ ਦਹਿਸ਼ਤ ਪੈਦਾ ਹੋ ਜਾਦੀ ਹੈ। ਔਰਤਾਂ ਅਪਣੇ ਆਪ ਨੂੰ ਵਾਧੂ ਜਿਹੀ ਚੀਜ਼ ਸਮਝਣ ਲਈ ਮਜਬੂਰ ਹੋ ਜਾਂਦੀਆਂ ਹਨ, ਜਿਨ੍ਹਾਂ ਨੂੰ ਜਾਨੋ ਮਾਰਿਆ ਜਾ ਸਕਦਾ ਹੈ। ਦੂਜਾ ਲੜਕੀ ਜੇ ਮਾਰਨ ਤੋਂ ਬਚ ਗਈ ਤਾਂ ਉਸ ਲਈ ਮਰਜਾਣੀ, ਕੁਲਹਿਣੀ, ਕੁਲੱਛਣੀ, ਕਿਥੇ ਧਰੀ ਪਈ ਸੀ ਸਾਡੇ ਭਾਗਾਂ ਵਿਚ ? ਪਿਛਲੇ ਜਨਮਾਂ ਦੇ ਕੋਈ ਪਾਪ ਕੀਤੇ ਹੋਣਗੇ ਅਸੀ, ਤਾਂ ਹੀ ਇਹ ਸਾਡੇ ਘਰ ਜੰਮ ਪਈ। ਫਿਰ ਲੜਕੀਆਂ ਨੂੰ ਖੁਰਾਕ ਘੱਟ ਬਚਪਨ ਵਿਚ ਹੀ ਕੰਮ ਦਾ ਬਹੁਤਾ ਵਜ਼ਨ ਪਾ ਦੇਣਾ। ਬੱਚਿਆਂ ਵਾਲੀਆਂ ਖ਼ੁਸ਼ੀਆਂ ਖੇਢਾਂ ਤੋਂ ਵਾਂਝੇ ਰੱਖਣਾ। ਪੜ੍ਹਾਈ ਨਾ ਕਰਾਉਣੀ ਜਾਂ ਪੜ੍ਹਾਈ ਦੇ ਨਾਲ ਕੰਮ ਬਹੁਤਾ ਕਰਾਉਣਾ। ਨੰਬਰ ਘੱਟ ਆਉਣ ਜਾਂ ਫੇਲ੍ਹ ਹੋ ਜਾਣ 'ਤੇ ਲਾਹਨਤਾਂ, ਗਾਲਾਂ, ਪੜ੍ਹਾਈ ਤੋਂ ਅਧਵਾਟੇ ਹਟਾ ਲੈਣਾ। ਬਾਰ ਬਾਰ ਇਹੀ ਆਖ ਕੇ ਅਪਮਾਨ ਕਰਨਾ "ਛੇਤੀ ਵਿਆਹ ਕੇ ਤੈਨੂੰ ਗਲੋਂ ਲਾਹ ਦਿਆਂਗੇ, ਰੂੜੀ ਦੇ ਕੂੜੇ ਨੇ ਤਾਂ ਰੂੜੀ 'ਤੇ ਹੀ ਜਾਣਾ ਹੈ, ਛੇਤੀ ਹੀ ਅਸੀ ਅਪਣਾ ਭਾਰ ਲਾਹ ਦੇਣਾ ਹੈ, ਜਾਂ ਕਿਤੇ ਸਾਡਾ ਨੱਕ ਨਾ ਕਟਵਾ ਦੇਵੀਂ, ਪਿਉ ਦੀ ਪੱਗ ਨਾ ਰੋਲ ਦੇਵੀਂ, ਤੇਰੇ ਚਾਲੇ ਕੁੱਝ ਠੀਕ ਨਹੀਂ ਲਗਦੇ"... ਆਦਿ। ਜੇ ਕਦੀ ਹਿੰਮਤ ਕਰ ਕੇ ਲੜਕੀ ਅਪਣਾ ਪੱਖ ਰੱਖਣ ਦੀ ਕੋਸ਼ਿਸ਼ ਕਰੇ, ਝੂਠੇ ਇਲਜ਼ਾਮਾਂ ਦਾ ਵਿਰੋਧ ਕਰੇ, ਅਪਣੇ ਨਾਲ ਹੋ ਰਹੇ ਧੱਕੇ ਨੂੰ ਪ੍ਰਗਟ ਕਰੇ ਤਾਂ ਉਸ ਨੂੰ ਸਖ਼ਤੀ ਨਾਲ ਬੋਲਣ ਤੋਂ ਰੋਕ ਦਿਤਾ ਜਾਂਦਾ ਹੈ। ਜਿਵੇਂ : "ਜ਼ਬਾਨ ਨਾ ਚਲਾ, ਚਬਰ ਚਬਰ ਨਾ ਕਰ, ਵੱਡਿਆਂ ਅੱਗੇ ਬੋਲਦੀ ਨੂੰ ਸ਼ਰਮ ਨਹੀਂ ਆਉਂਦੀ ?" ਜੇ ਫਿਰ ਭੀ ਨਾ ਰੁਕੇ ਤਾਂ ਮਾਰ ਕੁੱਟ ਭੀ ਕੀਤੀ ਜਾਂਦੀ ਹੈ। ਇਸ ਸਾਰੀ ਦਹਿਸ਼ਤ ਵਿਚੋਂ ਲਗਾਤਾਰ ਗੁਜ਼ਰਦਿਆਂ, ਲੜਕੀ ਮਾਨਸਿਕ ਤੌਰ 'ਤੇ ਟੁੱਟ ਜਾਂਦੀ ਹੈ। ਕਮਜ਼ੋਰ ਹੋ ਜਾਂਦੀ ਹੈ, ਡਰਪੋਕ ਬਣ ਜਾਂਦੀ ਹੈ। ਬਸ ਅਪਣੀ ਕਿਸਮਤ 'ਤੇ ਰੋ ਸਕਦੀ ਹੈ। ਮਨ ਅਤੇ ਸਰੀਰ ਨੂੰ ਚੜ੍ਹਦੀ ਕਲਾ ਵਿਚ ਲੈ ਜਾਣ ਵਾਲੇ ਸੈਲ ਅੰਦਰੋ ਅੰਦਰ ਟੁੱਟਣ, ਕਮਜ਼ੋਰ ਪੈਣੇ ਤੇ ਮਰਨੇ ਸ਼ੁਰੂ ਹੋ ਜਾਂਦੇ ਹਨ। ਜੋ ਬਹੁਪੱਖੀ ਵਿਕਾਸ ਲੜਕਿਆਂ ਦਾ ਹੁੰਦਾ ਹੈ, ਉਹ ਲੜਕੀਆਂ ਦਾ ਨਹੀਂ ਹੋ ਸਕਦਾ। ਉਹ ਸਿਰਫ਼ ਪਿੱਛੇ ਟੁਰਨ ਜੋਗੀਆਂ ਰਹਿ ਜਾਂਦੀਆਂ ਹਨ। ਸਦੀਆਂ ਦੇ ਇਸ ਅਮਿਟਵੇਂ ਦਬਾਉ ਕਾਰਨ ਔਰਤਾਂ ਸਰੀਰ ਵਲੋਂ ਭੀ ਆਦਮੀਆਂ ਤੋਂ ਛੋਟੀਆਂ (ਮਧਰੀਆਂ) ਹੋ ਗਈਆਂ ਹਨ।

ਭਾਰਤ ਦੇ ਵਸਨੀਕ ਬਾਕੀ ਸੂਬਿਆਂ ਦੇ ਲੋਕਾਂ ਨਾਲ ਪੰਜਾਬ ਦੇ ਸਿੱਖਾਂ ਦਾ ਕੱਦ ਕਾਠ ਮੋਕਲਾ ਹੋ ਗਿਆ, ਲੰਮਾ ਹੋ ਗਿਆ। ਕੀ ਐਵੇਂ ਹੋ ਗਿਆ ? ਪ੍ਰਚਾਰਿਆ

ਇਹੀ ਗਿਆ ਹੈ ਕਿ ਵਿਦੇਸ਼ੀ ਹਮਲਾਵਰ ਪੰਜਾਬ ਤੇ ਪਹਿਲਾਂ ਹਮਲਾ ਕਰਦੇ ਸੀ। ਇਥੇ ਲੜਾਕੇ (ਸੂਰਮੇ) ਹੀ ਅੱਗੇ ਜਾ ਸਕਦੇ ਸੀ। ਨਿੱਤ ਦੀਆਂ ਜੰਗਾਂ ਨੇ ਪੰਜਾਬੀਆਂ ਨੂੰ ਖੁਲ੍ਹ ਦਿਲੇ ਤੇ ਮਜ਼ਬੂਤ ਜੁੱਸੇ ਵਾਲੇ ਬਣਾ ਦਿਤਾ। ਜਦੋਂ ਕਿ ਇਹ ਕੋਰਾ ਝੂਠ ਹੈ। ਭਾਰਤ ਵਿਚ ਸ਼ੂਦਰ ਲੋਕ ਹਜ਼ਾਰਾਂ ਸਾਲ ਤੋਂ ਮਾਰ ਖਾ ਰਹੇ ਹਨ, ਜ਼ੁਲਮ ਸਹਿ ਰਹੇ ਹਨ। ਪਰ ਇਹਨਾਂ ਦਾ ਕੱਦ ਕਾਠ ਕਿਉਂ ਨਹੀਂ ਵਧਿਆ ?ਔਰਤਾਂ ਸਦੀਆਂ ਤੋਂ ਮਾਰ ਖਾ ਰਹੀਆਂ ਹਨ। ਇਹਨਾਂ ਦਾ ਕੱਦ ਲੰਮਾ ਕਿਉਂ ਨਹੀਂ ਹੋਇਆ ? ਅਸਲ ਵਿਚ ਜਿਨ੍ਹਾਂ ਲੋਕਾਂ ਨੇ ਗੁਰਮਤਿ ਨੂੰ ਅਪਣਾ ਲਿਆ। ਉਹ ਬ੍ਰਾਹਮਣੀ ਗੁਲਾਮੀ ਵਿਚੋਂ ਆਜ਼ਾਦ ਹੋ ਗਏ। ਉਹਨਾ ਨੇ ਬ੍ਰਾਹਮਣ ਵਲੋਂ ਫੈਲਾਏ ਮੱਕੜ ਜਾਲ ਵਿਚੋਂ ਨਿਕਲ ਕੇ ਪਹਿਲੀ ਵਾਰ ਖੁਲ੍ਹੀ ਹਵਾ ਵਿਚ ਸਾਹ ਲਿਆ। ਗੁਰੂ ਦੀ ਬਖ਼ਸ਼ੀ ਬਾਣੀ ਪੜ੍ਹ ਕੇ ਸਿੱਖ ਬਣੇ ਲੋਕ 'ਜੀਵਨ ਮੁਕਤ' ਮਹਿਸੂਸ ਕਰਨ ਲੱਗੇ। ਗੁਰੂ ਸਾਹਿਬ ਜੀ ਵਲੋਂ ਸਾਰਿਆਂ ਨੂੰ ਇਕਸਾਰ ਮਾਣ ਦੇਣਾ ਸੰਗਤ ਪੰਗਤ ਦਾ ਅਸੂਲ ਲਾਗੂ ਕਰਨਾ। ਇਕ ਨਿਰੰਕਾਰ ਨੂੰ ਮੰਨਣਾ ਤੇ ਬਾਕੀ ਸਾਰੇ ਦੇਵੀ ਦੇਵਤੇ ਆਦਿ ਗਲੋਂ ਲਾਹ ਸੁਟਣੇ। ਕਿਰਤੀ ਬਣਾਉਣਾ ਗ੍ਰਿਸਤ ਨੂੰ ਮਾਨਤਾ ਦੇਣੀ, ਚੰਗੇ ਅਸੂਲਾਂ ਦੇ ਧਾਰਨੀ ਬਣਾਉਣਾ ਆਦਿ ਦੀ ਸਿਖਿਆ ਨੇ ਜਦੋਂ ਜੀਵਨ ਜੀਵਿਆ ਮਾਨੋ ਮਣਾ ਮੂੰਹੀ ਬੇਲੋੜਾ ਵਜ਼ਨ ਉਤਰ ਗਿਆ। ਅੱਗੇ ਲੋਕੀ ਹਰ ਤਰ੍ਹਾਂ ਦੀ ਬੁਰਾਈ ਅਤੇ ਜ਼ੁਲਮ ਨੂੰ ਨੀਵੀਂ ਪਾ ਕੇ ਜਰਦੇ ਸੀ। ਗੁਰੂ ਦੀ ਸਿਖਿਆ ਲੈ ਕੇ ਬੁਰਾਈ ਨੂੰ ਜਰਨਾ ਨਹੀਂ, ਜੜ੍ਹੋਂ ਪੁੱਟ ਦੇਣ ਦਾ ਦਾਈਆ ਕੀਤਾ ਜਾਣ ਲੱਗਾ। ਅਗਰ ਬੁਰਾਈ ਨੂੰ ਖ਼ਤਮ ਨਹੀਂ ਕਰ ਸਕਦੇ, ਉਸ ਵਿਰੁਧ ਲੜ ਤਾਂ ਸਕਦੇ ਹਾਂ। ਦੁਸ਼ਮਣ ਨੂੰ ਕਰਾਰੇ ਹੱਥ ਵਿਖਾਉਂਦਿਆਂ 'ਮਰ' ਤਾਂ ਸਕਦੇ ਹਾਂ। ਅਜਿਹੀ ਦ੍ਰਿੜਤਾ ਅਤੇ ਦਲੇਰੀ ਨੇ ਸਿੱਖਾਂ ਦੇ ਅੰਦਰ ਸਵੈਮਾਣ ਪੈਦਾ ਕੀਤਾ। ਉਹਨਾਂ ਨੂੰ ਸੁੱਕੀਆਂ ਰੋਟੀਆਂ ਭੀ ਚੂਰੀ ਨਾਲੋਂ ਵਧੀਆ ਲਗਦੀਆਂ ਸਨ। ਉਨ੍ਹਾਂ ਨੂੰ ਮੂਲੀ, ਗਾਜਰ ਤੇ ਜੰਗਲੀ ਫੱਲ, ਦੁੱਧ ਮਲਾਈਆਂ ਨਾਲੋਂ ਵੱਧ ਤਾਕਤ ਦਿੰਦੇ ਸਨ। ਸਿੱਖ ਸਿਰ ਝੁਕਾ ਕੇ (ਜਮੀਰ ਮਾਰ ਕੇ) ਨਹੀਂ, ਸਵੈਮਾਣ ਨਾਲ ਸਿਰ ਉੱਚਾ ਕਰ ਕੇ ਜਿਊਣਾ ਸਿੱਖ ਗਏ ਸਨ। ਜਿਉਂ ਹੀ ਸਿੱਖਾਂ ਦੇ ਅੰਤਸਕਰਣ ਵਿਚ 'ਖ਼ੁਦਦਾਰੀ' ਪੈਦਾ ਹੋਣ ਲੱਗੀ, ਉਹ ਜਿੱਤ ਵਲ ਵਧਣ ਲੱਗੇ। ਘੋਰ ਸੰਕਟ ਵਿਚ ਭੀ ਅੱਗੇ ਵਧਦੇ ਹੋਇਆਂ ਨੇ ਅਪਣੇ ਰਾਜ ਦੇ ਝੰਡੇ ਝੁਲਾ ਦਿਤੇ। ਧਰਮ ਨੇ ਗਿਆਨ ਦਿਤਾ। ਗਿਆਨ ਨੇ ਰਾਜ ਤਕ ਪਹੁੰਚਾ ਦਿਤੇ। ਜਿਥੇ ਸਵੈਮਾਣ ਹੀ ਨਹੀਂ ਵਧਿਆ ਸਗੋਂ ਖਾਣ ਪੀਣ ਤੇ ਪਹਿਨਣਾ ਭੀ ਸੋਹਣਾ ਹੋ ਗਿਆ। ਰੁਪਏ ਸੋਨਾ ਚਾਂਦੀ ਘਰ ਘੋੜੇ ਤੇ ਹਾਥੀਆਂ ਦੇ ਮਾਲਕ ਬਣ ਗਏ। ਜ਼ਮੀਨਾਂ ਅਪਣੀਆਂ ਹੋ ਗਈਆਂ। ਇਸੇ ਸਵੈਮਾਣ ਕਾਰਨ ਹੌਲੀ ਹੌਲੀ ਸਿੱਖਾਂ ਦੇ ਕੱਦ ਕਾਠ ਭੀ ਲੰਮੇ ਹੋ

ਗਏ। ਅੱਜ ਫਿਰ ਸਿੱਖਾਂ ਦਾ ਸਵੈਮਾਣ ਖੋਹਿਆ ਜਾ ਰਿਹਾ ਹੈ। ਉਹਨਾਂ ਦੇ ਸਾਰੇ ਉਪਜਾਊ ਵਸੀਲੇ ਖੋਹ ਲਏ ਹਨ। ਆਉਣ ਵਾਲੇ ਸਮੇਂ ਵਿਚ ਸਿੱਖਾਂ ਦੀ ਸਿੱਖੀ ਤਾਂ ਘਟੇਗੀ ਹੀ, ਇਨ੍ਹਾਂ ਦੇ ਸਰੀਰ ਭੀ ਛੋਟੇ ਹੋ ਜਾਣਗੇ। ਵੇਲਾ ਸੰਭਲਣ ਦਾ ਹੈ, ਠਿਗਣੇ ਹੋ ਜਾਣਗੇ ਯੂ.ਪੀ. ਆਦਿ ਦੇ ਭਈਆਂ ਵਰਗੇ। ਸਿੱਖਾਂ ਦੇ ਮੁਖੀ ਕਦੋ ਜਾਗਣਗੇ ?

ਜੀ ਹਾਂ! ਉਪਰ ਵਰਣਤ ਹਾਲਤ ਔਰਤਾਂ 'ਤੇ ਸਦੀਆਂ ਤੋਂ ਲਾਗੂ ਹੈ, ਅੱਜ ਭੀ ਲਗਾਤਾਰ ਜਾਰੀ ਹੈ। ਇਹ ਕਮਜ਼ੋਰ ਹੋ ਗਈਆਂ, ਕੱਦ ਛੋਟੇ ਰਹਿ ਗਏ, ਕਾਇਰ ਬਣ ਗਈਆਂ। ਬਲਵਾਨ ਹੋਣ ਦੀ ਥਾਂ, ਅਬਲਾ ਬਣ ਗਈਆਂ। ਦਾਸੀਆਂ, ਪੈਰ ਦੀ ਜੁੱਤੀ, ਗੁੱਤ ਪਿੱਛੇ ਮੱਤ, ਧੋਖੇਬਾਜ ਆਦਿ ਦੀਆਂ ਸਾਰੀਆਂ ਅਪਮਾਨ ਜਨਕ ਟਿੱਪਣੀਆਂ ਜਰਨ ਦੀਆਂ ਆਦੀ ਹੋ ਗਈਆਂ। ਆਦਮੀ ਨੂੰ ਔਰਤਾਂ ਨਾਲ ਕੀਤਾ ਜਾਣ ਵਾਲਾ ਧੱਕਾ ਜਾਂ ਅਪਮਾਨ ਜਾਇਜ਼ ਲੱਗਣ ਲੱਗ ਪਿਆ।

ਪਹਿਲਾਂ ਮੁੰਦਰੀ (ਮੋਹਰ) ਪਾ ਕੇ ਆਪਣੀ ਗੁਲਾਮ ਹੋਣ ਦਾ ਅਹਿਸਾਸ ਕਰਵਾਇਆ। ਉਸ ਤੋਂ ਮਗਰੋਂ ਨੱਕ ਵਿਚ ਨੱਥ ਪੁਆ ਕੇ ਗੁਲਾਮ ਜਾਨਵਰਾਂ ਦੇ ਬਰਾਬਰ ਖੜੀ ਕਰ ਦਿਤੀ। ਅੱਜ ਤਕ ਨੱਥ ਪਾ ਕੇ ਕਾਬੂ ਕਰ ਲੈਣਾ, ਨਕੇਲ (ਊਠ ਦੇ ਨੱਕ ਵਿਚ) ਪਾ ਕੇ ਮਗਰ ਟੋਰੀ ਫਿਰਨਾ, ਆਮ ਪ੍ਰਚਲਤ ਮੁਹਾਵਰੇ ਹਨ ਜੋ ਔਰਤ ਦੀ ਦੁਰਗਤ ਨੂੰ ਬਿਆਨ ਕਰਦੇ ਹਨ। ਸਮੇਂ ਦੇ ਬਦਲਦਿਆਂ ਨੱਥ ਹੁਣ ਬਹੁਤੀਆਂ ਇਸਤਰੀਆਂ ਕੇਵਲ ਵਿਆਹ ਵਕਤ ਪਾਉਂਦੀਆਂ ਹਨ। ਰੋਜ਼ਾਨਾ ਦੀ ਜ਼ਿੰਦਗੀ ਵਿਚ ਕੋਕਾ ਜਾਂ ਤੀਲੀ ਪਹਿਨਦੀਆਂ ਹਨ ਜੋ ਨੱਥ ਦਾ ਛੋਟਾ ਰੂਪ ਹੈ। ਤੀਵੀਂ ਦੇ ਨੱਕ ਵਿਚ ਨੱਥ ਪਾ ਕੇ ਆਦਮੀ ਇਹ ਐਲਾਨ ਕਰਦਾ ਪ੍ਰਤੀਤ ਹੁੰਦਾ ਹੈ ਕਿ ਇਸ ਔਰਤ ਦਾ ਮੈਂ ਮਾਲਕ ਹਾਂ, ਇਹ ਮੇਰੀ ਗੁਲਾਮ ਹੈ। ਗੁਲਾਮੀ ਦਾ ਚਿੰਨ੍ਹ ਮੈਂ ਇਸ ਦੇ ਨੱਕ ਵਿਚ ਪਾ ਦਿਤਾ ਹੈ। ਹੁਣ ਹੋਰ ਕੋਈ ਆਦਮੀ ਇਸ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਨਾ ਕਰੇ। ਇਹ ਤੀਵੀਂ ਹੁਣ ਹੋਰ ਕਿਸੇ ਵੱਲ ਵੇਖਣ ਦੀ ਹਿੰਮਤ ਨਾ ਕਰੇ।

ਹੱਥਾਂ ਵਿਚ ਗਹਿਣੇ 'ਹੱਥਕੜੀ' ਦਾ ਮੌਜੂਦਾ ਰੂਪ ਹਨ। ਮੱਧ ਪ੍ਰਦੇਸ਼ ਅਤੇ ਰਾਜਸਥਾਨ ਵਿਚ ਅਜਿਹੇ ਕੜਿਆਂ ਨਾਲ ਔਰਤਾਂ ਦੀਆਂ ਮੋਢੇ ਤਕ ਪੂਰੀਆਂ ਭਰੀਆਂ ਹੋਈਆਂ ਬਾਹਾਂ ਅੱਜ ਤਕ ਵੇਖੀਆਂ ਜਾ ਸਕਦੀਆਂ ਹਨ। ਪੰਜਾਬ ਤੋਂ ਬਾਹਰਲੇ ਸੂਬਿਆਂ ਵਿਚ ਪੈਰਾਂ ਵਿਚ ਮੋਟੇ ਕੜੇ ਅੱਜ ਤਕ ਔਰਤਾਂ ਨੂੰ ਪਹਿਨਾਏ ਜਾਂਦੇ ਹਨ। ਇਸ ਗੁਲਾਮੀ ਦੇ ਸਮਾਨ ਨੂੰ ਸੁਹਾਗ ਦਾ ਚਿੰਨ੍ਹ ਬਣਾ ਦਿੱਤਾ ਹੈ। ਅਸਲ ਵਿਚ ਔਰਤ ਦੁਖੀ ਹੋ ਕੇ ਘਰੋਂ ਦੌੜ ਨਾ ਜਾਵੇ, ਪੈਰਾਂ ਵਿਚ ਕੜੇ ਪਾ ਦਿਉ। ਖ਼ਤਰਨਾਕ ਕੈਦੀਆਂ ਦੇ ਇਹਨਾਂ ਨਾਲ ਮਿਲਦੀਆਂ ਜੁਲਦੀਆਂ ਬੇੜੀਆਂ ਪਾਈਆਂ ਜਾਂਦੀਆਂ ਸਨ, ਹਨ। ਘਰ ਵਿਚ ਕੰਮ ਕਰਦਿਆਂ ਵਹੁਟੀ ਦੀਆਂ ਚੂੜੀਆਂ, ਪੈਰਾਂ

ਦੀਆਂ ਝਾਂਜਰਾਂ ਇਹ ਦੱਸਣ ਲਈ ਸਨ ਕਿ ਗੁਲਾਮ ਕਾਮਾ (ਕਾਮਣੀ-ਕਾਮੇ ਜਾਂ ਕਮੀਣੀ ਤੋਂ ਬਣਿਆ ਪ੍ਰਤੀਤ ਹੁੰਦਾ ਹੈ) ਘਰ ਵਿਚ ਹੀ ਕਾਰਜਸ਼ੀਲ ਹੈ। ਉਸ ਦੇ ਗਹਿਣਿਆਂ ਤੋਂ ਘਰ ਦੇ ਮਾਲਕ ਨੂੰ ਛਣ ਛਣ ਸੁਣਦੀ ਰਹੇਗੀ। ਇਸ ਵਰਤਾਰੇ ਦਾ ਦੁਖਦਾਈ ਪਹਿਲੂ ਇਹ ਹੈ ਕਿ ਇੱਕੀਵੀਂ ਸਦੀ ਦੇ ਗਿਆਨਕ ਯੁੱਗ ਵਿਚ ਜਿਥੇ ਬਹੁਤ ਸਾਰੀਆਂ ਔਰਤਾਂ ਅਪਣੀ ਯੋਗਤਾ ਦੇ ਬਲਬੂੱਤੇ, ਪ੍ਰਧਾਨ ਮੰਤਰੀ, ਰਾਸ਼ਟਰਪਤੀ, ਪੁਲਿਸ ਅਫ਼ਸਰ, ਫ਼ੌਜੀ ਕਮਾਂਡਰ, ਪਾਇਲਟ, ਪੱਤਰਕਾਰ, ਲੇਖਕ, ਵਿਗਿਆਨੀ, ਇੰਜੀਨੀਅਰ ਆਦਿ ਦੇ ਵੱਡੇ ਵੱਡੇ ਆਹੁਦਿਆਂ 'ਤੇ ਕੰਮ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ। ਸਮਰੱਥ ਔਰਤਾਂ ਨੇ ਸਮਾਜ ਵਿਚ ਪੈਰਾਂ ਹੇਠ ਲਿਤਾੜੀਆਂ ਜਾ ਰਹੀਆਂ ਇਸਤਰੀਆਂ ਦੀ ਭਲਾਈ ਵਾਸਤੇ ਕੋਈ ਬਹੁਤਾ ਯੋਗਦਾਨ ਨਹੀਂ ਪਾਇਆ। ਔਰਤ ਦੀ ਮਮਤਾ ਵਾਲਾ ਕੋਮਲ ਜਜਬਾ ਹੋਣ ਕਰ ਕੇ ਔਰਤਾਂ ਹੀ ਅਗਰ ਵੱਡੇ ਪੱਧਰ 'ਤੇ ਔਰਤਾਂ ਦੇ ਉਥਾਨ ਵਾਸਤੇ ਆਵਾਜ਼ ਉਠਾਉਣ ਤਾਂ ਸੁਧਾਰ ਦੇ ਕਾਫ਼ੀ ਚਾਨਸ ਹਨ।

ਔਰਤ ਨੂੰ ਮੰਡੀ ਦਾ ਮਾਲ ਬਣਾ ਕੇ ਰੱਖਣ ਲਈ ਹਰ ਕੋਈ ਅਪਣਾ ਯੋਗਦਾਨ ਪਾ ਰਿਹਾ ਹੈ। ਇਕ ਪਾਸੇ ਪਛਮੀ ਮੁਲਕਾਂ ਵਿਚ ਔਰਤ ਦੀ ਆਜ਼ਾਦੀ ਦਾ ਮਤਲਬ ਹੀ ਇਹ ਬਣ ਗਿਆ ਹੈ ਕਿ ਉਹ ਸਰੀਰ 'ਤੇ ਘੱਟ ਤੋਂ ਘੱਟ ਕਪੜੇ ਪਹਿਨ ਕੇ ਅਪਣੇ ਸਰੀਰ ਦੀ ਪ੍ਰਦਰਸ਼ਨੀ ਕਰੇ। ਇਸ ਤਰ੍ਹਾਂ ਉਸ ਨੂੰ ਬਹੁਤੇ ਪੈਸੇ ਮਿਲਣਗੇ, ਉਹ ਕਾਮਯਾਬ ਮਾਡਲ ਜਾਂ ਅਭਿਨੇਤਰੀ ਬਣ ਸਕੇਗੀ। ਇਸ ਅੰਧੇਰੇ ਰਾਹ 'ਤੇ ਅੱਖਾਂ ਬੰਦ ਕਰ ਕੇ ਟੁਰਦੀ ਹੋਈ ਔਰਤ ਫਿਰ ਮਨੁੱਖ ਦੇ ਮਨੋਰੰਜਨ ਦਾ ਇਕ ਖਿਡੌਣਾ ਬਣ ਗਈ। ਛਾਤੀ ਦੇ ਦੋ ਉਂਗਲਾਂ ਚੌੜੀ ਪੱਟੀ ਅਤੇ ਕੱਛੀ ਦੀ ਥਾਵੇਂ ਦੋ ਇੰਚ ਚੌੜੀ ਟਾਕੀ ਮਸੀ ਰਹਿ ਗਈ ਹੈ। ਅਗਰ ਉਥੋਂ ਦੇ ਕਾਨੂੰਨ ਰਾਹੀਂ ਇੰਨੀ ਕੁ ਰੋਕ ਨਾ ਲਾਈ ਹੁੰਦੀ ਤਾਂ ਪਛਮੀ ਔਰਤਾਂ ਹੁਣ ਤਕ ਅਲਫ਼ ਨੰਗੀਆਂ ਹੋ ਚੁਕੀਆਂ ਹੁੰਦੀਆਂ। ਆਦਮੀ ਸੂਟਡ ਬੂਟਡ ਹੀ ਸਾਹਮਣੇ ਆਉਂਦਾ ਹੈ। ਸਰੀਰ ਦੀ ਨੁਮਾਇਸ਼ ਉਸ ਵਾਸਤੇ ਜ਼ਰੂਰੀ ਨਹੀਂ ਹੈ। ਹਰ ਇਕ ਇਸ਼ਤਿਹਾਰ ਵਿਚ ਔਰਤ ਦੇ ਸਰੀਰ ਦੀ ਨੁਮਾਇਸ਼ ਹੀ ਕਿਉਂ ਹੋਵੇ? ਵਿਦਵਾਨ ਅਤੇ ਵੱਡੇ ਅਹੁਦਿਆਂ 'ਤੇ ਬੈਠੀਆਂ ਔਰਤਾਂ ਖ਼ਾਮੋਸ਼ ਕਿਉਂ ਰਹਿੰਦੀਆਂ ਹਨ? ਅੱਜ ਦੇ ਸਮੇਂ ਵਿਚ ਸਰੀਰਕ ਸ਼ਕਤੀ ਨਾਲ ਬਹੁਤੇ ਕੰਮ ਨਹੀਂ ਹੁੰਦੇ, ਦਿਮਾਗ਼ੀ ਤਾਕਤ ਨਾਲ ਕੰਮ ਪੂਰ ਚੜ੍ਹਦੇ ਹਨ। ਇਸ ਗੱਲ ਦਾ ਪੂਰਾ ਵਿਸ਼ਵਾਸ ਹੈ ਕਿ ਦਿਮਾਗ਼ੀ ਸ਼ਕਤੀ ਔਰਤਾਂ ਕੋਲ ਬਹੁਤ ਹੈ। ਅਕਲ ਨੂੰ ਵਿਗਸਣੋ ਅਤੇ ਵਰਤਣੋ ਆਦਮੀ ਨੇ ਰੋਕ ਲਾਈ ਹੋਈ ਹੈ। ਨਿੱਤ ਵਾਪਰਦੀਆਂ ਘਟਨਾਵਾਂ ਵਿਚੋਂ ਅਜਿਹਾ ਪੜ੍ਹਨ ਸੁਣਨ ਨੂੰ ਭੀ ਮਿਲ ਜਾਂਦਾ ਹੈ ਕਿ ਜੋ ਕੰਮ

ਆਦਮੀ ਅਪਣੀ ਅਥਾਹ ਤਾਕਤ ਵਰਤ ਕੇ ਨਹੀਂ ਕਰ ਸਕਿਆ, ਉਹੀ ਕੰਮ ਔਰਤ ਨੇ ਅਪਣੀ ਅਕਲ ਦੇ ਬਲਬੁੱਤੇ ਕਰ ਵਿਖਾਇਆ ਹੈ। ਜਦੋਂ ਇਸਤਰੀ ਨੂੰ ਇਹ ਗੁਰ (ਚਤੁਰਾਈ-ਚਲਾਕੀ) ਸਮਝ ਆ ਗਈ ਕਿ ਆਦਮੀ ਨੂੰ ਕਾਬੂ ਕਿਵੇਂ ਕਰਨਾ ਹੈ। ਉਸ ਦੀ ਕਮਜ਼ੋਰ ਰਗ ਕਿਹੜੀ ਹੈ। ਉਸੇ ਦਿਨ ਤੋਂ ਔਰਤ ਪ੍ਰਵਾਰ 'ਤੇ ਅਤੇ ਸਮਾਜ 'ਤੇ ਹਾਵੀ ਹੋ ਸਕਦੀ ਹੈ। ਪਰ ਵੇਖਣਾ ਭੈਣੋ! ਜੋ ਅਤਿਆਚਾਰ ਆਦਮ ਜਾਤ ਨੇ ਸਦੀਆਂ ਤੋਂ ਕੀਤੇ ਹਨ, ਕਿਤੇ ਤੁਸੀ ਤਾਕਤ ਹਥਿਆ ਕੇ ਬਦਲੇ ਨਾ ਲੈਣ ਲੱਗ ਪੈਣਾ। ਨਹੀਂ ਤਾਂ ਇਹ ਮਾਰੂ ਜੰਗ ਕਦੀ ਖ਼ਤਮ ਨਹੀਂ ਹੋਣੀ।

ਵਿਆਹ ਸਮੇਂ ਅਤੇ ਹੋਰ ਸਾਰੇ ਸਮਾਗਮਾਂ ਵਿਚ ਜ਼ਨਾਨੀ ਨੂੰ ਹੀ ਤਰ੍ਹਾਂ ਤਰ੍ਹਾਂ ਦੇ ਸ਼ਿਗਾਰ ਕਿਉਂ ਕਰਨੇ ਪੈਂਦੇ ਹਨ। ਤਾਂ ਕਿ ਅਪਣੇ ਪਤੀ ਨੂੰ ਖ਼ਾਸ ਕਰ ਕੇ, ਅਤੇ ਬਾਕੀ ਪੁਰਸ਼ ਵਰਗ ਨੂੰ ਆਮ ਕਰ ਕੇ ਅਪਣੇ ਵਲ ਆਕਰਸ਼ਕ ਕਰਨ ਦਾ ਇਹ ਇਕ ਸਹਿਜ ਢੰਗ ਹੈ। ਜੇ ਬੀਬੀਆਂ ਸ਼ਿੰਗਾਰ ਛੱਡ ਦੇਣ, ਜੇਕਰ ਸਰੀਰ ਦੀ ਪ੍ਰਦਰਸ਼ਨੀ ਨਾ ਕਰ ਕੇ ਸਾਦਾ ਪਹਿਰਾਵਾ ਪਾ ਲੈਣ ਤਾਂ ਬਹੁਤ ਸਾਰੇ ਮਸਲੇ ਅਪਣੇ ਆਪ ਹੱਲ ਹੋ ਸਕਦੇ ਹਨ। ਵਿਆਹ ਸਮੇਂ ਲੜਕੀ ਉਤੇ ਇੰਨਾ ਕੁੱਝ ਲੱਦ ਦਿਤਾ ਜਾਂਦਾ ਹੈ ਕਿ ਉਹ ਸਹਿਜ ਢੰਗ ਨਾਲ ਟੁਰ ਭੀ ਨਹੀਂ ਸਕਦੀ। ਕੋਈ ਕੰਮ ਕਰਨਾ ਤਾਂ ਦੂਰ ਦੀ ਗੱਲ ਹੈ। ਉੱਚੀ ਅੱਡੀ ਵਾਲੇ ਸੈਂਡਲ ਆਦਿ ਭੀ ਅਸਲ ਵਿਚ ਔਰਤ ਨੂੰ ਦੌੜਨ ਤੋਂ ਰੋਕਣ ਵਾਸਤੇ ਹਨ। ਅਗਰ ਔਰਤ ਮਰਦ ਦੇ ਕਬਜ਼ੇ ਵਿਚੋਂ ਦੌੜ ਕੇ ਜਾਣਾ ਭੀ ਚਾਹੇ ਤਾਂ ਭੀ ਤੇਜ਼ ਨਾ ਦੌੜ ਸਕੇ, ਆਦਮੀ ਛੇਤੀ ਪਕੜ ਲਵੇ।

ਆਦਮੀ ਕਦੇ ਉੱਚੀ ਅੱਡੀ ਵਾਲੇ ਸੈਂਡਲ ਨਹੀਂ ਪਹਿਨਦੇ। ਕੋਈ ਆਦਮੀ ਪੈਰਾਂ ਵਿਚ ਪਜੇਬਾਂ ਜਾਂ ਝਾਂਜਰਾਂ ਨਹੀਂ ਪਾਉਂਦਾ ਕਿਉਂ ?ਕੋਈ ਆਦਮੀ ਹੱਥਾਂ ਵਿਚ ਚੂੜੀਆਂ ਨਹੀਂ ਪਾਉਂਦਾ ਕਿਉਂ ?ਕੋਈ ਆਦਮੀ ਕਾਂਟੇ ਬਾਲੇ ਨੱਕ ਵਿਚ ਨੱਥ ਨਹੀਂ ਪਾਉਂਦਾ, ਕਿਉਂ ?ਆਦਮੀ ਦਾ ਸਾਰਾ ਪਹਿਰਾਵਾ ਚੁਸਤ ਹੁੰਦਾ ਹੈ। ਜਦੋਂ ਕਿ ਲੜਕੀ ਦਾ ਪਹਿਰਾਵਾ ਢਿੱਲੜ ਹੁੰਦਾ ਹੈ। ਲਾੜੇ ਦੇ ਹੱਥ ਵਿਚ ਕਿਰਪਾਨ ਹੁੰਦੀ ਹੈ, ਲੜਕੀ ਹੱਥਕੜੀਆਂ, ਬੇੜੀਆਂ, ਨੱਥਾਂ ਵਿਚ ਜਕੜੀ ਹੋਈ, ਨੀਂਵੀ ਪਾਈ ਡੁਸਕਦੀ ਹੋਈ, ਹੌਲੀ-ਹੌਲੀ ਕਦਮ ਰੱਖਦੀ ਹੈ, ਕਿਉਂ ?ਲੜਕੀ ਪੱਲਾ ਫੜ ਕੇ ਸਹਾਰਾ ਲੈ ਕੇ-ਅੰਨ੍ਹੇ ਵਾਂਗ ਲੜਕੇ ਦੇ ਪਿੱਛੇ ਟੁਰਦੀ ਹੈ, ਕਿਉਂ ?ਗੁਰੂ ਸਾਹਿਬ ਨੇ ਔਰਤ ਨੂੰ ਬਰਾਬਰ ਦੀ ਇਨਸਾਨ ਮੰਨਿਆ ਹੈ। ਗਹਿਣੇ ਪਾਉਣ ਤੋਂ ਮਨਾ ਕਰਕੇ ਗੁਣ ਧਾਰਨ ਦੀ ਤਾਕੀਦ ਕੀਤੀ ਹੈ। ਆਓ ਅੱਗੇ ਗੁਰਬਾਣੀ ਪਰਮਾਣ ਪੜ੍ਹੀਏ-

ਚੂੜਾ ਭੰਨੁ ਪਲੰਘ ਸਿਉ ਮੁੰਧੇ, ਸਣੁ ਬਾਹੀ ਸਣੁ ਬਾਹਾ॥
ਏਤੇ ਵੇਸ ਕਰੇਦੀਏ ਮੁੰਦੇ, ਸਹੁ ਰਾਤੋ ਅਵਰਾਹਾ॥

ਨਾ ਮਨੀਅਰੁ ਨ ਚੂੜੀਆਂ, ਨਾ ਸੋ ਵੰਗੜੀਆਹਾ॥

ਜੋ ਸਹ ਕੰਠਿ ਨ ਲਗੀਆ, ਜਲਨੁ ਸਿ ਬਾਹੜੀਆਹਾ॥ (557)

ਹੇ ਨੌਜਵਾਨ ਇਸਤਰੀ! ਤੂੰ ਬਹੁਤ ਸੁੰਦਰ ਚੂੜਾ ਪਾਇਆ ਹੈ, ਤੇਰਾ ਵਿਸਰਾਮ ਵਾਲਾ ਪਲੰਘ ਅਤਿ ਕੀਮਤੀ ਹੈ। ਤੇਰੀਆਂ ਬਾਹਵਾਂ ਤੇ ਮੰਜੇ ਦੀਆਂ ਬਾਹੀਆਂ ਸੇਰੂਏ ਬੜੇ ਮੁੱਲਵਾਨ ਹਨ। ਤੂੰ ਬਹੁਤ ਤਰ੍ਹਾਂ ਦੇ ਸੋਹਣੇ ਬਸਤਰ ਪਹਿਨੇ ਤੇ ਸਿੰਗਾਰ ਕੀਤੇ। ਪਰ ਸਭ ਬੇਕਾਰ ਗਏ। ਤੂੰ ਆਪਣੇ (ਪਤੀ ਨਿਰੰਕਾਰ) ਤੇ ਜੀਵ ਨੂੰ ਮਨਾ ਹੀ ਨਾ ਸਕੀ। ਵਾਧੂ ਵਿਖਾਵੇ ਤਿਆਗ ਕੇ ਸੱਚੀ ਪ੍ਰੀਤ ਪਾ। ਤਾਂ ਕਿ ਤੇਰਾ ਪਿਆਰਾ ਤੈਨੂੰ ਪਿਆਰ ਕਰੇ। ਹੇ ਭੈਣ! ਤੂੰ ਮਨੀਆਰ ਚੂੜੀਆਂ ਚੜ੍ਹਾਉਣ ਵਾਲੇ-(ਗੁਰੂ) ਨੂੰ ਮਿਲੀ ਹੀ ਨਹੀਂ। ਤੈਨੂੰ ਉਹ ਨੇਕੀ (ਗੁਣ) ਵਾਲੀਆਂ ਚੂੜੀਆਂ ਪਾਉਣੀਆਂ ਨਾ ਆਈਆਂ। ਜਿਨ੍ਹਾਂ ਨਾਲ ਪਤੀ ਰੀਝਦਾ ਹੈ। ਜਿਹੜੀਆਂ ਬਾਹਵਾਂ ਪਤੀ ਨਿਰੰਕਾਰ ਦੇ ਗਲਵਕੜੀ ਵਾਲਾ ਪਿਆਰ ਨਹੀਂ ਲੈ ਸਕਦੀਆਂ। ਉਹ ਬਾਹਵਾਂ ਨਿਕੰਮੀਆਂ ਹਨ।

ਅਜਿਹੇ ਬਹੁਤ ਸਾਰੇ ਸ਼ਬਦਾਂ ਰਾਹੀ ਸੰਕੇਤਕ ਬੋਲੀ ਵਿਚ ਸਤਿਗੁਰੂ ਜੀ ਨੇ ਗਹਿਣਿਆਂ ਦਾ ਕਰੜਾ ਵਿਰੋਧ ਕੀਤਾ ਹੈ। ਸੋਨੇ-ਚਾਂਦੀ ਦੇ ਗਹਿਣੇ ਅਤੇ ਵਾਧੂ ਦੇ ਸ਼ਿੰਗਾਰ ਨੂੰ ਤਿਆਗ ਕੇ ਜੀਵ ਔਰਤ-ਮਰਦ ਗੁਣਵਾਨ ਬਣੇ, ਤਦ ਹੀ ਸਮਾਜ ਲਈ ਉਪਯੋਗੀ ਹੈ, ਇਕ ਹੋਰ ਸ਼ਬਦ ਪੜ੍ਹੋ-

ਧਨੁ ਜੋਬਨੁ ਦੁਇ ਵੈਰੀ ਹੋਏ ਜਿਨੀ ਰਖੇ ਰੰਗੁ ਲਾਇ॥

ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ॥

ਬਾਬਰਵਾਣੀ ਫਿਰ ਗਈ ਕੁਇਰ ਨ ਰੋਟੀ ਖਾਇ॥ (417)

ਹੇ ਪੁੱਤਰੀਓ, ਪੁੱਤਰੋ! ਸਿਰਫ ਰੂਪ ਪਿੱਛੇ ਕਮਲੇ ਹੋਏ ਨਾਂ ਫਿਰਦੇ ਰਹੋ। ਹਾਰ ਸ਼ਿੰਗਾਰ ਵਿਚ ਹੀ ਸਾਰਾ ਸਮਾਂ ਬਰਬਾਦ ਨਾ ਕਰ ਦਿਓ। ਇਸ ਸ਼ਿੰਗਾਰ ਵਿਚੋਂ ਹੀ ਵਾਸ਼ਨਾਵਾਂ ਉਪਜਦੀਆਂ ਹਨ। ਧਨ ਇਕੱਠਾ ਕਰਨ 'ਤੇ ਹੀ ਸਾਰੀ ਤਾਕਤ ਨਾ ਲਾ ਦਿਓ, ਕਿਉਂਕਿ ਬਹੁਤੇ ਪੈਸੇ ਵਿਚੋਂ ਅੱਗੋਂ ਹੋਰ ਬਹੁਤ ਬੁਰਾਈਆਂ ਪੈਦਾ ਹੁੰਦੀਆਂ ਹਨ। ਤੁਹਾਡੇ ਸਾਹਮਣੇ ਪਰਤੱਖ ਹੋ ਰਿਹਾ ਹੈ ਕਿ ਜਿੱਥੇ ਰੂਪ ਸੀ, ਜਾਲਮ ਸਿਪਾਹੀਆਂ ਨੇ ਉਹਨਾਂ ਰੂਪਮਤੀਆਂ ਨੂੰ ਬੇਪੱਤ ਕੀਤਾ ਹੈ। ਜਿੱਥੇ ਧਨ ਬਹੁਤਾ ਸੀ, ਹਮਲਾਵਰਾਂ ਨੇ ਉਥੇ ਹੀ ਲੁੱਟਮਾਰ ਕੀਤੀ ਹੈ। ਜਿਸ ਪੈਸੇ ਅਤੇ ਰੂਪ ਨੇ ਤੁਹਾਨੂੰ ਪਦਾਰਥਕ ਸੁੱਖ ਸੁਆਦ ਦਿਤੇ ਸਨ। ਇਕ ਸਮਾਂ ਅਜਿਹਾ ਭੀ ਆ ਜਾਂਦਾ ਹੈ ਜਦੋਂ ਧਨ ਅਤੇ ਜੋਬਨ ਵੈਰੀ ਬਣ ਜਾਂਦੇ ਹਨ। ਬਾਬਰ ਦੇ ਜਮਦੂਤ ਸਿਪਾਹੀ ਨੌਜੁਆਨ ਲੜਕੀਆਂ ਨੂੰ ਮਹਿਲਾਂ ਵਿਚੋਂ ਘਸੀਟ ਕੇ ਬੇਇੱਜਤ ਕਰਕੇ ਲੈ ਚੱਲੇ ਹਨ। ਬਾਬਰ ਨੇ ਅਜਿਹਾ ਸਖਤ ਹੁਕਮ ਜਾਰੀ ਕਰ ਦਿਤਾ ਹੈ ਕਿ ਅਮੀਰਾਂ ਤੇ ਰਾਜਕੁਮਾਰਾਂ ਨੂੰ ਗ੍ਰਿਫਤਾਰ ਕਰਕੇ ਮੇਰੇ

ਸਾਹਮਣੇ ਪੇਸ਼ ਕੀਤਾ ਜਾਵੇ। ਜਿੰਨੀ ਦੇਰ ਪੈਰਾਂ ਤੇ ਸਿਰ ਰੱਖ ਕੇ, ਤਰਲੇ ਨਹੀਂ ਕਰਦੇ, ਉਤਨੀ ਦੇਰ ਰੋਟੀ ਪਾਣੀ ਬੰਦ ਕਰ ਦਿਤਾ ਜਾਵੇ।

ਗੁਰਬਾਣੀ ਉਪਦੇਸ਼ ਮੁਤਾਬਕ ਬੇਲੋੜੇ ਸ਼ਿੰਗਾਰ ਤੇ ਗਹਿਣੇ ਤਿਆਗ ਕੇ ਗੁਣਾਂ ਦੇ ਗਹਿਣੇ ਪਾਉਣੇ ਹਨ, ਤਾਂਕਿ ਗੁਣਾਂ ਰੂਪੀ ਗਹਿਣਿਆਂ ਦਾ ਮਨੁੱਖਤਾ ਨੂੰ ਲਾਭ ਹੋ ਸਕੇ।

ਬਾਗੇ ਕਾਪੜ ਬੋਲੈ ਬੈਣਿ ॥ ਲੰਮਾ ਨਕ ਕਾਲੇ ਤੇਰੇ ਨੈਣ ॥
ਕਬਹੂ ਸਾਹਿਬ ਦੇਖਿਆ ਭੈਣ ॥ (1257)

ਹੇ ਭੈਣ! ਤੇਰੇ 'ਤੇ ਬੜਾ ਰੂਪ ਹੈ, ਜੁਆਨੀ ਹੈ। ਸੋਹਣੇ ਬਸਤਰ ਹਨ, ਵਿਖਾਵੇ ਲਈ ਤੂੰ ਮਿੱਠੇ ਬੋਲ ਭੀ ਬੋਲਦੀ ਹੈਂ। ਤੇਰਾ ਲੰਮਾ ਸੋਹਣਾ ਤਿੱਖਾ ਨੱਕ ਹੈ। ਤੇਰੀਆਂ ਸੁੰਦਰ ਕਾਲੀਆਂ ਅੱਖਾਂ ਹਨ। ਪਰ ਕੀ ਤੂੰ ਆਪਣੇ ਪਿਆਰੇ ਦੀ ਨੇੜਤਾ ਦਾ ਨਿੱਘ ਭੀ ਮਾਣਿਆ ਹੈ। ਆਪਣੇ ਪ੍ਰੀਤਮ ਨੂੰ ਵੇਖਿਆ ਜਾਣਿਆ ਹੈ? ਜੇ ਨਹੀਂ ਤਾਂ ਸੁੰਦਰਤਾ ਕਿਸ ਲੇਖੇ ਵਿਚ?

ਇਸ ਪਿਆਰ ਖੇਢ ਵਿਚ ਤਾਂ ਆਪਣਾ ਆਪਾ ਕੁਰਬਾਨ ਕਰਨਾ ਪੈਂਦਾ ਹੈ। ਗੁਰੂ ਦਰਸਾਏ ਮਾਰਗ 'ਤੇ ਟੁਰਦਿਆਂ ਬਹੁਤ ਰੁਕਾਵਟਾਂ ਆ ਸਕਦੀਆਂ ਹਨ। ਬਸ ਅਡੋਲ ਰਹਿ ਕੇ ਪਿਆਰੇ ਦੀ ਨਜ਼ਰ ਵਿਚ ਪ੍ਰਵਾਨ ਚੜ੍ਹਨਾ ਹੈ। ਪੜ੍ਹੋ ਗੁਰਵਾਕ-

ਜਿਸੁ ਪਿਆਰੇ ਸਿਉ ਨੇਹ, ਤਿਸ ਆਗੈ ਮਰਿ ਚਲੀਐ ॥
ਧ੍ਰਿਗ ਜੀਵਣੁ ਸੰਸਾਰਿ, ਤਾਕੈ ਪਾਛੈ ਜੀਵਣਾ ॥ (83)

ਪਤੀ ਪਤਨੀ ਵਿਚ ਸਮਾਨਤਾ

ਸਾਡੇ ਆਲੇ ਦੁਆਲੇ ਸਮਾਜ ਵਿਚ ਜੋ ਵਰਤਾਰਾ ਵਰਤ ਰਿਹਾ ਹੈ, ਉਸਨੂੰ ਵੇਖ-ਸੁਣ ਕੇ ਸਹਿਜੇ ਸਹਿਜੇ ਅਸੀਂ ਉਸ ਦਾ ਇਕ ਹਿੱਸਾ ਬਣ ਜਾਂਦੇ ਹਾਂ। ਮਾਨੋ ਸਮਾਜ ਰੂਪੀ ਮਸ਼ੀਨ ਦਾ ਇਕ ਆਮ ਜਿਹਾ ਪੁਰਜਾ। ਵਿਦਿਆ ਸਾਡੀ ਖੁਦੀ ਨੂੰ ਬੁਲੰਦ ਕਰਨ ਵਾਲੀ ਸੋਚ ਨੂੰ ਵਿਕਸਿਤ ਨਹੀਂ ਕਰਦੀ, ਸਗੋਂ ਕਿੱਲੇ ਨਾਲ ਬੱਝੀ ਖਲੋਣ ਵਾਲੀ ਸੁਸ਼ੀਲ ਜਿਹੀ ਦੁਧਾਰੂ ਗਊ ਬਣਦੀ ਹੈ। ਭਾਰਤ ਵਿਚਲੇ ਧਰਮ ਅਸਥਾਨਾਂ ਵਿਚ ਕਾਲਪਨਿਕ ਦੁਨਿਆਂ ਦਾ ਬੋਲਬਾਲਾ ਹੈ। ਪੁਜਾਰੀ ਤਬਕਾ ਸਥਿਤੀ ਨੂੰ ਜਿਉਂ ਦੀ ਤਿਉਂ ਰੱਖਣ ਲਈ ਯਤਨਸ਼ੀਲ ਹੈ। ਰਾਜ ਕਰ ਰਹੀਆਂ ਰਾਜਸੀ ਪਾਰਟੀਆਂ ਭੀ ਆਪਣੀ ਗੱਦੀ ਬਚਾ ਕੇ ਰਖੱਣ ਵਿਚ ਹੀ ਖੁਸ਼ ਹਨ, ਉਹ ਬਦਲਾਅ ਨਹੀਂ ਚਾਹੁੰਦੀਆਂ। ਕਿਸੇ ਇਨਸਾਨ ਨੂੰ ਨਿਵੇਕਲੀ ਪੜ੍ਹਾਈ ਕਾਰਨ ਜਾਂ ਕਿਸੇ ਜੀਵਨ ਤਜਰਬੇ ਵਿਚੋਂ ਸਮਾਜ ਵਿਚ ਕੁੱਝ ਬੁਰਾਈਆਂ ਨਜ਼ਰ ਆ ਭੀ ਜਾਣ, ਤਦ ਉਹ ਆਪਣੇ ਆਪ ਨੂੰ ਇਤਨਾ ਕਮਜ਼ੋਰ ਮਹਿਸੂਸ ਕਰਦਾ ਹੈ ਕਿ ਸੁਧਾਰ ਕਰਨ ਵਲੋਂ ਕਿਨਾਰਾ ਕਰਨਾ ਹੀ ਬੇਹਤਰ ਸਮਝਦਾ ਹੈ। ਹਰ ਕੋਈ ਬੀਤੇ ਦੀਆਂ ਘਟਨਾਵਾਂ 'ਤੇ ਮਾਣ ਕਰਦਾ ਹੈ। ਵਰਤਮਾਨ ਸਮੇਂ ਵਿਚ ਕੋਈ ਫਖਰਯੋਗ ਕਾਰਜ ਨਹੀਂ ਕਰਨਾ ਚਾਹੁੰਦਾ। ਗੁਰੂ ਨਾਨਕ ਬਾਬਾ ਜੀ, ਕਬੀਰ ਜੀ, ਨਾਮਦੇਵ ਜੀ ਆਦਿਕ ਮਹਾਪੁਰਖਾਂ ਨੇ ਆਪਣੀ ਜਾਨ ਜੋਖਮ ਵਿਚ ਪਾ ਕੇ ਹਰ ਇਕ ਬੁਰਾਈ ਦੇ ਵਿਰੁੱਧ ਲੜਾਈ ਲੜੀ। ਅਸੀਂ ਉਹਨਾਂ ਦਾ ਜਬਾਨੀ ਕਲਾਮੀ ਬੜਾ ਸਤਿਕਾਰ ਕਰਦੇ ਹਾਂ, ਪਰ ਉਹਨਾਂ ਵੱਲੋਂ ਦੱਸੇ ਕੰਮ ਕਰਨ ਲਈ ਤਿਆਰ ਨਹੀਂ। ਜੇ ਸੁਧਾਰ ਲਈ ਸਾਧਨ ਨਹੀਂ, ਹਿੰਮਤ ਨਹੀਂ, ਤਦ ਘਰ ਵਿਚ ਤਾਂ ਸੁਧਾਰ ਕੀਤਾ ਜਾ ਸਕਦਾ ਹੈ। ਸਾਡੇ ਘਰ ਵਿਚ ਅਸੀਂ ਲਗਭਗ ਖੁਦ ਮੁਖਤਿਆਰ ਹੋਇਆ ਕਰਦੇ ਹਾਂ। ਗੁਰੂ ਕੇ ਅਖਵਾਉਣ ਵਾਲੇ ਆਪਣੇ ਘਰਾਂ ਵਿਚ ਮਾਂ, ਭੈਣ, ਪਤਨੀ ਤੇ ਬੇਟੀ ਨੂੰ ਬਰਾਬਰ ਦੇ ਹੱਕ ਦੇ ਸਕਦੇ ਹਨ। ਸਹੀ ਮਾਇਨਿਆਂ ਵਿਚ ਇਸਤਰੀ ਨੂੰ, ਉਹਨਾਂ ਹੀ ਪੰਜ ਤੱਤਾਂ ਦੀ ਬਣੀ ਹੋਈ ਨਿੰਰਕਾਰ ਦੀ ਸਾਜੀ ਹੋਈ ਸਵੀਕਾਰ ਕਰ ਸਕਦੇ ਹਨ। ਗੁਰਬਾਣੀ ਦਾ ਹੁਕਮ ਮੰਨ ਕੇ ਸੱਚੇ ਸਿੱਖ ਹੋਣ ਦਾ ਸਬੂਤ ਤਾਂ ਦੇ ਸਕਦੇ ਹਨ।

ਵੀਹ ਕੁ ਸਾਲ ਪਹਿਲਾਂ ਮੇਰਾ ਭਤੀਜਾ ਮੈਡੀਕਲ ਕਾਲਜ ਵਿਚ ਉਚੇਰੀ ਪੜ੍ਹਾਈ ਕਰਦਾ ਸੀ। ਇਕ ਵਾਰ ਜਦੋਂ ਉਹ ਸਾਨੂੰ ਮਿਲਣ ਸਾਡੇ ਘਰ ਆਇਆ, ਤਦ ਮੈਂ ਰਸਮੀ ਤੌਰ 'ਤੇ ਪੁਛਿਆ ਕਿ ਤੇਰੇ ਫਾਦਰ ਦਾ ਕੀ ਹਾਲ ਹੈ? ਆਖਣ

ਲੱਗਾ-ਮੇਰਾ ਪਿਤਾ ਬੱਬਰ ਸ਼ੇਰ ਹੈ, ਬਿਲਕੁਲ ਠੀਕ ਹੈ। ਮੈਂ ਜਾਣਦਾ ਸੀ ਕਿ ਮੇਰੇ ਵੱਡੇ ਭਰਾ ਤੇ ਭਰਜਾਈ ਦੀ ਆਪਸੀ ਜ਼ਿੰਦਗੀ ਕਦੀ ਵੀ ਸੁਖਾਵੀਂ ਨਹੀਂ ਰਹੀ। ਪਤੀ ਪਤਨੀ ਦਾ ਨਿੱਤ ਕਲੇਸ਼ ਰਹਿੰਦਾ। ਇਸੇ ਕਲੇਸ਼ ਵਿਚ ਡਿਗਦਾ ਢਹਿੰਦਾ ਮਾਰਾਂ ਖਾਂਦਾ ਮੇਰਾ ਭਤੀਜਾ ਪਲਿਆ ਤੇ ਪੜ੍ਹਿਆ ਸੀ। ਉਸਦਾ ਝੁਕਾਉ ਮਾਂ ਵੱਲ ਹੋਣ ਕਰਕੇ ਆਪਣੇ ਪਿਤਾ ਬਾਰੇ ਮੈਨੂੰ ਕੌੜੇ ਬਚਨ, ਜਿਆਦਤੀਆਂ ਸੁਣਾਉਂਦਾ ਰਹਿੰਦਾ ਸੀ। ਮੈਂ ਹੈਰਾਨ ਹੋ ਕੇ ਪੁਛਿਆ- ਪੁੱਤਰਾ! ਤੂੰ ਤਾਂ ਆਪਣੇ ਪਿਉ ਨੂੰ ਸਦਾ ਹੀ ਬੁਰਾ ਦਸਦਾ ਰਿਹਾ ਹੈਂ, ਅੱਜ ਬੱਬਰ ਸ਼ੇਰ ਦੀ ਉਪਾਦੀ ਕਿਵੇਂ? ਆਖਣ ਲੱਗਿਆ- ਮੈਂ ਮੈਡੀਕਲ ਸਾਇੰਸ ਪੜ੍ਹਦੇ ਨੇ, ਜੀਵ ਵਿਗਿਆਨ ਵੀ ਪੜ੍ਹ ਲਿਆ ਹੈ। ਕਦੀ-ਕਦੀ ਦੋ ਬੱਬਰ ਸ਼ੇਰ ਆਪਸ ਵਿਚ ਜੰਗ ਲੜਦੇ ਹਨ, ਸ਼ੇਰਨੀਆਂ ਦੇ ਝੁੰਡ 'ਤੇ ਕਬਜਾ ਕਰਨ ਲਈ। ਇਕ ਸ਼ੇਰ ਜਾਂ ਤਾਂ ਮਾਰਿਆ ਜਾਂਦਾ ਹੈ ਜਾਂ ਆਪਣੇ ਝੁੰਡ ਨੂੰ ਨਿਖਸਮਾ ਛੱਡ ਕੇ, ਜਾਨ ਬਚਾ ਕੇ ਨੱਸ ਜਾਂਦਾ ਹੈ। ਜੇਤੂ ਸ਼ੇਰ ਸਭ ਤੋਂ ਪਹਿਲਾਂ, ਕਬਜੇ ਵਿਚ ਕੀਤੇ ਨਵੇਂ ਝੁੰਡ ਵਿਚ ਤਮਾਮ ਸ਼ੇਰ ਬੱਚਿਆਂ ਨੂੰ ਮਾਰ ਮੁਕਾਉਂਦਾ ਹੈ। ਜਿੰਨਾ ਸ਼ੇਰਨੀਆਂ ਦੇ ਬੱਚੇ , ਉਹਨਾਂ ਦੀਆਂ ਅੱਖਾਂ ਸਾਹਮਣੇ, ਵਿਲਕਦੇ ਹੋਏ ਪਾੜ ਸੁੱਟੇ। ਉਹ ਸ਼ੇਰਨੀਆਂ ਆਪਣੇ ਬੱਚਿਆਂ ਦੇ ਕਾਤਿਲ ਨੂੰ ਆਪਣਾ ਖਸਮ ਸਵੀਕਾਰ ਕਰਨ ਲਈ ਮਜਬੂਰ ਹੁੰਦੀਆਂ ਹਨ। ਜਿਤਨੀ ਦੇਰ ਉਹ ਸਾਰੀਆਂ ਸ਼ੇਰਨੀਆਂ ਨਾਲ ਸੈਕਸ ਨਹੀਂ ਕਰ ਲੈਂਦਾ, ਉਤਨੀ ਦੇਰ ਉਹਨਾਂ ਨੂੰ ਪ੍ਰੇਸ਼ਾਨ ਕਰਦਾ ਰਹਿੰਦਾ ਹੈ। ਸਾਰੇ ਝੁੰਡ ਨੂੰ ਆਪਣੇ ਅਧੀਨ ਕਰ ਲੈਣ ਤੋਂ ਬਾਅਦ, ਬੱਬਰ ਸ਼ੇਰ ਅਰਾਮ ਫਰਮਾਉਂਦਾ ਹੈ। ਸ਼ੇਰਨੀਆਂ ਸ਼ਿਕਾਰ ਮਾਰਕੇ ਲਿਆਉਣਗੀਆਂ। ਬੱਚਿਆਂ ਅੱਗੇ ਰੱਖਣਗੀਆਂ, ਪਰ ਇਹ ਮਹਾਰਾਜਾ ਸਾਹਿਬ ਸਾਰਿਆਂ ਨੂੰ ਘੂਰ ਕੇ ਦੂਰ ਬਿਠਾ ਦਿੰਦਾ ਹੈ। ਤੂੜ-ਤੂੜ ਕੇ ਪਹਿਲਾਂ ਆਪਣਾ ਢਿੱਡ ਭਰਦਾ ਹੈ। ਜੇ ਮਾਸ ਬਚ ਗਿਆ ਤਾਂ ਬੱਚੇ ਅਤੇ ਸ਼ੇਰਨੀਆਂ ਖਾਣ, ਵਰਨਾ ਹੋਰ ਜਾਨਵਰ ਮਾਰ ਕੇ ਲਿਆਉਣ ਜਾਂ ਸਾਰੇ ਭੁੱਖੇ ਰਹਿਣ। ਬੱਬਰ ਸ਼ੇਰ ਜੀ ਦਾ ਕੰਮ ਹੈ ਬੱਚੇ ਪੈਦਾ ਕਰਨਾ। ਦੂਜੇ ਸ਼ੇਰਾਂ ਤੋਂ ਆਪਣੇ ਝੁੰਡ ਦੀ ਰਾਖੀ ਕਰਨਾ। ਬਾਕੀ ਸਾਰੇ ਕੰਮ ਸ਼ੇਰਨੀਆਂ ਹੀ ਕਰਦੀਆਂ ਹਨ। ਇਹਨਾਂ ਹੀ ਖੂਬੀਆਂ ਵਾਲਾ ਹੈ ਮੇਰਾ ਫਾਦਰ। ਇਸੇ ਲਈ ਮੈਂ ਆਖਿਆ ਸੀ ਬੱਬਰ ਸ਼ੇਰ। ਪਤਾ ਨਹੀਂ ਗੁਰੂ ਜੀ ਨੇ ਸਿੱਖਾਂ ਨੂੰ ਕਿਹੋ ਜਿਹੇ ਸ਼ੇਰ ਬਣਾਇਆ ਹੈ। ਪਰ ਘਰਾਂ ਵਿਚਲੀ ਹਾਲਤ ਵੇਖ ਕੇ ਤਾਂ ਸਾਰੇ ਸਿੱਖ ਇਹਨਾਂ ਜੰਗਲੀ ਸ਼ੇਰਾਂ ਵਰਗੇ ਸੁਭਾ ਵਾਲੇ ਹੀ ਪ੍ਰਤੀਤ ਹੁੰਦੇ ਹਨ।

ਪ੍ਰਵਾਰ ਵਲੋਂ ਕੋਈ ਕਾਰਜ ਆਰੰਭ ਕੀਤਾ ਜਾਵੇ, ਤਾਂ ਆਮ ਘਰਾਂ ਵਿਚ ਜਨਾਨੀਆਂ ਨੂੰ ਨਜ਼ਰ ਅੰਦਾਜ ਕਰ ਦਿੱਤਾ ਜਾਂਦਾ ਹੈ। ਉਹਨਾਂ ਨੂੰ ਵਿਚਕਾਰ ਬੈਠਣ ਤੋਂ ਭੀ ਰੋਕ ਦਿੱਤਾ ਜਾਂਦਾ ਹੈ। ਜਦੋਂ ਕਿ ਨਫੇ-ਨੁਕਸਾਨ ਵਿਚ ਘਰ ਦੀਆਂ ਤ੍ਰੀਮਤਾਂ

ਦੀ ਕਿਸਮਤ ਭੀ ਜੁੜੀ ਹੁੰਦੀ ਹੈ। ਪਹਿਲੀ ਗੱਲ ਤਾਂ ਇਹ ਕਿ ਔਰਤਾਂ ਨੂੰ ਇਸ ਕਾਬਲ ਹੀ ਨਹੀਂ ਬਣਨ ਦਿੱਤਾ ਜਾਂਦਾ ਕਿ ਦੋ ਚਾਰ ਵਿਅਕਤੀਆਂ ਵਿਚਕਾਰ ਬੈਠ ਕੇ, ਦਲੇਰੀ ਨਾਲ ਆਪਣੇ ਵਿਚਾਰ ਰੱਖ ਸਕਣ। ਆਦਮੀ ਆਪਣੀ ਕਿਸੇ ਨਿੱਜੀ ਕਮਜ਼ੋਰੀ ਕਾਰਨ, ਘਰ ਵੇਚ ਰਿਹਾ ਹੈ ਤਾਂ ਪਤਨੀ ਤੋਂ ਬਿਨਾਂ ਪੁੱਛੇ। ਆਦਮੀ ਜ਼ਮੀਨ ਵੇਚ ਦੇਵੇ ਜਾਂ ਗਹਿਣੇ ਰੱਖ ਦੇਵੇ, ਜਨਾਨੀ ਨੂੰ ਰੋਕਣ ਜਾਂ ਪੁੱਛਣ ਦਾ ਹੱਕ ਨਹੀਂ। ਨੂੰਹ-ਧੀ ਦੀ ਜਿੰਦਗੀ ਬਾਰੇ ਕੋਈ ਫੈਸਲਾ ਕਰਨਾ ਹੋਵੇ ਤਾਂ ਸਬੰਧਤ ਬੀਬੀ ਨੂੰ ਪੁੱਛਿਆ ਤੱਕ ਨਹੀਂ ਜਾਂਦਾ। ਘਰਾਂ ਵਿਚ ਵਰਤ ਰਹੇ ਵਰਤਾਰੇ ਨੂੰ ਵੇਖ ਕੇ ਔਰਤ ਵਰਗ ਦੀ ਹਾਲਤ ਗਾਂ, ਮੱਝ ਵਰਗੀ ਬਣੀ ਹੋਈ ਹੈ, ਜਿਸ ਕਿੱਲੇ 'ਤੇ ਮਰਜੀ ਬੰਨ੍ਹ ਦਿਉ, ਉਸਦਾ ਕੋਈ ਉਜਰ ਥੋੜਾ ਹੀ ਹੈ। ਹਾਲਾਤ ਮੁਆਫਕ ਨਾ ਹੋਣ ਦੀ ਸੂਰਤ ਵਿਚ ਘਰੇਲੂ ਨੌਕਰ ਕੰਮ ਕਰਨ ਤੋਂ ਇਨਕਾਰੀ ਹੋ ਜਾਂਦੇ ਹਨ। ਪਰ ਮਜਾਲ ਹੈ ਕਿ ਪਤਨੀ ਕੰਮ ਤੋਂ ਇਨਕਾਰ ਕਰ ਸਕੇ, ਘਰ ਛੱਡ ਕੇ ਜਾਣ ਬਾਰੇ ਸੋਚ ਸਕੇ ? ਬੱਸ ਸਹੁਰੇ ਘਰ ਵਿਚੋਂ ਅਰਥੀ ਹੀ ਨਿਕਲ ਸਕਦੀ ਹੈ। ਜੀਵਤ ਔਰਤ ਹੋਰ ਘਰ ਵਸਾਉਣ ਬਾਰੇ ਜਾਂ ਪਹਿਲੇ ਘਰ ਦੀਆਂ ਜਿਆਦਤੀਆਂ ਤੋਂ ਬਚਣ ਲਈ ਬਦਲਵਾਂ ਪ੍ਰਬੰਧ ਕਰਨ ਬਾਰੇ, ਸੁਪਨੇ ਵਿਚ ਭੀ ਨਹੀਂ ਸੋਚ ਸਕਦੀ। ਜਦੋਂ ਕੋਈ ਮੂਰਖ ਆਦਮੀ ਪਤਨੀ ਦੀ ਮਾਰਕੁੱਟ ਕਰਦਾ ਹੈ ਤਾਂ ਰੋਕਣ ਆਈਆਂ ਬਜੁਰਗ ਬੀਬੀਆਂ ਬੜੀ ਲਾਚਾਰਗੀ ਵਿਚ ਕਹਿੰਦੀਆਂ ਸੁਣੀਂਦੀਆਂ ਸਨ, "ਵੇ ਭਾਈ ਇਸ ਨਿਮਾਣੀ ਨੂੰ ਕਾਹਨੂੰ ਮਾਰਦੈਂ ? ਇਹ ਤਾਂ ਪਹਿਲਾਂ ਹੀ ਮਰੀ ਹੋਈ ਹੈ। ਔਰਤ ਤਾਂ ਭਾਈ ਧਰਤੀ ਵਾਂਗ ਬੇਜੁਬਾਨ ਤੇ ਨਿਰਜਿੰਦ ਹੈ। ਜਿਵੇਂ ਧਰਤੀ ਨੂੰ ਕੋਈ ਵਾਹੇ, ਪਾਣੀ ਲਾਵੇ, ਚਾਹੇ ਅੱਗ ਲਾ ਦੇਵੇ, ਧਰਤੀ ਨੇ ਕੋਈ ਉਜੱਰ ਥੋੜਾ ਈ ਕਰਨਾ ਹੈ ? ਨਾ ਮਾਰ ਵੀਰਾ ਤੇਰੇ ਬੱਚਿਆਂ ਦੀ ਮਾਂ ਹੈ।"

ਮੈਂ ਅਜਿਹੀਆਂ ਸਤਿਕਾਰ ਯੋਗ ਬੀਬੀਆਂ ਨੂੰ ਜਾਣਦਾ ਹਾਂ ਜੋ ਬਾਹੂਬਲ ਵਿਚ ਪੁਰਸ਼ਾਂ ਤੋਂ ਕਿਸੇ ਤਰ੍ਹਾਂ ਭੀ ਘੱਟ ਨਹੀਂ ਹਨ। ਜੇ ਪਤੀ ਵਧੀਕੀ ਕਰੇ ਤਾਂ ਕਰਾਰਾ ਜੁਆਬ ਡੰਡੇ ਸੋਟੇ ਰਾਹੀਂ ਦੇ ਸਕਦੀਆਂ ਹਨ। ਫਿਰ ਭੀ ਪਤੀ ਦੀ ਇੱਜਤ ਦਾ ਖਿਆਲ ਕਰਦਿਆਂ ਖੁਦ ਮਾਰ ਖਾ ਲੈਂਦੀਆਂ ਹਨ, ਪਤੀ ਤੇ ਹੱਥ ਨਹੀਂ ਚੁਕਦੀਆਂ। ਅਮਲੀ, ਸ਼ਰਾਬੀ ਆਦਮੀ ਬਲ ਪੱਖੋਂ ਨਕਾਰੇ ਹੋ ਜਾਂਦੇ ਹਨ, ਆਪਣਾ ਆਪ ਸੰਭਾਲਣ ਜੋਗੇ ਨਹੀਂ ਰਹਿੰਦੇ, ਇਕ ਧੱਕਾ ਦਿੱਤਿਆਂ ਮੂੱਧੇ ਮੂੰਹ ਡਿਗ ਸਕਦੇ ਹਨ। ਅਜਿਹੀਆਂ ਟੁਰਦੀਆਂ ਫਿਰਦੀਆਂ ਲਾਸ਼ਾਂ ਤੋਂ ਭੀ ਗਾਲਾਂ ਤੇ ਮਾਰ ਖਾਣੀ ਆਮ ਵੇਖਣ ਨੂੰ ਮਿਲਦਾ ਹੈ। ਸਗੋਂ ਡਿੱਗੇ ਪਏ ਪਤੀ ਨੂੰ ਸਾਂਭਦੀਆਂ, ਇਲਾਜ ਕਰਾਉਂਦੀਆਂ ਤੇ ਖਾਣਾ, ਮੰਜਾ, ਬਿਸਤਰਾ ਦਿੰਦੀਆਂ ਵੇਖੀਆਂ ਜਾ ਸਕਦੀਆਂ

ਹਨ।

ਬਹੁਤ ਲੰਮੇ ਸਮੇਂ ਤੋਂ ਮੰਗ ਉਠ ਰਹੀ ਸੀ ਕਿ ਬੀਬੀਆਂ ਨੂੰ ਸਤਿਗੁਰੂ ਜੀ ਨੇ ਜਦੋਂ ਬਰਾਬਰ ਦਾ ਅਧਿਕਾਰ ਦਿਤਾ ਹੈ ਤਾਂ ਪੰਜ ਪਿਆਰਿਆਂ ਵਿਚ ਸ਼ਾਮਲ ਹੋ ਕੇ, ਬੀਬੀਆਂ ਖੰਡੇ ਦੀ ਪਾਹੁਲ ਭੀ ਛਕਾ ਸਕਦੀਆਂ ਹਨ। ਜਿੱਥੇ ਮਿਸ਼ਨਰੀ ਜੱਥੇਬੰਦੀਆਂ ਵਲੋਂ ਖੰਡੇ ਕੀ ਪਾਹੁਲ ਤਿਆਰ ਕੀਤੀ ਜਾਂਦੀ ਸੀ, ਹੈ। ਉਸ ਸਮੇਂ ਯੋਗ ਬੀਬੀਆਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ। ਪਰ ਸੰਪਰਦਾਈ ਕਿਸਮ ਦੇ ਡੇਰੇਦਾਰ, ਬ੍ਰਾਹਮਣੀ ਸੋਚ ਤਹਿਤ ਬੀਬੀਆਂ ਨੂੰ ਆਪਣੇ ਅਧਿਕਾਰ ਵਾਲੇ ਥਾਂਵਾਂ 'ਤੇ ਕੋਈ ਮਾਣ ਨਹੀਂ ਦਿੰਦੇ। ਹਾਂ, ਭਾਂਡੇ ਮਾਂਜਣੇ, ਕੱਪੜੇ ਧੋਣੇ, ਝਾੜੂ-ਪੋਚਾ ਲਾਉਣਾ, ਸਾਧ ਦੀਆਂ ਲੱਤਾਂ ਘੁੱਟਣੀਆਂ, ਮਾਲਸ਼ਾਂ ਕਰਨੀਆਂ.... ਹੀ ਕਰਨ ਦਿੰਦੇ ਨੇ। ਸੰਪਰਦਾਈ ਕਿਸਮ ਦੇ ਲੋਕ ਹੀ ਦਰਬਾਰ ਸਾਹਿਬ 'ਤੇ ਕਾਬਜ ਹਨ। ਇਸੇ ਕਾਰਨ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਬੀਬੀਆਂ ਨੂੰ ਕੀਰਤਨ ਨਹੀਂ ਕਰਨ ਦਿੱਤਾ ਜਾਂਦਾ। ਸਗੋਂ ਪੂਰੀ ਬੁਰਛਾ ਗਰਦੀ ਵਰਤਦਿਆਂ ਸਵੇਰੇ ਸਫਾਈ ਵਿਚ ਭੀ ਬੀਬੀਆਂ ਨੂੰ ਸ਼ਾਮਿਲ ਨਹੀਂ ਹੋਣ ਦਿੱਤਾ ਜਾਂਦਾ। ਜਦੋਂ ਭਾਈ ਮਨਜੀਤ ਸਿੰਘ ਤੇ ਭਾਈ ਕੇਵਲ ਸਿੰਘ ਨਾਲ ਦੇ ਸੰਪਰਦਾਈਆਂ ਨੂੰ ਮਨਾਉਣ ਵਿਚ ਕਾਮਯਾਬ ਹੋ ਗਏ। ਇਸ ਲਈ ਸਿੱਖ ਰਹਿਤ ਮਰਿਆਦਾ ਦਾ ਪੰਨਾ ਨੰਬਰ 27 (1945) 'ਤੇ ਪਹਿਲਾਂ ਹੀ ਬੀਬੀਆਂ ਨੂੰ ਪੁਰਸ਼ਾਂ ਦੇ ਬਰਾਬਰ ਹੱਕ ਦਿਤਾ ਹੋਇਆ ਹੈ। ਉਸੇ ਨੂੰ ਲਾਗੂ ਕਰਾਉਣ ਵਾਸਤੇ 9 ਫਰਵਰੀ 1996 ਨੂੰ ਪੰਜ ਸੇਵਾਦਾਰਾਂ ਨੇ ਹੁਕਮਨਾਮਾ ਜਾਰੀ ਕੀਤਾ ਕਿ ਦਰਬਾਰ ਸਾਹਿਬ ਦੀ ਸਫਾਈ ਤੇ ਕੀਰਤਨ ਦੀ ਸੇਵਾ ਬੀਬੀਆਂ, ਪੁਰਸ਼ਾਂ ਵਾਂਗ ਹੀ ਕਰਨ ਦਾ ਅਧਿਕਾਰ ਰੱਖਦੀਆਂ ਹਨ। ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋ ਕੇ ਖੰਡੇ ਕੀ ਪਾਹੁਲ ਛਕਾ ਸਕਦੀਆਂ ਹਨ। ਜਦੋਂ ਭਾਈ ਮਨਜੀਤ ਸਿੰਘ ਤੇ ਭਾਈ ਕੇਵਲ ਸਿੰਘ ਇਸ ਹੁਕਮਨਾਮੇ ਤੋਂ ਬਾਦ ਦਰਬਾਰ ਸਾਹਿਬ ਮੱਥਾ ਟੇਕਣ ਗਏ ਤਾਂ ਪਹਿਲਾਂ ਤੋਂ ਹੀ ਤਿਆਰ ਸੰਪਰਦਾਈਆਂ ਨੇ, ਦੋਵਾਂ ਨੂੰ ਧੱਕੇ ਮਾਰੇ, ਘਸੁੰਨ ਚੱਲੇ, ਗਾਲਾਂ ਦਿੱਤੀਆਂ, ਪੱਗਾਂ ਲੁਹਾ ਕੇ ਦੋਵੇਂ ਵਾਪਸ ਆ ਗਏ। ਬੀਬੀਆਂ ਦੀ ਬਰਾਬਰਤਾ ਵਾਲਾ ਹੁਕਮਨਾਮਾ ਥਾਂਏਂ ਧਰਿਆ ਰਹਿ ਗਿਆ।

ਗੁਰਬਾਣੀ ਵਿਚ ਸੁਧਾਰ ਲਈ ਸਖਤ ਤਾੜਨਾ ਔਰਤ-ਮਰਦ ਦੋਵਾਂ ਲਈ ਇਕਸਾਰ ਹਨ। ਮਾਣ ਸਤਿਕਾਰ ਦੋਵਾਂ ਲਈ ਬਰਾਬਰ ਹਨ। ਆਓ ਗੁਰਬਾਣੀ ਪੜ੍ਹੀਏ-

ਰੰਨਾ ਹੋਇਆਂ ਬੋਧੀਆਂ, ਪੁਰਸ਼ ਹੋਏ ਸਈਆਦ ॥
ਸੀਲੁ ਸੰਜਮੁ ਸੁਚ ਭੰਨੀ, ਖਾਣਾ ਖਾਜੁ ਅਹਾਜੁ ॥

ਸਰਮੁ ਗਇਆ ਘਰਿ ਆਪਣੈ,ਪਤਿ ਉਠਿ ਚਲੀ ਨਾਲਿ ॥
ਨਾਨਕ ਸਚਾ ਏਕੁ ਹੈ, ਅਉਰ ਨ ਸਚਾ ਭਾਲਿ ॥ (1242)

ਹੇ ਭਾਈ! ਔਰਤਾਂ ਨਿਰੀਆਂ ਮਿੱਟੀ ਦੀਆਂ ਮਾਧੋ ਬਣ ਗਈਆਂ ਹਨ। ਅਕਲ ਤੋਂ ਖਾਲੀ ਬੁੱਧੂ ਬਣੀਆਂ, ਹਰ ਤਰ੍ਹਾਂ ਦੇ ਜ਼ੁਲਮ ਨੂੰ ਚੁਪਚਾਪ ਬਰਦਾਸ਼ਤ ਕਰ ਰਹੀਆਂ ਹਨ। ਇਹਨਾਂ ਦੀ ਮੂਰਖਤਾ ਦਾ ਫਾਇਦਾ ਉਠਾਉਂਦੇ ਹੋਏ, ਨੀਚ ਬਿਰਤੀ ਵਾਲੇ ਮਨੁੱਖ ਔਰਤਾਂ ਦੇ ਸ਼ਿਕਾਰੀ ਕਾਮ ਜਾਲ ਵਿਚ ਫਸਾਉਣ ਵਾਲੇ ਬਣੇ ਨਜ਼ਰ ਆਉਂਦੇ ਹਨ। ਜੋ ਔਰਤਾਂ ਸੰਜਮ ਤੇ ਉਚੇ ਚਰਿੱਤਰ ਵਾਲੀਆਂ ਹੋਣੀਆਂ ਚਾਹੀਦੀਆਂ ਸਨ, ਉਹਨਾਂ ਨੇ ਮੂਰਖਤਾ ਕਾਰਨ ਆਪਣਾ ਸਭ ਕੁੱਝ ਗੁਆ ਲਿਆ ਹੈ। ਖਾਣਾ, ਪਹਿਨਣਾ ਉਹਨਾਂ ਦਾ ਸਭ ਵਿਗੜ ਗਿਆ ਹੈ, ਗਲਤ ਹੋ ਗਿਆ ਹੈ। ਇਹਨਾਂ ਸਭ ਨੇ ਸ਼ਰਮ ਲਾਹ ਸੁੱਟੀ, ਉੱਚਾ ਇਖਲਾਕ ਤਿਆਗ ਦਿੱਤਾ। ਇੱਜ਼ਤ ਘੱਟੇ ਰੋਲ ਲਈ, ਕੱਖੋਂ ਹੋਲੇ ਹੋ ਗਏ। ਹੇ ਨਾਨਕ! ਆਖ ਅਗਰ ਇਹ ਸਾਰੇ ਇਕ ਪ੍ਰਮੇਸ਼ਰ ਦੇ ਲੜ ਲੱਗ ਜਾਣ, ਜੀਵਨ ਨੂੰ ਵਿਕਾਰਾਂ ਤੋਂ ਵਰਜ ਲੈਣ ਤਾਂ ਇਥੋਂ ਦੀ ਦੁਖਾਂ ਵਾਲੀ ਸਮਾਜਕ ਜਿੰਦਗੀ ਦਾ ਅੰਤ ਹੋ ਸਕਦਾ ਹੈ।

ਵਰਜਿਤ ਸਬੰਧ

ਸਿਆਣਿਆਂ ਦਾ ਕਥਨ ਹੈ ਕਿ ਢਾਬੇ ਵਿਚ ਰੋਟੀ ਖਾ ਰਹੇ ਹੋਈਏ ਤਾਂ ਦੂਜੇ ਦੀ ਥਾਲੀ ਵਿਚਲੀ ਰੋਟੀ ਵੱਲ ਲਲਚਾਈ ਨਜਰ ਬਾਰ-ਬਾਰ ਚਲੀ ਜਾਂਦੀ ਹੈ। ਮਨ ਵਿਚ ਅਜਿਹਾ ਭਰਮ ਬਣਿਆ ਰਹਿੰਦਾ ਹੈ ਕਿ ਮੇਰੇ ਖਾਣੇ ਨਾਲੋਂ ਨਾਲ ਬੈਠੇ ਵਿਅਕਤੀ ਦਾ ਖਾਣਾ ਜ਼ਿਆਦਾ ਸੁਆਦਲਾ ਹੈ। ਇਸ ਤਰ੍ਹਾਂ ਆਪਣੀ ਵਿਆਹ ਕੇ ਲਿਆਂਦੀ ਜੀਵਨ ਸਾਥਣ ਨਾਲੋਂ ਦੂਜੀਆਂ ਇਸਤਰੀਆਂ ਜਿਆਦਾ ਸੋਹਣੀਆਂ ਮਹਿਸੂਸ ਹੁੰਦੀਆ ਹਨ। ਅਸਲ ਵਿਚ ਸੁੰਦਰਤਾ ਕੋਈ ਨਿਸ਼ਚਿਤ ਪੈਮਾਨਾ ਨਹੀਂ ਹੈ। ਜੁਆਨੀ ਦੇ ਕਾਮ ਵੇਗ ਵਿਚੋਂ ਸੁੰਦਰਤਾ ਪ੍ਰਗਟ ਹੁੰਦੀ ਹੈ। ਜਦੋਂ ਕਾਮ ਵਾਸਨਾ ਸਿਰ ਨੂੰ ਚੜ੍ਹੀ ਹੋਵੇ, ਉਸ ਹਾਲਤ ਵਿਚ ਹਰ ਮਾਦਾ ਜਿਸਮ ਮਹਿਕਾਂ ਬਿਖੇਰਦਾ ਪ੍ਰਤੀਤ ਹੁੰਦਾ ਹੈ। ਜਦੋਂ ਕਾਮ ਵੇਗ ਠੰਡਾ ਪਿਆ ਹੋਵੇ ਉਸ ਵਕਤ ਸੁੰਦਰਤਾ ਵਿਚ ਭੀ ਕੋਈ ਦਿਲਚਸਪੀ ਨਹੀਂ ਹੁੰਦੀ। ਅਸਲ ਵਿਚ ਰੂਪ ਦੀ ਪਹਿਲੀ ਕਸ਼ਿਸ਼ ਕਾਮ ਨਾਲ ਸਬੰਧਤ ਹੈ। ਖਾਣੇ ਦਾ ਸੁਆਦ ਭੁੱਖ ਨਾਲ ਜੁੜਿਆ ਹੋਇਆ ਹੈ। ਇਹ ਨਾ ਆਖੋ ਕਿ ਖਾਣਾ ਸੁਆਦ ਨਹੀਂ ਹੈ। ਸਗੋਂ ਇਹ ਆਖੋ ਕਿ ਮੈਨੂੰ ਭੁੱਖ ਨਹੀਂ ਹੈ। ਗੁਰੂ ਬਾਬਾ ਜੀ ਇਸ ਪਰਥਾਏ ਬਚਨ ਉਚਾਰਦੇ ਹਨ-

ਰੂਪੈ ਕਾਮੈ ਦੋਸਤੀ, ਭੁਖੈ ਸਾਦੈ ਗੰਢੁ ॥
ਲਬੈ ਮਾਲੈ ਘੁਲਿ ਮਿਲਿ ਮਿਚਲਿ ਊਂਘੈ ਸਉੜਿ ਪਲੰਘੁ,
ਰਾਜੁ ਮਾਲੁ ਰੂਪੁ ਜਾਤਿ ਜੋਬਨੁ ਪੰਜੇ ਠਗ ॥
ਏਨੀ ਠਗੀ ਜਗੁ ਠਗਿਆ ਕਿਨੈ ਨ ਰਖੀ ਲਜ ॥ (1288)

ਹੇ ਭਾਈ! ਕਾਮ ਦੀ ਰੂਪ ਨਾਲ ਸਾਂਝ ਹੈ। ਭੁੱਖ ਦੀ ਸੁਆਦ ਨਾਲ ਗੰਢ ਹੈ। ਲੋਭੀ ਆਦਮੀ ਮਾਲ ਪੈਸਾ ਤੇ ਹੋਰ ਸੰਸਾਰੀ ਵਸਤੂਆਂ ਨਾਲ ਘੁਲਿਆ ਮਿਲਿਆ ਰਹਿੰਦਾ ਹੈ। ਜਦੋਂ ਨੀਂਦਰ ਹਾਵੀ ਹੋਈ ਹੋਵੇ ਉਸ ਵਕਤ ਸੋਹਣੇ ਪਲੰਘ ਦੀ ਲੋੜ ਨਹੀਂ ਹੁੰਦੀ। ਤੰਗ ਜਿਹੀ ਥਾਵੇਂ ਮਨੁੱਖ ਸੌਂ ਜਾਂਦਾ ਹੈ। ਰਾਜ ਸ਼ਕਤੀ ਨੇ ਲੋਕਾਂ ਨੂੰ ਪਾਗਲ ਕੀਤਾ ਹੋਇਆ ਹੈ। ਕਈ ਧਨ ਪਿੱਛੇ ਪਾਗਲ ਹੋਏ ਫਿਰਦੇ ਹਨ। ਕਿਸੇ ਨੂੰ ਰੂਪ ਦਾ ਹੰਕਾਰ ਹੈ, ਕੋਈ ਜਾਤੀ ਕਾਰਨ ਆਪਣੇ ਆਪ ਨੂੰ ਉੱਚਾ ਗਿਣਦਾ ਹੈ। ਕਿਸੇ 'ਤੇ ਜੁਆਨੀ ਸਿਰ ਚੜ੍ਹ ਕੇ ਬੋਲਦੀ ਹੈ। ਸਾਰਾ ਜਗਤ ਮਾਨੋ ਇਹਨਾਂ ਪੰਜ-ਸੱਤ ਠੱਗਾਂ ਨੇ ਆਪਣੇ ਕਾਬੂ ਵਿਚ ਕੀਤਾ ਹੋਇਆ ਹੈ। ਅਜਿਹੇ ਕੰਮਾਂ ਵਿਚ ਇੱਜਤ ਕਿੱਥੇ ਰਹਿ ਗਈ? ਗੁਰੂ ਕੇ ਉਪਦੇਸ਼ ਨਾਲ ਵਿਕਾਰਾਂ ਦਾ ਤਿਆਗ ਕੀਤਿਆਂ ਹੀ

ਸਨਮਾਨ ਮਿਲ ਸਕਦਾ ਹੈ।

ਜਦੋਂ ਮਨੁੱਖ ਕੋਲ ਤਾਕਤ ਹੋਵੇ, ਪੈਸਾ ਹੋਵੇ ਫਿਰ ਭੀ ਉਹ ਬਦਕਾਰੀਆਂ ਨਾ ਕਰੇ, ਵਿਭਚਾਰ ਨਾ ਕਰੇ, ਗਰੀਬਾਂ 'ਤੇ ਜ਼ੁਲਮ ਨਾ ਕਰੇ, ਬੜਾ ਅਲੋਕਾਰ ਨਜ਼ਰ ਆਉਂਦਾ ਹੈ। ਅਸਲ ਵਿਚ ਚਤਰਾਈਆਂ ਅਤੇ ਬੇਈਮਾਨੀਆਂ ਨਾਲ ਹੀ ਬਹੁਤ ਪੈਸਾ ਇਕੱਠਾ ਕੀਤਾ ਜਾ ਸਕਦਾ ਹੈ। ਉਸ ਪੈਸੇ ਨਾਲ ਫਿਰ ਸ਼ਰਾਬ, ਜੂਆ ਤੇ ਪਰਾਈਆਂ ਔਰਤਾਂ ਨਾਲ ਵਰਜਿਤ ਸਬੰਧ ਬਣਾਏ ਜਾਂਦੇ ਹਨ। ਅਸੀਂ ਇਹ ਭੀ ਜਾਣਦੇ ਹਾਂ ਕਿ ਪਰਾਈ ਔਰਤ ਨਾਲ ਵਰਜਿਤ ਸਬੰਧ ਛੁਪੇ ਨਹੀਂ ਰਹਿ ਸਕਦੇ। ਅਜਿਹਾ ਵਿਅਕਤੀ ਪਹਿਲਾਂ ਤਾਂ ਆਪਣੇ ਜ਼ਮੀਰ ਨੂੰ ਮਾਰਦਾ ਹੈ। ਫਿਰ ਪਰਿਵਾਰ ਦਾ ਪੈਸਾ ਉਜਾੜਦਾ ਹੈ। ਉਪ੍ਰੰਤ ਆਪਣੀ ਪਤਨੀ ਨੂੰ ਧੋਖਾ ਦਿੰਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਲਈਆਂ ਲਾਂਵਾਂ ਦੇ ਪਵਿੱਤਰ ਬੰਧਨ ਨੂੰ ਤਾਰ-ਤਾਰ ਕਰਦਾ ਹੈ। ਹੋ ਸਕਦਾ ਹੈ ਬੇਗਾਨੇ ਘਰੋਂ ਏਡਜ਼ ਵਰਗੀ ਮਾਰੂ ਬਿਮਾਰੀ ਸਹੇੜ ਲਿਆਵੇ। ਅਗੋਂ ਆਪਣੇ ਪਰਿਵਾਰ ਵਿਚ ਅਤੇ ਪਤਨੀ ਤੱਕ ਪੁਚਾ ਦੇਵੇ। ਜੋ ਵਿਅਕਤੀ ਆਪਣੇ ਧਰਮ ਦੇ ਅਸੂਲਾਂ ਨੂੰ ਤੋੜਦਾ ਹੈ, ਜੋ ਇਨਸਾਨ ਦੇਸ਼ ਦੇ ਸੰਵਿਧਾਨ ਦੀ ਉਲੰਘਣਾ ਕਰਦਾ ਹੈ, ਜੋ ਮਨੁੱਖ ਸਮਾਜਕ ਤਾਣੇ ਬਾਣੇ ਨੂੰ ਕਲੰਕ ਲਾਉਂਦਾ ਹੈ, ਜੋ ਇਨਸਾਨ ਆਪਣੇ ਪਰਿਵਾਰ ਦਾ ਵਿਸ਼ਵਾਸ ਘਾਤ ਕਰਦਾ ਹੈ, ਉਸ ਨੂੰ ਕੀ ਸਜ਼ਾ ਦਿਤੀ ਜਾਵੇ? ਕਿੱਥੇ ਢੋਈ ਮਿਲੇਗੀ ਅਜਿਹੇ ਪਾਪੀ ਨੂੰ? ਇਸ ਗੁਨਾਹ ਤੋਂ ਸਖਤੀ ਨਾਲ ਰੋਕਣ ਵਾਸਤੇ ਗੁਰਬਾਣੀ ਵਿਚ ਸਖਤ ਤਾੜਨਾਵਾਂ ਹਨ। ਇਸ ਤਰ੍ਹਾਂ ਦਾ ਪਾਪ ਕਰਨ ਵਾਲੇ ਨੂੰ ਸਿਖ ਪੰਥ ਦਾ ਅੰਗ ਨਹੀਂ ਮੰਨਿਆ ਜਾਂਦਾ ਇਸ ਦੁਸ਼ਟ ਕਰਮ ਨੂੰ "ਬੱਜਰ ਕੁਰਹਿਤ" ਸਵੀਕਾਰਿਆ ਗਿਆ ਹੈ।

ਗੁਰੂ ਦੀ ਪਾਵਨ ਬਾਣੀ ਨੂੰ ਸਮਝਣ ਵਾਲੇ ਬਹਾਦਰ ਸਿੱਖਾਂ ਨੇ, ਅਤਿਅੰਤ ਮੁਸ਼ਕਲਾਂ ਵਿਚ ਭੀ ਆਪਣਾ ਦੀਨ ਇਮਾਨ ਬਰਕਰਾਰ ਰੱਖਿਆ। ਭਾਂਵੇ ਦੁਸ਼ਮਨ ਦੀ ਔਰਤ ਭੀ ਕਦੀ ਕਾਬੂ ਆ ਗਈ, ਉਸ ਨੂੰ ਮਾਂ, ਭੈਣ ਜਾਂ ਬੇਟੀ ਵਾਲਾ ਸਤਿਕਾਰ ਦੇ ਕੇ ਜਿੱਥੇ ਉਸ ਨੇ ਜਾਣਾ ਚਾਹਿਆ, ਖੁਦ ਪੁਚਾ ਕੇ ਆਏ। ਜਾਬਰ ਹਾਕਮਾਂ ਵਲੋਂ ਜਬਰੀ ਲਿਜਾਈਆਂ ਜਾ ਰਹੀਆਂ ਲੜਕੀਆਂ ਨੂੰ ਖੂਨੀ ਪੰਜੇ ਵਿਚੋਂ ਛੁਡਾ ਕੇ ਸਹੀ ਸਲਾਮਤ ਉਹਨਾਂ ਦੇ ਘਰ ਪੁਜਦੀਆਂ ਕੀਤੀਆਂ। ਇਸ ਸੁੱਚੇ ਕਿਰਦਾਰ ਨੇ, ਸਿੱਖਾਂ ਲਈ ਹਰ ਇਕ ਦਿਲ ਵਿਚ ਥਾਂ ਬਣਾ ਲਈ। ਸਿਖ ਨੂੰ ਵੇਖ ਕੇ ਇਸਤਰੀ ਵਰਗ ਅੰਦਰ ਅਪਣੱਤ ਭਰਿਆ ਅਹਿਸਾਸ ਪ੍ਰਬਲ ਹੋ ਜਾਇਆ ਕਰਦਾ ਸੀ। ਔਰਤ ਪ੍ਰਤੀ ਮੰਦ ਭਾਵਨਾ ਕਾਰਨ ਮਹਾਂਭਾਰਤ ਦੇ ਯੁੱਧ ਵਿਚ ਬੇਅੰਤ ਲੋਕ ਮਰੇ ਦਸੀਦੇ ਹਨ। ਰਾਮ ਤੇ ਰਾਵਣ ਦੀ ਜੰਗ ਕੋਈ ਧਰਮ ਜਾਂ ਦੇਸ਼ ਦੀ ਰਾਖੀ ਦੀ ਜੰਗ ਨਹੀਂ ਸੀ। ਸਗੋਂ

ਸਰੂਪਲਤਾ ਤੇ ਸੀਤਾ ਕਾਰਨ ਲੜੀ ਗਈ ਲੜਾਈ ਸੀ, ਜਿਸ ਵਿਚ ਬੇਅੰਤ ਖ਼ੂਨ ਰੋਹੜਿਆ ਗਿਆ। ਇਉਂ ਭੀ ਕਿਹਾ ਜਾ ਸਕਦਾ ਹੈ ਕਿ ਬਿਨਾਂ ਕਸੂਰ ਤੋਂ ਲਛਮਣ ਨੇ ਸਰੂਪਲਤਾ ਨਾਲ ਭੱਦਾ ਵਿਹਾਰ ਕੀਤਾ। ਬਿਨਾਂ ਗਲਤੀ ਕੀਤਿਆਂ ਨੇਕ ਇਸਤਰੀ ਸੀਤਾ ਨੂੰ ਅਤਿਅੰਤ ਕਸ਼ਟ ਭੋਗਣੇ ਪਏ। ਦੋਵਾਂ ਧਿਰਾਂ ਦੀ ਲੜਾਈ ਵਿਚ ਹੋਰ ਕਿੰਨੇ ਸਾਰੇ ਸਿਪਾਹੀ ਮਾਰੇ ਗਏ। ਉਹਨਾਂ ਦੀਆਂ ਮਾਂਵਾਂ, ਪਤਨੀਆਂ, ਭੈਣਾਂ ਵਿਧਵਾ ਹੋ ਗਈਆਂ। ਰਹਿੰਦੀ ਉਮਰ ਉਹਨਾਂ ਨੇ ਤੜਪਦਿਆਂ ਹਉਕੇ ਭਰਦਿਆਂ ਗੁਜਾਰੀ। ਜਿੰਮੇਵਾਰ ਕੌਣ ਸਨ, ਇਸ ਕਤਲੇਆਮ ਦੇ? ਦੋ ਤਿੰਨ ਆਦਮੀ। ਲਛਮਣ, ਰਾਮ ਤੇ ਰਾਵਣ। ਹੈਨਾਂ?

ਰਾਜਸਥਾਨ ਦੇ ਨਗਰ ਚਿਤੌੜਗੜ੍ਹ 'ਤੇ ਅਲਾਉਦੀਨ ਖਿਲਜੀ ਨੇ ਸਿਰਫ ਇਸ ਕਰਕੇ ਹਮਲਾ ਕੀਤਾ ਸੀ ਕਿ ਉਥੋਂ ਦੀ ਰਾਣੀ ਪਦਮਨੀ ਅਤਿ ਸੁੰਦਰ ਸੁਣੀ ਸੀ। ਹਜਾਰਾਂ ਸਿਪਾਹੀ ਮਾਰੇ ਗਏ। ਕੀ ਬਾਦਸ਼ਾਹ ਦੇ ਜਨਾਨਖਾਨੇ ਵਿਚ ਸੋਹਣੀਆਂ ਔਰਤਾਂ ਦੀ ਕੋਈ ਕਮੀ ਸੀ? ਜਹਾਂਗੀਰ ਬਾਦਸ਼ਾਹ, ਸ਼ਾਹ ਜਹਾਨ, ਔਰੰਗਜ਼ੇਬ ਆਦਿ ਨੇ, ਜਿਨ੍ਹਾਂ ਔਰਤਾਂ ਨੂੰ ਆਪਣੇ ਮਹਿਲਾਂ ਵਿਚ ਕੈਦ ਕਰੀ ਰੱਖਿਆ। ਸੰਸਾਰੀ ਤੌਰ 'ਤੇ ਮਹਿਲਾਂ ਵਿਚ ਦਾਖਲ ਕੀਤੀਆਂ ਗਈਆਂ ਔਰਤਾਂ ਰਾਣੀਆਂ ਸਨ। ਪਰ ਜਿੰਦਗੀ ਵਿਚ ਪਤੀ ਦਾ ਸਾਥ ਉਹਨਾਂ ਨੂੰ ਦੋ ਚਾਰ ਵਾਰ ਹੀ ਨਸੀਬ ਹੁੰਦਾ ਸੀ। ਇਕ ਰਾਜਾ ਸਾਰੀਆਂ ਪਤਨੀਆਂ ਦੀ ਸ਼ਕਲ ਭੀ ਨਹੀਂ ਪਛਾਣ ਸਕਦਾ ਸੀ। ਸ੍ਰੀ ਕ੍ਰਿਸ਼ਨ ਭਗਵਾਨ ਜੀ ਦੀਆਂ 16108 ਪਤਨੀਆਂ ਸਨ। ਕੀ ਉਹ ਸਾਰੀਆਂ ਬੜਾ ਸੁਖੀ ਜੀਵਨ ਬਿਤਾ ਰਹੀਆਂ ਸਨ? ਦੁਨੀਆਂ ਵਿਚ ਔਰਤਾਂ ਦੀ ਇੱਛਾ ਤੋਂ ਵਿਰੁੱਧ ਕੀਤੇ ਗਏ ਅਜਿਹੇ ਪਾਪ ਕਰਮ, ਕੀ ਬਲਾਤਕਾਰ ਜਾਂ ਵਰਜਿਤ ਸਬੰਧਾਂ ਦੀ ਸ਼੍ਰੇਣੀ ਵਿਚ ਨਹੀਂ ਮੰਨਣੇ ਚਾਹੀਦੇ?

ਜੁਆਨ ਅਤੇ ਸੁੰਦਰ ਔਰਤ ਨਾਲ ਸਰੀਰਕ ਸਬੰਧਾਂ ਦੀ ਚਰਮਸੀਮਾ ਤੱਕ ਤਾਂ ਘੱਟ ਲੋਕ ਹੀ ਪੁੱਜਦੇ ਹਨ ਪਰ ਅੱਖਾਂ ਨਾਲ ਵੇਖ ਕੇ, ਮਨ ਹੀ ਮਨ ਵਰਜਿਤ ਸਬੰਧ ਬਨਾਉਣ ਵਾਲਿਆਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਪਰਾਏ ਰੂਪ ਦੀਆਂ ਕਹਾਣੀਆਂ ਚਸਕੇ ਲਾ ਕੇ ਸੁਣਨੀਆਂ ਜਾਂ ਸੁਣਾਉਣੀਆਂ, ਅਧੂਰੀ ਜਹੀ ਕਾਮ ਤ੍ਰਿਪਤੀ ਦਾ ਹੀ ਤਾਂ ਪ੍ਰਗਟਾਅ ਹੈ। ਕਿਸੇ ਖਾਸ ਸਮੇਂ ਵੇਖੇ ਪਰਾਏ ਰੂਪ ਨੂੰ ਮਨ ਹੀ ਮਨ ਯਾਦ ਕਰ ਕੇ, "ਲੱਡੂ ਭੂਰਦੇ ਰਹਿਣਾ" ਨੂੰ ਕੀ ਇਸੇ ਸ਼੍ਰੇਣੀ ਵਿਚ ਨਹੀਂ ਰੱਖਿਆ ਜਾਣਾ ਚਾਹੀਦਾ? ਵਾਤਸਾਇਨ ਵਲੋਂ ਲਿਖੇ ਉਤੇਜਨਾ ਭਰਪੂਰ ਗ੍ਰੰਥ 'ਕਾਮਸੂਤਰ', ਤਿਆਗ ਦਾ ਨਾਟਕ ਕਰਨ ਵਾਲੇ ਘਰੋਂ ਨੱਸ ਕੇ ਜੰਗਲੀ ਨਿਵਾਸ ਕਰ ਚੁੱਕੇ 'ਸੰਤਾਂ, ਸਾਧੂਆਂ' ਦੀ ਕਾਮ ਗ੍ਰਸਤ ਬਿਰਤੀ ਦਾ ਪ੍ਰਗਟਾਅ ਹੀ ਤਾਂ ਹੈ। ਜੱਬਲਪੁਰ ਦੇ ਨੇੜੇ

ਖੁਜਰਾਹੋ ਦੀਆਂ ਗੁਫਾਵਾਂ ਵਿਚ 'ਰਿਸ਼ੀਆਂ, ਮੁਨੀਆਂ' ਵਲੋਂ ਸੈਂਕੜੇ ਸਾਲ ਦੀ ਕਠਿਨ ਮਿਹਨਤ ਤੋਂ ਮਗਰੋਂ ਜੋ ਮੂਰਤੀਆਂ ਬਣ ਕੇ ਸਾਹਮਣੇ ਆਈਆਂ, ਉਹ ਸੰਸਾਰ ਪ੍ਰਸਿੱਧ ਹਨ। ਉਨ੍ਹਾਂ ਮੂਰਤੀਆਂ ਵਿਚ ਅਜਿਹੀ ਗੈਰ ਕੁਦਰਤੀ ਤਰੀਕੇ ਵਾਲੇ ਸੈਕਸ ਸਬੰਧ ਭੀ ਬੇਅੰਤ ਢੰਗਾਂ ਰਾਹੀਂ ਚਿਤਰੇ ਗਏ ਹਨ। ਮਾਤਾ ਪਿਤਾ ਨਾਲ ਰਲ ਕੇ ਬੱਚੇ ਤੇ ਪਰਵਾਰ ਇਨ੍ਹਾਂ ਚਿੱਤਰਾਂ, ਮੂਰਤੀਆਂ ਨੂੰ ਵੇਖਣ ਦੀ ਹਿੰਮਤ ਨਹੀਂ ਕਰ ਸਕਦਾ। ਇਨ੍ਹਾਂ ਸਥਾਨਾਂ ਨੂੰ ਮੰਦਰ ਮੰਨਿਆ ਜਾਂਦਾ ਹੈ, ਬਕਾਇਦਾ ਪੁਜਾਰੀ ਪੂਜਾ ਕਰਦੇ ਹਨ। ਅੰਦਰਲੇ ਬੰਨੇ "ਭਗਵਾਨਾਂ" ਦੀਆਂ ਮੂਰਤੀਆਂ ਹਨ। ਇਉਂ ਪ੍ਰਤੀਤ ਹੁੰਦਾ ਹੈ ਕਿ ਇਹ ਮੂਰਤੀਆਂ ਮੰਦਰਾਂ ਵਿਚ ਅਰਪਤ ਕੀਤੀਆਂ ਦੇਵ ਦਾਸੀਆਂ ਨੂੰ ਸਿਖਲਾਈ ਦੇਣ ਲਈ ਤਿਆਰ ਕੀਤੀਆਂ ਗਈਆਂ ਸਨ ਕਿ ਇਸ ਤਰ੍ਹਾਂ ਦੀਆਂ ਸੈਕਸ ਕਿਰਿਆ ਵਿਚੋਂ ਦੀ ਤੁਹਾਨੂੰ ਨਿੱਤ ਗੁਜ਼ਰਨਾ ਪੈਣਾ ਹੈ, ਆਪਣੇ ਮਨ ਹੁਣੇ ਤੋਂ ਤਕੜੇ ਕਰ ਲਉ। ਮੰਦਰਾਂ ਦੀਆਂ ਕੰਧਾਂ 'ਤੇ ਬਾਹਰਲੇ ਪਾਸੇ ਸਭਿਅਤ ਹੀਣ ਮੂਰਤੀਆਂ, ਅੰਦਰਲੇ ਬੰਨੇ ਉਹੀ ਕੁਕਰਮ ਔਰਤਾਂ ਨਾਲ ਕਰਨ ਵਾਸਤੇ ਧਾਰਮਕਤਾ ਦੀ ਮੋਹਰ ਆਦਮੀ ਵਲੋਂ ਆਦਮੀ ਨਾਲ ਭੋਗ ਅਤੇ ਜਾਨਵਰਾਂ ਨਾਲ ਭੋਗ ਕਰਦੀਆਂ ਮੂਰਤੀਆਂ ਭੀ ਬਣਾਈਆਂ ਵੇਖੀਆਂ ਜਾ ਸਕਦੀਆਂ ਹਨ। ਅਜਿਹੇ ਅਸ਼ਲੀਲ ਚਿੱਤਰਾਂ ਨੂੰ ਭਾਰਤ ਦੀ "ਗੌਰਵਸ਼ੀਲ ਸੰਸਕ੍ਰਿਤੀ" ਪ੍ਰਚਾਰਿਆ ਜਾ ਰਿਹਾ ਹੈ।

ਇਸ ਦੇਸ਼ ਦੇ "ਮਹਾਨ ਧਰਮ ਦਾ ਇਕ ਮਹਾਨ ਦੇਵਤਾ" ਹੈ ਇੰਦਰ। ਪੁਰਾਣਕ ਕਥਾ ਮੁਤਾਬਕ ਉਸ ਨੇ ਗੌਤਮ ਰਿਸ਼ੀ ਦੀ ਪਤਨੀ ਅਹੱਲਿਆ ਨਾਲ ਬਲਾਤਕਾਰ ਕੀਤਾ। ਜਦੋਂ ਗੌਤਮ ਜੀ ਨੂੰ ਪਤਾ ਲੱਗਾ ਤਾਂ ਉਸ ਨੇ ਇੰਦਰ ਦੇਵਤੇ ਦੀਆਂ ਗੋਡਨੀਆਂ ਲਵਾ ਦਿੱਤੀਆਂ। ਅਜਿਹਾ ਮਾਰੂ ਅਸਤਰ ਚਲਾਇਆ ਕਿ ਮਹਾਂਸ਼ਕਤੀਵਾਨ ਇੰਦਰ ਦੀਆਂ ਭੁੱਬਾਂ ਨਿਕਲ ਗਈਆਂ। ਗੋਡਣੀਏ ਰਿੜ੍ਹਦਾ ਗੌਤਮ ਦੇ ਚਰਨੀ ਢਹਿ ਪਿਆ, ਮੁਆਫ਼ੀ ਮੰਗੀ। ਬਲਾਤਕਾਰ ਵਾਲੀ ਕਰਤੂਤ ਤੋਂ ਗੁੱਸੇ ਵਿਚ ਆ ਕੇ ਗੌਤਮ ਨੇ ਸ਼ਰਾਪ ਦਿਤਾ ਸੀ- "ਹੇ ਇੰਦਰ, ਤੇਰੇ ਸਾਰੇ ਸਰੀਰ 'ਤੇ ਇਸਤਰੀ ਦੇ ਗੁਪਤ ਅੰਗ ਦੀ ਛਾਪ ਲੱਗ ਜਾਵੇ। ਤੂੰ ਕਿਤੇ ਮੂੰਹ ਵਿਖਾਉਣ ਜੋਗਾ ਨਾ ਰਹੇਂ।" ਇਸੇ ਤਰ੍ਹਾਂ ਹੋਇਆ, ਇੰਦਰ ਦੇ ਸਾਰੇ ਬਦਨ 'ਤੇ ਇਸਤਰੀ ਦੇ ਜਨਨ ਅੰਗ ਦੀ ਛਾਪ (ਤਸਵੀਰ) ਲੱਗ ਗਈ। ਕਿਸੇ ਥਾਂ ਮੂੰਹ ਵਿਖਾਉਣ ਜੋਗਾ ਨਾ ਰਿਹਾ। ਤਲਾਅ ਵਿਚ ਲੁੱਕ ਕੇ ਬੈਠ ਗਿਆ। ਮਿੰਨਤਾਂ ਕਰਨ 'ਤੇ ਗੌਤਮ ਨੇ ਆਪਣੇ ਸ਼ਰਾਪ ਦੀ ਸ਼ਕਤੀ ਘੱਟ ਕਰ ਦਿਤੀ। ਇਸ ਲਈ ਇੰਦਰ ਦੇ ਸਾਰੇ ਸਰੀਰ 'ਤੇ ਇਸਤਰੀ ਅੰਗ ਦੀ ਥਾਵੇਂ ਅੱਖਾਂ ਦੇ ਨਿਸ਼ਾਨ ਬਣ ਗਏ। ਨਾਲੇ ਗੌਤਮ ਨੇ ਛੋਟ ਦੇ ਦਿਤੀ ਕਿ ਅਜਿਹੇ ਪਾਪ ਕਰਨ ਤੋਂ ਬਾਅਦ ਭੀ ਤੇਰੀ ਪੂਜਾ ਉਸੇ ਤਰ੍ਹਾਂ ਹੁੰਦੀ ਰਹੇਗੀ।

ਸਹੰਸਰ ਦਾਨ (ਡੰਡ-ਸਜ਼ਾ) ਦੇ ਇੰਦ੍ਰ ਰੋਆਇਆ ॥
ਪਰਸ ਰਾਮੁ ਰੋਵੈ ਘਰਿ ਆਇਆ ॥ (953)

ਨਾਜਾਇਜ਼ ਸਬੰਧਾਂ ਨੇ ਬੇਅੰਤ ਘਰ ਉਜਾੜ ਦਿੱਤੇ। ਵੱਡੀਆਂ ਖ਼ੂੰਖਾਰ ਜੰਗਾਂ ਔਰਤਾਂ ਕਾਰਨ ਲੜੀਆਂ ਜਾ ਚੁੱਕੀਆਂ ਹਨ। ਪਰ ਕਦੀ ਔਰਤ ਤੋਂ ਉਸ ਦੀ ਮਰਜ਼ੀ ਨਹੀਂ ਪੁੱਛੀ ਜਾਂਦੀ। ਤਾਕਤਵਰ ਧਿਰ ਔਰਤ 'ਤੇ ਕਾਬਜ਼ ਹੋਣ ਲਈ ਲੋਚਦੀ ਹੈ। ਉਮਰ ਦਾ ਮੇਲ ਨਹੀਂ, ਸਰੀਰਕ ਇਕਸਾਰਤਾ ਨਹੀਂ, ਸੁੰਦਰਤਾ ਵਿਚ ਵਖਰੇਵਾਂ ਹੈ, ਅਕਲ ਦਾ ਵੱਡਾ ਪਾੜਾ ਹੈ, ਜਾਤ ਦਾ ਕੋਈ ਬੰਧਨ ਨਹੀਂ। ਜੁਆਨ ਅਤੇ ਰੂਪਵਤੀ ਇਸਤਰੀ ਨਜ਼ਰੀਂ ਪੈ ਜਾਵੇ, ਉਸ ਤੱਕ ਪਹੁੰਚਣ ਲਈ ਆਦਮੀ ਕਿਸੇ ਹੱਦ ਤੱਕ ਭੀ ਜਾ ਸਕਦਾ ਹੈ। ਆਉ ਗੁਰਬਾਣੀ ਤੋਂ ਪੁਛੀਏ -

ਬਨਿਤਾ ਛੋਡਿ ਬਦ ਨਦਰਿ ਪਰ ਨਾਰੀ ॥
ਵੇਸਿ ਨ ਪਾਈਐ ਮਹਾ ਦੁਖਿਆਰੀ ॥ (1348)

ਹੇ ਧਰਮੀ ਅਖਵਾਉਣ ਵਾਲੇ ਮਨੁੱਖ! ਤੂੰ ਪਤਨੀ ਤਿਆਗ ਦਿਤੀ, ਘਰ ਪਰਵਾਰ ਛੱਡ ਦਿੱਤਾ, ਸਾਧ ਬਣ ਗਿਆ। ਪਰ ਅੰਦਰੋਂ ਕਾਮ ਵਾਸਨਾ ਖਤਮ ਨਹੀਂ ਹੋਈ। ਕਾਮ ਠਾਠਾਂ ਮਾਰ ਰਿਹਾ ਹੈ। ਇਸੇ ਕਾਰਨ ਬੇਅੰਤ ਗਲਤ ਢੰਗ ਵਰਤ ਕੇ ਪਰਾਈਆਂ ਔਰਤਾਂ ਵਲ ਮੈਲੀਆਂ ਨਜ਼ਰਾਂ ਰਖਦਾ ਹੈ। ਵਿਆਹ ਵਾਲੇ ਜਾਇਜ਼ ਰਿਸ਼ਤੇ ਨੂੰ ਤਿਆਗ ਕੇ ਨਾਜਾਇਜ਼ ਰਾਹ ਅਖ਼ਤਿਆਰ ਕਰਦਾ ਹੈ। ਇਸੇ ਤਰ੍ਹਾਂ ਕੇਵਲ ਧਾਰਮਕ ਪਹਿਰਾਵਾ ਪਾਉਣਾ ਕਿਸੇ ਲੇਖੇ ਵਿਚ ਨਹੀਂ। ਅੰਦਰੋਂ ਬੁਰਾਈਆਂ ਨੂੰ ਖ਼ਤਮ ਕਰ।

ਪਲਕ ਦ੍ਰਿਸ਼ਟਿ ਦੇਖਿ ਭੂਲੋ, ਆਕ ਨੀਮ ਕੋ ਤੂੰਮਰੁ ॥
ਜੈਸਾ ਸੰਗੁ ਬਿਸੀਅਰ ਸਿਉ ਹੈ ਰੇ, ਤੈਸੋ ਹੀ ਇਹੁ ਪਰ ਗ੍ਰਿਹੁ ॥ (403)

ਹੇ ਨਾ ਸਮਝ ਮਨੁੱਖ! ਤੂੰ ਭੁਲੇਖੇ ਵਿਚ ਪੈ ਗਿਆ। ਗਿਆਨ ਨਾ ਹੋਣ ਕਰ ਕੇ ਤੂੰ ਕਉੜ ਤੁੰਮੇ ਨੂੰ ਬਾਹਰੋਂ ਸੋਹਣਾ ਵੇਖ ਕੇ ਖਾ ਲਿਆ। ਉਹ ਬਹੁਤ ਕੌੜਾ ਨਿਕਲਿਆ। ਤੂੰ ਨਿੰਮ ਫਲ (ਨਿਮੋਲੀ) ਨੂੰ ਸੁੰਦਰ ਜਾਣ ਕੇ ਮੂੰਹ ਵਿਚ ਪਾ ਲਿਆ। ਉਹ ਵੀ ਕੌੜਾ ਨਿਕਲਿਆ। ਜੇ ਕੋਈ ਮੂਰਖ ਆਦਮੀ ਜਹਿਰੀਲੇ ਸੱਪ ਨੂੰ ਪਿਆਰ ਕਰੇ ਤਾਂ ਕਿਸੇ ਸਮੇਂ ਉਹੀ ਪਿਆਰਾ ਸੱਪ ਡੰਗ ਮਾਰ ਦੇਵੇ ਤਾਂ ਝੱਟ ਹੀ ਮੌਤ ਦੇ ਮੂੰਹ ਵਿਚ ਜਾ ਪਵੇਂਗਾ। ਬਸ ਇਸੇ ਤਰ੍ਹਾਂ ਸਮਝ ਲੈ ਪਈ ਪਰਾਈ ਔਰਤ ਨਾਲ਼ ਵਰਜਿਤ ਸਬੰਧ ਬਣਾਉਣੇ ਸਿਆਣਪ ਨਹੀਂ ਹੈ। ਤੈਨੂੰ ਥੋੜ ਚਿਰੀ ਸੁੱਖ ਕਾਰਨ ਲੰਮਾ ਸਮਾਂ ਦੁੱਖ ਭੋਗਣੇ ਪੈਣਗੇ, ਨਤੀਜਾ ਅਤਿ ਦੁਖਦਾਈ ਹੋਵੇਗਾ।

ਕਾਲਬੂਤ ਕੀ ਹਸਤਨੀ, ਮਨ ਬਉਰਾ ਰੇ, ਚਲਤ ਰਚਿਓ ਜਗਦੀਸ ॥
ਕਾਮ ਸੁਆਇ ਗਜ ਬਸ ਪਰੇ ਮਨ ਬਉਰਾ ਰੇ, ਅੰਕੁਸੁ ਸਹਿਓ ਸੀਸੁ ॥ (335)

ਹੇ ਭਾਈ! ਆਲੇ ਦੁਆਲੇ ਧਿਆਨ ਨਾਲ ਵੇਖੋ। ਜੰਗਲ ਵਿਚੋਂ ਹਾਥੀ ਨੂੰ ਫੜਨ ਵਾਲੇ ਸ਼ਿਕਾਰੀ, ਹਥਣੀ ਦਾ ਇਕ ਬੁੱਤ ਜਿਹਾ ਬਣਾ ਕੇ ਖਲਾਰ ਦਿੰਦੇ ਹਨ। ਉਸ ਦੇ ਦੁਆਲੇ ਡੂੰਘੀ ਖਾਈ ਪੁੱਟ ਕੇ ਉਸ ਦੇ ਉਪਰ ਹਲਕੀ ਜਹੀ ਛੱਤ ਪਾ ਦਿੰਦੇ ਹਨ। ਹਥਨੀ ਦੇ ਬੁੱਤ ਨੂੰ ਵੇਖ ਕੇ, ਕਾਮ ਵਾਸਨਾ ਵਿਚ ਮਸਤਿਆ ਹੋਇਆ ਹਾਥੀ ਦੌੜਦਿਆਂ ਹਥਨੀ ਵਲ ਵਧਦਾ ਹੈ ਅਤੇ ਡੂੰਘੀ ਖਾਈ ਵਿਚ ਡਿੱਗ ਪੈਂਦਾ ਹੈ। ਸ਼ਿਕਾਰੀ ਇਸ ਨੂੰ ਫੜ ਲੈਂਦੇ ਹਨ। ਬੇਅੰਤ ਤਸੀਹੇ ਦਿੰਦੇ ਹਨ, ਭਾਰੇ ਕੰਮ ਲੈਂਦੇ ਹਨ। ਵਾਸਨਾ ਗ੍ਰਸਤ ਹਾਥੀ ਜਿਵੇਂ ਜਿੰਦਗੀ ਭਰ ਗੁਲਾਮੀ ਵਿਚ ਜਕੜਿਆ ਜਾਂਦਾ ਹੈ। ਇਸੇ ਤਰ੍ਹਾਂ ਵਰਜਿਤ ਕਾਮ ਸਬੰਧਾਂ ਵਿਚ ਪਾਗਲ ਹੋਇਆ ਆਦਮੀ, ਬਰਬਾਦ ਹੋ ਜਾਂਦਾ ਹੈ। ਸਭ ਕੁੱਝ ਗਵਾ ਲੈਂਦਾ ਹੈ। ਫਿਰ ਰੋਣ ਪਛਤਾਉਣ ਤੋਂ ਸਿਵਾਏ ਕੁੱਝ ਹੱਥ ਨਹੀਂ ਆਉਂਦਾ।

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖ ਪਾਵਹਿ ॥
ਘਰੀ ਮੁਹਤ ਰੰਗ ਮਾਣਹਿ, ਫਿਰਿ ਬਹੁਰਿ ਬਹੁਰਿ ਪਛੁਤਾਵਹਿ ॥ (403)

ਹੇ ਨਾ ਸਮਝ ਮਨੁੱਖ! ਥੋੜੇ ਸਮੇਂ ਦੇ ਕਾਮ ਸੁੱਖ ਲਈ ਤੂੰ ਪਕੜਿਆ ਜਾਣ 'ਤੇ ਲੰਮੇ ਸਮੇਂ ਲਈ ਦੁੱਖ ਭੋਗਦਾ ਹੈਂ। ਖੁਸ਼ੀ ਦੇ ਦੋ ਚਾਰ ਪਲ ਹੁੰਦੇ ਹਨ, ਪਰ ਪਛਤਾਵਾ ਸਾਰੀ ਉਮਰ ਪਰੇਸ਼ਾਨ ਕਰਦਾ ਹੈ। ਅਜਿਹੇ ਬੁਰੇ ਕੰਮ ਨਾ ਕਰ। ਬਹੁਤ ਸਾਰੇ ਲੋਕ ਇਸਤਰੀ ਨੂੰ ਤਿਆਗ ਕੇ ਮੁਕਤੀ ਭਾਲਦੇ ਸਨ। ਬਹੁਤ ਸਾਰੇ ਵਾਸ਼ਨਾ ਪੂਰਤੀ ਵਿਚੋਂ ਮੁਕਤੀ ਲੱਭਦੇ ਸੀ। ਕਿਸੇ ਨੇ ਸੈਂਕੜੇ ਇਸਤਰੀਆਂ ਕਾਬੂ ਕਰ ਲਈਆਂ, ਕਿਸੇ ਨੇ ਇਕ ਔਰਤ ਦੇ ਮੱਥੇ ਲੱਗਣੋਂ ਭੀ ਇਨਕਾਰ ਕਰ ਦਿਤਾ। ਜੋਗੀ, ਪਰਵਾਰ ਤਿਆਗ ਕੇ ਜੰਗਲਾਂ, ਪਹਾੜਾਂ ਵਲ ਤੁਰ ਪਏ। ਬ੍ਰਾਹਮਣ ਪੁਜਾਰੀਆਂ ਨੇ ਮੰਦਰਾਂ ਨੂੰ ਹੀ ਕਾਮ ਪੂਰਤੀ ਦਾ ਕੇਂਦਰ ਬਣਾ ਲਿਆ। ਇਸਾਈ ਧਰਮ ਦੇ ਪ੍ਰਚਾਰਕ ਔਰਤਾਂ-ਮਰਦਾਂ ਨੂੰ ਵਿਆਹ ਕਰਾਉਣ ਦੀ ਮਨਾਹੀ ਕਰ ਦਿਤੀ ਗਈ। "ਚੋਰੀ ਦਾ ਗੁੜ" ਉਥੇ ਭੀ ਖਾਧਾ ਜਾਂਦਾ ਹੈ। ਜੈਨ ਧਰਮ ਵਿਚ ਸਾਧ ਅਤੇ ਸਾਧਵੀਆਂ ਨੂੰ ਗ੍ਰਹਿਸਤ ਅਪਨਾਉਣ ਦੀ ਆਗਿਆ ਨਹੀਂ ਹੈ। ਪਰ ਉਨ੍ਹਾਂ ਵਿਚ ਭੀ ਕਈ ਸਾਰੇ ਸਾਧ ਸਾਧਣੀਆਂ "ਬੰਧਨ ਦੀਆਂ ਹੱਦਾਂ ਤੋੜ ਕੇ" ਬਾਹਰ ਮੂੰਹ ਮਾਰ ਆਉਂਦੇ ਹਨ। ਗੁਰੂ ਸਾਹਿਬ ਜੀ ਨੇ ਸਾਦਾ, ਸੌਖਾ ਅਤੇ ਕੁਦਰਤੀ ਮੰਨਣਯੋਗ ਰਾਹ ਪਰਵਾਨ ਕੀਤਾ। ਵਿਆਹ ਕਰਵਾਉ, ਜ਼ੁੰਮੇਵਾਰੀਆਂ ਨਿਭਾਉ। ਪਤੀ-ਪਤਨੀ ਪ੍ਰਤੀ ਵਫਾਦਾਰੀ ਵਾਲਾ ਸੰਜਮੀ ਜੀਵਨ ਬਤੀਤ ਕਰੋ। ਗੁਰ ਫੁਰਮਾਨ ਹੈ-

ਜਤਨ ਕਰੈ ਬਿੰਦੁ ਕਿਵੈ ਨ ਰਹਾਈ ॥ ਮਨੂਆ ਡੋਲੈ ਨਰਕੇ ਪਾਈ ॥
ਜਮਪੁਰ ਬਾਧੋ ਲਹੈ ਸਜਾਈ ॥ (906)

ਹੇ ਭਾਈ! ਕੁਦਰਤੀ ਨਿਯਮ ਵਿਚ ਨਰ ਜੀਵ ਦੇ ਅੰਦਰ ਬੀਰਜ ਬਣਨ ਦੀ ਕਿਰਿਆ ਬੁਢਾਪੇ ਤਕ ਸਦਾ ਜਾਰੀ ਰਹਿੰਦੀ ਹੈ। ਇਸ ਲਈ ਆਦਮੀ ਲੱਖ ਯਤਨ ਕਰੇ ਬੀਰਜ ਨੂੰ ਨਹੀਂ ਰੋਕ ਸਕਦਾ। ਮਨ ਅੰਦਰ ਕਾਮ ਵਾਸ਼ਨਾ ਵਾਲੇ ਵਿਚਾਰ ਹਲਚਲ ਮਚਾਈ ਰਖਦੇ ਹਨ। ਜਦੋਂ ਵਾਸ਼ਨਾ ਦਾ ਵੇਗ ਬਹੁਤ ਪ੍ਰਬਲ ਹੋ ਜਾਂਦਾ ਹੈ ਤਾਂ ਆਦਮੀ ਪਰਾਈ ਔਰਤ ਨੂੰ ਹੱਥ ਪਾ ਬਹਿੰਦਾ ਹੈ। ਮਾਨੋ ਨਰਕ ਵਿਚ ਡਿੱਗ ਪਿਆ। ਉਸ ਇਸਤਰੀ ਦਾ ਪਰਵਾਰ, ਸਮਾਜ ਦੇ ਸਿਆਣੇ ਬੰਦੇ ਅਤੇ ਪੁਲਿਸ ਆਦਿ ਫਿਰ ਉਸ ਨੂੰ ਜਮ ਬਣ ਕੇ ਬੁਰੀ ਮਾਰ ਮਾਰਦੇ ਹਨ। ਅਜਿਹਾ ਵਿਅਕਤੀ ਕਰਾਰੀ ਸਜ਼ਾ ਭੁਗਤਦਾ ਹੈ। ਹੋਰ ਪਰਮਾਣ ਪੜ੍ਹੋ-

ਬਿੰਦੁ ਨ ਰਾਖਹਿ ਜਤੀ ਕਹਾਵਹਿ ॥ ਮਾਈ ਮਾਗਤ ਤ੍ਰੈ ਲੋਭਾਵਹਿ ॥ (903)

ਹੇ ਭਾਈ! ਜਤੀ ਅਖਵਾਉਣ ਵਾਲੇ ਲੋਕ ਪਖੰਡੀ ਹਨ। ਬੀਰਜ ਬਣਨਾ ਅਤੇ ਖਾਰਜ ਹੋਣਾ ਇਕ ਆਮ ਜਹੀ ਸਹਿਜ ਕਿਰਿਆ ਹੈ। ਇਸ ਨੂੰ ਰੋਕਿਆ ਜਾਣਾ ਸੰਭਵ ਹੀ ਨਹੀਂ ਹੈ। ਅਜਿਹੇ ਪਖੰਡੀ ਸਾਧ, "ਜਤੀ, ਤਿਆਗੀ, ਸੰਤ, ਮਹੰਤ" ਆਦਿ ਗ੍ਰਿਹਿਸਤੀਆਂ ਦੇ ਘਰਾਂ ਵਿਚ ਜੀਵਨ ਲੋੜਾਂ ਪੂਰੀਆਂ ਕਰਦੇ ਹਨ। ਔਰਤਾਂ ਨੂੰ ਮਾਈ (ਮਾਂ) ਆਖ ਕੇ ਸੰਬੋਧਨ ਕਰਦੇ ਹਨ। ਪਰ ਅੰਦਰ ਕਾਮ ਵਾਸਨਾ ਦਾ ਉਬਾਲ ਉੱਠ ਰਿਹਾ ਹੁੰਦਾ ਹੈ। ਮਨ ਡੋਲ ਚੁਕਿਆ ਹੁੰਦਾ ਹੈ। ਪਰ ਮੂੰਹ ਨਾਲ ਮਾਈ ਮਾਈ ਆਖੀ ਜਾ ਰਹੇ ਹਨ।

ਭਾਈ ਗੁਰਦਾਸ ਜੀ ਗੁਰਬਾਣੀ ਦੇ ਉਪਦੇਸ਼ ਨੂੰ ਹੋਰ ਸਰਲ ਤਰੀਕੇ ਨਾਲ ਸਮਝਾਉਂਦੇ ਹੋਏ ਲਿਖਦੇ ਹਨ- ਮੈਂ ਕੁਰਬਾਨ ਜਾਵਾਂ, ਬਲਿਹਾਰ ਜਾਵਾਂ ਉਨ੍ਹਾਂ ਗੁਰਸਿੱਖਾਂ ਤੋਂ ਜੋ ਬੁਰਾਈਆਂ ਨੂੰ ਤਿਆਗ ਕੇ ਗੁਣਾਂ ਨੂੰ ਅਪਨਾਉਂਦੇ ਹਨ। ਪਰਾਈ ਇਸਤਰੀ ਨਾਲ ਵਰਜਿਤ ਸਬੰਧ ਨਹੀਂ ਬਣਾਉਂਦੇ। ਪੜ੍ਹੋ ਪਉੜੀ-

ਹਉ ਤਿਸੁ ਘੋਲਿ ਘੁਮਾਇਆ, ਗੁਰਮਤਿ ਰਿਦੈ ਗਰੀਬੀ ਆਵੈ ॥
ਹਉ ਤਿਸੁ ਘੋਲਿ ਘੁਮਾਇਆ, "ਪਰ ਨਾਰੀ ਦੈ ਨੇੜਿ ਨ ਜਾਵੈ ॥"
ਹਉ ਤਿਸੁ ਘੋਲਿ ਘੁਮਾਇਆ, ਪਰ ਦਰਬੈ ਨੋ ਹਥੁ ਨ ਲਾਵੈ ॥
ਹਉ ਤਿਸੁ ਘੋਲਿ ਘੁਮਾਇਆ, ਪਰ ਨਿੰਦਾ ਸੁਣਿ ਆਪੁ ਹਟਾਵੈ ॥
ਹਉ ਤਿਸੁ ਘੋਲਿ ਘੁਮਾਇਆ, ਸਤਿਗੁਰ ਦਾ ਉਪਦੇਸ ਕਮਾਵੈ ॥
ਹਉ ਤਿਸੁ ਘੋਲਿ ਘੁਮਾਇਆ, ਥੋੜਾ ਸਵੈ ਥੋੜਾ ਹੀ ਖਾਵੈ ॥
ਗੁਰਸਿਖ ਸੋਈ ਸਹਿਜ ਸਮਾਵੈ ॥ (ਭਾ. ਗੁ. 4-12)

✿✿✿

ਬਲਾਤਕਾਰ - ਬਦਫੈਲੀ

ਬਲਾਤਕਾਰ ਸ਼ਬਦ ਬੜਾ ਘਿਰਣਤ ਅਤੇ ਬਦਨਾਮ ਹੈ। ਇਸ ਪਾਪ ਕਰਮ ਨੂੰ ਆਮ ਲੋਕੀ ਔਰਤ ਨਾਲ ਜਬਰ ਜਿਨਾਹ ਦੇ ਰੂਪ ਵਿਚ ਹੀ ਜਾਣਦੇ ਹਨ। ਇਸ ਦੀ ਵਿਆਖਿਆ ਅਸੀਂ ਅੱਗੇ ਕਰਾਂਗੇ। ਆਪਣੇ ਆਲੇ-ਦੁਆਲੇ ਨੀਝ ਲਾ ਕੇ ਵੇਖੋ, ਨਿੱਤ ਵਰਤਦੇ ਵਰਤਾਰੇ ਨੂੰ ਪਰਖਣ ਦੀ ਕੋਸ਼ਿਸ਼ ਕਰੋ। ਬਲਾਤਕਾਰ ਦਾ ਅਰਥ ਹੈ ਆਪਣੀ ਤਾਕਤ ਦੀ ਨਾਜਾਇਜ਼ ਵਰਤੋਂ ਰਾਂਹੀ ਦੂਜੀ ਧਿਰ ਨੂੰ ਹਾਨੀ ਪਹੁੰਚਾਉਣੀ, ਪ੍ਰੇਸ਼ਾਨ ਕਰਨਾ। ਰਾਜਸੀ ਧਿਰਾਂ ਆਪਣੇ ਲੋਕਾਂ ਨੂੰ ਉਹਨਾਂ ਦੇ ਬਣਦੇ ਹੱਕ ਨਾ ਦੇ ਕੇ, ਹੱਕਾਂ ਦੀ ਪ੍ਰਾਪਤੀ ਲਈ ਲੜ ਰਹੇ ਲੋਕਾਂ 'ਤੇ ਤਾਕਤ ਦੀ ਅੰਨੀ ਵਰਤੋਂ ਕਰਕੇ, ਬਲਾਤਕਾਰ ਹੀ ਤਾਂ ਕਰਦੇ ਹਨ। ਕਿਸਾਨਾਂ ਨੂੰ ਉਹਨਾਂ ਦੀ ਫਸਲ ਦਾ ਪੂਰਾ ਮੁੱਲ ਨਾ ਮਿਲਣਾ। ਉਹਨਾਂ ਦੀ ਆਰਥਿਕ ਹਾਲਤ ਨਿਘਰਦੀ ਚਲੀ ਜਾਣੀ। ਅਣਪੜ੍ਹ ਰਹਿ ਜਾਣਾ, ਅਗਿਆਨਤਾ ਕਾਰਨ ਜਿੰਦਗੀ ਦੇ ਹਰ ਖੇਤਰ ਵਿਚ ਪਛੜ ਜਾਣਾ, ਬਦਲਵੇਂ ਢੰਗ ਵਾਲਾ ਬਲਾਤਕਾਰ ਹੀ ਤਾਂ ਹੈ। ਕਮਜ਼ੋਰ ਨਾਗਰਿਕਾਂ 'ਤੇ ਪੁਲਿਸ ਵਾਲੇ ਹਰ ਰੋਜ਼ ਜ਼ਬਰਦਸਤੀ ਕਰਦੇ ਹਨ। ਪੈਸਾ ਅਤੇ ਸਿਫਾਰਸ਼ ਤੋਂ ਸੱਖਣੇ ਲੋਕ ਜੇਲਾਂ ਵਿਚ ਜਿੰਦਗੀ ਬਰਬਾਦ ਕਰਵਾ ਲੈਂਦੇ ਹਨ। ਅਦਾਲਤਾਂ ਵਿਚੋਂ ਆਮ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ। ਅਜਿਹੇ ਕਾਰਜ ਕਾਨੂੰਨੀ ਬਲਾਤਕਾਰ ਹੀ ਮੰਨੇ ਜਾ ਸਕਦੇ ਹਨ।

ਭਾਰਤ 'ਤੇ ਹਮਲਾ ਕਰਨ ਵਾਲੇ ਮੁਹੰਮਦ ਬਿਨ ਕਾਸਿਮ ਤੋਂ ਲੈ ਕੇ ਤਕਰੀਬਨ ਇਕ ਹਜ਼ਾਰ ਸਾਲ ਤੱਕ ਲਗਾਤਾਰ ਬੜੀ ਬੇਰਹਿਮੀ ਨਾਲ ਆਮ ਲੋਕਾਂ 'ਤੇ ਬਲਾਤਕਾਰ ਹੀ ਤਾਂ ਹੁੰਦੇ ਰਹੇ ਹਨ। ਆਮ ਸਿਪਾਹੀਆਂ ਨੇ ਹਾਰੇ ਹੋਏ ਲੋਕਾਂ ਦੇ ਘਰਾਂ ਵਿਚ ਦਾਖਲ ਹੋ ਕੇ, ਜਿੱਥੇ ਆਪਣੀ ਕਾਮ ਭੁੱਖ ਪੂਰੀ ਕੀਤੀ। ਉਥੇ ਹਜਾਰਾਂ ਜਵਾਨ ਲੜਕੀਆਂ ਨੂੰ ਜਾਂਦੇ ਹੋਏ ਆਪਣੇ ਨਾਲ ਹੀ ਟੋਰ ਲੈ ਜਾਂਦੇ ਸਨ, ਜਿੰਦਗੀ ਭਰ ਉਹਨਾਂ ਬੇਬਸ ਔਰਤਾਂ ਦਾ ਮਾਸ ਨੋਚਣ ਲਈ। ਉਂਝ ਇਹ ਲੋਕ ਬੜੇ ਧਰਮੀ (ਮੋਮਨ) ਅਖਵਾਉਂਦੇ ਸਨ। ਪੰਜ ਵਖਤ ਨਿਵਾਜ਼ਾਂ ਜਰੂਰ ਪੜ੍ਹਦੇ ਸਨ। ਨਾਦਰਸ਼ਾਹ ਦਿੱਲੀ ਵਿਚ ਦਾਖਲ ਹੋਇਆ, ਜੇਤੂ ਦੇ ਰੂਪ ਵਿਚ। ਦਿੱਲੀ ਦਾ ਹਾਕਮ ਮੁਹੰਮਦਸ਼ਾਹ (ਰੰਗੀਲਾ) ਹਾਰ ਗਿਆ। ਰਾਜ ਕੁਮਾਰੀਆਂ ਅਤੇ ਸੁੰਦਰ ਅਮੀਰਜ਼ਾਦੀਆਂ ਨਾਦਰਸ਼ਾਹ ਨੇ ਸਭ ਬੰਨ੍ਹ ਮੰਗਵਾਈਆਂ। ਖੁਦ ਤਖਤ 'ਤੇ ਬਿਰਾਜਮਾਨ ਹੋ ਗਿਆ, ਸਾਰੀਆਂ ਨੂੰ ਨੱਚਣ ਗਾਉਣ ਦਾ ਹੁਕਮ ਦੇ ਦਿੱਤਾ। ਡਰੀਆਂ ਬੇਬਸ ਔਰਤਾਂ ਦੇਰ ਤੱਕ ਨੱਚਦੀਆਂ ਰਹੀਆਂ। ਕਾਫੀ ਸਮਾਂ ਲੰਘ ਜਾਣ ਤੋਂ ਮਗਰੋਂ ਨਾਦਰ ਨੇ ਸਾਰੀਆਂ ਨੂੰ ਨਿਰਬਸਤਰ ਹੋ

ਜਾਣ ਲਈ ਆਖ ਦਿਤਾ। ਰੋਂਦੀਆਂ ਵਿਲਕਦੀਆਂ ਨੇ ਸਾਰੇ ਕੱਪੜੇ ਉਤਾਰ ਦਿਤੇ। ਇਸੇ ਸ਼ਰਮਨਾਕ ਹਾਲਤ ਵਿਚ ਨੱਚਦੀਆਂ ਰਹੀਆਂ। ਨਾਦਰ ਨੇ ਆਪਣੀ ਤਲਵਾਰ ਮਿਆਨ ਵਿਚੋਂ ਕੱਢ ਕੇ ਅਪਣੇ ਇਕ ਬੰਨੇ ਰੱਖ ਲਈ, ਖੁਦ ਸੌਂ ਜਾਣ ਦਾ ਵਿਖਾਵਾ ਜਿਹਾ ਕਰਨ ਲੱਗ ਪਿਆ। ਅਹਿਲ ਸੁੱਤਿਆਂ ਵਾਂਗ ਕਾਫੀ ਦੇਰ ਲੰਮਾਂ ਪਿਆ ਰਿਹਾ। ਨਾਦਰ ਉਠਿਆ, ਆਪਣੇ ਸੇਵਕ ਸਿਪਾਹੀਆਂ ਨੂੰ ਅੰਦਰ ਬੁਲਾਇਆ। ਬੜਾ ਅਲੋਕਾਰ ਹੁਕਮ ਸੁਣਾ ਦਿਤਾ- ਇਹਨਾਂ ਸਾਰੀਆਂ ਬਦਜਾਤ ਔਰਤਾਂ ਨੂੰ ਕਤਲ ਕਰ ਦਿਉ। ਸਾਰੀਆਂ ਇਹ ਹੁਕਮ ਸੁਣ ਕੇ ਤੜਪ ਉਠੀਆਂ। ਨਾਦਰ ਤੋਂ ਜਾਨ ਬਖਸ਼ੀ ਲਈ ਤਰਲਾ ਕੀਤਾ। ਸਾਨੂੰ ਅਬਲਾਵਾਂ ਨੂੰ ਕਿਸ ਅਪਰਾਧ ਕਾਰਨ ਕਤਲ ਕਰ ਰਹੇ ਹੋ। ਨਾਦਰ ਗਰਜਿਆ, "ਮੈਂ ਤੁਹਾਨੂੰ ਅਪਮਾਨਤ ਕੀਤਾ ਤੁਸੀਂ ਸਹਿ ਲਿਆ। ਨੱਚਣ ਗਾਉਣ ਲਈ ਹੁਕਮ ਦਿਤਾ। ਤੁਸੀਂ ਸਿਰ ਸੁੱਟ ਕੇ ਸਵੀਕਾਰ ਕਰ ਲਿਆ। ਤੁਹਾਨੂੰ ਬਸਤਰ ਉਤਾਰ ਕੇ ਅਲਫ ਨੰਗੀਆਂ ਹੋਣ ਲਈ ਕਿਹਾ, ਤੁਸੀਂ ਕੱਪੜੇ ਉਤਾਰ ਦਿੱਤੇ, ਅੜੀ ਨਾ ਕੀਤੀ। ਮੈਂ ਨੰਗੀ ਤਲਵਾਰ ਪਾਸੇ ਰੱਖ ਕੇ ਕਿੰਨੀ ਦੇਰ ਸੁੱਤਾ ਰਿਹਾ, ਤੁਸੀਂ ਸਿਰ ਸੁੱਟ ਕੇ ਨੱਚਦੀਆਂ ਰਹੀਆਂ, ਇਕ ਸੌ ਔਰਤਾਂ ਵਿਚੋਂ ਕੋਈ ਇਕ ਭੀ ਅਜਿਹੀ ਦਲੇਰ ਨਾ ਨਿਕਲੀ ਕਿ ਮੇਰੀ ਹੀ ਤਲਵਾਰ ਚੁੱਕ ਕੇ ਮੇਰੇ 'ਤੇ ਵਾਰ ਕਰ ਦਿੰਦੀ। ਭਾਂਵੇ ਮੈਂ ਇੰਨੀ ਛੇਤੀ ਮਰਨ ਵਾਲਾ ਨਹੀਂ ਸੀ। ਬਚਣ ਦੇ ਪਹਿਲਾਂ ਹੀ ਬੰਦੋਬਸਤ ਕੀਤੇ ਹੋਏ ਸਨ। ਪਰ ਮੈਂ ਤੁਹਾਡੀ ਦਲੇਰੀ ਅਤੇ ਅਣਖ ਦੀ ਪਰਖ ਕਰਨਾ ਚਾਹੁੰਦਾ ਸੀ। ਤੁਸੀਂ ਸਾਰੀਆਂ ਔਰਤਾਂ ਇੰਨੀਆਂ ਕਾਇਰ ਹੋ, ਡਰਪੋਕ ਹੋ ਕਿ ਮੇਰੀ ਕਿਸੇ ਵਧੀਕੀ ਦਾ ਵਿਰੋਧ ਨਾ ਕਰ ਸਕੀਆਂ। ਮੈਨੂੰ ਇਕੱਲਾ ਜਾਣ ਜਾਂ ਸੁੱਤਾ ਵੇਖ ਕੇ ਹਮਲਾ ਕਰਨ ਦੀ ਜੁਅਰੱਤ ਤੱਕ ਨਾ ਕਰ ਸਕੀਆਂ। ਮੈਨੂੰ ਯਕੀਨ ਹੋ ਗਿਆ ਹੈ ਕਿ ਤੁਸੀਂ ਹੁਣ ਬਹਾਦਰ ਸੰਤਾਨ ਪੈਦਾ ਨਹੀਂ ਕਰ ਸਕੋਗੀਆਂ। ਬੁਜ਼ਦਿਲਾਂ ਦੀ ਔਲਾਦ ਬਹਾਦਰ ਨਹੀਂ ਹੋ ਸਕਦੀ। ਸਾਰੀਆਂ ਕਤਲ ਕਰ ਦਿੱਤੀਆਂ ਗਈਆਂ। ਕਿੰਨਾ ਭਿਆਨਕ ਬਲਾਤਕਾਰ ਸੀ, ਇਹ ਕੋਈ ਬਿਆਨ ਨਹੀਂ ਕਰ ਸਕਦਾ।

ਭਾਰਤ ਸਰਕਾਰ ਵਲੋਂ ਦਰਬਾਰ ਸਾਹਿਬ 'ਤੇ ਹਮਲਾ ਕਰਨਾ, ਅਕਾਲ ਤਖਤ ਦਾ ਢਹਿ ਢੇਰੀ ਕਰਨਾ, ਸਿੱਖ ਕੌਮ ਦਾ ਮਾਨਸਿਕ ਬਲਾਤਕਾਰ ਹੀ ਤਾਂ ਸੀ। ਇੰਦਰਾ ਗਾਂਧੀ ਦੀ ਮੌਤ ਮਗਰੋਂ ਦਿੱਲੀ ਅਤੇ ਹੋਰ ਕਈ ਸ਼ਹਿਰਾਂ ਵਿਚ ਜੋ ਵਹਿਸ਼ੀਆਨਾ ਸਲੂਕ ਸਿੱਖਾਂ ਨਾਲ ਕੀਤਾ ਗਿਆ ਕੀ ਉਹ ਸਮੂਹਕ ਬਲਾਤਕਾਰ ਨਹੀਂ ਸੀ? ਆਪਣੀ ਤਾਕਤ ਦੀਆਂ ਹੱਦਾਂ ਉਲੰਘ ਕੇ ਦੁਰਵਰਤੋਂ ਕਰਨੀ ਹੀ ਬਲਾਤਕਾਰ ਹੈ। ਇਸੇ ਤਰ੍ਹਾਂ ਜਦੋਂ ਔਰਤ ਮਨ ਕਰਕੇ ਤਿਆਰ ਨਾ ਹੋਵੇ, ਬੇਗਾਨਿਆਂ ਵਲੋਂ ਕੀਤਾ ਗਿਆ ਧੱਕਾ ਤਾਂ ਬਲਾਤਕਾਰ ਹੈ ਹੀ, ਸਗੋਂ ਜਿਸ ਨਾਲ ਉਹ ਵਿਆਹੀ ਹੋਈ ਹੈ,

ਉਸ ਵਲੋਂ ਕੀਤਾ ਗਿਆ ਜਬਰੀ ਸੈਕਸ ਭੀ ਬਲਾਤਕਾਰ ਦੀ ਸ਼੍ਰੇਣੀ ਵਿਚ ਆਉਂਦਾ ਹੈ। ਦੁਨੀਆਂ ਦੇ ਬਹੁਤ ਸਾਰੇ ਦੇਸ਼ਾਂ ਵਿਚ ਅਜਿਹੇ ਕਾਨੂੰਨ ਬਣ ਚੁੱਕੇ ਹਨ, ਕਿ ਪਤਨੀ-ਪਤੀ ਵਿਰੁੱਧ ਬਲਾਤਕਾਰ ਦਾ ਕੇਸ ਦਰਜ ਕਰਵਾ ਸਕਦੀ ਹੈ। ਖਾਸ ਕਰਕੇ ਅਗਰ ਨਾਬਾਲਗ ਹੋਵੇ, ਬਿਮਾਰ ਹੋਵੇ, ਗਰਭਵਤੀ ਹੋਵੇ ਜਾਂ ਕਿਸੇ ਤਰ੍ਹਾਂ ਦੀ ਪ੍ਰੇਸ਼ਾਨੀ ਵਿਚ ਹੋਵੇ, ਤਦੋਂ ਪਤੀ ਨੂੰ ਨੇੜੇ ਆਉਣ ਤੋਂ ਰੋਕਣ ਦਾ ਅਧਿਕਾਰ ਰੱਖਦੀ ਹੈ। ਪਰ ਬਹੁਤੇ ਮਾਮਲਿਆਂ ਵਿਚ ਪਤਨੀ ਆਪਣੇ ਪਤੀ ਨਾਲ ਝਗੜਾ ਨਹੀਂ ਕਰਨਾ ਚਾਹੁੰਦੀ। ਮਾਨਸਿਕ ਤੌਰ 'ਤੇ ਤਿਆਰ ਨਾਂ ਹੋਣ ਦੇ ਬਾਵਜੂਦ ਪਤਨੀ ਵਿਰੋਧ ਨਹੀਂ ਜਤਾਉਂਦੀ। ਜਿਸਦਾ ਇਕ ਕਾਰਨ ਇਹ ਭੀ ਹੈ ਕਿ ਮੇਰਾ ਪਤੀ ਕਿਤੇ ਨਰਾਜ ਹੋ ਕੇ ਬੇਗਾਨੀਆਂ ਔਰਤਾਂ ਦੇ ਚੱਕਰਾਂ ਵਿਚ ਨਾ ਪੈ ਜਾਵੇ।

ਬਹੁਤ ਸਾਰੇ ਲੇਖਕਾਂ ਨੇ ਬਿਨਾਂ ਤਜਰਬੇ ਤੋਂ ਲਿਖ ਧਰਿਆ ਹੈ ਕਿ ਜਾਨਵਰਾਂ ਵਿਚ ਜਬਰ ਜਿਨਾਹ ਨਹੀਂ ਹੁੰਦੇ, ਇਹ ਕੇਵਲ ਆਦਮੀ ਹੀ ਕਰਦੇ ਹਨ। ਅਜਿਹਾ ਕਹਿਣਾ ਜਾਂ ਲਿਖਣਾ ਸਰਾਸਰ ਗਲਤ ਹੈ। ਆਪਣੇ ਨਿੱਜੀ ਤਜਰਬੇ ਦੇ ਆਧਾਰ 'ਤੇ ਮੈਂ ਦਾਹਵਾ ਕਰ ਸਕਦਾ ਹਾਂ ਕਿ ਬਾਕੀ ਜੀਵਾਂ ਵਿਚ ਭੀ ਬਲਾਤਕਾਰ ਹੁੰਦੇ ਹਨ। ਪਰ ਉਥੇ ਕੋਈ ਕਾਨੂੰਨ ਨਹੀਂ, ਕਿਧਰੇ ਸੁਣਵਾਈ ਨਹੀਂ, ਕੋਈ ਦੁੱਖ ਦਰਦ ਵੰਡਾਉਣ ਵਾਲਾ ਨਹੀਂ। ਇਹ ਧੱਕਾ ਜਿਆਦਾ ਉਸ ਹਾਲਤ ਵਿਚ ਹੁੰਦਾ ਹੈ, ਜਿੱਥੇ ਮਾਦਾ ਸਰੀਰਕ ਪੱਖੋਂ ਕਮਜੋਰ ਹੋਵੇ। ਤਾਕਤਵਰ ਜੀਵ ਜਿੱਥੇ ਕਮਜੋਰ ਮਾਦਾਵਾਂ ਨਾਲ ਧੱਕਾ ਕਰਦੇ ਹਨ, ਉਥੇ ਉਮਰ ਵਿਚ ਬਾਲੜੀਆਂ ਮਾਦਾਵਾਂ ਨੂੰ ਭੀ ਨਹੀਂ ਬਖਸ਼ਦੇ। ਕਈ ਵਾਰ ਤਾਂ ਛੋਟੀ ਉਮਰ ਦੇ ਨਰ ਨਾਲ ਵੱਡੀ ਉਮਰ ਵਾਲੇ ਨਰ ਜੀਵ ਬਲਾਤਕਾਰ ਕਰ ਜਾਂਦੇ ਹਨ। ਉਮਰ ਵਿਚ ਛੋਟੇ ਜੀਵ ਕਈ ਵਾਰੀ ਇਸੇ ਕਾਰਨ ਮਰ ਜਾਂਦੇ ਹਨ।

ਦੁਨੀਆਂ ਭਰ ਵਿਚ ਉਤਨੇ ਬਲਾਤਕਾਰ ਬਾਲਗ ਇਸਤਰੀਆਂ ਨਾਲ ਨਹੀਂ ਹੁੰਦੇ, ਜਿੰਨੇ ਅੱਲੜ ਤੇ ਮਾਸੂਮ ਬਾਲੜੀਆਂ ਨਾਲ ਹੁੰਦੇ ਹਨ। ਸੰਨ 1940 ਦੀ ਰਿਪੋਰਟ ਅਨੁਸਾਰ ਅਮਰੀਕਾ ਵਿਚ ਤਿੰਨ ਪ੍ਰਤੀਸ਼ਤ ਨਾਬਾਲਗ ਬੱਚੀਆਂ ਜਬਰ ਦਾ ਸ਼ਿਕਾਰ ਹੋਈਆਂ, 1960 ਵਿਚ ਪੰਜ ਪ੍ਰਤੀਸ਼ਤ, 1970 ਵਿਚ ਗਿਆਰਾਂ ਪ੍ਰਤੀਸ਼ਤ ਅਤੇ 2006 ਵਿਚ 38 ਪ੍ਰਤੀਸ਼ਤ। ਇਹ ਪਾਪ ਇੰਨਾ ਵੱਧ ਗਿਆ ਹੈ ਕਿ ਇਸ ਵਕਤ ਅਮਰੀਕਾ ਵਿਚ ਹਰ ਪੰਜ ਬੱਚਿਆਂ ਵਿਚ ਦੋ ਬੱਚੇ ਨਾਜਾਇਜ਼ ਜਨਮਦੇ ਹਨ। ਭਾਰਤ ਵਿਚ 69 ਵਿਚੋਂ ਸਿਰਫ ਇਕ ਜਬਰ ਜਿਨਾਹ ਦਾ ਕੇਸ ਦਰਜ ਹੁੰਦਾ ਹੈ। ਇਹਨਾਂ ਸਾਹਮਣੇ ਆਏ ਜਿਸਮਾਨੀ ਸ਼ੋਸ਼ਣ ਦੇ ਕੇਸਾਂ ਵਿਚੋਂ 1993 ਵਿਚ 3393 ਨਾਬਾਲਗ ਬੱਚੀਆਂ ਨਾਲ ਬਲਾਤਕਾਰ ਹੋਏ। ਸੰਨ 1994 ਵਿਚ 3986, 1996 ਵਿਚ 4083, 1997 ਵਿਚ 4414 ਬੱਚੀਆਂ ਜਬਰ ਦਾ ਸ਼ਿਕਾਰ ਹੋਈਆਂ।

ਇਹਨਾਂ ਵਿਚ ਬਹੁਤੀਆਂ 8 ਸਾਲ ਤੋਂ ਭੀ ਘੱਟ ਉਮਰ ਦੀਆਂ ਸਨ। ਭਾਰਤ ਸਰਕਾਰ ਦੇ ਛਪੇ ਅੰਕੜਿਆਂ ਮੁਤਾਬਕ ਹਰ ਰੋਜ਼ 12 ਨਾਬਾਲਗ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਹੋ ਰਹੀਆਂ ਹਨ। ਇਹਨਾਂ ਵਿਚ ਦੋ ਸਾਲ ਤੋਂ ਘੱਟ ਉਮਰ ਦੀਆਂ ਬਾਲੜੀਆਂ ਭੀ ਹਨ। ਧਿਆਨ ਰਹੇ, ਇਹ ਸਿਰਫ ਉਹਨਾਂ ਕੇਸਾਂ ਦਾ ਜ਼ਿਕਰ ਹੈ ਜਿਹੜੇ ਸਾਹਮਣੇ ਆ ਗਏ, ਦਰਜ ਹੋ ਗਏ। ਅਸਲ ਗਿਣਤੀ ਜਾਣਨ ਲਈ 70 ਨਾਲ ਜਰਬ ਦਿਤੀ ਜਾ ਸਕਦੀ ਹੈ। ਬਹੁਤੀਆਂ ਹਾਲਤਾਂ ਵਿਚ ਬਲਾਤਕਾਰ ਕਰਨ ਵਾਲੇ ਪਾਪੀ ਮਨੁੱਖ ਲੜਕੀਆਂ ਦੇ ਨੇੜੇ ਤੇੜੇ ਦੇ ਰਿਸ਼ਤੇਦਾਰ ਹੀ ਹੁੰਦੇ ਹਨ। ਕਈ ਵਾਰ ਭੈਣ ਨਾਲ ਸਕਾ ਭਰਾ ਤੇ ਬੇਟੀ ਨਾਲ ਸਕਾ ਪਿਉ ਭੀ ਬਲਾਤਕਾਰ ਕਰਨੋਂ ਸ਼ਰਮ ਨਹੀਂ ਕਰਦੇ। (ਡਾ ਹਰਸ਼ਿੰਦਰ ਕੌਰ ਰੋਜ਼ਾਨਾ ਸਪੋਕਸਮੈਨ, 12 ਅਗਸਤ 2009)

ਦੁਨੀਆਂ ਵਿਚ ਧਰਮੀ ਹੋਣ ਦਾ ਢੰਡੋਰਾ ਪਿਟਣ ਵਾਲੇ ਅਣਗਿਣਤ ਸਾਧ ਜਿੱਥੇ ਚੋਰੀ ਛਿੱਪੇ ਪਰਾਈਆਂ ਔਰਤਾਂ ਨਾਲ ਕਾਮ ਸਬੰਧ ਸਥਾਪਤ ਕਰਦੇ ਹਨ। ਉਥੇ ਕਈ ਸਾਰੇ ਵੱਡੇ ਧਰਮੀ ਪੁਰਖ ਆਪਣੇ ਨਾਲ ਸੋਹਣੇ ਸੁਡੌਲ ਅੱਲੜ ਮੁੰਡੇ ਗੜਵਈ ਰੱਖਦੇ ਹਨ। ਜਦੋਂ ਹੋਰ ਕੋਈ ਦਾਅ ਨਾ ਲੱਗੇ, ਉਸ ਹਾਲਤ ਵਿਚ ਇਸ ਮੁੰਡੇ ਨਾਲ ਬਲਾਤਕਾਰ ਕਰ ਲੈਂਦੇ ਹਨ। ਇਹ ਬਿਮਾਰੀ ਇਸਾਈ ਸਾਧਾਂ ਵਿਚ ਭੀ ਹੈ। ਮੁਸਲਮਾਨ ਸਾਧਾਂ ਵਿਚ ਭੀ, ਹਿੰਦੂ ਸਾਧਾਂ ਵਿਚ ਭੀ ਤੇ ਸਿੱਖਾਂ ਦੇ ਸੰਤਾਂ ਸਾਧਾਂ ਵਿਚ ਭੀ। ਜਦੋਂ ਗੜਵਈ ਮੁੰਡਾ ਥੋੜਾ ਵੱਡਾ ਹੋ ਜਾਵੇ ਉਸ ਹਾਲਤ ਵਿਚ ਉਸ ਨੂੰ ਦੂਰ ਕਰ ਦਿੰਦੇ ਹਨ। ਕੋਈ ਹੋਰ ਕੱਚੀ ਕਰੂੰਬਲ ਫਾਹ ਲੈਂਦੇ ਹਨ। ਅਜਿਹੇ ਪਾਪ ਕਰਮਾਂ ਤੋਂ ਸਤਿਗੁਰੂ ਜੀ ਨੇ ਅਣਗਿਣਤ ਤਰੀਕੇ ਵਰਤ ਕੇ ਵਰਜਿਆ ਹੈ। ਇਹਨਾਂ ਪਾਪ ਕਰਮਾਂ ਦੇ ਭੈੜੇ ਨਤੀਜੇ ਸਾਹਮਣੇ ਰੱਖੇ ਹਨ। ਗੁਰੂ ਜੀ ਦੀ ਮਨਸਾ ਹੈ ਕਿ ਸਮਾਜ ਰਹਿਣ ਜੋਗਾ ਬਣ ਜਾਵੇ। ਸਾਰੇ ਪਾਪ ਕਰਮ ਖਤਮ ਹੋ ਜਾਣ। ਗ੍ਰਿਸਤੀ ਜਾਂ ਪ੍ਰਵਾਰਿਕ ਜਿੰਦਗੀ ਅਪਣਾਈ ਜਾਵੇ। ਦੁਸ਼ਟ ਕਰਮ ਬਾਰੇ ਗੁਰ ਫੁਰਮਾਨ ਪੜ੍ਹੋ-

ਸੁਇਨਾ ਰੂਪਾ ਸੰਚੀਐ, ਮਾਲੁ ਜਾਲੁ ਜੰਜਾਲ॥
ਸਭ ਜਗ ਮਹਿ ਦੋਹੀ ਫੇਰੀਐ, ਬਿਨੁ ਨਾਵੈ ਸਿਰਿ ਕਾਲੁ॥
ਪਿੰਡ ਪੜੈ ਜੀਉ ਖੇਲਸੀ, "ਬਦਫੈਲੀ" ਕਿਆ ਹਾਲ॥ (63)

ਹੇ ਭਾਈ! ਮਨੁੱਖ ਜੁਲਮ ਕਰਕੇ, ਲੋਕਾਂ ਦੇ ਹੱਕ ਮਾਰ ਕੇ ਸੋਨਾ ਚਾਂਦੀ ਇਕੱਤਰ ਕਰਦਾ ਹੈ। ਫਿਰ ਉਸੇ ਜਾਲ ਵਿਚ ਖੁਦ ਹੀ ਫਸ ਜਾਂਦਾ ਹੈ। ਆਲੇ ਦੁਆਲੇ ਆਪਣੇ ਹੀ ਨਾਮ ਦੇ ਡੰਕੇ ਵਜਾਉਂਦਾ ਹੈ। ਪਰ ਨਿਰੰਕਾਰ ਦੀ ਯਾਦ ਤੋਂ ਬਿਨਾਂ ਚੰਗੇ ਜੀਵਨ ਤੋਂ ਬਗੈਰ ਮਾਨੋ ਇਨਸਾਨ ਕਾਲ ਦਾ ਹੀ ਗਰਾਸ ਹੈ। ਅੰਤਲੇ ਸਮੇਂ ਸਰੀਰ ਇਥੇ ਰਹਿ ਜਾਂਦਾ ਹੈ ਤੇ ਜੀਵ ਖੇਲ ਵਰਤਾ ਕੇ ਉਡਾਰੀ ਮਾਰ ਜਾਂਦਾ ਹੈ। ਪਰ ਧਿਆਨ ਰਹੇ

ਬਦਫੈਲੀਆਂ, ਧੱਕੇਸ਼ਾਹੀਆਂ ਜਾਂ ਬਲਾਤਕਾਰ ਕਰਨ ਵਾਲੇ ਨੂੰ ਸਦਾ ਫਿਟਕਾਰਾਂ ਪੈਂਦੀਆਂ ਰਹਿਣਗੀਆਂ। ਕੁਕਰਮੀ ਬੰਦਿਆਂ ਨੂੰ ਨਿਰੰਕਾਰ ਆਦਰ ਨਹੀਂ ਦੇਵੇਗਾ।

ਹਰਿ ਰੁੱਖੀ ਰੋਟੀ ਖਾਇ ਸਮਾਲੇ ॥ ਹਰਿ ਅੰਤਰਿ ਬਾਹਰਿ ਨਦਰਿ ਨਿਹਾਲੇ ॥
ਖਾਇ ਖਾਇ ਕਰੇ "ਬਦਫੈਲੀ", ਜਾਣੁ ਵਿਸੂ ਕੀ ਵਾੜੀ ਜੀਉ ॥ (105)

ਹੇ ਭਾਈ! ਹੋਛੇ ਸੁਆਦਾਂ ਨਾਲੋਂ ਸਾਦਗੀ ਵਾਲੀ ਰੁਖੀ ਸੁੱਖੀ ਰੋਟੀ ਬਹੁਤ ਚੰਗੀ ਹੈ। ਜੋ ਜੀਵ ਸਾਦਗੀ ਵਿਚ ਰਹਿੰਦਾ ਹੈ, ਉਸ ਦਾ ਤਨ ਅਤੇ ਮਨ ਬਿਮਾਰੀਆਂ ਅਤੇ ਵਿਕਾਰਾਂ ਤੋਂ ਬਚਿਆ ਰਹਿੰਦਾ ਹੈ। ਅਜਿਹਾ ਵਿਅਕਤੀ ਹਰ ਥਾਂ ਨਿਰੰਕਾਰ ਨੂੰ ਜਰੂਰ ਵੇਖਦਾ ਹੈ। ਇਸੇ ਕਾਰਨ ਬੁਰੇ ਕੰਮ ਨਹੀਂ ਕਰਦਾ। ਜੋ ਮੂਰਖ਼ ਇਨਸਾਨ ਸੁਆਦਾਂ ਵਿਚ ਗਰਕ ਹੋ ਕੇ ਦੂਜਿਆਂ ਦੇ ਹੱਕ ਮਾਰਦੇ ਹਨ। ਘਿਰਣਤ ਪਾਪ ਬਲਾਤਕਾਰ ਤੱਕ ਕਰ ਜਾਂਦੇ ਹਨ। ਸਮਝੋ ਉਹਨਾਂ ਆਪਣੇ ਜੀਵਨ ਨੂੰ ਜਹਿਰ ਨਾਲ ਮਾਰ ਲਿਆ। ਆਲੇ ਦੁਆਲੇ ਜਹਿਰ ਦੀ ਖੇਤੀ ਬੀਜ ਰਹੇ ਹਨ।

"ਬਦਫੈਲੀ" ਗੈਬਾਨਾ ਖਸਮੁ ਨ ਜਾਣਈ ॥ ਸੋ ਕਹੀਐ ਦੇਵਾਨਾ ਆਪੁ ਨ ਪਛਾਣਈ ॥(142)

ਹੇ ਭਾਈ! ਪਾਪ ਵਾਲੇ ਰਾਹ ਪਿਆ ਮਨੁੱਖ ਨਿਰੰਕਾਰ ਨੂੰ ਵਿਸਾਰ ਦਿੰਦਾ ਹੈ ਤੇ ਹਰ ਕੰਮ ਵਿਚ ਜ਼ੋਰ ਜਬਰ ਕਰਦਾ ਹੈ। ਆਪਣੇ ਆਪੇ ਬਾਰੇ ਬੇਖਬਰ ਲੋਕ ਪਾਗਲਾਂ ਵਾਂਗ ਵਿਹਾਰ ਕਰਦੇ ਹਨ। ਜਾਨਵਰਾਂ ਵਰਗਾ ਜੀਵਨ ਜਿਉਂਦੇ ਹਨ। ਮਨੁੱਖਾ ਜਿੰਦਗੀ ਨੂੰ ਬੇਕਾਰ ਗਵਾ ਲੈਂਦੇ ਹਨ।

ਗਰਬੰਤਿ ਨਾਰੀ ਮਦੋ ਨ ਮਤੰ ॥ ਬਲਵੰਤ ਬਲਾਤ ਕਾਰਣਹ ॥
ਚਰਨ ਕਮਲ ਨਹ ਭਜੰਤ ਤ੍ਰਿਣ ਸਮਾਨਿ ਧ੍ਰਿਗੁ ਜਨਮਨਹ ॥ (1359)

ਹੇ ਨਾਸਮਝ ਮਨੁੱਖ! ਤੂੰ ਆਪਣੀ ਤਾਕਤ ਕਾਰਨ ਹੰਕਾਰਿਆ ਫਿਰਦਾ ਹੈਂ। ਕਿਸੇ ਕਮਜ਼ੋਰ ਤੇ ਰਹਿਮ ਨਹੀਂ ਕਰਦਾ ਸਗੋਂ ਹਰ ਥਾਂ ਧੱਕਾ ਕਰਦਾ ਹੈਂ। ਅਪਣੇ ਬਲ ਦੀ ਦੀ ਦੁਰਵਰਤੋਂ ਕਰਨੀ ਪਾਪ ਹੈ, ਬਲਾਤਕਾਰ ਹੈ। ਨਿਰੰਕਾਰ ਦੇ ਚਰਨਾਂ ਨਾਲ ਸੁਰਤੀ ਨਹੀਂ ਜੋੜਦਾ। ਚੰਗਿਆਈ ਤੋਂ ਬਗੈਰ ਤੇਰਾ ਜੀਵਨ ਲਾਹਣਤ ਹੈ, ਫਿਟਕਾਰ ਹੈ, ਜੰਮਿਆ ਕਾਹਦੇ ਲਈ ਸੀ ?

ਸੋ ਪਾਠਕਾਂ ਨੇ ਪੜ੍ਹ ਲਿਆ ਹੈ ਕਿ ਗੁਰਬਾਣੀ ਕਿਸੇ ਉਤੇ ਧੱਕਾ ਕਰਨ ਦੀ ਆਗਿਆ ਨਹੀਂ ਦਿੰਦੀ। ਜਿੱਥੇ ਔਰਤਾਂ ਨਾਲ ਅਜਿਹਾ ਪਾਪ ਕਰਮ ਅਤਿਅੰਤ ਬੁਰਾ ਹੈ, ਉਥੇ ਬਾਕੀ ਕਮਜ਼ੋਰ ਧਿਰਾਂ 'ਤੇ ਭੀ ਆਪਣੀ ਨਾਜਾਇਜ਼ ਧੌਂਸ ਜਮਾਉਣੀ ਸਤਿਗੁਰੂ ਜੀ ਨੂੰ ਚੰਗੀ ਨਹੀਂ ਲਗਦੀ। ਗੁਰਬਾਣੀ ਵਿਚ ਬਦਫੈਲੀ ਸ਼ਬਦ ਤਿੰਨ ਵਾਰੀ ਤੇ ਬਲਾਤਕਾਰ ਇਕ ਵਾਰੀ ਆਇਆ ਹੈ।

ਵਿਧਵਾ ਹੋਣ ਦਾ ਸੰਤਾਪ

ਭਾਰਤੀ ਸਮਾਜ ਵਿਚ ਵਿਧਵਾ ਇਸਤਰੀ ਦੀ ਜ਼ਿੰਦਗੀ ਅਤਿਅੰਤ ਦੁਖਦਾਈ ਹੈ। ਮੌਤ ਇਕੋ ਵਾਰੀ ਦੁੱਖ ਦਿੰਦੀ ਹੈ, ਪਰ ਵਿਧਵਾ ਇਸਤਰੀ ਨੂੰ ਅਣਗਿਣਤ ਵਾਰੀ ਨਿੱਤ ਮਰਨਾ ਪੈਂਦਾ ਹੈ। ਕੋਈ ਜਮੀਨ ਜਾਇਦਾਦ ਉਸ ਦੇ ਨਾਮ ਨਹੀਂ ਹੁੰਦੀ। ਘਰ, ਰੁਪਿਆ ਪੈਸਾ ਉਸ ਦਾ ਆਪਣਾ ਨਹੀਂ। ਵਿਦਿਅਕ ਯੋਗਤਾ ਨਾਂਹ ਦੇ ਬਰਾਬਰ। ਨੌਕਰੀ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਘਰੋਂ ਬਾਹਰ ਨਿਕਲਣਾ ਮੁਹਾਲ। ਚਾਰੇ ਪਾਸੇ ਵੱਢ ਖਾਣੀਆਂ ਨਜ਼ਰਾਂ ਪਿੱਛਾ ਕਰ ਰਹੀਆਂ ਹੁੰਦੀਆਂ ਨੇ। ਸ਼ੁਰੂਆਤੀ ਜਿੰਦਗੀ ਵਕਤ ਘਰੋਂ ਬਾਹਰ ਨਾ ਜਾਣ ਕਰਕੇ, ਬਾਹਰ ਦੇ ਮਾਹੌਲ ਬਾਰੇ ਤਜ਼ਰਬਾ ਘੱਟ। ਕਈ ਵਾਰੀ ਸਾਈਕਲ, ਸਕੂਟਰ ਜਾਂ ਕਾਰ ਚਲਾ ਸਕਣ ਤੋਂ ਅਣਜਾਣ। ਸਮਾਜਕ ਬਣਤਰ ਵਿਚ ਔਰਤ ਇਕ ਵੇਲ ਨਿਆਈਂ ਹੈ ਤੇ ਮਰਦ ਮਜ਼ਬੂਤ ਰੁੱਖ ਵਾਂਗ ਇਸ ਇਸਤਰੀ ਵੇਲ ਨੇ ਅਗਰ ਉਚੀ ਹੋਣਾ ਹੈ ਤਾਂ ਮਨੁੱਖ ਰੂਪੀ ਰੁੱਖ ਦੇ ਸਹਾਰੇ। ਇਉਂ ਭੀ ਤਾਂ ਕਿਹਾ ਜਾ ਸਕਦਾ ਹੈ ਕਿ ਪੁਰਸ਼ ਔਰਤ ਲਈ ਰੀੜ ਦੀ ਹੱਡੀ ਹੈ। ਅਗਰ ਇਹ ਰੀੜ ਦੀ ਹੱਡੀ ਨਾਂ ਹੋਵੇ ਤਾਂ ਧਰਤੀ 'ਤੇ ਘਿਸੜ ਕੇ ਚੱਲਣ ਵਾਲੇ ਜੀਵਾਂ ਦੀ ਨਿਆਂਈ, ਔਰਤ ਦੀ ਜਿੰਦਗੀ ਖਲੋ ਜਾਂਦੀ ਹੈ। ਨਿੱਘਰ ਜਾਂਦੀ ਹੈ, ਬੇਚੈਨ ਅਤੇ ਬੇਰਸ ਹੋ ਜਾਂਦੀ ਹੈ। ਹਰ ਹਾਲਤ ਵਿਚ ਉਸਨੂੰ ਮਰਦ ਦਾ ਸਹਾਰਾ ਪ੍ਰਵਾਨ ਕਰਨਾ ਹੀ ਪਵੇਗਾ। ਪੁਰਸ਼ ਇਕੱਲੇ ਜਾਂ ਛੜੇ ਰਹਿ ਜਾਣ ਤਾਂ ਪ੍ਰਵਾਨ ਕੀਤੇ ਜਾ ਸਕਦੇ ਹਨ, ਇਸਤਰੀ ਲਈ ਇਕੱਲੀ ਰਹਿਣਾ ਸਖਤ ਮਨ੍ਹਾ ਹੈ।

ਵਿਧਵਾ ਇਸਤਰੀ ਕਲੰਕਣੀ ਬਣਾ ਦਿੱਤੀ ਜਾਂਦੀ ਹੈ। ਅਭਾਗਣ ਆਖ ਕੇ ਤ੍ਰਿਸਕਾਰ ਕੀਤਾ ਜਾਂਦਾ ਹੈ। ਪਿਛਲੇ ਜਨਮਾਂ ਵਿਚ ਕੀਤੇ ਪਾਪਾਂ ਦੀ ਸਜਾ ਭੋਗਣ ਆਈ ਦਾ ਢੰਡੋਰਾ ਪਿਟ ਦਿੱਤਾ ਜਾਂਦਾ ਹੈ। ਆਪਣੇ ਖਸਮ ਨੂੰ ਖਾ ਜਾਣ ਵਾਲੀ ਚੁੜੇਲ ਜਾਂ ਡਾਇਣ ਆਖ ਕੇ ਦੁਰਕਾਰਿਆ ਜਾਂਦਾ ਹੈ। ਸਮਾਜ ਨੇ ਅਤੇ ਪਰਿਵਾਰ ਨੇ ਉਸ ਨਾਲ ਹਮਦਰਦੀ ਤਾਂ ਕੀ ਕਰਨੀ ਸੀ ਸਗੋਂ ਵਿਧਵਾ ਦੇ ਸਿਰ ਉਤੇ ਦੁੱਖਾਂ ਦਾ ਹੋਰ ਭਾਰ ਲੱਦਿਆ ਜਾਂਦਾ ਹੈ। ਵਿਧਵਾ ਔਰਤ ਕਿਸੇ ਖੁਸ਼ੀ ਵਾਲੇ ਸਮਾਗਮ ਵਿਚ ਖੁਸ਼ੀ ਨਹੀਂ ਮਨਾ ਸਕਦੀ। ਉਸ ਲਈ ਹੱਸਣਾ ਮਨ੍ਹਾ ਹੈ। ਚੰਗੇ ਬਸਤਰ ਪਾਉਣੇ ਅਧਰਮ ਹੈ। ਸ਼ਿੰਗਾਰ ਵਗੈਰਾ ਕਰਨਾ ਪਾਪ ਹੈ। ਚੰਗਾ ਖਾਣਾ ਉਸ ਲਈ ਜਹਿਰ ਹੈ। ਜਦੋਂ ਕਿਤੇ ਸਮਾਜਕ ਰਸਮਾਂ ਰੀਤਾਂ ਨਿਭਾਉਣ ਦਾ ਵਕਤ ਆਉਂਦਾ ਹੈ ਤਾਂ ਵਿਧਵਾ ਨੂੰ ਪਾਸੇ ਕਰ ਦਿੱਤਾ ਜਾਂਦਾ ਹੈ। ਕਈ ਵਾਰੀ ਤਾਂ ਆਪਣੇ ਧੀਆਂ-ਪੁੱਤਰਾਂ ਦੇ ਸ਼ਗਨ ਮਨਾਉਣ ਤੋਂ ਭੀ ਵਿਰਵੀ ਕਰ ਦਿੱਤੀ ਜਾਂਦੀ ਹੈ ਕਿਉਂਕਿ ਵਿਧਵਾ "ਕਲੰਕਨੀ" ਜੁ ਹੈ। ਇਸ ਦਾ ਕਲੰਕ ਕਿਸੇ ਦੂਜੇ ਨੂੰ ਭੀ ਲੱਗ ਸਕਦਾ ਹੈ।

ਭਾਰਤ ਦੇ ਕਈ ਸੂਬਿਆਂ ਵਿਚ ਅੱਜ ਤਾਂਈ ਬਾਲ ਵਿਆਹ ਕਰ ਦੇਣ ਦੀ ਪ੍ਰਥਾ ਧੜੱਲੇ ਨਾਲ ਚੱਲ ਰਹੀ ਹੈ। ਕਈ ਥਾਂਵਾਂ 'ਤੇ ਦੁੱਧ ਚੁੰਘਦੇ ਮਾਸੂਮ ਬੱਚੇ-ਬੱਚੀਆਂ ਦੇ ਵਿਆਹ ਕਰ ਦਿੱਤੇ ਜਾਂਦੇ ਹਨ। ਕਿਸੇ ਕਾਰਨ ਲੜਕੇ ਦੀ ਮੌਤ ਹੋ ਜਾਣ ਦੀ ਸੂਰਤ ਵਿਚ, ਨਿੱਕੀ ਜਿਹੀ ਮਾਸੂਮ ਜਿੰਦ ਬੱਚੀ ਨੂੰ ਵਿਧਵਾ ਹੋਣ 'ਤੇ ਸਫੇਦ ਬਸਤਰ ਪੁਆ ਦਿੱਤੇ ਜਾਂਦੇ ਹਨ। ਸਿਰ ਦੇ ਕੇਸ ਕੱਟ ਦਿੱਤੇ ਜਾਂਦੇ ਹਨ। ਉਸ ਦਾ ਬਾਹਰ ਨਿਕਲਣਾ ਬੰਦ ਕਰ ਦਿੱਤਾ ਜਾਂਦਾ ਹੈ। ਘਰ ਦੇ ਇਕ ਛੋਟੇ ਜਿਹੇ ਕੋਨੇ ਵਿਚ ਉਸਨੂੰ ਰੱਖਿਆ ਜਾਂਦਾ ਹੈ। ਪੇਕੇ ਘਰ ਜਾਣ ਦੀ ਆਗਿਆ ਨਹੀਂ ਮਿਲਦੀ। ਮਾਤਾ ਪਿਤਾ ਅਗਰ ਮਿਲਣਾ ਚਾਹੁਣ ਤਾਂ ਵਿਚਕਾਰ ਕੱਪੜਾ ਤਾਣ ਕੇ, ਪਰਦੇ ਵਿਚ ਮਿਲਦੇ ਹਨ। ਜਿਤਨੀ ਦੇਰ ਤੱਕ ਪਰਿਵਾਰ ਘਰ ਵਿਚ ਹੋਵੇ, ਵਿਧਵਾ ਲੜਕੀ ਆਪਣੇ ਆਪ ਨੂੰ ਲੁਕਾ ਕੇ ਬੈਠੀ ਰਹੇਗੀ। ਜਦੋਂ ਮਰਦ ਮੈਂਬਰ ਕੰਮਾਂ 'ਤੇ ਚਲੇ ਜਾਣ ਤਾਂ ਇਹ ਸਾਰੇ ਘਰ ਦੀ ਸਫਾਈ ਕਰਦੀ ਹੈ। ਦਾਲ ਸਬਜੀ ਬਣਾਉਂਦੀ ਹੈ। ਕੱਪੜੇ ਧੋਂਦੀ ਹੈ। ਪਰ ਖਾਣਾ ਸਾਰਿਆਂ ਤੋਂ ਘਟੀਆ ਮਿਲਦਾ ਹੈ। ਪੁਰਸ਼ ਮੈਂਬਰਾਂ ਦੇ ਵਾਪਸ ਆਉਣ 'ਤੇ, ਵਿਧਵਾ ਫਿਰ ਆਪਣੇ ਘੁਰਨੇ ਵਿਚ ਲੁਕ ਕੇ ਬੈਠ ਜਾਂਦੀ ਹੈ। ਆਪਣੀ ਜਿੰਦਗੀ ਵਿਚ ਕੋਈ ਤਬਦੀਲੀ ਨਹੀਂ ਕਰ ਸਕਦੀ। ਇਨਸਾਨ ਅਖਵਾਉਣ ਵਾਲੇ ਲੋਕ ਪੰਜਾਹ ਸਾਲ ਜਾਂ ਸੌ ਸਾਲ ਤੱਕ, ਏਹੀ ਜੁਲਮ ਬਿਨਾਂ ਰੋਕ ਲਗਾਤਾਰ ਕਰਦੇ ਹਨ। ਇਕ ਬੇਬਸ ਇਨਸਾਨ ਨੂੰ ਨਾ ਮਰਨ ਦਿੰਦੇ ਹਨ, ਨਾ ਜਿਉਣ ਦਿੰਦੇ ਹਨ। ਹਰ ਰੋਜ਼ ਤਸੀਹੇ ਦਿੰਦੇ ਹਨ।

ਆਮ ਹਾਲਤਾਂ ਵਿਚ ਔਰਤਾਂ ਦੇ ਨਾਮ 'ਤੇ ਜ਼ਮੀਨ ਨਹੀਂ ਹੁੰਦੀ। ਬੈਂਕ ਖਾਤਾ ਉਸ ਦੇ ਨਾਮ ਨਹੀਂ ਹੁੰਦਾ। ਕਮਾਈ ਵਾਲਾ ਕੋਈ ਕਿੱਤਾ ਨਹੀਂ ਸਿੱਖੀ ਹੁੰਦੀ। ਪਤੀ ਦੀ ਮੌਤ ਤੋਂ ਮਗਰੋਂ ਚਾਰੇ ਪਾਸੇ ਅੰਧਕਾਰ ਹੀ ਪ੍ਰਤੀਤ ਹੁੰਦਾ ਹੈ। ਘਰੋਂ ਬਾਹਰ ਜਾ ਕੇ ਕੰਮ ਕਰਨ ਦੀ ਇਜਾਜ਼ਤ ਨਹੀਂ ਹੁੰਦੀ। ਵਿਧਵਾ ਦੀ ਕਮਜ਼ੋਰ ਸਥਿਤੀ ਦਾ ਨਾਜਾਇਜ਼ ਫਾਇਦਾ ਉਠਾਉਣ ਵਾਲੇ ਸਦਾ ਹਾਬੜਿਆਂ ਵਾਂਗ ਆਲੇ-ਦੁਆਲੇ ਘੇਰਾ ਪਾਈ ਰੱਖਦੇ ਹਨ। ਇਮਾਨ ਤੇ ਅਡੋਲ ਖਲੋਤੀ 'ਤੇ ਭੀ ਆਚਰਣ ਹੀਣਤਾ ਦੇ ਇਲਜ਼ਾਮ ਲਾਏ ਜਾਂਦੇ ਹਨ। ਜੇ ਥੋੜੀ ਬਹੁਤ ਜ਼ਮੀਨ ਪਤੀ ਦੇ ਮਰਨ 'ਤੇ ਪਤਨੀ ਨੂੰ ਮਿਲ ਜਾਵੇ ਤਾਂ ਦਿਉਰ, ਜੇਠ, ਸ਼ਰੀਕਾ ਕਬੀਲਾ ਉਸ 'ਤੇ ਕਬਜਾ ਜਮਾ ਲੈਂਦੇ ਹਨ। ਥਾਣਿਆਂ-ਕਚਹਿਰੀਆਂ ਵਿਚ ਇਕੱਲੀ ਕਾਰੀ ਔਰਤ ਨਹੀਂ ਜਾ ਸਕਦੀ। ਜੇ ਕਿਸੇ ਜਾਣ-ਪਛਾਣ ਵਾਲੇ ਆਦਮੀ ਦੀ ਸਹਾਇਤਾ ਲਵੇ ਤਾਂ ਬਦਨਾਮ ਕੀਤੀ ਜਾਂਦੀ ਹੈ। ਜਿਸ ਲੜਕੀ ਦਾ ਪੇਕਾ ਪਰਿਵਾਰ ਕਮਜ਼ੋਰ ਹੋਵੇ, ਔਖੇ ਵਕਤ ਧੀ ਦੀ ਬਾਂਹ ਨਾਂ ਫੜ ਸਕੇ, ਉਸ ਬੀਬੀ ਦਾ ਜੀਵਨ ਬਦ ਤੋਂ ਬਦਤਰ ਹੋ ਜਾਂਦਾ ਹੈ।

ਆਪਣੇ ਆਲੇ-ਦੁਆਲੇ ਵਾਪਰ ਰਹੇ ਹਾਲਾਤਾਂ ਨੂੰ ਬੀਬੀਆਂ ਚੰਗੀ ਤਰ੍ਹਾਂ ਵੇਖ

ਪਰਖ ਰਹੀਆਂ ਹੁੰਦੀਆਂ ਹਨ। ਜਦੋਂ ਕਿਸੇ ਵਿਧਵਾ ਨੂੰ ਦੂਜੇ ਆਦਮੀ ਦੇ ਲੜ ਲਾਇਆ ਜਾਂਦਾ ਹੈ, ਉਦੋਂ ਹਾਣ ਪਰਵਾਣ ਜਾਂ ਰੂਪ ਰੰਗ ਨਹੀਂ ਵੇਖਿਆ ਜਾਂਦਾ। ਜਿਵੇਂ ਕਿਵੇਂ ਰੋਂਦਿਆਂ ਵਿਲਕਦਿਆਂ ਨੂੰ ਇਕ ਦੂਜੇ ਨਾਲ ਨਰੜ ਦਿੱਤਾ ਜਾਂਦਾ ਹੈ। ਕਿਸੇ ਇਕ ਥਾਂ ਵਾਪਰੇ ਅਜਿਹੇ ਹਾਦਸੇ ਨੂੰ ਵੇਖ ਕੇ ਛੋਟੀਆਂ ਬੱਚੀਆਂ ਅਪਣੇ ਮਨ ਨੂੰ ਇਸ ਤਰ੍ਹਾਂ ਦੁੱਖ ਝੱਲਣ ਲਈ ਤਿਆਰ ਕਰਨਾ ਸ਼ੁਰੂ ਕਰ ਦਿੰਦੀਆਂ ਹਨ। ਵਿਧਵਾ ਲਈ ਸਮਾਜ ਵਿਚ ਕੇਵਲ ਦੋ ਹੀ ਰਾਹ ਹਨ, "ਦੂਸਰਾ ਖਸਮ" ਜਾਂ "ਮੌਤ"। ਵਿਧਵਾ ਔਰਤ ਦੇ ਦਰਦ ਨੂੰ ਗੁਰਬਾਣੀ ਵਿਚ ਬਹੁਤ ਥਾਂਈਂ ਅੰਕਿਤ ਕੀਤਾ ਗਿਆ ਹੈ। ਪੜ੍ਹੋ ਗੁਰਵਾਕ-

ਸਤਿਗੁਰੂ ਪੂਛਿ ਨ ਮਾਰਗਿ ਚਾਲੀ, ਸੂਤੀ ਰੈਣਿ ਵਿਹਾਣੀ॥
ਨਾਨਕ ਬਾਲਤਣਿ ਰਾਡੇਪਾ, ਬਿਨੁ ਪਿਰ ਧਨ ਕੁਮਲਾਣੀ॥ (763)

ਹੇ ਜੀਵ ਇਸਤਰੀ! ਤੂੰ ਸਤਿਗੁਰੂ ਤੋਂ ਜ਼ਿੰਦਗੀ ਦਾ ਸੁਚੱਜਾ ਰਾਹ ਨਾ ਪੁੱਛਿਆ। ਆਪਣੀ ਅਗਿਆਨਤਾ ਨੂੰ ਹੀ ਚੰਗਾ ਜਾਣਦਿਆਂ ਜਿੰਦਗੀ ਬਰਬਾਦ ਕਰ ਦਿੱਤੀ। ਜਿਵੇਂ ਭਰ ਜੋਬਨ ਵਿਚ ਕੋਈ ਇਸਤਰੀ ਵਿਧਵਾ ਹੋ ਕੇ ਜਿੰਦਗੀ ਭਰ ਸੁਖੀ ਨਹੀਂ ਰਹਿ ਸਕਦੀ, ਇਸੇ ਤਰ੍ਹਾਂ ਨਿਰੰਕਾਰ ਤੋਂ ਵਿਛੜਿਆਂ ਦੀ ਜਿੰਦਗੀ ਦੁੱਖਾਂ ਵਿਚ ਬੀਤਦੀ ਹੈ।

ਜਿਉ ਤਨ ਵਿਧਵਾ ਪਰ ਕਉ ਦੇਈ॥ ਕਾਮਿ ਦਾਮਿ ਚਿਤੁ ਪਰ ਵਸਿ ਸੇਈ॥
ਬਿਨੁ ਪਿਰ ਤ੍ਰਿਪਤਿ ਨ ਕਬਹੂ ਹੋਈ॥ (226)

ਹੇ ਭਾਈ! (ਜੀਵ ਇਸਤਰੀ) ਜਿਵੇਂ ਵਿਧਵਾ ਔਰਤ ਵਾਸਨਾ ਪੂਰਤੀ ਵਾਸਤੇ ਆਪਣਾ ਆਪਾ ਪਰਾਏ ਮਰਦ ਨੂੰ ਸੌਂਪ ਦਿੰਦੀ ਹੈ। ਉਹ ਭਾਂਵੇ ਵਕਤੀ ਸੁੱਖ ਤਾਂ ਮਾਣ ਲਵੇ, ਪਰ ਪਰਾਂਏ ਮਨੁੱਖ ਦੇ ਅਧੀਨ ਹੋ ਜਾਂਦੀ ਹੈ। ਇਸ ਬੁਰਾਈ ਨੂੰ ਛੱਡਣੀ ਚਾਹ ਕੇ ਭੀ ਫਿਰ ਛੱਡ ਨਹੀਂ ਸਕਦੀ। ਅਸਲੀ ਸੁੱਖ ਤਾਂ ਜੀਵਨ ਸਾਥੀ ਪਤੀ ਕੋਲੋਂ ਹੀ ਮਿਲ ਸਕਦਾ ਹੈ। ਪਰਾਏ ਪੁਰਖਾਂ ਕੋਲੋਂ ਨਹੀਂ। ਇਸੇ ਤਰ੍ਹਾਂ ਸਿੱਖ ਨੂੰ ਗੁਰੂ ਪ੍ਰਤੀ ਵਫਾਦਾਰ ਰਹਿਣਾ ਚਾਹੀਦਾ ਹੈ।

ਆਪਣੇ ਸਮੇਂ ਦੇ ਚਰਚਿਤ ਕਵੀ ਸ਼ਿਵ ਕੁਮਾਰ ਨੇ ਅਜੋੜ ਵਿਆਹ ਦੇ ਵਿਰੁੱਧ "ਲੂਣਾ" ਨਾਮੀ ਕਾਵਿ ਵਿਚ ਬੜਾ ਵਿਸਥਾਰ ਨਾਲ ਔਰਤ ਦੇ ਦਰਦ ਨੂੰ ਬਿਆਨ ਕੀਤਾ ਹੈ। ਰਾਜੇ ਸਲਵਾਨ ਨੇ ਬੁੱਢਾ ਹੋ ਕੇ ਭੀ ਜੁਆਨ ਔਰਤਾਂ ਧਿੰਗਜੋਰੀ ਲਿਆਉਣੀਆਂ ਜਾਰੀ ਰਖੀਆਂ। ਜਿਨ੍ਹਾਂ ਵਿਚੋਂ ਇਕ ਅਤਿ ਸੁੰਦਰ ਔਰਤ ਲੂਣਾ ਸੀ। ਰਾਜੇ ਸਲਵਾਨ ਦਾ ਪੁੱਤਰ ਪੂਰਨ (ਬਾਅਦ ਵਿਚ ਇਸ ਨੂੰ ਪੂਰਨ ਭਗਤ ਆਖਿਆ ਗਿਆ) ਲੂਣਾ ਦੇ ਹਾਣ ਦਾ ਸੀ। ਲੂਣਾ ਨੇ ਉਸ ਵਿਚ ਦਿਲਚਸਪੀ ਲੈਣੀ ਸ਼ੁਰੂ ਕਰ ਦਿਤੀ। ਪੂਰਨ ਨੇ ਹਾਮੀ ਨਾ ਭਰੀ। ਇਲਜਾਮ ਲੱਗੇ। ਪੂਰਨ ਨੂੰ ਮੌਤ ਦੀ

ਸਜਾ ਦਿਤੀ ਗਈ, ਪਰ ਬਚ ਗਿਆ। ਲੂਣਾ ਨੂੰ ਬਦਨਾਮ ਕੀਤਾ ਗਿਆ। ਪੜ੍ਹੋ ਸ਼ਿਵ ਕੁਮਾਰ ਦੀ ਕਵਿਤਾ-

ਪਿਤਾ ਜੇ ਧੀ ਦਾ ਰੂਪ ਹੰਡਾਵੇ, ਤਾਂ ਲੋਕਾਂ ਨੂੰ ਲਾਜ ਨਾ ਆਵੇ।
ਜੇ ਲੂਣਾ ਪੂਰਨ ਨੂੰ ਚਾਹਵੇ, ਚਰਿਤਰ ਹੀਣ ਕਿਉਂ ਕਹੇ ਜੀਭ ਜਹਾਨ ਦੀ?
ਚਰਿੱਤਰਹੀਣ ਤਾਂ ਤਾਂ ਕੋਈ ਆਖੇ। ਜੇ ਕਰ ਲੂਣਾ ਵੇਚੇ ਹਾਸੇ।
ਜੇਕਰ ਹਾਣ ਨਾ ਲੱਭਣ ਮਾਪੇ, ਹਾਣ ਲੱਭਣ ਵਿਚ ਗੱਲ ਕੀ ਹੈ ਅਪਮਾਨ ਦੀ?

ਇਸੈ ਤਰ੍ਹਾਂ ਮਿਰਜ਼ਾ ਸਾਹਿਬਾਂ ਦੇ ਕਿੱਸੇ ਵਿੱਚ ਕਵੀ ਨੇ ਪੂਰੀ ਔਰਤ ਜਾਤ ਦਾ ਅਪਮਾਨ ਕੀਤਾ ਹੈ। ਅਜਿਹੇ ਕਿੱਸੇ ਸਦੀਆਂ ਤੱਕ ਸਟੇਜਾਂ 'ਤੇ ਗਾਏ ਜਾਂਦੇ ਰਹੇ ਹਨ ਤੇ ਸ਼ਾਇਦ ਗਾਏ ਜਾਂਦੇ ਰਹਿਣਗੇ। ਲੋਕੀਂ ਸੁਣ ਕੇ ਔਰਤਾਂ ਪ੍ਰਤੀ ਆਪਣੇ ਮਨ ਵਿਚ ਨਫ਼ਰਤ ਪਾਲ ਲੈਂਦੇ ਹਨ। ਪੜ੍ਹੋ ਕਵੀ ਦੀ ਰਚਨਾ-

ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ।
ਹੱਸ ਹੱਸ ਲਾਉਂਦੀਆਂ ਯਾਰੀਆਂ, ਰੋ ਰੋ ਦਿੰਦੀਆਂ ਦੱਸ।

ਵਾਰਿਸ ਸ਼ਾਹ ਕਵੀ ਨੇ ਭੀ ਕੋਈ ਘੱਟ ਨਹੀਂ ਗੁਜ਼ਾਰੀ, ਜਦੋਂ ਲਿਖਦਾ ਹੈ-

ਵਾਰਿਸ ਰੰਨ ਫਕੀਰ ਤਲਵਾਰ ਘੋੜਾ, ਚਾਰੇ ਥੋਕ ਕਿਸੇ ਦੇ ਯਾਰ ਨਹੀਂ।

ਇਕ ਹੋਰ ਕਵੀ ਪੀਲੂ ਨੇ ਭੀ ਔਰਤ ਨੂੰ ਹੀ ਗੁਨਾਹਗਾਰ ਥਾਪਿਆ ਹੈ। ਪੜ੍ਹੋ-

ਹੁੰਦੇ ਆਏ ਨੇ ਰੰਨਾਂ ਦੇ ਧੁਰੋਂ ਕਾਰੇ, ਲੰਕਾ ਵਿਚ ਤਾਂ ਰਾਵਣ ਕੁਹਾਇ ਦਿੱਤਾ।
ਰਾਜੇ ਭੋਜ ਦੇ ਮੂੰਹ ਲਗਾਮ ਦਿੱਤੀ, ਅੱਡੀਆਂ ਮਾਰ ਕੇ ਹੋਸ਼ ਭੁਲਾਇ ਦਿੱਤਾ।

ਔਰਤ ਦੀ ਗਲਤੀ ਭਾਵੇਂ ਕੋਈ ਨਾ ਹੋਵੇ, ਪਰ ਕਮਜ਼ੋਰ ਅਵਸਥਾ ਵਿੱਚ ਹੋਣ ਕਰ ਕੇ ਸਾਰੇ ਗੁਨਾਹ ਉਸੇ ਦੇ ਸਿਰ ਮੜ੍ਹ ਦਿੱਤੇ ਜਾਂਦੇ ਹਨ। ਆਦਮੀ ਵਾਸਤੇ "ਵਿਧਵਾ" ਵਰਗਾ ਕਲੰਕਤ ਸ਼ਬਦ ਹੀ ਨਹੀਂ ਘੜਿਆ ਗਿਆ ਕਿਉਂਕਿ ਆਦਮੀ ਤਾਂ ਇਕ ਪਤਨੀ ਦੇ ਹੁੰਦਿਆਂ, ਆਪਣੀ ਹੈਸੀਅਤ ਮੁਤਾਬਕ ਹੋਰ ਜਿੰਨੀਆਂ ਦਿਲ ਚਾਹੇ ਔਰਤਾਂ ਘਰ ਵਿਚ (ਜਾਂ ਬਾਹਰ) ਰੱਖ ਸਕਦਾ ਹੈ। ਵਿਧਵਾ ਵਰਗਾ ਸ਼ਬਦ ਤਦੋਂ ਜੁੜੇ ਜੇ ਸੱਚਮੁੱਚ ਕਦੀ ਰੰਡਾ ਹੋ ਜਾਵੇ। ਸਤਿਗੁਰੂ ਦੀ ਵਿਚਾਰਧਾਰਾ ਨਾਲ ਭਾਵੇਂ ਸਤੀ ਵਰਗੀ ਪਾਪ ਕਿਰਿਆ ਤਾਂ ਘੱਟ ਗਈ। ਪਰ ਵਿਧਵਾ ਹੋਈ ਔਰਤ ਨੂੰ ਦੁਬਾਰਾ ਵਿਆਹ ਕਰਾਉਣ ਵਿਚ ਬੇਅੰਤ ਮੁਸ਼ਕਲਾਂ ਆਉਣ ਕਰ ਕੇ, ਵਿਧਵਾ ਦਾ ਵਿਆਹ ਮਕਬੂਲ ਨਾ ਹੋ ਸਕਿਆ। ਅਜਿਹੀਆਂ ਦੁਖੀ ਔਰਤਾਂ ਹੀਣ ਭਾਵਨਾ ਦਾ ਸ਼ਿਕਾਰ ਹੋ ਜਾਂਦੀਆਂ ਹਨ। ਇਸੇ ਲਈ ਵਹਿਮਾਂ ਭਰਮਾਂ, ਜਾਦੂ ਮੰਤਰਾਂ, ਭੂਤਾਂ ਪ੍ਰੇਤਾਂ ਤੋਂ ਛੁਟਕਾਰਾ ਪਾਉਣ ਲਈ ਕਈ ਤਰ੍ਹਾਂ ਦੇ ਉਹੜ ਪੋਹੜ ਕਰਦੀਆਂ ਵੇਖੀਆਂ ਜਾ ਸਕਦੀਆਂ ਹਨ। ਕਾਸ਼ ਗੁਰੂ ਕੇ ਅਖਵਾਉਣ ਵਾਲੇ ਔਰਤ ਦੇ ਦਰਦ ਨੂੰ ਸਮਝਣ ਜੋਗੇ ਹੋ ਜਾਣ।

ਸਤੀਆਂ (ਔਰਤਾਂ ਦਾ ਕਤਲ)

ਪਿੱਛੇ ਬਿਆਨ ਕੀਤਾ ਗਿਆ ਹੈ ਕਿ ਪਤੀ ਤੋਂ ਬਿਨਾਂ ਪਤਨੀ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਜਾਂਦੀ ਹੈ। ਆਲੇ ਦੁਆਲੇ ਵਿਧਵਾ ਔਰਤਾਂ ਦੀ ਮੰਦੀ ਜੂਨ ਨੂੰ ਵੇਖ ਕੇ ਆਮ ਜਨਾਨੀਆਂ ਆਪਣੇ ਮਨ ਨੂੰ ਤਿਆਰ ਕਰਨਾ ਸ਼ੁਰੂ ਕਰ ਦਿੰਦੀਆਂ ਸਨ, ਕਿ ਜੋ ਦੁਰਗਤ ਵਿਧਵਾਵਾਂ ਦੀ ਕੀਤੀ ਜਾ ਰਹੀ ਹੈ। ਅਗਰ ਅਜਿਹੀ ਘਟਨਾ ਸਾਡੇ ਨਾਲ ਵਾਪਰੇ ਤਾਂ ਸਤੀ ਹੋ ਜਾਣਾ ਬੇਹਤਰ ਰਹੇਗਾ। ਬਜਾਏ ਇਸਦੇ ਕਿ ਲੰਮਾ ਸਮਾਂ ਤੜਪ ਤੜਪ ਕੇ ਮਰਿਆ ਜਾਵੇ। ਪੁਜਾਰੀ (ਧਰਮ ਮੁਖੀ) ਟੋਲਿਆਂ ਨੇ ਔਰਤ ਦਾ ਪਤੀ ਨਾਲ ਚਿਖਾ ਵਿਚ ਸੜ ਕੇ ਮਰਨਾ "ਪਵਿੱਤਰ ਧਰਮ ਕਾਰਜ" ਗਰਦਾਨ ਦਿੱਤਾ। ਮਰ ਗਏ ਪਤੀ ਦਾ ਸਿਰ ਆਪਣੇ ਪੱਟਾਂ 'ਤੇ ਰੱਖ ਕੇ, ਚਿਖਾ ਵਿਚ ਬੈਠ ਕੇ ਅਗਨੀ ਵਿਚ ਸੜ ਮਰਨ ਨੂੰ ਸਤੀ ਜਾਂ ਸਤਵੰਤੀ ਆਖ ਕੇ ਸਲਾਹਿਆ ਗਿਆ। ਇਸ ਦੇ ਪਿਛੋਕੜ ਵਿਚ ਪ੍ਰਵਾਰ ਅਤੇ ਪੁਜਾਰੀ ਦੀ ਮਿਲੀ ਭੁਗਤ ਹੁੰਦੀ ਸੀ। ਮਰ ਗਏ ਵਿਅਕਤੀ ਦੀ ਜ਼ਮੀਨ ਜਾਇਦਾਦ ਦਾ ਕੋਈ ਹੋਰ ਹੱਕਦਾਰ ਨਾ ਰਹਿ ਜਾਵੇ। ਬਿਨਾਂ ਰੋਕ ਟੋਕ ਤੋਂ ਜ਼ਮੀਨ ਪ੍ਰਵਾਰ ਸਾਂਭ ਲਵੇ। ਪੁਜਾਰੀ ਆਪਣੀ ਦਾਨ ਦੱਛਣਾ ਲੈ ਕੇ, ਧਰਮ ਦੀ ਮੋਹਰ ਲਾ ਦੇਵੇ।

ਭਾਰਤ ਦੇ ਅਣਗਿਣਤ ਥਾਵਾਂ 'ਤੇ "ਸਤੀਆਂ" ਦੇ ਮੰਦਰ ਬਣੇ ਹੋਏ ਹਨ। ਉਨ੍ਹਾਂ ਵਿਚ ਬੇਅੰਤ ਲੋਕੀਂ ਪੂਜਾ ਕਰਨ ਜਾਂਦੇ ਹਨ। ਪੁਜਾਰੀਆਂ ਨੂੰ ਬੇਅੰਤ ਧਨ ਪ੍ਰਾਪਤ ਹੋ ਜਾਂਦਾ ਹੈ। ਅਚੇਤ ਰੂਪ ਵਿਚ ਹੋਰ ਬਹੁਤ ਸਾਰੀਆਂ ਔਰਤਾਂ ਦੇ ਮਨ ਵਿਚ "ਸਤੀਆਂ" ਦੇ ਹੱਕ ਵਿਚ ਜਜ਼ਬਾ ਪੈਦਾ ਹੋ ਜਾਂਦਾ ਹੈ। ਜੇ ਕੱਲ੍ਹ ਨੂੰ ਕਿਸੇ ਇਸਤਰੀ ਦਾ ਪਤੀ ਮਰ ਜਾਵੇ ਤਾਂ ਉਹ ਝੱਟ ਪੱਟ ਸਤੀ ਹੋਣ ਦਾ ਨਿਰਣਾ ਕਰ ਲੈਂਦੀ ਹੈ। ਅਗਲੇ ਜਨਮ ਵਿਚ ਪਤੀ ਨੂੰ ਪਾ ਲੈਣ ਦਾ ਯਕੀਨ ਦੁਆਇਆ ਜਾਂਦਾ ਹੈ। ਸਦੀਵਕਾਲ ਵਾਸਤੇ ਸਵਰਗ ਦੇ ਸੁੱਖਾਂ ਦਾ ਸਬਜ਼ ਬਾਗ ਵਿਖਾਇਆ ਜਾਂਦਾ ਹੈ। ਵਿਧਵਾ ਹੋ ਕੇ ਜੀਵਤ ਰਹਿਣ ਦੇ ਭਿਆਨਕ ਤਸੀਹੇ ਝੱਲਣ ਨਾਲੋਂ ਇਕੋ ਦਿਨ ਅੱਗ ਵਿਚ ਸੜ ਕੇ ਸਤੀ ਹੋ ਜਾਣਾ ਕਿਤੇ ਬੇਹਤਰ ਸਮਝਿਆ ਜਾਂਦਾ ਹੈ। "ਮਹਾਨ ਭਾਰਤ" ਭੂਮੀ ਵਿਚ ਸਤੀਆਂ ਦੇ ਮੜ੍ਹ ਤਾਂ ਬਹੁਤ ਮਿਲ ਜਾਣਗੇ, ਪਰ ਚਿਰਾਗ ਲੈ ਕੇ ਭੀ ਪਤਨੀ ਨਾਲ ਸਤੀ ਹੋਏ ਪਤੀ ਦੀ ਯਾਦਗਾਰ ਨਹੀਂ ਲੱਭੇਗੀ। ਪਤੀ ਨੂੰ ਮਰਨ ਦੀ ਕੀ ਲੋੜ ਹੈ ? ਉਸ ਲਈ ਸਮਾਜ ਵਿਚ ਉਸੇ ਤਰ੍ਹਾਂ ਸਤਿਕਾਰ ਕਾਇਮ ਹੈ। ਪਤਨੀ ਦੀ ਚਿਖਾ ਠੰਢੀ ਹੋਣ ਤੋਂ ਪਹਿਲਾਂ ਹੀ ਉਹ ਹੋਰ ਪਤਨੀ ਆਪਣੇ ਘਰ ਲੈ ਆਉਂਦਾ

ਹੈ।

ਪੰਜਾਬੀ ਟ੍ਰਿਬਿਊਨ ਵਿਚ 6-8-2000 ਨੂੰ ਛਪੀ ਖ਼ਬਰ ਮੁਤਾਬ ਮੱਧ ਪ੍ਰਦੇਸ਼ ਦੇ ਪੰਨਾ ਜ਼ਿਲ੍ਹੇ ਦੇ ਇਕ ਪਿੰਡ ਵਿਚ ਇਕ 65 ਸਾਲ ਦੀ ਔਰਤ ਸਤੀ ਹੋ ਕੇ ਮਰ ਗਈ। ਪਿੰਡ ਵਾਲਿਆਂ ਨੇ ਪੁਲਿਸ ਨੂੰ ਇੱਟਾਂ ਰੋੜੇ ਮਾਰ ਕੇ ਭਜਾ ਦਿੱਤਾ ਜਾਂ ਇਉਂ ਕਹਿ ਲਉ ਕਿ ਪੁਲਿਸ ਵਾਲੇ ਇਸ ਪਾਪ ਕਰਮ ਵਿਚ ਸ਼ਾਮਿਲ ਸਨ। ਰਾਜਸਥਾਨ ਵਿਚਲੇ ਕੀਕਰ ਜ਼ਿਲ੍ਹੇ ਦੇ ਇਕ ਹਸਪਤਾਲ ਵਿਚ ਮਾਨ ਸਿੰਘ ਨਾਮ ਦਾ ਇਕ ਨੌਜੁਆਨ ਮਰ ਗਿਆ। ਉਸ ਦੀ ਸੋਲਾਂ ਸਾਲ ਦੀ ਨਾਬਾਲਗ ਪਤਨੀ ਰੂਪ ਕੰਵਰ ਨੂੰ ਪਤੀ ਦੀ ਚਿਖਾ ਵਿਚ ਜਲਾ ਦਿੱਤਾ ਗਿਆ। 4-9-1987 ਦੀ ਟਾਈਮਜ਼ ਆਫ਼ ਇੰਡਿਆ ਅੰਗਰੇਜ਼ੀ ਅਖਬਾਰ ਵਿਚ ਖ਼ਬਰ ਛਾਪੀ ਗਈ ਕਿ ਰੂਪ ਕੰਵਰ ਨੇ ਖੁਦ ਸਤੀ ਹੋਣਾ ਪ੍ਰਵਾਨ ਕੀਤਾ ਸੀ। ਜਦੋਂ ਕਿ ਇਹ ਕੋਰਾ ਝੂਠ ਸੀ। ਬਾਅਦ ਦੀਆਂ ਖੋਜਾਂ ਨੇ ਸਾਬਤ ਕੀਤਾ ਕਿ ਉਸ ਨੂੰ ਜਬਰਨ ਚਿਖਾ ਵਿਚ ਸੁੱਟਿਆ ਗਿਆ। ਉਹ ਚੀਕਾਂ ਮਾਰਦੀ ਹੱਥ ਛੁਡਾ ਕੇ ਰੋਂਦੀ ਹੋਈ ਨੱਸਣਾ ਚਾਹੁੰਦੀ ਸੀ। ਮਾਨ ਸਿੰਘ ਦੇ ਪਿੰਡ ਦਿਵਰਾਲਾ ਵਿਚ ਔਰਤਾਂ ਦੀ ਪੜਤਾਲੀਆ ਟੀਮ ਨੂੰ ਪਿੰਡ ਵਾਸੀਆਂ ਨੇ ਫਿਰ ਮਾਰਿਆ ਕੁੱਟਿਆ। ਪੁਲਿਸ ਨੇ ਪੜਤਾਲੀਆਂ ਮੈਂਬਰ ਇਸਤਰੀਆਂ ਦੀ ਰਾਖੀ ਨਾ ਕੀਤੀ। ਇਹ ਕੇਸ ਸੁਪ੍ਰੀਮ ਕੋਰਟ ਤੱਕ ਗਿਆ। ਪਰ ਗਵਾਹੀਆਂ ਦੀ ਘਾਟ ਦਾ ਬਹਾਨਾ ਲਾ ਕੇ, ਸਾਰੇ ਨਾਮਜਦ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਗਿਆ।

ਸਤੀ ਪ੍ਰਥਾ ਦੇ ਵਿਰੁਧ ਅਕਬਰ ਬਾਦਸ਼ਾਹ ਨੇ ਭੀ ਹੁਕਮ ਕੱਢਿਆ ਸੀ, ਪਰ ਲਾਗੂ ਨਹੀਂ ਹੋਇਆ। ਸੰਨ 1829 ਵਿਚ ਅੰਗਰੇਜ਼ਾਂ ਨੇ ਭੀ ਇਕ ਕਾਨੂੰਨ ਰਾਹੀਂ ਸਤੀ ਪ੍ਰਥਾ ਨੂੰ ਅਪ੍ਰਾਧ ਐਲਾਨਿਆ ਸੀ, ਪਰ ਇਸ 'ਤੇ ਭੀ ਪੂਰਾ ਅਮਲ ਨਹੀਂ ਹੋਇਆ। ਸੰਨ 1854 ਵਿਚ ਪੁਰੀ ਦੇ ਸੰਕਰਾ ਚਾਰੀਆ ਦੇ ਹੁਕਮ ਨਾਲ, ਸੁੱਕੇ ਦਰਖਤ ਦੇ ਖੋਲ ਵਿਚ ਬੰਦ ਕਰ ਕੇ, ਮੰਦਰ ਦੇ ਨੇੜੇ ਇਕ ਇਸਤਰੀ ਸਾੜ ਕੇ ਮਾਰ ਦਿੱਤੀ ਗਈ, ਜਿਸ ਦੇ ਪੇਟ ਵਿਚ ਬੱਚਾ ਭੀ ਸੀ। ਸੰਨ 15-7-1856 ਨੂੰ ਅੰਗਰੇਜ਼ ਸਰਕਾਰ ਨੇ ਫਿਰ ਸਤੀ ਵਿਰੋਧੀ ਸਖਤ ਕਾਨੂੰਨ ਪਾਸ ਕੀਤਾ। ਭਾਰਤ ਦੇ ਸੰਵਿਧਾਨ ਵਿਚ ਭੀ ਸਤੀ ਪ੍ਰਥਾ ਅਪ੍ਰਾਧ ਮੰਨੀ ਗਈ ਹੈ, ਸਜ਼ਾ ਯੋਗ ਹੈ, ਪਰ ਅਜੇ ਭੀ ਵਿਧਵਾਵਾਂ ਨੂੰ ਸਤੀ ਕੀਤਾ ਜਾ ਰਿਹਾ ਹੈ। ਗੁਰੂ ਸਾਹਿਬਾਨ ਨੇ ਇਸ ਪਾਪ ਕਰਮ ਦੇ ਵਿਰੋਧ ਵਿਚ ਜ਼ੋਰਦਾਰ ਆਵਾਜ਼ ਉਠਾਈ ਸੀ। ਰਾਜਸੀ ਸ਼ਕਤੀ ਦੀ ਅਣਹੋਂਦ ਕਾਰਨ ਇਸ 'ਤੇ ਭੀ ਅਮਲ ਨਹੀਂ ਹੋਇਆ। ਸਗੋਂ ਬਹੁਤ ਸਾਰੇ ਸਿੱਖ ਰਾਜਿਆਂ ਨਾਲ ਉਨ੍ਹਾਂ ਦੀਆਂ ਰਾਣੀਆਂ ਨੂੰ ਸਤੀਆਂ ਕੀਤਾ ਗਿਆ। ਮਹਾਰਾਜਾ ਰਣਜੀਤ ਸਿੰਘ ਦੀ ਮੌਤ 'ਤੇ ਉਸ ਦੇ ਨਾਲ ਕਈ ਰਾਣੀਆਂ ਸੜ ਮੋਈਆਂ ਜਾਂ ਸਾੜ ਦਿੱਤੀਆਂ

ਗਈਆਂ। ਅਤੀ ਨਿਰਦਈ ਸਤੀ ਦੀ ਧਾਰਮਕ ਐਲਾਨੀ ਰਸਮ ਨੂੰ ਸਤਿਗੁਰੂ ਜੀ ਨੇ ਪੂਰੀ ਬੇਬਾਕੀ ਨਾਲ ਨਿੰਦਿਆ। ਜਿੱਥੇ ਪ੍ਰਚਾਰ ਲਈ ਜਾਂਦੇ ਅਜਿਹੇ ਮੰਦੇ ਕੰਮਾਂ ਤੋਂ ਵਰਜਦੇ। ਵਿਧਵਾ ਔਰਤਾਂ ਨੂੰ ਦੁਬਾਰਾ ਵਿਆਹੁਣ ਦੀ ਪ੍ਰੇਰਨਾ ਕਰਦੇ। ਗੁਰਬਾਣੀ ਵਿਚ ਅਜਿਹੇ ਕੀਮਤੀ ਉਪਦੇਸ਼ ਪੜ੍ਹ ਕੇ ਸਿੱਖਾਂ ਵਿਚੋਂ ਇਸ ਪਾਪ ਕਰਮ ਨੂੰ ਬਾਕੀ ਭਾਰਤੀ ਲੋਕਾਂ ਨਾਲੋਂ ਘਟਿਆ ਹੋਇਆ ਵੇਖਿਆ ਜਾ ਸਕਦਾ ਹੈ। ਗੁਰਬਾਣੀ ਫੁਰਮਾਨ ਪੜ੍ਹੋ-

ਸਤੀਆ ਏਹਿ ਨ ਆਖੀਅਨਿ, ਜੋ ਮੜਿਆ ਲਗਿ ਜਲੰਨ੍ਹਿ ॥
ਨਾਨਕ ਸਤੀਆ ਜਾਣੀਅਨਿ, ਜਿ ਬਿਰਹੇ ਚੋਟ ਮਰੰਨ੍ਹਿ ॥
ਭੀ ਸੋ ਸਤੀਆ ਜਾਣੀਅਨਿ, ਸੀਲ ਸੰਤੋਖਿ ਰਹੰਨ੍ਹਿ ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮਾਲੰਨ੍ਹਿ ॥ (787)

ਹੇ ਪੁੱਤਰੀ! ਉਹ ਔਰਤ ਅਸਲ ਸਤੀ (ਨੇਕ) ਨਹੀਂ ਹੈ ਜੋ ਪਤੀ ਦੀ ਚਿਖਾ ਵਿਚ ਪਤੀ ਦੇ ਨਾਲ ਸੜ ਕੇ ਮਰ ਜਾਂਦੀ ਹੈ। ਜੇ ਸੱਚਮੁੱਚ ਪਤੀ ਮਰਨ ਦਾ ਡਾਹਢਾ ਦੁੱਖ ਹੋਵੇ ਤਾਂ ਪਤੀ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਪਤਨੀ ਦੀ ਮੌਤ ਹੋ ਜਾਣੀ ਚਾਹੀਦੀ ਹੈ। ਪਤੀ ਦੀ ਮੌਤ ਕਾਰਨ ਪਤਨੀ ਨੂੰ ਬਹੁਤ ਦੁੱਖ ਸਹਿਣੇ ਪੈਂਦੇ ਹਨ। ਉਨ੍ਹਾਂ ਦਾ ਮਰਨਾ ਜ਼ਰੂਰੀ ਨਹੀਂ, ਸਗੋਂ ਸੰਜਮ ਵਾਲਾ ਸੰਤੋਖੀ ਜੀਵਨ ਬਿਤਾਉਣਾ ਹੀ ਅਸਲੀ ਸਤੀ ਹੋਣ ਦੇ ਬਰਾਬਰ ਹੈ। ਜਦੋਂ ਪਤੀ ਦੀ ਯਾਦ ਸਤਾਵੇ ਉਸ ਵਕਤ ਨਿਰੰਕਾਰ ਨੂੰ ਯਾਦ ਕਰਨ, ਆਪਣੇ ਮਨ 'ਤੇ ਕਾਬੂ ਰੱਖਣ। ਹੋਰ ਪੜ੍ਹੋ-

ਕਲਿਜੁਗ ਮਹਿ ਮਿਲਿ ਆਏ ਸੰਜੋਗ ॥ ਜਿਚਰੁ ਆਗਿਆ ਤਿਚਰੁ ਭੋਗਹਿ ਭੋਗ ॥
ਜਲੈ ਨ ਪਾਈਐ ਰਾਮ ਸਨੇਹੀ ॥ ਕਿਰਤਿ ਸੰਜੋਗਿ ਸਤੀ ਉਠਿ ਹੋਈ ॥ ਰਹਾਉ ॥
ਦੇਖਾ ਦੇਖੀ ਮਨ ਹਠਿ ਜਲਿ ਜਾਈਐ ॥ ਪ੍ਰਿਅ ਸੰਗੁ ਨ ਪਾਵੈ ਬਹੁ ਜੋਨਿ ਭਵਾਈਐ ॥
ਸੀਲ ਸੰਜਮਿ ਪ੍ਰਿਅ ਆਗਿਆ ਮਾਨੈ ॥ ਤਿਸੁ ਨਾਰੀ ਕਉ ਦੁਖੁ ਨ ਜਮਾਨੈ ॥
ਕਹੁ ਨਾਨਕ ਜਿਨਿ ਪ੍ਰਿਉ ਪਰਮੇਸਰੁ ਕਰਿ ਜਾਨਿਆ ॥
ਧੰਨੁ ਸਤੀ ਦਰਗਹ ਪਰਵਾਨਿਆ ॥ (185)

ਹੇ ਪੁੱਤਰੀ! ਇਸ ਕਲਜੁਗ ਮੰਨੇ ਜਾਂਦੇ ਸਮੇਂ ਵਿਚ ਸੰਜੋਗ ਵਸ ਪਤੀ ਪਤਨੀ ਦੇ ਸਬੰਧ ਜੁੜ ਗਏ। ਨਿਰੰਕਾਰ ਦੇ "ਹੁਕਮ" ਵਿਚ ਜਿਤਨਾ ਸਮਾਂ ਪ੍ਰਾਪਤ ਹੋਇਆ, ਦੋਵਾਂ ਨੇ ਸੁੱਖ ਮਾਣੇ। ਅਗਰ ਪਤੀ ਦੀ ਮੌਤ ਹੋ ਜਾਵੇ ਤਾਂ ਉਸ ਦੀ ਚਿਖਾ ਵਿਚ ਸੜ ਕੇ ਨਹੀਂ ਮਰਨਾ। ਜਲ ਕੇ ਮਰਨ ਨਾਲ ਪਰਮਾਤਮਾ ਨਹੀਂ ਮਿਲਦਾ। ਦੇਖਾ ਦੇਖੀ ਦਾ ਪਰਭਾਵ ਜਾਂ ਸਮਾਜਕ ਦਬਾਉ ਕਾਰਨ ਵਿਧਵਾ ਇਸਤਰੀ ਸਦੀ ਹੋ ਜਾਂਦੀ ਹੈ, ਜੋ ਕਿ ਜਾਇਜ਼ ਨਹੀਂ ਹੈ। ਪੁਰਾਣੇ ਚਲੇ ਆ ਰਹੇ ਸੰਕਲਪਾਂ ਕਾਰਨ ਜਾਂ ਧਰਮ

ਮੁਖੀਆਂ ਅਤੇ ਪ੍ਰਵਾਰ ਦੀ ਪ੍ਰੇਰਨਾ ਕਾਰਨ ਔਰਤ ਸਤੀ ਹੋਣਾ ਧਾਰ ਲੈਂਦੀ ਹੈ। ਮਨ ਦੇ ਹੱਠ ਕਾਰਨ ਜਾਂ ਲੋਕਾਂ ਨੂੰ ਵੇਖ ਵੇਖ ਕੇ, ਕਿੰਨੀਆਂ ਹੀ ਔਰਤਾਂ ਸੜ ਕੇ ਜਾਨ ਗਵਾ ਚੁੱਕੀਆਂ ਹਨ। ਇਸ ਤਰ੍ਹਾਂ ਸੜਨ ਨਾਲ ਕਿਤੇ ਪਤੀ ਨਾਲ ਮਿਲਾਪ ਥੋੜ੍ਹਾ ਈ ਹੋ ਜਾਣਾ ਹੈ। ਮਾਨੋ ਇਕ ਭਟਕਣਾ ਹੈ, ਮੁਕਤੀ ਨਹੀਂ ਹੈ। ਅਸਲੀ ਸਤੀ ਹੋਣਾ ਹੈ ਸੰਜਮ ਵਾਲਾ ਜੀਵਨ ਬਤੀਤ ਕਰਨਾ। ਜੀਵਤ ਪਤੀ ਦੀ ਆਗਿਆਕਾਰੀ ਹੋਣਾ। ਉਹ ਇਸਤਰੀ ਗੁਣਵਾਨ ਹੈ, ਨੇਕ ਜੀਵਨ ਵਾਲੀ ਹੈ, ਉਹ ਆਪਣੇ ਦੁੱਖਾਂ 'ਤੇ ਕਾਬੂ ਪਾ ਲੈਂਦੀ ਹੈ। ਆਪਣੇ ਸਾਰੇ ਫ਼ਰਜ਼ ਪੂਰੇ ਕਰਦੀ ਹੈ। ਜਿਸ ਇਸਤ੍ਰੀ ਨੇ ਪਰਮਾਤਮਾ ਨੂੰ ਸੱਚਾ ਪਤੀ (ਮਾਲਕ) ਮੰਨ ਲਿਆ, ਸਮਝੋ ਉਹ ਅਸਲੀ ਸਤੀ ਹੈ। ਧੰਨਤਾ ਦੇ ਜੋਗ ਹੈ, ਨਿਰੰਕਾਰ ਦੇ ਦਰਬਾਰ ਵਿਚ ਉਸ ਨੂੰ ਹੀ ਸਤਿਕਾਰ ਮਿਲੇਗਾ।

ਇਕ ਹਿੰਦੂ ਸਮਾਜ ਸੁਧਾਰਕ ਰਾਜਾ ਰਾਮ ਮੋਹਨ ਰਏ ਨੇ ਵਿਧਵਾ ਔਰਤਾਂ ਦੇ ਹੱਕ ਵਿਚ ਜਿਕਰਯੋਗ ਕੰਮ ਕੀਤਾ ਸੀ। ਪਰ ਫਿਰ ਭੀ ਉਹ ਵਿਧਵਾ ਇਸਤਰੀਆਂ ਲਈ ਦੁਬਾਰਾ ਵਿਆਹ ਕਰਨ ਲਈ ਰਾਹ ਪੱਧਰਾ ਨਾ ਕਰ ਸਕਿਆ। ਪਛੜੀ ਮਾਨਸਿਕਤਾ ਵਾਲੇ ਇਸ ਦੇਸ਼ ਵਿਚ ਤਾਂ ਅੱਜ ਤੱਕ ਗੁਰਬਾਣੀ ਦੇ ਉੱਤਮ ਅਸੂਲਾਂ ਨੂੰ ਪ੍ਰਵਾਨਗੀ ਨਹੀਂ ਮਿਲੀ, ਰਾਜਾ ਰਾਮ ਕਿਹੜੇ ਬਾਗ ਦੀ ਮੂਲੀ ਹੈ। ਇਨ੍ਹਾਂ ਵਿਧਵਾ ਇਸਤਰੀਆਂ ਨੂੰ ਇਕ ਨਵਾਂ ਨਾਮ ਜਰੂਰ ਦੇ ਦਿੱਤਾ "ਬ੍ਰਹਮਾ ਕੁਮਾਰੀਆਂ"। ਵਕਤ ਗੁਜ਼ਾਰਨ ਲਈ ਦੁੱਖ ਸੁੱਖ ਸਾਂਝਾ ਕਰਨ ਲਈ, ਇਨ੍ਹਾਂ ਬੀਬੀਆਂ ਨੇ ਆਪਣੀਆਂ ਸਭਾਵਾਂ ਰਾਹੀਂ ਕਈ ਸਾਰੇ ਰੁਝੇਵੇਂ ਤਾਂ ਪੈਦਾ ਕਰ ਲਏ। ਮਨੁੱਖਤਾ ਨੂੰ ਮਾਨਸਿਕ ਪਛੜੇਪਣ ਵਿਚੋਂ ਕੱਢਣ ਲਈ ਕੋਈ ਬਦਲ ਪੇਸ਼ ਨਹੀਂ ਕਰ ਸਕੀਆਂ। ਕਾਸ਼ ਕਿ ਸਿੱਖਾਂ ਦੇ ਆਗੂ ਅਜਿਹੀਆਂ ਸਮੱਸਿਆ ਨੂੰ ਗੰਭੀਰਤਾ ਨਾਲ ਲੈਣ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਅਜਿਹੀਆਂ ਕਮਜ਼ੋਰ ਧਿਰਾਂ ਤੱਕ ਪਹੁੰਚਾਉਣ, ਉਨ੍ਹਾਂ ਲਈ ਸਵੈਮਾਨ ਭਰਿਆ ਜੀਵਨ ਰਾਹ ਖੋਜਣ ਲਈ ਸਹਾਈ ਹੋ ਸਕਣ। ਅਫ਼ਸੋਸ ਕਿ ਸਿੱਖਾਂ ਨੇ ਤਾਂ ਹਾਲੀ ਤੱਕ ਆਪਣੇ ਘਰ ਨੂੰ ਨਹੀਂ ਸੰਭਾਲਿਆ, ਗੈਰਾਂ ਵਿੱਚ ਸਿੱਖੀ ਸਿਧਾਂਤਾਂ ਦਾ ਗਿਆਨ ਕਿੱਥੋਂ ਦੇਣਗੇ ?

ਵੇਸ਼ਵਾ (ਇਨਸਾਨੀਅਤ ਲਈ ਕਲੰਕ)

ਕੁਦਰਤ ਦੇ ਇਸ ਨਜ਼ਾਮ ਵਿਚ ਕਮਜ਼ੋਰਾਂ ਤੇ ਸਦੀਆਂ ਤੋਂ ਵਧੀਕੀਆਂ ਹੋ ਰਹੀਆਂ ਹਨ। ਪਸ਼ੂਆਂ ਵਿਚ ਮਾਸਾ ਹਾਰੀ ਜੀਵ ਸ਼ਾਕਾਹਾਰੀਆਂ ਨੂੰ ਖਾ ਕੇ ਆਪਣੀ ਪੇਟ ਪੂਰਤੀ ਕਰਦੇ ਹਨ। ਕਈ ਸਾਰੇ ਛੋਟੇ ਜੀਵ, ਵੱਡੇ ਜੀਵਾਂ ਦੇ ਸਰੀਰ ਨਾਲ ਸਦਾ ਚਿਪਕੇ ਰਹਿੰਦੇ ਹਨ ਤੇ ਆਪਣੀ ਲੋੜ ਮੁਤਾਬਕ ਉਨ੍ਹਾਂ ਦਾ ਮਾਸ ਖਾਂਦੇ ਹਨ ਅਤੇ ਖ਼ੂਨ ਚੂਸਦੇ ਹਨ। ਜਿਵੇਂ ਜੂੰਆਂ ਚਿੱਚੜੀਆਂ ਅਤੇ ਕੁੱਤੇ ਮੱਖੀਆਂ ਆਦਿ। ਕੁੱਝ ਕੀੜੇ ਅਤੇ ਮੱਖੀਆਂ ਵੱਡੇ ਜੀਵਾਂ ਦੇ ਸਰੀਰ ਵਿਚ ਆਪਣਾ ਤਿੱਖਾ ਸੂਆ ਖੋਭਦੇ ਹਨ, ਖ਼ੂਨ ਪੀਂਦੇ ਹਨ ਤੇ ਉਡਾਰੀ ਮਾਰ ਜਾਂਦੇ ਹਨ। ਵੱਡੇ ਜੀਵਾਂ ਦੀ ਖੱਲ ਵਿਚ ਲੁਕੇ, ਨਿੱਕੇ ਜੀਵਾਂ ਨੂੰ ਖਾਣ ਲਈ ਕਈ ਤਰ੍ਹਾਂ ਦੇ ਪੰਛੀ (ਗਿਟਾਰਾਂ ਆਦਿ) ਆਪਣਾ ਕੰਮ ਕਰਦੇ ਰਹਿੰਦੇ ਹਨ। ਜੰਗਲੀ ਜੀਵਨ ਦੌਰਾਨ ਮਨੁੱਖ ਜਿੱਥੇ ਹੋਰ ਜਾਨਵਰਾਂ ਦਾ ਮਾਸ ਖਾ ਕੇ ਪੇਟ ਭਰਦਾ ਸੀ, ਉਥੇ ਮਨੁੱਖ ਵਲੋਂ ਮਨੁੱਖ ਨੂੰ ਮਾਰ ਕੇ ਖਾ ਜਾਣਾ ਆਮ ਜਿਹਾ ਵਰਤਾਰਾ ਸੀ। ਜਿਵੇਂ ਜਿਵੇਂ ਮਨੁੱਖ ਦੀ ਬੁੱਧੀ ਵਿਕਸਤ ਹੁੰਦੀ ਗਈ, ਜੀਵਨ ਲਈ ਕਈ ਤਰ੍ਹਾਂ ਦੇ ਅਸੂਲ ਘੜੇ ਜਾਣ ਲੱਗੇ। ਧਰਮਾਂ ਨੇ ਆਪਣੇ ਤਰੀਕੇ ਮਨੁੱਖ ਨੂੰ ਸੰਜਮ ਵਿਚ ਰਹਿਣ ਦੀ ਸਿੱਖਿਆ ਦੇਣੀ ਸ਼ੁਰੂ ਕੀਤੀ। ਅਣਗਿਣਤ ਤਰੀਕੇ ਅਪਣਾਏ ਗਏ। ਸਖ਼ਤ ਕਾਨੂੰਨ ਬਣਾਏ ਗਏ। ਧਰਮ ਗ੍ਰੰਥਾਂ ਦੇ ਪਵਿੱਤਰ ਉਪਦੇਸ਼ ਲਿਖੇ ਗਏ। ਬੁਰਾਈ ਘੱਟ ਤਾਂ ਹੋਈ, ਪਰ ਮੁਕੰਮਲ ਖ਼ਾਤਮਾ ਨਹੀਂ ਹੋ ਸਕਿਆ। ਕਈ ਵਾਰੀ ਤਾਂ ਸ਼ਕਤੀਵਾਨ ਰਾਜ ਮੁਖੀ ਜਾਂ ਧਰਮਮੁਖੀ ਹੀ ਅਜਿਹੇ ਸ਼ਰਮਨਾਕ ਕਾਰੇ ਕਰ ਜਾਂਦੇ ਹਨ, ਜਿਨ੍ਹਾਂ ਨੂੰ ਪੜ੍ਹ-ਸੁਣ ਕੇ ਖ਼ੂਨ ਖੌਲਣ ਲੱਗ ਪੈਂਦਾ ਹੈ।

ਇਨ੍ਹਾਂ ਪਾਪ ਕਰਮਾਂ ਵਿਚੋਂ ਇਕ ਹੈ ਔਰਤ ਨੂੰ ਵੇਸ਼ਵਾ ਵਰਗੀ ਨਰਕੀ ਜ਼ਿੰਦਗੀ ਵਿਚ ਗਰਕ ਕਰ ਦੇਣਾ। ਇਸ ਗੰਦੀ ਦਲਦਲ ਵਿਚੋਂ ਬਾਹਰ ਨਿਕਲਣ ਦੇ ਸਾਰੇ ਰਾਹ ਬੰਦ ਕਰ ਦੇਣੇ। ਸਭਿਅਤਾ ਵਿਚ ਜਿਉਣ ਦਾ ਦਮ ਭਰਨ ਵਾਲਾ ਮਨੁੱਖ, ਸਦੀਆਂ ਤੋਂ ਔਰਤ ਉਤੇ ਇਹ ਜੁਲਮ ਕਰਦਾ ਆ ਗਿਆ ਹੈ। ਪਹਿਲਾਂ "ਵੇਸ਼ਵਾ" ਨਾਮ ਕਰਣ ਬਾਰੇ ਜਾਣਕਾਰੀ ਲੈ ਲਈਏ। ਲਿਖਤੀ ਸਾਹਿਤ ਵਿਚੋਂ ਚਾਣਕੀਆ ਨੀਤੀ ਵਿਚ ਅਜਿਹੀ ਟੋਹ ਮਿਲਦੀ ਹੈ ਕਿ ਨਿੱਕੀ ਉਮਰ ਵਿਚ ਹੀ ਸੁੰਦਰ ਨੈਣ ਨਕਸ਼ਾਂ ਵਾਲੀਆਂ ਲੜਕੀਆਂ ਨੂੰ, ਆਪਣੇ ਏਜੰਟਾਂ ਰਾਹੀਂ ਮਾਤਾ ਪਿਤਾ ਤੋਂ ਲੈ ਕੇ ਰਾਜਾ ਖ਼ਾਸ ਗੁਪਤ ਕਿਸਮ ਦੇ ਆਸ਼ਰਮਾਂ ਵਿਚ ਭਿਜਵਾ ਦਿੰਦਾ ਸੀ। ਪਹਿਲਾਂ ਤੋਂ ਸਿੱਖੇ ਹੋਏ ਵੈਦ (ਉਸਤਾਦ) ਉਮਰ ਵੰਡ ਮੁਤਾਬਕ ਇਨ੍ਹਾਂ ਬਾਲੜੀਆਂ

ਦੀ ਬੜੀ ਬੇਰਹਿਮੀ ਨਾਲ ਸਖ਼ਤ ਸਿਖਲਾਈ ਕਰਾਉਂਦੇ ਸਨ। ਉਸ ਸਮੇਂ ਪ੍ਰਚਲਤ ਭਾਸ਼ਾਵਾਂ ਦਾ ਗਿਆਨ। ਨੱਚਣਾ, ਗਾਉਣਾ ਅਤੇ ਦੂਜੇ ਨੂੰ ਆਕਰਸ਼ਤ ਕਰਨ ਦੀ ਕਲਾ। ਆਪਣੀਆਂ ਮਨਮੋਹਕ ਆਦਾਵਾਂ ਨਾਲ ਮਹਿਮਾਨ ਤੋਂ ਮਨਮਰਜ਼ੀ ਦੇ ਫ਼ੈਸਲੇ ਕਰਵਾ ਲੈਣ ਦੀ ਮੁਹਾਰਤ। ਸਭ ਤੋਂ ਖ਼ਤਰਨਾਕ ਕਰਮ ਸੀ ਕਿ ਇਨ੍ਹਾਂ ਮਾਸੂਮਾਂ ਨੂੰ ਨਿੱਤ ਦਿਨ ਥੋੜ੍ਹਾ ਥੋੜ੍ਹਾ ਕਰ ਕੇ ਖਾਣੇ ਨਾਲ ਜ਼ਹਿਰ ਖਵਾਇਆ ਜਾਂਦਾ ਸੀ। ਮਾਹਿਰ ਵੈਦ ਦੀ ਸਲਾਹ ਮੁਤਾਬਕ ਜ਼ਹਿਰ ਦੀ ਮਿਕਦਾਰ ਉਮਰ ਦੇ ਮੁਤਾਬਕ ਵਧਦੀ ਰਹਿੰਦੀ। ਦੂਸਰੇ ਦੇਸ਼ ਦਾ ਕੋਈ ਫ਼ੌਜੀ ਜਰਨੈਲ ਰਾਜਾ ਜਾਂ ਰਾਜਦੂਤ ਜਦੋਂ ਭਾਰਤ ਵਿਚ ਕਿਸੇ ਰਾਜਸੀ ਕੰਮ ਵਾਸਤੇ ਆਉਂਦਾ, ਉਸ ਦੀ ਮਹਿਮਾਨ ਨਿਵਾਜ਼ੀ ਲਈ ਇਹ ਟ੍ਰੇਂਡ ਲੜਕੀਆਂ ਸੇਵਾ ਵਿਚ ਹਾਜ਼ਰ ਹੁੰਦੀਆਂ। ਉਸ ਦੇਸ਼ ਦੇ ਸਾਰੇ ਗੁਪਤ ਭੇਤ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ। ਆਪਣੇ ਮਾਲਕ ਦੇ ਹੁਕਮ ਮੁਤਾਬਕ ਇਹ ਲੜਕੀਆਂ ਆਪਣਾ ਸੁੰਦਰ ਸੁਡੌਲ ਜਿਸਮ ਉਸ ਦੀ ਸੈਕਸ ਭੁੱਖ ਮਿਟਾਉਣ ਲਈ ਅਰਪਣ ਕਰਦੀਆਂ। ਜਦੋਂ ਹੀ ਮਹਿਮਾਨ ਇਨ੍ਹਾਂ ਦੇ ਬੁੱਲ ਆਦਿ ਚੁੰਮਦਾ ਉਸ ਨੂੰ ਇਕ ਅਜੀਬ ਜਿਹਾ ਨਸ਼ਾ ਚੜ੍ਹਨਾ ਸ਼ੁਰੂ ਹੋ ਜਾਂਦਾ। ਇਸੇ ਮਦਹੋਸ਼ੀ ਦੀ ਹਾਲਤ ਵਿਚ ਜਦੋਂ ਸੈਕਸ ਕਿਰਿਆ ਸ਼ੁਰੂ ਕਰਦਾ ਤਾਂ ਕੁੱਝ ਹੀ ਪਲਾਂ ਅੰਦਰ ਉਸ ਵਿਅਕਤੀ ਦੀ ਮੌਤ ਹੋ ਜਾਂਦੀ। ਸਵੇਰ ਨੂੰ ਉਸ ਦੇ ਸਾਥੀਆਂ ਨੂੰ ਬੁਲਾ ਕੇ ਉਸ ਦੀ ਲਾਸ਼ ਉਨ੍ਹਾਂ ਦੇ ਹਵਾਲੇ ਕਰ ਦਿੱਤੀ ਜਾਂਦੀ। ਆਖ ਦਿੱਤਾ ਜਾਂਦਾ, "ਪਤਾ ਨਹੀਂ ਅਚਨਚੇਤੀ ਕਿਵੇਂ ਮੌਤ ਹੋ ਗਈ ? ਰੱਬ ਨੂੰ ਇਵੇਂ ਹੀ ਮੰਜ਼ੂਰ ਸੀ"। ਅਸਲ ਵਿਚ ਇਹ ਲੜਕੀਆਂ ਜ਼ਹਿਰ ਦੀਆਂ ਗੰਦਲਾਂ ਬਣ ਜਾਂਦੀਆਂ ਸਨ। ਬਚਪਨ ਤੋਂ ਹੀ ਥੋੜ੍ਹਾ ਥੋੜ੍ਹਾ ਜ਼ਹਿਰ ਨਿੱਤ ਦਿਨ ਖਵਾਇਆ ਜਾਂਦਾ ਸੀ। ਇਨ੍ਹਾਂ ਦਾ ਸਰੀਰ ਤਾਂ ਜ਼ਹਿਰ ਨੂੰ ਝੱਲਣ ਦਾ ਆਦੀ ਬਣ ਜਾਂਦਾ ਸੀ। ਜਿਸ ਆਦਮੀ ਨਾਲ ਇਹ ਸੇਜ ਸਾਂਝ ਕਰਦੀਆਂ ਸਨ, ਉਸ ਦੀ ਮੌਤ ਯਕੀਨੀ ਸੀ। ਜ਼ਹਿਰ ਨੂੰ "ਵਿਸ਼" ਭੀ ਕਹਿੰਦੇ ਹਨ। ਵਿਸ਼ ਤੋਂ ਹੀ ਪਰਚਲਤ ਸ਼ਬਦ "ਵੇਸ਼ਵਾ" ਬਣਿਆ ਹੈ। ਅੱਜ ਕੱਲ੍ਹ ਭਾਵੇਂ ਇਹ ਚਾਣਕੀਆ ਨੀਤੀ ਵਰਤੋਂ ਵਿਚ ਨਹੀਂ ਲਿਆਂਦੀ ਜਾ ਰਹੀ ਪਰ ਜੋ ਆਦਮੀ ਅਜਿਹੀਆਂ ਔਰਤਾਂ ਦਾ ਸਾਥ ਮਾਣਦਾ ਹੈ, ਉਸ ਨੂੰ ਕਈ ਤਰ੍ਹਾਂ ਦਾ "ਜ਼ਹਿਰ" ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਗੁਰਬਾਣੀ ਦਾ ਸੁੰਦਰ ਫ਼ੁਰਮਾਨ ਹੈ -

ਜਿਉ ਬੇਸਵਾ ਕੇ ਪਰੈ ਅਖਾਰਾ ॥ ਕਾਪਰੁ ਪਹਿਰਿ ਕਰਹਿ ਸੀਗਾਰਾ ॥

ਪੂਰੇ ਤਾਲ ਨਿਹਾਲੇ ਸਾਸ ॥ ਵਾਕੇ ਗਲੇ ਜਮ ਕਾ ਹੈ ਫਾਸ ॥ (1165)

ਹੇ ਭਾਈ ! ਜਦੋਂ ਕੋਈ ਵੇਸ਼ਵਾ ਨੱਚਦੀ ਹੈ, ਗਾਉਂਦੀ ਹੈ, ਲੋਕਾਂ ਨੂੰ ਆਪਣੇ ਵੱਲ ਖਿੱਚਣ ਲਈ ਮਜਮਾ ਲਾਉਂਦੀ ਹੈ। ਤਰ੍ਹਾਂ ਤਰ੍ਹਾਂ ਦੇ ਸੋਹਣੇ ਬਸਤਰ ਪਹਿਨਦੀ

ਹੈ। ਸ਼ਿੰਗਾਰ ਕਰਦੀ ਹੈ। ਜਦੋਂ ਉਹ ਨੱਚਦੀ ਹੈ, ਸਾਜ਼ਾਂ ਦੇ ਤਾਲ ਨਾਲ ਆਪਣੇ ਸਰੀਰ ਦੇ ਅੰਗਾਂ ਨੂੰ ਹਿਲਾਉਂਦੀ ਹੈ। ਵੇਖਣ ਵਾਲੇ ਸਾਹ ਰੋਕ ਕੇ ਉਸ ਵੱਲ ਵੇਖਦੇ ਹੀ ਰਹਿ ਜਾਂਦੇ ਹਨ। ਬਸ ਇਉਂ ਸਮਝ ਲਉ ਜਿਸ ਵਿਅਕਤੀ ਨੂੰ ਉਸ ਦੀਆਂ ਅਦਾਵਾਂ ਸੋਹਣੀਆਂ ਲੱਗਣ ਲੱਗ ਪਈਆਂ, ਉਹ ਫਸ ਗਿਆ। ਮਾਨੋ ਮੌਤ ਦੀ ਫਾਹੀ ਉਸ ਨੇ ਆਪਣੇ ਗਲ ਵਿਚ ਪੁਆ ਲਈ।

ਕਿਸੇ ਭੀ ਔਰਤ ਲਈ "ਵੇਸ਼ਵਾ" ਸ਼ਬਦ ਅਤੀ ਘਿਰਣਤ ਹੈ। ਸਭ ਤੋਂ ਵੱਡੀ ਗਾਲ ਇਹੀ ਸ਼ਬਦ ਹੈ। ਸਵੈਮਾਣ ਵਾਲੀ ਕੋਈ ਇਸਤਰੀ ਵੇਸ਼ਵਾ ਸ਼ਬਦ ਨੂੰ ਆਪਣੇ ਨਾਲ ਕਦੀ ਨਹੀਂ ਜੁੜਨ ਦੇਵੇਗੀ। ਜਦੋਂ ਇਹ ਨਾਮ ਹੀ ਇੰਨਾ ਗਲੀਜ ਹੈ ਫਿਰ ਵੇਸ਼ਵਾ ਦਾ ਜੀਵਨ ਕਿੰਨਾ ਅਪਵਿੱਤਰ ਹੈ, ਕਿੰਨਾ ਦੁੱਖਦਾਈ ਹੈ, ਇਹ ਤਾਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ। ਵੇਸ਼ਵਾਪੁਣੇ ਵਾਲੀ ਅਜਿਹੀ ਹਨੇਰੀ ਗਲੀ ਹੈ, ਗੰਦੀ ਦਲਦਲ ਹੈ ਕਿ ਜੋ ਇਸਤਰੀ ਇਸ ਵਿਚ ਇਕ ਵਾਰੀ ਡਿੱਗ ਪਈ (ਜਾਂ ਡੇਗ ਦਿੱਤੀ) ਉਹ ਫਿਰ ਵਾਪਸ ਨਹੀਂ ਪਰਤ ਸਕਦੀ। ਖੁਦ ਤਾਂ ਕੀ ਉਸ ਦੀ ਔਲਾਦ ਭੀ ਬਾਹਰ ਨਿਕਲਣੋਂ ਅਸਮਰਥ ਹੋ ਜਾਂਦੀ ਹੈ। ਦੁਨੀਆਂ ਦੀ ਕੋਈ ਔਰਤ ਖੁਸ਼ੀ ਨਾਲ ਇਸ ਗੰਦਗੀ ਵਿਚ ਛਾਲ ਨਹੀਂ ਮਾਰਦੀ। ਸਗੋਂ ਹਰਵਾਰੀ ਮੱਕਾਰ ਅਤੇ ਤਾਕਤਵਰ ਲੋਕਾਂ ਨੇ ਉਸ ਨੂੰ ਇਸ ਅੰਨ੍ਹੀ ਗਲੀ ਵੱਲ ਧੱਕਾ ਦਿੱਤਾ ਹੈ। ਵੇਸ਼ਵਾ ਦੇ ਬਦਨਾਮ ਕੋਠੇ 'ਤੇ ਬੜੇ ਬੜੇ "ਇੱਜ਼ਤਦਾਰ" ਲੋਕ ਆਪਣੀ ਹਵਸ ਪੂਰੀ ਕਰਨ ਚਲੇ ਜਾਂਦੇ ਹਨ। ਉਸ ਤੋਂ ਨੋਟਾਂ ਦੀਆਂ ਦੱਥੀਆਂ ਭੀ ਵਾਰ ਦਿੰਦੇ ਹਨ, ਪਰ ਉਸ ਅਭਾਗਣ ਨੂੰ ਭੈਣ, ਪਤਨੀ ਜਾਂ ਬੇਟੀ ਬਣਾ ਕੇ ਘਰ ਲਿਆਉਣ ਲਈ ਤਿਆਰ ਨਹੀਂ। ਬ੍ਰਾਹਮਣਾਂ ਨੇ ਆਪਣੇ "ਧਰਮ ਗ੍ਰੰਥਾਂ"(?) ਵਿਚ ਦੇਵਦਾਸੀ ਪ੍ਰਥਾ ਦਾ ਬਹੁਤ ਗੁਣਗਾਨ ਕੀਤਾ ਹੈ। ਆਪਣੀਆਂ ਸੁੰਦਰ ਬੇਟੀਆਂ ਦੇਵਤਿਆਂ ਨੂੰ ਅਰਪਣ ਕਰ ਦਿਉ। ਦੇਵਤੇ ਦੀ ਮੂਰਤੀ ਨਾਲ ਉਸ ਦਾ "ਵਿਆਹ" ਕਰ ਦਿਉ। ਬਹੁਤ ਸਾਰਾ ਧਨ ਦਾਜ ਦੇ ਰੂਪ ਵਿਚ ਦੇ ਦਿਉ। ਅਖੌਤੀ ਭਗਵਾਨ ਜਾਂ ਦੇਵਤਾ ਤਾਂ ਪੱਥਰ ਦਾ ਬਣਿਆ ਹੋਇਆ ਹੈ। ਮਾਸੂਮ ਲੜਕੀ ਵਿਆਹੀ ਜਾਂ ਕੇ ਕਿਸਦੀ ਹਵਸ ਦਾ ਸ਼ਿਕਾਰ ਬਣੀ ?ਸਪੱਸ਼ਟ ਹੈ ਪੁਜਾਰੀ ਦੀ। ਅਣਗਿਣਤ ਮਾਸੂਮ ਬਾਲੜੀਆਂ ਨਾਲ ਮੰਦਰਾਂ ਦੇ ਪੰਡੇ ਬਲਾਤਕਾਰ ਕਰਦੇ ਹਨ। ਉਨ੍ਹਾਂ ਦੀ ਜ਼ਿੰਦਗੀ ਬਰਬਾਦ ਕਰਦੇ ਹਨ। ਸਾਲਾਂ ਬੱਧੀ ਕਾਮ ਭੁੱਖ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਲੜਕੀਆਂ ਨੂੰ ਵੇਸ਼ਵਾਵਾਂ ਦੇ ਕੋਠਿਆਂ 'ਤੇ ਵੇਚ ਦਿੰਦੇ ਹਨ। ਕਿਉਂਕਿ ਪਾਂਡਿਆਂ ਕੋਲ ਮੂਰਖ ਮਾਤਾ ਪਿਤਾ ਨੇ ਹੋਰ ਅੱਲੜ੍ਹ ਲੜਕੀਆਂ, "ਧਰਮ ਕਮਾਉਣ ਲਈ, ਪਰਲੋਕ ਸੰਵਾਰਨ ਲਈ, ਦੇਵ ਦਾਸੀਆਂ ਬਣਨ ਲਈ ਅਰਪਣ ਕਰ ਦਿੱਤੀਆਂ ਸਨ।" ਬ੍ਰਾਹਮਣ ਅਤੇ ਖੱਤਰੀ ਦੀ

ਬੇਟੀ ਦੇਵਦਾਸੀ ਨਹੀਂ ਬਣਦੀ। ਅਜਿਹਾ "ਧਰਮ" ਤਾਂ ਕੇਵਲ ਨੀਵੀਆਂ ਸ਼੍ਰੇਣੀਆਂ ਲਈ ਰਾਖਵਾਂ ਕੀਤਾ ਹੋਇਆ ਹੈ।

ਸਤੰਬਰ 2009 ਨੂੰ ਅਖਬਾਰਾਂ ਵਿਚ ਸਨਸਨੀ ਖੇਜ ਖ਼ਬਰ ਛਪੀ ਸੀ ਕਿ ਉਤਰ ਪ੍ਰਦੇਸ਼ ਦੇ ਕਈ ਸਾਰੇਂ ਕਰਜੇ ਵਿਚ ਦੱਬੇ ਕਿਸਾਨਾਂ ਨੇ, ਲੈਹਣੇਦਾਰ ਚੌਧਰੀਆਂ ਨੂੰ ਚਾਰ ਹਜ਼ਾਰ ਰੁਪਏ ਤੋਂ ਲੈ ਕੇ ਬਾਰਾਂ ਹਜ਼ਾਰ ਰੁਪਏ ਤੱਕ ਦੀ ਕੀਮਤ ਵਿਚ ਆਪਣੀਆਂ ਪਤਨੀਆਂ ਵੇਚ ਦਿੱਤੀਆਂ। ਭਾਰਤ ਸਰਕਾਰ ਹਰਕਤ ਵਿਚ ਆਈ, ਮਨੁੱਖੀ ਅਧਿਕਾਰ ਜਥੇਬੰਦੀਆਂ ਨੇ ਅੰਗੜਾਈ ਭੰਨੀ, ਸਮਾਜ ਸੇਵੀ ਔਰਤ ਜਥੇਬੰਦੀਆਂ ਨੇ ਭੀ ਕੀਰਨੇ ਪਾਏ। ਪਰਨਾਲਾ ਉਥੇ ਦਾ ਉਥੇ ਹੀ ਰਿਹਾ। (ਸਪੋਕਸਮੈਨ, 8-9-2009) ਸੋਚਣਾ ਬਣਦਾ ਹੈ ਕਿ ਹਰ ਵਾਰ ਔਰਤ ਨੂੰ ਹੀ ਕਿਉਂ ਵਿਕਣਾ ਪੈਂਦਾ ਹੈ, ਪੁਰਸ਼ ਨੂੰ ਕਿਉਂ ਨਹੀਂ ? ਔਰਤ ਨੂੰ ਹੀ ਦੇਵਦਾਸੀ, ਰਾਮ ਜਨੀ ਜਾਂ ਬ੍ਰਹਮਾ ਕੁਮਾਰੀ ਕਿਉਂ ਬਣਨਾ ਪੈਂਦਾ ਹੈ ? ਮਰਦ ਨੂੰ ਕਿਉਂ ਨਹੀਂ ? ਆਮ ਵੇਖਣ ਪਰਖਣ ਤੋਂ ਪਤਾ ਲਗਦਾ ਹੈ ਕਿ ਲੜਕੀਆਂ ਨੂੰ ਬਾਲਗ (ਜੁਆਨ) ਹੋਣ ਤੋਂ ਪਹਿਲਾਂ ਹੀ ਬਚਪਨ ਦੀ ਉਮਰੇ ਆਦਮੀ ਦੀ ਹਵਸ ਦੀ ਸ਼ਿਕਾਰ ਹੋਣਾ ਪੈ ਜਾਂਦਾ ਹੈ। ਸੂਰਤ ਸੰਭਲਣ ਤੋਂ ਪਹਿਲਾਂ ਹੀ ਉਨ੍ਹਾਂ ਨੂੰ ਕਿਸੇ ਕੋਠੇ ਤੇ ਬੈਠਣਾ ਪੈ ਜਾਂਦਾ ਹੈ। ਵੱਡੀਆਂ ਕੋਠੀਆਂ ਦੇ ਤਹਿਖਾਨਿਆਂ ਵਿਚ ਕੈਦ ਕਰ ਲਈਆਂ ਜਾਂਦੀਆਂ ਹਨ। ਪਰਾਏ ਮਰਦਾਂ ਨਾਲ ਸਬੰਧ ਕਾਇਮ ਕਰਨ ਲਈ ਤਿਆਰ ਕਰਨ ਵਾਸਤੇ ਸਰੀਰਕ ਅਤੇ ਮਾਨਸਿਕ ਤਸੀਹੇ ਦਿੱਤੇ ਜਾਂਦੇ ਹਨ। ਸਾਰੀ ਉਮਰ ਤੜਪ ਤੜਪ ਕੇ ਗੁਜ਼ਾਰਨ ਲਈ ਮਜਬੂਰ ਹੋਣਾ ਪੈਂਦਾ ਹੈ। ਦੁਨੀਆਂ ਵਿਚ ਕੋਈ ਇਕ ਭੀ ਔਰਤ ਆਪਣੀ ਇੱਛਾ ਨਾਲ ਇਸ ਗਲੀਜ਼ ਧੰਦੇ ਵਿਚ ਪ੍ਰਵੇਸ਼ ਨਹੀਂ ਕਰਦੀ। ਜਿਵੇਂ ਸਮੱਗਲਰਾਂ ਦੇ ਵੱਡੇ ਵੱਡੇ ਖਤਰਨਾਕ ਗੈਂਗ ਵਿਚ ਕੋਈ ਵਿਅਕਤੀ ਜਦੋਂ ਦਾਖਲ ਹੋ ਜਾਂਦਾ ਹੈ। ਜਿਉਂਦੇ ਜੀਅ ਫਿਰ ਵਾਪਸ ਨਹੀਂ ਨਿਕਲ ਸਕਦਾ। ਵੇਸ਼ਵਾ ਵਾਲੇ ਮੰਦੇ ਰਾਹ ਟੁਰਨ ਲਈ ਔਰਤ ਮਜਬੂਰ ਕੀਤੀ ਜਾਂਦੀ ਹੈ। ਵਾਪਸ ਆਉਣ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਜਾਂਦੇ ਹਨ। ਸਰਕਾਰਾਂ ਅਦਾਲਤਾਂ ਤੇ ਮਨੁੱਖੀ ਅਧਿਕਾਰ ਜਥੇਬੰਦੀਆਂ ਕੇਵਲ ਮਗਰਮੱਛ ਦੇ ਹੰਝੂ ਕੇਰਦੀਆਂ ਹਨ।

ਪੁਰਾਤਨ ਸਾਹਿਤ ਵਿਚ ਥਾਂ ਪਰ ਥਾਂ ਅਮੀਰਾਂ ਵਜੀਰਾਂ ਵਲੋਂ ਰਾਜਿਆਂ ਨਵਾਬਾਂ ਵਲੋਂ ਸੈਂਕੜੇ ਹਜ਼ਾਰਾਂ ਔਰਤਾਂ ਆਪਣੇ ਮਹਿਲਾਂ ਵਿਚ ਐਸ਼ ਪ੍ਰਸਤੀ ਲਈ ਰੱਖੀਆਂ ਦੇ ਹਵਾਲੇ ਮਿਲ ਜਾਂਦੇ ਹਨ। ਪਰ ਕਦੀ ਅਜਿਹਾ ਲਿਖਤੀ ਸਬੂਤ ਭੀ ਕਿਸੇ ਨੇ ਪੜ੍ਹਿਆ ਹੈ ਕਿ ਅਮਕੀ ਰਾਣੀ ਨੇ (ਜਾਂ ਅਮੀਰ ਔਰਤ ਨੇ) ਦਸ ਵੀਹ ਸੁੰਦਰ ਸੁਡੌਲ ਨੌਜੁਆਨ ਮਰਦ ਰੱਖੇ ਹੋਏ ਸਨ। ਉਨ੍ਹਾਂ ਵਿਚੋਂ ਕਿਸੇ ਇਕ ਨੂੰ ਬੁਲਾ ਕੇ ਮਨ

ਭਾਉਂਦੀ ਕਾਮ ਕੀੜਾ ਕਰ ਲੈਂਦੀ ਹੋਵੇ ? ਵਿਆਹ ਦੇ ਨਾਮ ਥੱਲੇ ਕਿਸੇ ਤਾਕਤਵਰ ਅਮੀਰ ਇਸਤਰੀ ਨੇ ਆਪਣੇ ਮਹਿਲ ਵਿਚ ਸੌ ਪੰਜਾਹ ਗੱਭਰੂ ਸ਼ਿੰਗਾਰ ਕੇ ਰੱਖੇ ਹੋਏ ਹੋਣ ਜਿਵੇਂ ਕ੍ਰਿਸ਼ਨ ਗੋਪੀਆਂ ਨਾਲ ਮੌਜ ਮਸਤੀ ਕਰਦਾ ਹੈ, ਕੀ ਰਾਧਾ ਕਈ ਸਾਰੇ ਪੁਰਸ਼ਾਂ ਨਾਲ ਇਸ ਤਰ੍ਹਾਂ ਦੀ ਰਾਸ ਪਾ ਸਕਦੀ ਹੈ ? ਇੰਗਲੈਂਡ ਦੀ ਹੋਣ ਵਾਲੀ ਮਹਾਰਾਣੀ ਡਾਇਨਾ ਨੇ ਇਕ ਪਤੀ ਦੇ ਹੁੰਦਿਆਂ, ਇਕ ਹੋਰ ਮੁਸਲਮਾਨ ਗੱਭਰੂ ਡੋਡੀ ਨਾਲ ਪਿਆਰ ਪੀਂਘਾਂ ਝੂਟਣੀਆਂ ਸ਼ੁਰੂ ਕਰ ਦਿੱਤੀਆਂ। ਗੋਰੀ ਚਮੜੀ ਵਾਲੀ ਔਰਤ, ਕਾਲੀ ਚਮੜੀ ਵਾਲੇ ਦੀਆਂ ਬਾਹਵਾਂ ਵਿਚ ? ਗਜ਼ਬ ਸਾਂਈ ਦਾ ? ਗੋਰਿਆਂ ਦੀ ਹੋਣ ਵਾਲੀ ਰਾਣੀ ਖਰ ਮਸਤੀਆਂ ਕਰੇ ? ਘੋਰ ਪਾਪ। ਡਾਇਨਾ ਅਤੇ ਡੋਡੀ ਦਾ ਭਿਆਨਕ "ਐਕਸੀਡੈਂਟ" ਹੋ ਗਿਆ ਦੋਵੇਂ ਮਰ ਗਏ। ਗੋਰਿਆਂ ਨੇ ਆਪਣੀ "ਇੱਜ਼ਤ" ਬਚਾ ਲਈ।

ਔਰਤ ਸਰੀਰਕ ਬਲ ਵਿਚ ਮਰਦ ਨਾਲੋਂ ਕਮਜ਼ੋਰ ਹੈ, ਪਰ ਕਮਜ਼ੋਰ ਧਿਰ 'ਤੇ ਸਦੀਆਂ ਤੋਂ ਜ਼ੁਲਮ ਕਰਨ ਵਾਲਾ ਮਿੱਟੀ ਦਾ ਪੁਤਲਾ (ਮਨੁੱਖ) ਕੀ ਇਨਸਾਨ ਅਖਵਾਉਣ ਦਾ ਹੱਕਦਾਰ ਹੈ ? ਔਰਤ ਨੂੰ ਸਦਾ ਵਾਸਤੇ ਕਮਜ਼ੋਰ ਰੱਖਣ ਵਾਸਤੇ ਇਸ ਇਨਸਾਨੀ ਜਾਮੇ ਵਾਲੇ ਹੈਵਾਨ ਨੇ ਬੜੇ ਪ੍ਰਬੰਧ ਕੀਤੇ ਹੋਏ ਹਨ। ਔਰਤ ਨੂੰ ਵਿਦਿਆ ਤੋਂ ਮਹਿਰੂਮ ਕੀਤਾ ਗਿਆ। ਘਰ ਦੀ ਚਾਰ ਦੀਵਾਰੀ ਵਿਚੋਂ ਬਾਹਰ ਨਿਕਲਣ 'ਤੇ ਪਾਬੰਦੀਆਂ ਲਾ ਦਿੱਤੀਆਂ। ਪੈਦਾਵਾਰੀ ਦੇ (ਇਨਕਮ) ਸਾਰੇ ਸੋਮੇ ਮਰਦ ਨੇ ਆਪਣੇ ਕਬਜ਼ੇ ਵਿਚ ਰੱਖ ਲਏ। ਬੱਚਿਆਂ ਨੂੰ ਪਿਤਾ ਦਾ ਨਾਮ ਮਿਲਦਾ ਹੈ, ਮਾਂ ਦਾ ਨਹੀਂ। ਦੁਕਾਨ ਨੌਕਰੀ ਜਾਂ ਵਾਪਾਰ 'ਤੇ ਆਦਮੀ ਦਾ ਏਕਾ ਅਧਿਕਾਰ ਹੈ, ਔਰਤ ਨੇੜੇ ਤੇੜੇ ਭੀ ਨਹੀਂ ਫਟਕ ਸਕਦੀ। ਰਾਜਨੀਤੀ ਫ਼ੌਜ ਪੁਲਿਸ ਅਤੇ ਹੋਰ ਸਾਰੀਆਂ ਵੱਡੀਆਂ ਛੋਟੀਆਂ ਨੌਕਰੀਆਂ 'ਤੇ ਆਦਮੀ ਦਾ ਹੀ ਕਬਜ਼ਾ ਹੈ। ਪੰਚ, ਸਰਪੰਚ ਤੋਂ ਲੈ ਕੇ ਉਪਰ ਤੱਕ ਸਾਰੇ ਰਾਜਨੀਤਕ ਤੇ ਸਮਾਜਕ ਫ਼ੈਸਲੇ ਕਰਨ ਦਾ ਅਧਿਕਾਰ ਪੁਰਸ਼ ਕੋਲ ਹੈ। ਘਰ ਤੇ ਜ਼ਮੀਨ ਆਦਮੀ ਦੇ ਨਾਮ 'ਤੇ ਹਨ। ਜਦੋਂ ਦਿਲ ਕਰੇ ਆਦਮੀ, ਔਰਤ ਨੂੰ ਧੱਕਾ ਮਾਰ ਕੇ ਘਰੋਂ ਬਾਹਰ ਕੱਢ ਦੇਵੇ, ਉਸ ਦਾ ਕੋਈ ਹਮਦਰਦ ਨਹੀਂ। ਆਪਣੇ ਸਕੇ ਸਬੰਧੀ ਭੀ ਸਾਥ ਨਹੀਂ ਨਿਭਾਉਂਦੇ। ਸਰਕਾਰਾਂ ਤੇ ਅਦਾਲਤਾਂ ਪੱਥਰ ਬਣ ਜਾਂਦੀਆਂ ਹਨ। ਅਜਿਹੀ ਨਿੱਘਰੀ ਤੇ ਕਮਜ਼ੋਰ ਹਾਲਤ ਵਿਚ ਇਕੋ ਠਾਹਰ ਬਾਕੀ ਰਹਿ ਜਾਂਦੀ ਹੈ, "ਵੇਸ਼ਵਾ ਵਾਲਾ ਕੋਠਾ"।

ਕਰਿ ਕਰਿ ਕਿਰਿਆਚਾਰ, ਵਧਾਏ ਮਨਿ ਪਾਖੰਡ, ਕਰਮ ਕਪਟ ਲੋਭਈਆ॥
ਬੇਸੁਆ ਕੈ ਘਰਿ ਬੇਟਾ ਜਨਮਿਆ, ਪਿਤਾ ਤਾਹਿ ਕਿਆ ਨਾਮੁ ਸਦਈਆ॥ (837)

ਹੇ ਭਾਈ! ਧਰਮ ਦਾ ਪਾਖੰਡ ਬੜਾ ਕੀਤਾ, ਵਿਖਾਵੇ ਦੇ ਧਰਮੀ ਹੋਣ ਦਾ ਢੋਂਗ

ਬਹੁਤ ਕੀਤਾ, ਪਰ ਮਨ ਸ਼ੁੱਧ ਨਾ ਕੀਤਾ, ਕਪਟ ਤੇ ਲੋਭ ਅੰਦਰੋਂ ਨਾ ਗਿਆ। ਜਿਵੇਂ ਵੇਸ਼ਵਾ ਨਾਲ ਸਬੰਧ ਬਣਾਉਣ ਵਾਲੇ ਤਾਂ ਬਹੁਤ ਆਦਮੀ ਹੁੰਦੇ ਹਨ। ਪਰ ਵੇਸ਼ਵਾ ਦੇ ਧੀ ਪੁੱਤਰ ਦਾ ਪਿਤਾ ਬਣਨ ਲਈ ਕੋਈ ਤਿਆਰ ਨਹੀਂ। ਇਸੇ ਤਰ੍ਹਾਂ ਵਿਖਾਵੇ ਦੇ ਕੰਮ ਹਨ। ਆਪਣੇ ਜੀਵਨ ਨੂੰ ਸ਼ੁੱਧ ਬਣਾਉ, ਬਾਹਰੀ ਵਿਖਾਵੇ ਤੇ ਜ਼ੋਰ ਨਾ ਲਾਈ ਜਾਵੇ।

ਹਰਿ ਕੇ ਨਾਮ ਬਿਨਾ ਹੈ ਨਕਟੀ॥

ਜਿਉ ਬੇਸੁਆ ਕੇ ਘਰਿ ਪੂਤੁ ਜਮਤੁ ਹੈ, ਤਿਸਕਾ ਨਾਉ ਪਰਿਓ ਹੈ ਧ੍ਰਕਟੀ॥ (528)

ਹੇ ਭਾਈ! ਹਰੀ ਦੇ ਨਾਮ ਤੋਂ ਬਿਨਾਂ (ਗੁਰੂ ਦੀ ਸ਼ੁਭ ਸਿੱਖਿਆ) ਮਨੁੱਖ ਇਸ ਤਰ੍ਹਾਂ ਹੈ, ਜਿਵੇਂ ਕਿਸੇ ਦਾ ਨੱਕ ਕੱਟਿਆ ਹੋਵੇ ਤੇ ਉਸ ਨੂੰ ਸੁੰਦਰ ਭੀ ਆਖੀ ਜਾਈਏ। ਜਿਵੇਂ ਵੇਸਵਾ ਦਾ ਪੁੱਤਰ ਜਲਮ ਲੈ ਕੇ, ਸਮਾਜ ਵਿਚ ਇੱਜ਼ਤ ਨਹੀਂ ਪਾਉਂਦਾ। ਇਸੇ ਤਰ੍ਹਾਂ ਗੁਰੂ ਦੀ ਸ਼ੁਭ ਸਿੱਖਿਆ ਤੋਂ ਬਗੈਰ ਸਮਾਜ ਵਿਚ ਇੱਜ਼ਤ ਨਹੀਂ ਮਿਲਣੀ।

ਚੋਰਾਂ ਜਾਰਾਂ ਰੰਡੀਆਂ ਕੁਟਣੀਆ ਦੀਬਾਣੁ॥

ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ॥

ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ॥ (790)

ਹੇ ਭਾਈ! ਚੋਰਾਂ ਦਾ ਪਰਾਏ ਰੂਪ ਪਿੱਛੇ ਲਲਚਾਇਆਂ ਦਾ, ਵਿਸ਼ੇ ਵਿਕਾਰਾਂ ਵਿਚ ਗਰਕੀਆਂ ਔਰਤਾਂ ਦਾ ਅਤੇ ਇਨ੍ਹਾਂ ਦੀ ਵਿਚੋਲਗੀ ਕਰਨ ਵਾਲਿਆਂ ਦੀ ਆਪਸ ਵਿਚ ਗੂੜ੍ਹੀ ਸਾਂਝ ਹੋਇਆ ਕਰਦੀ ਹੈ, ਕਿਉਂਕਿ ਇਨ੍ਹਾਂ ਦੇ ਕੰਮ ਇਕ-ਦੂਜੇ 'ਤੇ ਨਿਰਭਰ ਹੁੰਦੇ ਹਨ। ਇਨ੍ਹਾਂ ਦਾ ਕੋਈ ਅਸੂਲ ਜਾਂ ਧਰਮ ਨਹੀਂ ਹੁੰਦਾ। ਇਨ੍ਹਾਂ ਦਾ ਖਾਣ ਪਹਿਨਣ ਪਾਪ ਦੀ ਖੱਟੀ ਵਿਚੋਂ ਹੀ ਚਲਦਾ ਹੈ। ਅਜਿਹੇ ਅਧਰਮੀ ਲੋਕਾਂ ਦੀ ਆਪਸੀ ਸਾਂਝੇਦਾਰੀ ਚਲਦੀ ਹੈ। ਖਾਨਪਾਨ ਭੀ ਇਕੱਠਾ ਹੀ ਹੋਇਆ ਕਰਦਾ ਹੈ। ਇਹ ਬੁਰੇ ਲੋਕ (ਔਰਤ ਮਰਦ) ਗੁਰੂ ਦੀ ਸ਼ੁੱਭ ਸਿੱਖਿਆ ਨਹੀਂ ਲੈਂਦੇ। ਮਾਨੋ ਇਨ੍ਹਾਂ ਦੇ ਅੰਦਰ ਸ਼ੈਤਾਨ (ਬੁਰਾਈ) ਦਾ ਵਾਸਾ ਹੋ ਚੁੱਕਿਆ ਹੈ।

ਜੁਆਨੀ ਉਮਰੇ ਵਿਧਵਾ ਹੋ ਗਈ ਇਕ ਲੜਕੀ ਦੀ ਮਨੋ ਦਸ਼ਾ ਕਵੀ ਈਸ਼ਰ ਸਿੰਘ ਭਾਈਆ ਇਉਂ ਬਿਆਨ ਕਰਦਾ ਹੈ-

ਧੀਆਂ ਵਾਸਤੇ ਸਹੁਰੇ ਜਦੋਂ ਮਰ ਜਾਂਦੇ, ਫਿਰ ਮਾਪੇ ਭੀ ਪਾਸੜਾ ਮੋੜਦੇ ਨੇ।
ਗੱਲਾਂ ਹੋਰ ਦੀਆਂ ਹੋਰ ਕਰਨ ਲਗਦੇ, ਰਿਸਤੇ ਭੈਣ ਭਰਾ ਦੇ ਤੋੜਦੇ ਨੇ।
ਔਰਤ ਜਾਤ ਦੇ ਮੁਕੱਦਰੀ ਕੀ ਲਿਖਿਆ, ਰੋਂਦੀ ਰਹੇ ਤੇ ਉਮਰ ਗੁਜ਼ਾਰ ਦੇਵੇ।
ਭਾਵੇਂ ਪਤੀ ਮਰ ਜਾਏ ਬੂਹੇ ਵੜਦਿਆਂ ਹੀ, ਰੋ ਰੋ ਕੇ ਉਸ ਨੂੰ ਪਿਆਰ ਦੇਵੇ।...
ਸੱਸ ਤੇ ਸਹੁਰਾ ਹੋ ਗਏ ਕੋਰੇ। ਮਾਪੇ ਮੇਰੇ ਬਣ ਗਏ ਬਉਰੇ।
ਦਿਲ ਦਾ ਮਹਿਰਮ ਕੋਈ ਨਹੀਂ ਦਿਸਦਾ, ਕੀਹਨੂੰ ਕੂਕ ਸੁਣਾਵਾਂ, ਨੀ ਮੈਂ ਕਿੱਥੇ ਜਾਵਾਂ?

ਰੰਗ ਮਹਿੰਦੀ ਦਾ ਅਜੇ ਨਾ ਲੱਥਾ। ਬਿੰਦੀ ਨੂੰ ਮੇਰਾ ਸਹਿਕੇ ਮੱਥਾ।

ਛਣ ਛਣ ਕਰ ਕੇ ਸਿਰ ਪਈਆਂ ਖਾਵਣ, ਚੂੜੇ ਵਾਲੀਆਂ ਬਾਹਵਾਂ, ਨੀਂ ਮੈਂ ਕਿੱਥੇ ਜਾਵਾਂ?

ਪਰਾਈ ਔਰਤ ਨਾਲ ਸਰੀਰਕ ਸਬੰਧ ਰੱਖਣ ਵਾਲਾ ਜਾਂ ਵੇਸ਼ਵਾ ਗਮਨੀ ਕਰਨ ਵਾਲਾ ਵਿਅਕਤੀ ਸਿੱਖੀ ਤੋਂ ਖਾਰਜ ਹੋ ਜਾਂਦਾ ਹੈ। ਹਨੇਰ ਸਾਂਈ ਦਾ! ਦੁਨੀਆਂ ਦਾ ਮਾਰਗ ਦਰਸ਼ਨ ਕਰਨ ਵਾਲੇ, ਅਸੂਲਾਂ ਤੇ ਪਰਪੱਕਤਾ ਨਾਲ ਪਹਿਰਾ ਦੇਣ ਵਾਲੇ, ਮਹਾਨ ਆਤਮਾ ਸਤਿਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਨਾਲ ਬਚਿੱਤਰ ਨਾਟਕ ਦੀਆਂ ਗੰਦੀਆਂ ਕਹਾਣੀਆਂ ਜੋੜ ਕੇ ਬੇਦਾਗ ਤੇ ਅਭੁੱਲ ਗੁਰੂ ਨੂੰ ਦਾਗੀ ਬਣਾ ਧਰਿਆ ਹੈ। ਭੁੱਲਿਆਂ, ਭਟਕਿਆਂ ਵੇਸ਼ਵਾ ਦੇ ਕੋਠਿਆਂ 'ਤੇ ਜਾਂਦਾ ਵਿਖਾਇਆ ਹੈ। ਇਨ੍ਹਾਂ ਵੱਡਾ ਪਾਪ ਕਰਮ ਕੀਤਾ ਹੈ ਰਾਮ ਅਤੇ ਸ਼ਾਮ ਨਾਮ ਦੇ ਲਿਖਾਰੀਆਂ ਨੇ। ਸਿੱਖਾਂ ਵਿਚਲੇ ਮੂਰਖ ਆਗੂ ਤੇ ਖ਼ੁਦਗਰਜ਼ ਲੇਖਕਾਂ ਨੇ ਰਾਮ ਅਤੇ ਸਿਆਮ ਗੁਰੂ ਗੋਬਿੰਦ ਸਿੰਘ ਦੇ ਬਚਪਨ ਦੇ ਨਾਮ ਪ੍ਰਚਾਰ ਦਿੱਤੇ, ਜਦੋਂ ਕਿ ਇਹ ਕੋਰਾ ਝੂਠ ਹੈ। ਉਨ੍ਹਾਂ ਦਾ ਪਹਿਲਾਂ ਨਾਮ ਗੋਬਿੰਦ ਰਾਏ ਸੀ। ਫਿਰ ਗੋਬਿੰਦ ਸਿੰਘ ਹੋਇਆ। ਪਰ ਜੇ ਉਨ੍ਹਾਂ ਬਾਣੀ ਲਿਖੀ ਹੁੰਦੀ ਤਾਂ "ਨਾਨਕ" ਨਾਮ ਹੇਠ ਲਿਖਣੀ ਸੀ। ਕਿਉਂਕਿ ਉਹ ਦਸਵੇਂ ਨਾਨਕ ਸਨ। ਸਿੱਖਾਂ ਵਿਚ ਵਿਭਚਾਰ ਫੈਲਾਉਣ ਦੀ ਨੀਅਤ ਨਾਲ ਅਜਿਹੀਆਂ ਅਸ਼ਲੀਲ ਕਹਾਣੀਆਂ ਗੁਰੂ ਦੇ ਪੇਟੇ ਪਾ ਦਿੱਤੀਆਂ। ਜੇ ਗੁਰੂ ਅਜਿਹੇ ਭੈੜੇ ਕੰਮ ਕਰਦਾ ਸਿੱਖ ਪੜ੍ਹਨਗੇ ਤਾਂ ਖ਼ੁਦ ਉਹੀ ਕੁੱਝ ਕਰਨਗੇ। ਸਤਿਗੁਰੂ ਜੀ ਦੇ ਗੁਰਬਾਣੀ ਵਿਚਲੇ ਉਪਦੇਸ਼, ਔਰਤ ਮਰਦ ਨੂੰ ਵੇਸ਼ਵਾ ਗਮਨੀ ਜਾਂ ਵਿਭਚਾਰ ਤੋਂ ਸਖਤੀ ਨਾਲ ਵਰਜਦੇ ਹਨ। ਸੰਜਮ ਵਾਲਾ ਗ੍ਰਹਿਸਤੀ ਜੀਵਨ ਬਿਤਾਉਣ ਲਈ ਹੁਕਮ ਕਰਦੇ ਹਨ। ਕਾਸ਼ ਕਿ ਸੰਸਾਰ ਵਿਚੋਂ ਵੇਸ਼ਵਾ ਪੁਣੇ ਵਾਲੀ ਕਲੰਕਤ ਬਿਰਤੀ ਖ਼ਤਮ ਹੋ ਜਾਵੇ, ਹਰ ਇਕ ਇਸਤਰੀ ਸੁਖੀ ਜੀਵਨ ਬਤੀਤ ਕਰ ਸਕੇ। "ਸ਼੍ਰੋਮਣੀ ਕਮੇਟੀ ਦੇ 'ਖੋਜੀ ਵਿਦਵਾਨ' ਭਾਈ ਰਣਧੀਰ ਸਿੰਘ ਨੇ ਕਿਤਾਬ ਲਿਖੀ ਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਬਦ ਮੂਰਤਿ (ਦਸਵੇਂ ਪਾਤਸ਼ਾਹ ਕੇ ਗ੍ਰੰਥ) ਦਾ ਇਤਿਹਾਸ। ਇਸ ਕਿਤਾਬ ਦੇ 21 ਨੰ. ਪੰਨੇ 'ਤੇ ਦਰਜ ਹੈ ਕਿ ਲਾਹੌਰ ਤੋਂ ਛਜੀਆ, ਰਾਮਜਨੀ ਤੇ ਅਨੂਪ ਕੌਰ ਵੇਸ਼ਵਾਵਾਂ ਆਈਆਂ। ਗੁਰੂ ਜੀ ਦੀ ਜੁਆਨੀ ਅਤੇ ਰੂਪ 'ਤੇ ਮੋਹਿਤ ਹੋ ਗਈਆਂ।" ਸੰਪਾਦਕੀ ਟਿੱਪਣੀ-ਗੁਰੂ ਦਾ ਅਪਮਾਨ ਜੇ ਸ਼੍ਰੋਮਣੀ ਕਮੇਟੀ ਹੀ ਕਰੇ ਫਿਰ ਇਸ ਕਮੇਟੀ ਦਾ (ਤੇ ਵਿਦਵਾਨਾਂ ਦਾ ਪੈਨਲ ਬਣਾ ਕੇ) ਬਦਲ ਤਿਆਰ ਕਰਨਾ ਸੁਹਿਰਦ ਸਿੱਖਾਂ ਦਾ ਫ਼ਰਜ਼ ਹੈ। ਇਕ ਗੁਰਬਾਣੀ ਪ੍ਰਮਾਣ ਹੋਰ ਵਿਚਾਰ ਲਈਏ –

ਮਨਮੁਖਾਂ ਦੇ ਸਿਰਿ ਜੋਰਾ ਅਮਰੁ ਹੈ, ਨਿਤ ਦੇਵਹਿ ਭਲਾ॥

ਜੋਰਾ ਦਾ ਆਖਿਆ ਪੁਰਖ ਕਮਾਵਦੇ, ਸੇ ਅਪਵਿਤ ਅਮੇਧ ਖਲਾ ॥

ਕਾਮਿ ਵਿਆਪੇ ਕੁਸੁਧ ਨਰ, ਸੇ ਜੋਰਾ ਪੁਛਿ ਚਲਾ ॥

ਸਤਿਗੁਰ ਕੈ ਆਖਿਐ ਜੋ ਚਲੈ, ਸੋ ਸਤਿ ਪੁਰਖੁ ਭਲ ਭਲਾ ॥ (304)

ਹੇ ਗੁਰਸਿੱਖੋ! ਗੁਰੂ ਦੇ ਉਪਦੇਸ਼ ਤੋਂ ਉਲਟ ਆਪਣੇ ਮਨ ਦੇ ਪਿੱਛੇ ਚੱਲਣ ਵਾਲੇ ਮਨਮੁੱਖਾਂ ਉਤੇ ਭੈੜੀਆਂ ਔਰਤਾਂ ਦਾ ਹੁਕਮ ਚਲਦਾ ਹੈ। ਜਿਵੇਂ ਉਹ ਆਖਦੀਆਂ ਹਨ, ਮਰਦ ਉਸੇ ਤਰ੍ਹਾਂ ਕਰਦੇ ਹਨ। ਜੋ ਮਨੁੱਖ ਬਿਨਾਂ ਸੋਚੇ ਵੀਚਾਰੇ ਔਰਤਾਂ ਦੇ ਆਖੇ ਲਗਦੇ ਹਨ, ਉਹ ਅਸਲ ਵਿਚ ਵਿਭਚਾਰੀ ਹਨ। ਅਪਵਿੱਤਰ ਹਨ ਤੇ ਮੂਰਖ ਹਨ। ਅਜਿਹੇ ਭੈੜੇ ਆਦਮੀ ਕਾਮ ਵਾਸ਼ਨਾਂ ਵਿਚ ਅੰਨ੍ਹੇ ਹੋ ਚੁੱਕੇ ਹੁੰਦੇ ਹਨ। ਆਪਣੀ ਵਾਸ਼ਨਾ ਪੂਰਤੀ ਲਈ ਔਰਤ ਦਾ ਆਖਿਆ ਗਲਤ ਹੁਕਮ ਭੀ ਮੰਨੀ ਜਾਂਦੇ ਹਨ। ਜਿਹੜੇ ਸੇਵਕ ਗੁਰੂ ਦੇ ਕਹਿਣੇ ਵਿਚ ਚਲਦੇ ਹਨ, ਉਹ ਭਲੇ ਇਨਸਾਨ ਹਨ। ਸੱਚ ਦੇ ਪਾਂਧੀ ਹਨ, ਬੁਰੇ ਪਾਸੇ ਇਕ ਕਦਮ ਭੀ ਨਹੀਂ ਚਲਦੇ। ਆਪਣੇ ਜੀਵਨ ਨੂੰ ਹਰ ਤਰ੍ਹਾਂ ਦੇ ਵਿਕਾਰਾਂ ਤੋਂ ਬਚਾਈ ਰਖਦੇ ਹਨ।

"ਛੁੱਟੜ" ਔਰਤ ਦਾ ਨਰਕੀ ਜੀਵਨ

ਜਦੋਂ ਜੁਆਨ ਹੋ ਚੁੱਕੇ ਲੜਕੇ ਲੜਕੀ ਦਾ ਸਬੰਧ ਜੋੜਨ ਰਿਸ਼ਤੇਦਾਰ ਗੱਲਬਾਤ ਕਰਦੇ ਹਨ, ਤਾਂ ਲੜਕੀ ਦੀ ਸੁੰਦਰਤਾ ਬਾਰੇ ਦਸਦੇ ਹਨ। ਜਦੋਂ ਲੜਕੇ ਬਾਰੇ ਗੱਲ ਚੱਲ ਰਹੀ ਹੋਵੇ ਤਾਂ ਜ਼ਮੀਨ ਬਾਰੇ, ਨੌਕਰੀ ਬਾਰੇ ਹੀ ਗੱਲਬਾਤ ਹੁੰਦੀ ਹੈ। ਅਖੇ ਮੁੰਡਾ ਕਮਾਊ ਹੈ, ਹੋਰ ਕੀ ਚਾਹੀਦਾ ਹੈ? ਭਾਵ ਇਹ ਕਿ ਲੜਕੇ ਦੀ ਸੁੰਦਰਤਾ ਨਹੀਂ ਪਰਖੀ ਜਾਂਦੀ ਕੇਵਲ ਆਰਥਕ ਪੱਖ ਵੇਖਿਆ ਜਾਂਦਾ ਹੈ। ਲੜਕੀ ਵਾਲਾ ਆਰਥਕ –ਨੌਕਰੀ ਜ਼ਮੀਨ ਜਾਂ ਵਾਪਾਰ– ਕੋਈ ਨਹੀਂ। ਇਸ ਲਈ ਬਦਸੂਰਤ ਲੜਕੇ ਭੀ ਕਈ ਵਾਰੀ "ਪਰੀਆਂ" ਨਾਲ ਵਿਆਹ ਕਰਵਾ ਲੈਂਦੇ ਹਨ। ਸੋਹਣੀਆਂ ਅੱਲੜ ਲੜਕੀਆਂ ਦਾ ਬੁੱਢਿਆਂ ਨਾਲ ਕਈ ਵਾਰੀ "ਸਿਰ ਨਰੜ" ਹੋ ਜਾਂਦਾ ਹੈ। ਆਰਥਕ ਪੱਖੋਂ ਸੱਖਣੀ ਹੋਣ ਕਰ ਕੇ ਪਤਨੀ ਨੂੰ ਸਾਰੀ ਉਮਰ ਪਤੀ ਅੱਗੇ ਹੱਥ ਫੈਲਾਉਣੇ ਪੈਂਦੇ ਹਨ। ਪਤਨੀ ਭਾਵੇਂ ਘਰੇਲੂ ਲੋੜਾਂ ਲਈ ਪੈਸੇ ਮੰਗੇ ਤਾਂ ਭੀ ਫ਼ਜ਼ੂਲ ਖਰਚੀ ਸਮਝੀ ਜਾਂਦੀ ਹੈ। ਪਤੀ ਭਾਵੇਂ ਯਾਰਾਂ ਦੋਸਤਾਂ ਵਿਚ ਬੈਠ ਕੇ ਹਜ਼ਾਰਾਂ ਦੀ ਸ਼ਰਾਬ ਪੀ ਕੇ ਪੈਸੇ ਰੋਹੜ ਦੇਵੇ ਪਤਨੀ ਨੂੰ ਮੂੰਹ ਖੋਲ੍ਹਣ ਦੀ ਇਜਾਜ਼ਤ ਨਹੀਂ। ਬਹੁਤ ਸਾਰੇ ਲੋਕ ਭਰੂਣ ਹੱਤਿਆ ਦੇ ਪੱਖ ਵਿਚ ਦਲੀਲ ਦਿੰਦੇ ਹਨ ਕਿ ਲਾਲਚੀ ਲੋਕਾਂ ਵਲੋਂ ਦਾਜ ਦੀ ਮੰਗ ਤੋਂ ਦੁਖੀ ਹੋ ਕੇ ਮਾਪੇ ਕੁੱਖ ਵਿਚ ਕੁੜੀਆਂ ਨੂੰ ਮਾਰਦੇ ਹਨ। ਅਗਰ ਇਸ ਦਾ ਇਕ ਦੂਜਾ ਪਹਿਲੂ ਸਾਹਮਣੇ ਰੱਖ ਲਿਆ ਜਾਵੇ ਤਾਂ ਸਹਿਜੇ ਹੀ ਸਮੱਸਿਆ ਹੱਲ ਹੋ ਸਕਦੀ ਹੈ। ਜੋ ਆਦਮੀ ਸ਼ਰਾਬ ਪੀਣ ਦੇ ਆਦੀ ਹਨ, ਇਕ ਮੋਟੇ ਜਹੇ ਅੰਦਾਜ਼ੇ ਮੁਤਾਬਕ ਔਸਤਨ ਉਹ ਵੀਹ ਸਾਲ ਵਿਚ ਪੰਜ ਲੱਖ ਦੀ ਸ਼ਰਾਬ ਡਕਾਰ ਜਾਂਦੇ ਹਨ। ਸ਼ਰਾਬੀ ਆਦਮੀ ਹੌਲੀ ਹੌਲੀ ਸਰੀਰ ਵਲੋਂ ਕਮਜ਼ੋਰ ਹੋ ਜਾਂਦਾ ਹੈ, ਬਹੁਤਾ ਕੰਮ ਨਹੀਂ ਕਰ ਸਕਦਾ। ਕਈ ਬਿਮਾਰੀਆਂ ਆ ਘੇਰਦੀਆਂ ਹਨ, ਇਲਾਜ ਤੇ ਪੈਸਾ ਲੱਗਣਾ ਸ਼ੁਰੂ ਹੋ ਜਾਂਦਾ ਹੈ। ਘਰ ਵਿਚ ਕਲੇਸ਼ ਰਹਿਣ ਲਗਦਾ ਹੈ। ਕਈ ਵਾਰੀ ਪਤਨੀ ਭੀ ਪ੍ਰੇਸ਼ਾਨੀ ਕਾਰਨ ਬਿਮਾਰ ਰਹਿਣ ਲਗਦੀ ਹੈ। ਔਸਤਨ ਪੰਜ ਲੱਖ ਰੁਪਿਆ ਵੀਹ ਸਾਲ ਵਿਚ ਬਿਮਾਰੀਆਂ ਆਦਿ ਕਾਰਨ ਹੋਰ ਰੁੜ੍ਹ ਗਿਆ। ਦਸ ਲੱਖ ਰੁਪਏ ਵਿਚ ਬੇਟੀ ਦਾ ਚੰਗਾ ਚੋਖਾ ਵਿਆਹ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਸਿੱਖ ਧਰਮ ਨੂੰ ਮੰਨਣ ਦਾ ਦਾਅਵਾ ਕਰਨ ਵਾਲਾ ਹਰ ਪ੍ਰਵਾਰ ਦਾਜ ਦਾ ਬਹਾਨਾ ਲਾ ਕੇ ਮਾਸੂਮ ਕਲੀਆਂ (ਭਰੂਣ) ਨੂੰ ਤਾਂ ਕੁਚਲ ਰਿਹਾ ਹੈ। ਬਜ਼ੁਰਗਾਂ ਦੇ ਮਰਨਿਆਂ 'ਤੇ ਲੱਖਾਂ ਰੁਪਏ ਫ਼ਜ਼ੂਲ ਵਿਚ ਕਿਉਂ ਬਰਬਾਦ ਕੀਤੇ ਜਾਂਦੇ ਹਨ? ਮੁੰਡੇ

ਦਾ ਜਨਮ ਦਿਨ ਇਕ ਵਾਰੀ ਨਹੀਂ, ਸਗੋਂ ਹਰ ਸਾਲ ਜਨਮ ਦਿਨ ਵਿਆਹ ਦਾ ਦਿਨ, ਹੋਰ ਕਈ ਕਿੱਟੀ ਪਾਰਟੀਆਂ 'ਤੇ ਜੋ ਬੇਅੰਤ ਪੈਸਾ ਬਰਬਾਦ ਕੀਤਾ ਜਾ ਰਿਹਾ ਹੈ, ਉਸ ਨੂੰ ਬਚਾ ਕੇ ਬੱਚੀਆਂ ਦੀ ਚੰਗੀ ਪਾਲਣਾ ਹੋ ਸਕਦੀ ਹੈ। ਉਚੇਰੀ ਪੜ੍ਹਾਈ ਹੋ ਸਕਦੀ ਹੈ। ਬੱਚੀਆਂ ਆਪਣਾ ਰੁਜ਼ਗਾਰ ਕਮਾ ਸਕਦੀਆਂ ਹਨ। ਫਿਰ ਕਿਸੇ ਦੀ ਗੁਲਾਮੀ ਬਰਦਾਸ਼ਤ ਨਹੀਂ ਕਰਨੀ ਪਵੇਗੀ। ਲੋੜ ਹੈ ਆਪਣੀ ਸੋਚ ਨੂੰ ਬਦਲਣ ਦੀ, ਪੈਸਾ ਖਰਚਣ ਦੇ ਤਰੀਕੇ ਸਿੱਖਣ ਦੀ।

ਖੁਦਗਰਜ਼ ਪਤੀ ਵਲੋਂ ਪਤਨੀ ਨੂੰ ਛੱਡਣ ਦੀ ਧਮਕੀ ਉਸੇ ਹਾਲਤ ਵਿਚ ਦਿੱਤੀ ਜਾਂਦੀ ਹੈ ਜਦੋਂ ਉਹ ਮਹਿਸੂਸ ਕਰੇ ਕਿ ਇਸ ਜਨਾਨੀ ਕੋਲ ਕੋਈ ਵਿਦਿਆ ਜਾਂ ਗੁਣ ਨਹੀਂ ਹੈ। ਰੋਟੀ ਤੋਂ ਮੁਥਾਜ ਹੋ ਜਾਵੇਗੀ। ਇਕ ਧਮਕੀ ਦਿਆਂ ਤੇ ਆਪਣੇ ਪਿਤਾ ਤੋਂ ਚੰਗੀ ਚੋਖੀ ਮਾਇਆ ਲਿਆ ਕੇ ਮੇਰੇ ਅੱਗੇ ਢੇਰੀ ਕਰ ਦੇਵੇਗੀ। ਉਸ ਪੈਸੇ ਨਾਲ ਮੈਂ ਜੂਆ ਖੇਢਾਂ, ਸ਼ਰਾਬ ਪੀਵਾਂ ਜਾਂ ਵੇਸ਼ਵਾਵਾਂ ਦੇ ਕੋਠਿਆਂ 'ਤੇ ਜਾਵਾਂ ਮੇਰੀ ਮਰਜ਼ੀ। ਜੇ ਮੇਰੀ ਮੰਗ ਪੂਰੀ ਨਾ ਕੀਤੀ ਗਈ ਤਾਂ ਇਸ ਨੂੰ ਛੱਡ ਕੇ ਮੈਂ ਹੋਰ ਵਿਆਹ ਕਰਵਾ ਲਵਾਂਗਾ। ਇਹ ਜਨਾਨੀ ਸਾਰੀ ਉਮਰ "ਛੁੱਟੜ" ਹੋਣ ਦਾ ਕਲੰਕ ਮੱਥੇ ਵਿਚ ਲਗਵਾ ਕੇ ਰੋਂਦੀ ਹੋਈ ਜਵੀਨ ਬਤੀਤ ਕਰੇਗੀ। ਜੇ ਮੇਰੇ ਕੋਲ ਰਹਿਣਾ ਹੈ ਤਾਂ ਮੇਰੀ ਮੰਗ ਪੂਰੀ ਕਰਨੀ ਹੀ ਪਵੇਗੀ।

ਛੁੱਟੜ ਵਰਗਾ ਕਲੰਕਤ ਜਾਂ ਘਿਰਣਤ ਸ਼ਬਦ ਪੁਰਸ ਵਰਗ ਵਾਸਤੇ ਘੜਿਆ ਹੀ ਨਹੀਂ ਗਿਆ। ਅਜਿਹੇ ਹੋਰ ਭੀ ਕੁੱਝ ਸ਼ਬਦ ਹਨ ਜੋ ਕੇਵਲ ਇਸਤਰੀ ਵਰਗ ਲਈ ਹਨ। ਜਿਵੇਂ "ਨਿਕਲ ਗਈ, ਦੌੜ ਗਈ, ਰੁੱਸ ਕੇ ਚਲੀ ਗਈ। ਉਧਾਲ ਲਈ ਜਾਂ ਉੱਧਲ ਗਈ। ਲਿਆਂਦੀ, ਬਸ ਗਈ। ਖੇਖਣਹਾਰੀ, ਡਾਇਣ ਚੁੜੇਲ, ਟੂਣੇ ਹਾਰੀ "ਆਦਿ ਵਰਗੇ ਘਿਰਣਤ ਸ਼ਬਦ ਕੇਵਲ ਔਰਤਾਂ ਲਈ ਹਨ। ਇਨ੍ਹਾਂ ਵਰਗਾ ਸ਼ਬਦ ਆਦਮੀਆਂ ਲਈ ਘੜਿਆ ਹੀ ਨਹੀਂ ਗਿਆ। ਇਕ ਪਤਨੀ ਦੇ ਮਰ ਜਾਣ 'ਤੇ ਜਾਂ ਤਲਾਕ ਹੋ ਜਾਣ 'ਤੇ ਆਦਮੀ ਉਸੇ ਤਰ੍ਹਾਂ ਧੂਮ ਧਾਮ ਨਾ ਵਿਆਹ ਕਰਵਾਉਂਦਾ ਹੈ। ਪਰ ਇਸਤਰੀ ਵਿਧਵਾ ਹੋਵੇ ਚਾਹੇ ਤਲਾਕਸ਼ੁਦਾ ਉਸ ਦਾ ਦੁਬਾਰਾ ਵਿਆਹ ਨਹੀਂ ਕੀਤਾ ਜਾਂਦਾ। ਸਗੋਂ ਕਿਸੇ "ਲੋੜਵੰਦ" ਦੇ ਘਰ ਬੈਠਾਈ ਜਾਂਦੀ ਹੈ। ਕਰੇਵਾ ਕਰਵਾਇਆ ਜਾਂਦਾ ਹੈ। ਚਾਦਰ ਪਾਉਣ ਦੀ ਰਸਮ ਕੀਤੀ ਜਾਂਦੀ ਹੈ। ਲੜ ਲਾਈ ਜਾਂਦੀ ਹੈ। ਅਜਿਹੇ ਅਪਮਾਨ ਜਨਕ ਸ਼ਬਦ ਪੁਰਸ਼ ਵਰਗ ਵਾਸਤੇ ਘੜੇ ਹੀ ਨਹੀਂ ਗਏ। ਹਾਲਾਂਕਿ ਪਤੀ ਵਲੋਂ ਵੱਖਰਾ ਰਾਹ ਅਖਤਿਆਰ ਕਰਨਾ ਭੀਹਾਵਲਾ ਰਾਹ ਹੈ। ਕਸੂਰਵਾਰ ਸਿਰਫ਼ ਔਰਤ ਹੀ ਨਹੀਂ ਹੁੰਦੀ ਪਰ ਸਾਰਾ ਦੋਸ਼ ਉਸ ਦੇ ਮੱਥੇ ਮੜ੍ਹ ਦਿੱਤਾ ਜਾਂਦਾ ਹੈ। ਸਾਰੀ ਉਮਰ ਕਲੇਜਾ ਚੀਰਵੇਂ ਤਾਨ੍ਹੇ ਮੇਹਣੇ ਸੁਣਨ ਨੂੰ

ਮਿਲਦੇ ਹਨ। ਦੂਜਾ ਖਸਮ ਭੀ ਅਕਸਰ ਜਲੀਆਂ ਕਟੀਆਂ ਸੁਣਾਉਣੋ ਸੰਕੋਚ ਨਹੀਂ ਕਰਦਾ। "ਜੇ ਤੂੰ ਇੰਨੀ ਹੀ ਸਤੀ ਸਵਿੱਤਰੀ ਹੁੰਦੀ, ਪਹਿਲੇ ਖਸਮ ਦੇ ਹੀ ਵਸਦੀ।" ਬਦਕਿਸਮਤੀ ਨੂੰ ਅਗਰ ਪਹਿਲੇ ਪਤੀ ਦੇ ਬੱਚੇ ਭੀ ਹੋਣ ਫਿਰ ਔਰਤ ਲਈ ਹੋਰ ਵੱਡੀਆਂ ਮੁਸੀਬਤਾਂ। ਨਾਲ ਹੀ ਬੱਚਿਆਂ ਦੀ ਜ਼ਿੰਦਗੀ ਅੰਧਕਾਰਮਈ। ਜੇ ਕੋਈ ਇਨਕਮ ਦਾ ਸਾਧਨ ਹੋਵੇ ਤਾਂ ਬੱਚਿਆਂ ਵਾਲੀ ਔਰਤ ਦੂਜਾ ਪਤੀ ਸਵੀਕਾਰ ਹੀ ਨਹੀਂ ਕਰਦੀ। ਵਿਧਵਾ ਜਾਂ ਛੁੱਟੜ ਔਖੀ ਸੌਖੀ ਦਿਨ ਕੱਟੀ ਕਰ ਲਵੇਗੀ। ਬੱਚਿਆਂ ਨੂੰ ਭੀ ਬਣਦਾ ਸਰਦਾ ਲਾਡ ਪਿਆਰ ਦੇ ਸਕੇਗੀ। ਦੂਸਰਾ "ਘਰ" ਕਰਨ ਤੋਂ ਮਗਰੋਂ ਮਾਂ ਦੀ ਮਮਤਾ, ਬੱਚਿਆਂ ਦਾ ਵਿਛੋੜਾ, ਔਰਤ ਲਈ ਅੱਗ ਦੇ ਭਾਂਬੜ ਵਿਚ ਜਿਊਣ ਵਾਂਗ ਹੈ।

ਜਿਨ੍ਹਾਂ ਔਰਤਾਂ ਦੀ ਆਰਥਿਕ ਹਾਲਤ ਮਜ਼ਬੂਤ ਹੋਵੇ, ਨੌਕਰੀ ਆਦਿ 'ਤੇ ਲੱਗੀਆਂ ਹੋਣ, ਆਮ ਹਾਲਤਾਂ ਵਿਚ ਉਨ੍ਹਾਂ ਔਰਤਾਂ ਦਾ ਤਲਾਕ ਨਹੀਂ ਹੁੰਦਾ। ਕਿਉਂਕਿ ਪਤੀ ਅਤੇ ਉਸ ਦਾ ਪਰਵਾਰ ਭਲੀ ਭਾਂਤ ਜਾਣਦਾ ਹੈ ਕਿ ਨੂੰਹ ਦੇ ਪੈਸੇ ਨਾਲ ਘਰ ਦੀਆਂ ਲੋੜਾਂ ਪੂਰੀਆਂ ਹੋ ਰਹੀਆਂ ਹਨ। ਇਸ ਨੂੰ ਤਿਆਗ ਦੇਣ 'ਤੇ ਇਕ ਤਾਂ ਇਨਕਮ ਘੱਟ ਜਾਵੇਗੀ, ਦੂਜਾ ਇਸ ਜਨਾਨੀ ਨੇ ਆਪਣੀ ਤਨਖਾਹ ਦੇ ਬਲਬੂਤੇ ਸੌਖਿਆਂ ਹੀ ਸਮਾਂ ਗੁਜ਼ਾਰ ਲੈਣਾ ਹੈ। ਫਿਰ ਭੀ ਅਗਰ ਤਲਾਕ ਦੀ ਨੌਬਤ ਆ ਹੀ ਜਾਵੇ ਤਾਂ ਹੱਥੀਂ ਕੋਈ ਆਮਦਨੀ ਵਾਲਾ ਕੰਮ ਨਾ ਜਾਣਨ ਵਾਲੀਆਂ ਔਰਤਾਂ ਲੋਕਾਂ ਦੇ ਘਰਾਂ ਵਿਚ ਕੱਪੜੇ ਧੋ ਕੇ ਝਾੜੂ ਪੋਚਾ ਲਾ ਕੇ ਜਾਂ ਭਾਂਡੇ ਮਾਂਜ ਕੇ ਹੀ ਗੁਜ਼ਾਰਾ ਕਰ ਸਕਦੀਆਂ ਹਨ। ਜਦੋਂ ਕਿ ਜਵਾਨ ਅਤੇ ਸੋਹਣੀਆਂ ਔਰਤਾਂ ਨੂੰ ਬੇਗਾਨੇ ਘਰਾਂ ਵਿਚ ਜਾ ਕੇ ਕੰਮ ਕਰਨੇ, ਇਕ ਅਤੀ ਖ਼ਤਰਨਾਕ ਵਰਤਾਰਾ ਭੀ ਹੋ ਸਕਦਾ ਹੈ। ਉਸ ਦਾ ਜਿਸਮਾਨੀ ਸੋਸ਼ਣ ਭੀ ਹੋ ਸਕਦਾ ਹੈ। ਪਰ ਪੜ੍ਹੀਆਂ ਹੋਈਆਂ, ਹੱਥੀਂ ਕਮਾਉਣ ਵਾਲੀਆਂ ਤਲਾਕ ਸ਼ੁਦਾ ਔਰਤਾਂ ਨੂੰ ਉਤਨੀਆਂ ਮੁਸ਼ਕਲਾਂ ਦਾ ਸਾਹਮਣਾ ਨਹੀਂ ਕਰਨਾ ਪੈਂਦਾ, ਹਰ ਹਾਲਤ ਵਿਚ ਲੜਕੀਆਂ ਦੀ ਚੰਗੇਰੀ ਪੜ੍ਹਾਈ ਕਰਵਾਈ ਜਾਵੇ। ਹੱਥੀਂ (ਆਮਦਨ ਵਾਲੇ) ਕੰਮ ਕਰਨੇ ਸਿਖਾਏ ਜਾਣ। ਨਾਲ ਹੀ ਕਮਜ਼ੋਰ ਮਾਨਸਿਕ ਹਾਲਤ ਵਿਚੋਂ ਕੱਢ ਕੇ ਅੰਦਰ ਦਲੇਰੀ ਦਾ ਅਹਿਸਾਸ ਜਗਾਇਆ ਜਾਵੇ। "ਬੇਪੱਤ ਜੀਵਨ ਨਾਲੋਂ ਅਣਖ ਵਾਲਾ ਜੀਵਨ ਭਾਵੇਂ ਛੋਟਾ ਹੀ ਹੋਵੇ, ਕਿਤੇ ਬੇਹਤਰ ਹੈ" ਦਾ ਪਾਠ ਬਾਰ ਬਾਰ ਪੜ੍ਹਾਇਆ ਜਾਵੇ। ਜ਼ੁਲਮ ਦੇ ਵਿਰੁਧ ਕਿਵੇਂ ਆਵਾਜ਼ ਬੁਲੰਦ ਕਰਨੀ ਹੈ, ਆਪਣੀ ਦੁੱਖਦਾਈ ਦਾਸਤਾਨ ਮੀਡੀਏ ਤੱਕ ਕਿਵੇਂ ਪਹੁੰਚਾਉਣੀ ਹੈ? ਕੌਣ ਲੋਕ ਔਖੇ ਵਕਤ ਮਦਦਗਾਰ ਸਾਬਤ ਹੋ ਸਕਦੇ ਹਨ। ਬੇਗਾਨਿਆਂ ਤੋਂ ਤਾਂ ਬਚਣਾ ਹੀ ਹੈ। ਕਿਤੇ ਕੋਈ ਆਪਣਾ ਧੋਖਾ ਨਾ ਦੇ ਜਾਵੇ।

ਇਨ੍ਹਾਂ ਸਾਰੇ ਪਹਿਲੂਆਂ ਬਾਰੇ ਲੜਕੀਆਂ ਨੂੰ ਲਗਾਤਾਰ ਸਿੱਖਿਆ ਦੇਂਦੇ ਰਹਿਣਾ ਚਾਹੀਦਾ ਹੈ। ਘਟੀਆਪਣ ਦਾ ਅਹਿਸਾਸ ਕਦੇ ਆਪਣੇ ਨੇੜੇ ਨਾ ਫਟਕਣ ਦੇਵੋ। ਵਿਧਵਾ ਹੋਣਾ ਜਾਂ ਤਲਾਕ ਹੋ ਜਾਣਾ ਔਰਤ ਲਈ ਅਪਮਾਨ ਜਨਕ ਕਿਉਂ ਹੋਵੇ ? ਜੇ ਅਪਮਾਨ ਮੰਨਣਾ ਹੀ ਹੈ ਤਾਂ ਔਰਤ ਮਰਦ ਦੋਵਾਂ ਦਾ ਅਪਮਾਨ ਮੰਨਿਆ ਜਾਵੇ। ਅਜਿਹੇ ਵਰਤਾਰੇ ਜ਼ਿੰਦਗੀ ਵਿੱਚ ਵਾਪਰੇ ਹਾਦਸੇ ਹਨ। ਇਨ੍ਹਾਂ ਨੂੰ "ਕਿਸਮਤ ਹੀ ਖੋਟੀ ਸੀ" ਨਾਲ ਜੋੜਨ ਦੀ ਜ਼ਰੂਰਤ ਨਹੀਂ ਹੈ। ਇਉਂ ਕਹਿ ਲਈਏ ਕਿ ਪਤੀ ਪਤਨੀ ਤੇ ਪਰਵਾਰ ਨਵੇਂ ਹਾਲਾਤ ਵਿਚ ਆਪਣੇ ਆਪ ਨੂੰ ਢਾਲ ਨਹੀਂ ਸਕੇ। ਬਦ ਮਿਜਾਜੀਆਂ, ਲਾਲਸਾਵਾਂ ਜਾਂ ਮੂਰਖਤਾ ਕਾਰਨ ਆਪਣਾ ਘਰ ਉਜਾੜ ਲਿਆ। ਹਾਦਸਾ ਵਾਪਰਣ ਤੋਂ ਮਗਰੋਂ ਭੀ ਆਪਣੇ ਆਪ ਨੂੰ ਮਜ਼ਬੂਤ ਰੱਖਣਾ ਹੈ। ਔਰਤ ਦੀ ਕਮਜ਼ੋਰੀ ਦਾ ਕੋਈ ਨਾਜਾਇਜ਼ ਫਾਇਦਾ ਨਾ ਉਠਾ ਸਕੇ। ਰੋ ਕੇ ਉਮਰ ਨਹੀਂ ਬੀਤਣੀ ਰੋਂਦਿਆਂ ਦੇ ਨੇੜੇ ਕਿਸੇ ਨੇ ਨਹੀਂ ਆਉਣਾ। ਰੋ ਕੇ ਮਸਲੇ ਹੱਲ ਨਹੀਂ ਹੋ ਜਾਣੇ। ਹਾਂ ਅੱਖਾਂ ਤੇ ਸਿਹਤ ਜ਼ਰੂਰ ਬਰਬਾਦ ਹੋ ਜਾਣੀ ਹੈ। ਮਜ਼ਬੂਤ ਇਰਾਦੇ ਨਾਲ ਹੀ ਦੁੱਖਾਂ ਮੁਸੀਬਤਾਂ 'ਤੇ ਜਿੱਤ ਹਾਸਲ ਕੀਤੀ ਜਾ ਸਕਦੀ ਹੈ। ਗੁਰਬਾਣੀ ਵਿਚ ਆਸ਼ਾਵਾਦੀ ਪੱਖ ਉਜਾਗਰ ਕੀਤੇ ਗਏ ਹਨ। ਪੜ੍ਹੋ-

"ਛੂਟਰਿ" ਤੇ ਗੁਰਿ ਕੀਈ ਸੋੁਹਾਗਨਿ, ਹਰਿ ਪਾਇਓ ਸੁਘੜ ਸੁਜਾਨੀ ॥
ਜਿਹ ਘਰ ਮਹਿ ਬੈਸਨੁ ਨਹੀ ਪਾਵਤ, ਸੋ ਥਾਨੁ ਮਿਲਿਓ ਬਾਸਾਨੀ ॥ (1210)

ਹੇ ਪੁੱਤਰੀ (ਜੀਵ ਇਸਤਰੀ) ਜੇ ਤੈਨੂੰ ਪਤੀ ਨੇ ਤਿਆਗ ਦਿੱਤਾ ਹੈ ਤਾਂ ਸੰਸਾ ਨਾ ਕਰ। ਸਿਆਣਾ ਗੁਰੂ ਤੈਨੂੰ ਮੁੜ ਇੰਨੀ ਸਮਝਦਾਰ ਬਣਾ ਸਕਦਾ ਹੈ ਕਿ ਤੂੰ ਛੁੱਟੜ ਤੋਂ ਸੁਹਾਗਣ ਬਣ ਜਾਵੇਂ। ਜਿਸ ਘਰ ਵਿਚੋਂ ਤੈਨੂੰ ਬਾਹਰ ਕੱਢ ਦਿੱਤਾ ਗਿਆ ਸੀ, ਉਹ ਇੱਜ਼ਤ ਵਾਲਾ ਸਥਾਨ ਗੁਰੂ ਤੈਨੂੰ ਦਿਵਾ ਦੇਵੇਗਾ। ਤੂੰ ਸੁਖੀ ਜੀਵਨ ਬਤੀਤ ਕਰ ਸਕੇਂਗੀ।

ਜਿਸੁ ਸਤਿਗੁਰੁ ਮਿਲੈ ਤਿਸੁ ਭਉ ਪਵੈ, ਸਾ ਕੁਲਵੰਤੀ ਨਾਰਿ ॥
ਸਾ ਹੁਕਮੁ ਪਛਾਣੈ ਕੰਤ ਕਾ ਜਿਸ ਨੋ ਕ੍ਰਿਪਾ ਕੀਤੀ ਕਰਤਾਰਿ ॥
ਓਹ ਕੁਚਜੀ ਕੁਲਖਣੀ ਪਰਹਰਿ ਛੋਡੀ ਭਰਤਿ ॥ (516)

ਹੇ ਪੁੱਤਰੀ! ਜਿਸ ਇਸਤਰੀ ਨੂੰ ਸਤਿਗੁਰੂ ਦੀ ਮੱਤ ਪ੍ਰਾਪਤ ਹੋ ਜਾਵੇ, ਉਸ ਦਾ ਪਤੀ (ਨਿਰੰਕਾਰ) ਨਾਲ ਪ੍ਰੇਮ ਪੈ ਜਾਂਦਾ ਹੈ। ਉਹ ਆਦਰਯੋਗ ਹੋ ਜਾਂਦੀ ਹੈ। ਜਿਸ 'ਤੇ ਪਰਮੇਸ਼ਰ ਦੀ ਕਿਰਪਾ ਹੋਵੇ, ਉਹ ਆਪਣੇ ਪਤੀ ਦਾ ਹੁਕਮ ਸਮਝ ਲੈਂਦੀ ਹੈ। ਪਤੀ ਕੀ ਚਾਹੁੰਦਾ ਹੈ, ਉਸ ਨੂੰ ਸਭ ਪਤਾ ਹੈ। ਜੋ ਭੈੜੇ ਸੁਭਾ ਵਾਲੀ ਇਸਤਰੀ ਹੈ, ਉਸ ਦਾ ਕੋਈ ਭੀ ਕੰਮ ਠੀਕ ਨਹੀਂ ਹੁੰਦਾ। ਉਸ ਦੇ ਭੈੜੇ ਲੱਛਣ ਵੇਖ ਕੇ ਪਤੀ ਤਿਆਗ ਦਿੰਦਾ ਹੈ।

ਜੋ ਸਤਿਗੁਰ ਤੇ ਮੁਹ ਫਿਰੇ ਤਿਨਾ ਠਉਰ ਨ ਠਾਉ ॥
ਜਿਉ "ਛੁਟੜਿ" ਘਰਿ ਘਰਿ ਫਿਰੈ, ਦੁਹਚਾਰਣਿ ਬਦਨਾਉ ॥
ਨਾਨਕ ਗੁਰਮੁਖਿ ਬਖਸੀਅਹਿ ਸੇ ਸਤਿਗੁਰ ਮੇਲਿ ਮਿਲਾਉ ॥ (645)

ਹੇ ਬੇਟੀ! ਜੋ ਇਸਤਰੀ ਸਤਿਗੁਰੂ ਤੋਂ ਬੇਮੁੱਖ ਹੋ ਜਾਂਦੀ ਹੈ, ਉਸ ਨੂੰ ਕਿਧਰੇ ਢੋਈ ਨਹੀਂ ਮਿਲਦੀ। ਜਿਵੇਂ ਪਤੀ ਵਲੋਂ ਤਿਆਗੀ ਔਰਤ "ਛੁੱਟੜ" ਅਖਵਾਉਂਦੀ ਹੈ। ਲੋਕਾਂ ਵਿਚ ਬਦਨਾਮੀ ਖੱਟਦੀ ਹੈ। ਇਸੇ ਤਰ੍ਹਾਂ ਗੁਰੂ ਤੋਂ ਬੇਮੁੱਖ ਲੋਕ ਥਾਂ ਥਾਂ ਧੱਕੇ ਖਾਂਦੇ ਹਨ। ਘਰ ਘਰ ਫਿਰਨ ਵਾਲੀ ਛੁੱਟੜ ਔਰਤ ਨੂੰ ਦੁਰਾਚਾਰਣੀ ਆਖਿਆ ਜਾਂਦਾ ਹੈ। ਉਹ ਪੂਰੀ ਤਰ੍ਹਾਂ ਬਦਨਾਮ ਹੋ ਜਾਂਦੀ ਹੈ। ਇਸੇ ਤਰ੍ਹਾਂ ਔਗੁਣਾਂ ਨਾਲ ਭਰੇ ਮਨਮੁੱਖ ਲੋਕਾਂ ਨੂੰ ਗੁਰੂ ਗਿਆਨ ਅਤੇ ਚੰਗਾ ਜੀਵਨ ਬਖ਼ਸ਼ ਕੇ ਇਨਸਾਨ ਬਣਾ ਦਿੰਦਾ ਹੈ।

ਕਾਮਣਿ ਕਾਮਿ ਨ ਆਵਈ ਖੋਟੀ ਅਵਗਣਿਆਰਿ ॥
ਨਾ ਸੁਖੁ ਪੇਈਐ ਸਾਹੁਰੈ, ਝੂਠਿ ਜਲੀ ਵੇਕਾਰਿ ॥
ਆਵਣੁ ਵੰਞਣੁ ਡਾਖੜੋ, ਛੋਡੀ ਕੰਤਿ ਵਿਸਾਰਿ ॥ (56)

ਹੇ ਬੇਟੀ! ਚੰਗੇ ਵਿਹਾਰ ਤੋਂ ਬਿਨਾਂ ਗੁਣਾਂ ਤੋਂ ਸੱਖਣੀ, ਖੋਟੀ ਤੇ ਔਗੁਣਾਂ ਨਾਲ ਭਰੀ ਹੋਈ ਔਰਤ ਕਿਸ ਕੰਮ ? ਕਿਵੇਂ ਆਪਣਾ ਘਰ ਵਸਾਵੇਗੀ ? ਨਾ ਉਸ ਨੂੰ ਸਹੁਰੇ ਘਰ ਵਿਚ ਸਤਿਕਾਰ ਮਿਲੇਗਾ, ਨਾ ਮਾਤਾ ਪਿਤਾ ਆਪਣੇ ਘਰ ਰੱਖ ਸਕਣਗੇ। ਅਜਿਹੀ ਜੀਵ ਇਸਤਰੀ ਤਾਂ ਸਮਝੋ ਝੂਠ ਦੀ ਪੁਤਲੀ ਹੈ। ਜਲੀਆਂ ਕਟੀਆਂ ਗੱਲਾਂ ਕਰਦੀ ਹੈ ਕਿਉਂਕਿ ਅੰਦਰੋਂ ਬੇਚੈਨ ਹੈ। ਉਸ ਦਾ ਸੰਸਾਰ ਵਿਚ ਆਉਣਾ ਤੇ ਵਿਦਾ ਹੋਣਾ ਬੇਕਾਰ ਹੀ ਚਲਾ ਗਿਆ। ਅਜਿਹੀ ਭੈੜੀ ਔਰਤ ਨੂੰ ਪਤੀ ਆਪਣੇ ਨਾਲ ਰੱਖਣ ਤੋਂ ਇਨ੍ਹਕਾਰ ਕਰ ਦਿੰਦਾ ਹੈ।

ਸਭੇ ਕੰਤੈ ਰਤੀਆਂ ਮੈ ਦੋਹਾਗਣਿ ਕਿਤੁ ॥
ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ ॥
ਹਉ ਬਲਿਹਾਰੀ ਤਿਨ ਕਉ ਸਿਫਤਿ ਜਿਨਾ ਦੈ ਵਾਤਿ ॥
ਸਭਿ ਰਾਤੀ ਸੋਹਾਗਣੀ ਇਕ ਮੈਂ ਦੋਹਾਗਣਿ ਰਾਤਿ ॥ (790)

ਹੇ ਪਤੀ! (ਪਰਮੇਸ਼ਵਰ) ਸਾਰੀਆਂ ਪਤਨੀਆਂ (ਜੀਵ ਇਸਤਰੀਆਂ) ਆਪਣੇ ਪਿਆਰੇ ਦੀਆਂ ਸੇਜਾਂ ਦਾ ਸੁੱਖ ਮਾਣਦੀਆਂ ਹਨ। ਮੈਂ ਅਭਾਗਣ ਨੂੰ ਪਤੀ ਦਾ ਪਿਆਰ ਨਹੀਂ ਮਿਲਦਾ। ਕਿਉਂਕਿ ਹੋਰ ਸਭ ਗੁਣਵਾਨ ਹਨ, ਮੈਂ ਔਗੁਣਾਂ ਨਾਲ ਭਰੀ ਹੋਈ ਹਾਂ। ਮੇਰੇ ਭੈੜੇ ਕੰਮ ਤੇ ਸੁਭਾਅ ਨੂੰ ਵੇਖ ਕੇ ਮੇਰਾ ਪਤੀ ਮੇਰੇ ਨਾਲ ਨੇਹ ਨਹੀਂ ਲਾਉਂਦਾ। ਮੈਂ ਕੁਰਬਾਨ ਹਾਂ, ਉਨ੍ਹਾਂ ਔਰਤਾਂ ਤੋਂ ਜੋ ਸਦਾ ਮਾਲਕ ਦੀ ਸਿਫ਼ਤ ਸਲਾਹ ਕਰਦੀਆਂ ਰਹਿੰਦੀਆਂ ਹਨ। ਇਸੇ ਕਾਰਨ ਸਾਰੀਆਂ ਗੁਣਵਾਨ ਪਤਨੀਆਂ

ਨੂੰ ਪਤੀ ਦੀ ਨੇੜਤਾ ਪ੍ਰਾਪਤ ਹੈ। ਉਹ ਸਹੀ ਮਾਇਨਿਆਂ ਵਿਚ ਸੁਹਾਗਣਾਂ ਹਨ। ਮੈਂ ਤਾਂ ਛੁੱਟੜਾਂ ਵਾਂਗ ਹਾਂ, ਦੋਹਾਗਣ ਹਾਂ ਕਿਉਂਕਿ ਮੇਰੇ ਮੰਦੇ ਸੁਭਾ ਕਰ ਕੇ ਮੇਰਾ ਪਤੀ ਮੈਨੂੰ ਆਪਣੇ ਨੇੜੇ ਨਹੀਂ ਆਉਣ ਦਿੰਦਾ।

ਗੁਰਬਾਣੀ ਦੇ ਉੱਤਮ ਅਸੂਲ ਹਰ ਮਨੁੱਖ ਮਾਤਰ ਲਈ ਇਕਸਾਰ ਹਨ। ਭਾਵੇਂ ਔਰਤ ਹੈ, ਭਾਵੇਂ ਮਰਦ ਹੈ। ਸ਼ੁੱਭ ਸਿੱਖਿਆ ਦੋਵਾਂ ਲਈ ਹੈ ਪਰ ਸੰਸਾਰ ਵਿਚ ਵਰਤ ਰਹੇ ਵਰਤਾਰੇ ਨੂੰ ਸਾਹਮਣੇ ਰੱਖ ਕੇ ਉਨ੍ਹਾਂ ਦੀ ਉਦਾਹਰਣ ਦੇ ਕੇ ਸਤਿਗੁਰੂ ਜੀ ਨੇ ਮਾਰਗ ਦਰਸ਼ਨ ਕੀਤਾ ਹੈ। ਸਤਿਗੁਰੂ ਅਗਰ "ਛੁੱਟੜ" ਔਰਤ ਦੀ ਕੋਈ ਉਦਾਹਰਣ ਦਿੰਦੇ ਹਨ, ਉਸ ਦੇ ਪੀੜਤ ਜੀਵਨ ਨੂੰ ਮਨੁੱਖ ਮਾਤਰ (ਔਰਤ-ਮਰਦ ਦੋਵੇਂ) ਸਨਮੁੱਖ ਰੱਖਦੇ ਹਨ ਤਾਂ ਇਸ ਦਾ ਸਪੱਸ਼ਟ ਅਰਥ ਹੈ ਕਿ ਸਮਾਜ ਵਿਚੋਂ ਹਰ ਤਰ੍ਹਾਂ ਦੇ ਦੁੱਖਾਂ ਦਾ ਖ਼ਾਤਮਾ ਹੋਵੇ। ਸਾਰਿਆਂ ਨੂੰ ਸੁਖੀ ਜੀਵਨ ਬਤੀਤ ਕਰਨ ਦੇ ਇਕਸਾਰ ਮੌਕੇ ਮਿਲਣ। ਕਿਸੇ ਕਾਰਨ ਵੱਸ ਅਗਰ ਪਤੀ ਪਤਨੀ ਇਕੱਠੇ ਨਹੀਂ ਰਹਿ ਸਕਦੇ ਤਾਂ ਸਿੱਖਾਂ ਦੇ ਹਰ ਇਕ ਗੁਰਦਵਾਰੇ ਨਾਲ ਸਬੰਧਤ ਦਫ਼ਤਰ ਬਣੇ ਹੋਣ। ਲੜਕੇ ਲੜਕੀ ਅਤੇ ਉਨ੍ਹਾਂ ਦੇ ਪਰਵਾਰਾਂ ਵਿਚਕਾਰ ਚੱਲ ਰਹੇ ਟਕਰਾਉ ਨੂੰ ਧਿਆਨ ਪੂਰਵਕ ਸੁਣਿਆ ਅਤੇ ਸਮਝਿਆ ਜਾਵੇ। ਤਜਰਬੇਕਾਰ ਔਰਤਾਂ ਅਤੇ ਮਰਦ ਇਨ੍ਹਾਂ ਥਾਵਾਂ 'ਤੇ ਝਗੜੇ ਨਿਪਟਾਉਣ ਲਈ ਦੋਵੇਂ ਧਿਰਾਂ ਦੀ ਹਮਦਰਦੀ ਪੂਰਵਕ ਮਦਦ ਕਰਨ। ਗੁਰੂ ਗ੍ਰੰਥ ਸਾਹਿਬ ਅੱਗੇ ਲਈਆਂ ਲਾਵਾਂ ਯਾਦ ਕਰਵਾਈਆਂ ਜਾਣ। ਸੰਗਤ ਦੀ ਹਾਜ਼ਰੀ ਵਿਚ ਪਰਮਾਤਮਾ ਅੱਗੇ ਜੀਵਨ ਭਰ ਲਈ ਇਕੱਠੇ ਸਾਥ ਨਿਭਾਉਣ ਦੀ ਕੀਤੀ ਗਈ ਅਰਦਾਸ ਯਾਦ ਕਰਵਾਈ ਜਾਵੇ। ਸਮਾਜਕ ਵਰਤਾਰੇ ਕਾਰਨ ਕਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ, ਦੱਸਿਆ ਜਾਵੇ। ਵਿਆਹ ਬਾਰੇ ਦੇਸ਼ ਦੇ ਕਾਨੂੰਨ ਵਿੱਚ ਕਿਸ ਤਰ੍ਹਾਂ ਦੀਆਂ ਪੇਚਦਗੀਆਂ ਹਨ, ਇਹ ਭੀ ਸਮਝਾਇਆ ਜਾਵੇ। ਜੇ ਉਨ੍ਹਾਂ ਦਾ ਕੋਈ ਬੱਚਾ ਹੈ, ਉਸ ਦੀ ਜ਼ਿੰਦਗੀ 'ਤੇ ਕਿਹੋ ਜਿਹਾ ਮਾਰੂ ਅਸਰ ਪਵੇਗਾ, ਇਹ ਚੰਗੀ ਤਰ੍ਹਾਂ ਸਮਝਾਇਆ ਜਾਵੇ। ਜੇ ਫਿਰ ਭੀ ਉਹ ਇਕੱਠੇ ਰਹਿਣ ਤੋਂ ਇਨਕਾਰ ਕਰਨ ਤਾਂ ਉਨ੍ਹਾਂ ਦਾ ਦੁਬਾਰਾ "ਘਰ ਵਸਾਉਣ" ਵਿਚ ਮਦਦ ਕੀਤੀ ਜਾਵੇ। ਧਰਮ, ਸਮਾਜ ਅਤੇ ਕਾਨੂੰਨ ਦੇ ਮਾਹਰ ਵਿਦਵਾਨਾਂ ਦੀਆਂ ਸੇਵਾਵਾਂ ਗੁਰਦਵਾਰਿਆਂ ਵਲੋਂ ਲੋੜਵੰਦਾਂ ਲਈ ਸਦਾ ਪ੍ਰਾਪਤ ਹੁੰਦੀਆਂ ਰਹਿਣ। ਇਨ੍ਹਾਂ ਸਾਰੇ ਛੋਟੇ ਦਫ਼ਤਰਾਂ ਦਾ ਸਿੱਧਾ ਸੰਪਰਕ ਅਕਾਲ ਤਖ਼ਤ ਨਾਲ ਜੁੜਿਆ ਹੋਵੇ। ਅਕਾਲ ਤਖ਼ਤ ਨਾਲ ਇਕ ਵਿਸਥਾਰਤ ਸੈਕਟਰੀਏਟ ਬਣਿਆ ਹੋਵੇ। ਜਿਥੋਂ ਸਾਰੇ ਸੰਸਾਰ ਦੇ ਸਿੱਖਾਂ ਦੇ ਮਸਲੇ ਹੱਲ ਕਰਨ ਲਈ ਚੋਟੀ ਦੇ ਸਿੱਖ ਵਿਦਵਾਨ ਆਪਣੀਆਂ ਸੇਵਾਵਾਂ ਅਰਪਣ ਕਰਨ। ਮੀਡੀਏ ਦੀਆਂ ਸਾਰੀਆਂ

ਸਹੂਲਤਾਂ ਇਥੇ ਹੋਣ। ਇਨ੍ਹਾਂ ਸਾਰੇ ਵਿਦਵਾਨਾਂ ਦੀਆਂ ਤਨਖਾਹਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਕਰੇ। ਲੋੜ ਪੈਣ 'ਤੇ ਦੁਨੀਆਂ ਭਰ ਵਿਚ ਫੈਲੇ ਸਿੱਖ ਮਾਈ-ਭਾਈ ਅਕਾਲ ਤਖ਼ਤ ਦੇ ਦਫ਼ਤਰ ਤੱਕ ਆਪਣੀ ਸਿੱਧੀ ਪਹੁੰਚ ਕਰ ਸਕਣ। ਸੰਸਾਰ ਦੇ ਸਾਰੇ ਗੁਰਦਵਾਰਿਆਂ ਨੂੰ ਅਕਾਲ ਤਖ਼ਤ ਵਲੋਂ ਦਿਸ਼ਾ ਨਿਰਦੇਸ਼ ਦਿੱਤੇ ਜਾਇਆ ਕਰਨ। ਜੋ ਮਸਲੇ ਸਥਾਨਕ ਗੁਰਦਵਾਰਿਆਂ ਦੀ ਪਹੁੰਚ ਤੋਂ ਉੱਪਰ ਹੋਣ, ਉਨ੍ਹਾਂ ਬਾਰੇ ਅਕਾਲ ਤਖ਼ਤ ਤੋਂ ਤੁਰੰਤ ਸਹਾਇਤਾ ਲਈ ਜਾ ਸਕੇ। ਜਿਥੇ ਭੀ ਕੋਈ ਗੁਰਦਵਾਰਾ ਬਣੇ, ਅਕਾਲ ਤਖ਼ਤ ਦੀ ਨਿਗਰਾਨੀ ਵਿਚ ਚੱਲੇ। ਨਿੱਜੀ ਗੁਰਦਵਾਰੇ, ਡੇਰੇ, ਠਾਠਾਂ ਜਾਂ ਟਕਸਾਲਾਂ ਨੂੰ ਉਤਨੀ ਦੇਰ ਮਾਨਤਾ ਨਾ ਦਿੱਤੀ ਜਾਵੇ, ਜਿਤਨੀ ਦੇਰ ਇਹ ਆਪਣੀ ਮਰਿਆਦਾ ਅਤੇ ਚੱਲਣ ਅਕਾਲ ਤਖ਼ਤ ਮੁਤਾਬਕ ਨਹੀਂ ਢਾਲਦੇ। ਸੰਤਾਂ, ਮਹੰਤਾਂ ਬ੍ਰਹਮ ਗਿਆਨੀਆਂ ਤੇ ਸਿੰਘ ਸਾਹਿਬ ਆਦਿ ਦੀਆਂ ਸਾਰੀਆਂ ਝੂਠੀਆਂ (ਗੁਰਮਤਿ ਵਿਰੋਧੀ) ਡਿਗਰੀਆਂ ਰੱਦ ਕੀਤੀਆਂ ਜਾਣ। ਸਾਰੇ ਵਿਅਕਤੀ ਆਪਣੇ ਆਪ ਨੂੰ ਸਿੱਖ ਅਤੇ ਭਾਈ ਅਖਵਾਉਣ। ਇਹ ਮੇਰਾ ਸੁਪਨਾ ਹੈ.... ਕਾਸ਼ ਕਦੀ ਸੱਚ ਸਾਬਤ ਹੋ ਜਾਵੇ। ਮੌਜੂਦਾ ਦੌਰ ਵਿਚ ਤਾਂ ਗੁਰੂ ਤੋਂ ਬੇਮੁੱਖ ਹੋ ਕੇ ਅਸੀ ਸਾਰੇ ਹੀ "ਛੁੱਟੜ" ਇਸਤਰੀ ਵਰਗੇ ਹਾਂ। **ਪੂਰੀ ਸਿੱਖ ਕੌਮ ਇਸ ਸਮੇਂ ਛੁੱਟੜ ਇਸਤਰੀ ਦੇ ਦਰਦਨਾਕ ਜੀਵਨ ਵਰਗੇ ਦੌਰ ਵਿਚੋਂ ਗੁਜ਼ਰ ਰਹੀ ਹੈ।**

ਸੋ ਪਿਰੁ ਸਚਾ ਸਦ ਹੀ ਸਾਚਾ ਹੈ, ਨਾ ਓਹੁ ਮਰੈ ਨ ਜਾਇ॥
ਭੂਲੀ ਫਿਰੈ ਧਨ ਇਆਣੀਆ "ਰੰਡ" ਬੈਠੀ ਦੂਜੈ ਭਾਇ॥
"ਰੰਡ" ਬੈਠੀ ਦੂਜੈ ਭਾਇ, ਮਾਇਆ ਮੋਹ ਦੁਖੁ ਪਾਏ, ਆਵ ਘਟੈ ਤਨੁ ਛੀਜੈ॥
ਜੋ ਕਿਛੁ ਆਇਆ ਸਭੁ ਕਿਛੁ ਜਾਸੀ, ਦੁਖੁ ਲਾਗਾ ਭਾਇ ਦੂਜੈ॥ (583)

ਹੇ ਪੁੱਤਰੀ! ਉਹ ਨਿਰੰਕਾਰ ਹੀ ਸੱਚਾ ਪਤੀ ਹੈ। ਉਹ ਕਦੇ ਮਰਦਾ ਨਹੀਂ ਕਦੇ ਵਿਛੁੜਦਾ ਨਹੀਂ। ਅਣਜਾਣ ਜੀਵ ਇਸਤਰੀ ਛੁੱਟੜਾਂ ਵਾਂਗ ਮੰਦਾ ਜੀਵਨ ਜਿਉਂ ਰਹੀ ਹੈ। ਵਿਧਵਾ ਵਾਂਗ ਬੇਹਾਲ ਹੈ। ਆਪਣੇ ਅਸਲੀ ਮਾਲਕ ਨੂੰ ਤਿਆਗ ਕੇ ਹੋਰਨਾਂ ਦੇ ਪਿੱਛੇ ਫਿਰਨ ਵਾਲੀਆਂ ਦੀ ਇਹੋ ਹਾਲਤ ਹੋਇਆ ਕਰਦੀ ਹੈ। ਕਿਉਂਕਿ ਉਨ੍ਹਾਂ ਨੂੰ ਵਕਤੀ ਤੜਕ ਭੜਕ ਆਪਣੇ ਵੱਲ ਖਿਚਦੀ ਹੈ। ਉਹ ਨਹੀਂ ਸਮਝਦੀਆਂ ਕਿ ਜੋਆਨੀ ਜਾ ਰਹੀ ਹੈ। ਉਮਰ ਖਤਮ ਹੋ ਰਹੀ ਹੈ। ਜਿਨ੍ਹਾਂ ਨਿਕੰਮੇ ਸੁਆਦਾਂ ਵਿਚ ਪੈ ਕੇ ਆਪਣੇ ਪਤੀ ਨੂੰ ਭੁਲਾ ਦਿੱਤਾ ਹੈ ਇਹ ਸਾਰੇ ਸੁੱਖ ਤੇ ਪਦਾਰਥ ਵਕਤੀ ਹਨ, ਸਦੀਵੀ ਨਹੀਂ ਹਨ। ਇਕ ਪਤੀ ਨੂੰ ਤਿਆਗ ਕੇ ਦੂਜਿਆਂ ਦਾ ਸਹਾਰਾ ਤੱਕਣਾ ਦੁੱਖਾਂ ਦਾ ਘਰ ਹੈ। ਫਿਰ ਕਦੇ ਸੁੱਖ ਨਹੀਂ ਮਿਲੇਗਾ।

ਸੋਹਾਗਣ-ਦੋਹਾਗਣ ਦਾ ਜੀਵਨ

ਜਿਵੇਂ ਜਿਵੇਂ ਮਨੁੱਖ ਦਾ ਮਾਨਸਿਕ ਵਿਕਾਸ ਹੁੰਦਾ ਗਿਆ, ਹੋਰ ਅਣਗਿਣਤ ਸੋਹਜਵਾਦੀ ਪੱਖਾਂ ਦੇ ਨਾਲ ਨਾਲ ਉਸ ਦੀ ਬੋਲਚਾਲ ਅਤੇ ਲਿਖਤ ਵਿਚ ਭੀ ਨਿਖਾਰ ਆਉਂਦਾ ਗਿਆ। ਸਮੇਂ ਦੇ ਫੇਰ ਨਾਲ ਬਹੁਤੇ ਲੰਮੇ ਲੈਕਚਰ ਹਰ ਵਾਰੀ ਕੀਤੇ ਜਾਣੇ ਸੰਭਵ ਨਹੀਂ ਹੁੰਦੇ। ਸਾਰੇ ਲੈਕਚਰ ਦਾ ਨਿਚੋੜ ਅਤਿ ਸੰਕੋਚਵਾਂ ਕਿਸੇ ਬਿੰਬ ਨਾਲ ਪ੍ਰਗਟ ਕਰ ਦਿੱਤਾ ਜਾਂਦਾ ਹੈ। ਹੌਲੀ ਹੌਲੀ ਸਮਾਜ ਵਿਚਲੇ ਲੋਕਾਂ ਨੂੰ ਬਿੰਬ ਦੀ ਭਾਵਨਾ ਸਮਝ ਆਉਣ ਲੱਗ ਪੈਂਦੀ ਹੈ। ਫਿਰ ਉਸ ਬਿੰਬ ਰਾਹੀਂ ਉਹ ਗੱਲ ਸਮਝ ਭੀ ਛੇਤੀ ਲੈਂਦੇ ਹਨ, ਬੋਲ ਕੇ ਸਮਝਾ ਭੀ ਦਿੰਦੇ ਹਨ। ਮਿਸਾਲ ਦੇ ਤੌਰ 'ਤੇ ਬਗਲਾ ਤੇ ਹੰਸ ਪੰਛੀ ਹਨ। ਮਨੁੱਖ ਨੇ ਉਨ੍ਹਾਂ ਵਾਸਤੇ ਬਿੰਬ ਨਹੀਂ ਉਸਾਰੇ ਉਹ ਤਾਂ ਕੁਦਰਤੀ ਸੁਭਾ ਮੁਤਾਬਕ ਕ੍ਰਿਆ ਕਰਦੇ ਹਨ। ਮਨੁੱਖ ਨੇ ਉਨ੍ਹਾਂ ਦਾ ਸੁਭਾ ਵੇਖ ਕੇ ਬਗਲੇ ਨੂੰ ਬੁਰਾਈ ਦਾ ਤੇ ਹੰਸ ਨੂੰ ਚੰਗਿਆਈ ਦਾ ਬਿੰਬ ਉਸਾਰ ਕੇ ਸਮਾਜ ਵਿਚ ਪ੍ਰਚਲਤ ਕਰ ਦਿੱਤਾ। ਅੱਜ ਦੇ ਸਮਾਜ ਵਿਚ ਇਹ ਦੋਵੇਂ ਪਾਤਰ (ਬਗਲਾ ਤੇ ਹੰਸ) ਕਿਸੇ ਵਿਆਖਿਆ ਦੇ ਮੁਹਤਾਜ ਨਹੀਂ। ਕਿਸੇ ਮਨੁੱਖ ਨੂੰ ਬਗਲਾ ਆਖ ਦੇਈਏ, ਸੁਣਨ ਵਾਲਾ ਸਾਰੀ ਗੱਲ ਝੱਟ ਸਮਝ ਜਾਂਦਾ ਹੈ। ਕਿਸੇ ਦੂਜੇ ਨੂੰ ਹੰਸ ਕਹਿ ਦੇਈਏ ਤਾਂ ਹੋਰ ਵਿਆਖਿਆ ਦੀ ਲੋੜ ਨਹੀਂ ਰਹਿੰਦੀ। ਇਸੇ ਸੰਦਰਭ ਵਿਚ ਸ਼ੇਰ ਤੇ ਗਿੱਦੜ ਹਨ, ਕਾਂ ਤੇ ਕੋਇਲ ਹਨ, ਮਨਮੁੱਖ ਤੇ ਗੁਰਮੁੱਖ ਹਨ, "ਸੁਹਾਗਣ ਤੇ ਦੁਹਾਗਣ ਹਨ।"

ਗੁਰਬਾਣੀ ਵਿਚ ਸੰਬੋਧਨੀ ਸ਼ਬਦ ਜ਼ਿਆਦਾਤਰ ਮਰਦ ਲਈ ਵਰਤੇ ਗਏ ਹਨ ਜਿਵੇਂ "ਭਾਏ ਰੇ, ਰੇ ਮਨ, ਬਾਬਾ, ਰੇ ਬਉਰੇ" ਆਦਿ। ਔਰਤ ਲਈ ਸੰਬੋਧਨੀ ਸ਼ਬਦ ਘੱਟ ਆਏ ਹਨ ਜਿਵੇਂ "ਮਾਈ, ਰੀ ਬਾਈ" ਆਦਿ। ਕਾਰਨ ਇਹ ਸੀ ਕਿ ਪਰਵਾਰ ਵਿਚ ਜਾਂ ਸਮਾਜ ਵਿਚ ਹਰ ਥਾਂ ਪੁਰਖ ਦੀ ਪ੍ਰਧਾਨਗੀ ਸੀ ਤੇ ਹੈ। ਧਰਮ, ਸਮਾਜ ਤੇ ਰਾਜ ਨੂੰ ਚਲਾਉਣਾ ਆਦਮੀ ਦੇ ਹੱਥ ਵਿਚ ਸੀ। ਜੋ ਤਾਕਤਵਰ ਹੈ, ਜਿਸ ਦੀ ਸਿੱਧੀ ਜ਼ਿੰਮੇਵਾਰੀ ਬਣਦੀ ਹੈ, ਸੰਬੋਧਨ ਭੀ ਉਸੇ ਨੂੰ ਜ਼ਿਆਦਾ ਹੋਵੇਗਾ। ਜਿਸ ਦੀ ਜ਼ਿੰਮੇਵਾਰੀ ਹੀ ਕੋਈ ਨਹੀਂ ਰਹਿਣ ਦਿੱਤੀ। ਸਾਰੇ ਅਧਿਕਾਰ ਖੋਹ ਲਏ ਹਨ। ਉਸ ਨੂੰ ਉਲਾਂਭਾ ਕਿਸ ਗੱਲ ਦਾ? ਸਾਡੇ ਆਲੇ ਦੁਆਲੇ ਸਮਾਜ ਵਿਚ ਰੁਤਬਾ ਸੁਹਾਗਣ ਇਸਤਰੀ ਦਾ ਹੈ, ਉਸ ਦੇ ਮੁਕਾਬਲੇ ਦੁਹਾਗਣ ਔਰਤ ਦਾ ਕੌਡੀ ਮੁੱਲ ਨਹੀਂ। ਮਨੁੱਖ ਮਾਤਰ ਨੂੰ ਜਦੋਂ ਸ਼ਾਬਸ਼ੇ ਆਖ ਕੇ ਉਤਸ਼ਾਹਤ ਕਰਨਾ ਹੋਵੇ ਤਾਂ ਉਸ ਨੂੰ "ਸ਼ੇਰ, ਹੰਸ, ਗੁਰਮੁੱਖ ਜਾਂ ਸੁਹਾਗਣ" ਆਖ ਕੇ ਮਾਨ ਦਿੱਤਾ ਜਾਂਦਾ ਹੈ। ਦੂਜੇ ਪਾਸੇ ਜੇ ਫਿਟਕਾਰ ਪਾਉਣੀ ਹੋਵੇ ਤਾਂ "ਖੋਤਾ, ਗਿੱਦੜ, ਬਗਲਾ, ਮਨਮੁੱਖ ਜਾਂ ਦੁਹਾਗਣ" ਆਖ ਕੇ ਦੁਰਕਾਰਿਆ ਜਾਂਦਾ ਹੈ। ਇਨ੍ਹਾਂ ਦੇ ਗੁਣ-ਔਗੁਣ ਬਿਆਨ ਕਰ ਕੇ ਫਿਰ

ਵਿਆਖਿਆ ਸਹਿਤ ਸਮਝਾਇਆ ਜਾਂਦਾ ਹੈ। ਆਉ ਗੁਰਬਾਣੀ ਵਿਚ ਪੜ੍ਹੀਏ ਕਿ ਸੁਹਾਗਣ ਤੇ ਦੁਹਾਗਣ ਦੇ ਜੀਵਨ ਵਿਚ ਕਿੰਨਾ ਕੁ ਅੰਤਰ ਹੁੰਦਾ ਹੈ -

"ਦੋਹਾਗਣੀ" ਮਹਲੁ ਨ ਪਾਇਨੀ, ਨ ਜਾਣਨਿ ਪਿਰ ਕਾ ਸੁਆਉ ॥
ਫਿਕਾ ਬੋਲਹਿ ਨ ਨਿਵਹਿ, ਦੂਜਾ ਭਾਉ ਸੁਆਉ ॥ (426)

ਹੇ ਪੁੱਤਰੀ! ਤੂੰ ਆਪਣੇ ਪਤੀ ਵਲੋਂ ਲਾਪਰਵਾਹ ਹੋ ਕੇ ਬੇਗਾਨਿਆਂ ਨੂੰ ਆਪਣੇ ਬਨਾਉਣ ਦੀ ਭੁੱਲ ਨਾ ਕਰੀਂ। ਪਰਾਏ ਪੁਰਸ਼ ਨਾਲ ਪਿਆਰ ਪਾ ਕੇ ਆਪਣਾ ਹੀ ਘਰ ਬਰਬਾਦ ਹੋ ਜਾਂਦਾ ਹੈ। ਪਤੀ ਦੇ ਸੁਭਾਅ ਨੂੰ, ਗੁਣਾਂ ਨੂੰ ਸਮਝ ਕੇ ਆਪਣੇ ਆਪ ਨੂੰ ਉਸੇ ਸਾਂਚੇ ਵਿਚ ਢਾਲਣ ਦੀ ਕੋਸ਼ਿਸ਼ ਕਰ। ਮਨ ਦੀ ਮੱਤ ਨੂੰ (ਪਰਮੇਸ਼ਰ) ਨਾਲੋਂ ਵਧੇਰੇ ਸਮਝਣ ਵਾਲੀਆਂ ਔਰਤਾਂ ਕੌੜੇ ਬਚਨ ਬੋਲ ਕੇ ਮਾਹੌਲ ਨੂੰ ਹੋਰ ਬਿਗਾੜ ਲੈਂਦੀਆਂ ਹਨ। ਨਿਮਰਤਾ ਧਾਰਨ ਕਰਨ ਦੀ ਥਾਂ ਹੰਕਾਰੀ ਬਣੀਆਂ ਹੁੰਦੀਆਂ ਹਨ। ਇਸ ਤਰ੍ਹਾਂ ਉਹ ਸਾਰੀਆਂ ਖੁਸ਼ੀਆਂ ਤੋਂ ਸੱਖਣੀਆਂ ਰਹਿ ਜਾਂਦੀਆਂ ਹਨ।

ਅਉਗਣਿਆਰੀ ਕੰਤ ਨ ਭਾਵੈ ॥ ਮਨ ਕੀ ਜੂਠੀ ਜੂਠੁ ਕਮਾਵੈ ॥
ਪਿਰ ਕਾ ਸਾਉ ਨ ਜਾਣੈ ਮੂਰਖਿ, ਬਿਨੁ ਗੁਰ ਬੂਝ ਨ ਪਾਈ ਹੇ ॥
ਦੁਰਮਤਿ ਖੋਟੀ ਖੋਟੁ ਕਮਾਵੈ ॥ ਸੀਗਾਰੁ ਕਰੇ ਪਿਰ ਖਸਮ ਨ ਭਾਵੈ ॥
ਗੁਣਵੰਤੀ ਸਦਾ ਪਿਰੁ ਰਾਵੈ ਸਤਿਗੁਰਿ ਮੇਲਿ ਮਿਲਾਈ ਹੇ ॥ (1047)

ਹੇ ਪੁੱਤਰੀ! ਗਲਤ ਕੰਮ ਕੀਤਿਆਂ ਕਦੀ ਪਤੀ ਨਾਲ ਪਿਆਰ ਨਹੀਂ ਪੈ ਸਕਦਾ। ਜਦੋਂ ਮਨ ਵਿਚ ਖੋਟ ਹੋਵੇ ਉਪਰੋਂ ਭਾਵੇਂ ਕੋਈ ਕਿੰਨੀ ਚੰਗੀ ਬਣ ਕੇ ਵਿਖਾਵੇ ਪਰ ਮਾਲਕ ਪਤੀ ਨੂੰ ਪਤਾ ਲੱਗ ਹੀ ਜਾਂਦਾ ਹੈ। ਪਤੀ ਕਿਵੇਂ ਖ਼ੁਸ਼ ਹੁੰਦਾ ਹੈ, ਮੂਰਖ ਪਤਨੀ ਨਹੀਂ ਜਾਣਦੀ। ਜੀਵਨ ਨੂੰ ਗੁਣਵਾਨ ਬਣਾਉਣ ਵਾਲਾ ਅਗਰ ਗੁਰੂ ਮਿਲ ਜਾਵੇ, ਗੁਰੂ ਤੋਂ ਚੰਗੀ ਮੱਤ ਲੈ ਲਵੇ, ਤਾਂ ਹੀ ਪਤੀ ਨਾਲ ਸਾਂਝ ਪੈ ਸਕਦੀ ਹੈ। ਜਦੋਂ ਭੈੜੀ ਮੱਤ ਲੈ ਲਈ ਤਾਂ ਫਿਰ ਬੁਰੇ ਕੰਮ ਹੀ ਨਿੱਤ ਕਰਦੀ ਹੈ। ਸਰੀਰਕ ਸੁੰਦਰਤਾ ਦੁਆਰਾ ਪਤੀ ਨੂੰ ਆਪਣੇ ਵੱਲ ਕਰਨਾ ਚਾਹੁੰਦੀ ਹੈ। ਪਤੀ ਉਸ ਦੇ ਅੰਦਰਲੇ ਖੋਟ ਨੂੰ ਚੰਗੀ ਤਰ੍ਹਾਂ ਜਾਣਦਾ ਹੈ, ਇਸ ਲਈ ਪਿਆਰ ਨਹੀਂ ਕਰਦਾ। ਜੋ ਇਸਤਰੀ ਗੁਰੂ ਤੋਂ ਉੱਤਮ ਸਿੱਖਿਆ ਲੈ ਕੇ ਗੁਣਵਾਨ ਬਣ ਜਾਂਦੀ ਹੈ। ਉਹ ਪਤੀ ਨੂੰ ਸਦਾ ਚੰਗੀ ਲਗਦੀ ਹੈ। ਇਨ੍ਹਾਂ ਗੁੰਝਲਾਂ ਦੀ ਸਮਝ ਗੁਰੂ ਤੋਂ ਮਿਲਦੀ ਹੈ। ਵਰਨਾ ਜੀਵਨ ਵਿਅਰਥ ਚਲਾ ਜਾਂਦਾ ਹੈ।

ਮਨਮੁਖ ਮੈਲੀ ਕਾਮਣੀ, ਕੁ ਲਖਣੀ ਕੁਨਾਰਿ ॥
ਪਿਰੁ ਛੋਡਿਆ ਘਰਿ ਆਪਣਾ, ਪਰ ਪੁਰਖੈ ਨਾਲਿ ਪਿਆਰੁ ॥ (89)

ਹੇ ਪੁੱਤਰੀ! ਮਨਮੁੱਖ ਇਸਤਰੀ ਵਿਕਾਰਾਂ ਦੀ ਮੈਲ ਨਾਲ ਭਰੀ ਹੁੰਦੀ ਹੈ। ਉਸ ਨੂੰ ਕੋਈ ਚੰਗੀ ਗੱਲ ਸਮਝ ਹੀ ਨਹੀਂ ਆਉਂਦੀ। ਉਸ ਨੂੰ ਔਰਤ ਮੰਨਣਾ ਜਾਂ

ਕਹਿਣਾ ਭੀ ਇਉਂ ਹੈ। ਜਿਵੇਂ ਸਾਰੇ ਇਸਤਰੀ ਵਰਗ ਦੀ ਨਿਰਾਦਰੀ ਕੀਤੀ ਜਾ ਰਹੀ ਹੋਵੇ। ਅਜਿਹੀ ਕੁਲਹਿਣੀ ਔਰਤ ਨੇ ਪਤੀ ਦੇ ਹੁੰਦਿਆਂ ਦੂਜੇ ਮਨੁੱਖਾਂ ਨਾਲ ਸਾਂਝ ਪਾ ਲਈ ਫਿਰ ਘਰ ਕਿਵੇਂ ਬਸੇਗਾ?

ਸੂਹੇ ਵੇਸਿ ਕਾਮਣਿ ਕੁਲਖਣੀ, ਜੋ ਪ੍ਰਭੁ ਛੋਡਿ ਪਰ ਪੁਰਖ ਧਰੇ ਪਿਆਰੁ ॥
ਓਸੁ ਸੀਲੁ ਨ ਸੰਜਮੁ, ਸਦਾ ਝੂਠੁ ਬੋਲੈ, ਮਨਮੁਖਿ ਕਰਮ ਖੁਆਰੁ ॥ (786)

ਹੇ ਬੇਟੀ! ਤੂੰ ਭਾਵੇਂ ਲਾਲ ਰੰਗ ਦਾ ਸੁਹਾਗਣਾਂ ਵਾਲਾ ਸੁੰਦਰ ਪਹਿਰਾਵਾ ਪਹਿਨ ਲਵੇਂ, ਜੇ ਮਨ ਵਿਚ ਖੋਟ ਹੈ ਤਾਂ ਪਤੀ ਨੂੰ ਚੰਗੀ ਨਹੀਂ ਲਗੇਂਗੀ ਕਿਉਂਕਿ ਜੋ ਇਸਤਰੀ ਪਤੀ (ਨਿਰੰਕਾਰ) ਨੂੰ ਛੱਡ ਕੇ ਹੋਰਾਂ ਪੁਰਖਾਂ ਨਾਲ ਪਿਆਰ ਪੀਂਘਾਂ ਝੂਟਦੀ ਹੈ, ਉਸ ਦਾ ਪ੍ਰਵਾਰਿਕ ਜੀਵਨ ਬਰਬਾਦ ਹੋ ਜਾਂਦਾ ਹੈ। ਉਹ ਆਪਣੀ ਸ਼ਰਮ ਇੱਜ਼ਤ ਘੱਟੇ ਰੋਲ ਲੈਂਦੀ ਹੈ। ਉਹ ਇਕ ਪਤੀ ਤੇ ਸਬਰ ਨਾ ਕਰ ਕੇ ਹੋਰ ਹੋਰ ਖਸਮ ਬਣਾਉਂਦੀ ਹੈ। ਉਸ ਨੂੰ ਆਪਣੇ ਖੋਟ ਛੁਪਾਉਣ ਵਾਸਤੇ ਸਦਾ ਹੀ ਝੂਠ ਦਾ ਸਹਾਰਾ ਲੈਣਾ ਪੈਂਦਾ ਹੈ। ਅਜਿਹੇ ਭੈੜੇ ਕੰਮਾਂ ਕਾਰਨ ਆਪਣੇ ਜੀਵਨ ਤੋਂ ਭਟਕ ਜਾਂਦੀ ਹੈ, ਸਦਾ ਦੁੱਖ ਪਾਉਂਦੀ ਹੈ।

ਖਸਮੁ ਵਿਸਾਰਿ ਕੀਏ ਰਸ ਭੋਗ ॥ ਤਾ ਤਨਿ ਉਠਿ ਖਲੋਏ ਰੋਗ ॥ (1256)

ਹੇ ਪੁੱਤਰੀ! ਪਤੀ ਨੂੰ ਛੱਡ ਕੇ ਹੋਰਨਾਂ ਥਾਂਵਾਂ ਤੇ ਹੋਰ ਪੁਰਸ਼ਾਂ ਨਾਲ ਸਾਂਝ ਪਾ ਕੇ ਤੂੰ ਸੁੱਖ ਲੈਣਾ ਚਾਹੁੰਦੀ ਹੈ। ਤੂੰ ਭਾਰੀ ਗ਼ਲਤੀ ਕਰ ਰਹੀ ਹੈਂ। ਬਹੁਤੇ ਰਸ ਬਹੁਤੇ ਭੋਗ ਜਿਥੇ ਮਨ ਨੂੰ ਵਿਕਾਰੀ ਬਣਾਉਂਦੇ ਹਨ, ਉਥੇ ਸਰੀਰ ਨੂੰ ਰੋਗੀ ਬਣਾ ਦਿੰਦੇ ਹਨ। ਬਚ ਜਾ ਇਨ੍ਹਾਂ ਬਹੁਤੇ ਸੁਆਦਾਂ ਤੋਂ।

ਸਾ ਗੁਣਵੰਤੀ ਸਾ ਵਡਭਾਗਣਿ ॥ ਪੁਤ੍ਰਵੰਤੀ ਸੀਲਵੰਤਿ ਸੋਹਾਗਣਿ ॥
ਰੂਪਵੰਤੀ ਸਾ ਸੁਘੜਿ ਬਿਚਖਣਿ, ਜੋ ਧਨ ਕੰਤ ਪਿਆਰੀ ਜੀਉ ॥
ਅਚਾਰਵੰਤਿ ਸਾਈ ਪਰਧਾਨੇ ॥ ਸਭ ਸਿੰਗਾਰ ਬਣੇ ਤਿਸੁ ਗਿਆਨੇ ॥
ਸਾ ਕੁਲਵੰਤੀ ਸਾ ਸਭਰਾਈ, ਜੋ ਪਿਰਿ ਕੈ ਰੰਗਿ ਸਵਾਰੀ ਜੀਉ ॥ (97)

ਹੇ ਬੇਟੀ! ਜੇ ਤੂੰ ਗੁਣਵਾਨ ਹੈਂ ਤਾਂ ਪਤੀ ਨੂੰ ਖ਼ੁਸ਼ ਰੱਖਣ ਵਾਲੇ ਗੁਣ ਧਾਰਨ ਕਰ। ਜੇ ਤੂੰ ਵੱਡੇ ਭਾਗਾਂ ਵਾਲੀ ਬਣਨਾ ਚਾਹੁੰਦੀ। ਪੁੱਤਰਵਤੀ (ਔਲਾਦ ਪ੍ਰਾਪਤੀ) ਬਣਨ ਦੀ ਇੱਛਾ ਹੈ ਤਾਂ ਪਤੀ ਨੂੰ ਖ਼ੁਸ਼ ਕਰਨ ਦੇ ਵੱਲ ਸਿੱਖ। ਤੂੰ ਸ਼ੁੱਧ ਆਚਰਣ ਵਾਲੀ ਤਾਂ ਹੀ ਮੰਨੀ ਜਾਵੇਂਗੀ, ਸੋਹਾਗਣ ਤਾਂ ਹੀ ਅਖਵਾ ਸਕੇਗੀ ਅਗਰ ਪਤੀ ਦੀ ਪਿਆਰੀ ਬਣ ਗਈ। ਤੇਰੇ ਰੂਪ ਦਾ ਮੁੱਲ ਤਾਂ ਹੀ ਹੈ ਜੇ ਪਤੀ ਦੇ ਮਨ ਨੂੰ ਚੰਗੀ ਲਗਦੀ ਹੈਂ। ਤੂੰ ਸੁਚੱਜੀ ਪਤਨੀ ਤਾਂ ਹੀ ਹੈਂ ਜੇ ਪਤੀ ਨੂੰ ਖ਼ੁਸ਼ ਕਰ ਲਵੇਂ। ਸਿਆਣੀ (ਚਤਰ) ਤਾਂ ਹੀ ਆਖੀ ਜਾਵੇਂਗੀ ਅਗਰ ਪਤੀ ਨੂੰ ਆਪਣੀਆਂ ਖ਼ੁਸ਼ੀਆਂ ਦਾ ਕੇਂਦਰ ਮੰਨ ਲਵੇਂ। ਤੈਨੂੰ ਉੱਚੇ ਵਿਹਾਰ ਵਾਲੀ ਤਦੋਂ ਮੰਨਿਆ ਜਾਵੇਗਾ, ਜਦੋਂ ਆਪਣੇ ਚੰਗੇ

ਆਚਰਣ ਨਾਲ ਮਾਲਕ ਨੂੰ ਖ਼ੁਸ਼ ਕਰ ਲਿਆ। ਤੂੰ ਆਪਣੇ ਗੁਣਾਂ ਕਾਰਨ ਸਮਾਜ ਵਿਚ ਸਤਿਕਾਰਯੋਗ ਪਦਵੀ ਨੂੰ (ਪਰਧਾਨ) ਪ੍ਰੂਜ ਜਾਵੇਂਗੀ। ਸਾਰੇ ਤਰ੍ਹਾਂ ਦੇ ਸ਼ਿਗਾਰ ਤੇਰਾ ਗਿਆਨ ਹੋਵੇ। ਤੂੰ ਉੱਚੀ ਕੁਲਵਾਲੀ ਤੇ ਬਹੁਤੇ ਭਰਾਵਾਂ ਦੀ ਲਾਡਲੀ ਭੈਣ ਅਖਵਾਏਂਗੀ, ਅਗਰ ਸਹੀ ਮਾਇਨਿਆਂ ਵਿਚ ਤੂੰ ਪਤੀ ਨੂੰ ਆਪਣੇ ਗੁਣਾਂ ਨਾਲ ਖ਼ੁਸ਼ ਕਰ ਲਿਆ। ਜਿਸ ਜੀਵ ਇਸਤਰੀ ਨੇ ਉਪਰ ਵਰਣਿਤ ਸਾਰੇ ਗੁਣ ਧਾਰਨ ਕਰ ਲਏ, ਉਹ ਪਰਮੇਸ਼ਰ ਪਤੀ ਦੀ ਨਜ਼ਰ ਵਿਚ ਪ੍ਰਵਾਨ (ਸੁਹਾਗਣ) ਬਣ ਗਈ, ਸਦੀਵੀ ਖ਼ੁਸ਼ੀਆਂ ਦੀ ਪ੍ਰਾਪਤੀ ਕਰ ਲਈ ਉਸ ਨੇ।

ਸਾਡੇ ਆਲੇ ਦੁਆਲੇ ਵਰਤ ਰਹੇ ਵਰਤਾਰੇ ਨੂੰ ਅਸੀ ਨਿੱਤ ਦਿਨ ਵੇਖਦੇ ਹਾਂ, ਕਈ ਵਾਰੀ ਅਸੀ ਖ਼ੁਦ ਜਾਂ ਸਾਡੇ ਅਤੀ ਨੇੜਤਾ ਵਾਲੇ ਵੀਰ ਭੈਣਾਂ ਉਨ੍ਹਾਂ ਦੁੱਖਾਂ-ਸੁੱਖਾਂ ਵਿਚੋਂ ਗੁਜ਼ਰਦੇ ਹਨ, ਉਨ੍ਹਾਂ ਦਾ ਦਰਦ ਅਸੀ ਦਿਲੋਂ ਮਹਿਸੂਸ ਕਰਦੇ ਹਾਂ। ਜਿਵੇਂ ਨੇੜੇ ਬਲ ਰਹੀ ਅੱਗ ਸਾਨੂੰ ਸਾੜੇ ਭਾਵੇਂ ਨਾ, ਪਰ ਸੇਕ ਤਾਂ ਸਾਡੇ ਤੱਕ ਪਹੁੰਚ ਹੀ ਜਾਂਦਾ ਹੈ। ਇਸੇ ਤਰ੍ਹਾਂ "ਸੁਹਾਗਣ ਜਾਂ ਦੁਹਾਗਣ" ਦੀ ਜੀਵਨ ਕਿਰਿਆ ਅਸੀਂ ਵੇਖ ਪਰਖ ਸਕਦੇ ਹਾਂ। ਇਨ੍ਹਾਂ ਪਾਤਰਾਂ ਵਿਚ ਸਾਡੀਆਂ ਮਾਵਾਂ ਜਾਂ ਦਾਦੀਆਂ ਹੋ ਸਕਦੀਆਂ ਹਨ। ਸਾਡੀਆਂ ਭੈਣਾਂ ਜਾਂ ਧੀਆਂ ਹੋ ਸਕਦੀਆਂ ਹਨ। ਚਾਚੀਆਂ, ਤਾਈਆਂ, ਭੂਆ ਜਾਂ ਮਾਮੀਆਂ, ਮਾਸੀਆਂ ਭੀ ਹੋ ਸਕਦੀਆਂ ਹਨ। ਕੋਈ ਭੀ ਦੂਜੇ ਤੀਜੇ ਘਰ ਦੀ, ਸਰੀਕੇ ਕਬੀਲੇ ਵਿਚੋਂ ਨੂੰਹ ਧੀ ਹੋ ਸਕਦੀ ਹੈ। "ਸੁਹਾਗਣ" ਦਾ ਘਰ ਵਿੱਚ ਕਿਹੋ ਜਿਹਾ ਮਾਣ ਸਤਿਕਾਰ ਹੈ। ਉਸ ਵਿਚ ਕਿਹੋ ਜਹੇ ਗੁਣ ਹਨ ? ਉਸ ਨੂੰ ਸਹੀ ਮਾਇਨਿਆਂ ਵਿਚ ਇਨਾ ਪਿਆਰ-ਸਤਿਕਾਰ ਕਿਵੇਂ ਮਿਲਿਆ ? ਵੇਖ ਪਰਖ ਕੇ ਅਸੀਂ ਬਹੁਤ ਕੁੱਝ ਸਿੱਖ ਸਕਦੇ ਹਾਂ। ਦੂਜੇ ਪਾਸੇ "ਦੁਹਾਗਣ" ਦਾ ਸੰਕਟਮਈ ਜੀਵਨ ਹੈ। ਉਸ ਦੀ ਘਰ ਵਿਚ ਕੋਈ ਪੁੱਛ ਪ੍ਰਤੀਤ ਨਹੀਂ। ਖ਼ੁਸ਼ੀ ਗਮੀ ਵਾਲੇ ਕਿਸੇ ਸਮਾਗਮ ਵਿਚ ਉਸ ਦੀ ਸਲਾਹ ਨਹੀਂ ਲਈ ਜਾਂਦੀ। ਕੁੱਤਿਆਂ ਵਾਂਗ ਅਤੀ ਜਲਾਲਤ ਭਰਿਆ ਜੀਵਨ ਜਿਉਂ ਰਹੀ ਹੈ। ਜਿਤਨੀ ਦੇਰ ਜੀਵਨ ਰੌ ਚਲਦੀ ਹੈ, ਇਸ ਵਿਚ ਤਬਦੀਲੀ ਆਉਣ ਦਾ ਕੋਈ ਪਤਾ ਨਹੀਂ। ਅਜਿਹੀ ਜ਼ਿੰਦਗੀ ਕਿਉਂ ਬਣੀ ਉਸ ਅਭਾਗਣ ਦੀ ? ਸ਼ਾਇਦ ਉਹ ਖ਼ੁਦ ਨਾ ਦਸ ਸਕੇ। ਉਸ ਦੇ ਕਿਸੇ ਸਿਆਣੇ ਸਕੇ-ਸਬੰਧੀ ਤੋਂ ਪੁੱਛਿਆ ਜਾ ਸਕਦਾ ਹੈ। ਬਹੁਤ ਕੁੱਝ ਸਿੱਖਿਆ ਜਾ ਸਕਦਾ ਹੈ। ਅਜਿਹਾ ਵਰਤਾਰਾ ਸਤਿਗੁਰੂ ਜੀ ਨੇ ਚੰਗੀ ਤਰ੍ਹਾਂ ਵੇਖਿਆ ਅਤੇ ਪਰਖਿਆ। ਫਿਰ ਗੁਰਬਾਣੀ ਵਿਚ "ਸੁਹਾਗਣ ਜਾਂ ਦੁਹਾਗਣ" ਵਾਲਾ ਬਿੰਬ ਉਸਾਰਿਆ ਗਿਆ ਹੈ। ਸਤਿਗੁਰੂ ਜੀ ਹਰ ਇਨਸਾਨ ਨੂੰ ਗੁਰਮੁਖ ਜਾਂ ਸੁਹਾਗਣ ਬਣਾਉਣਾ ਚਾਹੁੰਦੇ ਹਨ। "ਮਨਮੁੱਖ ਜਾਂ ਦੁਹਾਗਣ" ਵਾਲਾ ਜੀਵਨ ਸਤਿਗੁਰੂ ਜੀ ਨੂੰ ਪਸੰਦ ਨਹੀਂ। ਇਸੇ ਸਮਾਜ ਵਿਚੋਂ ਸਿੱਖਿਆ ਦੇ ਕੇ ਮਨਮੁੱਖਾਂ ਨੂੰ ਗੁਰਮੁੱਖ ਤੇ ਦੁਹਾਗਣ ਨੂੰ ਸੁਹਾਗਣ ਬਣਾਉਣਾ ਹੀ

ਸਤਿਗੁਰੂ ਜੀ ਦਾ ਟੀਚਾ ਹੈ। ਕਿਸੇ ਸੱਤਵੇਂ ਆਕਾਸ਼ ਵਿਚੋਂ ਗੁਰਮੁਖਾਂ ਜਾਂ ਸੁਹਾਗਣਾਂ ਨੇ ਨਹੀਂ ਉੱਤਰ ਆਉਣਾ। ਗੁਰਬਾਣੀ ਦੇ ਸੁਚੱਜੇ ਸਕੂਲ ਵਿਚੋਂ, ਸਤਿਗੁਰੂ ਉਸਤਾਦ ਰਾਹੀਂ ਦੁਰਮੱਤ ਤਿਆਗ ਕੇ ਗੁਰਮੱਤ ਧਾਰਨ ਕਰਨੀ ਹੈ।

ਸਤਿਗੁਰੂ ਜੀ ਤਾਂ ਪਤੀ ਕੇਵਲ ਪਰਮੇਸ਼ਰ ਨੂੰ ਮੰਨਦੇ ਹਨ। ਬਾਕੀ ਤਾਂ ਸਾਰੀਆਂ ਉਸ ਦੀਆਂ ਪਤਨੀਆਂ ਹਨ। ਪੜ੍ਹੋ ਪੰਕਤੀਆਂ-

"ਠਾਕੁਰੁ ਏਕ ਸਬਾਈ ਨਾਰਿ ॥" ਬਹੁਤੇ ਵੇਸ ਕਰੇ ਕੂੜਿਆਰ ॥

ਪਰ ਘਰਿ ਜਾਤੀ ਠਾਕਿ ਰਹਾਈ ॥ ਮਹਲਿ ਬੁਲਾਈ ਠਾਕ ਨ ਪਾਈ ॥ (933)

ਹੇ ਭਾਈ! ਸੰਸਾਰ ਵਿਚ ਮਰਦ ਕੇਵਲ ਅਕਾਲ ਪੁਰਖ ਹੈ। ਹੋਰ ਸਭ ਜੀਵ ਉਸ ਦੀਆਂ ਪਤਨੀਆਂ ਹਨ। ਇਹ ਮੂਰਖ "ਔਰਤਾਂ" ਬਾਹਰੀ ਸੁੰਦਰਤਾ ਵਾਲੇ ਪਹਿਰਾਵੇ ਤਾਂ ਬਹੁਤ ਪਹਿਨਦੀਆਂ ਹਨ, ਪਰ ਗੁਣਾਂ ਤੋਂ ਖਾਲੀ ਹਨ, ਝੂਠੀਆਂ ਹਨ। ਪਰਾਏ ਘਰਾਂ ਦੇ "ਮਰਦਾਂ" (ਗਲਤ ਮੱਤ) ਕੋਲ ਜਾਣ ਤੋਂ ਸ਼ਰਮ ਨਹੀਂ ਕਰਦੀਆਂ। ਆਪਣੇ ਮਨ ਨੂੰ ਵਿਕਾਰਾਂ ਵੱਲੋਂ ਰੋਕਦੀਆਂ ਨਹੀਂ। ਪਰਮੇਸ਼ਰ ਜੀ ਨੇ ਆਪਣੇ ਨੇੜੇ ਆਉਣ ਦਾ ਮੌਕਾ ਦਿੱਤਾ ਪਰ ਇਹ ਮੂਰਖ ਸਮਝ ਹੀ ਨਹੀਂ ਸਕੀ ਵਕਤ ਖੁੰਝਾ ਦਿੱਤਾ।

ਗੁਰਬਾਣੀ ਵਿਚ ਮਨਮੁੱਖ ਇਨਸਾਨ ਨੂੰ "ਕੁਬਧਿ, ਕੁਰੂਪਿ, ਕੁਲਖਣੀ, ਕੁਚੀਲ, ਕੁਨਾਰਿ, ਕੁਚਜੀ, ਕਾਮਣਿਆਰੀ, ਦੁਹਾਗਣਿ, ਬਿਰਹਨਿ, ਛੁੱਟੜ, ਸਰਪਣੀ, ਨਾਗਨਿ, ਧਰਕਟੀ ਨਾਰਿ, ਵਿਭਚਾਰਨ ਆਦਿਕ ਆਖ ਕੇ ਫਿਟਕਾਰਿਆ ਗਿਆ ਹੈ ਤਾਂ ਕਿ ਅਜਿਹੀਆਂ ਲਾਹਣਤਾਂ ਤੋਂ ਸ਼ਰਮਸਾਰ ਹੋ ਕੇ ਜੀਵ ਸਿੱਧੇ ਰਾਹ ਚੱਲ ਪਵੇ। ਦੂਜੇ ਪਾਸੇ ਗੁਰਮੁੱਖ ਨੂੰ ਸਤਿਗੁਰੂ ਜੀ ਸੋਭਾਵੰਤੀ ਨਾਰਿ, ਸੁਹਾਗਣਿ, ਸੁਚੱਜੀ ਸਿਆਣੀ, ਸੀਲਵੰਤ, ਸਤਵੰਤੀ, ਆਚਾਰਵੰਤੀ, ਗੁਣਵੰਤੀ, ਪ੍ਰੀਤਮ ਪਿਆਰੀ, ਆਗਿਆਕਾਰੀ, ਪ੍ਰਧਾਨ, ਕੁਲਵੰਤੀ, ਰੂਪਵੰਤੀ ਆਦਿ ਬਚਨਾਂ ਰਾਹੀਂ ਸਤਿਕਾਰ ਦਿੰਦੇ ਹਨ ਤਾਂ ਕਿ ਔਰਤ-ਮਰਦ ਬਦੀ ਦੇ ਰਾਹ ਤੋਂ ਵਾਪਸ ਮੁੜ ਪੈਣ, ਨੇਕੀ ਦੇ ਰਾਹ 'ਤੇ ਚੱਲ ਪੈਣ। ਗੁਰਮੁੱਖਾਂ ਦਾ ਸਮਾਜ ਤਿਆਰ ਹੋ ਜਾਵੇ, ਗੁਰਮੁੱਖ ਹੀ ਰਾਜਗੱਦੀਆਂ 'ਤੇ ਬਿਰਾਜਮਾਨ ਹੋਣ। ਸਭ ਤੋਂ ਵੱਡੇ "ਗੁਰਮੁੱਖ", ਗੁਰੂ ਦੀ ਆਖੀ ਸਿੱਖਿਆ 'ਤੇ ਚਲਦਿਆਂ ਜੀਵਨ ਬਤੀਤ ਕਰਨ। ਇਸ ਧਰਤੀ ਨੂੰ ਹੀ "ਧਰਮਸ਼ਾਲ" ਬਣਾ ਦੇਣ।

ਘਰੋਂ ਬਾਹਰ ਦੇ ਕੰਮ ਤੇ ਔਰਤਾਂ

ਦੂਜੀ ਸੰਸਾਰ ਜੰਗ ਵਿਚ ਲਗਪਗ ਪੰਜ ਕਰੋੜ ਮਰਦ ਮਾਰੇ ਗਏ। ਹੋਰ ਕਰੋੜਾਂ ਜ਼ਖ਼ਮੀ ਹੋ ਕੇ ਨਕਾਰਾ ਹੋ ਗਏ। ਯੋਰਪੀਨ ਮੁਲਕਾਂ ਦੀ ਆਰਥਕ ਹਾਲਤ ਪੂਰੀ ਤਰ੍ਹਾਂ ਡਗਮਗਾ ਗਈ। ਇਮਾਰਤਾਂ ਢਹਿ ਗਈਆਂ। ਕਾਰਖਾਨੇ ਤਬਾਹ ਹੋ ਗਏ। ਸ਼ਹਿਰਾਂ, ਪਿੰਡਾਂ ਨੂੰ ਸਾੜ ਦਿੱਤਾ ਗਿਆ। ਅਜਿਹੇ ਮਾਹੌਲ ਵਿਚ ਮਜਬੂਰੀ ਵੱਸ ਬਾਹਰ ਦੇ ਸਾਰੇ ਕੰਮਾਂ ਲਈ ਔਰਤਾਂ ਨੂੰ ਘਰੋਂ ਬਾਹਰ ਆਉਣਾ ਪਿਆ। ਆਦਮੀਆਂ ਦੀ ਖਾਲੀ ਹੋਈ ਕੰਮ ਵਾਲੀ ਥਾਂ ਨੂੰ ਔਖੇ ਸੌਖੇ ਇਸਤਰੀ ਵਰਗ ਨੇ ਸੰਭਾਲਿਆ। ਹੌਲੀ ਹੌਲੀ ਤਬਾਹ ਹੋਏ ਦੇਸ਼ ਆਪਣੀ ਮੇਹਨਤ ਅਤੇ ਸਿਆਣਪ ਨਾਲ ਪੈਰਾਂ 'ਤੇ ਖੜੇ ਹੋ ਗਏ। ਸਿਹਤਮੰਦ ਅਤੇ ਦਲੇਰ ਸੁਭਾ ਦੀਆਂ ਔਰਤਾਂ ਨੂੰ ਘਰੋਂ ਬਾਹਰ ਨਿਕਲ ਕੇ ਕੰਮ ਕਰਨ ਵਿਚ ਕੋਈ ਮੁਸ਼ਕਲ ਨਹੀਂ। ਬਸ਼ਰਤੇ ਕਿ ਸਰਕਾਰ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਵੇ। ਜਿਵੇਂ ਜਿਵੇਂ ਲੜਕੀਆਂ ਪੜ੍ਹਾਈ ਕਰ ਕੇ ਸਰਬਪੱਖੀ ਗਿਆਨ ਹਾਸਲ ਕਰ ਰਹੀਆਂ ਹਨ। ਉਸੇ ਹਿਸਾਬ ਨਾਲ ਨੌਕਰੀਆਂ ਵਿਚ ਭੀ ਜਾ ਰਹੀਆਂ ਹਨ। ਮਸ਼ੀਨੀ ਅਤੇ ਇਲੈਕਟਰੋਨਿਕ ਦੀ ਵਧੇਰੇ ਵਰਤੋਂ ਨੇ ਸਰੀਰਕ ਤਾਕਤ ਦੀ ਉਤਨੀ ਲੋੜ ਨਹੀਂ ਰਹਿਣ ਦਿੱਤੀ। ਸਗੋਂ ਅਕਲ ਦੀ ਜ਼ਰੂਰਤ ਹੈ ਜ਼ੋਰ ਦਾ ਕੰਮ ਤਾਂ ਮਸ਼ੀਨਾਂ ਨੇ ਕਰਨਾ ਹੈ। ਪਹਿਲਾਂ ਔਰਤਾਂ ਨੂੰ ਟੀਚਰ ਅਤੇ ਦਾਈ ਜਾਂ ਨਰਸ ਤੱਕ ਸੀਮਤ ਸਮਝਿਆ ਜਾਂਦਾ ਸੀ। ਪਰ ਅੱਜ ਦੇ ਜ਼ਮਾਨੇ ਵਿਚ ਰਾਜਨੀਤੀ, ਧਰਮ, ਵਿਗਿਆਨ, ਖੇਤੀ, ਮੈਡੀਕਲ, ਅਧਿਆਪਨ ਆਦਿ ਸਾਰੇ ਖੇਤਰਾਂ ਵਿਚ ਔਰਤਾਂ ਅੱਗੇ ਵੱਧ ਰਹੀਆਂ ਹਨ। ਇਹ ਵੱਖਰੀ ਗੱਲ ਹੈ ਕਿ ਪੁਰਸ਼ ਵਰਗ ਨੇ ਆਪਣੀ ਬਦਨੀਤੀ ਅਜੇ ਤਿਆਗੀ ਨਹੀਂ। ਹਰ ਮਹਿਕਮੇ ਵਿਚ ਹਰ ਸਥਾਨ 'ਤੇ ਹਰ ਉਮਰ ਦੀ ਔਰਤ ਨੂੰ ਆਦਮੀ ਦੀਆਂ ਵਾਸ਼ਨਾਵਾਂ ਦੀ ਸ਼ਿਕਾਰ ਹੋਣਾ ਪੈਂਦਾ ਹੈ।

ਜਿਨ੍ਹਾਂ ਅਦਾਰਿਆਂ ਵਿਚ ਔਰਤ ਮਰਦ ਮੁਲਾਜ਼ਮ ਇਕੱਠੇ ਕੰਮ ਕਰਦੇ ਹਨ, ਕੁੱਝ ਕਾਮੀ ਪੁਰਸ਼ ਔਰਤਾਂ ਪ੍ਰਤੀ ਅਸ਼ਲੀਲ ਹਰਕਤਾਂ, ਦੋਹਰੇ ਅਰਥਾਂ ਵਾਲੇ ਫਿਕਰੇ, ਛੇੜ ਛਾੜ ਤੇ ਹੋਰ ਕਈ ਤਰੀਕਿਆਂ ਨਾਲ ਪ੍ਰੇਸ਼ਾਨ ਕਰਦੇ ਰਹਿੰਦੇ ਹਨ। ਕਾਰੋਬਾਰੀ ਥਾਵਾਂ 'ਤੇ ਹਰੇਕ ਪੁਰਸ਼ ਔਰਤਾਂ ਨੂੰ ਪੈਰਾਂ ਤੋਂ ਲੈ ਕੇ ਸਿਰ ਤੱਕ ਨਿਰਖ ਪਰਖ ਕਰਦੇ ਹਨ। ਜਦੋਂ ਕਦੀ ਵੇਹਲ ਵਕਤ ਪੁਰਸ਼ ਮੁਲਾਜ਼ਮ ਇੱਕਠੇ ਬੈਠਦੇ ਹਨ ਤਾਂ ਉਨ੍ਹਾਂ ਦੀ ਗੱਲਬਾਤ ਦਾ ਕੇਂਦਰੀ ਧੁਰਾ ਦਫ਼ਤਰੀ ਇਸਤਰੀਆਂ ਹੀ ਹੁੰਦੀਆਂ ਹਨ। ਜਿਵੇਂ ਕਿ ਹੁਸਣ ਨੂੰ ਹਰ ਕਿਸੇ ਦਾ ਦਿਲ ਕਰਦਾ ਹੈ। ਜੇ ਕੋਈ ਮੁਲਾਜ਼ਮ ਔਰਤ ਨਾਲ ਦੇ ਪੁਰਸ਼

ਸਾਥੀ ਨਾਲ ਹੱਸ ਕੇ ਗੱਲਬਾਤ ਕਰ ਲਵੇ ਤਾਂ ਉਸ ਦੇ ਗਲਤ ਅਰਥ ਕੱਢ ਲਏ ਜਾਂਦੇ ਹਨ। ਕਾਮ ਵਾਸ਼ਨਾ ਅਧੀਨ ਸੱਠ ਸਾਲ ਤੱਕ ਦੇ ਆਦਮੀ ਆਪਣੀਆਂ ਧੀਆਂ ਵਰਗੀਆਂ ਲੜਕੀਆਂ ਨੂੰ ਭੀ ਆਪਣੇ ਜਾਲ ਵਿਚ ਫਸਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਬਹੁਤ ਸਾਰੇ ਵਾਸ਼ਨਾਂ ਵਿਚ ਅੰਨ੍ਹੇ ਹੋਏ ਪੁਰਸ਼ ਤਾਂ ਸਾਥੀ ਮੁਲਾਜ਼ਮ ਇਸਤਰੀ ਦੀ ਘਰੇਲੂ ਹਾਲਤ ਬਾਰੇ ਭੀ ਪੈੜ ਕਢਵਾ ਲੈਂਦਾ ਹੈ। ਉਸ ਦੇ ਘਰੇਲੂ ਕੰਮ ਕਰਦਾ ਹੈ। ਕਿਸੇ ਦਿਨ ਦੇ ਬਹਾਨੇ ਘਰ ਤੋਹਫੇ ਭੇਜਦਾ ਹੈ। ਉਸ ਦੀ "ਸਵੱਲੀ" ਨਜ਼ਰ ਦੀ ਇੱਛਾ ਰਖਦਾ ਹੈ।

ਇਉਂ ਪ੍ਰਤੀਤ ਹੁੰਦਾ ਹੈ ਕਿ ਆਦਮੀ ਤਾਂ ਔਰਤ ਨਾਲ ਸਰੀਰਕ ਸਾਂਝ ਪੂਰੀ ਕਰ ਕੇ ਚਲਦਾ ਬਣਦਾ ਹੈ। ਸਮਾਜਕ ਦਬਾਉ ਔਰਤ ਨੂੰ ਝੱਲਣਾ ਪੈਂਦਾ ਹੈ। ਆਪਣੇ ਪ੍ਰਵਾਰ ਨੂੰ ਖਬਰ ਲੱਗ ਜਾਣ ਦੀ ਸੂਰਤ ਵਿਚ ਉਸ ਦਾ ਜਿਉਣਾ ਦੁੱਭਰ ਹੋ ਜਾਂਦਾ ਹੈ। ਗਰਭ ਭੀ ਔਰਤ ਨੂੰ ਹੀ ਠਹਿਰਦਾ ਹੈ। ਔਰਤ ਜੇ ਵਿਆਹੀ ਹੋਈ ਹੈ, ਪਤੀ ਜੀਵਤ ਹੈ, ਭਾਵੇਂ ਸਮਾਜਕ ਬਦਨਾਮੀ ਨਾ ਹੀ ਹੋਵੇ। ਪਰ ਬੱਚੇ ਦੀ ਸੰਭਾਲ ਪਾਲਣ ਪੋਸ਼ਣ ਦੀਆਂ ਦੁਸ਼ਵਾਰੀਆਂ ਔਰਤਾਂ ਨੂੰ ਹੀ ਆਪਣੇ ਸਿਰ 'ਤੇ ਝੱਲਣੀਆਂ ਪੈਂਦੀਆਂ ਹਨ। ਬੱਚੇ ਪਾਲਦਿਆਂ ਆਪਣੀ ਜ਼ਿੰਦਗੀ ਲੇਖੇ ਲੱਗ ਜਾਂਦੀ ਹੈ। ਇਸ ਤਰ੍ਹਾਂ ਦੇ ਬਹੁਤ ਸਾਰੇ ਮਾਨਸਿਕ ਦਬਾਵਾਂ ਦੇ ਕਾਰਨ ਔਰਤ ਹਮਬਿਸਤਰ ਹੋਣ ਤੋਂ ਟਾਲਾ ਵਟਦੀ ਹੈ। ਆਦਮੀ ਕੋਈ ਭੀ ਰਾਹ ਅਖਤਿਆਰ ਕਰ ਕੇ ਉਸ ਦੇ ਬਿਸਤਰ ਤੱਕ ਪਹੁੰਚਣਾ ਚਾਹੁੰਦਾ ਹੈ। ਖਾਸ ਹਾਲਤਾਂ ਵਿਚ ਤਾਂ ਪੁਰਸ਼ਾਂ ਵਿਚ ਸੱਤਰ ਅੱਸੀ ਸਾਲ ਦੀ ਉਮਰ ਤੱਕ ਭੀ ਕਾਮ ਭੁੱਖ ਬਰਕਰਾਰ ਰਹਿੰਦੀ ਹੈ ਤੇ ਉਹ ਹਰ ਇਕ ਔਰਤ ਵੱਲ ਗਹਿਰੀ ਨਿਗਾਹ ਨਾਲ ਵੇਖਦੇ ਹਨ। ਮੇਲ ਮਿਲਾਪ ਵਾਲੀਆਂ ਥਾਵਾਂ 'ਤੇ ਦਫ਼ਤਰਾਂ ਵਿਚ ਕੰਮ ਕਰਦੀਆਂ ਔਰਤਾਂ ਨੂੰ ਸਦਾ ਸੁਚੇਤ ਰਹਿਣਾ ਚਾਹੀਦਾ ਹੈ। ਜੇ ਕਿਸੇ ਆਦਮੀ ਨਾਲ ਕੋਈ ਭਰਾ, ਪੁੱਤਰ ਜਾਂ ਪਿਤਾ ਵਾਲਾ ਰਿਸ਼ਤਾ ਭੀ ਬਣਾ ਲਿਆ ਹੈ। ਉਸ ਹਾਲਤ ਵਿਚ ਭੀ ਪੁਰਸ਼ ਤੋਂ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ। ਜੇ ਕੋਈ ਵਧੀਕੀ ਹੁੰਦੀ ਨਜ਼ਰ ਆਵੇ, ਆਦਮੀ ਦੀਆਂ ਅੱਖਾਂ ਜਾਂ ਹਰਕਤਾਂ ਹੱਦਾਂ ਨੂੰ ਉਲੰਘਦੀਆਂ ਪ੍ਰਤੀਤ ਹੋਣ ਤਾਂ ਆਪਣੇ ਪ੍ਰਵਾਰ ਵਾਲਿਆਂ ਨੂੰ ਦੱਸਣ ਵਿਚ ਦੇਰੀ ਨਹੀਂ ਕਰਨੀ ਚਾਹੀਦੀ ਤਾਂ ਕਿ ਸਮੇਂ ਸਿਰ ਸਥਿਤੀ ਨੂੰ ਸੰਭਾਲ ਲਿਆ ਜਾਵੇ।

ਬਿਗੜੇ ਸੁਭਾ ਵਾਲੇ ਅਫ਼ਸਰ ਆਪਣੇ ਦਫ਼ਤਰ ਦੀਆਂ ਮੁਲਾਜ਼ਮ ਔਰਤਾਂ ਨੂੰ ਬਹੁਤਾ ਸਮਾਂ ਆਪਣੇ ਆਲੇ ਦੁਆਲੇ ਬਿਠਾਈ ਰਖਦੇ ਹਨ। ਲਤੀਫ਼ੇ ਸੁਣਾਉਂਦੇ ਹਨ। ਕਵਿਤਾਵਾਂ ਜਾਂ ਸ਼ੇਅਰ ਸੁਣਾਉਂਦੇ ਹਨ। ਕਈ ਵਾਰੀ ਆਪਣੇ ਇਸ਼ਕ ਦੇ ਕਿੱਸੇ ਸੁਣਾਉਨ ਵਿਚ ਭੀ ਫ਼ਖ਼ਰ ਮਹਿਸੂਸ ਕਰਦੇ ਹਨ। ਜੋ ਔਰਤ ਅਜਿਹੀਆਂ ਹਰਕਤਾਂ

ਵਿਚ ਰਚਮਿਚ ਗਈ, ਖ਼ੁਸ਼ ਹੋ ਕੇ ਹਾਂ ਵਿਚ ਹਾਂ ਮਿਲਾਉਣ ਲੱਗ ਪਈ। ਮੱਥੇ ਤਿਉੜੀ ਨਹੀਂ ਪਾਉਂਦੀ ਸਗੋਂ ਮੁਸਕਰਾਹਟਾਂ ਬਖੇਰਦੀ ਰਹਿੰਦੀ ਹੈ। ਅਜਿਹਾ ਆਸ਼ਿਕ ਅਫ਼ਸਰ ਫਿਰ ਕਿਸੇ ਭੀ ਹੱਦ ਤੱਕ ਜਾ ਸਕਦਾ ਹੈ। ਪਹਿਲਾਂ ਹੀ ਔਰਤਾਂ ਨੂੰ ਸੰਭਲ ਕੇ ਨੇੜਤਾ ਬਣਾਉਣੀ ਚਾਹੀਦੀ ਹੈ, ਫਿਰ ਪਿਛਾਂਹ ਪਰਤਣਾ ਕਾਫ਼ੀ ਔਖਾ ਹੈ। ਮੁਲਾਜ਼ਮ ਔਰਤਾਂ ਨੂੰ ਚਾਹੀਦਾ ਹੈ ਕਿ ਮਰਦ ਅਫ਼ਸਰ ਤੋਂ ਆਪਣਾ ਕੋਈ ਨਾਜਾਇਜ਼ ਕੰਮ ਨਾ ਕਰਵਾਉਣ। ਵਾਜਬ ਬਣਦੀਆਂ ਛੁਟੀਆਂ ਤੋਂ ਵਾਧੂ ਛੁੱਟੀਆਂ ਨਾ ਮੰਗਣ। ਭੜਕੀਲੇ ਫੈਸ਼ਨ ਕਰ ਕੇ ਦਫ਼ਤਰਾਂ ਵਿਚ ਨਾ ਆਉਣ। ਦਫ਼ਤਰ ਦੇ ਸਾਥੀਆਂ ਨਾਲ ਆਪਣੀ ਆਰਥਿਕ ਕਮਜ਼ੋਰੀ ਹਾਜਰ ਨਾ ਕਰਨ। ਸਹੁਰੇ ਪ੍ਰਵਾਰ ਵਿਚ ਕਲੇਸ਼ ਜਾਂ ਪਤੀ ਨਾਲ ਅਣਬਣ ਬਾਰੇ ਸਾਥੀਆਂ ਨਾਲ ਖੁੱਲ੍ਹ ਕੇ ਗੱਲਬਾਤ ਨਾ ਕਰਨ। ਵਰਨਾ ਸਾਥੀ ਮਰਦ ਮੁਲਾਜ਼ਮ ਕਿਸੇ ਕਮਜੋਰੀ ਦਾ ਨਾਜਾਇਜ਼ ਫ਼ਾਇਦਾ ਉਠਾਉਣ ਦੀ ਕੋਸ਼ਿਸ਼ ਕਰਨਗੇ।

ਔਰਤਾਂ ਨੂੰ ਹਰ ਸਮੇਂ ਸੁਚੇਤ ਹੋ ਕੇ ਵਿਚਰਨਾ ਚਾਹੀਦਾ ਹੈ ਤਾਂ ਕਿ ਗਲਤ ਹਰਕਤ ਵਾਲੇ ਆਦਮੀ ਬਾਰੇ ਨਾਲੋ ਨਾਲ ਪਤਾ ਲਗਦਾ ਰਹੇ। ਜਿਥੇ ਭੀ ਕੋਈ ਆਦਮੀ ਨਿਸਚਿਤ ਹਦਬੰਦੀ ਨੂੰ ਉਲੰਘ ਕੇ ਗੈਰਵਾਜਬ ਸ਼ਰਾਰਤ ਕਰਦਾ ਹੈ, ਉਸ ਨੂੰ ਤੁਰੰਤ ਆਪਣੀ ਔਕਾਤ ਵਿਚ ਰਹਿਣ ਲਈ ਤਾੜਨਾ ਕਰ ਦਿੱਤੀ ਜਾਵੇ। ਵਧੀਕੀ ਕਰਨ ਵਾਲੇ ਕਾਮੀ ਆਦਮੀ ਨੂੰ ਅਗਰ ਔਰਤ ਜੁੱਤੀਆਂ ਭੀ ਮਾਰ ਦੇਵੇ ਤਾਂ ਉਹ ਮਾਰ ਖਾ ਲਵੇਗਾ। ਆਮ ਹਾਲਤਾਂ ਵਿਚ ਔਰਤ 'ਤੇ ਹੱਥ ਨਹੀਂ ਉਠਾਵੇਗਾ। ਕਾਰਨ ਸਪੱਸ਼ਟ ਹੈ ਕਿ ਆਮ ਹਾਲਤਾਂ ਵਿਚ ਔਰਤ ਹਿਸਕ ਨਹੀਂ ਹੁੰਦੀ। ਸਾਰੇ ਲੋਕੀਂ ਇਸ ਤੱਥ ਤੋਂ ਭਲੀ ਭਾਂਤ ਜਾਣੂ ਹਨ। ਅਗਰ ਆਦਮੀ ਨੇ ਮੁਕਾਬਲਾ ਕਰ ਕੇ ਔਰਤ ਨਾਲ ਹਿੰਸਕ ਵਰਤਾਉ ਕੀਤਾ ਤਾਂ ਕਾਨੂੰਨ ਅਤੇ ਸਮਾਜ ਉਸ ਦੇ ਵਿਰੁਧ ਭੁਗਤੇਗਾ। ਬਸ ਕਮਜ਼ੋਰੀ ਅਤੇ ਕਾਇਰਤਾ ਤਿਆਗ ਕੇ ਔਰਤ ਨੂੰ ਦਲੇਰੀ ਨਾਲ ਹਾਲਾਤ ਦਾ ਮੁਕਾਬਲਾ ਕਰਨਾ ਪਵੇਗਾ। ਜੇਕਰ ਵਾਸ਼ਨਾ ਵਿਚ ਅੰਨ੍ਹਾ ਹੋਇਆ ਵਿਅਕਤੀ ਗੱਲਬਾਤ ਨਾਲ ਨਹੀਂ ਸਮਝਦਾ, ਉਸ ਹਾਲਤ ਵਿਚ ਉਸ ਦੇ ਖਿਲਾਫ਼ ਅਦਾਲਤ ਵਿਚ ਮੁਕੱਦਮਾ ਕੀਤਾ ਜਾ ਸਕਦਾ ਹੈ ਸੁਪ੍ਰੀਮ ਕੋਰਟ ਦੁਆਰਾ ਫ਼ਰਵਰੀ 1998 ਨੂੰ ਦਿੱਤਾ ਗਿਆ ਇਕ ਫ਼ੈਸਲਾ ਨੌਕਰੀ ਕਰਨ ਵਾਲੀਆਂ ਔਰਤਾਂ ਲਈ ਰੱਖਿਆ ਦਾ ਜਾਮਨ ਬਣਿਆ ਹੈ, ਤੇ ਪੁਰਸ਼ਾਂ ਦੇ ਗਲੇ ਦਾ ਫੰਦਾ। ਇਸ ਕਾਨੂੰਨ ਅਧੀਨ ਕੰਮ ਕਰਨ ਵਾਲੀ ਥਾਂ 'ਤੇ ਕਿਸੇ ਮਰਦ ਸਾਥੀ ਵਲੋਂ "ਵਾਸ਼ਨਾ ਗ੍ਰਸਤ" ਛੇੜਖਾਨੀ ਇੰਡੀਅਨ ਪੀਨਲ ਕੋਡ ਤਹਿਤ ਗੈਰ ਕਾਨੂੰਨੀ ਹੈ। ਅਜਿਹੀ ਹਰਕਤ ਕਰਨ ਵਾਲੇ ਨੂੰ ਅਪ੍ਰਾਧੀ ਮੰਨਦਿਆਂ ਸਜ਼ਾ ਦਿੱਤੀ ਜਾ ਸਕਦੀ ਹੈ।

ਪੁਲਿਸ ਮਹਿਕਮੇ ਵਿਚੋਂ ਰੀਟਾਇਰ ਹੋ ਚੁੱਕੀ ਬੀਬੀ ਕਿਰਨ ਬੇਦੀ ਨੇ ਦਲੇਰੀ ਅਤੇ ਸਿਆਣਪ ਦੀਆਂ ਬੁਲੰਦੀਆਂ ਛੋਹੀਆਂ ਹਨ। ਜਿਥੇ ਭੀ ਉਸ ਦੀ ਡਿਊਟੀ ਲੱਗੀ, ਉਸ ਨੇ ਸਹੀ ਤਰੀਕੇ ਕਾਨੂੰਨ ਲਾਗੂ ਕਰ ਵਿਖਾਇਆ। ਦਿੱਲੀ ਹਾਈ ਕੋਰਟ ਦੇ ਵਕੀਲਾਂ ਵਲੋਂ ਆਪਣੀਆਂ ਮੰਗਾਂ ਦੇ ਹੱਕ ਵਿਚ ਹੜਤਾਲ ਦੇ ਦੌਰਾਨ ਜੋ ਗੁੰਡਾਗਰਦੀ ਕੀਤੀ ਸੀ। ਕਿਰਨ ਬੇਦੀ ਨੇ ਉਸ ਨੂੰ ਕਰਾਰੇ ਹੱਥੀਂ ਲਿਆ। ਵਕੀਲਾਂ ਨੂੰ ਅਜਿਹਾ ਕੁਟਾਪਾ ਚਾਹੜਿਆ ਕਿ ਉਨ੍ਹਾਂ ਦੇ ਹੋਸ਼ ਟਿਕਾਣੇ ਲਿਆ ਦਿੱਤੇ। ਬੀਬੀ ਦਾ ਆਖਣਾ ਸੀ "ਅਗਰ ਕਾਨੂੰਨ ਦੀਆਂ ਪੜ੍ਹਾਈਆਂ ਕਰ ਕੇ ਡਿਗਰੀਆਂ ਲੈਣ ਵਾਲੇ, ਲੱਖਾਂ ਕਰੋੜਾਂ ਰੁਪਏ ਕਮਾਉਣ ਵਾਲੇ, ਕਾਨੂੰਨ ਦੇ ਮੰਦਰ (ਅਦਾਲਤ) ਵਿਚ ਖਲੋ ਕੇ ਕਾਨੂੰਨ ਲਾਗੂ ਕਰਵਾਉਣ ਦੀਆਂ ਫੜ੍ਹਾਂ ਮਾਰਨ ਵਾਲੇ, ਖ਼ੁਦ ਹੀ ਕਾਨੂੰਨ ਤੋੜਨ ਤਾਂ ਉਨ੍ਹਾਂ ਨੂੰ ਮੁਆਫ ਨਹੀਂ ਕੀਤਾ ਜਾਵੇਗਾ।" ਪਤੀਆਂ ਵਲੋਂ ਸਤਾਈਆਂ ਔਰਤਾਂ ਜਦੋਂ ਇਸ ਸਤਿਕਾਰਯੋਗ ਬੀਬੀ ਕੋਲ ਫਰਿਆਦ ਲੈ ਕੇ ਆਉਂਦੀਆਂ ਸਨ ਤਾਂ ਉਨ੍ਹਾਂ ਰੋ ਰਹੀਆਂ ਔਰਤਾਂ ਨੂੰ ਇਸ ਦੀ ਸਖ਼ਤ ਤਾੜਨਾ ਹੁੰਦੀ ਸੀ, "ਤੁਸੀ ਰੋ ਕੇ ਬਹੁਤ ਵੇਖ ਲਿਆ, ਕੁੱਝ ਨਹੀਂ ਸੰਵਰਿਆ। ਜੇ ਰੋਣਾ ਹੀ ਹੈ ਤਾਂ ਮੇਰੇ ਦਫ਼ਤਰ ਵਿਚੋਂ ਬਾਹਰ ਜਾ ਕੇ ਰੋ ਲਵੋ। ਇਥੇ ਮੈਨੂੰ ਠੀਕ ਠੀਕ ਦੱਸੋ ਕਿ ਤੁਹਾਡੇ ਨਾਲ ਕੀ ਵਧੀਕੀ ਹੋਈ ਹੈ? ਰੋ ਕੇ ਤਰਸ ਦੀਆਂ ਪਾਤਰ ਬਣਨਾ ਛੱਡੋ, ਆਪਣੇ ਅੰਦਰ ਦਲੇਰੀ ਸਵੈਮਾਣ, ਗਿਆਨ, ਵਿਦਿਆ ਆਦਿ ਵਾਲੇ ਗੁਣ ਪੈਦਾ ਕਰੋ, ਵਰਨਾ ਤੁਹਾਡੀ ਇਹ ਦੁਰਦਸ਼ਾ ਕਦੇ ਖ਼ਤਮ ਨਹੀਂ ਹੋਣੀ।"

ਵਿਸ਼ੇਸ਼ ਮਾਨਸਿਕ ਬਣਤਰ ਕਾਰਨ ਔਰਤ ਸੰਗਾਊ ਸੁਭਾ ਵਾਲੀ ਹੁੰਦੀ ਹੈ ਸਰੀਰਕ ਜਾਂ ਆਰਥਕ ਕਮਜ਼ੋਰੀ ਕਾਰਨ ਕਿਸੇ ਪੁਰਸ਼ ਦੀ ਮਦਦ ਲੈਣੀ ਉਸ ਦੀ ਮਜਬੂਰੀ ਬਣ ਜਾਂਦੀ ਹੈ। ਇਕ ਦੋ ਪ੍ਰਤੀਸ਼ਤ ਔਰਤਾਂ ਨੂੰ ਛੱਡ ਕੇ ਬਾਕੀ ਔਰਤਾਂ ਵੱਡੀ ਉਮਰ ਵਾਲੇ ਪੁਰਸ਼ ਨੂੰ ਪਿਤਾ ਸਮਾਨ, ਬਰਾਬਰ ਦੇ ਨੂੰ ਭਰਾ ਸਮਾਨ ਤੇ ਛੋਟੇ ਨੂੰ ਪੁੱਤਰ ਸਮਾਨ ਜਾਣ ਕੇ ਸਲੀਕੇ ਵਾਲਾ ਵਿਹਾਰ ਕਰਦੀ ਹੈ। ਇਨ੍ਹਾਂ ਰਿਸ਼ਤਿਆਂ ਵਿਚ ਕਾਮੁਕ ਰੁਚੀ ਨਹੀਂ ਹੁੰਦੀ। ਔਰਤਾਂ ਭੀ ਸਮਾਜਕ ਪ੍ਰਾਣੀ ਹਨ, ਉਨ੍ਹਾਂ ਨੂੰ ਭੀ ਦੂਜੇ ਇਨਸਾਨਾਂ ਦੀ ਨੇੜਤਾ ਚਾਹੀਦੀ ਹੈ, ਜਿੰਨੀ ਕਿਸੇ ਹੋਰ ਨੂੰ। ਉਹ ਭੀ ਖ਼ੁਸ਼ ਰਹਿਣਾ ਚਾਹੁੰਦੀਆਂ ਹਨ, ਹੱਸਣਾ ਚਾਹੁੰਦੀਆਂ ਹਨ। ਪੁਰਸ਼ ਵਰਗ ਇਸ ਨੇੜਤਾ ਨੂੰ, ਖ਼ੁਸ਼ ਚੇਹਰੇ ਨੂੰ, ਮੁਸਕੁਰਾਹਟ ਨੂੰ, ਕਾਮੁਕ ਬਿਰਤੀ ਰਾਹੀਂ ਪਰਖਦਾ ਹੈ। ਦਫ਼ਤਰਾਂ ਵਿਚ, ਘਰਾਂ ਵਿਚ, ਰਿਸ਼ਤੇਦਾਰਾਂ ਵਿਚ ਅਜਿਹੀਆਂ ਅਣਹੋਣੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ਕਿ ਸੁਣਨ ਵਾਲਿਆਂ ਨੂੰ ਸ਼ਰਮ ਆਉਂਦੀ ਹੈ। ਸਬੰਧਤ ਇਸਤਰੀ (ਲੜਕੀ) ਮਰਨ ਕਿਨਾਰੇ ਜਾ ਪੁੱਜਦੀ ਹੈ। ਕਈ ਵਾਰੀ ਗੱਲ ਬਾਹਰ ਫੈਲ

ਜਾਂਦੀ ਹੈ, ਚਾਰੇ ਬੰਨੇ ਦੂਰੇ ਦੂਰੇ ਹੁੰਦੀ ਹੈ। ਮੰਦੀ ਕਰਤੂਤ ਵਾਲੇ ਨੂੰ ਕੋਈ ਸ਼ਰਮ ਨਹੀਂ, ਉਸੇ ਤਰ੍ਹਾਂ ਸਮਾਜ ਵਿਚ ਗਰਦਨ ਉੱਚੀ ਕਰ ਕੇ ਟੁਰਿਆ ਫਿਰਦਾ ਹੈ। ਕਈ ਵਾਰੀ ਤਾਂ ਘਰਾਂ ਜਾਂ ਰਿਸ਼ਤੇਦਾਰਾਂ ਵਿਚਲੇ ਰਿਸ਼ਤੇਦਾਰ, ਜਿਨ੍ਹਾਂ ਨਾਲ ਖ਼ੂਨ ਦੀ ਸਾਂਝ ਹੁੰਦੀ ਹੈ, ਉਹ ਭੀ ਵਾਸ਼ਨਾ ਅਧੀਨ ਪਾਗਲ ਹੋ ਕੇ, ਆਪਣੀਆਂ ਧੀਆਂ, ਭੈਣਾਂ ਨਾਲ ਕੁਕਰਮ ਕਰ ਜਾਂਦੇ ਹਨ।

ਕੁੱਝ ਔਰਤਾਂ ਆਪਣੀ ਮਨ ਇੱਛਤ ਪ੍ਰਾਪਤੀ ਵਾਸਤੇ ਪੁਰਸ਼ ਦੀ ਨੇੜਤਾ ਹਾਸਲ ਕਰ ਲੈਂਦੀਆਂ ਹਨ। ਉਹ ਆਪਣੀ ਲੋੜ ਲਈ ਆਦਮੀ ਨੂੰ ਵਰਤਦੀਆਂ ਹਨ। ਆਦਮੀ ਆਪਣੀ ਜ਼ਰੂਰਤ ਵਾਸਤੇ ਉਸ ਨੂੰ ਵਰਤਦਾ ਹੈ। ਇਹ ਪਿਆਰ ਨਹੀਂ ਛਲਾਵਾ ਹੈ, ਮ੍ਰਿਗ ਤ੍ਰਿਸ਼ਨਾ ਹੈ। ਅਜਿਹੀਆਂ ਮੰਦ ਚਾਲਾਂ ਨਾਲ ਬਸਦੇ ਰਸਦੇ ਪ੍ਰਵਾਰ ਬਰਬਾਦ ਹੋ ਜਾਇਆ ਕਰਦੇ ਹਨ। ਇਸੇ ਲਈ ਗੁਰਬਾਣੀ ਨੇ ਸੰਜਮ ਵਾਲਾ ਪ੍ਰਵਾਰਕ ਜੀਵਨ ਜਿਉਣ ਦੀ ਤਾਕੀਦ ਕੀਤੀ ਹੈ।

ਮੰਦਰਿ ਘਰਿ ਆਨੰਦੁ ਹਰਿ, ਹਰਿ ਜਸੁ ਮਨਿ ਭਾਵੈ ॥
ਸਭ ਰਸ ਮੀਠੇ ਮੁਖਿ ਲਗਹਿ ਜਾ ਹਰਿ ਗੁਣ ਗਾਵੈ ॥
ਹਰਿਜਨੁ ਪਰਵਾਰੁ ਸਧਾਰੁ ਹੈ, ਇਕੀਹ ਕੁਲੀ ਸਭੁ ਜਗਤੁ ਛਡਾਵੈ ॥ (166)

ਹੇ ਪੁੱਤਰੀ! ਆਪਣਾ ਹਿਰਦਾ ਘਰ ਹੀ ਧਰਮ ਅਸਥਾਨ ਬਣ ਜਾਵੇ। ਸਾਰੇ ਵਿਕਾਰ ਤਿਆਗ ਕੇ ਜੀਵ ਗੁਣਾਂ ਨਾਲ ਭਰਪੂਰ ਹੋ ਜਾਵੇ। ਜ਼ਿੰਦਗੀ ਵਿਚ ਸਾਰੇ ਪਦਾਰਥ ਛਕਣ ਨਾਲੋਂ ਵੱਧ ਨਿਰੰਕਾਰ ਦੀ ਯਾਦ ਵਿਚ ਸੁੱਖ ਮਿਲੇਗਾ। ਨੇਕ ਜੀਵਨ ਬਤੀਤ ਕਰਨ ਵਾਲੀ ਜੀਵ ਇਸਤਰੀ ਇੱਕੀ ਕੁੱਲਾਂ ਨੂੰ ਪਾਰ ਲਗਵਾਉਣ ਵਿਚ ਸਹਾਈ ਹੋ ਸਕਦੀ ਹੈ। ਸਗੋਂ ਸਾਰੀ ਲੋਕਾਈ ਨੂੰ ਬੰਧਨਾ ਤੋਂ ਮੁਕਤ ਕਰਵਾ ਸਕਦੀ ਹੈ। ਭਾਵ ਕਿ ਆਪਣੀ ਸਿਆਣਪ ਦੁਆਰਾ ਦੂਜਿਆਂ ਨੂੰ ਨੇਕ ਰਾਹ ਪਾਉਣਾ। ਇੱਕੀ ਕੁਲਾਂ ਦਾ ਵੇਰਵਾ ਇਉਂ ਗਿਣੀਦਾ ਹੈ- ਸੱਤ ਨਾਨਕਿਆਂ ਵਲੋਂ, ਸੱਤ ਦਾਦਕਿਆਂ ਵਲੋਂ ਤੇ ਸੱਤ ਕੁਲਾਂ ਸਹੁਰੇ ਪਰਵਾਰ ਵਲੋਂ।

ਕਬੀਰ ਜਉ ਗ੍ਰਿਹ ਕਰਹਿ ਤ ਧਰਮੁ ਕਰੁ, ਨਾਹੀ ਤ ਕਰੁ ਬੈਰਾਗੁ ॥
ਬੈਰਾਗੀ ਬੰਧਨੁ ਕਰੈ ਤਾ ਕੋ ਬਡੋ ਅਭਾਗੁ ॥ (1377)

ਹੇ ਭਾਈ! ਜੇ ਤੂੰ ਗ੍ਰਿਸਤ ਮਾਰਗ ਵਿਚ ਆਇਆ ਹੈਂ ਤਾਂ ਇਸ ਜ਼ਿੰਮੇਵਾਰੀ ਨੂੰ "ਧਰਮ" ਜਾਣ ਕੇ ਪੂਰੀ ਇਮਾਨਦਾਰੀ ਨਾਲ ਨਿਭਾ। ਜੇ ਫਰਜ਼ ਨਹੀਂ ਨਿਭਾ ਸਕਦਾ ਫਿਰ ਸਾਰਾ ਕੁੱਝ ਛੱਡ ਦੇ, ਬੈਰਾਗੀ ਬਣ ਕੇ ਚਲਾ ਜਾਹ। ਪਰ ਯਾਦ ਰੱਖੀਂ ਜੇ ਬੈਰਾਗੀ ਸਾਧ ਤਾਂ ਬਣ ਬੈਠਾ ਪਰ ਲੋਭ ਲਾਲਚ ਨਾ ਛਡਿਆ ਫਿਰ ਬੜਾ ਅਭਾਗਾ ਮੰਨਿਆ ਜਾਵੇਗਾ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥

ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ ਵਿਚੇ ਹੋਵੈ ਮੁਕਤਿ ॥ (522)

ਹੇ ਭਾਈ! ਸਤਿਗੁਰੂ ਜੀ ਦੀ ਮੱਤ ਲੈ ਕੇ ਜੀਵਨ ਬਸਰ ਕਰਨ ਦੀ ਜੁਗਤੀ ਸਮਝ ਆਉਂਦੀ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਭਾਈ ਪਰਿਵਾਰਿਕ ਜੀਵਨ ਵਿਚ ਹੱਸੋ, ਖੇਡੋ, ਪਹਿਨੋ, ਖਾਉ (ਸੰਜਮ ਵਿਚ ਰਹਿ ਕੇ) ਸਾਰੀਆਂ ਜ਼ਿੰਮੇਵਾਰੀਆਂ ਨਿਭਾਉ। ਬੰਧਨਾਂ ਨੂੰ ਤੋੜ ਦਿਉ। ਗੁਰੂ ਦੀ ਆਗਿਆ ਵਿਚ ਚੱਲਣਾ ਤੇ ਫ਼ਰਜ਼ ਪੂਰੇ ਕਰਨ ਵਿਚ ਅਸਲੀ ਮੁਕਤੀ ਹੈ। ਗੁਰਬਾਣੀ ਦੇ ਵਿਆਖਿਆਕਾਰ ਪ੍ਰਸਿਧ ਸਿਖ ਵਿਦਵਾਨ ਭਾਈ ਗੁਰਦਾਸ ਸਪੱਸ਼ਟ ਕਰਦੇ ਹਨ-

ਦੇਖਿ ਪਰਾਈਆ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ ॥

ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ ॥ (ਭਾ. ਗੁ. ਵਾਰ-6/8)

ਹੇ ਗੁਰਸਿੱਖੋ! ਚੰਗੀਆਂ ਅਤੇ ਸੋਹਣੀਆਂ ਔਰਤਾਂ ਵੱਲ ਕਾਮੁਕ ਨਜ਼ਰ ਨਾਲ ਨਾ ਵੇਖੋ। ਉਨ੍ਹਾਂ ਨੂੰ ਉਮਰ ਦੇ ਹਿਸਾਬ ਵੱਡੀਆਂ ਨੂੰ ਮਾਂ ਵਾਲਾ ਸਤਿਕਾਰ ਦਿਉ। ਬਰਾਬਰ ਦੀ ਉਮਰ ਵਾਲੀਆਂ ਨੂੰ ਭੈਣਾਂ ਵਾਲਾ ਦਰਜਾ ਦਿਉ। ਛੋਟੀ ਉਮਰ ਵਾਲੀਆਂ ਲੜਕੀਆਂ ਨੂੰ ਧੀਆਂ ਵਾਲਾ ਪਿਆਰ ਕਰੋ। ਤੁਸੀ ਕੇਵਲ ਇਕ ਪਤਨੀ ਨਾਲ ਵਫ਼ਾਦਾਰੀ ਨਿਭਾਉਣੀ ਹੈ। ਇਕ ਪਤੀ ਇਕ ਪਤਨੀ ਵਾਲੇ ਅਸੂਲ ਵਾਲਾ "ਜਤੀ" ਬਣੇ ਰਹਿਣਾ ਹੈ। ਹੋਰ ਸਾਰੀਆਂ ਨੂੰ ਧੀਆਂ ਭੈਣਾਂ ਵਾਂਗ ਆਦਰ ਦੇਣਾ ਹੈ। ਸਮਾਜ ਵਿਚ ਟਿਕਾਉ ਬਣਾ ਕੇ ਰੱਖਣ ਲਈ ਏਹੀ ਅਸੂਲ ਸੱਭ ਤੋਂ ਵਧੀਆ ਹੈ।

ਨਵੇਂ ਰਿਸ਼ਤੇਦਾਰਾਂ ਵਿਚ ਸਾਂਝ

ਮਨੁੱਖ ਨੂੰ ਕਿਸੇ ਨਵੀਂ ਥਾਂ ਜਾਣਾ ਪੈ ਜਾਵੇ ਤਾਂ ਪਹਿਲਾਂ ਪਹਿਲ ਬੜਾ ਅਜੀਬ ਜਿਹਾ ਪ੍ਰਤੀਤ ਹੁੰਦਾ ਹੈ। ਕਿਸੇ ਨਾਲ ਜਾਣ ਪਛਾਣ ਨਹੀਂ ਹੁੰਦੀ। ਦੁੱਖ ਸੁੱਖ ਕੀਹਦੇ ਨਾਲ ਸਾਂਝਾ ਕੀਤਾ ਜਾਵੇ? ਔਖੇ ਵੇਲੇ ਮਦਦ ਕੌਣ ਕਰੇ? ਆਦਮੀ ਘਰੋਂ ਪਹਿਲੀਵਾਰ ਜਦੋਂ ਨੌਕਰੀ 'ਤੇ ਹਾਜ਼ਰ ਹੁੰਦਾ ਹੈ, ਬੜਾ ਅਜੀਬ ਜਿਹਾ ਮਹਿਸੂਸ ਹੁੰਦਾ ਹੈ। ਨਵਾਂ ਮਕਾਨ ਕਿਰਾਏ 'ਤੇ ਲੈ ਕੇ ਰਹਿਣ ਲੱਗੀਏ, ਆਲੇ ਦੁਆਲੇ ਸਾਂਝ ਪਾਉਣ ਨੂੰ ਕਾਫ਼ੀ ਸਮਾਂ ਚਾਹੀਦਾ ਹੈ। ਪਾਕਿਸਤਾਨ ਵਿਚੋਂ ('47 ਦੇ ਉਜਾੜੇ ਵਕਤ) ਭਾਰਤ ਆਏ ਲੋਕਾਂ ਨੇ ਬੜੇ ਕਸ਼ਟ ਸਹੇ। ਦਰ ਦਰ ਦੀਆਂ ਠੋਹਕਰਾਂ ਖਾਧੀਆਂ। ਆਪਣੀ ਮਿਹਨਤ ਦੇ ਬਲਬੂਤੇ ਫਿਰ ਕਾਮਯਾਬੀ ਨਾਲ ਬਸਣ ਜੋਗੇ ਹੋ ਗਏ। ਜਿਨ੍ਹਾਂ ਕੋਲ ਹਿੰਮਤ ਹੈ, ਸਿਆਣਪ ਹੈ, ਉਹ ਕਿਤੇ ਭੀ ਕਾਮਯਾਬ ਹੋ ਜਾਂਦੇ ਹਨ। ਸਗੋਂ ਵਿਦੇਸ਼ਾਂ ਵਿਚ ਘੁੰਮ ਕੇ ਦੁਨੀਆਂ ਦੇ ਰੰਗ ਵੇਖਣ ਵਾਲੇ ਆਮ ਬੰਦੇ ਨਾਲੋਂ ਵੱਧ ਸਿਆਣੇ ਹੁੰਦੇ ਹਨ। ਕਿਉਂਕਿ ਉਨ੍ਹਾਂ ਦਾ ਦਾਇਰਾ ਵੱਧ ਜਾਂਦਾ ਹੈ। ਮਾਨਸਿਕ ਪੱਧਰ ਵਿਕਾਸ ਕਰ ਜਾਂਦਾ ਹੈ। ਇਸ ਸੀਮਤ ਦਾਇਰੇ ਵਿਚ ਜੀਵਨ ਗੁਜ਼ਾਰ ਰਹੇ ਬੰਦੇ ਨੂੰ ਆਮ ਬੋਲਚਾਲ ਵਿਚ "ਖੂਹ ਦਾ ਡੱਡੂ" ਆਖ ਕੇ ਹੱਸ ਛੱਡੀਦਾ ਹੈ। ਵਡੇਰੇ ਮਾਨਸਿਕ ਪੱਧਰ ਵਾਲੇ ਨੂੰ ਸਮੁੰਦਰ ਦਾ ਹੰਸ ਆਖ ਕੇ ਵਡਿਆਈਦਾ ਹੈ। ਕੁਦਰਤ ਦੇ "ਕਾਨੂੰਨ" ਮੁਤਾਬਕ ਫਸਲਾਂ ਦੇ ਸੁਧਰੇ ਹੋਏ ਬੀਜ (ਹਾਈ ਬਰਿਡ) ਆਮ ਨਾਲੋਂ ਕਈ ਗੁਣਾਂ ਜ਼ਿਆਦਾ ਝਾੜ ਦਿੰਦੇ ਹਨ ਕਿਉਂਕਿ ਉਨ੍ਹਾਂ ਵਿਚ ਦੋ ਤਰ੍ਹਾਂ ਦੇ ਗੁਣ ਇਕੱਠੇ ਹੋ ਕੇ ਦੁੱਗਣੀ ਤਾਕਤ ਹਾਸਲ ਕਰ ਗਏ। ਇਸੇ ਗੱਲ ਨੂੰ ਜੇ ਹਾਂ ਪੱਖੀ ਨਜ਼ਰੀਏ ਨਾਲ ਵੇਖੀਏ ਤਾਂ ਔਰਤਾਂ ਪਹਿਲਾਂ ਮਾਤਾ ਪਿਤਾ ਵੱਲੋਂ ਬਹੁਤ ਕੁੱਝ ਸਿਖਦੀਆਂ ਹਨ। ਵਿਆਹ ਤੋਂ ਬਾਅਦ ਸਹੁਰੇ ਪਰਵਾਰ ਵਿਚ ਆ ਕੇ ਹੋਰ ਚੰਗੇ ਜਾਂ ਬੁਰੇ ਤਜਰਬੇ ਹਾਸਲ ਕਰਦੀਆਂ ਹਨ। ਔਰਤਾਂ ਕੋਲ ਦੋ ਪਰਵਾਰਾਂ ਵਲੋਂ ਮਿਲਿਆ ਤਜਰਬਾ ਤੇ ਆਦਮੀ ਕੋਲ ਸਿਰਫ਼ ਇਕ ਪਰਵਾਰ ਵੱਲੋਂ ਮਿਲਿਆ ਗਿਆਨ। ਭਾਵੇਂ ਨਵੀਂ ਥਾਂ (ਸਹੁਰੇ ਘਰ) ਆ ਕੇ ਲੜਕੀ ਨੂੰ ਕਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪਰ ਔਕੜਾਂ ਨਾਲ ਸਿੱਜਦੀ ਹੋਈ ਹੋਰ ਤਜਰਬੇਕਾਰ ਤੇ ਹੋਰ ਹੌਸਲੇ ਵਾਲੀ ਬਣ ਸਕਦੀ ਹੈ। ਸ਼ਰਤ ਇਹੀ ਹੈ ਕਿ ਹਿੰਮਤ ਨਾ ਹਾਰੇ।

ਜਿਵੇਂ ਭਾਰਤ ਵਿਚ ਸਹੁਰੇ ਘਰ ਆ ਕੇ ਔਰਤ ਲਾਚਾਰ ਜਿਹੀ ਕਮਜ਼ੋਰ ਜਿਹੀ ਹਾਲਤ ਵਿਚ ਹੁੰਦੀ ਹੈ। ਇਸੇ ਤਰ੍ਹਾਂ ਬ੍ਰਹਮਾ (ਅੱਜ ਕੱਲ ਮੀਆਂ ਮਾਰ) ਵਿਚ ਔਰਤਾਂ

ਬਾਰਾਤ ਲੈ ਕੇ ਜਾਂਦੀਆਂ ਹਨ। ਪੂਰੀ ਸ਼ਾਨੋ ਸ਼ੌਕਤ ਨਾਲ ਲੜਕੇ ਨੂੰ ਵਿਆਹ ਕੇ ਆਪਣੇ ਘਰ ਲੈ ਆਉਂਦੀਆਂ ਹਨ। ਲੜਕੀ ਲਈ ਕੋਈ ਮੁਸ਼ਕਿਲ ਨਹੀਂ। ਸਾਰਾ ਪਰਵਾਰ ਤੇ ਰਿਸ਼ਤੇਦਾਰ ਉਸ ਦੇ ਆਪਣੇ ਹਨ। ਲੜਕਾ ਇਸ ਵਕਤ ਬਹੁਤ ਕਮਜ਼ੋਰ ਅਵਸਥਾ ਵਿਚ ਹੁੰਦਾ ਹੈ। ਲੜਕੀ ਉਸ ਨੂੰ ਹੌਸਲਾ ਦਿੰਦੀ ਹੈ। ਅਖੇ, "ਡਰੀਦਾ ਨਹੀਂ, ਘਾਬਰ ਨਾ ਕੇਹੜੀ ਗਲੋਂ ਪ੍ਰੇਸ਼ਾਨ ਹੈਂ, ਮੈਂ ਜੁ ਤੇਰੇ ਨਾਲ ਹਾਂ। ਬਸ ਵਾਧੂ ਨਾ ਬੋਲੀਂ, ਇਥੋਂ ਦਾ ਪਹਿਲਾਂ ਜਾਇਜ਼ਾ ਲੈ, ਕੁੱਝ ਹੀ ਦਿਨਾਂ ਵਿਚ ਸਾਰਿਆਂ ਦਾ ਭੇਤ ਆ ਜਾਵੇਗਾ।" ਜ਼ਮੀਨਾਂ ਦੁਕਾਨਾਂ ਦੀਆਂ ਮਾਲਕ ਔਰਤਾਂ ਹਨ, ਆਦਮੀ ਬੇਬਸ ਜਹੇ ਹੋਏ ਉਨ੍ਹਾਂ ਦੇ ਨਾਲ ਔਖੇ ਸੌਖੇ ਦਿਨ ਕੱਟੀ ਕਰਦੇ ਹਨ ਕਿਉਂਕਿ ਉਥੋਂ ਦਾ ਇਹੀ ਦਸਤੂਰ ਹੈ, ਕਾਨੂੰਨ ਹੈ। ਭਾਰਤ ਦੇ ਪੂਰਬੀ ਰਾਜਾਂ ਦੇ ਲੋਕਾਂ ਵਿਚ ਭੀ ਏਹੀ ਪ੍ਰੰਪਰਾ ਅੱਜ ਤੱਕ ਚਲੀ ਆਉਂਦੀ ਹੈ। ਪਤਨੀ, ਪਤੀ ਨੂੰ ਵਿਆਹ ਕੇ ਆਪਣੇ ਘਰ ਲਿਆਉਂਦੀ ਹੈ। ਪਤੀ ਨੂੰ ਸਾਰੀ ਉਮਰ ਦੁਬੇਲ ਬਣ ਕੇ ਜ਼ਿੰਦਗੀ ਲੰਘਾਉਣੀ ਪੈਂਦੀ ਹੈ। ਇਹ ਭੀ ਠੀਕ ਹੈ ਕਿ ਉਨ੍ਹਾਂ ਵਿਚ ਭੀ ਮਾਤਾ ਪਿਤਾ ਤੋਂ ਵੱਖ ਹੋ ਜਾਣਾ, ਆਪਣਾ ਘਰ ਬਸਾਉਣਾ ਆਮ ਗੱਲ ਹੈ। ਪਰ ਬਹੁਗਿਣਤੀ ਪਤਨੀਆਂ, ਪਤੀ 'ਤੇ ਹਾਵੀ ਹੁੰਦੀਆਂ ਹਨ।

ਇਨਸਾਨ ਨੇ ਸਮਾਜ ਵਿਚ ਆਪਣੀ ਥਾਂ ਨਿਸਚਿਤ ਕਰਨੀ ਹੁੰਦੀ ਹੈ। ਰਿਸ਼ਤੇਦਾਰਾਂ ਦੀ ਆਪਣੀ ਥਾਂ ਹੁੰਦੀ ਹੈ। ਵਿਆਹ ਤੋਂ ਮਗਰੋਂ ਬਾਕੀ ਸਾਰਿਆਂ ਨੂੰ ਭੁਲਾ ਨਹੀਂ ਦੇਈਦਾ, ਨਾ ਹੀ ਤੋੜ ਵਿਛੋੜਾ ਚੰਗਾ ਹੈ। ਇਕ ਦੂਜੇ ਤੱਕ ਸਾਨੂੰ ਸਾਰਿਆਂ ਨੂੰ ਲੋੜ ਪੈਂਦੀ ਹੈ। ਨਵੇਂ ਸਬੰਧ ਕਾਇਮ ਹੋ ਜਾਣ ਨਾਲ ਪੁਰਾਣੇ ਰਿਸ਼ਤੇ "ਕੜੱਕ" ਕਰ ਕੇ ਟੁੱਟ ਨਹੀਂ ਜਾਂਦੇ। ਹਰ ਇਕ ਨੂੰ ਆਪੋ ਆਪਣੀ ਥਾਵੇਂ ਰੱਖਣਾ ਹੈ। ਇਕੋ ਲੜਕੀ ਪਹਿਲਾਂ ਕਿਸੇ ਦੀ ਬੇਟੀ ਹੁੰਦੀ ਹੈ, ਫਿਰ ਉਸ ਦਾ ਕੋਈ ਭੈਣ, ਭਰਾ ਹੁੰਦਾ ਹੈ। ਚਾਚੇ, ਤਾਏ, ਮਾਮੇ, ਫੁੱਫੜ, ਮਾਮੀਆਂ, ਮਾਸੀਆਂ ਆਦਿ ਹੁੰਦੀਆਂ ਹਨ। ਵਿਆਹ ਤੋਂ ਬਾਅਦ ਪਤੀ, ਸੱਸ, ਸਹੁਰਾ, ਦਿਉਰ, ਜੇਠ, ਦਰਾਣੀਆਂ, ਜੇਠਾਣੀਆਂ। ਅੱਗੋਂ ਆਪਣੇ ਧੀਆਂ, ਪੁੱਤਰ ਨੂੰਹ ਜਵਾਈ ਆਦਿ ਹੋ ਜਾਂਦੇ ਹਨ। ਸਾਰਿਆਂ ਨੂੰ ਬਣਦਾ ਪਿਆਰ ਤੇ ਸਤਿਕਾਰ ਦੇਣਾ ਹੁੰਦਾ ਹੈ। ਇਸੇ ਤਰ੍ਹਾਂ ਲੜਕੇ ਲਈ ਏਹੀ ਪੈਮਾਨਾ ਲਾਗੂ ਹੁੰਦਾ ਹੈ। ਸਾਰਿਆਂ ਨੂੰ ਆਪੋ ਆਪਣੇ ਦਰਜੇ ਸਿਰ ਰੱਖਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਪਰਿਵਾਰਕ ਸਾਂਝ ਬਾਰੇ ਗੁਰਬਾਣੀ ਵਿਚੋਂ ਸੇਧ ਲਈਏ-

ਮਨਮੁਖਾਂ ਦੇ ਸਿਰਿ ਜੋਗ ਅਮਰੁ ਹੈ, ਨਿਤ ਦੇਵਹਿ ਭਲਾ॥
ਜੋਰਾ ਦਾ ਆਖਿਆ ਪੁਰਖ ਕਮਾਵਦੇ, ਸੋ ਅਪਵਿਤ ਅਮੇਧ ਖਲਾ॥

ਕਾਮਿ ਵਿਆਪੇ ਕੁਸੁਧ ਨਰ ਸੇ ਜੋਰਾ ਪੁਛਿ ਚਲਾ ॥ (304)

ਹੇ ਭਾਈ! ਮੂਰਖ ਆਦਮੀ ਦੀ ਅਕਲ ਕੰਮ ਨਹੀਂ ਕਰਦੀ। ਉਹ ਔਰਤ ਦੇ ਹੁਕਮ ਵਿਚ ਸਾਰਾ ਕੰਮ ਕਰਦੇ ਹਨ। ਜੋ ਕੁੱਝ ਤ੍ਰੀਮਤਾਂ ਆਖਦੀਆਂ ਹਨ, ਬਿਨਾਂ ਚੰਗੇ ਮੰਦੇ ਦੀ ਪਛਾਣ ਕੀਤਿਆਂ ਅੱਖਾਂ ਮੀਟ ਕੇ ਉਹ ਕਾਰ ਕਰੀ ਜਾਂਦੇ ਹਨ। ਅਸਲ ਵਿਚ ਇਹ ਮਨੁੱਖ ਔਗੁਣਾਂ ਨਾਲ ਭਰੇ ਹੁੰਦੇ ਹਨ। ਔਰਤ ਦੇ ਸਹਾਰੇ ਆਪਣੀ ਜੀਵਨ ਗੱਡੀ ਚਲਾ ਰਹੇ ਹੁੰਦੇ ਹਨ, ਖੁਦ ਤਾਂ ਨਿਰੇ ਖਲ ਮੂਰਖ ਹਨ। ਅਜਿਹੇ ਬੁਰੇ ਮਨੁੱਖ ਅਸਲ ਵਿਚ ਕਾਮ ਵਾਸ਼ਨਾਂ ਵਿਚ ਗਰਕ ਹੋਏ ਹੁੰਦੇ ਹਨ। ਆਪਣੀ ਵਾਸ਼ਨਾ ਪੂਰਤੀ ਵਾਸਤੇ ਉਹ ਬੁਰਾ ਭਲਾ ਸੋਚੇ ਬਿਨਾਂ, ਸਭ ਕੁੱਝ ਕਰੀ ਜਾਦੇ ਹਨ।

ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ, ਛੁਟਕੈ ਦੁਰਮਤਿ ਅਪੁਨੀ ਧਾਰੀ ॥
ਹੋਇ ਨਿਮਾਣੀ ਸੇਵ ਕਮਾਵਹਿ, ਤਾ ਪ੍ਰੀਤਮ ਹੋਵਹਿ ਮਨਿ ਪਿਆਰੀ ॥
ਸੁਣਿ ਸੁੰਦਰਿ ਸਾਧੂ ਬਚਨ ਉਧਾਰੀ ॥
ਦੂਖ ਭੂਖ ਮਿਟੈ ਤੇਰੋ ਸਹਸਾ, ਸੁਖ ਪਾਵਹਿ ਨੂੰ ਸੁਖਮਨਿ ਨਾਰੀ ॥ ਰਹਾਉ ॥
ਚਰਣ ਪਖਾਰਿ ਕਰਉ ਗੁਰ ਸੇਵਾ, ਆਤਮ ਸੁਧੁ ਬਿਖੁ ਤਿਆਸ ਨਿਵਾਰੀ ॥
ਦਾਸਨ ਕੀ ਹੋਇ ਦਾਸਿ ਦਾਸਰੀ, ਤਾ ਪਾਵਹਿ ਸੋਭਾ ਹਰਿ ਦੁਆਰੀ ॥
ਇਹੀ ਅਚਾਰ ਇਹੀ ਬਿਉਹਾਰਾ, ਆਗਿਆ ਮਾਨਿ ਭਗਤਿ ਹੋਇ ਤੁਮ੍ਹਾਰੀ ॥
ਜੋ ਇਹੁ ਮੰਤ੍ਰੁ ਕਮਾਵੈ ਨਾਨਕ, ਸੋ ਭਉਜਲੁ ਪਾਰਿ ਉਤਾਰੀ ॥ (378)

ਹੇ ਪੁੱਤਰੀ! ਆਪਣੇ ਜੀਵਨ ਨੂੰ ਵਿਕਾਰਾਂ ਤੋਂ ਰਹਿਤ ਬਣਾ। ਕਾਮ ਵਾਸ਼ਨਾ 'ਤੇ ਕਾਬੂ ਰੱਖ। ਗੁੱਸੇ ਨੂੰ ਹਾਵੀ ਹੋਣ ਤੋਂ ਰੋਕ। ਲੋਭ ਅਧੀਨ ਗਲਤ ਕਾਰਜ ਨਾ ਕਰ, ਲੋਭੀ ਨਾ ਬਣ। ਸੀਮਤ ਦਾਇਰੇ ਵਿਚੋਂ ਬਾਹਰ ਨਿਕਲ ਕੇ, ਸਾਰਿਆਂ ਨਾਲ ਇਕਸਾਰ (ਇਨਸਾਨੀ ਗੁਣਾਂ ਵਾਲਾ) ਵਰਤੋਂ ਵਿਹਾਰ ਕਰ। ਆਪਣੇ ਮਨ ਅੰਦਰ ਜੋ ਤੂੰ ਬੁਰੇ ਵਿਚਾਰ ਧਾਰਨ ਕੀਤੇ ਹੋਏ ਹਨ, ਉਨ੍ਹਾਂ ਨੂੰ ਤਿਆਗ ਦੇਹ। ਜਦੋਂ ਤੂੰ ਨਿਮਰਤਾ ਵਿਚ ਰਹਿ ਕੇ ਆਪਣੇ ਜੀਵਨ ਸਾਥੀ (ਜੀਵਨ ਦਾਤੇ-ਪਤੀ ਪ੍ਰਮਾਤਮਾ) ਨਾਲ ਨਿਰਛਲ ਪਿਆਰ ਕਰੇਂਗੀ, ਤਾਂ ਅੱਜ ਜਾਂ ਕੱਲ ਉਸ ਨੂੰ ਤੇਰੇ ਸੱਚੇ ਪਿਆਰ ਦਾ ਅਹਿਸਾਸ ਹੋ ਜਾਵੇਗਾ। ਉਹ ਭੀ ਤੈਨੂੰ ਉਵੇਂ ਹੀ ਪਿਆਰ ਕਰੇਗਾ। ਹੇ ਸੁੰਦਰੀ! (ਪਿਆਰੀ ਬੇਟੀ) ਗੁਰੂ ਦੇ ਬਚਨ ਬੜੇ ਕੀਮਤੀ ਹਨ, ਜੀਵਨ ਸਫ਼ਲਾ ਕਰਨ ਵਾਲੇ ਹਨ। ਇਸ ਤਰ੍ਹਾਂ ਦਾ ਸੁਭਾਉ ਬਣਾ ਲੈਣ ਨਾਲ ਸੰਤੋਖ ਉਪਜੇਗਾ, ਦੁੱਖਾਂ 'ਤੇ ਕਾਬੂ ਪਾ ਲਵੇਂਗੀ। ਸਹੰਸੇ ਝੋਰੇ ਖਤਮ ਹੋ ਜਾਣਗੇ। ਹੇ ਸੁਖ ਦੇਣ ਵਾਲੀ ਪਿਆਰੀ ਬੇਟੀ! ਆਚਾਰ ਵਿਹਾਰ ਚੰਗੇਰਾ ਬਣਾ ਲੈ। ਨਿਮਰਤਾ ਸਹਿਤ ਗੁਰੂ ਦੀ ਮੱਤ ਨੂੰ ਜੀਵਨ ਵਿਚ ਅਪਣਾ ਲੈ। ਇਸ ਤਰ੍ਹਾਂ ਆਤਮਾ ਸ਼ੁੱਧ ਹੋ ਜਾਵੇਗੀ। ਅੰਦਰੋਂ ਜ਼ਹਿਰ ਰੂਪੀ

ਵਿਕਾਰ ਤਿਆਗ ਦੇਵੇਂਗੀ। ਆਪਣੇ ਆਪ ਨੂੰ ਨਿਰਵਾਣਤਾ ਵਿਚ ਰੱਖੀਂ, ਦਾਸਾਂ ਦੀ ਭੀ ਦਾਸਰੀ ਬਣ ਕੇ ਰਹੀਂ। ਇਸ ਤਰ੍ਹਾਂ ਚਾਰ ਬੰਨੇ ਤੇਰੀ ਵਡਿਆਈ ਹੋਵੇਗੀ। ਨਿਰੰਕਾਰ ਇਸੇ ਭਾਵਨਾ ਵਾਲੀਆਂ ਨੂੰ ਪਿਆਰ ਕਰਦਾ ਹੈ। ਤੇਰਾ ਨਿੱਤ ਦਿਨ ਦਾ ਇਹ ਜੀਵਨ ਚਲਨ ਬਣ ਜਾਵੇ। ਸਾਰਿਆਂ ਨਾਲ ਸਲੀਕੇ ਵਾਲਾ ਵਰਤਾਉ ਕਰੇਂ। ਪਤੀ ਦੀ ਆਗਿਆ ਵਿਚ ਰਹਿਣਾ ਹੀ ਤੇਰੀ ਭਗਤੀ ਹੈ। ਜੋ ਕੋਈ (ਔਰਤ-ਮਰਦ) ਗੁਰੂ ਦਾ ਇਹ ਮੰਤਰ (ਮੱਤ) ਧਾਰਨ ਕਰੇਗਾ, ਗੁਰੂ ਦੀ ਸਿਖਿਆ ਮੁਤਾਬਕ ਜੀਵਨ ਬਤੀਤ ਕਰੇਗਾ, ਸੋ ਸੰਸਾਰ ਸਮੁੰਦਰ ਵਿਚੋਂ ਸਫ਼ਲਤਾ ਸਹਿਤ ਪਾਰ ਹੋ ਜਾਵੇਗਾ।

ਨਵੇਂ ਘਰ ਵਿੱਚ ਆ ਕੇ ਆਪਣੇ ਆਪ ਨੂੰ ਪਰਿਵਾਰ ਵਿੱਚ ਜਜ਼ਬ ਕਰਨ ਵਾਸਤੇ ਲੰਮਾ ਸਮਾਂ ਆਗਿਆਕਾਰੀ ਬਣ ਕੇ ਲੜਕੀ ਨੂੰ ਹਾਲਤ ਦਾ ਜਾਇਜ਼ਾ ਲੈਣਾ ਪੈਂਦਾ ਹੈ। ਚੰਗੀ ਬਣਨ ਵਾਸਤੇ ਕਈ ਸਾਰੇ ਕੰਮ ਨਾ ਚਾਹੁੰਦਿਆਂ ਭੀ ਕਰਨੇ ਪੈਂਦੇ ਹਨ। ਇਨ੍ਹਾਂ ਤਜਰਬਿਆਂ ਵਿਚੋਂ ਦੀ ਲੰਘ ਕੇ ਹੁਸ਼ਿਆਰ ਲੜਕੀਆਂ ਆਉਣ ਵਾਲੇ ਦਿਨਾਂ ਲਈ ਆਪਣੇ ਆਪ ਨੂੰ ਸਮਰੱਥ ਬਣਾ ਲੈਂਦੀਆਂ ਹਨ। "ਕੁਦਰਤ ਦਾ ਕਾਨੂੰਨ" ਹੀ ਅਜਿਹਾ ਬਲਵਾਨ ਹੈ ਕਿ ਇਥੇ ਕਮਜ਼ੋਰਾਂ ਨੂੰ ਜਿਉਣ ਦਾ ਅਧਿਕਾਰ ਨਹੀਂ ਹੈ। ਜਾਂ ਤਾਂ ਖੁਦ ਤਾਕਤਵਰ ਬਣੋ ਜਾਂ ਕਿਸੇ ਤਾਕਤਵਰ ਦਾ ਸਹਾਰਾ ਪ੍ਰਾਪਤ ਕਰੋ। ਨੇਤਰਾਂ ਦੀ ਕਮਜ਼ੋਰੀ ਕਾਰਨ ਹੀ ਡੰਗੋਰੀ ਫੜਨੀ ਪੈਂਦੀ ਹੈ। ਬਿਮਾਰਾਂ ਨੂੰ ਹੀ ਦਵਾਈ ਖਾਣੀ ਪੈਂਦੀ ਹੈ। ਅਣਜਾਣਾਂ ਨੂੰ ਹੀ ਰਾਹ ਪੁੱਛਣਾ ਪੈਂਦਾ ਹੈ। ਅਪਾਹਜ ਵਿਅਕਤੀ ਨੂੰ ਹੀ ਤੰਦਰੁਸਤ ਦੇ ਕੰਧਾੜੇ ਚੜ੍ਹਨਾ ਪੈਂਦਾ ਹੈ। ਬੱਚਿਆਂ ਨੂੰ ਹੀ ਬਾਜ਼ਾਰ ਵਿਚ ਉਂਗਲੀ ਲਾ ਕੇ ਤੋਰਨਾ ਪੈਂਦਾ ਹੈ। ਜਿਨ੍ਹਾਂ ਨੂੰ ਤਾਕਤ ਦਾ ਅਹਿਸਾਸ ਹੋ ਗਿਆ ਉਹ ਹਰ ਹੀਲੇ ਤਾਕਤਵਰ ਬਣਨ ਦੀ ਕੋਸ਼ਿਸ਼ ਕਰਦੇ ਹਨ। ਅਣਜਾਣ ਅਤੇ ਤਾਕਤ ਵਿਹੀਣ ਲੜਕੀ ਪਤੀ ਦਾ ਲੜ ਫੜ ਕੇ ਪਿੱਛੇ ਪਿੱਛੇ ਟੁਰਦੀ ਹੈ। ਅਗਰ ਉਹ ਗਿਆਨ ਵੱਲੋਂ, ਜੀਵਨ ਸਿੱਖਿਆ ਵੱਲੋਂ ਤਾਕਤਵਰ ਹੁੰਦੀ ਤਾਂ ਅੰਨ੍ਹਿਆਂ ਵਾਂਗ ਪੱਲਾ ਫੜ ਕੇ ਪਿੱਛੇ ਪਿੱਛੇ ਨਾ ਟੁਰਦੀ। ਸਾਰੇ ਇਸ ਗੱਲ ਦਾ ਮਾਣ ਕਰਦੇ ਹਾਂ ਕਿ ਗੁਰੂ ਨਾਨਕ ਸਾਹਿਬ ਨੇ ਛੋਟੀ ਉਮਰ ਵਿਚ ਹੀ ਬ੍ਰਾਹਮਣ ਨੂੰ ਜੰਜੂ ਪਾਉਣ ਤੋਂ ਰੋਕ ਦਿੱਤਾ। ਜੰਜੂ ਦਾ ਨਫਾ ਨੁਕਸਾਨ ਪੁੱਛਿਆ। ਸਵਾਲ ਜੁਆਬ ਕੀਤੇ, ਪੰਡਿਤ ਹਰਦਿਆਲ ਨਿਰਉਤਰ ਹੋ ਗਿਆ। ਸਿੱਖਾਂ ਲਈ ਇਹ ਸਾਖੀ ਬਹੁਤ ਉਤਮ ਦਰਜੇ ਦੀ ਹੈ। ਪਰ ਜੇ ਕੋਈ ਲੜਕੀ ਗਲਤ ਰਵਾਇਤਾਂ ਨੂੰ ਤੋੜਨ ਦੀ ਹਿੰਮਤ ਕਰ ਲਵੇ, ਰੂੜੀਵਾਦੀ ਪ੍ਰੰਪਰਾਵਾਂ ਨੂੰ ਵੰਗਾਰਨ ਲੱਗ ਪਵੇ ਤਾਂ ਕੀ ਸਾਨੂੰ ਉਸ ਦਾ ਸਾਥ ਨਹੀਂ ਦੇਣਾ ਚਾਹੀਦਾ ? ਅਜਿਹੀ ਦਲੇਰ ਧੀ ਦੀ ਹੌਸਲਾ ਅਫਜਾਈ ਕਰਨੀ ਬਣਦੀ ਹੈ। ਅਫ਼ਸੋਸ ਕਿ ਸਿੱਖ ਧਰਮ ਨੂੰ ਮੰਨਣ ਵਾਲੇ ਭੀ ਨਵੇਂ ਵਿਆਹੇ ਜੋੜਿਆਂ ਨੂੰ ਧਰਮ ਦੇ

ਨਾਂ 'ਤੇ ਜਾਂ ਪ੍ਰੰਪਰਾ ਦੇ ਨਾਂ 'ਤੇ ਮੂਰਖਤਾ ਵਾਲੇ ਕੰਮ ਕਰਵਾਈ ਜਾ ਰਹੇ ਹਨ। ਸੈਂਕੜੇ ਸਾਲ ਪਹਿਲਾਂ ਜਿਸ ਰਸਮ ਦੀ ਕੋਈ ਅਹਿਮੀਅਤ ਸੀ। ਅੱਜ ਉਹ ਵੇਲਾ ਵਿਹਾ ਚੁੱਕੀ ਹੈ, "ਬੇਹੀ ਹੋ ਗਈ ਹੈ"। ਹੁਣ ਉਸ ਨੂੰ ਤਿਆਗ ਦੇਣਾ ਚਾਹੀਦਾ ਹੈ।

ਲੜਕੀਆਂ ਨੂੰ ਲੁਕਾ ਕੇ ਰੱਖਣ ਦੀ ਪ੍ਰਥਾ ਸਦੀਆਂ ਤੋਂ ਚਲਦੀ ਆ ਰਹੀ ਹੈ। ਕਾਰਨ ਏਹੀ ਸੀ ਕਿ ਕੋਈ ਹੋਰ ਪੁਰਸ਼ ਵੇਖ ਨਾ ਲਵੇ। ਧੋਖੇ ਨਾਲ ਜਾਂ ਤਾਕਤ ਦੁਆਰਾ ਇਸ ਲੜਕੀ ਨੂੰ ਲੈ ਨਾ ਜਾਵੇ। ਪਹਿਲੀ ਗੱਲ ਤਾਂ ਸੀ ਕਿ ਜੁਆਨ ਲੜਕੀ ਨੂੰ ਦੂਜੇ ਆਦਮੀ ਦੇ ਸਾਹਮਣੇ ਜਾਣ ਹੀ ਨਾ ਦਿੱਤੀ ਜਾਵੇ। ਜੇ ਮਜਬੂਰੀ ਵੱਸ ਜਾਣਾ ਪੈ ਜਾਵੇ ਤਾਂ ਆਪਣੇ ਆਪ ਨੂੰ ਛੁਪਾ ਕੇ ਰੱਖੇ। ਚਿਹਰੇ 'ਤੇ ਭੀ ਪਤਲਾ ਕੱਪੜਾ ਹੋਵੇ। ਪੜ੍ਹੀਆਂ ਲੜਕੀਆਂ ਅੱਜ ਕੱਲ ਘੁੰਡ ਨੂੰ ਤਾਂ ਅਲਵਿਦਾ ਆਖ ਚੁੱਕੀਆਂ ਹਨ। ਪੇਂਡੂ ਇਲਾਕਿਆਂ ਵਿਚ ਇਹ ਗੀਤ ਅਜੇ ਤੱਕ ਚਲਦੀ ਆ ਰਹੀ ਹੈ। ਖਾਸ ਕਰ ਕੇ ਭਾਰਤ ਦੇ ਪਛੜੇ ਸੂਬਿਆਂ ਵਿਚ ਤਾਂ ਨਿਰੰਤਰ ਜਾਰੀ ਹੈ। ਘੁੰਡ ਬਾਰੇ ਗੁਰਬਾਣੀ ਫੁਰਮਾਨ ਪੜ੍ਹੀਏ-

> ਰਹੁ ਰਹੁ ਰੀ ਬਹੁਰੀਆ ਘੂੰਘਟੁ ਜਿਨਿ ਕਾਢੈ ॥
> ਅੰਤ ਕੀ ਬਾਰ ਲਹੈਗੀ ਨ ਆਢੈ ॥ ਰਹਾਉ ॥
> ਘੂੰਘਟੁ ਕਾਢਿ ਗਈ ਤੇਰੀ ਆਗੈ ॥ ਉਨ ਕੀ ਗੈਲਿ ਤੋਹਿ ਜਿਨਿ ਲਾਗੈ ॥
> ਘੂੰਘਟ ਕਾਢੇ ਕੀ ਇਹੈ ਬਡਾਈ। ਦਿਨ ਦਸ ਪਾਂਚ ਬਹੂ ਭਲੇ ਆਈ ॥
> ਘੂੰਘਟੁ ਤੇਰੋ ਤਉ ਪਰਿ ਸਾਚੈ ॥ ਹਰਿ ਗੁਨ ਗਾਇ ਕੂਦਹਿ ਅਰੁ ਨਾਚੈ ॥
> ਕਹਤ ਕਬੀਰ ਬਹੂ ਤਬ ਜੀਤੈ ॥ ਹਰਿ ਗੁਨ ਗਾਵਤ ਜਨਮ ਬਤੀਤੈ ॥ (484)

ਹੇ ਨਵੀਂ ਵਿਆਹੀ ਵਹੁਟੀ! ਠਹਿਰ ਜਾ!! ਘੁੰਡ ਨਾ ਕੱਢ, ਪੜਦਾ ਨਾ ਕਰ। ਬੀਬੀਓ, ਬੇਟੀਓ! ਘੁੰਢ ਕੱਢਣਾ ਕੋਈ ਨੇਕੀ ਦਾ ਸਰਟੀਫਿਕੇਟ ਨਹੀਂ ਹੈ। ਇਸ ਘੁੰਡ ਵਰਗੀ ਵਾਧੂ ਜਹੀ ਕਿਰਿਆ ਦੀ ਜੀਵਨ ਵਿਚ ਕਉਡੀ ਜਿੰਨੀ ਕੀਮਤ ਨਹੀਂ ਹੈ। ਤੈਥੋਂ ਪਹਿਲਾਂ ਬੇਅੰਤ ਔਰਤਾਂ ਘੁੰਡ ਕਢਦੀਆਂ, ਪੜਦੇ ਵਿਚ ਰਹਿੰਦੀਆਂ ਸੰਸਾਰ ਤੋਂ ਵਿਦਾ ਹੋ ਗਈਆਂ। ਘੁੰਡ ਕਾਰਨ ਉਨ੍ਹਾਂ ਨੂੰ ਕੋਈ ਵਿਸ਼ੇਸ਼ ਫ਼ਾਇਦਾ ਨਹੀਂ ਹੋਇਆ। ਤੂੰ ਉਨ੍ਹਾਂ ਦੀ ਰੀਸ ਨਾ ਕਰ, ਸਗੋਂ ਆਪਣੇ ਲਈ ਸੁਤੰਤਰ ਰਾਹ ਦੀ ਚੋਣ ਕਰ। ਪੜਦੇ ਵਿਚ ਰਹਿਣ ਦਾ ਹੋਰ ਕੋਈ ਲਾਭ ਨਹੀਂ ਹੋਣਾ। ਸਿਰਫ਼ ਲੋਕਾਂ ਵੱਲੋਂ ਪੰਜ-ਸੱਤ ਦਿਨ ਵਡਿਆਈ ਕੀਤੀ ਜਾਵੇਗੀ ਕਿ "ਵਾਹ ਭਾਈ ਬੜੀ ਨੇਕ ਬਹੂ ਆਈ ਹੈ"। ਤੇਰਾ ਅਸਲੀ ਘੁੰਡ ਕੱਢਣਾ ਹੈ ਤੇਰਾ ਨੇਕ ਜੀਵਨ, ਸੱਚਾਈ ਦਾ ਮਾਰਗ। ਤੂੰ ਨਿਰੰਕਾਰ ਦੇ ਗੁਣਾਂ ਨੂੰ ਹਿਰਦੇ ਵਿਚ ਧਾਰਨ ਕਰ ਲਵੇਂ। ਜੀਵਨ ਵਿਚਲੀਆਂ ਸਾਰੀਆਂ ਜਿੰਮੇਵਾਰੀਆਂ ਸਹੀ ਢੰਗ ਨਾਲ ਨਿਭਾਵੇ। ਨੱਚੇ ਗਾਵੇ

ਖ਼ੁਸ਼ੀਆਂ ਮਨਾਵੇਂ, ਰੱਬ ਜੀ ਨੂੰ ਯਾਦ ਰੱਖੇ। ਕਬੀਰ ਆਖਦਾ ਹੈ, ਵਹੁਟੀ ਇਉਂ ਜੀਵਨ ਦੀ ਬਾਜ਼ੀ ਜਿੱਤ ਲਵੇਂਗੀ, ਅਗਰ ਵਿਕਾਰਾਂ ਤੋਂ ਬੱਚ ਕੇ ਰਹੇ। ਨਿਰੰਕਾਰ ਨੂੰ ਸਦਾ ਜ਼ਿੰਦਗੀ ਦਾ ਆਸਰਾ ਬਣਾਵੇ।

ਪਾਠਕ ਜਨੋਂ! ਗੁਰਬਾਣੀ ਦਾ ਨਿਰਾਲਾ ਫਲਸਫਾ ਕਿੰਨਾ ਅਗਾਂਹ ਵਧੂ ਹੈ, ਕਿ ਪੰਜ ਸੌ ਸਾਲ ਪਹਿਲਾਂ ਔਰਤ ਨੂੰ ਪੜਦੇ ਵਿਚੋਂ ਬਾਹਰ ਕੱਢਣਾ ਚਾਹੁੰਦੀ ਹੈ। ਜੀਵਨ ਵਿਚ ਸਰਗਰਮ ਭੂਮਿਕਾ ਨਿਭਾਉਣ ਲਈ ਉਤਸ਼ਾਹਤ ਕਰਦੀ ਹੈ। ਔਰਤ ਜੋ ਅੱਜ ਭੀ ਅਣਗਿਣਤ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸ਼ਿਕਾਰ ਹੈ। ਗੁਰਬਾਣੀ ਉਸ ਨੂੰ ਸਹੀ ਰਾਹ ਬਖ਼ਸ਼ਦੀ ਹੈ। ਡਰ ਕੇ ਅੰਦਰ ਲੁੱਕ ਕੇ ਜਾਂ ਪੜਦੇ ਦੀ ਘੁਟਣ ਵਿਚ ਜੀਵਨ ਗੱਡੀ ਨੂੰ ਧੱਕੀ ਜਾਣ ਨੂੰ ਗੁਰਬਾਣੀ ਪ੍ਰਵਾਨ ਨਹੀਂ ਕਰਦੀ। ਸਗੋਂ ਦੁੱਖਾਂ ਕਲੇਸ਼ਾਂ ਦਾ ਸਾਹਮਣੇ ਮੱਥੇ ਮੁਕਾਬਲਾ ਕਰਨ ਦੀ ਪ੍ਰੇਰਨਾ ਬਖ਼ਸ਼ਦੀ ਹੈ। ਬਾਹਰੀ ਤੌਰ 'ਤੇ ਭਾਵੇਂ ਘੁੰਡ ਵਿਚ ਮੂੰਹ ਕੱਜ ਕੇ ਰੱਖਣਾ ਸਮਾਪਤ ਹੋ ਗਿਆ ਪ੍ਰਤੀਤ ਹੁੰਦਾ ਹੈ। ਸਹੀ ਮਾਇਨਿਆਂ ਵਿਚ ਔਰਤ ਦੀ ਗੁਲਾਮੀ ਉਸ ਵਕਤ ਟੁੱਟੇਗੀ ਜਦੋਂ ਉਹ ਖ਼ੁਦ ਸਿਆਣਪ ਅਤੇ ਦਲੇਰੀ ਕਰ ਕੇ ਖੁਦ ਬੰਦਸ਼ਾਂ ਤੋਂ ਮੁਕਤੀ ਹਾਸਲ ਕਰਨ ਵਾਸਤੇ ਮਾਨਸਿਕ ਤੌਰ 'ਤੇ ਤਿਆਰ ਹੋ ਜਾਵੇਗੀ। ਅਜਿਹੀ ਨਿਰਭੈਤਾ ਆਪਣੇ ਅੰਦਰ ਪੈਦਾ ਕਰਨੀ ਪਵੇਗੀ, ਕਿ ਜਾਨ ਭਾਵੇਂ ਚਲੀ ਜਾਵੇ, ਟੁਕੜੇ ਟੁਕੜੇ ਭਾਵੇਂ ਹੋ ਜਾਵੇ, ਪਰ ਗੁਲਾਮੀ ਸਵੀਕਾਰ ਕਰਨ ਤੋਂ ਇਨਕਾਰ ਕਰ ਦੇਵੇ।

ਵਿਆਹੀ ਜਾ ਕੇ ਲੜਕੀ ਜਦੋਂ ਸਹੁਰੇ ਘਰ ਪ੍ਰਵੇਸ਼ ਕਰਦੀ ਹੈ ਤਦੋਂ ਪਹਿਲਾ ਕੰਮ ਜੋ ਉਸ ਤੋਂ ਕਰਵਾਇਆ ਜਾਂਦਾ ਹੈ ਉਹ ਹੈ ਸੱਸ ਅਤੇ ਸਹੁਰੇ ਦੇ ਪੈਰੀਂ ਪੈਣਾ। ਫਿਰ ਹਰ ਰੋਜ਼ ਸਵੇਰੇ ਉਠਦਿਆਂ ਹੀ ਪੈਰ ਛੂਹਣੇ। ਪੇਕੇ ਘਰ ਜਾਣ ਤੋਂ ਪਹਿਲਾਂ ਫਿਰ ਸੱਸ ਸਹੁਰੇ ਅੱਗੇ ਸਿਰ ਝੁਕਾਉਣਾ। ਪਿਉ ਦੇ ਘਰ ਤੋਂ ਵਾਪਸ ਪਰਤ ਕੇ ਫਿਰ ਪੈਰੀਂ ਹੱਥ ਲਾਉਣੇ। ਮੈਂ ਮਹਿਸੂਸ ਕਰਦਾ ਹਾਂ ਕਿ ਇਸ ਤਰ੍ਹਾਂ ਲੜਕੀ ਦਾ ਸਵੈਮਾਨ ਨਿੱਤ ਕੁਚਲਿਆ ਜਾਂਦਾ ਹੈ। ਉਸ ਦੀ ਆਤਮਾ ਵਿਲਕਦੀ ਹੈ। ਬ੍ਰਾਬਰ ਦੀ ਇਨਸਾਨ ਹੋਣ ਦਾ ਅਹਿਸਾਸ ਕਰਾਉਣ ਵਾਲੇ ਅਣਖੀਲੇ ਸੈਲ ਨਿਤ ਟੁਟਦੇ ਹਨ। ਉਸ ਨੂੰ ਆਪਣੀ ਹੋਂਦ ਗੁਲਾਮਾਂ ਵਰਗੀ ਪ੍ਰਤੀਤ ਹੋਣ ਲਗਦੀ ਹੈ। ਬਹੁਤ ਸਾਰੇ ਪ੍ਰਵਾਰਾਂ ਵਿਚ ਤਾਂ ਪਤਨੀ ਨੂੰ ਪਤੀ "ਪ੍ਰਮੇਸ਼ਰ" ਦੇ ਪੈਰ ਭੀ ਛੂਹਣੇ (ਪੂਜਣੇ) ਪੈਂਦੇ ਹਨ। ਕੀ ਇਹ ਠੀਕ ਨਹੀਂ ਕਿ ਲੜਕੀ ਸਾਰਿਆਂ ਨੂੰ ਗੁਰ ਫ਼ਤਹਿ ਬੁਲਾਵੇ ? ਜੇ ਗੁਰ ਫਤਹਿ "ਹਜ਼ਮ" ਨਾ ਹੁੰਦੀ ਹੋਵੇ ਤਾਂ ਸਤਿ ਸਿਰੀ ਅਕਾਲ ਆਖੀ ਜਾਵੇ ਜਾਂ ਕੋਈ ਭੀ ਹੋਰ ਪ੍ਰਵਾਨਤ ਤਰੀਕਾ ਅਖ਼ਤਿਆਰ ਕੀਤਾ ਜਾ ਸਕਦਾ ਹੈ। ਇਹ ਭੀ ਧਿਆਨ ਰਹੇ ਕਿ ਘਰ ਦੇ ਸਾਰੇ ਜੀਅ ਬਰਾਬਰ ਹਨ। ਫਿਰ ਵਹੁਟੀ ਹੀ ਕਿਉਂ ਸਾਰਿਆਂ ਨੂੰ ਪਹਿਲਾਂ ਗੁਰ

ਫ਼ਤਹਿ ਆਖੇ ? ਦੂਜਿਆਂ ਦਾ ਭੀ ਉਤਨਾ ਹੀ ਫ਼ਰਜ਼ ਬਣਦਾ ਹੈ ਜਿੰਨਾ ਕਿ ਵਹੁਟੀ ਦਾ। ਇਥੇ ਇਕ ਅਸੂਲ ਜ਼ਰੂਰ ਯਾਦ ਰੱਖਿਆ ਜਾਵੇ ਕਿ ਪਸ਼ੂਆਂ ਵਰਗੀ ਬੁੱਧੀ ਵਾਲੀ ਸੋਚ ਹੋਵੇ ਫਿਰ ਚਾਹੇ ਵੱਡੇ ਹੋਣ 'ਤੇ ਭਾਵੇਂ ਛੋਟੇ ਉਥੇ ਇਨਸਾਨੀਅਤ ਵਾਲੇ ਅਸੂਲ ਫੇਲ੍ਹ ਹੋ ਜਾਂਦੇ ਹਨ। ਜਦੋਂ ਦੋਵਾਂ ਧਿਰਾਂ ਵਿਚ ਸਮਝਦਾਰੀ ਹੋਵੇ ਤਾਂ ਹੀ ਚੰਗੀ ਤਰ੍ਹਾਂ ਨਿਭਾਅ ਹੋਣ ਦੀ ਆਸ ਕੀਤੀ ਜਾ ਸਕਦੀ ਹੈ।

ਇਕ ਘਰ ਵਿਚ ਮਾਤਾ ਪਿਤਾ ਨੇ ਪੁੱਤਰ ਦਾ ਵਿਆਹ ਕੀਤਾ। ਨਵੀਂ ਵਹੁਟੀ ਘਰ ਆ ਗਈ। ਸੱਸ ਚੰਗੀ ਮਾਹਿਰ ਸੀ ਪਈ ਨੂੰਹ ਧੀ ਨੂੰ ਕਿਵੇਂ ਕਾਬੂ ਵਿਚ ਰੱਖਣਾ ਹੈ। ਇਕ ਦਿਨ ਕੋਈ ਸੁਆਲੀ ਖੈਰ ਮੰਗਦਾ ਬੂਹੇ ਅੱਗੇ ਆ ਖਲੋਤਾ। ਵਹੁਟੀ ਨੇ ਆਪਣੀ ਸੱਸ ਦੇ ਸਖ਼ਤ ਸੁਭਾ ਨੂੰ ਮਹਿਸੂਸ ਕਰਦਿਆਂ ਮੰਗਤੇ ਨੂੰ ਖੈਰ ਨਾ ਪਾਈ ਤੇ ਚਲੇ ਜਾਣ ਲਈ ਕਹਿ ਦਿੱਤਾ। ਅੰਦਰ ਬੈਠੀ ਸੱਸ ਨੂੰ ਜਦੋਂ ਭਿਣਕ ਪਈ ਤਾਂ ਉਹ ਤੇਜ਼ ਕਦਮੀ ਬਾਹਰ ਆਈ ਤੇ ਘਰੋਂ ਜਾ ਰਹੇ ਮੰਗਤੇ ਨੂੰ ਆਵਾਜ਼ ਮਾਰ ਕੇ ਬੁਲਾ ਲਿਆ। ਮੰਗਤਾ ਚਾਈਂ ਚਾਈਂ ਵਾਪਸ ਆਇਆ ਕਿ ਸ਼ਾਇਦ ਮਾਤਾ ਦੇ ਮਨ ਵਿਚ ਦਇਆ ਜਾਗ ਪਈ ਹੈ, ਖੈਰ ਪਾਉਣ ਲਈ ਬੁਲਾ ਰਹੀ ਹੈ। ਜਦੋਂ ਮੰਗਤਾ ਬੂਹੇ ਅੱਗੇ ਆ ਖਲੋਤਾ ਤਾਂ ਮਾਤਾ ਨੇ ਪੁੱਛਿਆ-

"ਹੈਂ ਵੇ ਭਾਈ! ਵਹੁਟੀ ਨੇ ਤੈਨੂੰ ਕੀ ਆਖਿਆ ਸੀ ?"

"ਜੀ, ਇਸ ਨੇ ਕਿਹਾ ਸੀ, ਅਸੀ ਕਿਸੇ ਮੰਗਤੇ ਨੂੰ ਖੈਰ ਨਹੀਂ ਪਾਉਂਦੇ।"

"ਹੈਂ ਇਹਦੀ ਇਹ ਹਿੰਮਤ ? ਅਜੇ ਕੱਲ ਆਈ ਹੈ ਹੁਣ ਤੋਂ ਸਾਰੇ ਅਧਿਕਾਰ ਖੋਹ ਲੈਣਾ ਚਾਹੁੰਦੀ ਹੈ ? ਹੁਣ ਮੈਂ ਤੈਨੂੰ ਜੁਆਬ ਦੇ ਰਹੀ ਹਾਂ ਕਿ ਅਸੀ ਕਿਸੇ ਨੂੰ ਖੈਰ ਨਹੀਂ ਪਉਂਦੇ, ਤੂੰ ਜਾ ਸਕਦਾ ਹੈਂ।" ਕੰਮ ਤਾਂ ਸੱਸ ਨੇ ਭੀ ਉਹੀ ਕੀਤਾ ਜੋ ਵਹੁਟੀ ਨੇ ਕੀਤਾ ਸੀ ਪਰ ਸੱਸ ਨੇ ਉਸ ਦੇ ਅਧਿਕਾਰ ਖੇਤਰ ਦਾ ਉਸ ਨੂੰ ਤੁਰੰਤ ਅਹਿਸਾਸ ਕਰਵਾ ਦਿੱਤਾ। ਬਹੁਤ ਸਾਰੀਆਂ ਨੂੰਹਾਂ ਬੜੀ ਫੁਰਤੀ ਨਾਲ ਸੱਸ ਤੋਂ ਝਪਟਾ ਮਾਰ ਕੇ ਅਧਿਕਾਰ ਖੋਹ ਲੈਂਦੀਆਂ ਹਨ। ਸੱਸ ਹੱਥ ਮਲਦੀ ਡੌਰ ਭੌਰ ਜਹੀ ਹੋਈ ਵੇਖਦੀ ਹੀ ਰਹਿ ਜਾਂਦੀ ਹੈ। ਪੰਜ ਸੱਤ ਪ੍ਰਤੀਸ਼ਤ ਪ੍ਰਵਾਰ ਹੋਣਗੇ ਜਿਥੇ ਰਿਸ਼ਤੇ ਦੀ ਯੋਗ ਤਰੀਕੇ ਨਾਲ ਕਦਰ ਕੀਤੀ ਜਾਂਦੀ ਹੈ। ਆਪਣੇ ਫ਼ਰਜ਼ ਪੂਰੇ ਕਰਨ ਤੋਂ ਬਾਅਦ ਕੋਈ ਧਿਰ ਆਪਣੇ ਹੱਕ ਮੰਗੇ। ਵਰਨਾ ਹੱਕ ਤਾਂ ਝਪਟ ਕੇ ਖੋਹ ਲੈਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ। ਫ਼ਰਜ਼ਾਂ ਵਲੋਂ ਮੂੰਹ ਮੋੜ ਲਿਆ ਜਾਂਦਾ ਹੈ। ਗੁਰਬਾਣੀ ਵਿਚ ਇਸ ਨੂੰ ਇਉਂ ਬਿਆਨ ਕੀਤਾ ਗਿਆ ਹੈ-

ਸਾਸੁ ਬੁਰੀ ਘਰਿ ਵਾਸੁ ਨ ਦੇਵੈ, ਪਿਰ ਸਿਉ ਮਿਲਣ ਨ ਦੇਇ ਬੁਰੀ॥
ਸਖੀ ਸਾਜਨੀ ਕੇ ਹਉ ਚਰਨ ਸਰੇਵਉ, ਹਰਿ ਗੁਰ ਕਿਰਪਾ ਤੇ ਨਦਰਿ ਧਰੀ॥ (355)

ਹੇ ਬੇਟੀ! (ਮਾਇਆ) ਸੱਸ ਬੜੇ ਖੋਟੇ ਸੁਭਾਅ ਵਾਲੀ ਹੈ। ਧੰਦਿਆਂ ਵਿਚ ਉਲਝਾਈ ਰਖਦੀ ਹੈ। ਆਪਣੇ ਆਪ ਬਾਰੇ ਸੋਚਣ ਦਾ ਮੌਕਾ ਹੀ ਨਹੀਂ ਦੇਂਦੀ। ਪਤੀ ਨਾਲ ਮਿਲਾਪ ਦਾ ਵਕਤ ਹੀ ਨਹੀਂ ਦਿੰਦੀ, ਬਹੁਤ ਭੈੜੀ ਹੈ ਮੇਰੀ ਸੱਸ। ਮੈਂ ਸਖੀਆਂ ਸਹੇਲੀਆਂ ਨੂੰ ਪੁੱਛਿਆ। ਉਨ੍ਹਾਂ ਨਾਲ ਤਜਰਬੇ ਸਾਂਝੇ ਕੀਤੇ। ਉਨ੍ਹਾਂ ਸਮਝਦਾਰ ਸਹੇਲੀਆਂ ਨੇ ਮੈਨੂੰ ਗੁਰੂ ਨਾਲ ਮਿਲਾ ਦਿੱਤਾ। ਮੈਂ ਗੁਰੂ ਤੋਂ ਉਤਮ ਦਰਜੇ ਦਾ ਉਪਦੇਸ਼ ਸੁਣਿਆ, ਸਮਝਿਆ। ਉਸ ਮੁਤਾਬਕ ਜੀਵਨ ਢਾਲਿਆ। ਇਉਂ ਮੇਰਾ ਪਤੀ (ਪਰਮੇਸ਼ਰ) ਮੇਹਰਵਾਨ ਹੋਇਆ। ਸਾਡਾ ਦੋਵਾਂ ਦਾ ਸਦੀਵੀ ਮਿਲਾਪ ਹੋ ਗਿਆ।

ਸਸੂ ਤੇ ਪਿਰਿ ਕੀਨੀ ਵਾਖਿ ॥ ਦੇਰ ਜਿਠਾਣੀ ਮੁਈ ਦੂਖਿ ਸੰਤਾਪਿ ॥
ਘਰ ਕੇ ਜਿਠੇਰੇ ਕੀ ਚੂਕੀ ਕਾਣਿ ॥ ਪਿਰਿ ਰਖਿਆ ਕੀਨੀ ਸੁਘੜ ਸੁਜਾਣਿ ॥ (370)

ਹੇ ਪੁੱਤਰੀ! (ਜੀਵ ਇਸਤਰੀ ਦਾ ਅਲੰਕਾਰ) ਤੈਨੂੰ ਸੱਸ ਨੇ ਅਤਿਅੰਤ ਪ੍ਰੇਸ਼ਾਨ ਕੀਤਾ ਹੋਇਆ ਸੀ। ਪਤੀ ਨਾਲ ਮਿਲਾਪ ਤੋਂ ਤੂੰ ਵਾਂਝੀ ਕਰ ਦਿੱਤੀ ਗਈ ਸੀ। ਤੈਨੂੰ ਦਰਾਣੀਆਂ, ਜੇਠਾਣੀਆਂ ਨੇ ਇੰਨਾ ਸਤਾਇਆ ਕਿ ਮਰਨ ਕਿਨਾਰੇ ਪੁਚਾ ਦਿੱਤੀ। ਨਿਰੰਕਾਰ ਦੀ ਕਿਰਪਾ ਨਾਲ ਇਨ੍ਹਾਂ ਦੀ ਪੇਸ਼ ਨਹੀਂ ਜਾਂਦੀ। ਸਭ ਤੋਂ ਵੱਡਾ ਜੇਠ ਬਣਿਆ ਹੋਇਆ ਸੀ ਧਰਮਰਾਜ। ਹੁਣ ਮੈਨੂੰ ਕਿਸੇ ਧਰਮਰਾਜ ਜੇਠ ਦਾ ਡਰ ਨਹੀਂ ਰਿਹਾ। ਮੇਰੇ ਪਤੀ (ਰੱਬ) ਨੇ ਮੇਰੀ ਹਰ ਮੌਕੇ ਸਹਾਇਤਾ ਕੀਤੀ ਮੈਨੂੰ ਘੜ ਕੇ ਤਰਾਸ਼ ਕੇ ਸਾਰੇ ਅਉਗਣ ਕੱਢ ਦਿੱਤੇ। ਮੈਨੂੰ ਗੁਣਵਾਨ ਬਣਾ ਦਿੱਤਾ, ਪੂਰੀ ਤਰ੍ਹਾਂ ਸਮਝਦਾਰ। ਸਫ਼ਲ ਜੀਵਨ ਜਿਉਣ ਵਾਲੀ ਇਸਤਰੀ।

ਸਾਸੁ ਕੀ ਦੁਖੀ ਸਸੁਰ ਕੀ ਪਿਆਰੀ, ਜੇਠ ਕੇ ਨਾਮਿ ਡਰਉ ਰੇ ॥
ਸਖੀ ਸਹੇਲੀ ਨਨਦ ਗਹੇਲੀ, ਦੇਵਰ ਕੈ ਬਿਰਹਿ ਜਰਉ ਰੇ ॥....
ਬਾਪੁ ਸਾਵਕਾ ਕਰੈ ਲਰਾਈ, ਮਾਇਆ ਸਦ ਮਤਵਾਰੀ ॥
ਬਡੇ ਭਾਈ ਕੈ ਜਬ ਸੰਗਿ ਹੋਤੀ, ਤਬ ਹਉ ਨਾਹ ਪਿਆਰੀ ॥
ਕਹਿਤ ਕਬੀਰ ਪੰਚ ਕੋ ਝਗਰਾ, ਝਗਰਤ ਜਨਮੁ ਗਵਾਇਆ ॥
ਝੂਠੀ ਮਾਇਆ ਸਭੁ ਜਗੁ ਬਾਧਿਆ, ਮੈ ਰਾਮ ਰਮਤ ਸੁਖੁ ਪਾਇਆ ॥ (482)

ਐ ਸੰਸਾਰ ਦੇ ਲੋਕੋ! ਮੈਨੂੰ ਸੱਸ ਰੂਪੀ ਮਾਇਆ ਨੇ ਬਹੁਤ ਪ੍ਰੇਸ਼ਾਨ ਕੀਤਾ ਹੋਇਆ ਹੈ। ਸ਼ੁਕਰ ਹੈ ਕਿ ਸਹੁਰਾ (ਨਿਰੰਕਾਰ) ਮੇਰੀ ਮਦਦ ਕਰਦਾ ਹੈ। ਜੇਠ ਜਮਰਾਜ ਦਾ ਰੂਪ ਸਦਾ ਸਿਰ 'ਤੇ ਮੰਡਰਾਉਂਦਾ ਰਹਿੰਦਾ ਹੈ। ਜਦੋਂ ਸਹੁਰਾ ਮੇਰੇ ਪੱਖ ਵਿਚ ਹੈ ਤਾਂ ਮੈਨੂੰ ਜੇਠ ਦਾ ਕੋਈ ਡਰ ਨਹੀਂ ਹੈ। ਹੇ ਭੈਣੋ, ਸਹੇਲੀਓ! ਮੇਰੀ ਨਣਦ ਬਹੁਤ ਖੋਟੀ ਹੈ। ਮੈਨੂੰ ਸਦਾ ਗ਼ਲਤ ਸਿੱਖਿਆ ਦਿੰਦੀ ਰਹਿੰਦੀ ਹੈ। ਦਿਉਰ ਅਲੱਗ

ਪ੍ਰੇਸ਼ਾਨ ਕਰਦਾ ਹੈ। ਪਤੀ ਦੇ ਨੇੜੇ ਨਹੀਂ ਜਾਣ ਦਿੰਦਾ। ਮੈਂ ਵਿਛੋੜੇ ਵਿਚ ਹੀ ਸੜਦੀ ਰਹਿੰਦੀ ਹਾਂ। ਮੇਰਾ ਪਿਛਲਾ ਸੁਭਾਉ ਮੈਨੂੰ ਨੇਕ ਰਹ 'ਤੇ ਚੱਲਣ ਤੋਂ ਰੋਕਦਾ ਹੈ, ਲੜਦਾ ਹੈ। ਮੇਰੀ ਮਾਂ ਨਾ ਸਮਝ ਨਿਕਲੀ ਜਿਸ ਨੇ ਮੈਨੂੰ ਸਮੇਂ ਸਿਰ ਚੰਗੀ ਮੱਤ ਨਾ ਦਿੱਤੀ। ਜਦੋਂ ਵੱਡਾ ਭਰਾ (ਗਿਆਨ) ਮੇਰੀ ਮਦਦ 'ਤੇ ਆ ਜਾਂਦਾ ਹੈ, ਉਸ ਵਕਤ ਮੈਂ ਆਪਣੇ ਪਤੀ ਦੀ ਨਜ਼ਰ ਵਿਚ ਪ੍ਰਵਾਨ ਹੋ ਜਾਂਦੀ ਹਾਂ। ਹੇ ਭੈਣੋ! ਹੇ ਭਰਾਵੋ!! ਆਮ ਮਨੁੱਖ ਦਾ ਤਾਂ ਸਾਰੀ ਉਮਰ ਪੰਜ ਵਿਕਾਰਾਂ ਨਾਲ ਹੀ ਪਿਆਰ ਪਿਆ ਰਹਿੰਦਾ ਹੈ। ਕਦੀ ਇਨਸਾਨ ਭਾਰੂ ਤੇ ਕਦੀ ਪੰਜੇ ਵਿਕਾਰ ਹਾਵੀ। ਇਸੇ ਤਰ੍ਹਾਂ ਉਮਰ ਬੀਤ ਜਾਂਦੀ ਹੈ। ਮਾਇਆ ਦੇ ਝੂਠੇ ਜੰਜਾਲ ਵਿਚ ਸਾਰਾ ਜਗਤ ਫਸਿਆ ਨਜ਼ਰ ਆਉਂਦਾ ਹੈ। ਮੈਂ (ਕਬੀਰ) ਪਰਮੇਸ਼ਰ ਨੂੰ ਯਾਦ ਕਰਦਿਆਂ, ਸਾਰੇ ਵਿਕਾਰਾਂ 'ਤੇ ਕਾਬੂ ਪਾ ਲਿਆ ਹੈ। ਹੁਣ ਪੂਰੀ ਤਰ੍ਹਾਂ ਭਟਕਣਾ ਖ਼ਤਮ ਹੋ ਗਈ ਹੈ, ਟਿਕਾਉ ਪ੍ਰਾਪਤ ਹੋ ਗਿਆ ਹੈ।

✿✿✿

ਪਤੀ ਇਕ, ਪਤਨੀਆਂ ਅਨੇਕ

ਸਤਿਗੁਰੂ ਜੀ ਨੇ ਰਿਸ਼ਤੇ ਨਾਤਿਆਂ ਦੁਆਰਾ ਸਿੱਖ ਜਗਿਆਸੂਆਂ ਨੂੰ ਸੁਮੱਤ ਦੇਣ ਦਾ ਭਰਪੂਰ ਯਤਨ ਕੀਤਾ ਹੈ। ਰਿਸ਼ਤਿਆਂ ਨੂੰ ਕਈ ਵਾਰੀ ਨਵੇਂ ਅਰਥ ਪਰਦਾਨ ਕੀਤੇ ਹਨ। ਹੋਰ ਰਿਸ਼ਤਿਆਂ ਦੇ ਨਾਲ ਨਾਲ ਸਤਿਗੁਰੂ ਜੀ ਨੇ ਆਪਣੇ ਆਪ ਨੂੰ ਨਿਰੰਕਾਰ ਦੀ ਪਤਨੀ, ਨਾਰ, ਵਹੁਟੀ ਆਦਿ ਬੇਅੰਤ ਵਾਰੀ ਲਿਖਿਆ ਹੈ। ਜੇ ਔਰਤ ਹੋਣਾ ਪਾਪ ਹੈ ਤਾਂ ਇਹ ਪਾਪ ਗੁਰੂ ਸਾਹਿਬ ਨੂੰ ਨਹੀਂ ਕਰਨਾ ਚਾਹੀਦਾ ਸੀ। ਜੇ ਔਰਤ ਕੋਈ ਘਟੀਆ ਜੀਵ ਹੈ ਤਾਂ ਗੁਰਬਾਣੀ ਰਚੈਤਾ ਮਹਾਂਪੁਰਖਾਂ ਨੇ ਆਪਣੇ ਆਪ ਨੂੰ ਘਟੀਆ ਸ਼੍ਰੇਣੀ ਨਾਲ ਕਿਉਂ ਜੋੜਨਾ ਸੀ ?ਹੋਰ ਬਹੁਤ ਸਾਰੇ ਢੰਗ ਸਨ ਆਪਣੀ ਗੱਲ ਸਮਝਾਉਣ ਦੇ। ਆਉ ਗੁਰਬਾਣੀ ਪਰਮਾਣ ਪੜ੍ਹੀਏ-

ਪਿਰੁ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ॥
ਤਨੁ ਸੋਹੈ ਮਨੁ ਮੋਹਿਆ, ਰਤੀ ਰੰਗਿ ਨਿਹਾਲਿ॥ (56)

ਹੇ ਸਖੀਓ! ਆਉ ਰਲ ਮਿਲ ਕੇ ਪਤੀ ਦੀ ਸਿਫ਼ਤ ਕਰੀਏ, ਗੁਣ ਗਾਈਏ। ਇਸ ਤਰ੍ਹਾਂ ਸਾਡਾ ਬਦਨ ਸੁੰਦਰ ਹੋ ਜਾਵੇਗਾ। ਮਨ ਦੇ ਅੰਦਰ ਪਿਆਰ ਦਾ ਜਜ਼ਬਾ ਉੱਮੜ ਪਵੇਗਾ। ਪਤੀ ਦੇ ਪਿਆਰ ਵਾਲੇ ਰੰਗ ਵਿਚ ਅਸੀ ਸਾਰੀਆਂ ਜੀਵ ਇਸਤਰੀਆਂ ਆਪਣਾ ਤਨ, ਮਨ ਰੰਗ ਲਵਾਂਗੀਆਂ। ਇਸ ਤਰ੍ਹਾਂ ਕਰਨ ਨਾਲ ਅਥਾਹ ਸੁੱਖ ਮਿਲੇਗਾ, ਪਰ ਸ਼ਰਤ ਇਹ ਹੈ ਕਿ ਗੁਰੂ ਦੇ ਸ਼ਬਦ ਨੂੰ (ਹੁਕਮ ਨੂੰ) ਸਮਝ ਕੇ ਮਨ ਵਿਚੋਂ ਵਿਕਾਰਾਂ ਦਾ ਖਾਤਮਾ ਕਰ ਦੇਈਏ। ਨਿਰੰਕਾਰ ਪਤੀ ਨੂੰ ਯਾਦ ਕਰਨ ਦਾ ਅਰਥ ਹੀ ਇਹ ਹੈ ਕਿ ਗੁਣਾਂ ਨਾਲ ਲਬਰੇਜ਼ ਹੋ ਜਾਈਏ, ਤਾਂ ਹੀ ਪਤੀ ਦੀ ਨਜ਼ਰ ਵਿਚ ਪ੍ਰਵਾਨ ਹੋਵਾਂਗੀਆਂ।

ਤ੍ਰਿਭਵਣ ਕੰਤੁ ਰਵੈ ਸੋਹਾਗਣਿ, ਅਵਗਣਵੰਤੀ ਦੂਰੇ॥
ਜੈਸੀ ਆਸਾ ਤੈਸੀ ਮਨਸਾ, ਪੂਰਿ ਰਹਿਆ ਭਰਪੂਰੇ॥
ਹਰਿ ਕੀ ਨਾਰਿ ਸੁ ਸਦਾ ਸੁਹਾਗਣਿ ਰਾਂਡ ਨ ਮੈਲੇ ਵੇਸੇ॥
ਨਾਨਕ ਮੈ ਵਰੁ ਸਾਚਾ ਭਾਵੈ, ਜੁਗਿ ਜੁਗਿ ਪ੍ਰੀਤਮ ਤੈਸੇ॥ (763)

ਹੇ ਭੈਣੋ! ਤਰਲੋਕੀ ਦੇ ਮਾਲਕ ਨੂੰ ਸੱਚਾ ਪਤੀ ਸਵੀਕਾਰ ਕਰੀਏ। ਇਸ ਤਰ੍ਹਾਂ ਅਸੀਂ ਸਦੀਵ ਕਾਲ ਸੋਹਾਗਣਾਂ ਬਣੀਆਂ ਰਹਾਂਗੀਆਂ। ਗੁਣਾਂ ਨਾਲ ਭਰਪੂਰ ਪਤਨੀਆਂ ਪਤੀ ਦਾ ਪਿਆਰ ਪ੍ਰਾਪਤ ਕਰ ਲੈਣਗੀਆਂ। ਔਗੁਣਾਂ ਨਾਲ ਜੀਵਨ ਬਰਬਾਦ ਕਰਨ ਵਾਲੀਆਂ ਇਸਤਰੀਆਂ ਨੂੰ ਪਤੀ ਆਪਣੇ ਨਜ਼ਦੀਕ ਨਹੀਂ ਆਉਣ

ਦੇਵੇਗਾ। ਆਪਣੇ ਮਨ ਦੀ ਬਣਤਰ ਮੁਤਾਬਕ ਜੀਵ ਇਸਤਰੀਆਂ ਚੰਗਾ ਜਾਂ ਮੰਦਾ ਵਿਹਾਰ ਕਰਦੀਆਂ ਹਨ। ਸਿਆਣੀਆਂ ਨੂੰ ਕਾਇਨਾਤ ਵਿਚ ਪਸਰਿਆ ਮਾਲਕ ਦਿਸ ਪੈਂਦਾ ਹੈ। ਪਰਮੇਸ਼ਰ ਨਾਲ ਪਿਆਰ ਸਾਂਝ ਪਾਉਣ ਵਾਲੀ ਇਸਤਰੀ ਸਦਾ ਸੁਹਾਗਵਤੀ ਬਣੀ ਰਹਿੰਦੀ ਹੈ। ਉਹ ਵਿਧਵਾ ਵਾਲਾ ਨਰਕੀ ਜੀਵਨ ਨਹੀਂ ਭੋਗਦੀ। ਉਸ ਦੇ ਸੋਹਣੇ ਬਸਤਰ ਉਤਾਰ ਕੇ ਮੈਲੇ ਬਸਤਰ ਨਹੀਂ ਪੁਆਏ ਜਾਂਦੇ। ਹੇ ਭੈਣ! ਮੈਂ (ਨਾਨਕ ਨੇ) ਸੱਚਾ ਪਤੀ ਪਾ ਲਿਆ ਹੈ। ਜੋ ਪਤੀ ਪਰਮੇਸ਼ਰ ਜੁਗਾਂ ਜੁਗਾਂਤਰਾਂ ਤੋਂ ਸਦਾ ਜੁਆਨ ਹੈ, ਸਦਾ ਅਮਰ ਹੈ।

ਸੰਤਾਂ ਕੀ ਹੋਇ ਦਾਸਰੀ, ਏਹੁ ਆਚਾਰਾ ਸਿਖ ਰੀ ॥
ਸਗਲ ਗੁਣਾ ਗੁਣ ਉਤਮੋ, ਭਰਤਾ ਦੂਰਿ ਨ ਪਿਖੁ ਰੀ ॥ (400)

ਹੇ ਭੈਣ! ਜੇ ਤੂੰ ਜੀਵਨ ਜੁਗਤ ਸਿੱਖਣਾ ਚਾਹੁੰਦੀ ਹੈਂ, ਗੁਰੂ ਦੀ ਸ਼ਰਨ ਵਿਚ ਆ। ਹੰਕਾਰ ਤਿਆਗ ਕੇ ਨਿਮਰਤਾ ਧਾਰਨ ਕਰ। ਸੱਚਾਈ ਵਾਲਾ ਉੱਤਮ ਆਚਾਰ ਵਿਹਾਰ ਬਣਾ ਲੈ। ਸਾਰੇ ਗੁਣਾਂ ਦਾ ਮੁਜੱਸਮਾ ਪਰਮੇਸ਼ਰ ਹੈ। ਉਸ ਪਤੀ ਨੂੰ ਗਲੇ ਦਾ ਹਾਰ ਬਣਾ ਲੈ। ਹਿਰਦੇ ਘਰ ਵਿਚ ਬਸਾ ਲੈ। ਦੂਰ ਕਦੀ ਮਹਿਸੂਸ ਨਾ ਕਰੀਂ।

ਨਾਨਕ ਕਹੈ ਸਹੇਲੀਹੋ, ਸਹੁ ਖਰਾ ਪਿਆਰਾ ॥
ਹਮ ਸਹ ਕੇਰੀਆਂ ਦਾਸੀਆਂ, ਸਾਚਾ ਖਸਮ ਹਮਾਰਾ ॥ (729)

ਹੇ ਭੈਣੋ! ਧਿਆਨ ਨਾਲ ਸੁਣ ਲਉ!! ਸਾਨੂੰ ਆਪਣਾ ਪਤੀ ਬਹੁਤ ਪਿਆਰਾ ਹੈ, ਸਭ ਤੋਂ ਵੱਧ ਪਿਆਰਾ ਹੈ। ਅਸੀ ਤਾਂ ਆਪਣੇ ਆਪ ਨੂੰ ਉਸ ਦੀਆਂ ਦਾਸੀਆਂ ਬਣਾ ਲਿਆ ਹੈ। ਨਿਰੰਕਾਰ ਨੂੰ ਹੀ ਅਸਲੀ ਸੱਚਾ ਪਤੀ ਸਵੀਕਾਰ ਕਰ ਲਿਆ ਹੈ।

ਸਤਿਗੁਰੂ ਜੀ ਨੇ ਅਣਗਿਣਤ ਢੰਗ ਵਰਤ ਕੇ ਕਮਜ਼ੋਰ ਜੀਵਾਂ ਨੂੰ ਤਾਕਤਵਰ ਬਣਨ ਲਈ ਤਾਕਤਾਂ ਦੇ ਮਾਲਕ ਸਰਬ ਕਲਾ ਸਮਰੱਥ, ਪਰਮੇਸ਼ਰ ਨੂੰ ਆਪਣਾ ਪਿਤਾ, ਮਾਤਾ, ਪਤੀ, ਮਾਲਕ ਖ਼ਸਮ, ਰਿਜ਼ਕ ਦਾਤਾ, ਜੀਵਨ ਅਤੇ ਮੌਤ ਦਾ ਫ਼ਰਿਸ਼ਤਾ, ਕੋਟ ਬ੍ਰਹਿਮੰਡਾਂ ਨੂੰ ਬਣਾਉਣ ਤੇ ਸੰਭਾਲਣ ਵਾਲਾ, ਅਨੰਤ ਤਾਕਤਾਂ ਅਤੇ ਫ਼ੌਜਾਂ ਦੇ ਹੰਕਾਰ ਵਿਚ ਆਫਰੇ ਬਾਦਸ਼ਾਹਾਂ ਨੂੰ ਮਿੱਟੀ ਵਿਚ ਮਿਲਾ ਦੇਣ ਵਾਲਾ, ਦਿਆਲੂ ਕਿਰਪਾਲੂ ਤੇ ਘਟ-ਘਟ ਦੀ ਜਾਨਣ ਵਾਲਾ ਆਖ ਕੇ ਵਡਿਆਇਆ ਹੈ। ਉਸ ਦਾ ਸਹਾਰਾ ਲੈ ਕੇ ਨਿਡਰ ਹੋਣ ਦੀ ਜ਼ੋਰਦਾਰ ਪ੍ਰੇਰਨਾ ਕੀਤੀ ਹੈ। ਗੁਰੂ ਦੀ ਬਾਣੀ ਵਿਚੋਂ ਉਹ ਸਾਰੇ ਅਸੂਲ ਪ੍ਰਾਪਤ ਹੋ ਜਾਂਦੇ ਹਨ ਜਿਨ੍ਹਾਂ ਨੂੰ ਅਪਣਾ ਕੇ ਜੀਵਨ ਦੇ ਸ਼ਾਹ ਸਿਕੰਦਰ ਬਣਨਾ ਹੈ। ਸਤਿਗੁਰੂ ਜੀ ਨਿਮਾਣਿਆਂ ਨੂੰ ਮਾਣ, ਨਿਤਾਣਿਆਂ ਨੂੰ ਤਾਣ, ਮੂਰਖਾਂ ਨੂੰ ਗਿਆਨ, ਅੰਨ੍ਹਿਆਂ ਨੂੰ ਅੱਖਾਂ, ਨਿਰਧਨਾਂ ਨੂੰ ਧਨ, ਕਾਇਰਾਂ ਨੂੰ ਬਹਾਦਰ, ਆਲਸੀਆਂ ਨੂੰ ਹਿੰਮਤ, ਅਣਪੜ੍ਹਾਂ ਨੂੰ ਵਿਦਵਾਨ ਬਣਾ ਕੇ ਧਰਤੀ

ਦਾ ਰਾਜ ਬਖ਼ਸ਼ਣਾ ਚਾਹੁੰਦੇ ਹਨ। "ਹਲੇਮੀ ਰਾਜ, ਬੇਗਮਪੁਰੇ ਦੇ ਵਾਸੀ"। ਜਿਥੇ ਕੋਈ ਜੀਵ ਦੁਖਿਆਰਾ ਨਾ ਹੋਵੇ। ਬੱਚੇ, ਬੁੱਢੇ, ਨੌਜੁਆਨ ਤੇ ਔਰਤਾਂ ਸਾਰੇ ਸੁਖੀ ਵਸਣ। ਇਸ ਲਈ ਗੁਰਬਾਣੀ ਵਿਚ ਔਰਤਾਂ ਦੇ ਉਥਾਨ ਵਾਸਤੇ ਬਹੁਤ ਸਾਰੇ ਉਪਦੇਸ਼ ਲਿਖੇ ਮਿਲਦੇ ਹਨ। ਬਹੁਤ ਥਾਂਈਂ ਗੁਰਬਾਣੀ ਰਚੈਤਾ ਮਹਾਂਪੁਰਖ ਆਪਣੇ ਆਪ ਨੂੰ ਇਸਤਰੀ ਰੂਪ ਵਿਚ ਪੇਸ਼ ਕਰਦੇ ਹਨ। ਬਹੁਤ ਥਾਈਂ ਹਰ ਇਕ ਮਨੁੱਖ ਨੂੰ ਸਪੱਸ਼ਟ ਕਹਿੰਦੇ ਹਨ ਕਿ "ਮਰਦ" ਕੇਵਲ ਅਕਾਲ ਪੁਰਖ ਹੈ। ਹੋਰ ਸਾਰੇ ਔਰਤਾਂ, ਮਰਦ ਉਸ ਦੀਆਂ ਪਤਨੀਆਂ ਹਨ। ਅਣਗਿਣਤ ਥਾਵਾਂ 'ਤੇ ਆਪਣੇ ਆਪ ਨੂੰ ਦਾਸੀ, ਚੇਲੀ, ਪਤਨੀ, ਨਾਰੀ ਆਖ ਕੇ ਨਿਰੰਕਾਰ ਨੂੰ ਆਪਣਾ ਪਤੀ ਜਾਂ ਮਾਲਕ ਸਵੀਕਾਰ ਕਰਦੇ ਹਨ। ਜੇਕਰ ਔਰਤ ਜੋਨੀ ਭੈੜੀ ਹੁੰਦੀ ਤਾਂ ਸਤਿਗੁਰੂ ਜੀ ਖ਼ੁਦ ਨੂੰ ਇਸਤਰੀ ਰੂਪ ਵਿਚ ਕਦੀ ਸਵੀਕਾਰ ਨਾ ਕਰਦੇ। ਔਰਤ ਨੂੰ ਅਪਵਿੱਤਰ ਜਾਣ ਕੇ ਹੀ ਸਾਰੇ ਹਿੰਦੂ ਦੇਵਤੇ ਸਿੱਧੇ ਆਕਾਸ਼ ਵਿਚੋਂ ਉਤਰ ਕੇ ਆਉਂਦੇ ਹਨ। ਮਾਂ ਦੇ ਗਰਭ ਵਿਚੋਂ ਕੋਈ ਜਨਮ ਨਹੀਂ ਲੈਂਦਾ ਵਿਖਾਇਆ ਗਿਆ। ਕੋਈ ਮੂੰਹ ਵਿਚੋਂ ਜੰਮ ਪੈਂਦਾ ਹੈ, ਬ੍ਰਾਹਮਣ ਬਣ ਗਿਆ। ਦੂਜਾ ਬਾਹਵਾਂ ਵਿਚੋਂ ਪੈਦਾ ਹੋਇਆ, ਖੱਤਰੀ ਅਖਵਾਇਆ। ਤੀਜਾ ਪੱਟਾਂ ਵਿਚਕਾਰੋਂ ਜੰਮ ਪਿਆ ਵੈਸ਼ ਨਾਮ ਧਰਿਆ। ਚੌਥਾ ਪੈਰਾਂ ਵਿਚੋਂ ਜਮਾਇਆ ਤੇ ਸ਼ੂਦਰ ਗਰਦਾਨ ਦਿੱਤਾ। ਬ੍ਰਹਮਾ ਤੇ ਮੱਥੇ ਵਿਚੋਂ ਸ਼ਿਵ ਟਪੂਸੀ ਮਾਰ ਕੇ ਬਾਹਰ ਆ ਗਿਆ। ਦੁਰਗਾ ਦੇ ਮੱਥੇ ਵਿਚੋਂ ਕਾਲੀ ਦੇਵੀ ਸਮੇਤ ਹਥਿਆਰਾਂ ਦੇ ਖੌਰੂ ਪਾਉਂਦੀ, ਜੈਕਾਰੇ ਗਜਾਉਂਦੀ, ਛਾਲਾਂ ਮਾਰਦੀ ਆ ਪਹੁੰਚੀ। ਸਤਿਗੁਰੂ ਜੀ ਨੇ ਕੁਦਰਤੀ ਨਿਅਮ ਸਵੀਕਾਰ ਕੀਤਾ ਹੈ। ਇਸੇ ਲਈ ਉਨ੍ਹਾਂ ਨੇ ਗ੍ਰਿਸਤ ਨੂੰ ਮਾਨਤਾ ਦਿੱਤੀ ਹੈ। ਇਸਤਰੀ ਨੂੰ ਬਰਾਬਰ ਦਾ ਸਤਿਕਾਰ ਦਿੱਤਾ ਹੈ।

ਕੇਤੀ ਨਾਰਿ ਵਰੁ ਏਕੁ ਸਮਾਲਿ ॥ ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ ॥ (932)

ਹੇ ਭੈਣੋ! ਸੰਸਾਰ ਵਿਚ ਅਸੀ ਸਾਰੀਆਂ ਹੀ (ਜੀਵ) ਇਸਤਰੀਆਂ ਹਾਂ। ਸਾਰੀਆਂ ਇਸਤਰੀਆਂ ਦਾ ਵਰ (ਪਤੀ) ਕੇਵਲ ਇਕ ਹੈ। ਉਸੇ ਨਾਲ ਸੱਚਾ ਪਿਆਰ ਕਰਨਾ ਚਾਹੀਦਾ ਹੈ। ਗੁਰੂ ਨੇ ਇਹ ਗੱਲ ਚੰਗੀ ਤਰ੍ਹਾਂ ਸਮਝਾ ਦਿੱਤੀ ਹੈ ਕਿ ਨਿਰੰਕਾਰ ਨੂੰ ਯਾਦ ਰੱਖਣ ਵਿਚ ਹੀ ਜੀਵਨ ਹੈ। ਵਿਸਾਰ ਦੇਣ ਨਾਲ ਆਤਮਕ ਮੌਤ ਹੈ।

ਠਾਕੁਰ ਏਕੁ ਸਬਾਈ ਨਾਰਿ ॥ ਬਹੁਤੇ ਵੇਸ ਕਰੇ ਕੂੜਿਆਰ ॥
ਪਰ ਘਰਿ ਜਾਤੀ ਠਾਕਿ ਰਹਾਈ ॥ ਮਹਲਿ ਬੁਲਾਈ ਠਾਕ ਨ ਪਾਈ ॥ (933)

ਹੇ ਸੰਸਾਰ ਦੇ ਲੋਕੋ! ਕੀ ਵੰਡੀਆ ਪਾ ਛੱਡੀਆਂ ਹਨ? ਔਰਤ, ਮਰਦ ਵਿਚ ਕਿਉਂ ਭਿੰਨ ਭੇਦ ਰਖਦੇ ਹੋ? ਨਿਚੋੜ ਵਾਲੀ ਸਹੀ ਗੱਲ ਇਹ ਹੈ ਕਿ ਸ੍ਰਿਸ਼ਟੀ ਵਿਚ

ਕੇਵਲ ਇਕੋ "ਮਰਦ" ਹੈ। ਬਾਕੀ ਸਾਰੀਆਂ ਤਾਂ ਜਨਾਨੀਆਂ ਹਨ। ਉਸ ਪਰਮੇਸ਼ਰ ਦੀਆਂ ਪਤਨੀਆਂ। ਪਤੀ ਨਹੀਂ ਚਾਹੁੰਦਾ ਕਿ ਪਤਨੀ ਆਪਣੇ ਪਤੀ ਦਾ ਵਿਸ਼ਵਾਸ ਤੋੜਕੇ ਹੋਰਾਂ ਪਿੱਛੇ ਟੁਰੀ ਫਿਰੇ। ਬਹੁਤੇ ਹਾਰ ਸ਼ਿੰਗਾਰ ਕਰਨੇ, ਦੂਜਿਆਂ ਦਾ ਧਿਆਨ ਖਿੱਚਣ ਲਈ ਅਤਰ ਫੁਲੇਲ ਲਾਉਣੇ ਬੇਕਾਰ ਹਨ। ਅਜਿਹੀ ਭੈੜੀ ਮੱਤ ਵਾਲੀ ਔਰਤ ਨੂੰ ਪਤੀ ਸਖ਼ਤੀ ਨਾਲ ਬੁਰਾਈ ਵਲੋਂ ਰੋਕਦਾ ਹੈ। ਉਸ ਨੂੰ ਆਪਣੇ ਪਿਆਰ ਕਲਾਵੇ ਵਿਚ ਭਰ ਲੈਂਦਾ ਹੈ। ਇਨਾ ਪਿਆਰ ਮਾਣ ਕੇ ਫਿਰ ਉਹ ਹੋਰ ਕਿਸੇ ਪਾਸੇ ਝਾਕ ਨਹੀਂ ਰਖਦੀ।

ਪੁਰਖ ਮਹਿ ਨਾਰਿ, ਨਾਰਿ ਮਹਿ ਪੁਰਖਾ, ਬੂਝਹੁ ਬ੍ਰਹਮਗਿਆਨੀ ॥ (879)

ਹੇ ਭਾਈ! ਇਸਤਰੀ ਪੁਰਖ ਨੂੰ ਵੱਖੋ ਵੱਖ ਕਿਵੇਂ ਰਖੋਗੇ? ਦੋਵਾਂ ਵਿਚੋਂ ਕਉਣ ਉਤਮ ਹੈ, ਕੌਣ ਨੀਚ ਹੈ, ਕਿਵੇਂ ਨਿਰਣਾ ਕਰੋਗੇ? ਕਿਉਂਕਿ ਦੋਵਾਂ ਦੇ ਸੰਜੋਗ ਤੋਂ ਬਗੈਰ ਬੱਚਾ ਪੈਦਾ ਨਹੀਂ ਹੋ ਸਕਦਾ। ਜੇ ਬੇਟੀ ਨੂੰ ਮਾਂ ਜਨਮ ਦਿੰਦੀ ਹੈ ਤਾਂ ਬੇਟਾ (ਪੁਰਸ਼) ਭੀ ਤਾਂ ਔਰਤ ਤੋਂ ਹੀ ਪੈਦਾ ਹੁੰਦਾ ਹੈ। ਫਿਰ ਅੱਗੇ ਨਿਗਾਹ ਮਾਰੋ, ਪਿਤਾ (ਪੁਰਸ਼) ਦੇ ਬੀਰਜ ਤੋਂ ਹੀ ਬੇਟਾ ਜਨਮ ਲੈਂਦਾ ਹੈ ਤੇ ਉਸੇ ਦੇ ਬੀਰਜ ਤੋਂ ਬੇਟੀ ਜਨਮ ਲੈਂਦੀ ਹੈ। ਜਾਨੀ ਕਿ ਆਦਮੀ ਦੇ ਸਰੀਰ ਵਿਚ ਹੀ ਬੀਜ ਰੂਪ ਵਿਚ ਬੇਟੇ ਬੇਟੀਆਂ ਮੌਜੂਦ ਹਨ। ਕਿਸ ਨੂੰ ਚੰਗਾ ਮੰਦਾ ਆਖੋਗੇ? ਨਿਬੇੜਾ ਕਰਨਾ ਬਣਦਾ ਸੀ ਚੰਗੇ ਮੰਦੇ ਕਿਰਦਾਰ ਤੋਂ। ਨਿਬੇੜਾ ਕਰਨ ਲੱਗ ਪਏ ਸਰੀਰ ਦੀ ਬਣਤਰ ਦਾ। ਜੇ ਤੁਸੀਂ ਸੱਚ ਮੁੱਚ ਕੁੱਝ ਜਾਣਦੇ ਹੋ ਤਾਂ ਯਾਦ ਰੱਖੋ ਕਿ ਪੁਰਸ਼ ਔਰਤ ਵੱਲ ਖਿੱਚਿਆ ਚਲਾ ਜਾਂਦਾ ਹੈ। ਔਰਤ ਆਦਮੀ ਨੇੜੇ ਹੋਣਾ ਲੋਚਦੀ ਹੈ। ਇਕ ਤੋਂ ਬਿਨਾਂ ਦੂਜੀ ਧਿਰ ਅਧੂਰੀ ਹੈ। ਜ਼ਿੰਦਗੀ ਨੂੰ ਸੁਆਦਲੀ ਬਣਾਉਣ ਵਾਸਤੇ ਦੋਵਾਂ ਦਾ ਮਿਲਾਪ ਜ਼ਰੂਰੀ ਹੈ। ਸਤਿਗੁਰੂ ਜੀ ਨੇ ਇਸੇ ਕੁਦਰਤੀ ਸਿਧਾਂਤ ਨੂੰ ਮਾਨਤਾ ਦਿੱਤੀ ਹੈ।

ਏਤੇ ਅਉਰਤ ਮਰਦਾ ਸਾਜੇ ਏ ਸਭ ਰੂਪ ਤਮ੍ਹਾਰੇ ॥ (1349)

ਹੇ ਭਾਈ! ਦੁਨੀਆਂ 'ਤੇ ਜਿਤਨੇ ਮਰਦਾ ਅਤੇ ਔਰਤਾਂ ਹਨ, ਇਹ ਸਭ ਨਿਰੰਕਾਰ ਨੇ ਬਣਾਏ ਹਨ। ਸਾਰੇ ਉਸ ਦਾ ਆਪਣਾ ਰੂਪ ਹਨ। ਬੁਰਾ ਭਲਾ ਕੋਈ ਕਿਵੇਂ ਕਹਿ ਸਕਦਾ ਹੈ?

ਸੁੰਨਤਿ ਕੀਏ ਤੁਰਕੁ ਜੇ ਹੋਇਗਾ, ਅਉਰਤ ਕਾ ਕਿਆ ਕਰੀਐ ॥
ਅਰਧ ਸਰੀਰੀ ਨਾਰਿ ਨ ਛੋਡੈ, ਤਾ ਤੇ ਹਿੰਦੂ ਹੀ ਰਹੀਐ ॥ (477)

ਹੇ ਸੰਸਾਰੀ ਲੋਕੋ! ਧਾਂਰਮਕ ਕੱਟੜਤਾ ਤਿਆਗ ਦਿਉ। ਜੇ ਤੁਸੀ ਸਮਝਦੇ ਹੋ ਕਿ ਲਿੰਗ ਦੇ ਅਗਲੇ ਹਿੱਸੇ ਤੋਂ ਥੋੜ ਜਿੰਨਾ ਮਾਸ ਕੱਟ ਦੇਣ ਨਾਲ ਮੁਸਲਮਾਨ ਬਣ ਜਾਈਦਾ ਹੈ ਤਾਂ ਦੱਸੋ ਅਉਰਤ ਦੀ ਸੁੰਨਤ ਕਿਵੇਂ ਕਰੋਗੇ? ਇਸ ਦਾ ਮਤਲਬ ਇਹ

ਹੋਇਆ ਕਿ ਸੁੰਨਤ ਕਰਵਾ ਕੇ ਆਦਮੀ ਤਾਂ ਇਸਲਾਮ ਵਿਚ ਸ਼ਾਮਲ ਹੋ ਗਏ, ਧਰਮੀ ਹੋਣ ਦਾ ਭਰਮ ਪਾਲ ਲਿਆ ਪਰ ਕੀ ਔਰਤਾਂ ਸਾਰੀਆਂ ਮੁਸਲਮਾਨ ਨਹੀਂ ਹਨ ?ਉਨ੍ਹਾਂ ਦਾ ਕੋਈ ਧਰਮ ਨਹੀਂ ਹੈ ?ਫਿਰ ਤਾਂ ਮੁਸਲਮਾਨਾਂ ਵਿਚ ਅੱਧੀ ਆਬਾਕੀ ਮੁਸਲਮਾਨ ਹੀ ਨਹੀਂ ਹੈ। ਜੀਵਨ ਦਾ ਅੱਧ (ਅਰਧੰਗੀ) ਜੀਵਨ ਸਾਥਣ ਨੂੰ ਘਟੀਆ ਕਿਉਂ ਸਮਝਦੇ ਹੋ ?

ਜੋਰਾ ਪੁਰਖ ਸਭਿ ਆਪਿ ਉਪਾਇਨੁ, ਹਰਿ ਖੇਲ ਸਭਿ ਖਿਲਾ ॥
ਸਭ ਤੇਰੀ ਬਣਤ ਬਣਾਵਣੀ, ਨਾਨਕ ਭਲ ਭਲਾ ॥ (304)

ਹੇ ਭਾਈ ! ਕੋਈ ਉਚਾ ਨੀਂਵਾਂ ਨਹੀਂ ਹੈ, ਕੋਈ ਵੱਡਾ ਛੋਟਾ ਨਹੀਂ ਹੈ। ਔਰਤਾਂ ਅਤੇ ਮਰਦ ਸਾਰੇ ਇਕੋ ਪਰਮੇਸਰ ਨੇ ਪੈਦਾ ਕੀਤੇ ਹਨ। ਉਸੇ ਦੀ ਰਚਨਾ ਹੈ। ਉਸੇ ਦਾ ਖੇਲ ਹੈ। ਉਸ ਕਾਦਰ ਦੀ ਸਾਰੀ ਕੁਦਰਤ ਹੈ, ਇਸਨੂੰ ਭਲਾ ਕਰਕੇ ਸਵੀਕਾਰ ਕਰੋ। ਕਿ ਹਾਂ ਔਰਤਾਂ ਭੀ ਉਤਨੀਆਂ ਚੰਗੀਆਂ ਹਨ, ਜਿੰਨੇ ਆਦਮੀ। ਸੋ ਸਪਸ਼ਟ ਹੋਇਆ ਕਿ ਗੁਰਬਾਣੀ ਮੁਤਾਬਕ ਕੋਈ ਉਚਾ ਨੀਵਾਂ ਨਹੀਂ ਹੈ। ਗੁਰਬਾਣੀ ਨੇ ਤਾਂ ਸਗੋਂ ਬ੍ਰਾਹਮਣ ਦੀ ਬਣਾਈ ਜਾਤੀ ਵੰਡ ਪ੍ਰਣਾਲੀ ਨੂੰ ਮੂਲੋਂ ਹੀ ਰੱਦ ਕੀਤਾ ਹੈ। ਗੁਰੂ ਸਾਹਿਬ ਜੀ ਨੇ ਤਾਂ ਗਰਜਵੀ ਅਵਾਜ ਵਿਚ ਆਖਿਆ-

ਪਤਿਤ ਪਵਿਤ੍ਰ ਲੀਏ ਕਰ ਅਪਨੇ, ਸਗਲ ਕਰਤ ਨਮਸਕਾਰੋ ॥ ....
ਬਰਨੁ ਜਾਤਿ ਕੋਊ ਪੂਛੈ ਨਾਹੀ, ਬਾਛਹਿ ਚਰਨ ਰਵਾਰੋ ॥
ਸਾਧ ਸੰਗਿ ਨਾਨਕ ਬੁਧਿ ਪਾਈ, ਹਰਿ ਕੀਰਤਨੁ ਆਧਾਰੋ ॥
ਨਾਮਦੇਉ ਤ੍ਰਿਲੋਚਨੁ ਕਬੀਰ ਦਾਸਰੋ, ਮੁਕਤਿ ਭਇਓ ਚੰਮਿਆਰੋ ॥ (498)

ਹੇ ਭਾਈ! ਨਿੰਰਕਾਰ ਦੀ ਹਿਰਦੇ ਵਿਚ ਯਾਦ ਅਤੇ ਨੇਕ ਜੀਵਨ ਦੀ ਬਦੌਲਤ ਅਪਵਿੱਤਰ ਅਤੇ ਨੀਚ ਮੰਨੇ ਜਾ ਰਹੇ ਵਿਅਕਤੀ ਪਵਿੱਤਰ ਹੋ ਗਏ ਹਨ। ਇਨ੍ਹਾਂ ਦੇ ਗੁਣਾਂ ਕਾਰਨ ਲੋਕੀਂ ਨਮਸ਼ਕਾਰਾਂ ਕਰਦੇ ਹਨ, ਮੱਥੇ ਟੇਕਦੇ ਹਨ। ਹੁਣ ਜਾਤ ਬਾਰੇ ਪੁੱਛਣ ਦੀ ਗ਼ਲਤੀ ਕੋਈ ਨਹੀਂ ਕਰਦਾ। ਸਗੋਂ ਇਨ੍ਹਾਂ ਰਾਹੀਂ ਗਿਆਨ ਲੈ ਕੇ ਆਪਣਾ ਜੀਵਨ ਸੰਵਾਰਨਾ ਚਾਹੁੰਦੇ ਹਨ। ਅਜਿਹੀ ਉੱਚੀ ਬੁੱਧੀ (ਗਿਆਨ) ਗੁਰੂ ਤੋਂ ਪ੍ਰਾਪਤ ਹੋਈ। ਜਿਸ ਨੇ ਸਾਨੂੰ ਨਿਰੰਕਾਰ ਨਾਲ ਜੋੜ ਦਿੱਤਾ। ਇਸ ਤਰ੍ਹਾਂ ਨਾਮਦੇਵ ਜੀ, ਤਿਲੋਚਨ ਜੀ, ਕਬੀਰ ਜੀ ਅਤੇ ਚਮੜੇ ਦਾ ਕੰਮ ਕਰਨ ਵਾਲੇ ਰਵਿਦਾਸ ਜੀ ਚਮਿਆਰ ਮੁਕਤ ਹੋ ਗਏ। ਆਮ ਲੋਕਾਈ ਵਾਸਤੇ ਇਨ੍ਹਾਂ ਦਾ ਜੀਵਨ ਨਮੂਨਾ ਬਣ ਗਿਆ। ਅਤੀ ਨੀਵੇਂ ਆਖੇ ਜਾਂਦੇ ਭਗਤ ਜਨ ਸਤਿਕਾਰਯੋਗ ਹੋ ਗਏ। ਸਿੱਖਾਂ ਦੇ ਪ੍ਰਚਾਰਕ, ਸਾਧ ਟੋਲੇ ਅਤੇ ਲੇਖਕ ਕਦੀ ਅਕਲ ਦਾ ਕੋਈ ਖਾਨਾ ਖੋਲ੍ਹ ਕੇ ਸੋਚਣ ਦੀ ਖੇਚਲ ਕਰਨਗੇ ਕਿ ਜੋ ਗੁਰਬਾਣੀ ਅਤੀ ਨੀਵਿਆਂ ਨੂੰ ਉੱਚਾ

ਹੋਣ ਦਾ ਐਲਾਨ ਕਰ ਰਹੀ ਹੈ, ਉਹ ਔਰਤਾਂ ਨੂੰ ਨੀਵੀਆਂ ਸਵੀਕਾਰ ਕਿਵੇਂ ਕਰ ਸਕਦੀ ਹੈ? ਸਟੇਜਾਂ 'ਤੇ ਜਾਤੀ ਦੇ ਵਿਰੁਧ ਬੋਲਿਆ ਜਾਂਦਾ ਹੈ, ਪਰ ਜਾਤੀ ਪ੍ਰਬੰਧ ਨੂੰ ਤਿਆਗਣਾ ਬੜਾ ਔਖਾ ਹੈ। ਔਰਤ ਤਾਂ ਮਾਤਾ ਹੈ, ਭੈਣ ਹੈ, ਪਤਨੀ ਹੈ, ਬੇਟੀ ਹੈ। ਫਿਰ ਨੀਵੀਂ ਕਿਵੇਂ ਹੋ ਗਈ? ਭਾਈ ਗੁਰਦਾਸ ਜੀ ਦੀ ਇਕ ਪਉੜੀ ਵਿਚਾਰ ਕੇ ਵੇਖੀਏ-

ਪੇਵਕੜੇ ਘਰ ਲਾਡਲੀ, ਮਾਉ ਪੀਉ ਖਰੀ ਪਿਆਰੀ॥
ਵਿਚ ਭਰਾਵਾਂ ਭੈਣੜੀ, ਨਾਨਕ ਦਾਦਕ ਸ ਪ੍ਰਵਾਰੀ॥
ਲਖ ਖਰਚ ਵੀਆਹੀਐ, ਗਹਣੇ ਸਾਜ ਦਾਸ ਅਤਿ ਭਾਰੀ॥
ਸਾਹੁਰੜੇ ਘਰ ਮੰਨੀਐ, ਸਨਖਤੀ ਪਰਵਾਰ ਸੁਧਾਰੀ॥
ਸੁਖ ਮਾਨੈ ਪਿਰ ਸੇਜੜੀ, ਛਤੀਹ ਭੋਜਨ ਸਦਾ ਸ਼ਿਗਾਰੀ॥
ਲੋਕ ਵੇਦ ਗੁਣ ਗਿਆਨ ਵਿਚ ਅਰਧ ਸਰੀਰੀ ਮੋਖ ਦੁਆਰੀ॥
ਗੁਰਮੁਖਿ ਸੁਖ ਫਲ ਨਿਹਚਉ ਨਾਰੀ॥ (ਵਾਰ 5-ਪਉੜੀ16)

ਹੇ ਭਾਈ! ਸਿਆਣੇ ਮਾਤਾ ਪਿਤਾ ਬੇਟੀ ਨੂੰ ਪੂਰਾ ਲਾਡ ਪਿਆਰ ਦਿੰਦੇ ਹਨ। ਚੰਗੀ ਵਿਦਿਆ ਤੇ ਚੰਗੇ ਇਨਸਾਨੀ ਗੁਣਾਂ ਨਾਲ ਭਰਪੂਰ ਕਰ ਦਿੰਦੇ ਹਨ। ਭਰਾਵਾਂ ਵਿਚ ਬ੍ਰਾਬਰ ਦਾ ਆਦਰ ਦਿੱਤਾ ਜਾਂਦਾ ਹੈ। ਭੈਣ ਤੋਂ ਬਿਨਾਂ ਭਰਾਵਾਂ ਨੂੰ ਇਸ ਕੋਮਲ ਰਿਸ਼ਤੇ ਦਾ ਪਤਾ ਹੀ ਨਹੀਂ ਲਗਦਾ। ਉਧਰ ਲੜਕੀ ਦੇ ਨਾਨਕੇ ਬੁਲਾ ਕੇ ਆਪਣੇ ਪਿਆਰ ਦਾ ਇਜ਼ਹਾਰ ਕਰਦੇ ਹਨ। ਇਧਰ ਦਾਦਕੇ ਆਪਣੇ ਵਲੋਂ ਕੋਈ ਕਸਰ ਬਾਕੀ ਨਹੀਂ ਛੱਡਦੇ। ਦੋ ਵੱਡੇ ਖਾਨਦਾਨਾਂ ਵਲੋਂ ਪਿਆਰ ਭਰਿਆ ਹੁੰਘਾਰਾ ਮਿਲਦਾ ਹੈ। ਜੁਆਨ ਹੋ ਜਾਣ 'ਤੇ ਸਾਰੇ ਰਲ ਮਿਲ ਕੇ ਬੇਟੀ ਦਾ ਵਿਆਹ ਕਰਦੇ ਹਨ। ਆਪਣੀ ਹੈਸੀਅਤ ਮੁਤਾਬਕ ਵੱਧ ਤੋਂ ਵੱਧ ਪੈਸਾ ਖਰਚਦੇ ਹਨ ਤਾਂ ਕਿ ਸਾਡੀ ਧੀ ਕਿਸੇ ਚੀਜ਼ ਵਲੋਂ ਘਾਟ ਮਹਿਸੂਸ ਨਾ ਕਰੇ। ਨੇਕ ਬੇਟੀ ਦਾ ਸਹੁਰੇ ਘਰ ਵਿਚ ਪੂਰਾ ਸਤਿਕਾਰ ਕੀਤਾ ਜਾਂਦਾ ਹੈ ਕਿਉਂਕਿ ਉਹ ਚੰਗੇ ਖਾਨਦਾਨ ਵਿਚੋਂ ਆਈ ਹੈ। ਸਾਰੇ ਗੁਣਾਂ ਨਾਲ ਭਰਪੂਰ ਹੈ। ਅਜਿਹੀ ਲੜਕੀ ਨੂੰ ਉਸਦਾ ਪਤੀ ਪੂਰਾ ਸਤਿਕਾਰ ਦਿੰਦਾ ਹੈ। ਹਰ ਕੰਮ ਵਿਚ ਉਸਦੀ ਸਲਾਹ ਲਈ ਜਾਂਦੀ ਹੈ। ਉਸਨੂੰ ਖਾਣ ਪਹਿਨਣ ਦੀ ਕਦੀ ਤੋਟ ਨਹੀਂ ਆਉਣ ਦਿਤੀ ਜਾਂਦੀ। ਹਰ ਤਰ੍ਹਾਂ ਦੇ ਵਿਹਾਰ ਵਿਚ ਉਹ ਪੂਰੀ ਹੈ, ਸਾਰੇ ਤਰ੍ਹਾਂ ਦਾ ਉਸ ਨੂੰ ਗਿਆਨ ਹੈ। ਵੱਡੇ ਛੋਟੇ ਨਾਲ ਵਰਤਣ ਦੀ ਉਸ ਨੂੰ ਚੰਗੀ ਤਰ੍ਹਾਂ ਸਮਝ ਹੈ। ਅਜਿਹੀ ਗੁਣਵਾਨ ਲੜਕੀ ਆਪਣੇ ਪਤੀ ਲਈ "ਅਰਧ ਸਰੀਰੀ" (ਜੀਵਨ ਦਾ ਜਰੂਰੀ ਅੱਧ) ਬਣ ਜਾਂਦੀ ਹੈ। ਆਦਮੀ ਕਿਤੇ ਹੋਰ ਭਟਕਦਾ ਨਹੀਂ ਫਿਰਦਾ। ਪਰਾਈਆਂ ਔਰਤਾਂ ਨਾਲ ਸਾਂਝ ਪਾ ਕੇ ਪਾਪ ਨਹੀਂ ਕਮਾਉਂਦਾ।

ਆਪਣੀ ਪਤਨੀ ਪ੍ਰਤੀ ਵਫ਼ਾਦਾਰ ਰਹਿੰਦਾ ਹੈ। ਦੋਵਾਂ ਦੇ ਪਿਆਰ ਭਰੇ ਸਬੰਧਾਂ ਵਿਚ ਹੀ ਅਸਲੀ ਮੁਕਤੀ ਹੈ। ਜਿਸ ਨੂੰ ਬ੍ਰਾਹਮਣੀ ਗ੍ਰੰਥਾਂ ਨੇ "ਨਰਕ ਦੁਆਰੀ" ਆਖ ਕੇ ਨਿੰਦਿਆ ਸੀ। ਭਾਈ ਗੁਰਦਾਸ ਜੀ ਉਸ ਨੂੰ ਮੁਕਤੀ ਦੇਣ ਵਾਲੀ ਕਹਿ ਕੇ ਮਾਣ ਦੇ ਰਹੇ ਹਨ। ਅਜਿਹੀ ਨੇਕ ਬਖਤ ਇਸਤਰੀ ਗੁਰੂ ਦੇ ਆਖੇ ਵਿਚ ਰਹਿੰਦੀ ਹੈ। ਗੁਰਮਤਿ ਦੀ ਧਾਰਨੀ ਬਣ ਕੇ ਚੰਗੀ ਗੁਰਸਿੱਖ ਅਖਵਾਉਂਦੀ ਹੈ। ਅਜਿਹੀ ਲੜਕੀ ਸਾਰੇ ਸੁੱਖ ਪ੍ਰਾਪਤ ਕਰ ਲੈਂਦੀ ਹੈ। ਸਾਰਿਆਂ ਦੇ ਵਿਸ਼ਵਾਸ ਦੀ ਪਾਤਰ ਬਣ ਜਾਂਦੀ ਹੈ। ਕਾਸ਼ ਕਿ ਸਿੱਖਾਂ ਦੇ ਮੁਖੀ ਅਜਿਹੇ ਉੱਤਮ ਵੀਚਾਰਾਂ ਨੂੰ ਮਨੁੱਖ ਮਾਤਰ ਤੱਕ ਵੱਧ ਤੋਂ ਵੱਧ ਪਹੁੰਚਾਉਣ ਦਾ ਉਪਰਾਲਾ ਕਰਦੇ। ਬੀਬੀਆਂ ਬਾਰੇ ਗੁਰਮਤਿ ਦੇ ਨਜ਼ਰੀਏ ਦੀ ਉਨ੍ਹਾਂ ਨੂੰ ਸਮਝ ਪੈਂਦੀ। ਔਰਤਾਂ ਦਰ ਦਰ 'ਤੇ ਭਟਕਣ ਦੀ ਥਾਵੇਂ, ਗੁਰਬਾਣੀ ਨੂੰ ਆਪਣਾ ਸੱਚਾ ਰਹਿਬਰ ਮੰਨਦੀਆਂ, ਜੋ ਇਨ੍ਹਾਂ ਨੂੰ ਬ੍ਰਾਬਰ ਦੀਆਂ ਇਨਸਾਨ ਹੋਣ ਦਾ ਅਹਿਸਾਸ ਜਗਾਉਂਦੀ ਹੈ।

ਔਰਤ ਅਤੇ ਜਾਦੂ ਟੂਣੇ

ਅਗਰ ਦਿਮਾਗ ਦੀ ਵਰਤੋਂ ਕਰਦਿਆਂ ਆਲੇ ਦੁਆਲੇ ਵਰਤਦੇ ਵਰਤਾਰੇ ਨੂੰ ਵੇਖ ਕੇ ਸਹਿਜੇ ਹੀ ਸਮਝ ਆ ਸਕਦੀ ਹੈ ਕਿ ਤਾਕਤਵਰ ਧਿਰ ਨੂੰ ਚਲਾਕੀਆਂ ਹੇਰਾ ਫੇਰੀਆਂ ਕਰਨ ਦੀ ਉੱਕਾ ਲੋੜ ਨਹੀਂ ਪੈਂਦੀ, ਕਿਉਂਕਿ ਉਸ ਨੇ ਆਪਣੀ ਤਾਕਤ ਦੇ ਬਲਬੂਤੇ ਹੁਕਮ ਮਨਵਾ ਲੈਣਾ ਹੈ। ਦੂਜੀ ਧਿਰ ਤੋਂ ਆਪਣੀ ਮਰਜ਼ੀ ਦੇ ਕੰਮ ਕਰਵਾ ਲੈਣੇ ਹਨ। "ਤਾਕਤ" ਹੀ ਉਸ ਦਾ ਮੰਤਰ ਹੈ, ਜਾਦੂ ਟੂਣਾ ਹੈ। ਸ਼ਕਤੀਸ਼ਾਲੀ ਲੋਕਾਂ ਨੂੰ ਉਤਨੀਆਂ ਪ੍ਰੇਸ਼ਾਨੀਆਂ ਨਹੀਂ ਹੁੰਦੀਆਂ, ਜਿਨੀਆਂ ਕਮਜ਼ੋਰ ਧਿਰਾਂ ਨੂੰ ਹੋਇਆ ਕਰਦੀਆਂ ਹਨ। ਘਰਾਂ ਵਿਚ ਬੱਚੇ ਉਸ ਹਾਲਤ ਵਿਚ ਝੂਠ ਬੋਲਦੇ ਹਨ। ਜਦੋਂ ਪਤਾ ਹੋਵੇ ਮਾਂ ਪਿਉ ਨੇ ਮਾਰਨਾ ਹੈ, ਪਰ ਚਲਾਕੀ ਵਰਤ ਕੇ ਬਚਿਆ ਜਾ ਸਕਦਾ ਹੈ। ਜੇ ਵਿਸ਼ਵਾਸ ਹੋ ਜਾਵੇ ਕਿ ਗਲਤੀ ਭਾਵੇਂ ਹੋ ਗਈ, ਪਰ ਸੱਚ ਬੋਲਣ 'ਤੇ ਸਜ਼ਾ ਨਹੀਂ ਮਿਲੇਗੀ, ਤਾਂ ਉਹ ਝੂਠ ਦਾ ਸਹਾਰਾ ਨਹੀਂ ਲੈਂਦੇ। ਅਗਰ ਆਮ ਇਨਸਾਨ ਨੂੰ ਇਸ ਮਨੋਵਿਗਿਆਨ ਦੀ ਸਮਝ ਆ ਜਾਵੇ ਤਾਂ ਉਹ ਔਰਤਾਂ ਵਲੋਂ ਕੀਤੇ ਜਾਂਦੇ ਜਾਦੂ ਟੂਣਿਆਂ ਦੀ ਜੜ ਤੱਕ ਪਹੁੰਚ ਸਕਦਾ ਹੈ। ਜੋ ਧਿਰ ਸਰੀਰਕ ਪੱਖੋਂ ਨਿਤਾਣੀ ਹੈ। ਜੋ ਧਿਰ ਆਰਥਕ ਪੱਖੋਂ ਕੰਗਾਲ ਹੈ। ਜਿਸ ਕੋਲ ਜ਼ਮੀਨ ਘਰ ਆਦਿ ਦੀ ਮਾਲਕੀ ਨਹੀਂ ਹੈ। ਜਿਸ ਨੂੰ ਘਰ ਤੋਂ ਬਾਹਰ ਜਾ ਕੇ ਕੰਮ ਕਰ ਕੇ ਰੁਜ਼ਗਾਰ ਕਮਾ ਲੈਣ ਦੀ ਹਿੰਮਤ ਹੀ ਨਹੀਂ ਦਿੱਤੀ ਗਈ। ਜਿਸ ਨੂੰ ਹਰ ਆਮ ਤੇ ਖਾਸ ਵਿਅਕਤੀ ਹਾਬੜੀਆਂ ਨਜ਼ਰਾਂ ਨਾਲ ਵੇਖੇ। ਜੋ ਘਰ ਦੇ ਅੰਦਰ ਅਤੇ ਘਰ ਤੋਂ ਬਾਹਰ ਕਿਤੇ ਭੀ ਸੁਰੱਖਿਅਤ ਨਾ ਹੋਵੇ। ਜਦੋਂ ਦਿਲ ਕਰੇ ਕੋਈ ਉਸ ਦਾ ਅਪਮਾਨ ਕਰੇ ਜਾਂ ਘਰੋਂ ਬਾਹਰ ਨਿਕਲ ਜਾਣ ਦੀ ਧਮਕੀ ਦੇ ਦੇਵੇ। ... ਅਜਿਹੀ ਅਵਸਥਾ ਵਿਚ ਔਰਤ ਕੋਲ ਆਖਰੀ ਹਥਿਆਰ ਰਹਿ ਜਾਂਦਾ ਹੈ "ਜਾਦੂ ਟੂਣੇ"।

ਭਾਰਤ ਦਾ ਇਤਿਹਾਸ ਪੜ੍ਹ ਕੇ ਪਤਾ ਲਗਦਾ ਹੈ ਕਿ ਇਥੋਂ ਦੇ ਵਸਨੀਕ ਸਦੀਆਂ ਤਕ ਗੁਲਾਮੀ ਵਾਲੇ ਨਰਕੀ ਜੀਵਨ ਤੋਂ ਨਿਜਾਤ ਨਾ ਪਾ ਸਕੇ। ਇਨ੍ਹਾਂ ਦੇ ਘਰ ਲੁੱਟੇ ਗਏ ਜ਼ਮੀਨਾਂ ਜਾਇਦਾਦਾਂ ਤੋਂ ਵਾਂਝੇ ਕਰ ਦਿੱਤੇ ਗਏ। ਜੁਆਨ ਬਹੂ ਬੇਟੀਆਂ ਨੂੰ ਜਰਵਾਣਿਆਂ ਨੇ ਆਪਣੀ ਹਵਸ਼ ਦੀਆਂ ਸ਼ਿਕਾਰ ਬਣਾਇਆ। ਧਰਮ ਅਸਥਾਨ ਮਿੱਟੀ ਵਿਚ ਮਿਲਾ ਦਿੱਤੇ ਗਏ। ਦਸਤਾਰ ਬੰਨ੍ਹਣ 'ਤੇ ਰੋਕ ਲਾ ਦਿੱਤੀ ਗਈ। ਝੰਡੇ ਝੂਲਣੋਂ ਰਹਿ ਗਏ। ਢੋਲ ਨਗਾਰੇ ਗੂੰਗੇ ਹੋ ਗਏ। ਘੋੜਿਆਂ ਦੀ ਸਵਾਰੀ ਕਰਨ 'ਤੇ ਪਾਬੰਦੀ ਲਾ ਦਿੱਤੀ ਗਈ। ਸਾਰੇ ਤਰ੍ਹਾਂ ਦੇ ਹਥਿਆਰ ਖੋਹ ਲਏ। "ਧਰਮ" ਪੈਰਾਂ ਵਿਚ ਰੋਲ

ਦਿੱਤਾ। ਅਣਖ ਸਵੈਮਾਣ ਧੂੜ ਬਣ ਕੇ ਉੱਡ ਗਏ। ਜਿਸ ਕਿਸੇ ਨੇ ਅਧਿਕਾਰ ਪ੍ਰਾਪਤ ਕਰਨ ਦੀ ਜਰਾ ਜਿੰਨੀ "ਗੁਸਤਾਖੀ" ਕੀਤੀ, ਉਸ ਦੇ ਟੁਕੜੇ ਕਰ ਕੇ ਕਾਵਾਂ ਕੁੱਤਿਆਂ ਅੱਗੇ ਸੁੱਟ ਦਿੱਤਾ। ਬਚੇ ਹੋਏ ਲੋਕਾਂ ਨੇ ਲੰਮੇ ਪੈ ਕੇ ਹਾਕਮ ਧਿਰ ਦੀ ਗੁਲਾਮੀ ਸਵੀਕਾਰ ਕਰ ਲਈ। ਬਚੇ ਹੋਏ ਲੋਕਾਂ ਵਿਚੋਂ ਬਹੁਤ ਸਾਰੇ ਜੰਗਲਾਂ ਵੱਲ ਨੱਸ ਗਏ। ਸਾਰੇ ਬੰਨਿਉ ਨਿਰਾਸ, ਮਾਯੂਸ ਲੋਕ ਦੁਸ਼ਮਣ ਤੋਂ ਬਦਲਾ ਲੈਣਾ ਚਾਹੁੰਦੇ ਸਨ। ਆਪਣਾ ਖੁੱਸਿਆ ਹੋਇਆ ਰਾਜ ਭਾਗ ਇੱਜ਼ਤ ਮਾਣ ਵਾਪਸ ਪ੍ਰਾਪਤ ਕਰਨਾ ਚਾਹੁੰਦੇ ਸਨ। ਬਿਨਾਂ ਕਿਸੇ ਲੰਮੀ ਸਕੀਮ ਤੋਂ ਰਾਜ ਗੱਦੀ 'ਤੇ ਬੈਠਣਾ ਚਾਹੁੰਦੇ ਸਨ। ਨੰਗੇ ਧੜ ਖਾਲੀ ਹੱਥ ਦੁਸ਼ਮਣ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਸਨ। ਅਜਿਹੀ ਨਿੱਘਰੀ ਹੋਈ ਮਾਨਸਿਕ ਦਸ਼ਾ ਵਿਚੋਂ ਜਾਦੂ ਮੰਤਰਾਂ ਦਾ ਜਨਮ ਹੋਇਆ ਮੰਨਿਆਂ ਜਾ ਸਕਦਾ ਹੈ। ਅਜਿਹਾ ਕੋਈ ਮੰਤਰ ਤਿਆਰ ਕਰੀਏ ਕਿ ਦੂਰ ਬੈਠੇ ਹੀ ਮੰਤਰ ਸ਼ਕਤੀ ਦੁਆਰਾ ਸਾਰੇ ਦੁਸ਼ਮਣਾਂ ਨੂੰ ਭਸਮ ਕਰ ਦੇਈਏ। ਵਿਰੋਧੀਆਂ ਨੂੰ ਅੰਨ੍ਹੇ ਕਰ ਦੇਈਏ, ਪਾਗਲ ਹੋ ਜਾਣ ਸਾਰੇ ਦੁਸ਼ਮਣ। ਦੁਸ਼ਮਣ ਦੀਆਂ ਫ਼ੌਜਾਂ ਦੇ ਮੁਕਾਬਲੇ ਸਾਡੇ ਕੋਲ ਕੋਈ ਫ਼ੌਜ ਨਹੀਂ, ਤੋਪਾਂ ਨਹੀਂ, ਹਾਥੀ ਘੋੜੇ ਨਹੀਂ। ਹਾਂ ਕਠਨ ਤਪੱਸਿਆ ਕਰ ਕੇ, ਚਲੀਹੇ ਕੱਟ ਕੇ, ਮੰਤਰ ਜਾਪ ਕਰ ਕੇ, ਸਿਮਰਨ ਕਰ ਕੇ ਅਜਿਹਾ "ਅਮੋਘ ਬਣ" (ਐਟਮ ਬੰਬ) ਤਿਆਰ ਕਰ ਲਈਏ ਕਿ ਦੂਰੋਂ ਹੀ ਦੁਸ਼ਮਣ ਨੂੰ ਸਪੁਰਦੇ ਖਾਕ ਕਰ ਦੇਈਏ।

ਜੋ ਲੋਕ ਜ਼ਿੰਦਗੀ ਦੀਆਂ ਕਠੋਰ ਸੱਚਾਈਆਂ ਦਾ ਸਾਹਮਣਾ ਨਾ ਕਰ ਸਕੇ। ਹਰ ਮੁਹਾਜ 'ਤੇ ਹਾਰ ਚੁੱਕੇ ਕਾਇਰ ਲੋਕ ਆਪਣਾ ਕਾਲਪਨਿਕ (ਸੁਪਨਮਈ) ਸੰਸਾਰ ਸਿਰਜ ਲੈਂਦੇ ਹਨ। ਲਾਲ ਪੀਲੇ, ਨੀਲੇ, ਚਿੱਟੇ ਬਸਤਰ ਪਹਿਨ ਕੇ ਕਿਸੇ ਧਰਮ ਦਾ ਲੇਬਲ ਚਿਪਕਾ ਕੇ ਧਰਮ ਅਸਥਾਨ ਉਸਾਰ ਕੇ, ਟੁੱਕੜਬੋਚ ਸੇਵਕਾਂ ਰਾਹੀਂ ਆਪਣੇ ਬਾਰੇ ਵੱਡਾ ਧਰਮੀ ਪੁਰਖ ਹੋਣ ਦਾ ਢੋਲ ਪਿੱਟਦੇ ਹਨ। ਆਪਣੀ ਪੂਜਾ ਕਰਵਾਉਂਦੇ ਹਨ ਤੇ ਵੇਹਲੇ ਬੈਠੇ ਗੁਲਛਰਰੇ ਉਡਾਉਂਦੇ ਹਨ। ਇਸ ਪਿਛੋਕੜ ਨੂੰ ਸਮਝਣ ਤੋਂ ਮਗਰੋਂ ਪਾਠਕਾਂ ਨੂੰ ਉਨ੍ਹਾਂ ਟੂਣੇ ਟਾਮਣਾਂ ਦੀ ਸੌਖਿਆਂ ਸਮਝ ਆ ਜਾਵੇਗੀ ਜੋ ਔਰਤ ਵਰਗ ਵੱਲੋਂ ਵਰਤੋਂ ਵਿਚ ਲਿਆਂਦੀ ਜਾ ਰਹੀ ਹੈ। ਸਦੀਆਂ ਤੋਂ ਇਸਤਰੀ ਗੁਲਾਮੀ ਵਾਲਾ ਜੀਵਨ ਬਤੀਤ ਕਰਨ ਲਈ ਮਜਬੂਰ ਹੈ। ਘਰ ਦੀ ਚਾਰ ਦੀਵਾਰੀ ਵਿਚ ਕੈਦ ਹੈ। ਬੱਚਿਆਂ ਨੂੰ ਜਨਮ ਦੇਣਾ ਅਤੇ ਪੰਦਰਾਂ ਵੀਹ ਸਾਲ ਤੱਕ ਉਨ੍ਹਾਂ ਦੀ ਸੇਵਾ ਸੰਭਾਲ ਲਈ ਲੇਖੇ ਲਾ ਦੇਣੇ ਸੁਭਾਵਕ ਹੈ। ਸੱਸ ਸਹੁਰਾ ਨਾਰਾਜ਼ ਨਾ ਹੋ ਜਾਣ। "ਪਤੀ ਪਰਮੇਸ਼ਰ" ਕਿਤੇ ਅੱਖਾਂ ਨਾ ਫੇਰ ਜਾਵੇ। ਕਿਤੇ ਬਦਨਾਮੀ ਵਾਲਾ ਕੋਈ ਦਾਗ ਨਾ ਲੱਗ ਜਾਵੇ। ਜੇ ਕੋਈ ਮੁਸੀਬਤ ਆਣ ਪਈ ਫਿਰ ਮੇਰਾ ਰਾਖਾ ਕੌਣ ਹੋਵੇਗਾ...? ਅਜਿਹੇ ਅਣਗਿਣਤ ਮਸਲੇ ਹਨ ਜਿਨ੍ਹਾਂ ਤੋਂ ਬਚਣ ਦਾ ਕੋਈ ਉਪਾਅ ਨਹੀਂ ਹੈ।

ਪੈਸਾ ਨਹੀਂ ਸਿਆਣਪ ਨਹੀਂ, ਵਿਦਿਆ ਨਹੀਂ, ਸਵੈ ਵਿਸ਼ਵਾਸ ਨਹੀਂ। ਆਖਰੀ ਅਮੋਘ ਬਾਣ ਰਹਿ ਗਿਆ "ਜਾਦੂ ਮੰਤਰ ਟੂਣੇ"। ਜੋਗੀਆਂ, ਤਾਂਤਰਿਕਾਂ, ਪੰਡਿਤਾਂ, ਸਾਧਾਂ, ਸੰਤਾਂ ਤੋਂ ਮੰਤਰ ਲੈਣੇ ਤੇ ਟੂਣੇ ਕਰਨੇ, ਕਰਾਉਣੇ। ਪਤੀ ਨੂੰ ਮੰਤਰਾਂ ਦੁਆਰਾ ਆਪਣੇ ਕਾਬੂ ਵਿਚ ਰੱਖਣਾ। ਕੋਈ ਹੋਰ ਸੋਹਣੀ ਔਰਤ ਆਪਣੇ ਰੂਪ ਦਾ ਜਾਦੂ ਸੁੱਟ ਕੇ ਮੇਰੇ ਪਤੀ ਨੂੰ ਆਪਣੇ ਮਗਰ ਲਾ ਕੇ ਨਾ ਲੈ ਜਾਵੇ। ਇਸ ਤੋਂ ਬਚਾ ਕੇ ਰੱਖਣਾ ਪਵੇਗਾ। ਸੱਸ ਸਹੁਰਾ, ਨਣਾਨ, ਦਰਾਣੀਆਂ, ਜੇਠਾਣੀਆਂ ਅਤੇ ਗੁਆਂਢਣਾਂ ਦੀਆਂ ਭੈੜੀਆਂ ਨਜ਼ਰਾਂ ਤੋਂ ਬਚਾਉਣਾ। ਇਨ੍ਹਾਂ ਕਮਜ਼ੋਰ ਬੀਬੀਆਂ ਦੀ "ਸਹਾਇਤਾ" ਵਾਸਤੇ ਅਣਗਿਣਤ ਸ਼ਿਕਾਰੀ "ਵਸੀਕਰਣ ਮੰਤਰਾਂ" ਦੀਆਂ ਬੋਰੀਆਂ ਭਰ ਕੇ ਦੁਕਾਨਾਂ ਸਜਾਈ ਬੈਠੇ ਹਨ। ਪੰਜ ਦਸ ਰੁਪਏ ਤੋਂ ਸ਼ੁਰੂ ਹੋ ਕੇ ਇਨ੍ਹਾਂ ਮੰਤਰਾਂ ਉਪਾਵਾਂ ਦੀ ਕੀਮਤ ਹਨੂਮਾਨ ਦੀ ਪੂਛ ਵਾਂਗ ਵਧਦੀ ਚਲੀ ਜਾਂਦੀ ਹੈ।

ਆਪਣੇ ਇਕ ਵਾਕਫ ਸੱਜਣ ਦੇ ਘਰ ਜਾਣ ਦਾ ਸਬੱਬ ਬਣ ਗਿਆ। ਉਨ੍ਹਾਂ ਦੇ ਘਰ ਵਿਚ ਕਾਫੀ ਦੇਰ ਤੋਂ ਪ੍ਰੇਸ਼ਾਨੀ ਚੱਲ ਰਹੀ ਸੀ। ਬੇਟੀ ਦਾ ਰਿਸ਼ਤਾ ਤਹਿ ਕੀਤਾ, ਮੰਗਣੀ ਹੋ ਗਈ। ਦਾਜ ਦੀ ਮੰਗ ਪੂਰੀ ਨਾ ਕਰ ਸਕਣ ਕਰ ਕੇ ਮੰਗਣੀ ਤੋੜਨੀ ਪਈ। ਦੂਜੀ ਥਾਵੇਂ ਚੰਗਾ ਪ੍ਰਵਾਰ ਜਾਣ ਕੇ ਮੰਗਣੀ ਕੀਤੀ ਤੇ ਨਾਲ ਹੀ ਚੰਗਾ ਚੋਖਾ ਦਾਜ ਦੇ ਕੇ ਵਿਆਹ ਕਰ ਦਿੱਤਾ। ਕੁੱਝ ਕਾਰਨਾਂ ਕਰ ਕੇ ਦੋ ਕੁ ਮਹੀਨਿਆਂ ਅੰਦਰ ਇਥੇ ਭੀ ਅਣਬਣ ਹੋ ਗਈ, ਰੋਂਦੀ ਵਿਲਕਦੀ ਲੜਕੀ ਮਾਤਾ ਪਿਤਾ ਕੋਲ ਆ ਗਈ। ਕਿਸੇ "ਸਿਆਣੇ" ਨੇ ਨੇਕ ਰਾਏ ਦਿੱਤੀ ਕਿ ਸੰਤ ਘੋਗੜ ਸਿੰਘ ਜੀ ਬੜੇ ਨਾਮ ਰਸੀਏ ਤੇ ਕਰਨੀ ਵਾਲੇ ਹਨ। ਉਹ ਸਾਰੀਆਂ ਓਪਰੀਆਂ ਹਵਾਵਾਂ ਬਲਾਵਾਂ ਨੂੰ ਕਾਬੂ ਕਰਨ ਦੇ ਨੁਸਖੇ ਜਾਣਦੇ ਹਨ। ਉਨ੍ਹਾਂ ਨੇ ਤਾਂ ਅਣਗਿਣਤ ਉੱਜੜੇ ਪ੍ਰਵਾਰਾਂ ਨੂੰ ਬਸਾਇਆ ਹੈ। ਪਤੀ ਪਤਨੀ ਦੀਆਂ ਗਲਵਕੜੀਆਂ ਪੁਆਈਆਂ ਹਨ। ਇਕ ਵਾਰੀ ਜਾਣ ਵਿਚ ਕੋਈ ਹਰਜ਼ ਨਹੀਂ ਹੈ। ਪ੍ਰਵਾਰ ਲੜਕੀ ਨੂੰ ਨਾਲ ਲੈ ਕੇ ਸੰਤ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਗਿਆ। ਵੱਡੇ ਵੱਡੇ ਨੋਟ ਅਰਪਣ ਕੀਤੇ। ਬੜੀ ਆਜਜ਼ੀ ਵਿਚ ਪ੍ਰਵਾਰ ਤੇ ਚੱਲ ਰਹੀ "ਸਾੜ੍ਹਸਤੀ" ਬਾਰੇ ਦੱਸਿਆ। ਕੋਈ ਮੰਤਰ, ਧਾਗਾ, ਤਵੀਤ ਮਾਲਾ ਜਾਂ ਬਿਭੂਤੀ ਦਿਓ ਤਾਂ ਕਿ ਲੜਕੀ ਸਹੁਰੇ ਘਰ ਸੁਖੀ ਬਸੇ। "ਸੰਤ" ਜੀ ਨੇ ਗੁਰਬਾਣੀ ਪ੍ਰਤੀ ਵਫਾਦਾਰੀ ਵਿਖਾਉਂਦਿਆਂ ਆਖਿਆ, "ਵੇਖੋ ਭਾਈ! ਅਸੀ ਮੰਤਰਾਂ ਜੰਤਰਾਂ, ਟੂਣਿਆਂ 'ਤੇ ਵਿਸ਼ਵਾਸ ਨਹੀਂ ਕਰਦੇ। ਤੁਹਾਨੂੰ ਭੀ ਨਹੀਂ ਕਰਨਾ ਚਾਹੀਦਾ। ਬਸ ਗੁਰਬਾਣੀ ਦਾ ਆਸਰਾ ਤੱਕੋ ਸਾਰੇ ਵਿਗੜੇ ਕਾਰਜ ਰਾਜ ਆ ਜਾਣਗੇ। ਆਹ ਲਉ! ਗੁਰਬਾਣੀ ਦੀ ਇਸ ਲਾਈਨ ਦਾ ਸਵੇਰੇ ਇਸ਼ਨਾਨ ਕਰ ਕੇ ਲੜਕੀ ਇਕ ਸੌ ਇਕ ਵਾਰੀ ਜਾਪ

ਕਰਿਆ ਕਰੇ। ਸਵਾ ਮਹੀਨੇ ਅੰਦਰ ਪ੍ਰਾਹੁਣਾ ਤੁਹਾਡੇ ਵੱਲ ਧੂੜਾਂ ਪੁੱਟਦਾ ਆਵੇਗਾ, ਰੋਕਿਆ ਨਹੀਂ ਰੁਕਣਾ। ਸ਼ਬਦ ਦੀ ਸ਼ਕਤੀ ਬੜੀ ਹੁੰਦੀ ਐ ਭਾਈ।" ਘਰ ਵਾਲਿਆਂ ਨੇ ਗੁਰਬਾਣੀ ਪੰਕਤੀ ਬਾਬੇ ਤੋਂ ਲੈ ਕੇ ਲੜਕੀ ਦੇ ਹਵਾਲੇ ਕਰ ਦਿੱਤੀ। ਅਗਲੇ ਦਿਨ ਤੋਂ ਬੀਬੀ ਨੇ ਦਿੱਤੀ ਗਈ ਪੰਕਤੀ ਦਾ ਜਾਪ ਕਰਨਾ ਸ਼ੁਰੂ ਕਰ ਦਿੱਤਾ। ਦੋ ਮਹੀਨੇ ਬੀਤ ਗਏ। ਪ੍ਰਾਹੁਣੇ ਦਾ ਪ੍ਰਛਾਵਾਂ ਭੀ ਕਿਧਰੇ ਨਾ ਦਿੱਸਿਆ। ਘਰ ਵਾਲਿਆਂ ਨੇ ਸਾਰੀ ਹੋਈ ਬੀਤੀ ਮੈਨੂੰ ਸੁਣਾਈ। ਕਾਫੀ ਕੋਸ਼ਿਸ਼ ਕਰਨ ਤੋਂ ਬਾਅਦ ਸਾਧ ਵਲੋਂ ਦਿੱਤੀ ਗਈ ਗੁਰਬਾਣੀ ਉਨ੍ਹਾਂ ਮੈਨੂੰ ਵਿਖਾਣੀ ਮੰਨ ਲਈ। ਪੰਕਤੀ ਪੜ੍ਹ ਕੇ ਮੈਂ ਤਾਂ ਹੱਕਾ ਬੱਕਾ ਰਹਿ ਗਿਆ। ਸਾਧ ਨੇ ਜਪੁ ਜੀ ਦੀ ਪੰਕਤੀ ਲਿਖ ਕੇ ਦਿੱਤੀ ਸੀ। ਪਰਵਾਰ ਵਾਲਿਆਂ ਨੂੰ ਸਮਝ ਨਹੀਂ ਆਈ। ਪੰਕਤੀ ਸੀ- **"ਏਤੇ ਕੀਤੇ ਹੋਰਿ ਕਰੇਹ....॥"** ਜਿਸ ਦਾ ਸਾਧ ਨੇ ਮਤਲਬ ਕੱਢਿਆ ਸੀ -"ਪਹਿਲਾਂ ਏਨੇ ਸਾਰੇ ਖਸਮ ਕਰ ਲਏ, ਹੁਣ ਹੋਰ ਖਸਮ ਕਰਵਾ ਦਿਓ।"

ਗੁਰੂ ਸਾਹਿਬ ਜੀ ਨੇ ਹਰ ਇਕ ਔਰਤ ਮਰਦ ਨੂੰ ਸਹੀ ਮਾਇਨਿਆਂ ਵਿਚ ਮਨੁੱਖ ਹੋਣ ਲਈ ਉਤਸ਼ਾਹਤ ਕੀਤਾ ਹੈ। ਬੇ ਮਤਲਬ ਵਾਲੇ ਕਰਮਕਾਂਡ ਜਾਦੂ ਟੂਣਿਆਂ ਵਰਗੇ ਅਡੰਬਰਾਂ ਤੋਂ ਪੂਰੀ ਤਰ੍ਹਾਂ ਮੁਕਤ ਕੀਤਾ ਹੈ। ਜਿਸ ਦਿਨ ਤੋਂ ਮਨੁੱਖ ਨੇ ਪ੍ਰਵਾਰਿਕ ਜ਼ਿੰਦਗੀ ਨੂੰ ਅਪਣਾਇਆ ਹੈ, ਉਸੇ ਦਿਨ ਤੋਂ ਔਰਤ 'ਤੇ ਵਧੀਕੀਆਂ ਕਰਦਾ ਆ ਰਿਹਾ ਹੈ। ਆਪੋ ਆਪਣੀ ਸਮਝ ਮੁਤਾਬਕ ਵਧੀਕੀਆਂ ਤੋਂ ਨਿਜਾਤ ਪਾਉਣ ਵਾਸਤੇ ਜਨਾਨੀਆਂ ਮੰਤਰ ਤੇ ਟੂਣੇ ਭੀ ਖੂਬ ਕਰਦੀਆਂ ਆ ਰਹੀਆਂ ਹਨ। ਅੱਖਾਂ ਖੋਲ੍ਹ ਕੇ, ਚਾਰੇ ਬੰਨੇ ਵਰਤ ਰਹੇ ਵਰਤਾਰੇ ਨੂੰ ਪਰਖ ਕੇ ਵੇਖੋ, ਕੀ ਇਨ੍ਹਾਂ ਮੰਤਰਾਂ ਜਾਂ ਟੂਣਿਆਂ ਨਾਲ ਔਰਤ ਵਰਗ ਦਾ ਕੁੱਝ ਸੰਵਰਿਆ ਹੈ ? ਅਗਰ ਕੁੱਝ ਸਮਾਂ ਵਿਦਿਆ ਹਾਸਲ ਕਰਨ 'ਤੇ ਖਰਚ ਕੀਤਾ ਹੁੰਦਾ। ਕੋਈ ਪੈਸੇ ਕਮਾਉਣ ਵਾਲਾ ਕਾਰੋਬਾਰ ਸਿੱਖਿਆ ਹੁੰਦਾ। ਆਪਣੇ ਖੁੱਸੇ ਹੋਏ ਹੱਕ ਲੈਣ ਵਾਸਤੇ ਰਾਹ ਤਲਾਸ਼ੇ ਹੁੰਦੇ ਤਾਂ ਹੁਣ ਤੱਕ ਬਹੁਤ ਸਾਰਾ ਸੁਧਾਰ ਹੋ ਚੁੱਕਿਆ ਹੋਣਾ ਸੀ। ਆਓ ਅੱਗੋਂ ਗੁਰਬਾਣੀ ਵਿਚੋਂ ਪੜ੍ਹੀਏ ਸਤਿਗੁਰੂ ਜੀ ਟੂਣਿਆਂ ਅਤੇ ਮੰਤਰਾਂ ਆਦਿ ਬਾਰੇ ਕੀ ਸੇਧ ਬਖ਼ਸ਼ ਰਹੇ ਹਨ-

ਆਉ ਸਖੀ ਗੁਣ "ਕਾਮਣ" ਕਰੀਹਾ ਜੀਉ ॥
ਮਿਲਿ ਸੰਤ ਜਨਾ ਰੰਗੁ ਮਾਣਹਿ ਰਲੀਆ ਜੀਉ ॥
ਗੁਰ ਦੀਪਕੁ ਗਿਆਨੁ ਸਦਾ ਮਨਿ ਬਲੀਆ ਜੀਉ ॥
ਹਰਿ ਤੁਠੈ ਢੁਲਿ ਢੁਲਿ ਮਿਲੀਆ ਜੀਉ ॥ (173)

ਹੇ ਸਹੇਲੀਓ! (ਸਤਸੰਗੀਓ) ਆਉ ਰਲ ਮਿਲ ਕੇ ਵਿਚਾਰਾਂ ਕਰੀਏ। ਹੋਰ ਸਾਰੇ

ਕੂੜੇ ਕਰਮ ਤਿਆਗ ਕੇ ਗੁਣਾਂ ਨੂੰ ਧਾਰਨ ਕਰੀਏ। ਟੂਣੇ ਟਾਮਣ ਕਿਸੇ ਕੰਮ ਨਹੀਂ ਆਉਣੇ, ਜੀਵਨ ਵਿਚ ਗੁਣ ਪੈਦਾ ਹੋ ਜਾਣ ਹਰ ਕੋਈ ਆਦਰ ਦਿੰਦਾ ਹੈ। ਗੁਰੂ ਨੂੰ ਮਿਲ ਕੇ ਜੀਵਨ ਦੇ ਅਸਲੀ ਸੁਆਦ ਦਾ ਪਤਾ ਲਗਦਾ ਹੈ ਕਿਉਂਕਿ ਗੁਰੂ ਦਾ ਗਿਆਨ ਰੂਪੀ ਚਿਰਾਗ ਅਗਿਆਨਤਾ ਵਾਲੇ ਅੰਧੇਰੇ ਮਨ ਨੂੰ ਗਿਆਨ ਨਾਲ ਭਰ ਦੇਵੇਗਾ। ਗਿਆਨਵਾਨ ਔਰਤ ਪਤੀ ਨੂੰ ਖ਼ੁਸ਼ ਕਰਨ ਖਾਤਰ ਟੂਣੇ ਟਾਮਣ ਨਹੀਂ ਕਰਦੀ, ਗੁਣਵਾਨ ਬਣਦੀ ਹੈ। ਰੂਪ 'ਤੇ ਮੋਹਿਤ ਹੋ ਕੇ ਨਹੀਂ ਸਗੋਂ ਗੁਣਾਂ ਦੀ ਕਦਰ ਕਰਦਿਆਂ ਪਤੀ ਪਰਮੇਸ਼ਰ ਮੇਹਰਵਾਨ ਹੋ ਜਾਂਦਾ ਹੈ।

"ਗੁਣ ਕਾਮਣ" ਕਰਿ ਕੰਤੁ ਰੀਝਾਇਆ॥
ਵਸਿ ਕਰਿ ਲੀਨਾ ਗੁਰਿ ਭਰਮੁ ਚੁਕਾਇਆ॥ (737)

ਹੇ ਪੁੱਤਰੀ! ਤੂੰ ਆਪਣੇ ਤਨ ਮਨ ਨੂੰ ਗੁਣਾਂ ਨਾਲ ਭਰਪੂਰ ਕਰ ਲੈ। ਤੇਰੇ ਗੁਣਾਂ 'ਤੇ ਤੇਰਾ ਪਤੀ ਖ਼ੁਸ਼ ਹੋਵੇਗਾ। ਕਿਸੇ ਟੂਣੇ ਵਾਲੇ ਗਲਤ ਰਾਹ ਨਾ ਪਵੀਂ। ਅਜਿਹੀ ਉੱਤਮ ਸਿੱਖਿਆ ਸਤਿਗੁਰੂ ਜੀ ਤੋਂ ਮਿਲਦੀ ਹੈ। ਗੁਰੂ ਦੇ ਗਿਆਨ ਰਾਹੀਂ ਸਭ ਵਹਿਮ ਭਰਮ ਜਾਦੂ ਟੂਣੇ, ਪਰੇ ਸੁੱਟ ਪਾਈਦੇ ਹਨ।

ਬਹਿ ਸਾਚੇ ਲਿਖਿਆ, ਅੰਮ੍ਰਿਤ ਬਿਖਿਆ, ਜਿਤੁ ਲਾਇਆ ਤਿਤੁ ਲਾਗਾ॥
ਕਾਮਣਿਆਰੀ "ਕਾਮਣ" ਪਾਏ, ਬਹੁ ਰੰਗੀ ਗਲਿ ਤਾਗਾ॥ (582)

ਹੇ ਬੇਟੀ! ਸੱਚੇ ਗੁਰੂ ਦੀ ਸੱਚੀ ਸਿੱਖਿਆ ਧਿਆਨ ਪੂਰਵਕ ਸੁਣ। ਆਪਣੇ ਅੰਮ੍ਰਿਤ ਵਰਗੇ ਜੀਵਨ ਨੂੰ ਜਹਿਰ ਨਾਲ ਨਾ ਭਰ। ਜੋ ਗੁਰੂ ਕਹਿੰਦਾ ਹੈ ਸੋ ਕਰ, ਕਿਉਂਕਿ ਇਸੇ ਵਿਚ ਤੇਰਾ ਕਲਿਆਣ ਹੈ। ਬਹੁਤ ਸਾਰੀਆਂ ਨਾ ਸਮਝ ਔਰਤਾਂ ਆਪਣੇ ਗਲਾਂ ਵਿਚ ਰੰਗ ਬਿਰੰਗੇ ਤਾਘੇ ਤਵੀਤ ਆਦਿ ਪਾਉਂਦੀਆਂ ਹਨ। ਗੁਰੂ ਦਾ ਆਖਿਆ ਸਵੀਕਾਰ ਕਰੋ। ਤਾਘੇ ਤਵੀਤਾਂ ਦਾ ਮੁਕੰਮਲ ਤਿਆਗ ਕਰ ਦਿਉ।

ਹੁਕਮੁ ਪਛਾਣੈ ਨਾਨਕਾ ਭਉ ਚੰਦਨੁ ਲਾਵੈ॥
ਗੁਣ "ਕਾਮਣ" ਕਾਮਣਿ ਕਰੈ, ਤਉ ਪਿਆਰੇ ਕਉ ਪਾਵੈ॥ (725)

ਹੇ ਬੇਟੀ! ਅਗਰ ਤੂੰ ਨਿਰੰਕਾਰ ਦੇ "ਹੁਕਮ" (ਸ੍ਰਿਸ਼ਟੀ ਚੱਲਣ ਦੀ ਮਰਿਆਦਾ) ਨੂੰ ਸਮਝ ਲਵੇਂ ਤਾਂ ਸਮਝ ਲੈ ਤੇਰਾ ਜੀਵਨ ਸਫ਼ਲ ਹੋ ਗਿਆ। ਪ੍ਰਭੂ ਦਾ ਨਿਰਮਲ ਭੈਅ ਤੇਰੇ ਲਈ ਚੰਦਨ ਦੀ ਸੁਗੰਧੀ ਬਣ ਜਾਵੇਗਾ। ਜਦੋਂ ਤੂੰ ਔਗੁਣਾਂ ਨੂੰ ਤਿਆਗ ਦੇਵੇਂਗੀ। ਗੁਣਾਂ ਨੂੰ ਜੀਵਨ ਵਿਚ ਅਪਣਾ ਲਵੇਂਗੀ, ਸਮਝ ਲਵੀਂ ਤੈਨੂੰ ਅਸਲੀ ਟੂਣਾ ਕਰਨਾ ਆ ਗਿਆ। ਇਸ ਤਰ੍ਹਾਂ ਪਿਆਰਾ ਮਿਲ ਪੈਂਦਾ ਹੈ, ਦੂਰੀ ਖਤਮ ਹੋ ਜਾਂਦੀ ਹੈ।

ਚਲੁ ਚਲੁ ਸਖੀ ਹਮ ਪ੍ਰਭੁ ਪਰਬੋਧਹ, ਗੁਣ "ਕਾਮਣ" ਕਰਿ ਹਰਿ ਪ੍ਰਭੁ ਲਹੀਆ॥

ਭਗਤਿ ਵਛਲੁ ਉਆ ਕੋ ਨਾਮੁ ਕਹੀਅਤੁ ਹੈ, ਸਰਣਿ ਪ੍ਰਭੂ ਤਿਸੁ ਪਾਛੈ ਪਈਆ॥
ਖਿਮਾ ਸੀਗਾਰ ਕਰੇ ਪ੍ਰਭ ਖੁਸੀਆ, ਮਨਿ ਦੀਪਕ ਗੁਰ ਗਿਆਨੁ ਬਲਈਆ॥
ਰਸਿ ਰਸਿ ਭੋਗ ਕਰੇ ਪ੍ਰਭੁ ਮੇਰਾ, ਹਮ ਤਿਸ ਆਗੈ ਜੀਉ ਕਟਿ ਕਟਿ ਪਈਆ॥ (836)

ਹੇ ਸਹੇਲੀਓ! ਆਉ ਰਲ ਮਿਲ ਕੇ ਪਤੀ (ਪਰਮਾਤਮਾ) ਨੂੰ ਮਿਲਣ ਦੇ ਢੰਗ ਲੱਭੀਏ। ਅਜਿਹੇ ਤਰੀਕੇ ਅਪਣਾਈਏ, ਜਿਨ੍ਹਾਂ ਦੁਆਰਾ ਪਤੀ ਖ਼ੁਸ਼ ਹੋ ਜਾਵੇ। ਅਜਿਹੇ ਟੂਣੇ ਕਰੀਏ ਕਿ ਮਾਲਕ ਮੇਹਰਵਾਨ ਹੋ ਜਾਵੇ। ਉਹ ਪਿਆਰਾ ਭਗਤਾਂ 'ਤੇ ਕਿਰਪਾ ਕਰਨ ਵਾਲਾ ਹੈ। ਇਸ ਲਈ ਸਿਰਫ਼ ਉਸੇ ਦੀ ਓਟ ਲਈਦੀ ਹੈ। ਖਿਮਾ ਕਰ ਦੇਣ ਦਾ ਸੁਭਾ ਬਣਾ ਲਈਏ। ਹਰ ਤਰ੍ਹਾਂ ਦੇ ਵਿਸ਼ੇ ਵਿਕਾਰ ਤੇ ਔਗੁਣ ਤਿਆਗ ਦੇਈਏ। ਹੋਰ ਸ਼ਿੰਗਾਰ ਕਰਨ ਦੀ ਥਾਂ ਬਸ ਏਹੀ ਸ਼ਿੰਗਾਰ ਕਰਨਾ ਚਾਹੀਦਾ ਹੈ। ਗੁਰੂ ਦੀ ਸਿੱਖਿਆ ਨਾਲ ਮਨ ਵਿਚੋਂ ਅਗਿਆਨਤਾ ਦਾ ਹਨੇਰਾ ਖਤਮ ਹੋ ਜਾਂਦਾ ਹੈ। ਗਿਆਨ ਦੇ ਚਾਨਣ ਨਾਲ ਖੋਟੇ ਖਰੇ ਦੀ, ਠੀਕ ਗਲਤ ਦੀ ਪਛਾਣ ਹੋ ਜਾਂਦੀ ਹੈ। ਗਿਆਨ ਨਾਲ ਲਬਰੇਜ਼ ਜੀਵਨ ਹੋ ਜਾਣ 'ਤੇ ਜੋ ਪਤੀ (ਰੱਬ) ਨਾਲ ਗੂੜ੍ਹਾ ਪਿਆਰ ਬਣੇਗਾ, ਉਹ ਬਿਆਨ ਤੋਂ ਬਾਹਰਾ ਹੋਵੇਗਾ। ਅਸੀ ਆਪਣਾ ਆਪਾ ਤਨ, ਮਨ ਉਸ ਦੇ ਅੱਗੇ ਨਿਛਾਵਰ ਕਰ ਦੇਈਏ।

ਆਪਣੀਆਂ ਅਣਗਿਣਤ ਮੁਸੀਬਤਾਂ ਨੂੰ ਦੂਰ ਕਰਨ ਲਈ ਔਰਤਾਂ ਬਹੁਤ ਉਹੜ ਪੋਹੜ ਕਰਦੀਆਂ ਹਨ। ਪ੍ਰਮੁੱਖ ਕਾਰਨ ਹੈ ਅਣਪੜ੍ਹਤਾ। ਪੜ੍ਹਾਈ ਨਾਲ ਅਕਲ ਵਧਦੀ ਹੈ। ਅਕਲ ਨਾਲ ਮਸਲੇ ਨਜਿੱਠਣ ਦੀ ਜਾਚ ਆਉਂਦੀ ਹੈ। ਮੁਸੀਬਤਾਂ ਤੋਂ ਬਚਣ ਦਾ ਰਸਤਾ ਕੱਢ ਲਈਦਾ ਹੈ। ਵਿਦਿਆ ਨਾਲ ਹੀ ਪੈਸਾ ਕਮਾਉਣ ਦੇ ਤਰੀਕੇ ਸਿੱਖੇ ਜਾ ਸਕਦੇ ਹਨ। ਅੱਖਾਂ ਨੀਵੀਆਂ ਕਰ ਕੇ ਬਾਰ ਬਾਰ ਪਤੀ ਅੱਗੇ ਹੱਥ ਨਹੀਂ ਫੈਲਾਉਣੇ ਪੈਣਗੇ। ਜਦੋਂ ਸਵੈ ਨਿਰਭਰਤਾ ਆ ਗਈ, ਸਵੈ ਵਿਸ਼ਵਾਸ ਪੈਦਾ ਹੋ ਗਿਆ। ਗਿਆਨ ਨਾਲ ਠੀਕ ਅਤੇ ਗਲਤ ਦੀ ਪਛਾਣ ਹੋ ਗਈ। ਉਸ ਹਾਲਤ ਵਿਚ ਟੂਣੇ ਕਰਾਉਣ ਦੀ ਜ਼ਰੂਰਤ ਖਤਮ ਹੋ ਜਾਵੇਗੀ। ਧਾਗੇ ਤਵੀਤ ਸਾਰੇ ਮੂਰਖਤਾ ਨਜ਼ਰ ਆ ਜਾਣਗੇ। ਅਖੌਤੀ ਸਿਆਣਿਆਂ ਤੋਂ ਪੁੱਛਣਾ ਦੱਸਣਾ ਕਰਾਉਣ ਦੀ ਇੱਛਾ ਖ਼ਤਮ ਹੋ ਜਾਵੇਗੀ। ਵੱਡੀਆਂ ਨੌਕਰੀਆਂ 'ਤੇ ਲੱਗੀਆਂ ਔਰਤਾਂ, ਮੰਤਰਾਂ ਜਾਂ ਟੂਣਿਆਂ ਨਾਲ ਉਥੇ ਸਲੈਕਟ ਨਹੀਂ ਹੋਈਆਂ, ਆਪਣੀ ਵਿਦਿਅਕ ਯੋਗਤਾ ਅਤੇ ਗੁਣਾਂ ਕਾਰਨ ਸਲੈਕਟ ਹੋਈਆਂ ਹਨ। ਚੰਗੀਆਂ ਨੌਕਰੀਆਂ 'ਤੇ ਕੰਮ ਕਰਨ ਵਾਲੀਆਂ ਇਸਤਰੀਆਂ ਸਿੰਗਾਰ ਕਰ ਕੇ ਕੰਮ 'ਤੇ ਨਹੀਂ ਜਾਂਦੀਆਂ। ਸਗੋਂ ਲੋੜ ਮੁਤਾਬਕ ਕੱਪੜੇ ਪਹਿਨਦੀਆਂ ਹਨ। ਵੱਡੇ ਅਹੁਦੇ ਵਾਲੀਆਂ ਔਰਤਾਂ ਦੇ ਪੈਸੇ ਅਤੇ ਸਿਆਣਪ ਅੱਗੇ ਪਤੀ ਭੀ ਝੁਕਦਾ ਹੈ। ਪਰਵਾਰ ਦੇ ਬਾਕੀ

ਮੈਂਬਰ ਭੀ ਸਲਾਹ ਲੈ ਕੇ ਕੰਮ ਕਰਦੇ ਹਨ। ਉਸ ਨੂੰ ਆਪਣੀ ਮੰਗ ਮਨਵਾਉਣ ਲਈ ਟੂਣੇ ਧਾਗੇ ਨਹੀਂ ਕਰਾਉਣ ਪੈਂਦੇ। ਸਾਧਾਂ ਦੇ ਡੇਰਿਆਂ ਦੇ ਚੱਕਰ ਨਹੀਂ ਲਾਉਣ ਪੈਂਦੇ। ਉਸ ਦੀ ਵਿਦਿਆ ਅਤੇ ਗੁਣੋਂ ਹੀ ਉਸ ਦੇ "ਟੂਣੇ" ਹਨ। ਜਿਨ੍ਹਾਂ ਮਾਤਾਵਾਂ ਦਾ ਇਤਿਹਾਸ ਵਿਚ ਸਨਮਾਨਯੋਗ ਥਾਂ ਹੈ, ਉਹ ਟੂਣੇ ਧਾਗੇ ਜਾਂ ਤਵੀਤਾਂ ਆਦਿ ਦੀ ਕਿਰਪਾ ਸਦਕਾ ਅੱਗੇ ਨਹੀਂ ਆਈਆਂ। ਉਨ੍ਹਾਂ ਨੇ ਜੋ ਕੁੱਝ ਕੀਤਾ, ਆਪਣੀ ਸਿਆਣਪ ਅਤੇ ਦਲੇਰੀ ਨਾਲ ਕੀਤਾ। ਅਨੇਕ ਮੁਸ਼ਕਲਾਂ 'ਤੇ ਜਿੱਤ ਪ੍ਰਾਪਤ ਕੀਤੀ। ਗੁਲਾਮੀ ਦੇ ਸੰਗਲ ਤੋੜੇ, ਹੋਰਨਾਂ ਲਈ ਚਾਨਣ ਮੁਨਾਰਾ ਬਣੀਆਂ।

ਜਾਇ ਪੁਛਹੁ ਸੋਹਾਗਣੀ, ਤੁਸੀ ਰਾਵਿਆ ਕਿਨੀ ਗੁਣੀ ॥
ਸਹਜਿ ਸੰਤੋਖਿ ਸੀਗਾਰੀਆ ਮਿਠਾ ਬੋਲਣੀ ॥
ਪਿਰੁ ਰੀਸਾਲੂ ਤਾ ਮਿਲੈ, ਜਾ ਗੁਰ ਕਾ ਸਬਦੁ ਸੁਣੀ ॥ (17)

ਵਰਤ ਕਰਵਾ ਚੌਥ ਦਾ ਕੋਹੜ

ਸ਼ਾਤਰ ਦਿਮਾਗ ਵਾਲੇ ਪੁਜਾਰੀ ਟੋਲੇ ਨੇ ਦੂਜਿਆਂ ਨੂੰ ਅਗਿਆਨੀ ਅਤੇ ਕਮਜ਼ੋਰ ਰੱਖਣ ਵਾਸਤੇ ਬੜੇ ਹੱਥ ਕੰਡੇ ਵਰਤੇ ਹਨ। "ਜੇ ਇਨ੍ਹਾਂ ਲੋਕਾਂ ਨੂੰ ਸੁਰਤ ਆ ਗਈ, ਮੇਰੀ ਗੁਲਾਮੀ ਵਿਚੋਂ ਬਾਹਰ ਨਿਕਲ ਜਾਣਗੇ। ਫਿਰ ਸਾਰੇ ਕੰਮ ਮੈਨੂੰ ਕਰਨੇ ਪੈਣਗੇ। ਘਰ ਬੈਠਿਆਂ ਦੀ ਪੂਜਾ ਨਹੀਂ ਹੋਵੇਗੀ। ਅੰਨ ਧਨ ਨਹੀਂ ਆਵੇਗਾ। ਖੁਦ ਹੱਥੀਂ ਕੰਮ ਕਰਨਾ ਪਵੇਗਾ। ਸਰਦੀ ਵਿਚ ਹੱਡ ਆਕੜ ਜਾਣਗੇ। ਪੈਰਾਂ ਵਿਚ ਬਿਆਈਆਂ (ਤਰੇੜਾਂ) ਪਾਟ ਜਾਣਗੀਆਂ। ਹੱਥਾਂ ਵਿਚ ਛਾਲੇ ਪੈ ਜਾਣਗੇ। ਗਰਮੀ ਵਿਚ ਕੰਮ ਕਰਦਿਆਂ ਪਸੀਨਾ ਨਿਕਲਦਾ ਚਲਾ ਜਾਵੇਗਾ। ਚਰਬੀ ਢਲ ਜਾਵੇਗੀ। ਚਿਹਰੇ 'ਤੇ ਚਮਕ ਨਹੀਂ ਰਹੇਗੀ। ਰੰਗ ਕਾਲਾ ਹੋ ਜਾਵੇਗਾ। ਕੱਪੜਿਆਂ ਵਿਚੋਂ ਬੋ ਆਵੇਗੀ। ਗੋਹਾ, ਕੂੜਾ ਕਰਨਾ ਜੁੱਤੀਆਂ ਖੁਦ ਬਣਾਉਣੀਆਂ, ਪਸ਼ੂ ਸਾਂਭਣੇ, ਖੇਤੀ ਕਰਨੀ, ਕੱਪੜਾ ਬੁਣਨਾ, ਮਕਾਨ ਬਣਾਉਣ ਆਦਿ ਸਾਰੇ ਕੰਮ ਜੇ ਮੈਨੂੰ ਕਰਨੇ ਪਏ, ਮੈਂ ਫਿਰ "ਉਚੀ ਜਾਤ ਵਾਲਾ" ਕਿਵੇਂ ਅਖਵਾ ਸਕਾਂਗਾ? ਮੈਨੂੰ ਜਨਮ ਦੇਣ ਵਾਲੀ ਮਾਂ ਭੀ ਮੈਥੋਂ ਨੀਵੀਂ ਹੈ। ਭੈਣ ਭੀ ਛੋਟੇ ਦਰਜੇ 'ਤੇ ਹੈ। ਪਤਨੀ ਦੀ ਕੀ ਮਜਾਲ ਮੇਰੇ ਅੱਗੇ ਜੁਬਾਨ ਖੋਲ੍ਹ ਸਕੇ। ਧੀ ਤਾਂ ਹੈ ਹੀ ਇਕ ਖਿਡਾਉਣਾ। ਰੱਖੋ ਚਾਹੇ ਗਰਭ ਵਿਚ ਹੀ ਮਾਰ ਦਿਓ। ਮੈਂ ਬ੍ਰਾਹਮਣ ਹੋਣ ਕਰਕੇ ਸਾਰਿਆਂ ਲਈ ਪੂਜਣਯੋਗ ਹਾਂ। ਆਦਮੀ ਹੋਣ ਕਰ ਕੇ ਇਸਤਰੀ ਨਾਲੋਂ ਉੱਚਾ ਰੁਤਬਾ ਰਖਦਾ ਹਾਂ...."।

ਇਸ ਸ਼ਾਤਰ ਦਿਮਾਗ ਵਾਲੇ ਵਰਗ ਦਾ ਹਰ "ਤੁੱਕਾ, ਤੀਰ ਬਣ ਕੇ ਚਲਦਾ ਗਿਆ"। ਔਰਤ ਨੂੰ ਗੁਲਾਮੀ ਵਿਚ ਰੱਖਣ ਵਾਸਤੇ, ਜਿੱਥੇ ਹੋਰ ਬਹੁਤ ਤਰ੍ਹਾਂ ਦੀਆਂ ਬੰਦਸ਼ਾਂ ਲਾਈਆਂ, ਉਥੇ ਇਕ ਬੰਦਸ਼ ਸੀ (ਹੈ) "**ਵਰਤ ਕਰਵਾ ਚੌਥ**" ਵਾਲਾ ਕੋਹੜ। ਇਸ ਦੇ ਨਾਲ ਅਜਿਹਾ ਮੱਕੜ ਜਾਲ ਬੁਣ ਕੇ ਲਪੇਟਿਆ ਕਿ ਵੱਡੇ ਵੱਡੇ ਖਾਨਦਾਨ ਰਾਜੇ ਰਾਣੀਆਂ, ਇਸ ਨੂੰ ਸਾਰਿਆਂ ਨੇ "ਧਰਮ ਦਾ ਜਰੂਰੀ ਅੰਗ" ਸਮਝ ਕੇ ਅਪਣਾ ਲਿਆ। ਪਰਾ ਭੌਤਕ ਕਹਾਣੀਆਂ ਇਸ ਨਾਲ ਜੋੜੀਆਂ ਗਈਆਂ। ਝੂਠ ਜੋੜਿਆ ਗਿਆ ਤੇ ਲੋਕੀਂ ਵਿਚਾਰੇ ਸਿਰ ਸੁੱਟ ਕੇ "ਸਤ ਬਚਨ" ਆਖਦੇ ਗਏ। ਆਓ ਜਰਾ ਇਸ ਵਰਤ ਨਾਲ ਵੈਲਡ ਕੀਤੀਆਂ ਕਹਾਣੀਆਂ ਦੇ ਕੱਪੜੇ ਉਤਾਰੀਏ- "ਇਕ ਰਾਜੇ ਦੀ ਇਕਲੌਤੀ ਬੇਟੀ ਸੀ, ਸੱਤ ਭਰਾਵਾਂ ਦੀ ਭੈਣ। (ਰਾਜੇ ਦਾ ਕੀ ਨਾਂ ਸੀ, ਕਿਹੜੇ ਦੇਸ਼ ਦਾ ਮਾਲਕ ਸੀ, ਲੜਕੀ ਦਾ ਕੀ ਨਾਂ ਸੀ, ਪੁੱਛਣਾ ਮਨ੍ਹਾ ਹੈ?) ਜੁਆਨ ਹੋਣ 'ਤੇ ਲੜਕੀ ਦਾ ਵਿਆਹ ਕਰ ਦਿੱਤਾ। ਪਹਿਲੀ ਵਾਰੀ ਲੜਕੀ ਨੇ ਪਤੀ ਦੀ

ਲੰਮੀ ਉਮਰ ਵਾਸਤੇ ਵਰਤ ਰੱਖਿਆ। ਮਲੂਕ ਜਿੰਦੜੀ ਭੁੱਖ ਨਾ ਸਹਾਰ ਸਕੀ, ਵਿਆਕੁਲ ਹੋ ਗਈ। ਭਰਾਵਾਂ ਨੇ ਰਲ ਕੇ ਦੂਰ ਜੰਗਲ ਵਿਚ ਅੱਗ ਬਾਲ ਦਿੱਤੀ। ਅੱਗੇ ਕੰਬਲ ਤਾਣ ਦਿੱਤਾ। ਉਸ ਲੜਕੀ ਨੂੰ ਛੱਤ ਉਤੇ ਲਿਜਾ ਕੇ, ਅੱਗ ਵਲ ਇਸ਼ਾਰਾ ਕਰ ਕੇ ਆਖਿਆ ਕਿ ਚੰਦ ਚੜ੍ਹ ਪਿਆ ਹੈ। ਤੂੰ ਚੰਦ ਨੂੰ ਪਾਨੀ ਦੇਹ, ਪੂਜਾ ਕਰ ਤੇ ਛੇਤੀ ਜਾ ਕੇ ਖਾਣਾ ਖਾ ਲੈ। ਲੜਕੀ ਚੰਦ ਪੂਜ ਕੇ ਘਰ ਆਈ, ਖਾਣਾ ਖਾਣ ਲੱਗੀ, ਤਾਂ ਪਹਿਲੀ ਬੁਰਕੀ ਨਾਲ ਵਾਲ ਆ ਗਿਆ। ਉਸ ਨੇ ਬੁਰਕੀ ਪਾਸੇ ਰੱਖ ਦਿੱਤੀ। ਦੂਜੀ ਬੁਰਕੀ ਤੋੜੀ, ਤਾਂ ਮੱਖੀ ਆ ਗਈ। ਤੀਸਰੀ ਗਰਾਹੀ ਤੋੜਨ ਹੀ ਲੱਗੀ ਸੀ ਕਿ ਪਤੀ ਮਰੇ ਦੀ ਖਬਰ ਆ ਗਈ। ਵੇਚਾਰੀ ਰੋਈ ਬਿਲਕੀ, ਆਪਣੀ ਕਿਸਮਤ ਨੂੰ ਲਾਹਣਤਾਂ ਪਾਉਂਦੀ ਰਹੀ। "ਸਿਆਣਿਆਂ" ਨੇ ਸਮਝਾਇਆ, ਅਖੇ ਤੈਥੋਂ ਪਾਪ ਹੋਇਆ ਹੈ। ਚੰਦ ਨਹੀਂ ਸੀ ਚੜ੍ਹਿਆ, ਤੇਰੇ ਭਰਾਵਾਂ ਨੇ ਜੰਗਲ ਵਿਚ ਅੱਗ ਬਾਲ ਕੇ ਚੰਦ ਦਾ ਭੁਲੇਖਾ ਪਾਇਆ ਸੀ। ਵਰਤ ਤੋੜਨ ਦੀ ਤੈਨੂੰ ਸਜ਼ਾ ਮਿਲੀ ਹੈ। ਉਸ ਨਾ ਸਮਝ ਬੀਬੀ ਨੇ ਮੋੜਵਾਂ ਕੋਈ ਸਵਾਲ ਨਾ ਕੀਤਾ ਕਿ ਗਲਤੀ ਸੀ ਮੇਰੇ ਭਰਾਵਾਂ ਦੀ, ਸਜ਼ਾ ਮੈਨੂੰ ਕਿਉਂ? "ਸਿਆਣਿਆਂ" ਆਖਿਆ ਤੂੰ ਆਪਣੇ ਪਤੀ ਦੀ ਲਾਸ਼ ਨੂੰ ਸੰਭਾਲ ਕੇ ਰੱਖ ਲੈ। ਇਸ ਦੇ ਕੋਲ ਬੈਠ ਕੇ ਪਛਤਾਵਾ ਕਰੀਂ। ਇਸ ਆਦਮੀ ਦੇ ਸਰੀਰ ਵਿਚ ਸੂਈਆਂ ਖੁੱਭ ਗਈਆਂ ਹਨ, ਉਹ ਕੱਢਦੀ ਰਹੀਂ। (ਉਸ ਨੌਜੁਆਨ ਮੁੰਡੇ ਦੀ ਮੌਤ ਦਾ ਵਰਤ ਨਾਲ ਕੀ ਸਬੰਧ? ਫਿਰ ਸਰੀਰ ਵਿਚ ਸੂਈਆਂ ਕਿਥੋਂ ਆ ਕੇ ਖੁੱਭ ਗਈਆਂ?) ਆਉਂਦੇ ਸਾਲ ਫਿਰ ਕਰਵਾ ਚੌਥ ਦਾ ਵਰਤ ਰੱਖੀਂ। ਕਹਾਣੀ ਸੁਣੀ, ਚੰਦ ਨੂੰ ਅਰਘ (ਪੂਜਾ) ਦੇ ਕੇ ਦਾਨ ਪੁੰਨ ਕਰ ਕੇ ਖਾਣਾ ਖਾਵੀਂ, ਤੇਰਾ ਪਤੀ ਜੀਵਤ ਹੋ ਜਾਵੇਗਾ। ਲੜਕੀ ਨੇ ਕਹਿਣਾ ਮੰਨ ਲਿਆ। ਬਿਨਾਂ ਮਸਾਲੇ ਤੋਂ ਬਿਨਾਂ ਬਰਫ ਵਿਚ ਰੱਖਣ ਤੋਂ ਇਕ ਸਾਲ ਤੱਕ ਮਰੇ ਆਦਮੀ ਦੀ ਲਾਸ਼ ਖਰਾਬ ਨਹੀਂ ਹੋਈ। ਕੀੜੇ ਨਹੀਂ ਪਏ। ਬਦਬੋ ਨਹੀਂ ਆਈ। ਘਰ ਵਿਚ ਰੱਖ ਕੇ ਮੁਰਦੇ ਦੀ ਸੇਵਾ ਕਰਦੀ ਰਹੀ। ਇਹ ਸੁਆਲ ਕਰਨ ਦੀ ਹਿੰਮਤ ਕੋਈ ਨਹੀਂ ਕਰ ਸਕਦਾ। ਇਕ ਸਾਲ ਪੂਰਾ ਹੋ ਗਿਆ, ਲੜਕੀ ਨੇ ਫਿਰ ਵਰਤ ਰੱਖਿਆ। ਕੋਈ ਗਲਤੀ ਨਹੀਂ ਕੀਤੀ। ਬ੍ਰਾਹਮਣੀ ਆਈ (ਜਾਂ ਬ੍ਰਾਹਮਣ) ਉਹੀ ਘਿਸੀ ਪਿਟੀ ਕਹਾਣੀ ਸੁਣਾਈ। ਦਾਨ ਦੱਛਣਾ ਲਈ ਤੇ ਮਰਿਆ ਪਿਆ ਗੱਭਰੂ "ਰਾਮ ਰਾਮ" ਆਖ ਕੇ ਜੀਵਤ ਹੋ ਗਿਆ। ਹੈ ਨਾ ਲਾ ਜੁਆਬ "ਵਿਗਿਆਨਕ ਅਤੇ ਸੱਚੀ" ਕਹਾਣੀ? ਐਨ ਆਖਰੀ ਵਕਤ ਲੜਕੀ ਫਰ ਅਵੇਸਲੀ ਹੋ ਗਈ। ਮੋਏ ਪਤੀ ਨੇ ਸਾਹ ਲਿਆ। ਪਾਣੀ ਮੰਗਿਆ ਤੇ ਪਾਣੀ ਗੋਲੀ (ਨੌਕਰਾਣੀ) ਨੇ ਦੇ ਦਿੱਤਾ। ਰਾਜੇ ਨੇ ਗੋਲੀ ਨੂੰ ਹੀ ਪਤਨੀ ਬਣਾ ਲਿਆ। ਵਗੈਰਾ ਵਗੈਰਾ।

ਮੇਰੇ ਮਹਾਨ ਭਾਰਤ ਵਿਚ ਵਰਤ ਬਹੁਤ ਰੱਖੇ ਜਾ ਰਹੇ ਹਨ। ਟੂਣੇ ਬੜੇ ਕੀਤੇ ਜਾ ਰਹੇ ਹਨ। ਮੰਤਰ ਜਾਪ ਬੇਅੰਤ ਕੀਤੇ ਜਾ ਰਹੇ ਹਨ। ਮਰਦ ਅਤੇ ਔਰਤਾਂ ਅਣਗਿਣਤ ਮਰਦੇ ਜਾ ਰਹੇ ਹਨ। ਇਥੇ ਦਵਾਈਆਂ ਦੀ ਖੋਜ ਨਹੀਂ ਹੁੰਦੀ। ਹਸਪਤਾਲ ਨਹੀਂ ਉਸਰਦੇ। ਪ੍ਰਯੋਗਸ਼ਾਲਾਵਾਂ ਨਹੀਂ ਬਣਦੀਆਂ। ਮੈਡੀਕਲ ਸਾਇੰਸ ਪੜ੍ਹਾਉਣ ਲਈ ਅਤੇ ਵਿਸ਼ੇਸ਼ ਖੋਜ ਲਈ ਯੂਨੀਵਰਸਿਟੀਆਂ ਨਹੀਂ ਬਣਦੀਆਂ। ਇਥੇ ਵਸਤੂ ਸ਼ਾਸਤਰ ਦਾ ਪਾਖੰਡ ਪ੍ਰਫੁੱਲਤ ਹੁੰਦਾ ਹੈ। ਸ਼ਨੀਦੇਵ ਦੇ ਨਗ ਵਿਕਦੇ ਹਨ। ਸੂਰਜ ਗ੍ਰਹਿਣ ਸਮੇਂ ਦਰਿਆਵਾਂ ਵਿਚ ਚੁੱਭੀਆਂ ਲਾਈਆਂ ਜਾਂਦੀਆਂ ਹਨ। ਇਥੇ ਜੰਗੀ ਜਹਾਜ਼ ਬਾਹਰੋਂ ਆਉਂਦੇ ਹਨ, ਪਰ ਉਨ੍ਹਾਂ ਦੀ ਉਦਘਾਟਨੀ ਰਸਮਾਂ "ਵੇਦ ਬਾਣੀ" ਦੇ ਮੰਤਰ ਪੜ੍ਹ ਕੇ, ਨਾਰੀਅਲ ਤੋੜ ਕੇ ਪੂਰੀਆਂ ਕੀਤੀਆਂ ਜਾਂਦੀਆਂ ਹਨ। ਪਾਪ ਉਤਾਰਨ ਵਾਸਤੇ ਭੇਡਾਂ ਬੱਕਰੀਆਂ ਤੇ ਮੱਝਾਂ ਆਦਿ ਦੀ ਮੰਦਰਾਂ ਵਿਚ ਬਲੀ ਦਿੱਤੀ ਜਾਂਦੀ ਹੈ। ਚੋਣਾਂ ਵਿਚ ਜਿੱਤ ਹਾਸਲ ਕਰਨ ਵਾਸਤੇ ਦੇਸ਼ ਦੀ ਜੰਤਾ ਨੂੰ ਲੁੱਟ ਕੇ ਖਾਣ ਵਾਸਤੇ ਹਵਨ ਕਰਵਾਏ ਜਾਂਦੇ ਹਨ। ਅਖੰਡ ਪਾਠ ਰਖਵਾਏ ਜਾਂਦੇ ਹਨ। ਇਥੇ ਧਰਮੀ ਹੋਣ ਦਾ ਛਲ ਨਾਟਕ ਬੜਾ ਕੀਤਾ ਜਾਂਦਾ ਹੈ, ਉਂਞ "ਧਰਮ" ਦਾ ਨਾਮੋ ਨਿਸ਼ਾਨ ਕਿਧਰੇ ਨਹੀਂ ਮਿਲੇਗਾ। ਇਥੇ ਬਾਂਦਰਾਂ, ਚੂਹਿਆਂ, ਸੱਪਾਂ ਤੇ ਗਊਆਂ ਆਦਿ ਦੀ ਪੂਜਾ ਕੀਤੀ ਜਾਂਦੀ ਹੈ। ਜੀਵਨ ਦੇ ਕੋਮਲ ਅਤੇ ਹੁਸੀਨ ਅੱਧ, ਪਿਆਰ ਦੀ ਮੂਰਤ, ਮਮਤਾ ਦਾ ਸਿਖਰ, ਔਰਤ ਨੂੰ ਹਉਕੇ ਭਰਦਿਆਂ ਜੀਵਨ ਗੁਜ਼ਾਰਨ ਲਈ ਮਜਬੂਰ ਕੀਤਾ ਜਾਂਦਾ ਹੈ। **"ਬਹੁਤ ਮਹਾਨ ਹੈ ਮੇਰੇ ਭਾਰਤ ਦੀ ਪੁਰਾਤਨ ਸੰਸਕ੍ਰਿਤੀ"।**

ਬ੍ਰਾਹਮਣ ਵਲੋਂ ਘੜ ਤਰਾਸ਼ ਕੇ ਤਿਆਰ ਕੀਤੇ ਗਏ ਚੌਵੀ ਅਵਤਾਰਾਂ ਵਿਚੋਂ ਇਕ ਸੀ ਮਨੂੰ ਜੀ ਮਹਾਰਾਜ। ਇਸ ਵਲੋਂ ਤਿਆਰ ਕੀਤਾ "ਧਰਮ ਆਧਾਰਤ ਕਾਨੂੰਨ" ਭਾਰਤ ਵਿਚ ਅੱਜ ਤੱਕ ਲਾਗੂ ਹੈ। ਪਾਰਲੀਮੈਂਟ ਵਿਚ ਪਾਸ ਹੋਇਆ ਸੰਵਿਧਾਨ, ਰਾਸ਼ਟਰ ਪਤੀ ਵਲੋਂ ਪਰਵਾਨਗੀ ਦੇ ਦਸਤਖ਼ਤ ਕਰ ਕੇ, 26 ਜਨਵਰੀ 1950 ਨੂੰ ਲਾਗੂ ਹੋਇਆ ਸੀ। ਸਾਰੀਆਂ ਅਦਾਲਤਾਂ ਇਸੇ ਕਾਨੂੰਨ ਤਹਿਤ ਕੰਮ ਕਰਨ ਦੀਆਂ ਪਾਬੰਦ ਹਨ। ਸਾਰੀਆਂ ਪੁਲਿਸ ਆਦਿ ਫ਼ੋਰਸਾਂ ਇਸੇ ਕਾਨੂੰਨ ਨੂੰ ਲਾਗੂ ਕਰਾਉਣ ਵਾਸਤੇ ਆਟੋ ਮੈਟਿਕ ਬੰਦੂਕਾਂ ਚੁੱਕੀ ਫਿਰ ਰਹੇ ਹਨ। ਜਿਸ ਲੋਕ ਤੰਤਰ ਦੀਆਂ ਡੀਂਗਾਂ ਮਾਰ ਕੇ ਇਸ ਸੰਵਿਧਾਨ ਦੇ ਗੁਣਗਾਨ ਕੀਤੇ ਜਾਂਦੇ ਹਨ। ਅਸਲ ਵਿਚ ਹਿੰਦੂ ਬਹੁ ਗਿਣਤੀ ਨੇ ਉਸ ਕਾਨੂੰਨ ਨੂੰ ਅੱਜ ਤਕ ਸਵੀਕਾਰ ਨਹੀਂ ਕੀਤਾ। "ਸਾਰੇ ਭਾਰਤੀ ਸ਼ਹਿਰੀ ਬ੍ਰਾਬਰ ਹਨ, ਸਾਰਿਆਂ ਦੇ ਇਕਸਾਰ ਅਧਿਕਾਰ ਹਨ, ਸੰਵਿਧਾਨ ਸਾਰਿਆਂ ਦੀ ਇਕਸਾਰ ਰਾਖੀ ਕਰਦਾ ਹੈ"। ਅਜਿਹੇ ਨਾਹਰੇ ਤੇ ਬਿਆਨ,

ਰੇਤ ਦੇ ਮਹਿਲ ਹਨ, ਬੂਰ ਦੇ ਲੱਡੂ ਹਨ ਜਾਂ "ਹਰਿ ਚੰਦਉਰੀ" ਹਨ। ਇਥੇ ਘੱਟ ਗਿਣਤੀਆਂ ਲਈ ਕਾਨੂੰਨ ਹੋਰ ਹਨ, ਬਹੁਗਿਣਤੀ ਲਈ ਹੋਰ ਹਨ। ਸ਼ੂਦਰਾਂ ਲਈ ਹੋਰ ਹਨ, ਖੱਤਰੀਆਂ ਅਤੇ ਬ੍ਰਾਹਮਣਾਂ ਲਈ ਹੋਰ ਹਨ। ਆਦਮੀ ਲਈ ਕਾਨੂੰਨ ਹੋਰ ਹਨ, ਔਰਤਾਂ ਲਈ ਹੋਰ ਹਨ। ਇਸੇ ਕਾਰਨ ਭਾਰਤ ਵਿਚ "ਦੇਵਦਾਸੀਆਂ ਹਨ, ਰਾਮ ਜਣੀਆਂ ਹਨ। ਬਾਲ ਵਿਆਹ ਹਨ, ਬਾਲ ਵਿਧਵਾ ਹਨ। ਔਰਤਾਂ ਪਤੀ ਦੀ ਮੌਤ ਤੋਂ ਬਾਅਦ ਜਿਉਣ ਦਾ ਹੱਕ ਨਹੀਂ ਰਖਦੀਆਂ। ਚਿਖਾ ਵਿਚ ਸੁੱਟ ਕੇ "ਸਤੀਆਂ" ਕੀਤੀਆਂ ਜਾਂਦੀਆਂ ਹਨ। ਫਿਰ ਮੜ੍ਹੀ ਬਣਾ ਕੇ, ਦੇਵੀ ਆਖ ਕੇ ਪੂਜੀਆਂ ਜਾਂਦੀਆਂ ਹਨ। ਆਪਣੀ ਜ਼ਰੂਰਤ ਲਈ ਘਰ ਵਿਚ ਗੁਲਾਮ ਬਣਾ ਕੇ ਰੱਖੀਆਂ ਜਾਂਦੀਆਂ ਹਨ। ਲੋੜ ਨਾ ਰਹੇ ਤਾਂ ਧੱਕੇ ਮਾਰ ਕੇ ਬਾਹਰ ਕੱਢ ਦਿੱਤੀਆਂ ਜਾਂਦੀਆਂ ਹਨ। ਜਦੋਂ ਆਦਮੀ ਦਾ ਦਿਲ ਚਾਹੇ ਕਿਸੇ ਔਰਤ ਨੂੰ ਟਿੱਚਰ ਕਰੇ, ਅੱਖ ਮਾਰੇ, ਚੂੰਢੀ ਵੱਡੇ, ਅਸ਼ਲੀਲ ਹਰਕਤਾਂ ਕਰੇ, ਮਜਬੂਰੀ ਦਾ ਨਾਜਾਇਜ਼ ਫ਼ਾਇਦਾ ਉਠਾਵੇ, ਬਲਾਤਕਾਰ ਕਰੇ, ਲੱਖਾਂ ਰੁਪਏ ਦਾਜ ਮੰਗੇ, ਬਦਚਲਣ ਦਾ ਇਲਜ਼ਾਮ ਲਾਵੇ, ਮਰਨ ਲਈ ਮਜਬੂਰ ਕਰ ਦੇਵੇ, ਚਾਹੇ ਖੁਦ ਹੀ ਮਾਰ ਦੇਵੇ। ਔਰਤ ਕੋਈ ਜਿਉਂਦਾ ਜਾਗਦਾ ਇਨਸਾਨ ਨਹੀਂ ਮੰਨੀ ਗਈ। ਗਰਭ ਵਿਚ ਕਤਲ ਕਰੋ ਜਾਂ ਗਰਭ ਤੋਂ ਬਾਹਰ ਆਉਣ 'ਤੇ ਕਤਲ ਕਰੋ। ਸਭ ਜਾਇਜ਼ ਹੈ। ਅਜਿਹੇ ਪਾਪੀਆਂ ਲਈ ਨਾ ਰੱਬ ਦਾ ਭੈ ਨਾ ਕਾਨੂੰਨ ਦਾ ਡੰਡਾ। ਇੱਥੇ ਅੱਜ ਤੱਕ ਮਨੂੰ ਦਾ ਕਾਨੂੰਨ ਲਾਗੂ ਹੈ, ਸਾਵਧਾਨ"।

ਔਰਤ ਨੂੰ ਸਿਖਾਇਆ ਗਿਆ ਕਿ ਤੂੰ ਮਰੇ ਹੋਏ ਪਤੀ ਦੀ ਭੀ ਸੇਵਾ ਕਰਨੀ ਹੈ। ਅਗਰ ਪਤੀ ਮਰ ਗਿਆ, ਫਿਰ ਔਰਤ ਨਿਕੰਮੀ ਹੈ। ਹਰ ਹਾਲਤ ਵਿਚ ਪਤੀ ਨੂੰ ਜੀਵਤ ਰੱਖਣਾ ਉਸ ਦਾ ਪਰਮ ਧਰਮ ਹੈ। ਜੇ ਜੀਵਤ ਨਾ ਹੋਇਆ ਫਿਰ ਪਤਨੀ ਨੂੰ ਮਰਨਾ ਪੈਣਾ ਹੈ, ਸੋਚ ਲਓ। ਪੁਰਸ਼ ਕਦੀ ਵਰਤ ਰੱਖ ਕੇ ਪਤਨੀ ਦੀ ਉਮਰ ਲੰਮੀ ਨਹੀਂ ਕਰਦਾ। ਮਰੀ ਪਤਨੀ ਦੀ ਕਦੀ ਸੇਵਾ ਨਹੀਂ ਕਰਦਾ। ਸਗੋਂ ਲੋੜਵੰਦ ਜੀਵਤ ਪਤਨੀ ਦੀ ਸੇਵਾ ਕਰਦਿਆਂ ਆਦਮੀ ਨੂੰ "ਸ਼ਰਮ" ਆਉਣ ਲੱਗ ਪੈਂਦੀ ਹੈ। ਜੇ ਪਤਨੀ ਪਸੰਦ ਨਾ ਹੋਵੇ, ਬੱਚਾ ਪੈਦਾ ਨਾ ਕਰ ਸਕੇ, ਪੁੱਤਰ ਦੀ ਥਾਂ ਧੀਆਂ ਹੀ ਜੰਮਦੀ ਰਹੇ, ਬਿਮਾਰ ਹੋਵੇ ਜਾਂ ਮੌਤ ਹੋ ਜਾਵੇ, ਇਨ੍ਹਾਂ ਖਾਸ ਕਾਰਨਾਂ ਵਿਚੋਂ ਕੋਈ ਇਕ ਦਾ ਬਹਾਨਾ ਘੜ ਕੇ ਮਰਦ ਦੂਜੀ ਤੀਵੀਂ ਘਰ ਲਿਆ ਸਕਦਾ ਹੈ।

ਕਰਵਾ ਚੌਥ ਦੇ ਵਰਤ ਨਾਲ ਸਬੰਧਤ ਇਕ ਹੋਰ ਦਿਲਚਸਪ ਕਹਾਣੀ ਜੁੜੀ ਹੋਈ ਹੈ। ਆਓ ਉਸ 'ਤੇ ਤਰਦੀ ਜਿਹੀ ਨਿਗਾਹ ਮਾਰ ਲਈਏ- ਇਕ ਨੌਜੁਆਨ ਆਪਣੀ ਸੱਜ ਵਿਆਹੀ ਵਹੁਟੀ ਨੂੰ ਨਾਲ ਲੈ ਕੇ ਆਪਣੇ ਪਿੰਡ ਵੱਲ ਜਾ ਰਿਹਾ ਸੀ।

ਰਸਤੇ ਵਿਚ ਦੋਵੇਂ ਥੱਕ ਗਏ, ਆਰਾਮ ਕਰਨ ਲਈ ਰੁੱਖ ਦੀ ਛਾਂਵੇਂ ਬੈਠ ਗਏ। ਨੌਜੁਆਨ ਪਾਣੀ ਲੈਣ ਲਈ ਦਰਿਆ ਵਿਚ ਹੇਠਾਂ ਉੱਤਰ ਕੇ ਜਦੋਂ ਵਾਪਸ ਆਇਆ ਤਾਂ ਹੂ ਬ ਹੂ ਪਹਿਲੇ ਨੌਜੁਆਨ ਦਾ ਹਮ ਸ਼ਕਲ ਵਹੁਟੀ ਨੂੰ ਆਪਣੀ ਪਤਨੀ ਹੋਣ ਦਾ ਦਾਹਵਾ ਜਤਾ ਰਿਹਾ ਸੀ। ਦੋਵੇਂ ਇਕੋ ਜਿਹੇ ਲੜਕੀ ਪਛਾਣ ਨਾ ਸਕੀ ਕਿ ਮੇਰਾ ਅਸਲੀ ਪਤੀ ਕੌਣ ਹੈ ?ਦੋਵੇਂ ਮੁੰਡੇ ਲੜੇ ਝਗੜੇ ਪਰ ਨਤੀਜਾ ਕੋਈ ਨਾ ਨਿਕਲਿਆ। ਨਿਰਣਾ ਲਿਆ ਕਿ ਇਲਾਕੇ ਦੇ ਰਾਜੇ ਤੋਂ ਇਨਸਾਫ਼ ਕਰਾਇਆ ਜਾਵੇ। ਧੱਕੇ ਖਾਂਦੇ ਧੂੜ ਫਕਦੇ ਥੱਕੇ ਹਾਰੇ ਰਾਜੇ ਕੋਲ ਜਾ ਫਰਿਆਦੀ ਹੋਏ। ਰਾਜੇ ਨੇ ਸਾਰੀ ਵਾਰਤਾ ਸੁਣੀ। ਸ਼ਕਲ ਵੇਖ ਕੇ ਦੋਵੇਂ ਇਕੋ ਜਹੇ ਹਨ। ਸਿਆਣਾ ਰਾਜਾ ਜਾਣਦਾ ਸੀ ਕਿ ਇਨ੍ਹਾਂ ਵਿਚੋਂ ਇਕ ਲੜਕਾ ਹੀ ਅਸਲੀ ਮਨੁੱਖ ਹੈ, ਦੂਜਾ ਜ਼ਰੂਰ ਕੋਈ ਪ੍ਰੇਤ ਆਦਿ ਹੈ। ਰਾਜੇ ਨੇ ਆਪਣੇ ਸੇਵਕ ਨੂੰ ਹੁਕਮ ਦਿੱਤਾ- "ਇੱਕ ਗੰਗਾ ਸਾਗਰ (ਕਰਵਾ, ਇਕੋ ਸੁਰਾਖ ਵਾਲਾ ਮਿੱਟੀ ਦਾ ਬਰਤਣ ਹੁੰਦਾ ਹੈ) ਲਿਆਉ। ਲਉ ਭਾਈ ਜਿਹੜਾ ਇਸ ਕਰਵੇ ਵਿਚ ਨਿੱਕੇ ਜਹੇ ਸੁਰਾਖ ਰਾਹੀਂ ਦਾਖਲ ਹੋ ਜਾਵੇਗਾ, ਇਹ ਲੜਕੀ ਮੈਂ ਉਸ ਦੇ ਹਵਾਲੇ ਕਰ ਦਿਆਂਗਾ"। ਇੰਨਾ ਕਹਿਣ ਦੀ ਦੇਰ ਸੀ ਪ੍ਰੇਤ ਤੋਂ ਮੁੰਡਾ ਬਣਿਆ ਹੋਇਆ ਵਿਅਕਤੀ ਕਰਵੇ ਵਿਚ ਜਾ ਬੈਠਾ। ਰਾਜੇ ਨੇ ਤੁਰੰਤ ਕਰਵੇ ਦਾ ਮੂੰਹ ਬੰਦ ਕਰਵਾ ਦਿੱਤਾ। ਹੁਕਮ ਕੀਤਾ ਕਿ ਇਸ ਧੋਖੇਬਾਜ ਪ੍ਰੇਤ ਆਤਮਾ ਨੂੰ ਧਰਤੀ ਵਿਚ ਡੂੰਘਾ ਟੋਇਆ ਪੁੱਟ ਕੇ ਦਬਾ ਦਿਉ। ਆਉਣ ਵਾਲੇ ਸਮੇਂ ਵਿਚ ਕਿਸੇ ਹੋਰ ਨੂੰ ਪ੍ਰੇਸ਼ਾਨ ਨਾ ਕਰੇ। ਕਿਉਂਕਿ ਸਰੀਰ ਛੋਟਾ ਵੱਡਾ ਤਾਂ ਕੋਈ ਭੂਤ ਪ੍ਰੇਤ ਹੀ ਕਰ ਸਕਦਾ ਹੈ, ਆਮ ਆਦਮੀ ਤਾਂ ਰੂਪ ਨਹੀਂ ਵਟਾ ਸਕਦਾ। ਜਾਹ ਬਈ ਨੌਜੁਆਨਾਂ ਉਦਾਸ ਨਾ ਹੋ, ਤੂੰ ਹੀ ਇਸ ਲੜਕੀ ਦਾ ਅਸਲੀ ਪਤੀ ਹੈਂ।

ਕਰਵੇ ਵਿਚ ਬੰਦ ਕੀਤਾ ਪ੍ਰੇਤ ਚੀਕਿਆ- "ਰਾਜਾ ਜੀ ਰਹਿਮ ਕਰੋ! ਮੇਰੀ ਆਖਰੀ ਇੱਛਾ ਪੂਰੀ ਕਰ ਦਿਓ"। ਹਾਂ ਬਈ ਦਸ ਕੀ ਗੱਲ ਹੈ ?ਰਾਜੇ ਨੇ ਪੁੱਛਿਆ। ਹਜ਼ੂਰ ਮੈਂ ਇਕ ਦਿਨ ਲਈ ਇਸ ਔਰਤ ਦਾ ਪਤੀ ਬਣਿਆ ਸਾਂ। ਭਾਵੇਂ ਧੋਖੇ ਨਾਲ ਤੇ ਭਾਵੇਂ ਕਿਸੇ ਚਲਾਕੀ ਨਾਲ। ਇਹ ਭੀ ਮੈਨੂੰ ਪਤੀ ਸਵੀਕਾਰ ਚੁੱਕੀ ਸੀ। ਆਹ ਤੁਸੀ ਮੇਰਾ "ਤਲਾਕ" ਕਰਵਾ ਦਿੱਤਾ ਵਰਨਾ ਮੈਂ ਤਾਂ ਲੈ ਉੱਡਿਆ ਸੀ, ਇਸ ਲਾਡੋ ਰਾਣੀ ਨੂੰ। ਹੁਣ ਮੇਰੀ ਆਖਰੀ ਖਾਇਸ਼ ਹੈ ਕਿ ਇਹ ਜ਼ਨਾਨੀ ਮੇਰੀ ਮੌਤ ਦਾ ਸੋਗ ਮਨਾਵੇ। ਮੇਰੇ ਲਈ ਇਸ ਦਿਨ ਕੁੱਝ ਨਾ ਖਾਵੇ ਵਰਤ ਰੱਖੇ। ਆਖਿਰ "ਪਤੀ" ਮਰਿਆ ਹੈ ਕੋਈ ਛੋਟੀ ਗੱਲ ਨਹੀਂ ਹੈ"। ਰਾਜੇ ਨੇ ਪ੍ਰੇਤ ਦੀ ਗੱਲ ਮੰਨ ਕੇ ਉਸ ਲੜਕੀ ਨੂੰ ਇਕ ਦਿਨ ਲਈ ਵਰਤ ਰੱਖਣ ਅਤੇ ਸੋਗ ਮਨਾਉਣ ਲਈ ਕਹਿ ਦਿੱਤਾ। ਉਸ ਦਿਨ ਚੌਥ ਦਾ ਦਿਨ ਸੀ ਜਿਸ ਸਮੇਂ ਕਰਵੇ (ਗੰਗਾ ਸਾਗਰ) ਵਿਚ

ਜਿੰਨ ਨੂੰ ਬੰਦ ਕੀਤਾ ਗਿਆ ਸੀ। ਇਸ ਲਈ ਵਰਤ ਦਾ ਨਾਂ ਪੈ ਗਿਆ "ਕਰਵਾ ਚੌਥ"।

ਇਹ ਸਾਰੀ ਕਹਾਣੀ ਭੀ ਪਾਗਲਾਂ ਵਾਲੀ ਹੈ। ਇਸ ਦਾ ਕੋਈ ਮੰਨਣਯੋਗ ਵਿਗਿਆਨਕ ਆਧਾਰ ਨਹੀਂ ਹੈ। ਕੋਈ ਇਤਿਹਾਸਕ ਮਹੱਤਤਾ ਨਹੀਂ ਹੈ। ਅੱਜ ਦੇ ਸਮੇਂ ਵਿਚ ਇਸ ਤੋਂ ਕੋਈ ਸਾਰਥਕ ਸੇਧ ਭੀ ਨਹੀਂ ਮਿਲਦੀ। ਹੁਣ ਸਮਾਂ ਆ ਗਿਆ ਹੈ ਕਿ ਫ਼ਜ਼ੂਲ ਦੇ ਕੂੜੇ ਕਰਕਟ ਨੂੰ ਦੂਰ ਕਿਸੇ ਜੰਗਲ ਵਿਚ ਸੁੱਟ ਦਿੱਤਾ ਜਾਵੇ।

ਕਰਵਾ ਚੌਥ ਵਾਲੇ ਦਿਨ ਸਵੇਰੇ ਜਲਦੀ ਉਠ ਕੇ ਇਕ ਪਤੀ ਵਰਤਾ ਇਸਤਰੀ ਆਪਣੇ ਪਤੀ ਦੀ ਲੰਮੀ ਉਮਰ ਲਈ ਵਰਤ ਦੀ "ਤਿਆਰੀ" ਕਰ ਰਹੀ ਸੀ। ਕਿਉਂਕਿ ਉਸ ਦਿਨ ਵਰਤ ਵਰਤ ਦਾ ਢੰਡੋਰਾ ਪਿੱਟ ਕੇ, ਆਮ ਦਿਨਾਂ ਨਾਲੋਂ ਜ਼ਨਾਨੀਆਂ ਬਹੁਤਾ ਖਾ ਜਾਂਦੀਆਂ ਹਨ। ਇਹ ਬੀਬੀ ਆਪਣੇ ਘਰ ਵਿਚ ਤਰ੍ਹਾਂ ਤਰ੍ਹਾਂ ਦੇ ਖਾਣੇ ਬਣਾ ਰਹੀ ਸੀ। ਘਰ ਦੇ ਭਾਂਡੇ ਖੜਕ ਰਹੇ ਸਨ। ਪਤੀ ਦੇਵ ਜੀ ਨੇ ਜਰਾ ਤਲਖੀ ਨਾਲ ਆਖਿਆ- "ਭਾਗਵਾਨੇ! ਸੌਂ ਜਾਣ ਦੇ, ਕਿਉਂ ਭਾਂਡੇ ਖੜਕਾਈ ਜਾ ਰਹੀ ਏਂ ?" ਪਤਨੀ ਗੁੱਸੇ ਵਿਚ ਬੋਲੀ- "ਮੇਰਾ ਕੋਈ ਸ਼ੌਕ ਨਹੀਂ ਜਲਦੀ ਜਾਗਣ ਦਾ, ਤੇਰਾ ਹੀ "ਸਿਆਪਾ" ਕਰਨ ਲੱਗੀ ਹਾਂ।" ਭਾਵ ਕਿ ਤੇਰੀ ਉਮਰ ਲੰਮੀ ਕਰਨ ਵਾਸਤੇ ਵਰਤ ਦਾ ਸਮਾਨ ਤਿਆਰ ਕਰ ਰਹੀ ਹਾਂ।

ਜੇ ਕਿਸੇ ਨੇ ਵਰਤ ਰੱਖਣਾ ਹੀ ਹੈ ਤਾਂ ਅਡੰਬਰ ਰਚਣ ਦੀ ਕੀ ਲੋੜ ਹੈ ? ਕਾਰਨ ਕੋਈ ਭੀ ਹੋ ਸਕਦਾ ਹੈ। ਨਹੀਂ ਦਿਲ ਮੰਨਦਾ ਰੋਟੀ ਨਾ ਖਾਉ। ਪਰ ਆਹ ਪਤੀ ਦੀ ਉਮਰ ਲੰਮੀ ਕੇਵਲ ਵਰਤ ਰੱਖਣ ਨਾਲ ? ਕੀ ਭਾਰਤ ਵਿਚ ਔਰਤਾਂ ਵਿਧਵਾ ਨਹੀਂ ਹੁੰਦੀਆਂ ? ਸ਼ਾਇਦ ਇਸੇ ਲਈ ਭਾਰਤ ਸਰਕਾਰ ਲੋੜ ਮੁਤਾਬਕ ਹਸਪਤਾਲ ਨਹੀਂ ਖੋਲ੍ਹਦੀ ਕਿਉਂਕਿ ਇਥੋਂ ਦੀਆਂ ਬੀਬੀਆਂ ਵਰਤ ਰੱਖ ਕੇ ਆਪਣੇ ਪਤੀਆਂ ਦੀਆਂ ਉਮਰਾਂ ਲੰਮੀਆਂ ਕਰ ਲੈਂਦੀਆਂ ਹਨ। ਉਂਞ ਇਸ ਦੇਸ਼ ਦੀ ਸਤਾਰਾਂ ਸਾਲ ਪ੍ਰਧਾਨ ਮੰਤਰੀ ਰਹੀ ਬੀਬੀ ਇੰਦਰਾ ਗਾਂਧੀ ਜੁਆਨੀ ਵਿਚ ਹੀ ਵਿਧਵਾ ਹੋ ਗਈ ਸੀ। ਉਸ ਦੀ ਨੂੰਹ ਮੇਨਕਾ ਗਾਂਧੀ ਵਿਧਵਾ। ਹੁਣ ਦੇਸ਼ ਦੀ ਸੰਭਾਵੀ ਪ੍ਰਧਾਨ ਮੰਤਰੀ ਸੋਨੀਆਂ ਗਾਂਧੀ ਵਿਧਵਾ। ਅਸਲ ਵਿਚ ਕਰਵਾ ਚੌਥ ਜਾਂ ਦੀਵਾਲੀ ਵਰਗੇ ਤਿਉਹਾਰਾਂ ਨਾਲ ਅਰਬਾਂ ਖਰਬਾਂ ਦਾ ਵਾਪਾਰ ਜੁੜਿਆ ਹੋਇਆ ਹੈ। ਇਨ੍ਹਾਂ ਦਿਨਾਂ ਵਿਚ ਅਮਿਣਵੀਂ ਮਠਿਆਈ ਤੇ ਮੇਵੇ ਵਿਕਦੇ ਹਨ। ਕੱਪੜਾ ਵਿਕਦਾ ਹੈ, ਸੋਨਾ ਚਾਂਦੀ ਵਿਕਦੇ ਹਨ। ਕੂਲਰ, ਫਰਿਜ, ਮੋਟਰ ਸਾਈਕਲ ਵਿਕਦੇ ਹਨ। ਹਾਰ ਸ਼ਿੰਗਾਰ ਦਾ ਸਾਮਾਨ ਵਿਕਦਾ ਹੈ। ਭਾਂਡੇ ਅਤੇ ਫਲਾਂ ਦੀਆਂ ਟੋਕਰੀਆਂ ਵਿਕਦੀਆਂ ਹਨ। ਇਨ੍ਹਾਂ ਦੀ ਢੋਆ ਢੁਆਈ ਲਈ ਬੱਸਾਂ, ਰੇਲਾਂ ਟਰੱਕ ਤੇ ਕਾਰਾਂ ਦੌੜਦੀਆਂ ਹਨ। ਲੱਖਾਂ ਲੋਕਾਂ ਦਾ

ਰੁਜ਼ਗਾਰ ਚਲਦਾ ਹੈ। ਵਰਤ ਦੇ ਨਾਮ ਹੇਠ ਖਰਬਾਂ ਦਾ ਮਾਲ ਵਿਕਦਾ ਹੈ, ਲੋਕੀਂ ਖਰੀਦਦੇ ਹਨ। ਵੈਸੇ ਵਰਤ ਸੀ ਜੇ ਵਰਤ ਨਾ ਹੁੰਦਾ ਫਿਰ ਖਰੀਦ ਹੋਰ ਵੱਧ ਜਾਂਦੀ। ਗਹਿਣਿਆਂ ਦੀ ਦੁਕਾਨ, ਕੱਪੜੇ ਦੀ ਜਾਂ ਮਠਿਆਈ ਦੀ ਦੁਕਾਨ ਕਿਤੇ ਭੀ ਵੇਖ ਲੈਣਾ ਭੀੜਾਂ ਜੁੜੀਆਂ ਹੁੰਦੀਆਂ ਨੇ। ਧੱਕਾ ਪੈਂਦਾ ਹੈ। ਜਿਵੇਂ ਅੱਜ ਹੀ ਦਿਨ ਚੜ੍ਹਿਆ ਹੈ। ਕਲ ਨੂੰ ਪਤਾ ਨਹੀਂ ਸੂਰਜ ਚੜ੍ਹੇ ਕਿ ਨਾ ? ਜੇ ਵਰਤ ਰੱਖਣ ਨਾਲ ਉਮਰ ਲੰਮੀ ਹੁੰਦੀ ਮੰਨ ਲਈਏ, ਫਿਰ ਮਰਦ ਆਪਣੀਆਂ ਪਤਨੀਆਂ ਦੀ ਲੰਮੀ ਉਮਰ ਲਈ ਵਰਤ ਕਿਉਂ ਨਹੀਂ ਰਖਦੇ ?

ਅਸਲ ਵਿਚ ਮੰਨੂੰ ਜੀ ਦਾ "ਧਾਰਮਕ" ਫੁਰਮਾਨ ਹੈ ਕਿ "**ਬਚਪਨ ਵਿਚ ਲੜਕੀ ਪਿਤਾ ਦੀ ਤਾਬੇਦਾਰੀ ਵਿਚ ਰਹੇ। ਵੱਡੀ ਹੋ ਕੇ ਭਰਾਵਾਂ ਦੀ ਨਿਗਰਾਨੀ ਵਿਚ। ਵਿਆਹੀ ਜਾ ਕੇ ਪਤੀ ਦੇ ਅਧੀਨ ਰਹੇ। ਪੁੱਤਰ ਜੁਆਨ ਹੋ ਜਾਣ ਤਾਂ ਪੁੱਤਰਾਂ ਦੇ ਕਹਿਣੇ ਵਿਚ ਰਹੇ"। ਮੰਨੂ ਤਾਂ ਇਥੋਂ ਤੱਕ ਹੁਕਮ ਕਰਦਾ ਹੈ- "ਨ ਸਤ੍ਰੀ ਸਵਤੰਤਰਯ ਮਹੁਰਿਤੀ", ਇਸਤਰੀ ਨੂੰ ਕਦੀ ਹਾਕਮ ਨਾ ਬਣਨ ਦਿਉ। ਆਜ਼ਾਦੀ ਨਾ ਦਿਉ, ਗੁਲਾਮ ਬਣਾ ਕੇ ਰੱਖੋ। "ਇਸਲਾਮ ਦੇ ਸਮਾਜਕ ਤੇ ਰਾਜਨੀਤਕ ਪ੍ਰਬੰਧ ਵਿਚ ਔਰਤ ਨੂੰ ਹਿਸਾ ਲੈਣ ਦਾ ਹੱਕ ਨਹੀਂ ਹੈ"। (ਸ਼ੇਖ਼ ਮੁਹੰਮਦ ਹੁਸੈਨ ਖਲੀਫਾ ਤੁਰਕੀ, ਵਲੋਂ 1952 ਈਸਵੀ ਵਿਚ ਜਾਰੀ ਕੀਤਾ ਗਿਆ ਹੁਕਮਨਾਮਾ**) ਸਿੱਖ ਭੀ ਇਸਲਾਮਕ ਜਾਂ ਮੰਨੂੰਵਾਦੀ ਰਾਹ 'ਤੇ ਹੀ ਚੱਲ ਰਹੇ ਹਨ। ਅੱਜ ਤੱਕ ਸ਼੍ਰੋਮਣੀ ਅਕਾਲੀ ਦਲ ਦੇ ਕਿਸੇ ਭੀ ਧੜੇ ਦੀ ਪ੍ਰਧਾਨ ਕੋਈ ਸਿੱਖ ਬੀਬੀ ਨਹੀਂ ਬਣ ਸਕੀ। ਸੰਨ 1925 ਤੋਂ ਲੈ ਕੇ 2010 ਤੱਕ ਦੇ ਸਮੇਂ ਵਿਚ ਬੀਬੀ ਜਗੀਰ ਕੌਰ ਥੋੜੇ ਜਹੇ ਸਮੇਂ ਵਾਸਤੇ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣੀ ਸੀ। ਲਗਪਗ 84 ਸਾਲ ਪ੍ਰਧਾਨਗੀ ਆਦਮੀਆਂ ਕੋਲ ਹੀ ਰਹੀ ਹੈ। ਦਰਬਾਰ ਸਾਹਿਬ ਦੀ ਸੇਵਾਦਾਰ ਕੋਈ ਔਰਤ ਨਹੀਂ ਬਣਾਈ ਗਈ। ਤਖ਼ਤਾਂ ਦੀ ਜਥੇਦਾਰ ਬਣਾਉਣ ਬਾਰੇ ਸੋਚਣ ਨਾਲ ਤਾਂ ਸ਼ਾਇਦ ਵੱਡਾ "ਪਾਪ" ਲੱਗ ਜਾਵੇਗਾ। ਦੂਜੇ ਪਾਸੇ ਮਨੂੰ ਵਾਦੀਆਂ ਨੇ ਭਾਰਤ ਦੀ ਰਾਸ਼ਟਰਪਤੀ ਬੀਬੀ ਪ੍ਰਤਿਭਾ ਪਾਟਿਲ ਬਣਾ ਦਿੱਤੀ। ਕਾਂਗਰਸ ਪਾਰਟੀ ਦੀ ਪ੍ਰਧਾਨ ਬੀਬੀ ਸੋਨੀਆਂ ਗਾਂਧੀ ਬਣੀ ਹੋਈ ਹੈ। ਸਾਰੀਆਂ ਰਾਜਸੀ ਤਾਕਤਾਂ ਭੀ ਅਸਲ ਵਿਚ ਸੋਨੀਆਂ ਕੋਲ ਹੀ ਹਨ। ਲੋਕ ਸਭਾ ਦੀ ਪ੍ਰਮੁੱਖ, ਇੱਜ਼ਤਦਾਰ ਅਹੁਦਾ (ਸਪੀਕਰ) ਭੀ ਇਕ ਇਸਤਰੀ ਮੀਰਾ ਕੁਮਾਰ ਨੂੰ ਦਿੱਤਾ ਗਿਆ ਹੈ। ਵਿਗਿਆਨਕ ਯੁੱਗ ਦਾ ਧਰਮ ਮੰਨਣ ਵਾਲਿਆਂ ਦੇ ਆਗੂ ਕਿੱਥੇ ਖਲੋਤੇ ਹਨ ? ਵਰਤ ਰੱਖ ਕੇ ਪਤੀ ਦੀ ਲੰਮੀ ਉਮਰ ਲਈ ਕਾਮਨਾਂ ਕਰਨ ਵਾਲੀਆਂ ਔਰਤਾਂ ਕਦੀ ਵੱਡੇ ਅਹੁਦਿਆਂ 'ਤੇ ਨਹੀਂ ਪੁੱਜ ਸਕਦੀਆਂ। ਉਨ੍ਹਾਂ ਨੂੰ ਗਿਆਨ, ਹੌਸਲਾ ਤੇ ਸਿਰੇ ਦਾ ਸਿਰੜ ਧਾਰਨ ਕਰਨਾ

ਪਵੇਗਾ। ਬੇ ਮਾਇਨਿਆਂ ਦੀਆਂ ਖਾਹਸ਼ਾਂ ਦਾ "ਵਰਤ" ਰੱਖਣਾ ਪਵੇਗਾ। ਅੰਗ ਪ੍ਰਦਰਸ਼ਨ ਕਰ ਕੇ ਬਾਜ਼ਾਰੂ ਵਿਕਾਊ ਮਾਲ ਬਣਨੋ ਰੋਕ ਕੇ ਅੰਗਾਂ ਵਿਚ ਸ਼ਕਤੀ ਭਰਨੀ ਪਵੇਗੀ। ਆਜ਼ਾਦੀ ਕਦੀ ਮਿੰਨਤਾਂ ਕਰ ਕੇ, ਹੱਥ ਜੋੜ ਕੇ, ਸ਼ਿਂਗਾਰ ਕਰ ਕੇ, ਜਾਂ ਹੰਝੂ ਕੇਰ ਕੇ ਨਹੀਂ ਮਿਲਦੀ। ਆਜ਼ਾਦੀ ਅਤੇ ਸਵੈਮਾਣ ਲਈ ਨੀਤੀਵਾਨ ਬਣ ਕੇ ਲੰਮੀ ਜੰਗ ਲੜਕੀ ਪਵੇਗੀ। ਵਰਤ ਰੱਖਣੇ ਪਾਗਲਪਣ ਤੋਂ ਵੱਧ ਨਹੀਂ ਹਨ। ਵਰਤਾਂ ਬਾਰੇ ਗੁਰਬਾਣੀ ਕਹਿੰਦੀ ਹੈ -

ਧੰਨੁ ਗੁਪਾਲ ਧੰਨੁ ਗੁਰਦੇਵ ॥ ਧੰਨੁ ਅਨਾਦਿ ਭੂਖੇ ਕਵਲੁ ਟਹਕੇਵ ॥
ਧੰਨੁ ਓਇ ਸੰਤ ਜਿਨ ਐਸੀ ਜਾਨੀ ॥ ਤਿਨ ਕਉ ਮਿਲਿਬੋ ਸਾਰਿੰਗਪਾਨੀ ॥
ਆਦਿ ਪੁਰਖ ਤੇ ਹੋਇ ਅਨਾਦਿ ॥ ਜਪੀਐ ਨਾਮੁ ਅੰਨ ਕੈ ਸਾਦਿ ॥ ਰਹਾਉ ॥
ਜਪੀਐ ਨਾਮ ਜਪੀਐ ਅੰਨੁ ॥ ਅੰਭੈ ਕੈ ਸੰਗਿ ਨੀਕਾ ਵੰਨੁ ॥
ਅੰਨੈ ਬਾਹਰਿ ਜੋ ਨਰ ਹੋਵਹਿ ॥ ਤੀਨਿ ਭਵਨ ਮਹਿ ਅਪਨੀ ਖੋਵਹਿ ॥
ਛੋਡਹਿ ਅੰਨ ਕਰਹਿ ਪਾਖੰਡ ॥ ਨਾ ਸੋਹਾਗਨਿ ਨਾ ਓਹਿ ਰੰਡ ॥
ਜਗ ਮਹਿ ਬਕਦੇ ਦੂਧਾ ਧਾਰੀ ॥ ਗੁਪਤੀ ਖਾਵਹਿ ਵਟਿਕਾ ਸਾਰੀ ॥
ਅੰਨੈ ਬਿਨਾ ਨ ਹੋਇ ਸੁਕਾਲੁ ॥ ਤਜਿਐ ਅੰਨਿ ਨ ਮਿਲੈ ਗੁਪਾਲੁ ॥
ਕਹੁ ਕਬੀਰ ਹਮ ਐਸੇ ਜਾਨਿਆ ॥ ਧੰਨੁ ਅਨਾਦਿ ਠਾਕੁਰ ਮਨੁ ਮਾਨਿਆ ॥ (873)

ਐ ਸੰਸਾਰ ਦੇ ਲੋਕੋ! ਕੰਨ ਖੋਲ੍ਹ ਕੇ ਸੁਣ ਲਵੋ। ਨਿਰੰਕਾਰ ਨੇ ਸਾਰੇ ਪਦਾਰਥ ਬਣਾਏ ਹਨ। ਅੰਨ ਆਦਿਕ ਭੀ ਉਸ ਦੀ ਬਖ਼ਸ਼ਿਸ਼ ਹੈ। ਅਗਰ ਅੰਨ ਤਿਆਗ ਦੇਉਗੇ ਤਾਂ ਸਰੀਰ ਕਮਜ਼ੋਰ ਹੋ ਜਾਵੇਗਾ। ਫਿਰ ਭੀ ਨਹੀਂ ਖਾਉਗੇ ਤਾਂ ਮੌਤ ਹੋ ਜਾਵੇਗੀ। ਸਰੀਰ ਨੂੰ ਚਲਦਾ ਰੱਖਣ ਲਈ ਅੰਨ ਦੀ ਵਰਤੋਂ ਜ਼ਰੂਰੀ ਹੈ। (ਰਹਾਉ) ਸਾਰੀ ਧਰਤੀ ਦੇ ਜੀਵਾਂ ਦੀ ਸੰਭਾਲ ਤੇ ਪਾਲਣਾ ਕਰਨ ਵਾਲਾ ਪਰਮੇਸ਼ਰ ਧੰਨ ਹੈ। ਗੁਰੂ ਧੰਨ ਹੈ ਜਿਸ ਨੇ ਅਜਿਹਾ ਉੱਤਮ ਗਿਆਨ ਦਿੱਤਾ। ਅੰਨ ਆਦਿਕ ਪਦਾਰਥ ਧੰਨ ਹਨ, ਜਿਨ੍ਹਾਂ ਦੀ ਬਦੌਲਤ ਮੁਰਝਾਇਆ ਚਿਹਰਾ ਕੰਵਲ ਫੁੱਲ ਵਾਂਗ ਟਹਿਕ ਪੈਂਦਾ ਹੈ। ਧੰਨ ਹਨ, ਉਹ ਗਿਆਨਵਾਨ ਪੁਰਖ ਜਿਨ੍ਹਾਂ ਨੂੰ ਇਸ ਗੱਲ ਦੀ ਸਮਝ ਆ ਗਈ। ਅਜਿਹੇ ਭਲੇ ਪੁਰਖਾਂ ਨੂੰ ਹੀ ਅਕਾਲ ਪੁਰਖ ਦੇ ਨਿਯਮ ਦੀ ਸਮਝ ਆਉਂਦੀ ਹੈ। ਸਦਾ ਹੀ ਪਰਮੇਸ਼ਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿਉਂਕਿ ਅੰਨ ਆਦਿ ਪਦਾਰਥ ਰੱਬ ਜੀ ਨੇ ਹੀ ਬਣਾਏ ਹਨ। ਪਾਣੀ ਨਾਲ ਖਾਧ ਪਦਾਰਥ ਵਧਦੇ ਫੁਲਦੇ ਹਨ। ਪਾਣੀ ਨਾਲ ਮਿਲਾ ਕੇ ਹੀ ਇਨ੍ਹਾਂ ਵਿਚੋਂ ਅਨੇਕ ਪਰਕਾਰ ਦੇ ਸੁਆਦ ਬਣਾ ਲਈਦੇ ਹਨ। ਜੋ ਇਨਸਾਨ ਆਪਣੇ ਆਪ ਨੂੰ ਅੰਨ ਤੋਂ ਮੁਕਤ ਦਸਦੇ ਹਨ, ਉਹ ਨਿਰੇ ਝੂਠੇ ਮਨੁੱਖ ਹਨ। ਸਾਰੇ ਕਿਤੇ ਆਪਣੀ ਇੱਜ਼ਤ ਗੁਆ ਲੈਂਦੇ ਹਨ। ਅੰਨ ਦਾ

ਤਿਆਗ ਨਿਰਾ ਪਾਖੰਡ ਕਰਮ ਹੈ। ਅਜਿਹੇ ਜੀਵ ਨਾ ਸੁਹਾਗਣਾਂ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ ਨਾ ਵਿਧਵਾਵਾਂ ਵਿਚ। (ਮਾਨੋ ਹਿਜੜੇ ਹੀਜੜੀਆਂ ਹਨ) ਜੇ ਕੋਈ ਇਨਸਾਨ ਦੁਧਾਧਾਰੀ ਹੋਣ ਦਾ ਐਲਾਨ ਭੀ ਕਰਦਾ ਹੋਵੇ, ਤਾਂ ਭੀ ਸੱਚ ਨਾ ਮੰਨ ਲੈਣਾ। ਇਹ ਲੋਕ ਝੂਠ ਬੋਲਦੇ ਹਨ। ਲੋਕਾਂ ਤੋਂ ਚੋਰੀ ਛਿਪੇ ਵੱਟੀ (ਪੰਜਸੇਰ) ਖੁਰਾਕ ਹਰ ਰੋਜ਼ ਖਾ ਜਾਂਦੇ ਹਨ। ਖਾਣੇ ਤੋਂ ਬਿਨਾਂ ਸਰੀਰ ਤ੍ਰਿਪਤ ਨਹੀਂ ਹੋ ਸਕੇਗਾ। ਅੰਨ ਦਾ ਤਿਆਗ ਕਰਨ ਨਾਲ ਰੱਬ ਨੂੰ ਜੱਫੀਆਂ ਨਹੀਂ ਪੈ ਜਾਣੀਆਂ। ਮੈਂ ਕਬੀਰ ਨੇ ਅਜਿਹਾ ਗਿਆਨ ਹਾਸਲ ਕਰ ਲਿਆ ਹੈ ਕਿ ਅੰਨ ਆਦਿ ਪਦਾਰਥ ਤਿਆਗਣ ਦੀ ਜ਼ਰੂਰਤ ਨਹੀਂ। ਜੇ ਅੰਨ ਦੀ ਵਰਤੋਂ ਕਰਨੀ ਛੱਡ ਦਿੱਤੀ ਫਿਰ ਨਿਰੰਕਾਰ ਦਾ "ਸਿਮਰਨ" ਕਿਵੇਂ ਕਰਾਂਗੇ ?ਚੰਗੇ ਕੰਮ ਕਿਵੇਂ ਕਰਾਂਗੇ ?ਅੰਨ ਛੱਡਣਾ, ਵਰਤ ਰੱਖਣੇ ਮੂਰਖਤਾ ਤੋਂ ਸਿਵਾਏ ਕੁੱਝ ਨਹੀਂ। ਗੁਰਮਤਿ ਵਿਚ ਇਨ੍ਹਾਂ ਦੀ ਰਾਈ ਮਾਤਰ ਮਾਨਤਾ ਨਹੀਂ ਹੈ। ਬੀਬੀਆਂ ਨੂੰ ਗੁਣਵਾਨ ਵਿਦਵਾਨ ਬਣਨਾ ਚਾਹੀਦਾ ਹੈ। ਵਰਤ ਰੱਖ ਕੇ ਪਤੀ ਦੀ ਉਮਰ ਲੰਮੀ ਨਹੀਂ ਹੋਇਆ ਕਰਦੀ। ਪਤੀ ਦੀਆਂ ਬੁਰੀਆਂ ਆਦਤਾਂ ਤੇ ਨਿਗਰਾਨੀ ਕਰੋ। ਨਸ਼ਿਆਂ ਤੋਂ ਵਰਜੋ। ਪਰਾਏ ਸਬੰਧਾਂ ਵਿਰੁਧ ਸਖ਼ਤ ਪਹਿਰੇਦਾਰੀ ਕਰੋ। ਲੋੜ ਪੈਣ 'ਤੇ ਸਿਆਣੇ ਡਾਕਟਰ ਦੀ ਸਲਾਹ ਲਵੋ।

ਸਚਾ ਅਲਖ ਅਭੇਉ ਹਠਿ ਨ ਪਤੀਜਈ ॥
ਇਕਿ ਗਾਵਹਿ ਰਾਗ ਪਰੀਆਂ ਰਾਗਿ ਨ ਭੀਜਈ ॥
ਇਕਿ ਨਚਿ ਨਚਿ ਪੂਰਹਿ ਤਾਲ ਭਗਤਿ ਨ ਕੀਜਈ ॥
"ਇਕਿ ਅੰਨੁ ਨ ਖਾਹਿ ਮੂਰਖ ਤਿਨਾ ਕਿਆ ਕੀਜਈ" ॥ (1285)

ਹੇ ਗੁਰਸਿੱਖੋ! ਸੱਚਾ ਪ੍ਰਮੇਸ਼ਰ ਅਥਾਹ ਹੈ, ਅਗੰਮ ਹੈ। ਸਰੀਰ ਨੂੰ ਕਸ਼ਟ ਦੇ ਕੇ ਜਿੱਦ ਵਾਲੇ ਕੰਮ ਕਰ ਕੇ, ਉਸ ਨੂੰ ਖ਼ੁਸ਼ ਨਹੀਂ ਕੀਤਾ ਜਾ ਸਕਦਾ। ਬਹੁਤ ਸਾਰੇ ਰਾਗ ਵਿਦਿਆ ਦੇ ਮਾਹਰ ਉਸ ਨੂੰ ਆਪਣੇ ਰਾਗ ਦੁਆਰਾ ਪਾ ਲੈਣਾ ਚਾਹੁੰਦੇ ਹਨ, ਉਹ ਰਾਗਾਂ ਰਾਗਣੀਆਂ ਨਾਲ ਬਸ ਵਿਚ ਨਹੀਂ ਆਉਣ ਵਾਲਾ। ਬਹੁਤ ਸਾਰੇ ਲੋਕ ਰੱਬ ਦੇ ਨਾਮ 'ਤੇ ਨਚਦੇ ਹਨ, ਤਾਲ ਪੂਰਦੇ ਹਨ। ਪਰ ਮਨ ਅੰਦਰ ਕਪਟ ਫਰੇਬ ਹੁੰਦਾ ਹੈ। ਮਨ ਨੂੰ ਸੁਧਾਰਨਾ ਚਾਹੀਦਾ ਹੈ, ਨੱਚਣ ਟੱਪਣ ਨਾਲ ਕੁੱਝ ਨਹੀਂ ਸੰਵਰਨਾ। ਹੋਰ ਬਹੁਤ ਸਾਰੇ ਮੂਰਖ ਲੋਕ ਖਾਣਾ ਨਾ ਖਾਣ ਦਾ ਪਾਖੰਡ ਕਰਦੇ ਹਨ। ਇਹ ਕਿਧਰਵਾਲੀ ਭਗਤੀ ਹੋਈ ?ਅਜਿਹੇ ਮੂਰਖਾਂ ਨੂੰ ਰਾਹ ਸਿਰ ਲਿਆਉਣ ਲਈ ਕੀ ਕੀਤਾ ਜਾਵੇ।

ਉਪਰ ਵਰਣਿਤ ਫੋਕਟ ਕਿਰਿਆਵਾਂ ਨੂੰ ਗੁਰਮਤਿ ਵਿਚ ਕੋਈ ਮਾਨਤਾ ਨਹੀਂ ਹੈ। ਵਰਤ ਰੱਖਣਾ ਸੀ, ਵਿਕਾਰਾਂ ਵਲੋਂ। ਸੰਜਮ ਵਿਚ ਜੀਵਨ ਬਤੀਤ ਕਰਨਾ ਸੀ।

ਸਾਲ ਵਿਚ ਇਕ ਦਿਨ ਵਰਤ ਵਾਲਾ ਪਾਖੰਡ ਕਰ ਲਿਆ ਤਾਂ ਕੀ ਸੰਵਰ ਗਿਆ?

ਸਚੁ ਵਰਤ ਸੰਤੋਖੁ ਤੀਰਥੁ, ਗਿਆਨੁ ਧਿਆਨੁ ਇਸਨਾਨੁ ॥

ਦਇਆ ਦੇਵਤਾ ਖਿਮਾ ਜਪਮਾਲੀ, ਤੇ ਮਾਣਸ ਪਰਧਾਨ ॥ (1245)

ਹੇ ਭਾਈ! ਹੇ ਭੈਣੋ ਰੋਟੀ ਨਾ ਖਾਣੀ ਅਸਲੀ ਵਰਤ ਨਹੀਂ ਹੈ। ਝੂਠ ਨਾ ਬੋਲੋ, ਝੂਠ ਵਲੋਂ ਵਰਤ ਰੱਖ ਲਉ, ਸਚਾਈ ਦੇ ਧਾਰਨੀ ਹੋ ਜਾਉ। ਤੀਰਥਾਂ ਤੇ ਕਾਹਦੇ ਵਾਸਤੇ ਭਟਕਣਾ ਹੈ? ਸੰਤੋਖੀ ਸੁਭਾਅ ਨੂੰ ਹੀ ਤੀਰਥ ਸਮਝੋ। ਗਿਆਨ ਹਾਸਲ ਹੋ ਜਾਵੇ। ਨਿਰੰਕਾਰ ਦਾ ਵਿਚਾਰ ਸਦਾ ਮਨ ਵਿਚ ਰਹੇ, ਏਹੀ ਅਸਲੀ ਇਸ਼ਨਾਨ ਹੈ। ਕਿਸੇ ਦੇਵਤੇ ਦੀ ਪੂਜਾ ਕਰਨ ਦੀ ਥਾਂ ਮਨ ਵਿਚੋਂ ਗੁੱਸਾ ਖਤਮ ਕਰ ਲਉ। ਕਮਜੋਰਾਂ ਤੇ ਦਇਆ ਕਰੋ, ਉਹਨਾਂ ਦੇ ਦੁੱਖ ਦੂਰ ਕਰਨ ਵਿਚ ਸਹਾਇਤਾ ਕਰੋ। ਏਹੀ ਹੈ ਦੇਵਤੇ ਦੀ ਪੂਜਾ। ਮਾਲਾ ਚੁੱਕੀ ਨਾ ਫਿਰਦੇ ਰਹੋ। ਏਹ ਤਾਂ ਵੇਹਲੜਾਂ ਦੇ ਕੰਮ ਹਨ। ਨਿਮਰਤਾ ਧਾਰਨ ਕਰਨੀ ਹੀ ਅਸਲੀ ਮਾਲਾ ਹੈ। ਅਜਿਹੇ ਗੁਣਾਂ ਦੇ ਧਾਰਨੀ ਵਿਅਕਤੀ ਹੀ ਸਮਾਜ ਦੇ ਆਗੂ ਹੋਣੇ ਚਾਹੀਦੇ ਹਨ, ਤਾਂ ਹੀ ਸਮਾਜ ਦਾ ਭਲਾ ਹੋ ਸਕਦਾ ਹੈ

ਅੰਨੁ ਨ ਖਾਇਆ ਸਾਦੁ ਗਵਾਇਆ ॥ ਬਹੁ ਦੁਖੁ ਪਾਇਆ ਦੂਜਾ ਭਾਇਆ ॥ (467)

ਹੇ ਸਤਸੰਗੀਉ! ਜਿੰਨਾਂ ਲੋਕਾਂ ਨੇ ਅੰਨ ਦਾ ਤਿਆਗ ਕੀਤਾ ਗਲਤ ਕੰਮ ਕੀਤਾ। ਭੁੱਖੇ ਰਹਿਣ ਨਾਲ ਕੁੱਝ ਪ੍ਰਾਪਤ ਨਹੀਂ ਹੋਣਾ। ਕੇਵਲ ਖਾਣੇ ਦੇ ਸੁਆਦਲੇ ਰਸਾਂ ਤੋਂ ਵਾਂਝੇ ਹੋ ਗਏ। ਸਰੀਰ ਕਮਜੋਰ ਹੋ ਗਿਆ। ਦੁੱਖ ਬਹੁਤ ਭੋਗਿਆ, ਪਰ ਰੱਬ ਦੇ ਰਾਹ ਤੇ ਚੱਲਣ ਵਾਲਿਆਂ ਲਈ ਇਹਨਾਂ ਵਰਤਾਂ ਆਦਿ ਦੀ ਕਉਡੀ ਜਿੰਨੀ ਕੀਮਤ ਨਹੀਂ ਹੈ।

ਅੰਨੁ ਨ ਖਾਹਿ ਦੇਹੀ ਦੁਖੁ ਦੀਜੈ ॥ ਬਿਨੁ ਗੁਰ ਗਿਆਨ ਤ੍ਰਿਪਤਿ ਨਹੀਂ ਥੀਜੈ ॥ (905)

ਹੇ ਸਤ ਸੰਗੀਉ! ਵਰਤ ਰੱਖਣਾ ਬੇਮਾਹਿਨੇ ਹੈ। ਕੇਵਲ ਸਰੀਰ ਨੂੰ ਕਸ਼ਟ ਤਾਂ ਦੇ ਲਿਆ, ਪਰ ਫਾਇਦਾ ਕੋਈ ਨਾ ਹੋਇਆ। ਗੁਰੂ ਦੇ ਗਿਆਨ ਤੋਂ ਬਗੈਰ ਟਿਕਾਉ ਨਹੀਂ ਆ ਸਕੇਗਾ। ਜਿਨ੍ਹਾਂ ਦੇ ਅੰਦਰ ਗੁਰੂ ਦਾ ਗਿਆਨ ਹੈ, ਉਹ ਵਰਤਾਂ ਵਗੈਰਾ ਦੇ ਝਮੇਲੇ ਵਿਚ ਨਹੀਂ ਫਸਦੇ।

ਮਨਿ ਸੰਤੋਖ ਸਰਬ ਜੀਅ ਦਇਆ ॥ ਇਨ ਬਿਧਿ ਬਰਤ ਸੰਪੂਰਨ ਭਇਆ ॥ (299)

ਹੇ ਪੁੱਤਰੋ! ਹੇ ਪੁੱਤਰੀਉ! ਸੰਤੋਖੀ ਸੁਭਾਅ ਬਣ ਜਾਵੇ। ਲੋੜ ਮੁਤਾਬਕ ਖਾਣਾ ਪਹਿਨਣਾ ਬਣ ਜਾਵੇ। ਸਾਰਿਆਂ ਵਿਚ ਪਰਮੇਸਰ ਦਾ ਰੂਪ ਨਜਰ ਆਵੇ। ਕਮਜੋਰਾਂ ਨੂੰ ਦੁੱਖ ਨਾ ਦਿੱਤਾ ਜਾਵੇ। ਵਿਕਾਰਾਂ ਨੂੰ ਖਤਮ ਕਰਕੇ, ਗੁਣਾਂ ਨੂੰ ਅਪਣਾ ਕੇ ਤੁਹਾਡਾ ਵਰਤ ਸੰਪੂਰਨ ਹੋ ਗਿਆ ਮੰਨਿਆ ਜਾਵੇਗਾ। ਉਂਝ ਰੋਟੀ ਛੱਡਣ ਦਾ ਕੋਈ

ਮਤਲਬ ਨਹੀਂ ਹੈ।

ਧੰਨ ਸਨ ਉਹ ਮਾਈ ਭਾਈ ਬਹਾਦਰ ਸਿੰਘ, ਸਿੰਘਣੀਆਂ, ਜਿਨ੍ਹਾਂ ਨੇ ਕਈ ਕਈ ਦਿਨ ਰੋਟੀ ਨਾ ਖਾਧੀ। ਧਰਮ ਹੇਤ ਜੰਗ ਲੜਦੇ ਰਹੇ ਜੰਗਲੀ ਵਾਸਾ ਹੋ ਗਿਆ। ਘਰ ਉੱਜੜ ਗਏ। ਕੱਪੜੇ ਫਟ ਗਏ। ਖਾਣਾ ਨਹੀਂ ਆਰਾਮ ਨਹੀਂ। ਬਿਮਾਰਾਂ ਤੇ ਜ਼ਖ਼ਮੀਆਂ ਲਈ ਇਲਾਜ ਨਹੀਂ। ਫਿਰ ਭੀ ਸਿਦਕ ਤੇ ਅਡੋਲ ਹਨ। ਜੰਗਲੀ ਫਲ, ਗਾਜਰ ਮੂਲੀ, ਜਾਂ ਜੰਗਲੀ ਜਾਨਵਰ ਕਦੀ ਕਾਬੂ ਆ ਗਿਆ। ਕੱਚਾ ਭੁੰਨਿਆ ਕਰ ਕੇ ਪੇਟ ਨੂੰ ਝੁਲਕਾ ਦੇ ਲਿਆ, ਛੱਪੜਾਂ ਦਾ ਮੈਲਾ ਪਾਣੀ ਪੀ ਲਿਆ। ਤੇਗ ਵਾਹੁੰਦੇ ਰਹੇ, ਬੰਦੂਕਾਂ ਚਲਾਉਂਦੇ ਰਹੇ, ਖੰਡੇ ਖੜਕਾਉਂਦੇ ਰਹੇ, ਜੈਕਾਰੇ ਗਜਾਉਂਦੇ ਰਹੇ, ਨਗਾਰੇ ਬਜਾਉਂਦੇ ਰਹੇ ਤੇ ਦੁਸ਼ਮਣ ਦੇ ਆਹੂ ਲਾਹੁੰਦੇ ਰਹੇ। ਉਨ੍ਹਾਂ ਯੋਧਿਆਂ ਦੇ ਸਨ ਅਸਲੀ ਵਰਤ, ਅਸਲੀ ਤਿਆਗ। ਅੱਜ ਤਾਂ ਵਰਤ ਦੇ ਨਾਂ 'ਤੇ ਪਾਖੰਡ ਕੀਤਾ ਜਾ ਰਿਹਾ ਹੈ। ਇਕ ਪਾਸੇ ਕਰੋੜਾਂ ਲੋਕ ਭੁੱਖ ਨਾਲ ਮਰ ਰਹੇ ਹਨ। ਦੂਜੇ ਪਾਸੇ ਭੁੱਖੇ ਰਹਿਣ ਦਾ (ਵਰਤ ਰੱਖਣ ਦਾ) ਪਾਖੰਡ ਕੀਤਾ ਜਾ ਰਿਹਾ ਹੈ। ਅਗਰ ਭਾਰਤ ਦੇ ਸਿਆਸਤਦਾਨ ਲੋਭ ਦਾ "ਵਰਤ" ਰੱਖ ਲੈਣ, ਅਗਰ ਸਰਕਾਰੀ ਮੁਲਾਜ਼ਮ ਰਿਸ਼ਵਤ ਦਾ "ਵਰਤ" ਰੱਖ ਲੈਣ, ਜੇ ਕਿਤੇ ਧਾਰਮਕ ਮੁਖੀ ਤੇ ਪੁਜਾਰੀ ਲੋਭੀ ਲਾਲਚੀ ਨਾ ਹੋ ਕੇ ਸੰਤੋਖੀ ਬਣ ਜਾਣ। ਸਮਝੋ ਗਰੀਬ ਜੰਤਾ ਦਾ ਕਲਿਆਣ ਸੌਖਿਆਂ ਹੀ ਹੋ ਸਕਦਾ ਹੈ। ਅੱਗੇ ਪਰਮਾਣ ਪੜ੍ਹੋ-

ਨਉਮੀ ਨੇਮੁ ਸਚੁ ਜੇ ਕਰੈ ॥ ਕਾਮ ਕ੍ਰੋਧੁ ਤ੍ਰਿਸਨਾ ਉਚਰੈ ॥
ਦਸਮੀ ਦਸੇ ਦੁਆਰ ਜੇ ਠਾਕੈ, ਏਕਾਦਸੀ ਏਕੁ ਕਰਿ ਜਾਣੈ ॥
ਦੁਆਦਸੀ ਪੰਚ ਵਸਗਤਿ ਕਰਿ ਰਾਖੈ, ਤਉ ਨਾਨਕ ਮਨੁ ਮਾਨੈ ॥
ਐਸਾ "ਵਰਤੁ" ਰਹੀਜੈ ਪਾਡੇ, ਹੋਰ ਬਹੁਤੁ ਸਿਖ ਕਿਆ ਦੀਜੈ ॥ (1245)

ਹੇ ਬ੍ਰਾਹਮਣ! (ਵਰਤਾਂ ਦਾ ਭਰਮ ਪੈਦਾ ਕਰਨ ਵਾਲਾ) ਤੂੰ ਨਉਮੀ ਦਾ ਵਰਤ ਰੱਖਣ ਦੀ ਸਲਾਹ ਦਿੰਦਾ ਹੈ। ਸੱਚਾਈ ਦੇ ਮਾਰਗ 'ਤੇ ਚੱਲਣਾ, ਜੀਵਨ ਦਾ ਨੇਮ (ਅਸੂਲ) ਬਣਾ ਲੈਣਾ ਹੀ ਨਉਮੀ ਦਾ ਸਹੀ ਵਰਤੀ ਹੈ। ਵਰਤ ਅਸਲੀ ਹੈ ਕਿ ਕਾਮ ਕ੍ਰੋਧ ਤ੍ਰਿਸਨਾ ਆਦਿ ਨੂੰ ਕਾਬੂ ਵਿਚ ਕਰ ਲਵੇ। ਦਸਮੀ ਦਾ ਵਰਤ ਹੈ ਕਿ ਦਸ ਦੁਆਰਿਆਂ 'ਤੇ ਵਸੀਕਰਣ ਕਰ ਲਵੇ। ਏਕਾਦਮੀ ਦਾ ਸਹੀ ਵਰਤ ਇਹ ਹੈ ਕਿ ਇਕ ਨਿਰੰਕਾਰ ਤੇ ਵਿਸ਼ਵਾਸ ਰੱਖੇ। ਦੁਆਦਸੀ ਦਾ ਵਰਤ ਰੱਖਣ ਦੀ ਥਾਵੇਂ ਪੰਜ ਵਿਕਾਰਾਂ ਨੂੰ ਮਾਰ ਲਵੇ। ਤਾਂ ਮੈਂ ਮੰਨਾਂਗਾ ਕਿ ਤੂੰ ਵਰਤ ਰੱਖਿਆ ਹੈ। ਹੇ ਪਾਂਡੇ! ਅਜਿਹੇ ਗੁਣਾਂ ਨੂੰ ਅਪਣਾ, ਤੇ ਅਉਗਣਾਂ ਨੂੰ ਤਿਆਗ, ਤਾਂ ਹੀ ਅਸਲੀ ਵਰਤ ਮੰਨਿਆ ਜਾਵੇਗਾ। ਬਾਕੀ ਤਾਂ ਸਾਰਾ ਪਾਖੰਡ ਕੀਤਾ ਜਾ ਰਿਹਾ ਹੈ। ਗੁਰਮਤਿ ਵਿਚ

ਔਰਤ ਜਾਂ ਪੁਰਸ਼ ਲਈ ਕਿਸੇ ਵਰਤ ਦੀ ਲੋੜ ਨਹੀਂ ਹੈ। ਉਂਞ ਆਪਣੀ ਸਰੀਰਕ ਲੋੜ ਅਤੇ ਕੰਮ ਦੀ ਬਣਤਰ ਮੁਤਾਬਕ ਖਾਣਾ ਘੱਟ ਵੱਧ ਕੀਤਾ ਜਾ ਸਕਦਾ ਹੈ। ਜੇ ਕਿਸੇ ਤੇ ਮੋਟਾਪਾ ਹਾਵੀ ਹੈ, ਚਰਬੀ ਚੜ੍ਹੀ ਹੈ। ਵਜਨ ਸੱਠ ਕਿੱਲੋ ਦੀ ਥਾਵੇਂ, ਸੌ ਕਿਲੋ ਹੋਇਆ ਪਿਆ ਹੈ। ਫਿਰ ਭਾਵੇਂ ਹਫ਼ਤੇ ਵਿਚ ਦੋ ਦਿਨ ਵਰਤ ਰੱਖ ਲਵੋ, ਉਹ ਸਰੀਰ ਦੀ ਲੋੜ ਹੈ। ਧਰਮ ਨਾਲ ਉਸ ਦਾ ਕੋਈ ਸਬੰਧ ਨਹੀਂ। ਬਿਮਾਰ ਵਿਅਕਤੀ ਲੰਮੇ ਸਮੇਂ ਤੱਕ "ਵਰਤ" ਰੱਖਣ ਲਈ ਮਜਬੂਰ ਹੋ ਜਾਂਦੇ ਹਨ। ਇਹ ਧਰਮ ਨਹੀਂ ਬੇਬਸੀ ਹੈ। ਪੁਜਾਰੀ ਨੇ ਸਮਾਜ ਨੂੰ ਹਰ ਮੁਹਾਜ ਤੇ ਕੁਰਾਹੇ ਪਾਇਆ ਹੈ, ਤੇ ਦੋਹੀ ਹੱਥੀਂ ਲੁੱਟ ਮਚਾਈ ਹੈ। ਹੁਣ ਗੁਰਬਾਣੀ ਦਾ ਚਾਨਣ ਆ ਗਿਆ ਹੈ। ਪੁਜਾਰੀ ਤਬਕੇ ਵਲੋਂ ਬਣਾਈਆਂ ਫੋਕਟ ਰੀਤਾਂ ਨੂੰ ਗਲੋਂ ਲਾਹ ਸੁਟੀਏ, ਸੌਖਾ ਤੇ ਸੁਖੀ ਜੀਵਨ ਬਿਤਾਈਏ।

❀❀❀

ਰੱਖੜੀ- ਜਾਂ ਮਾਨਸਿਕ ਗੁਲਾਮੀ ?

ਪੁਜਾਰੀ ਤਬਕੇ ਨੇ ਭਾਰਤੀ ਲੋਕਾਂ ਨੂੰ ਬਹੁਤ ਖੁਆਰ ਕੀਤਾ ਹੈ। ਕੁਰਾਹੇ ਪਾਉਣ ਦੇ ਭੀ ਪੈਸੇ ਵੱਟੇ ਹਨ। ਅਣਹੋਏ ਤੇ ਅਣਜੰਮੇ ਦੇਵੀਆਂ ਦੇਵਤੇ ਕਰੋੜਾਂ ਦੀ ਤਾਦਾਦ ਵਿਚ ਹਨ। ਭਗਤਾਂ ਨੂੰ ਮਨੋਕਾਮ ਨਾਵਾਂ ਪੂਰੀਆਂ ਕਰਨ ਦਾ ਵਿਸ਼ਵਾਸ ਦੁਆਇਆ ਜਾਂਦਾ ਹੈ। ਪਰ ਅੱਧਾ ਹਿੰਦੁਸਤਾਨ ਦੋ ਵਕਤ ਦੀ ਰੋਜਵੀਂ ਰੋਟੀ ਨੂੰ ਤਰਸ ਰਿਹਾ ਹੈ। ਉਂਗਲਾਂ 'ਤੇ ਗਿਣੀਆਂ ਜਾ ਸਕਣ ਵਾਲੀਆਂ ਕੁੱਝ ਕੁ ਤਾਕਤਵਰ ਔਰਤਾਂ ਨੂੰ ਦੇਵੀਆਂ ਮੰਨ ਕੇ ਪੂਜਿਆ ਜਾ ਰਿਹਾ ਹੈ। ਬਹੁ ਗਿਣਤੀ ਇਸਤਰੀਆਂ ਪਸ਼ੂਆਂ ਨਾਲੋਂ ਭੈੜਾ ਜੀਵਨ ਬਤੀਤ ਕਰਨ ਲਈ ਮਜਬੂਰ ਹਨ। ਬੇਗਾਨੇ ਲੋਕ ਕੋਈ ਧੱਕਾ ਕਰਨ ਤਾਂ ਸਬਰ ਦਾ ਘੁੱਟ ਭਰਨਾ ਹੀ ਪੈਂਦਾ ਹੈ। ਇਥੇ ਤਾਂ ਆਪਣੇ ਆਖੇ ਜਾਣ ਵਾਲੇ ਹੀ ਮਾਸ ਨੋਚਦੇ ਹਨ, ਖੂਨ ਪੀਂਦੇ ਹਨ, ਅਪਮਾਨ ਕਰਦੇ ਹਨ, ਮਰਨ ਲਈ ਮਜਬੂਰ ਕਰਦੇ ਹਨ ਜਾਂ ਫਿਰ ਖੁਦ ਹੀ ਕਤਲ ਕਰ ਦਿੰਦੇ ਹਨ। "ਧਰਮ" ਅਧਾਰਤ ਰਿਸ਼ੀਆਂ ਮੁਨੀਆਂ ਦੇਵਤਿਆਂ ਦਾ ਦੇਸ਼ ਜੁ ਹੋਇਆ। ਵਿਸ਼ਨੂੰ "ਭਗਵਾਨ" ਜਲੰਧਰ ਰਾਜੇ ਦੀ ਪਤਨੀ ਵਰਿੰਦਾ ਨਾਲ ਜਬਰ ਜਿਨਾਹ ਕਰ ਕੇ ਭੀ ਭਗਵਾਨ ਹੈ। ਬ੍ਰਹਮਾ ਆਪਣੀ ਹੀ ਬੇਟੀ ਨਾਲ ਸੌ ਸਾਲ ਤੱਕ ਕੁਕਰਮ ਕਰਦਾ ਰਿਹਾ ਤਾਂ ਭੀ ਭਗਵਾਨ ਹੈ। ਸ਼ਿਵਜੀ ਸਾਰੇ ਹੀ ਦੇਵਤਿਆਂ ਦੀਆਂ ਪਤਨੀਆਂ ਨਾਲ ਬਲਾਤਕਾਰ ਕਰ ਕੇ ਭੀ ਭਗਵਾਨ ਹੈ। ਕ੍ਰਿਸ਼ਨ ਜੀ ਜੁਆਨ ਲੜਕੀਆਂ ਨੂੰ ਨੰਗੀਆਂ ਕਰ ਕੇ ਆਪਣੇ ਸਾਹਮਣੇ ਨਚਾਉਂਦੇ ਹੈ, "ਰਾਸ ਲੀਲਾ" (ਭੋਗ ਵਿਲਾਸ ਕਰਦਾ ਹੈ) ਰਚਾਉਂਦਾ ਹੈ, ਤਾਂ ਭੀ ਸੋਲਾਂ ਕਲਾਂ ਸੰਪੂਰਨ ਭਗਵਾਨ ਹੈ। ਇੰਦਰ ਪੁਰੀ ਵਿਚੋਂ ਉਡਾਰੀ ਮਾਰ ਕੇ ਇੰਦਰ ਜੀ ਗੌਤਮ ਦੀ ਪਤਨੀ ਅਹੱਲਿਆ ਨਾਲ ਜਬਰ ਜਿਨਾਹ ਕਰੇ ਤਾਂ ਭੀ "ਪੂਜਯ ਭਗਵਾਨ" ਹੈ। ਸ਼ਰਮ ਹਯਾ ਦੇ ਸਾਰੇ ਪੜਦੇ ਪਾੜ ਕੇ, ਸ਼ਿਵ ਅਤੇ ਪਾਰਬਤੀ ਨੂੰ ਸਾਰੇ ਸੰਸਾਰ ਦੇ ਸਨਮੁੱਖ ਅਲਫ਼ ਨੰਗੇ ਕਰ ਕੇ ਖਲਿਆਰ ਦਿੱਤਾ। ਪੁਜਾਰੀ ਜੀ ਨੇ ਉਪਦੇਸ਼ ਦੇ ਦਿੱਤਾ ਇਨ੍ਹਾਂ ਦੋਵਾਂ ਦੇ "ਗੁਪਤ ਅੰਗਾਂ" ਦੀ ਪੂਜਾ ਕਰੋ। ਮਨ ਇੱਛਤ ਫਲ ਪ੍ਰਾਪਤ ਹੋਣਗੇ। ਮੁਸੀਬਤ ਵਕਤ ਤੁਹਾਡੀ ਰੱਖਿਆ (ਰਾਖੀ) ਕਰਨਗੇ। "ਸਰਧਾਲੂਆਂ" ਨੇ ਇਵੇਂ ਹੀ ਕਰਨਾ ਸ਼ੁਰੂ ਕਰ ਦਿੱਤਾ। ਪੁਜਾਰੀ ਟੋਲੇ ਨੇ ਪਹਿਲਾਂ ਸ਼ਿਵ ਅਤੇ ਪਾਰਬਤੀ ਨੂੰ ਨੰਗੇ ਕਰ ਕੇ ਅਪਮਾਨਤ ਕੀਤਾ ਤਾਂ ਭੀ ਸੇਵਕਾਂ ਦਾ ਰੋਹ ਪ੍ਰਚੰਡ ਨਾ ਹੋਇਆ। ਭੂਤਰੇ ਹੋਏ ਪੁਜਾਰੀਆਂ ਨੇ ਸਾਰੇ ਸੇਵਕਾਂ ਦੀ ਇੱਜ਼ਤ ਮਿੱਟੀ ਵਿਚ ਰੋਲ ਦਿੱਤੀ, ਜਦੋਂ ਆਖਿਆ

ਕਿ ਇਨ੍ਹਾਂ ਦੇ "ਜਨਣ ਅੰਗਾਂ" ਦੀ ਪੂਜਾ ਕਰੋ। ਸ਼ਰਧਾ ਵਿਚ ਅੰਨਿਆਂ ਨੇ ਇਸ "ਪਵਿੱਤਰ ਹੁਕਮ" ਨੂੰ ਮੰਨ ਕੇ, ਗੁਪਤ ਅੰਗਾਂ (ਸ਼ਿਵ ਲਿੰਗ ਅਤੇ ਯੋਨਿ ਪੀਠ) ਦੀ ਆਰਤੀ ਉਤਾਰਨੀ ਤੇ ਪੂਜਾ ਕਰਨੀ ਸ਼ੁਰੂ ਕਰ ਦਿੱਤੀ। ਪੁਜਾਰੀ ਬਾਗੋ ਬਾਗ ਹੈ, ਕਿਉਂਕਿ ਉਹ ਜਾਣ ਗਿਆ ਹੈ ਕਿ ਜਿਨ੍ਹਾਂ ਲੋਕਾਂ ਨੂੰ ਆਪਣੀ ਅਤੇ ਆਪਣੇ ਦੇਵਤਿਆਂ ਦੀ ਬੇਪਤੀ ਦਾ ਭੀ ਪਤਾ ਨਹੀਂ, ਉਹ ਪੁਜਾਰੀਆਂ ਵਿਰੁਧ ਖੜੇ ਹੋਣ ਦੀ ਹਿੰਮਤ ਸਿਆਣਪ ਗਵਾ ਚੁੱਕੇ ਹਨ।

ਮਾਰਚ 2005 ਵਿਚ ਕੁੱਝ ਚੋਣਵੇਂ ਵਿਦਵਾਨਾਂ ਨਾਲ ਬੈਠਾ ਵਿਚਾਰ ਸਾਂਝੇ ਕਰ ਰਿਹਾ ਸਾਂ। ਇਕ ਸਿੱਖ ਭਰਾ ਨੇ ਖਬਰ ਸੁਣਾ ਕੇ ਮਾਹੌਲ ਨੂੰ ਕਾਫ਼ੀ ਉਦਾਸ ਕਰ ਦਿੱਤਾ। ਉਸ ਨੇ ਦੱਸਿਆ ਕਿ "ਗਿਆਨੀ ਸੰਤ ਸਿੰਘ ਮਸਕੀਨ ਦੀ ਮੌਤ ਹੋ ਗਈ"। ਕਾਫ਼ੀ ਦੇਰ ਤੱਕ ਚੁੱਪ ਛਾਈ ਰਹੀ। ਸਾਰੇ ਹੀ ਇਕ ਦੂਜੇ ਨੂੰ ਆਖੀ ਜਾਣ- "ਪੰਥ ਦਾ ਹੁਣ ਕੀ ਬਣੇਗਾ ? ਇਹੋ ਜਿਹਾ ਕਥਾਵਾਚਕ ਕਿਥੋਂ ਲੱਭਣਾ ਹੈ ? ਇਹਦੇ ਬਿਨਾਂ ਕੀ ਰੱਬ ਦਾ ਕੰਮ ਰੁਕਿਆ ਪਿਆ ਸੀ ? ਪੰਥ ਦੀ ਬੇੜੀ ਦਾ ਮਲਾਹ ਮਸਕੀਨ ਤਾਂ..."। ਸਾਰਿਆਂ ਨੂੰ ਮੁਖਾਤਬ ਹੁੰਦਿਆਂ ਕੁੱਝ ਕਠੋਰ ਭਾਸ਼ਾ ਵਿਚ ਮੈਂ ਆਖਿਆ, "ਮੌਤ ਅਟੱਲ ਹੈ, ਸਿਆਣਾ ਆਗੂ ਆਪਣੇ ਤੋਂ ਬਾਅਦ, ਸਾਰੇ ਕੰਮਾਂ ਨੂੰ ਨਿਰਬਿਘਨ ਚਲਦਾ ਰੱਖਣ ਲਈ, ਪੂਰੀ ਟੀਮ ਤਿਆਰ ਕਰ ਜਾਂਦਾ ਹੈ, ਤਾਂ ਕਿ ਚੰਗੇ ਕੰਮ ਨਿਰੰਤਰ ਚਲਦੇ ਰਹਿਣ। ਮਹਾਨ ਪਰਉਪਕਾਰੀ, ਅਣਗਿਣਤ ਗੁਣਾਂ ਦੇ ਮੁਜੱਸਮੇ ਬਾਬਾ ਨਾਨਕ ਜੀ, ਸੰਸਾਰ ਤੋਂ ਚਲੇ ਗਏ। ਗੁਰੂ ਅਰਜੁਣ ਸਾਹਿਬ ਆਪਣੀਆਂ ਜ਼ਿੰਮੇਵਾਰੀਆਂ ਨਿਭਾ ਕੇ ਚਲੇ ਗਏ। ਗੁਰੂ ਤੇਗ ਬਹਾਦਰ ਜੀ ਸਦਾ ਨਹੀਂ ਬੈਠੇ ਰਹੇ। ਗੁਰੂ ਗੋਬਿੰਦ ਸਿੰਘ ਜੀ ਅਲੌਕਿਕ ਕਾਰਜ ਕਰ ਕੇ ਵਿਦਾ ਹੋ ਗਏ। ਵੱਡੇ ਵੱਡੇ ਸੂਰਮੇ, ਆਪਣੀ ਤੇਗ ਦੇ ਜੌਹਰ ਵਿਖਾ ਕੇ ਵਿੱਛੜ ਗਏ। ਵਿਦਵਾਨ ਤੇ ਫਿਲਾਸਫਰ ਟੁਰ ਗਏ। ਵਿਗਿਆਨੀ ਨਹੀਂ ਰਹੇ। ਡਾਕਟਰ ਅਤੇ ਵੈਦ ਦੂਜਿਆਂ ਦੇ ਇਲਾਜ ਕਰਦੇ ਹੋਏ ਖੁਦ ਫਾਨੀ ਸੰਸਾਰ ਤੋਂ ਕੂਚ ਕਰ ਗਏ। ਉਨ੍ਹਾਂ ਦੇ ਚਲੇ ਜਾਣ ਤੋਂ ਬਾਅਦ ਸੰਸਾਰ ਦੇ ਕੰਮ ਰੁਕੇ ਨਹੀਂ, ਉਸ ਤਰ੍ਹਾਂ ਚਲਦੇ ਜਾ ਰਹੇ ਹਨ। ਜੱਗ ਸੁੰਨਾ ਨਹੀਂ ਹੋਇਆ, ਬਥੇਰੀ ਰੌਣਕ ਹੈ। ਜਿਨ੍ਹਾਂ ਵਿਰਲੇ "ਮਹਾਂਪੁਰਖਾਂ" ਨੇ ਆਪਣੇ ਲੋਕਾਂ ਨੂੰ ਅਗਾਂਹ ਵਧਣ ਦੀ ਜਾਚ ਸਿਖਾਈ ਹੈ, ਉਹ ਖੜੋਤ ਦਾ ਸ਼ਿਕਾਰ ਨਹੀਂ ਹੋਣਗੇ। ਜਿਨ੍ਹਾਂ ਮਲਾਹਾਂ ਨੇ ਆਪਣੇ ਲੋਕਾਂ ਨੂੰ ਤਰਨਾ ਸਿਖਾ ਦਿੱਤਾ, ਉਹ ਤੂਫਾਨ ਵਿਚ ਭੀ ਡੁੱਬਣ ਤੋਂ ਬਚ ਜਾਣਗੇ। ਜੇ ਸੱਚਮੁੱਚ ਹੀ ਮਸਕੀਨ ਅਗਾਂਹ ਵਧੂ ਸੋਚ ਵਾਲਾ ਸੀ ਤਾਂ ਪੰਥ ਲਈ ਕੋਈ ਰਾਹ ਉਲੀਕ ਕੇ ਕਾਫਲਾ ਬਣਾ ਕੇ ਗਿਆ ਹੋਵੇਗਾ। ਇਕ ਵਿਅਕਤੀ ਦੇ ਮਰਨ 'ਤੇ ਉਹ ਲੋਕ ਬੇਚੈਨ ਹੁੰਦੇ ਹਨ ਜਿਨ੍ਹਾਂ ਨੇ ਖੁਦ ਕੁੱਝ ਕਰਨਾ ਨਹੀਂ

ਸਿੱਖਿਆ। ਕੋਈ ਹੋਰ ਆ ਕੇ ਸਾਡੇ ਵਿਗੜੇ ਕਾਰਜ ਸੰਵਾਰੇਗਾ। ਔਖੇ ਵਕਤ ਸਾਡੀ "ਰਾਖੀ" ਕਰੇਗਾ ?

ਕਾਇਰ ਲੋਕਾਂ ਨੂੰ ਆਪਣੀ ਰਾਖੀ ਦਾ ਸਦਾ ਫਿਕਰ ਲੱਗਿਆ ਰਹਿੰਦਾ ਹੈ। ਮੁਸੀਬਤਾਂ ਤੋਂ ਬਚਣ ਲਈ ਮੰਤਰ ਪੜ੍ਹਦੇ ਹਨ। ਚਲੀਹੇ ਕਟਦੇ ਹਨ। ਤੀਰਥ ਇਸ਼ਨਾਨ ਕਰਦੇ ਹਨ। ਵਰਤ ਰਖਦੇ ਹਨ। ਗਲ ਵਿਚ ਤਵੀਤ ਧਾਗੇ ਪਾਉਂਦੇ ਹਨ। ਦੇਵੀਆਂ ਦੇਵਤਿਆਂ ਨੂੰ ਹਾਕਾਂ ਮਾਰਦੇ ਹਨ। ਰੱਖਿਆ ਦੇ (ਮੰਤਰਾਂ ਵਾਂਗ) ਗੁਰਬਾਣੀ ਸ਼ਬਦਾਂ ਦਾ ਘੋਟਾ ਲਾਉਂਦੇ ਹਨ। ਬੀਬੀਆਂ ਤਾਂ ਬਹੁਤ ਵੇਚਾਰੀਆਂ ਜਿਹੀਆਂ, ਕਮਜ਼ੋਰ ਜਿਹੀਆਂ, ਮਲੂਕ ਜਿੰਦਾਂ, ਪੱਲਾ ਫੜ ਕੇ ਪਿੱਛੇ ਪਿੱਛੇ ਟੁਰਨ ਵਾਲੀਆਂ, ਲੁਕ ਲੁਕ ਕੇ ਦਿਨ ਕੱਟੀ ਕਰਨ ਵਾਲੀਆਂ ਹਨ। ਉਨ੍ਹਾਂ ਵੱਲੋਂ "ਨਾਮਰਦਾਂ" ਨੂੰ ਮਰਦ ਬਣ ਕੇ ਅਬਲਾਵਾਂ ਦੀ ਰਾਖੀ ਕਰਨ ਲਈ ਪੁਕਾਰ ਹੈ, ਤਰਲਾ ਹੈ। ਔਰਤਾਂ ਸਮਝ ਹੀ ਨਹੀਂ ਸਕੀਆਂ ਕਿ ਜਿਹੜੇ "ਮਰਦ" ਸੈਂਕੜੇ ਸਾਲ ਤੋਂ ਵਿਦੇਸ਼ੀਆਂ ਦੇ ਖ਼ੁਦ ਗੁਲਾਮ ਹਨ। ਹਾਕਮਾਂ ਅੱਗੇ ਹੱਥ ਜੋੜਦੇ ਹਨ। ਨਚਦੇ ਹਨ, ਉਨ੍ਹਾਂ ਦੀ ਵਡਿਆਈ ਦੇ ਗੀਤ ਲਿਖਦੇ ਅਤੇ ਗਾਉਂਦੇ ਹਨ। ਆਪਣੀਆਂ ਬੇਟੀਆਂ ਨੂੰ ਸਜਾ ਸੰਵਾਰ ਕੇ ਖ਼ੁਦ ਹੀ ਉਨ੍ਹਾਂ ਦੇ ਬੈੱਡਰੂਮਾਂ ਵਿਚ ਪੁਚਾ ਆਉਂਦੇ ਹਨ। ਜੋ ਆਪਣੇ ਦੇਸ਼ ਦੀ ਰਾਖੀ ਨਹੀਂ ਕਰ ਸਕੇ। ਜੋ ਆਪਣੇ ਧਰਮ ਮੰਦਰਾਂ ਦੀ ਰਾਖੀ ਨਹੀਂ ਕਰ ਸਕੇ। ਜੋ ਆਪਣੇ ਘਰ ਜਮੀਨਾਂ ਦੀ ਰਾਖੀ ਨਹੀਂ ਕਰ ਸਕੇ। ਜੋ ਲੋਕ ਆਪਣੇ ਸਵੈਮਾਣ ਦੀ ਰਾਖੀ ਨਹੀਂ ਕਰ ਸਕੇ। ਭੋਲੀਆਂ ਬੀਬੀਆਂ ਉਨ੍ਹਾਂ ਲੋਕਾਂ ਦੇ ਗੁੱਟਾਂ 'ਤੇ ਗਾਨੇ ਜਾਂ ਰੱਖੜੀਆਂ ਬੰਨ ਕੇ ਹੀਜੜਿਆਂ ਦੇ ਹੱਥਾਂ ਵਿਚ ਤੇਗਾਂ ਫੜਾਉਣੀਆਂ ਚਾਹੁੰਦੀਆਂ ਹਨ। ਬੁਜ਼ਦਿਲਾਂ ਤੋਂ ਬਹਾਦਰੀ ਦੀ ਆਸ ਲਾਈ ਬੈਠੀਆਂ ਹਨ।

ਜਦੋਂ ਕੁਝ "ਮਨੁੱਖੀ ਸਰੀਰ" ਵਾਲਿਆਂ ਨੂੰ ਕਬਰਾਂ ਜਾਂ ਮੜ੍ਹੀਆਂ ਅੱਗੇ ਸਿਰ ਨਿਵਾਈਂ, ਹੱਥ ਜੋੜੀਂ ਖਲੋਤੇ ਵੇਖੀਦਾ ਹੈ। ਉਸ ਵਕਤ ਮਨ ਵਿਆਕੁਲ ਹੋ ਜਾਂਦਾ ਹੈ। ਬਹੁਤ ਸਮਾਂ ਪਹਿਲਾਂ ਸੰਸਾਰ ਤੋਂ ਜਾ ਚੁੱਕੇ ਸ਼ਹੀਦਾਂ, ਸੰਤਾਂ, ਪੀਰਾਂ ਦੇਵਤਿਆਂ, ਪਰਉਪਕਾਰੀਆਂ ਨੂੰ ਅਰਦਾਸਾਂ ਕਰ ਕੇ ਮੱਦਦ ਕਰਨ ਲਈ ਆਵਾਜ਼ਾਂ ਮਾਰਦੇ ਵੇਖੀਦਾ ਹੈ, ਮਨ ਤੜਪ ਉਠਦਾ ਹੈ। ਜੋ ਵਿਅਕਤੀ ਆਪਣੇ ਜਿੰਮੇ ਲੱਗੀ ਜਿੰਮੇਵਾਰੀ ਨਿਭਾ ਗਿਆ। ਜੋ ਕੁੱਝ ਉਸ ਤੋਂ ਸਰਿਆ ਬਣਿਆ, ਉਸ ਨੇ ਕੀਤਾ। ਉਸ ਦੇ ਅੱਗੇ ਅਰਦਾਸਾਂ ਕਰਨ ਵਾਲੇ ਚਾਹੁੰਦੇ ਹਨ ਕਿ ਉਹ ਬਾਰ ਬਾਰ ਆਉਂਦਾ ਰਹੇ। ਸਾਡੀ "ਰਾਖੀ" ਕਰਦਾ ਰਹੇ। ਖ਼ੁਦ ਮੁਸੀਬਤਾਂ ਵਿਚ ਪੈਂਦਾ ਰਹੇ ਤੇ ਸਾਨੂੰ ਮੁਸ਼ਕਲਾਂ ਤੋਂ ਬਚਾ ਲਵੇ। ਉਹ ਮਰਿਆ ਹੋਇਆ ਭੀ ਕੰਮ ਕਰਨ ਦੀ ਸਮਰੱਥਾ ਰਖਦਾ ਹੈ। ਅਸੀਂ ਜਿਉਂਦੇ ਭੀ ਤਾਕਤ ਵਿਹੀਣੇ ਹਾਂ। ਉਹ ਮਰਿਆ ਭੀ ਸਾਡੇ ਲਈ

ਜਿਉਂਦਾ ਹੈ। ਵਾਹ! ਸੰਸਾਰ ਦੇ ਲੋਕੋ, ਵਾਹ!! ਅਸੀ ਜਿਉਂਦੇ ਭੀ ਮਰੇ ਹੋਏ ਹਾਂ। ਅੱਜ ਦੇ ਸਮੇਂ ਵਿੱਚ ਭੀ ਮਰਿਆਂ ਦੀ ਪੂਜਾ ਹੋ ਰਹੀ ਹੈ। ਜਿਉਂਦੇ ਅਖਵਾਉਣ ਵਾਲੇ ਲੋਕ ਮਰਿਆਂ ਤੋਂ ਗਏ ਗੁਜਰੇ ਦਿਸਦੇ ਹਨ। ਅਜਿਹੇ ਮਰੇ ਹੋਏ ਲੋਕਾਂ ਦਾ ਵਰਤਮਾਨ ਜਾਂ ਭਵਿੱਖ ਕਿਵੇਂ ਰੋਸ਼ਨ ਹੋ ਸਕਦਾ ਹੈ? ਮੜ੍ਹੀਆਂ ਕਬਰਾਂ ਵਿੱਚ ਲੇਟੇ ਮੁਰਦੇ ਜਿਨ੍ਹਾਂ ਦੀ "ਰਾਖੀ" ਕਰਨਗੇ, ਉਨ੍ਹਾਂ ਨੂੰ ਜਿਉਂਦੇ ਕਿਵੇਂ ਆਖੀਏ?

ਅਜਿਹੇ ਪੱਥਰ ਦਿਲ ਵਾਲੇ ਲੋਕਾਂ ਨੂੰ ਗੁਰੂ ਸਾਹਿਬ ਨੇ ਝੰਜੋੜਿਆ, ਕਦੀ ਫਿਟਕਾਰਾਂ ਪਾਈਆਂ। ਕਦੀ ਸ਼ੂਰੂ ਕੁੱਤਾ ਜਾਂ ਡੱਡੂ ਆਖ ਕੇ ਲਾਹਣਤਾਂ ਪਾਈਆਂ। ਕਦੀ ਸਾਬਾਸ਼ੇ ਕਿਹਾ, ਕਦੀ ਪੁੱਤਰ ਤੇ ਮਿੱਤਰ ਬਣਾ ਕੇ ਆਦਰ ਦਿੱਤਾ। ਕਦੀ ਸੰਗੀਤ ਨਾਲ ਮੰਤਰ ਮੁਘਦ ਕੀਤਾ। ਕਦੀ ਵਿਚਾਰਾਂ ਦੁਆਰਾ ਦਸਵੇਂ ਦੁਆਰ ਦੀਆਂ ਚੂਲਾਂ ਜਾ ਪੁੱਟੀਆਂ। ਸੁਲਾਇਆ ਜਗਾਇਆ, ਡੇਗਿਆ ਜਾਂ ਗਲ ਨਾਲ ਲਾਇਆ। ਲੋੜੀਂਦਾ ਹਰ ਢੰਗ ਵਰਤ ਕੇ ਸਤਿਗੁਰੂ ਜੀ ਨੇ ਚਲਦੀ ਫਿਰਦੀ ਲਾਸ਼ ਨੂੰ ਜੀਵਤ ਹੋਣ ਦਾ ਅਹਿਸਾਸ ਕਰਾਇਆ। ਬੇਅੰਤ ਮੌਕਿਆਂ 'ਤੇ ਸਤਿਗੁਰੂ ਜੀ ਨੇ ਖੁਦ ਜੁਲਮ ਦੇ ਵਿਰੁਧ ਹਿੱਕ ਡਾਹੀ। ਤੱਤੀਆਂ ਬਲਦੀਆਂ ਤਵੀਆਂ 'ਤੇ ਬਿਠਾਇਆ ਗਿਆ। ਦਿੱਲੀ ਦੇ ਚਾਂਦਨੀ ਚੌਕ ਵਿਚ ਸੀਸ ਕਟਵਾਇਆ ਗਿਆ। ਉਹ ਕਿਹੜੀ ਮੁਸੀਬਤ ਸੀ ਜੋ ਗੁਰੂ ਜੀ ਨੇ ਆਪਣੇ ਆਪ ਤੇ ਨਾਂ ਝੱਲੀ ਹੋਵੇ। ਉਨ੍ਹਾਂ ਮਨੁੱਖੀ "ਧਰਮ" ਦੀ ਰਾਖੀ ਕਰਨੀ ਸੀ। ਆਪਣੇ ਜਿਗਰ ਦੇ ਟੁਕੜਿਆਂ ਦੀਆਂ ਜਾਨਾਂ ਵਾਰ ਕੇ ਧਰਮ ਦੀ ਰਾਖੀ ਕੀਤੀ।

ਗੁਰੂ ਵਰੋਸਾਇਆ ਸੂਰਮਾ ਭਾਈ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਤੂਫਾਨ ਬਣ ਕੇ ਚੜ੍ਹਿਆ। ਪਾਪੀ ਵਜੀਰ ਖਾਨ ਵਰਗੇ ਕੱਖਾਂ ਕਾਨਿਆਂ ਵਾਂਗ ਉਡਦੇ ਚਲੇ ਗਏ। ਜਾਲਮਾਂ ਨੂੰ ਕਰਾਰੀਆਂ ਸਜਾਵਾਂ ਦੇ ਚੁੱਕਣ ਤੋਂ ਬਾਅਦ ਭਾਈ ਬੰਦਾ ਸਿੰਘ ਨੇ ਪੰਜਾਬ ਵਾਸੀਆਂ ਦੀ "ਰਾਖੀ" ਕਰਨ ਦਾ ਐਲਾਨ ਕਰ ਦਿੱਤਾ। ਸਿੱਖ ਫੌਜ ਦੇ ਦੋ ਚਾਰ ਘੋੜ ਸਵਾਰ ਇਕ ਪਿੰਡ ਵਿਚ ਦਾਖਲ ਹੁੰਦੇ। ਇਕ ਥਾਵੇਂ ਪਿੰਡ ਦੇ ਮੋਹਰੀ ਬੰਦਿਆਂ ਨੂੰ ਇਕੱਠੇ ਕਰਦੇ। ਸਾਰਿਆਂ ਨੂੰ ਦਸਦੇ ਕਿ "ਖਾਲਸੇ ਦਾ ਧਰਮੀ ਰਾਜ ਸਥਾਪਤ ਹੋ ਗਿਆ ਹੈ। ਜੁਲਮ ਦੀ ਜੜ ਪੁੱਟੀ ਜਾ ਚੁੱਕੀ ਹੈ। ਤੁਹਾਡੇ ਪਿੰਡ ਵਿਚ ਕੋਈ ਧਾੜਵੀ ਦਾਖਲ ਨਹੀਂ ਹੋ ਸਕੇਗਾ। ਸਾਰਿਆਂ ਦੇ ਜਾਨ ਮਾਲ ਦੀ ਅਸੀਂ ਰਾਖੀ ਕਰਨ ਦਾ ਜਿੰਮਾ ਚੁਕਦੇ ਹਾਂ। ਬਹੂ ਬੇਟੀਆਂ ਵੱਲ ਕੋਈ ਕੈਰੀ ਅੱਖ ਨਾਲ ਨਹੀਂ ਵੇਖ ਸਕੇਗਾ, ਅਸੀਂ ਇਨ੍ਹਾ ਦੀ ਰਾਖੀ ਕਰਾਂਗੇ।" ਪਿੰਡ ਵਾਲਿਆਂ ਤੋਂ ਰਾਖੀ ਕਰਨ ਦੇ ਇਵਜ ਲਈ ਕੁੱਝ "ਕਰ" (ਟੈਕਸ) ਦੇਣ ਵਾਸਤੇ ਕਹਿੰਦੇ। ਪਿੰਡ ਦੇ ਕਿਸੇ ਬਜ਼ੁਰਗ ਨੇ ਨਿਮਰਤਾ ਵਿਚ ਮੰਦੀ ਹਾਲਤ ਬਿਆਨ ਕਰਨੀ। "ਸਿੰਘ ਜੀ ਜ਼ੁਲਮੀ ਫੌਜ ਨੇ ਸਾਰਾ ਕੁੱਝ ਲੁੱਟ

ਲਿਆ ਹੈ। ਸ਼ਾਇਦ ਹੀ ਕਿਸੇ ਦੇ ਘਰ ਵਿਚ ਦਸ ਪੰਦਰਾਂ ਦਿਨਾਂ ਲਈ ਅਨਾਜ ਹੋਵੇ। ਅਸੀਂ ਗਰੀਬ ਤੁਹਾਨੂੰ ਕੀ ਦੇ ਸਕਦੇ ਹਾਂ?

ਸਿੱਖ ਸਿਪਾਹੀ ਨੇ ਗੱਲ ਸਪੱਸ਼ਟ ਕਰਦੇ ਆਖਣਾ, "ਅਸੀ ਸੋਨਾ ਚਾਂਦੀ ਜਾਂ ਕੱਪੜਾ ਲੱਤਾ ਨਹੀਂ ਮੰਗਦੇ। ਕਿਸੇ ਦੇ ਘਰ ਵਿਚ ਬੇਹੀ ਰੋਟੀ ਪਈ ਹੋਵੇ। ਕਿਸੇ ਘਰ ਵਿਚ ਛੋਲਿਆਂ ਦੇ ਭੁੱਜੇ ਦਾਣੇ ਪਏ ਹੋਣ। ਕਿਸੇ ਥਾਂ ਗੁੜ ਦੀ ਰੋੜੀ ਬਚੀ ਪਈ ਹੋਵੇ। ਬਸ ਉਹੀ ਸਾਨੂੰ ਬਖ਼ਸ਼ ਦਿਉ। ਅਸੀ ਪਰਸ਼ਾਦ ਸਮਝ ਕੇ ਪਰਵਾਨ ਕਰ ਲਵਾਂਗੇ। ਫਿਰ ਤੁਹਾਡੇ ਪਿੰਡ ਦੀ "ਰਾਖੀ" ਕਰਦਿਆਂ ਸਿਰ ਭੀ ਕਟਾਉਣਾ ਪੈ ਜਾਵੇ ਪ੍ਰਵਾਹ ਨਹੀਂ। ਆਹ ਲਓ ਸਾਡੀ ਨੰਬਰਦਾਰੀ ਦੀ ਮੋਹਾਰ"। ਇਹ ਕਹਿੰਦਿਆਂ ਸਿੱਖ ਫੌਜੀ ਆਪਣੇ ਕਮਰ ਕੱਸੇ ਨਾਲੋਂ ਜਾਂ ਦਸਤਾਰ ਨਾਲੋਂ ਕੁੱਝ ਕੱਪੜਾ ਪਾੜ ਕੇ ਪਿੰਡ ਦੇ ਬਜ਼ੁਰਗਾਂ ਨੂੰ ਸੌਂਪ ਦਿੰਦਾ। ਜੇ ਕੋਈ ਧਾੜਵੀ ਪਿੰਡ ਵਿਚ ਦਾਖਲ ਹੋਵੇ ਤਾਂ ਆਹ ਨਿਸ਼ਾਨੀ (ਕੱਪੜਾ) ਵਿਖਾ ਕੇ ਕਹਿ ਦੇਣਾ ਕਿ **"ਸਾਡਾ ਪਿੰਡ ਸਿੰਘਾਂ ਦੀ ਰਾਖੀ ਵਿਚ ਆ ਗਿਆ ਹੈ"।**

ਹਲ ਵਾਹੁਣ ਵਾਲੇ ਕਿਸਾਨ ਨੂੰ ਆਖਿਆ ਗਿਆ, ਜਿੰਨੀ ਜ਼ਮੀਨ ਤੂੰ ਵਾਹ ਸਕਦਾ ਹੈ, ਸੰਭਾਲ ਲੈ, ਉਹ ਜ਼ਮੀਨ ਤੇਰਾ ਰਾਖੀ ਵਿਚ ਹੋਵੇਗੀ। ਇਸ ਤਰ੍ਹਾਂ ਪੰਜਾਬ ਵਿਚੋਂ ਵੱਡੇ ਜਿਮੀਦਾਰਾਂ ਦਾ ਖਾਤਮਾ ਭਾਈ ਬੰਦਾ ਸਿੰਘ ਨੇ ਹੀ ਕਰ ਦਿੱਤਾ ਸੀ। ਮਿਸਲਾਂ ਦੇ ਵਕਤ ਇਹ ਜੰਗ ਚਲਦੀ ਰਹੀ। ਅਣਗਿਣਤ ਬੀਬੀਆਂ ਨੂੰ ਬੰਨ੍ਹ ਕੇ ਕਾਬਲ ਵੱਲ ਲਿਜਾਇਆ ਜਾਂਦਾ। ਸਿੰਘ ਜਾਨਾਂ ਹੂਲ ਕੇ ਉਨ੍ਹਾਂ ਵਿਚੋਂ ਬਹੁਤ ਸਾਰੀਆਂ ਨੂੰ ਛੁਡਾ ਲਿਆਉਂਦੇ। ਵਾਪਸ ਉਨ੍ਹਾਂ ਦੇ ਘਰਾਂ ਵਿਚ ਭੇਜਣ ਦਾ ਪ੍ਰਬੰਧ ਕਰਦੇ। ਬਿਨਾਂ ਰੱਖੜੀ ਬੰਨ੍ਹੇ ਸਿੱਖਾਂ ਸੂਰਮਿਆਂ ਨੇ ਦੇਸ਼ ਦੀ ਆਬਰੂ ਨੂੰ ਰੁਲਣੋ ਬਚਾਇਆ। ਸਤਲੁਜ ਤੋਂ ਲਹਿੰਦੇ ਵਾਲੇ ਪਾਸੇ ਲੱਖਾਂ ਵਰਗਮੀਲ ਦਾ ਇਲਾਕਾ, ਅਹਿਮਦਸ਼ਾਹ ਅਬਦਾਲੀ ਨੇ ਅਫ਼ਗਾਨਿਸਤਾਨ ਨਾਲ ਰਲਾ ਲਿਆ ਸੀ। ਇਸ ਦਾ ਲਗਾਨ ਦਿੱਲੀ ਨੂੰ ਨਹੀਂ ਕਾਬੁਲ ਨੂੰ ਜਾਣ ਲੱਗ ਪਿਆ ਸੀ। ਸਿੱਖਾਂ ਨੇ ਤੇਗ ਦੇ ਉਹ ਜੌਹਰ ਵਿਖਾਏ ਕਿ ਦੁਸ਼ਮਣ ਦੇ ਹੋਸ਼ ਹਵਾਸ ਗੁੰਮ ਗਏ। ਸਾਰਾ ਜਰਖੇਜ ਇਲਾਕਾ ਵਾਪਸ ਭਾਰਤ ਦਾ ਹਿਸਾ ਬਣਾਇਆ। ਸਿੱਖਾਂ ਨੇ ਸਭ ਕੁੱਝ ਕੁਰਬਾਨ ਕਰ ਕੇ ਭਾਰਤ ਦੀ "ਰਾਖੀ" ਕੀਤੀ।

ਗੁਰਬਾਣੀ ਨੇ ਮਨੁੱਖ ਨੂੰ ਨਿਰੰਕਾਰ ਤੇ ਵਿਸ਼ਵਾਸ ਰੱਖਣ ਲਈ ਬਾਰ ਬਾਰ ਹੁਕਮ ਕੀਤਾ ਹੈ। ਸਿੱਖ ਅਖਵਾਉਣ ਵਾਲੇ, ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਣ ਵਾਲੇ ਧਾਗਾ ਬੰਨ੍ਹ, ਬੰਨ੍ਹਵਾਂ ਕੇ, ਰਾਖੀ ਕਰਨ ਦਾ ਪਾਖੰਡ ਕਰ ਰਹੇ ਹਨ। ਔਰਤ ਵਰਗ ਨੂੰ ਹਰ ਰੋਜ਼ ਚੇਤਾ ਕਰਵਾਇਆ ਜਾਂਦਾ ਹੈ ਕਿ ਤੂੰ ਕਮਜ਼ੋਰ ਹੈ, ਨਿਮਾਣੀ ਹੈ।

ਬੇਟੀ ਹੋ ਕੇ, ਭੈਣ ਹੋ ਕੇ, ਪਤਨੀ ਬਣ ਕੇ ਜਾਂ ਮਾਂ ਬਣ ਕੇ ਭੀ ਤੂੰ ਆਦਮੀ ਦੀ "ਰਾਖੀ" ਵਿਚ ਰਹਿਣਾ ਹੈ। ਤੂੰ ਉਸ ਦੀ ਪੁੱਤਰ ਭਰਾ ਪਤੀ ਜਾਂ ਪਿਤਾ ਰੂਪ ਵਿਚ ਸਦਾ ਪੂਜਾ ਕਰਨੀ ਹੈ। ਮੇਹਰਵਾਨ ਹੋ ਕੇ ਉਹ ਤੇਰੀ "ਰਾਖੀ" ਕਰਨ ਦਾ ਜਿਮਾ ਚੁੱਕ ਲਵੇਗਾ। ਕਿੰਨਾ ਹਾਸੋ ਹੀਣਾ ਮਾਹੌਲ ਹੁੰਦਾ ਹੈ, ਉਸ ਵਕਤ, ਜਦੋਂ ਵੱਡੀਆਂ ਭੈਣਾਂ ਨਿੱਕੇ ਨਿੱਕੇ ਬਾਲਕ ਭਰਾਵਾਂ ਨੂੰ ਰੱਖੜੀ ਬੰਨ੍ਹਦੀਆਂ ਹਨ। ਆਸ ਕਰਦੀਆਂ ਹਨ ਕਿ ਇਹ ਸਾਡੀ ਰਾਖੀ ਕਰੇਗਾ। ਜਿਸ ਨੌਜੁਆਨ ਨੂੰ ਯੋਗ ਜਾਣ ਕੇ ਚੁਣਿਆ ਹੈ। ਲੜਕੀ ਦਾ ਹੱਥ ਉਸ ਨੂੰ ਫੜਾਇਆ ਹੈ। ਕੀ ਉਹ ਇਨਾ ਨਾ ਅਹਿਲ ਹੈ ਕਿ ਆਪਣੀ ਪਤਨੀ ਦੀ "ਰਾਖੀ" ਨਹੀਂ ਕਰ ਸਕਦਾ ?ਲੜਕੀ ਪਿਤਾ ਦੇ ਘਰ ਤੋਂ ਦੂਰ ਵਿਆਹੀ ਗਈ, ਦੇਸ਼ ਵਿਚ ਜਾਂ ਵਿਦੇਸ਼ ਵਿਚ। ਮੁਸ਼ਕਿਲ ਆ ਪੈਣ ਤੇ ਹਜਾਰਾਂ ਮੀਲ ਦਾ ਸਫਰ ਕਰ ਕੇ ਭਰਾ ਉਸ ਦੀ ਮੱਦਦ ਲਈ ਪਹੁੰਚ ਸਕੇਗਾ ?

ਸੰਨ 1980 ਵਿਚ ਮੇਰੀ ਭੈਣ ਸਹੁਰੇ ਪਿੰਡ ਤੋਂ ਬੜੇ ਉਚੇਚ ਨਾਲ ਸਾਡੇ ਘਰ ਰੱਖੜੀ ਬੰਨ੍ਹਣ ਵਾਸਤੇ ਆਈ। ਜਲ ਪਾਣੀ ਤੋਂ ਬਾਅਦ ਆਖਣ ਲੱਗੀ-

"ਵੀਰ ਜੀ, ਮੈਂ ਰੱਖੜੀ ਲੈ ਕੇ ਆਈ ਹਾਂ, ਗੁੱਟ ਇੱਧਰ ਕਰੋ, ਬੰਨ੍ਹ ਦਿਆਂ।"

ਮੈਂ ਆਖਿਆ, "ਭੈਣ, ਰੱਖੜੀ ਮੈਨੂੰ ਫੜਾ ਦਿਓ, ਵੇਖ ਤਾਂ ਲਵਾਂ।"

ਉਸ ਤੋਂ ਰੱਖੜੀ ਲੈ ਕੇ ਮੈਂ ਭੈਣ ਨੂੰ ਆਖਿਆ ਕਿ "ਆਪਣਾ ਹੱਥ ਮੇਰੇ ਵੱਲ ਕਰੋ।" ਉਸ ਨੇ ਅੱਗੇ ਵਧਾ ਦਿੱਤਾ ਤੇ ਮੈਂ ਰੱਖੜੀ ਉਸ ਦੇ ਹੱਥ 'ਤੇ ਬੰਨ੍ਹ ਦਿੱਤੀ। ਭੈਣ ਬੜੀ ਹੈਰਾਨ ਹੋ ਕੇ ਆਖਣ ਲੱਗੀ, "ਵੀਰ ਜੀ, ਆਹ ਕੀ ਕੀਤਾ ?"

ਮੇਰਾ ਉਤਰ, "ਭੈਣੇ, ਤੂੰ ਸਰਕਾਰੀ ਨੌਕਰੀ ਵਿਚ ਅਧਿਆਪਕਾ ਹੈਂ, ਚੰਗੀ ਚੋਖੀ ਤਨਖਾਹ ਮਿਲਦੀ ਹੈ। ਸਾਡਾ ਭਣਵਈਆ ਭੀ ਸਰਕਾਰੀ ਨੌਕਰੀ ਵਿਚ ਅਧਿਆਪਕ ਹੈ। ਫਿਰ ਤੁਹਾਡੇ ਦਸ ਕਿੱਲੇ ਜ਼ਮੀਨ ਭੀ ਹੈ, ਸੋਹਣਾ ਗੁਜ਼ਾਰਾ ਹੋ ਰਿਹਾ ਹੈ ਨਾ ?"

ਆਖਣ ਲੱਗੀ, "ਹਾਂ ਉਹ ਤਾਂ ਠੀਕ ਹੈ, ਪਰ ਇਸ ਦਾ ਰੱਖੜੀ ਨਾਲ ਕੀ ਸਬੰਧ ?"

ਮੈਂ- "ਦਰਅਸਲ ਗੱਲ ਇਹ ਹੈ ਕਿ ਮੈਂ ਬਹੁਤ ਛੋਟੀ ਨੌਕਰੀ 'ਤੇ ਹਾਂ, ਤਨਖਾਹ ਘੱਟ ਹੈ। ਜ਼ਮੀਨ ਨਾਂਹ ਦੇ ਬਰਾਬਰ ਹੈ। ਇਸ ਹਾਲਤ ਵਿਚ ਮੈਂ ਕਮਜ਼ੋਰ ਹਾਂ, ਤੂੰ ਤਾਕਤਵਰ ਹੈਂ। "ਰਾਖੀ" ਦੀ ਜ਼ਰੂਰਤ ਤੈਨੂੰ ਨਹੀਂ, ਮੈਨੂੰ ਰਾਖੀ ਦੀ ਲੋੜ ਹੈ। ਮੇਰੀ ਕਮਜ਼ੋਰ ਦੀ ਤੁਸੀ ਮਦਦ ਕਰੋ।" ਉਹ ਦਿਨ ਜਾਵੇ ਤੇ ਮੁੜ ਮੇਰੀ ਭੈਣ ਮੇਰੇ ਕੋਲ ਰੱਖੜੀ ਲੈ ਕੇ ਨਹੀਂ ਆਈ। ਉਂਞ ਬੜਾ ਪਿਆਰ ਹੈ, ਪਰ ਰੱਖੜੀ ਵਾਲੇ ਧਾਗੇ ਦਾ ਪਾਖੰਡ ਕੋਈ 30 ਸਾਲ ਤੋਂ ਖਤਮ।

ਕਾਈ ਸਾਰੇ ਰੱਖੜੀ ਦੇ ਹਮਾਇਤੀਆਂ ਦਾ ਤਰਕ ਹੁੰਦਾ ਹੈ- "ਵੇਖੋ ਜੀ, ਭੈਣ ਭਰਾ ਦਾ ਪਿਆਰ ਪ੍ਰਗਟ ਕਰਨ ਦਾ ਇਕ ਵਧੀਆ ਢੰਗ ਹੈ ਰੱਖੜੀ।" ਮੈਂ ਬੇਨਤੀ ਕਰਦਾ ਹਾਂ ਕਿ ਇਸਾਈ, ਬੋਧੀ, ਯਹੂਦੀ ਤੇ ਮੁਸਲਮਾਨ ਰੱਖੜੀ ਵਰਗੇ ਤਿਉਹਾਰ ਨਹੀਂ ਮਨਾਉਂਦੇ, ਕੀ ਉਨ੍ਹਾਂ ਵਿਚ ਭੈਣ ਭਰਾ ਦਾ ਪਿਆਰ ਨਹੀਂ ਹੈ? ਦੁਸ਼ਮਣੀ ਪੈ ਗਈ ਹੈ? ਫਿਰ ਇਹ ਭੈਣ ਭਰਾ ਦਾ ਪਿਆਰ ਇਕੋ ਮਾਤਾ ਪਿਤਾ ਤੋਂ ਜਨਮ ਲੈ ਕੇ, ਖ਼ੂਨ ਦੇ ਰਿਸਤੇ ਨਾਲ ਕਾਇਮ ਨਹੀਂ ਹੋਇਆ, ਇਸ ਨੂੰ ਰੱਖੜੀ ਵਾਲਾ ਧਾਗਾ ਪੱਕਾ ਕਰੇਗਾ? ਚਲੋ ਮੰਨ ਲੈਂਦੇ ਹਾਂ ਕਿ ਇਸ ਧਾਗੇ ਨਾਲ ਪਿਆਰ ਪੈਦਾ ਹੁੰਦਾ ਹੈ। ਕੀ ਉਹ ਪੈਦਾ ਹੋਇਆ ਪਿਆਰ ਇਕ ਸਾਲ ਵਿਚ ਪੁਰਾਣਾ ਪੈ ਜਾਂਦਾ ਹੈ? ਉਸ ਦਾ ਕਰੰਟ ਖਤਮ ਹੋ ਜਾਂਦਾ ਹੈ? ਡਰਾਈਵਿੰਗ ਲਾਇਸੰਸ ਵਾਂਗ ਇਹ ਹਰ ਸਾਲ "ਰਿਨਿਊ" ਕਿਉਂ ਕਰਵਾਣਾ ਪੈਂਦਾ ਹੈ? ਵੈਸੇ ਅੱਜ ਕੱਲ ਤਾਂ ਲਾਇਸੰਸ ਭੀ ਵੀਹ ਵੀਹ ਸਾਲ ਦੇ ਬਣਨ ਲੱਗ ਪਏ ਹਨ। ਰੱਖੜੀ ਵਿਚਾਰੀ ਇਕ ਸਾਲ ਦੀ ਹੱਦ ਦੇ ਅੰਦਰ ਹੀ ਬੱਝੀ ਖਲੋਤੀ ਹੈ।

ਕਈਆਂ ਦਾ ਮੰਨਣਾ ਹੁੰਦਾ ਹੈ ਕਿ "ਇਸ ਬਹਾਨੇ ਲੜਕੀਆਂ ਦੀ ਕੁੱਝ ਸਹਾਇਤਾ ਹੋ ਜਾਂਦੀ ਹੈ"। ਇਹ ਸਹਾਇਤਾ ਵਾਲਾ ਭੀ ਇਕ ਢਕਵੰਜ ਹੈ। ਦੀਰਘ ਵਿਚਾਰ ਕਰ ਕੇ ਸੋਚਣਾ ਇਹ ਬਣਦਾ ਸੀ ਕਿ ਲੜਕੀ ਨੂੰ ਕਿਸ ਤਰ੍ਹਾਂ ਦੀ ਸਹਾਇਤਾ ਚਾਹੀਦੀ ਹੈ। ਪੰਜ ਸੱਤ ਸੌ ਰੁਪਏ ਦੋ ਚਾਰ ਸੂਟ ਇਕ ਦੋ ਮਠਿਆਈ ਦੇ ਡੱਬੇ ਦੇ ਕੇ ਸਮਝ ਲਿਆ ਕਿ ਕਰ ਦਿੱਤੀ ਸਹਾਇਤਾ। ਇਹ ਸਹਾਇਤਾ ਨਹੀਂ ਰਸਮ ਪੂਰਤੀ ਹੈ ਜਾਂ ਮੰਗਤੇ ਨੂੰ ਦਿੱਤੀ ਗਈ ਭੀਖ ਹੈ। ਸਹਾਇਤਾ ਸੀ ਕਿ ਭਰਾ ਹਿੱਸੇ ਆਉਂਦੀ ਜ਼ਮੀਨ ਭੈਣ ਨੂੰ ਦਿੰਦਾ। ਹਿੱਸੇ ਆਉਂਦਾ ਘਰ ਵੰਡ ਕੇ ਦਿੰਦਾ। ਪਿਤਾ ਪੁਰਖੀ ਸਾਰੀ ਜਮ੍ਹਾਂ ਪੂੰਜੀ ਵਿਚੋਂ ਭੈਣ ਨੂੰ ਹਿਸਾ ਦਿੰਦਾ। ਹੋ ਕੀ ਰਿਹਾ ਹੈ ਬੱਚਿਆਂ ਵਾਲਾ ਤਮਾਸ਼ਾ। ਸਾਲ ਮਗਰੋਂ ਕੱਝ ਸੂਟ'ਤੇ ਕੁੱਝ ਮਠਿਆਈ ਦੇ ਡੱਬੇ, ਕਰ ਦਿੱਤਾ ਭੈਣ ਭਰਾ ਦਾ ਪਿਆਰ ਪੂਰਾ। ਅਗਰ ਭਰਾ ਕਿਸੇ ਪੱਖ ਤੋਂ ਪਛੜਿਆ ਹੋਵੇ, ਕਮਜ਼ੋਰ ਹੋਵੇ ਤਾਂ ਭੈਣ ਦਾ ਭੀ ਫ਼ਰਜ਼ ਬਣਦਾ ਹੈ ਕਿ ਭਰਾ ਦੀ ਹਰ ਤਰ੍ਹਾਂ ਸਹਾਇਤਾ ਕਰੇ।

ਹਿੰਦੂ ਸਮਾਜ ਵਿਚ ਪਤਨੀਆਂ ਆਪਣੇ ਪਤੀਆਂ ਨੂੰ ਭੀ ਰੱਖੜੀ ਬੰਨਦੀਆਂ ਰਹੀਆਂ ਹਨ। ਕਿਹਾ ਜਾਂਦਾ ਹੈ ਕਿ ਜਦੋਂ ਰਾਜਪੂਤ ਸਿਪਾਹੀ ਜੰਗ ਨੂੰ ਜਾਂਦੇ ਸੀ ਤਾਂ ਉਨ੍ਹਾਂ ਦੀਆਂ ਪਤਨੀਆਂ ਵਿਸ਼ਵਾਸ ਦੁਆਉਂਦੀਆਂ ਸੀ ਕਿ ਤੁਸੀ ਬੇ ਖੌਫ਼ ਹੋ ਕੇ, ਲੜਾਈ ਲੜੋ। ਅਸੀ ਪਿੱਛੇ ਰਹਿ ਕੇ ਤੁਹਾਡੀ ਉਡੀਕ ਕਰਾਗੀਆਂ। ਜਤਸਤ ਵਿਚ ਪੱਕੀਆਂ ਰਹਾਂਗੀਆਂ। ਜੇ ਤੁਸੀ ਵਾਪਸ ਨਾ ਆਏ ਤਾਂ "ਸਤੀ" ਹੋ ਜਾਵਾਂਗੀਆਂ। ਇਤਿਹਾਸ ਵਿਚ ਅਜਿਹੇ ਦੁਖਦਾਈ ਬਿਰਤਾਂਤ ਭੀ ਮਿਲਦੇ ਹਨ ਕਿ ਜੰਗ ਵੱਲ ਜਾ

ਰਹੇ ਫੌਜੀਆਂ ਨੇ ਪਹਿਲਾਂ ਆਪਣੀਆਂ ਪਤਨੀਆਂ ਅਤੇ ਬੱਚਿਆਂ ਨੂੰ ਖੁਦ ਕਤਲ ਕੀਤਾ, ਤਾਂ ਕਿ ਜੇਤੂ ਸਿਪਾਹੀ ਇਨ੍ਹਾਂ 'ਤੇ ਕਬਜ਼ਾ ਨਾ ਕਰ ਲੈਣ।

ਰੱਖੜੀ ਬੜਾ ਫ਼ਜ਼ੂਲ ਜਿਹਾ ਤਿਉਹਾਰ ਹੈ। ਭਾਰਤ ਦੇ ਉੱਤਰੀ ਖੇਤਰ ਵਿਚ ਹੀ ਇਸਦੀ ਮਾਨਤਾ ਹੈ, ਹੋਰ ਕਿਧਰੇ ਨਹੀਂ। ਬਾਕੀ ਦੁਨੀਆਂ ਵਿਚ ਇਸ ਨੂੰ ਕੋਈ ਜਾਣਦਾ ਤੱਕ ਨਹੀਂ। ਇੰਨੇ ਸਾਰੇ ਭਰਮ ਜਾਲ ਬ੍ਰਾਹਮਣ ਦੀ ਕਿਰਪਾ ਨਾਲ ਪ੍ਰਚਲਤ ਹੋ ਗਏ ਹਨ। ਇਸ ਦਿਨ ਮੰਦਰਾਂ ਵਿਚ ਉਚੇਚੀ ਪੂਜਾ ਅਰਚਣਾ ਹੁੰਦੀ ਹੈ। ਵੱਡੇ ਲੋਕ, ਮੰਤਰੀ ਅਫ਼ਸਰ ਫਿਲਮੀ ਕਲਾਕਾਰ ਤੇ ਵਾਪਾਰੀ ਮੰਦਰਾਂ ਵਿਚ ਨਮਸ਼ਕਾਰ ਕਰਨ ਪਹੁੰਚਦੇ ਹਨ। ਚੰਗੀ ਚੋਖੀ ਮਾਇਆ ਅਰਪਣ ਕਰਦੇ ਹਨ। ਧਰਮੀ ਹੋਣ ਦਾ ਪਰਮਾਣ ਪੱਤਰ ਲੈਂਦੇ ਹਨ। ਇਸੇ ਤਰ੍ਹਾਂ ਗੁਰਦੁਆਰਿਆਂ ਵੱਲ ਸਿੱਖ ਵਹੀਰਾਂ ਘੱਤ ਕੇ ਪਹੁੰਚਦੇ ਹਨ। ਗੋਲਕ ਵਿਚ ਮਾਇਆ ਪਾਉਂਦੇ ਹਨ। ਲੰਗਰ ਲਈ ਰਸਦਾਂ ਅਰਪਣ ਕਰਦੇ ਹਨ। ਦੇਗਾਂ ਕਰਾਉਂਦੇ ਹਨ। ਮਠਿਆਈ ਦੇ ਡੱਬੇ, ਫੱਲ ਤੇ ਮੇਵੇ ਗੁਰਦਵਾਰੇ ਦੇ ਕੇ ਖੁਸ਼ੀ ਅਨੁਭਵ ਕਰਦੇ ਹਨ। ਅਸਲ ਵਿਚ ਇਹ ਬਹੁਤ ਵੱਡਾ ਵਾਪਾਰ ਹੈ। ਇਕ ਰੱਖੜੀ ਦੇ ਬਹਾਨੇ ਬਹੁਤ ਕੁੱਝ ਵਿਕਦਾ ਹੈ। ਬਜਾਰ ਖਾਲੀ ਹੋ ਜਾਂਦੇ ਹਨ। ਲੋਕੀਂ ਖਾਧ ਪਦਾਰਥਾਂ ਨਾਲ ਢਿੱਡ ਭਰਦੇ ਹਨ ਅਤੇ ਸਾਮਾਨ ਨਾਲ ਘਰ ਭਰ ਲੈਂਦੇ ਹਨ। ਦੁਕਾਨਦਾਰ ਗੰਦਾ ਤੇ ਘਟੀਆ ਮਾਲ ਭੀ ਇਨ੍ਹਾਂ ਹੀ ਦਿਨਾਂ ਵਿਚ ਵੇਚ ਲੈਂਦੇ ਹਨ। ਦੁਕਾਨਾਂ ਖਾਲੀ ਤੇ ਤਿਜੋਰੀਆਂ ਭਰ ਜਾਂਦੀਆਂ ਹਨ। ਭੈਣਾਂ ਨੂੰ ਘੱਟ ਆਮਦਨੀ ਹੁੰਦੀ ਹੈ। ਦੁਕਾਨਦਾਰਾਂ ਭਾਈਆਂ ਨੂੰ ਬਹੁਤੀ ਵੱਟਕ ਹੋ ਜਾਂਦੀ ਹੈ। ਰੱਖੜੀ ਬੜੀ ਲਾ ਜੁਆਬ ਚੀਜ਼ ਹੈ। ਅਰਬਾਂ ਖਰਬਾਂ ਦਾ ਵਾਪਾਰ "ਰੱਖੜੀ ਦੀ ਕਿਰਪਾ" ਨਾਲ ਹੋ ਜਾਂਦਾ ਹੈ।

ਨਾ ਰੱਖੜੀ ਬੰਨ੍ਹਣ ਵਾਲੀਆਂ ਨੇ ਡੂੰਘਾਈ ਨਾਲ ਸੋਚਿਆ ਨਾ ਬੰਨ੍ਹਾਉਣ ਵਾਲਿਆਂ ਨੇ ਸਮਝਿਆ। ਜਿਹੜੇ ਨੌਜੁਆਨਾਂ ਨੇ ਆਪਣੇ ਧਰਮ ਦੀ ਰਾਖੀ ਕਰਨੀ ਸੀ, ਉਹ ਨਾ ਕਰ ਸਕੇ। ਕੁੱਝ ਮੰਦਰਾਂ ਵਿਚ ਬੈਠ ਕੇ ਦੇਸ਼ ਨੂੰ ਗੁਲਾਮੀ ਵਿਚੋਂ ਕੱਢਣ ਵਾਲੇ ਮੰਤਰ ਪੜ੍ਹਨ ਲੱਗ ਪਏ। ਕੁੱਝ ਸਰੀਰ ਤੇ ਸੁਆਹ ਮਲ ਕੇ ਜਟਾਵਾਂ ਬਣਾ ਕੇ ਜੋਗੀ ਬਣ ਕੇ ਸਭ ਕੁੱਝ ਤਿਆਗ ਕੇ ਜੰਗਲਾਂ ਵਲ ਦੌੜ ਗਏ, ਗੁਫਾਵਾਂ ਵਿਚ, ਚੂਹਿਆਂ ਵਾਂਗ ਲੁਕ ਕੇ ਬੈਠ ਗਏ। ਦੇਸ਼ ਦੀ ਰਾਖੀ ਕਰਨ ਤੋਂ ਜੋ ਲੋਕ ਅੱਖਾਂ ਮੀਟ ਕੇ ਲਾਂਭੇ ਹੋ ਗਏ। ਦੇਸ਼ ਉਜੜਦਾ ਰਿਹਾ, ਲੁਟੀਂਦਾ ਰਿਹਾ। ਬਰਬਾਦ ਹੁੰਦਾ ਰਿਹਾ, ਦੇਸ਼ ਦੇ ਰਾਖੇ ਨਾ ਬਣ ਸਕੇ। ਉਹ ਬੁਜ਼ਦਿਲ ਲੋਕ ਭੈਣਾਂ ਤੋਂ ਰੱਖੜੀ ਬਨ੍ਹਵਾ ਕੇ ਉਨ੍ਹਾਂ ਦੀ ਰਾਖੀ ਕਰਨਗੇ ?ਅੱਜ ਦੇ ਦੌਰ ਵਿਚ ਸਿੱਖਾਂ 'ਤੇ ਭੀ ਸਾਰੇ ਇਹੀ ਹਾਲਾਤ ਢੁਕਦੇ ਹਨ। ਪੰਜਾਬ ਦਾ ਪਾਣੀ ਨਹੀਂ ਬਚਾ ਸਕੇ। ਫਸਲਾਂ ਦੇ ਯੋਗ ਮੁੱਲ ਨਹੀਂ ਲੈ ਸਕੇ,

ਖੁਦਕੁਸ਼ੀਆਂ ਕਰਦੇ ਕਿਸਾਨਾਂ ਦੀਆਂ ਜਾਨਾਂ ਨਹੀਂ ਬਚਾ ਸਕੇ। ਉਜੜਦੇ ਪੰਜਾਬ ਨੂੰ ਨਹੀਂ ਬਸਾ ਸਕੇ। ਦਰਬਾਰ ਸਾਹਿਬ 'ਤੇ ਹਮਲੇ ਵਕਤ ਅਕਾਲ ਤਖ਼ਤ ਨੂੰ ਨਾ ਬਚਾ ਸਕੇ। ਆਪਣੀ ਧੀਆਂ, ਭੈਣਾਂ ਨਾਲ ਦੁਸ਼ਮਣਾਂ ਵਲੋਂ ਕੀਤੇ ਬਲਾਤਕਾਰ ਨਾ ਬਚਾ ਸਕੇ। ਪੜਤਾਲੀਆ ਕਮਿਸ਼ਨ ਬਣਾ ਕੇ ਸੱਚ ਲੋਕਾਂ ਦੀ ਕਚਿਹਰੀ ਵਿਚ ਨਾ ਰੱਖ ਸਕੇ। ਪੰਜਾਬ ਵਿਚ ਚੰਗੇ ਮਿਆਰੀ ਸਕੂਲ ਕਾਲਜ ਨਾ ਖੋਲ੍ਹ ਸਕੇ। ਧਰਮ ਦੀ ਰਾਖੀ ਨਾ ਕਰ ਸਕੇ। ਬਰਬਾਦ ਹੁੰਦੇ ਕੁਰਾਹੇ ਪੈਂਦੇ ਪੰਥ ਨੂੰ ਨਾ ਬਚਾ ਸਕੇ। ਹੋਰ ਰੱਖੜੀ ਬੰਨ੍ਹ ਕੇ, ਜਾਂ ਬੰਨ੍ਹਵਾ ਕੇ ਕੀਹਦੀ ਰਾਖੀ ਕਰਨਗੇ ? ਇਉਂ ਪ੍ਰਤੀਤ ਹੁੰਦਾ ਹੈ ਖਿਡੌਣੇ ਬੰਦੂਕਾਂ, ਹੱਥਾਂ ਵਿਚ ਫੜਾ ਕੇ ਸ਼ੇਰ ਦਾ ਸ਼ਿਕਾਰ ਕਰਨ ਨੌਜੁਆਨ ਭੇਜੇ ਜਾ ਰਹੇ ਹਨ। ਉਹ ਨਾ ਸਮਝ ਖਿਡੌਣਿਆਂ ਨੂੰ ਅਸਲੀ ਹਥਿਆਰ ਮੰਨੀ ਬੈਠੇ ਹਨ। ਨੌਜੁਆਨੋਂ ਰੱਖੜੀ ਬੰਨ੍ਹ ਕੇ ਕੀਹਦੀ ਰਾਖੀ ਕਰੋਗੇ ? ਕਦੀ ਸੋਚਿਆ ਹੈ ਅੱਜ ਤੱਕ ? ਕਿ ਪਾਗਲ ਹੀ ਹੋਏ ਦਿਨ ਕਟੀ ਕਰ ਕੇ ਸੰਸਾਰ ਤੋਂ ਵਿਦਾ ਹੋ ਜਾਉਗੇ ? ਪੰਥ ਦੀ ਤੇ ਪੰਜਾਬ ਦੀ ਰਾਖੀ ਦਾ ਕੋਈ ਪ੍ਰਬੰਧ ਕਰੋ।

ਗੁਰਬਾਣੀ ਨੇ ਧਾਗਿਆਂ, ਤਵੀਤਾਂ ਰਾਹੀਂ ਰਾਖੀ ਪ੍ਰਵਾਨ ਨਹੀਂ ਕੀਤੀ। ਸਾਡੀ ਸਾਰਿਆਂ ਦੀ ਰਾਖੀ ਦੇ ਨਿਅਮ ਗੁਰਬਾਣੀ ਵਿਚ ਦਰਜ ਹਨ। ਉਨ੍ਹਾਂ ਨੂੰ ਪੜ੍ਹ ਕੇ ਸਮਝ ਕੇ ਪਤਾ ਲਗੇਗਾ ਕਿ ਸਾਡੀ ਰਾਖੀ ਕਿਨ੍ਹਾਂ ਤਰੀਕਿਆਂ ਨਾਲ ਹੋ ਸਕੇਗੀ। ਵੈਸੇ ਤਾਂ ਅੱਜ ਰਾਖੀ ਦੇ ਮਾਪਦੰਡ ਬਹੁਤ ਬਦਲ ਗਏ ਹਨ। ਦੂਜੀ ਸੰਸਾਰ ਜੰਗ ਦੌਰਾਨ ਅਮਰੀਕਾ ਸਰਕਾਰ ਨੇ ਇਕ ਉੱਚ ਕੋਈ ਦੇ ਵਿਗਿਆਨੀ ਆਈਨ ਸਟਾਈਨ ਨੂੰ "ਰਾਖੀ" ਬੰਨ੍ਹ ਦਿਤੀ। ਉਸ ਵਿਗਿਆਨੀ ਨੇ ਬੜੀ ਮੇਹਨਤ ਨਾਲ਼ ਐਟਮ ਬੰਬ ਬਣਾ ਕੇ ਅਮਰੀਕਾ ਦੇ ਰਾਸ਼ਟਰਪਤੀ ਨੂੰ ਭੇਟ ਕਰ ਦਿੱਤਾ। ਰਾਸ਼ਟਰਪਤੀ ਨੇ ਪਾਇਲਟ ਨੂੰ ਬੰਬ ਦੇ ਕੇ ਦੁਸ਼ਮਣਾਂ 'ਤੇ ਸੁੱਟਣ ਲਈ ਦੇ ਦਿੱਤਾ। ਬੰਬ ਡਿੱਗਣ ਦੀ ਦੇਰ ਸੀ ਕਿ ਜਾਪਾਨ ਦਾ ਸੰਘਣੀ ਆਬਾਦੀ ਵਾਲਾ ਸੋਹਣਾ ਸ਼ਹਿਰ ਸਾੜ ਕੇ ਸੁਆਹ ਕਰ ਦਿੱਤਾ। ਹੀਰੋ ਸੀਮਾ ਤੋਂ ਬਾਅਦ ਦੂਜਾ ਬੰਬ ਨਾਗਾਸਾਕੀ 'ਤੇ ਸੁੱਟਿਆ ਗਿਆ। ਅਮਰੀਕਾ ਦੇ ਦੁਸ਼ਮਣਾਂ ਨੇ ਤੁਰੰਤ ਹੱਥ ਖੜੇ ਕਰ ਦਿੱਤੇ, ਹਾਰ ਮੰਨ ਲਈ। ਆਈਨ ਸਟਾਈਨ ਨੇ ਅਮਰੀਕਾ ਦੀ "ਰਾਖੀ" ਕਰ ਵਿਖਾਈ। ਆਉ ਹੁਣ ਗੁਰਬਾਣੀ ਵਿਚੋਂ ਰਾਖੀ ਜਾਂ ਰੱਖਿਆ ਬਾਰੇ ਸ਼ਬਦ ਪੜ੍ਹ ਲਈਏ-

ਸਰਬ ਸੁਖਾ ਕਾ ਦਾਤਾ ਸਤਿਗੁਰ ਤਾ ਕੀ ਸਰਨੀ ਪਾਈਐ ॥
ਦਰਸ਼ਨ ਭੇਟਤ ਹੋਤ ਅਨੰਦਾ, ਦੂਖੁ ਗਇਆ ਹਰਿ ਗਾਈਐ ॥ (630)

ਹੇ ਭਾਈ ! ਸੁੱਖ ਦੇਣ ਵਾਲਾ ਕੇਵਲ ਨਿਰੰਕਾਰ ਹੈ। ਗੁਰੂ ਤੋਂ ਉੱਤਮ ਉਪਦੇਸ਼ ਪ੍ਰਾਪਤ ਕਰ ਕੇ ਗੁਣਾਂ ਦੇ ਧਾਰਨੀ ਬਣੀਏ। ਜਿਸ ਪਰਮੇਸ਼ਰ ਦੇ ਦਰਸ਼ਨ ਕਰਨ ਨਾਲ ਬੇਅੰਤ ਖ਼ੁਸ਼ੀ ਮਿਲਦੀ ਹੈ। ਸਾਰੇ ਦੁੱਖਾਂ ਦਾ ਖਾਤਮਾ ਭੀ ਉਸੇ ਦੀ ਕਿਰਪਾ ਨਾਲ ਹੁੰਦਾ

ਹੈ।

ਰਾਖਾ ਏਕ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥ (1136)

ਹੇ ਭਾਈ! ਸਾਡਾ ਰਾਖਾ ਕੇਵਲ ਇਕ ਪਰਮੇਸ਼ਰ ਹੈ। ਉਹ ਘਟ ਘਟ ਦੀ ਜਾਣਨ ਵਾਲਾ ਹੈ। ਉਸ ਰੱਬ ਜੀ ਤੋਂ ਸਿਵਾਏ ਅਸੀ ਕਿਸੇ ਨੂੰ ਆਪਣਾ ਰਾਖਾ ਨਹੀਂ ਮੰਨਦੇ।

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
"ਤੂੰ ਮੇਰਾ ਰਾਖਾ ਸਭਨੀ ਥਾਈ", ਤਾ ਭਉ ਕੇਹਾ ਕਾੜਾ ਜੀਉ ॥ (103)

ਹੇ ਨਿਰੰਕਾਰ ਜੀ! ਤੂੰ ਸਾਡਾ ਸਾਰਿਆਂ ਨੂੰ ਪੈਦਾ ਕਰਨ ਵਾਲਾ ਪਿਤਾ ਹੈਂ। ਤੂੰ ਹੀ ਮਾਂ ਬਣ ਕੇ ਸਾਡੀ ਪਾਲਣਾ ਕਰਦਾ ਹੈਂ। ਤੂੰ ਹੀ ਭਰਾਵਾਂ ਵਾਂਗ ਹਰ ਥਾਂ ਮਦਦ ਗਾਰ ਹੈਂ। ਤੂੰ ਹੀ ਸਾਡਾ ਸਕਾ ਸਬੰਧੀ, ਰਿਸ਼ਤੇਦਾਰ ਹੈਂ। ਤੂੰ ਹੀ ਸਾਡਾ ਸਾਰਿਆਂ ਦਾ ਹਰ ਸਮੇਂ (ਆਪਣੇ ਬਣਾਏ ਸਿਧਾਂਤ ਮੁਤਾਬਕ) ਰਾਖਾ ਹੈਂ। ਸਾਨੂੰ ਹੋਰ ਕਿਸੇ ਦਾ ਡਰ ਨਹੀਂ। ਜਦੋਂ ਲੋੜ ਪਈ ਤੇਰੀ ਸ਼ਰਨ ਤਕਾਂਗੇ, ਹੋਰ ਕਿਸੇ ਦੀ ਸ਼ਰਨ ਵਿਚ ਨਹੀਂ ਜਾਵਾਂਗੇ।

ਸਿਮਰਿ ਸਿਮਰਿ ਪੂਰਨ ਪ੍ਰਭੂ ਕਾਰਜ ਭਏ ਰਾਸਿ ॥
ਕਰਤਾਰਪੁਰਿ ਕਰਤਾ ਵਸੈ ਸੰਤਨ ਕੈ ਪਾਸਿ ॥ ਰਹਾਉ ॥
ਬਿਘਨੁ ਨ ਕੋਊ ਲਾਗਤਾ, ਗੁਰ ਪਹਿ ਅਰਦਾਸਿ ॥
"ਰਖਵਾਲਾ" ਗੋਬਿੰਦ ਰਾਇ ਭਗਤਨ ਕੀ ਰਾਸਿ ॥ (816)

ਹੇ ਸਤਸੰਗੀਓ! ਆਪਣੇ ਪ੍ਰਭੂ ਨੂੰ ਸਦਾ ਯਾਦ ਰੱਖੋ। ਉਹੀ ਸਾਰੇ ਕਾਰਜ ਰਾਸ ਕਰਨ ਦੀ ਸਮਰੱਥਾ ਰਖਦਾ ਹੈ। ਨਿਰੰਕਾਰ ਦੇ ਗੁਣ ਧਾਰਨ ਕਰਨ ਵਾਲੇ ਭਲੇ ਇਨਸਾਨਾਂ ਵਿਚ ਹੀ ਕਰਤਾ ਵਸਦਾ ਹੈ। ਇਸ ਗੋਹਝ ਭੇਦ ਨੂੰ ਗੁਰੂ ਸਮਝਾਉਂਦਾ ਹੈ। ਜਿਹੜੇ ਮਨੁੱਖ ਗੁਰੂ ਦੇ ਬਚਨਾਂ 'ਤੇ ਭਰੋਸਾ ਰਖਦੇ ਹਨ, ਉਨ੍ਹਾਂ ਦੇ ਜੀਵਨ ਵਿਚ ਰੁਕਾਵਟਾਂ ਨਹੀਂ ਪੈਂਦੀਆਂ। ਜੇ ਆ ਜਾਣ ਤਾਂ ਅਡੋਲ ਰਹਿ ਕੇ ਮੁਕਾਬਲਾ ਕਰਦੇ ਹਨ। ਅਕਾਲ ਪੁਰਖ ਸਾਡਾ ਰਖਵਾਲਾ ਹੈ। ਉਸ ਦੇ ਸੇਵਕ ਪਰਮੇਸ਼ਰ ਤੋਂ ਬਿਨਾਂ ਹੋਰ ਕਿਸੇ 'ਤੇ ਭਰੋਸਾ ਨਹੀਂ ਕਰਦੇ।

ਸਖੀ, ਸਹੇਲੀ ਤੇ ਭੈਣ ਰੂਪ (ਗੁਰਬਾਣੀ ਵਿਚੋਂ)

ਅਣਗਿਣਤ ਵਾਰੀ ਗੁਰਬਾਨੀ ਰਚਣ ਵਾਲੇ ਸਤਿਪੁਰਖਾਂ ਨੇ ਆਪਣੇ ਆਪ ਨੂੰ ਔਰਤ ਰੂਪ ਵਿਚ ਪੇਸ਼ ਕੀਤਾ ਹੈ। ਕਈ ਵਾਰੀ ਸਤਿਗੁਰੂ ਜੀ ਸਤਿਸੰਗੀਆਂ ਨੂੰ ਔਰਤਾਂ ਵਾਂਗ ਸੰਬੋਧਨ ਕਰਦੇ ਹੋਏ "ਭੈਣਾਂ, ਭੈਣੇ" ਆਖਦੇ ਹਨ। ਕਦੀ ਸਖੀਆਂ ਤੇ ਕਦੀ ਸਹੇਲੀਆਂ ਕਹਿ ਕੇ ਬੁਲਾਉਂਦੇ ਸਾਫ਼ ਨਜ਼ਰ ਆ ਜਾਂਦੇ ਹਨ। ਕਦੀ ਕਹਿੰਦੇ ਹਨ, ਮੈਂ ਸੁਹਾਗਣ ਬਣ ਗਈ। ਮੇਰਾ ਪਤੀ ਮੇਰੀ ਸੇਜ 'ਤੇ ਆ ਗਿਆ, ਮੈਨੂੰ ਸੂਖਮ ਰੂਪ ਵਿਚ ਭੋਗ ਗਿਆ। ਕਦੀ ਬਿਆਨ ਕਰਦੇ ਹਨ ਕਿ ਮੇਰਾ ਪਤੀ ਮੇਰੇ ਨਾਲ ਨਾਰਾਜ ਹੋ ਕੇ ਚਲਾ ਗਿਆ। ਮੈਂ ਮੂਰਖ ਉਸ ਨੂੰ ਮਨਾ ਨਹੀਂ ਸਕੀ। ਪਤੀ ਪਤਨੀ ਵਾਲੇ ਸੁਖ ਤੋਂ ਮੈਂ ਹੁਣ ਵਾਂਝੀ ਰਹਿ ਜਾਵਾਂਗੀ। ਕਦੀ ਆਪਣੇ ਆਪ ਨੂੰ ਸਤਿਗੁਰੂ ਜੀ ਛੁੱਟੜ ਜਾਂ ਦੁਹਾਗਣ ਰੂਪ ਵਿਚ ਪੇਸ਼ ਕਰਦੇ ਹਨ ਤੇ ਕਦੀ ਵਿਧਵਾ ਦੇ ਕਿਰਦਾਰ ਵਿਚ। ਮੁੱਖ ਮਕਸਦ ਤਾਂ ਉਨ੍ਹਾਂ ਦਾ ਇਹੀ ਹੈ ਕਿ ਵਿਗੜੇ ਸਮਾਜ ਨੂੰ (ਔਰਤ ਮਰਦ ਦੋਵੇਂ) ਸਹੀ ਰਸਤੇ ਟੋਰਨਾ ਹੈ। ਜ਼ਿੰਦਗੀ ਵਿਚੋਂ ਵਿਕਾਰ ਖਤਮ ਕਰ ਕੇ "ਵਸਣਯੋਗ" ਸਮਾਜ ਦੀ ਸਿਰਜਣਾ ਕਰਨੀ ਹੈ। ਅਗਰ ਔਰਤ ਘਟੀਆ ਹੁੰਦੀ ਤਾਂ ਗੁਰੂ ਸਾਹਿਬ ਆਪਣੇ ਆਪ ਨੂੰ ਇਸਤਰੀ ਰੂਪ ਵਿਚ ਕਦੀ ਪੇਸ਼ ਨਾ ਕਰਦੇ। ਆਉ ਅੱਗੇ ਕੁੱਝ ਪਰਮਾਣ ਪੜ੍ਹ ਕੇ ਫੈਸਲਾ ਕਰਨ ਦੀ ਕੋਸ਼ਿਸ਼ ਕਰੀਏ-

ਪੰਚ "ਸਖੀ" ਮਿਲਿ ਮੰਗਲੁ ਗਾਇਆ ॥ ਅਨਹਦ ਬਾਣੀ ਨਾਦ ਵਜਾਇਆ ॥
ਗੁਰੂ ਨਾਨਕੁ ਤੁਠਾ ਮਿਲਿਆ ਹਰਿ ਰਾਇ ॥ ਸੁਖਿ ਰੈਣਿ ਵਿਹਾਣੀ ਸਹਿਜ ਸੁਭਾਇ ॥
(375)

ਹੇ ਭੈਣੋ! ਆਉ ਰਲ ਮਿਲ ਕੇ ਖ਼ੁਸ਼ੀ ਦੇ ਗੀਤ ਗਾਈਏ, (ਪੰਜ ਵਿਕਾਰਾਂ ਵੱਲ ਇਸ਼ਾਰਾ ਹੈ) ਗਲਤ ਰਾਹ ਨਹੀਂ ਟੁਰੀਦਾ। ਹੋਰ ਗੀਤ ਤਿਆਗ ਕੇ ਗੁਰੂ ਦੀ ਬਾਣੀ ਨੂੰ ਪੜ੍ਹੀਏ ਗਾਈਏ। ਗੁਰੂ ਦਾ ਸ਼ਬਦ ਹੀ ਮਨ ਵਿਚ ਚਲਦਾ ਰਹੇ। ਗੁਰੂ ਨਾਨਕ ਪਾਤਿਸ਼ਾਹ ਜੀ ਨੇ ਕਿਰਪਾ ਕਰ ਕੇ ਆਪਣੇ ਉਪਦੇਸ਼ ਰਾਹੀਂ ਸਾਨੂੰ ਗਿਆਨ ਬਖ਼ਸ਼ ਦਿੱਤਾ। ਉਨ੍ਹਾਂ ਦੀ ਕਿਰਪਾ ਸਦਕਾ ਸਾਡਾ ਹਰੀ ਨਾਲ ਮਿਲਾਪ ਹੋ ਗਿਆ। ਹੁਣ ਸਾਡੀ ਰਾਤ ਸੁਖਮਈ ਹੋ ਜਾਵੇਗੀ। ਭਾਵ ਗੁਰੂ ਦੇ ਉਪਦੇਸ਼ ਨਾਲ ਜ਼ਿੰਦਗੀ ਸੌਖੀ ਬੀਤੇਗੀ।

ਆਉ "ਸਖੀ" ਸੰਤ ਪਾਸਿ ਸੇਵਾ ਲਾਗੀਐ ॥
ਪੀਸਉ ਚਰਣ ਪਖਾਰਿ ਆਪੁ ਤਿਆਗੀਐ ॥ (457)

ਆਉ ਸਹੇਲੀਉ! ਆਉ ਸਖੀਉ!! ਗੁਰੂ ਦੀ ਸੰਗਤ ਕਰੀਏ ਸੇਵਾ ਵਿਚ ਹੱਥ ਵਟਾਈਏ। ਲੋੜ ਮੁਤਾਬਕ ਦਾਣੇ ਪੀਸਣੇ, ਪਾਣੀ ਲਿਆਉਣ ਆਦਿ ਸੇਵਾ ਕਰ ਕੇ ਤਨ ਮਨ ਸਫ਼ਲਾ ਕਰੀਏ। ਆਪਣੀ ਹਉਮੈ ਨੂੰ ਤਿਆਗ ਕੇ ਨਿਮਰਤਾ ਧਾਰਨ ਕਰੀਏ।

ਗੁਰਮੁਖਿ "ਸਖੀ ਸਹੇਲੀਆ", ਸੇ ਆਪਿ ਹਰਿ ਭਾਈਆ ॥
ਹਰਿ ਦਰਗਹ ਪੈਨਾਈਆ, ਹਰਿ ਆਪਿ ਗਲਿ ਲਾਈਆ ॥ (726)

ਹੇ ਸੀਖੀਓ! ਆਉ ਗੁਰੂ ਦੀ ਹਜ਼ੂਰੀ ਵਿਚ ਪਹੁੰਚ ਕੇ ਉਨ੍ਹਾਂ ਤੋਂ ਸ਼ੁੱਭ ਸਿੱਖਿਆ ਲਈਏ। ਜੇ ਅਸੀ ਗੁਰੂ ਤੋਂ ਚੰਗੀ ਮੱਤ ਲੈ ਲਈ ਤਾਂ ਪਰਮੇਸਰ ਦੇ ਦਰ 'ਤੇ ਪਰਵਾਨ ਹੋ ਜਾਵਾਂਗੀਆਂ। ਹਰੀ ਮੇਹਰਵਾਨ ਹੋ ਕੇ ਸਾਨੂੰ ਸਿਰਪੋ ਬਖਸ਼ਿਸ਼ ਕਰੇਗਾ ਤੇ ਆਪਣੇ ਗਲ ਨਾਲ ਲਾ ਲਵੇਗਾ।

"ਸਖੀ ਸਹੇਲੀ" ਕਉ ਸਮਝਾਵੈ ॥ ਸੋਈ ਕਮਾਵੈ ਜੋ ਪ੍ਰਭ ਭਾਵੈ ॥
ਸਾ ਸੋਹਾਗਣਿ ਅੰਕਿ ਸਮਾਵੈ ॥ (737)

ਹੇ ਸਖੀਏ! ਧਿਆਨ ਨਾਲ ਸੁਣ ਲੈ। ਜੋ ਪਤੀ ਆਖੇ ਉਹੀ ਕੰਮ ਕਰੀਦਾ ਹੈ। ਆਪਣੇ ਵੱਲੋਂ ਅੜਿੱਕੇ ਨਹੀਂ ਪਾਈਦੇ। ਅਜਿਹੀ ਆਗਿਆਕਾਰੀ ਪਤਨੀ ਪਤੀ ਦੇ ਪਿਆਰ ਦੀ ਪਾਤਰ ਬਣਦੀ ਹੈ।

ਆਉ "ਸਖੀ" ਹਰਿ ਮੇਲਿ ਮਿਲਾਹਾ ॥ ਸੁਣਿ ਹਰਿ ਕਥਾ ਨਾਮੁ ਲੈ ਲਾਹਾ ॥ (698)

ਹੇ ਸਖੀਓ! ਮੇਰੇ ਕੋਲ ਆਉ। ਰਲ ਮਿਲ ਕੇ ਨਿਰੰਕਾਰ ਦੇ ਗੀਤ ਗਾਈਏ। ਪਰਮੇਸ਼ਰ ਬਾਰੇ ਗੁਰੂ ਤੋਂ ਕਥਾ ਉਪਦੇਸ਼ ਸੁਣੀਏ ਤਾਂ ਕਿ ਸਾਡਾ ਜੀਵਨ ਸਫ਼ਲਾ ਹੋ ਜਾਵੇ।

ਆਵਹੁ ਭੈਣੇ ਤੁਸੀ ਮਿਲਹੁ ਪਿਆਰੀਆ ॥
ਜੋ ਮੇਰਾ ਪ੍ਰੀਤਮੁ ਦਸੇ ਤਿਸ ਕੈ ਹਉ ਵਾਰੀਆ ॥ (96)

ਹੇ ਭੈਣੋ! ਆਉ ਤਸੀਂ ਦੇਰੀ ਨਾ ਕਰੋ। ਆਉ ਆਪਾਂ ਰਲ ਕੇ ਪ੍ਰਭੂ ਨਾਲ ਪਿਆਰ ਪਾਉਣ ਦੇ ਢੰਗ ਤਰੀਕੇ ਲੱਭੀਏ, ਇਕ ਦੂਜੀ ਨੂੰ ਦੱਸੀਏ। ਜੋ ਕੋਈ ਮੈਨੂੰ ਮੇਰੇ ਮਾਲਕ ਪਰਮੇਸ਼ਰ ਬਾਰੇ ਗਿਆਨ ਦੇਵੇ ਮੈਂ ਉਸ ਤੋਂ ਬਲਿਹਾਰ ਜਾਵਾਂ ਕੁਰਬਾਨ ਜਾਵਾਂ।

ਅਪੁਨੇ ਠਾਕੁਰ ਕੀ ਹਉ "ਚੇਰੀ" ॥
ਚਰਨ ਗਹੇ ਜਗ ਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥ (1197)

ਹੇ ਭੈਣੇ! ਮੈਂ ਆਪਣੇ ਮਾਲਕ ਦੀ ਚੇਲੀ (ਸੇਵਿਕਾ) ਬਣ ਗਈ ਹਾਂ। ਮੈਂ ਪ੍ਰਭੂ

ਦੇ ਚਰਨ ਪਕੜ ਲਏ ਹਨ। ਨਿਮਰਤਾ ਧਾਰਨ ਕਰ ਲਈ ਹੈ, ਹਉਮੈ ਬਾਹਰ ਕੱਢ ਸੁੱਟੀ ਹੈ।

ਮੁੰਧੇ, ਗੁਣ ਦਾਸੀ ਸੁਖੁ ਹੋਇ॥

ਅਵਗਣ ਤਿਆਗਿ ਸਮਾਈਐ, ਗੁਰਮਤਿ ਪੂਰਾ ਸੋਇ॥ (56)

ਹੇ ਭੈਣ! ਗੁਣਵਾਨ ਬਣਜਾ, ਆਪਣਾ ਆਪਾ ਮਿਟਾ ਕੇ ਪੂਰਨ ਗੁਲਾਮੀ ਪਰਵਾਨ ਕਰ। ਪਤੀ ਦੀ ਆਗਿਆ ਵਿਚ ਚਲੇਂਗੀ ਤਾਂ ਸੁੱਖਾਂ ਦੀ ਪ੍ਰਾਪਤੀ ਹੋਵੇਗੀ। ਔਗੁਣ ਸਾਰੇ ਤਿਆਗ ਦੇ। ਗੁਰੂ ਦੀ ਚੰਗੀ ਮੱਤ (ਗੁਰਮਤਿ) ਨੂੰ ਸਮਝ ਕੇ ਅਪਣਾ ਲੈ। ਸਾਡਾ ਪਤੀ ਪਰਮੇਸ਼ਰ ਪੂਰਾ ਹੈ। ਅਸੀ ਅਧੂਰੇ ਹਾਂ ਤਾਂ ਤੇ ਪੂਰੇ ਦੇ ਕਹਿਣੇ ਵਿਚ ਚੱਲਣਾ ਹੀ ਬੇਹਤਰ ਹੈ।

ਮੈਂ ਕਾਮਣਿ ਮੇਰਾ ਕੰਤੁ ਕਰਤਾਰੁ॥ ਜੇਹਾ ਕਰਾਏ ਤੇਹਾ ਕਰੀ ਸੀਗਾਰ॥

ਜਾਂ ਤਿਸੁ ਭਾਵੈ ਤਾਂ ਕਰੇ ਭੋਗੁ॥ ਤਨੁ ਮਨੁ ਸਾਚੇ ਸਾਹਿਬ ਜੋਗੁ॥ (1128)

ਹੇ ਸਖੀਓ! ਮੈਂ ਇਕ ਵਿਆਹੀ ਵਰੀ ਸੁਹਾਗਵਤੀ ਔਰਤ ਹਾਂ, (ਸਤਿਗੁਰੂ ਜੀ ਆਪਣੇ ਆਪ ਨੂੰ ਔਰਤ ਲਿਖ ਰਹੇ ਹਨ) ਮੇਰਾ ਪਤੀ ਕਰਤਾਰ ਹੈ। ਜਿਸ ਤਰ੍ਹਾਂ ਦਾ ਵੇਸ ਸ਼ਿਗਾਰ ਉਸ ਨੂੰ ਚੰਗਾ ਲਗਦਾ ਹੈ, ਮੈਂ ਉਹੀ ਸ਼ਿਗਾਰ ਕਰਦੀ ਹਾਂ। ਜੇ ਉਹ ਮੇਰੇ ਤੇ ਮੇਹਰਵਾਨ ਹੋ ਜਾਵੇ ਤਾਂ ਮੈਨੂੰ ਪਰਵਾਨ ਕਰ ਲਵੇ। ਮੈਂ ਆਪਣਾ ਤਨ ਅਤੇ ਮਨ ਬੁਰਾਈਆਂ ਤੋਂ ਬਚਾ ਕੇ ਰੱਖਿਆ ਹੋਇਆ ਹੈ। ਇਸ ਲਈ ਤਨ ਮਨ ਸੱਚੇ ਮਾਲਕ ਜੋਗਾ ਬਣਾ ਲਿਆ ਹੈ।

ਰੂਪ ਨ ਧੂਪ ਨ ਗੰਧ ਨ ਦੀਪਾ, ਓਤਿ ਪੋਤਿ ਅੰਗ ਅੰਗ ਸੰਗਿ ਮਉਲੀ॥

ਕਹੁ ਨਾਨਕ ਪ੍ਰਿਅ ਰਵੀ ਸੁਹਾਗਨਿ ਅਤਿ ਨੀਕੀ ਮੇਰੀ ਬਨੀ ਖਟੋਲੀ॥ (822)

ਹੇ ਭੈਣੋ! ਮੇਰਾ ਸੁੰਦਰ ਰੂਪ ਨਹੀਂ। ਮੈਂ ਸੁਗੰਧੀਆਂ ਵਾਲਾ ਕੋਈ ਸਾਮਾਨ ਨਹੀਂ ਲਿਆਂਦਾ ਨਾ ਵਰਤਿਆ। ਨਾ ਹੀ ਮੈਂ ਦੀਵਾ ਬਾਲ ਕੇ ਕੋਈ ਆਰਤੀ ਉਤਾਰੀ। ਬਸ ਮੈਂ ਤਾਂ ਉਸ ਪਿਆਰੇ ਦੀ ਯਾਦ ਵਿਚ ਨਸ਼ਿਆਈ ਮਹਿਸੂਸ ਕਰਦੀ ਹਾਂ। ਮੈਨੂੰ ਮੇਰੇ ਪਤੀ ਨੇ ਆਪਣੇ ਗਲ ਨਾਲ ਲਾ ਲਿਆ ਹੈ। ਮੈਂ ਸਹੀ ਮਾਇਨਿਆਂ ਵਿਚ ਸੋਹਾਗਣ ਅਖਵਾ ਸਕਦੀ ਹਾਂ। ਮੇਰਾ ਘਰ ਮੇਰੀ ਸੇਜ ਸਾਰੀਆਂ ਚੀਜ਼ਾਂ ਪਤੀ ਦੇ ਪਿਆਰ ਕਾਰਨ ਸੋਹਣੀਆਂ ਲਗਦੀਆਂ ਹਨ, ਮੈਂ ਬਹੁਤ ਖ਼ੁਸ਼ ਹਾਂ। ਧਿਆਨ ਦਿਉ! ਸਤਿਗੁਰੂ ਆਪਣੇ ਆਪ ਨੂੰ ਇਸਤਰੀ ਰੂਪ ਵਿਚ ਦਰਸਾ ਰਹੇ ਹਨ।

ਕਾਮਣਿ ਤਉ ਸੀਗਾਰੁ ਕਰਿ, ਜਾ ਪਹਿਲਾ ਕੰਤੁ ਮਨਾਇ॥

ਮਤੁ ਸੇਜੈ ਕੰਤੁ ਨ ਆਵਈ, ਏਵੈ ਬਿਰਥਾ ਜਾਇ॥ (788)

ਹੇ ਸੁਹਾਗਵੰਤੀ! ਤੇਰੇ ਸ਼ਿਗਾਰ ਕੀਤੇ ਕਿਸੇ ਅਰਥ ਨਹੀਂ ਜੇ ਤੂੰ ਪਤੀ ਨੂੰ ਖ਼ੁਸ਼

ਨਾ ਕਰ ਸਕੀ। ਅਜਿਹੇ ਗੁਣ ਧਾਰਨ ਕਰ ਜਿਨ੍ਹਾਂ ਨਾਲ ਮਾਲਕ ਖ਼ੁਸ਼ ਹੋ ਜਾਵੇ। ਤੂੰ ਗੁਣਾਂ ਤੋਂ ਖਾਲੀ ਹੋਵੇਂ ਪਰ ਬਾਹਰੋਂ ਸ਼ਿੰਗਾਰ ਬਹੁਤ ਕੀਤਾ ਹੋਵੇ, ਉਸ ਦਾ ਕੋਈ ਫ਼ਾਇਦਾ ਨਹੀਂ ਹੋਣਾ। ਪਤੀ ਨੂੰ ਰਿਝਾਉਣ ਵਾਲੇ ਤਰੀਕੇ ਸਿੱਖ।

ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ॥ (528)

ਹੇ ਮਾਂ! ਮੈਨੂੰ ਕਦੀ ਖਿਨ ਭਰ ਸਮਾਂ ਭੀ ਪਰਮੇਸ਼ਰ ਦੀ ਯਾਦ ਨਾ ਬਿਸਰ ਜਾਵੇ। (ਦੱਖਣੀ ਭਾਰਤ ਵਿਚ ਬਾਈ ਸ਼ਬਦ ਮਾਂ, ਮਾਤਾ ਜਾਂ ਮਾਈ ਲਈ ਵਰਤਿਆ ਜਾਂਦਾ ਹੈ। "ਬਾਈ" ਸਤਿਕਾਰਤ ਸੰਬੋਧਨ ਹੈ।)

ਮਾਈ, ਗੁਰ ਚਰਣੀ ਚਿਤੁ ਲਾਈਐ॥ (528)

ਹੇ ਮਾਂ! ਮੈਨੂੰ ਅਜਿਹੀ ਸੁਭ ਸਿੱਖਿਆ ਦਿਉ ਕਿ ਗੁਰੂ ਦੇ ਚਰਨਾਂ ਵਿਚ ਮੇਰਾ ਮਨ ਸਦਾ ਜੁੜਿਆ ਰਹੇ। ਮੈਂ ਸਦਾ ਗੁਰੂ ਹੁਕਮਾਂ ਵਿਚ ਜੀਵਨ ਬਤੀਤ ਕਰਾਂ।

ਮਾਈ, ਗੁਰ ਬਿਨੁ ਗਿਆਨੁ ਨ ਪਾਈਐ॥
ਅਨਿਕ ਪ੍ਰਕਾਰ ਫਿਰਤੇ ਬਿਲਲਾਤੇ, ਮਿਲਤ ਨਹੀ ਗੋਸਾਈਐ॥ (532)

ਹੇ ਮਾਂ! ਗੁਰੂ ਤੋਂ ਬਿਨਾਂ ਜੀਵਨ ਸਫ਼ਲਾ ਕਰਨ ਵਾਲਾ ਗਿਆਨ ਹੋਰ ਕਿਸੇ ਕੋਲ ਨਹੀਂ ਹੈ। ਲੋਕੀਂ ਅਨੇਕ ਥਾਈਂ ਭਟਕਦੇ ਫਿਰਦੇ ਹਨ, ਪਰ ਸਹੀ ਰਾਹ ਦੱਸਣ ਵਾਲਾ ਕੋਈ ਨਹੀਂ। ਇਸੇ ਕਾਰਨ ਨਿਰੰਕਾਰ ਬਾਰੇ ਲੋਕਾਂ ਨੂੰ ਸੋਝੀ ਨਹੀਂ ਹੈ।

ਮਾਈ, ਮੇਰੇ ਮਨ ਕੋ ਸੁਖੁ॥
ਕੋਟਿ ਅਨੰਦ ਰਾਜ ਸੁਖੁ ਭੁਗਵੈ, ਹਰਿ ਸਿਮਰਤ ਬਿਨਸੈ ਸਭ ਦੂਖੁ॥ (717)

ਹੇ ਮਾਂ, ਹੁਣ ਮੈਨੂੰ ਪੂਰਨ ਅਨੰਦ ਦੀ ਪ੍ਰਾਪਤੀ ਹੋ ਗਈ ਹੈ। ਗੁਰੂ ਦੀ ਸਿੱਖਿਆ ਰਾਹੀਂ ਪਤਾ ਲੱਗਾ ਕਿ ਰਾਜ ਸੁਖ ਹੋਰ ਬੇਅੰਤ ਬੇਅੰਤ ਸੁਖ ਗੁਰੂ ਦੀ ਆਗਿਆ ਵਿਚ ਚੱਲਣ ਵਾਲਿਆਂ ਨੂੰ ਸਹਿਜੇ ਹੀ ਪ੍ਰਾਪਤ ਹੋ ਜਾਂਦੇ ਹਨ। ਸਾਰੇ ਦੁੱਖਾਂ ਦਾ ਖਾਤਮ ਕਰਨ ਦਾ ਵੱਲ ਭੀ ਆ ਜਾਂਦਾ ਹੈ। (ਅਗਰ ਔਰਤ ਨੂੰ ਗੁਰੂ ਜੀ ਘਟੀਆ ਸਮਝਦੇ ਤਾਂ ਬਾਰ ਬਾਰ "ਮਾਂ" ਆਖ ਕੇ ਸਤਿਕਾਰ ਨਾ ਦਿੰਦੇ।)

ਗੁਰਦੇਵ ਮਾਤਾ, ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ॥ (262)

ਹੇ ਭਾਈ! ਨਿਰੰਕਾਰ ਹੀ ਸਾਡੀ ਮਾਂ ਹੈ, ਨਿਰੰਕਾਰ ਹੀ ਸਾਡਾ ਪਿਤਾ ਹੈ। ਉਹੀ ਸਾਡਾ ਮਾਲਕ ਹੈ। (ਅਗਰ ਔਰਤ ਨੂੰ ਸਤਿਗੁਰੂ ਸਤਿਕਾਰਯੋਗ ਨਾ ਸਮਝਦੇ ਤਾਂ ਪਰਮੇਸ਼ਰ ਨੂੰ "ਮਾਂ" ਆਖ ਕੇ ਸੰਬੋਧਨ ਨਾ ਕਰਦੇ।)

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥ ਤੂ ਮੇਰੇ ਜੀਅ ਪ੍ਰਾਨ ਸੁਖ ਦਾਤਾ॥ (1144)

ਹੇ ਪਰਮੇਸ਼ਰ ਜੀ! ਤੂੰ ਹੀ ਮੇਰਾ ਪਿਤਾ ਹੈਂ, ਤੂੰ ਹੀ ਮੇਰੀ ਮਾਂ ਹੈਂ। ਤੂੰ ਹੀ ਮੈਨੂੰ ਜ਼ੀਵਨ ਦਾਨ ਦਿੱਤਾ ਹੈ। ਤੂੰ ਹੀ ਸਾਰੇ ਸੁੱਖ ਦੇ ਰਿਹਾ ਹੈਂ, ਧੰਨਵਾਦ ਹੈ ਤੇਰਾ। (ਇਥੇ

ਭੀ ਰੱਬ ਜੀ ਨੂੰ ਮਾਂ ਆਖ ਕੇ ਸਤਿਕਾਰ ਪ੍ਰਗਟ ਕੀਤਾ ਹੈ। ਮਾਂ- ਔਰਤ- ਫਿਰ ਬੁਰੀ ਕਿਵੇਂ ਆਖੋਗੇ ?)

ਧਨੁ ਧੰਨ ਪਿਤਾ, ਧਨੁ ਧੰਨੁ ਕੁਲੁ, ਧਨੁ ਸੁ ਜਨਨੀ ਜਿਨਿ ਗੁਰੂ ਜਣਿਆ ਮਾਇ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ,
ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ॥ (310)

ਹੇ ਭਾਈ! ਗੁਰੂ ਮਹਾਨ ਹੈ, ਜਿਸ ਨੇ ਸੰਸਾਰ ਦੇ ਲੋਕਾਂ ਨੂੰ ਪਰਮੇਸ਼ਰ ਬਾਰੇ ਚਾਨਣ ਬਖ਼ਸ਼ਿਆ। ਅਣਗਿਣਤ ਬੰਧਨਾਂ ਵਿਚ ਜਕੜੇ ਲੋਕਾਂ ਨੂੰ ਬੰਧਨਾਂ ਵਿਚੋਂ ਆਜ਼ਾਦ ਹੋਣ ਦੀ ਜੁਗਤੀ ਦੱਸੀ। ਗੁਰੂ ਖ਼ੁਦ ਮੁਕਤ ਹੈ, ਜਿਨ੍ਹਾਂ ਨੇ ਗੁਰੂ ਤੋਂ ਮੱਤ ਲਈ ਮੁਕਤ ਹੋ ਗਏ। ਅਜਿਹੇ ਗੁਰੂ ਦੇ ਮਾਤਾ ਪਿਤਾ ਪੂਜਣਯੋਗ ਹਨ, ਜਿਨ੍ਹਾਂ ਨੇ ਅਜਿਹੇ ਮਹਾਂਪੁਰਖ ਨੂੰ ਜਨਮ ਦਿੱਤਾ ਤੇ ਪਾਲਿਆ। ਉਹ ਕੁਲ ਭੀ ਧੰਨਤਾਯੋਗ ਹੋ ਗਈ।(ਪਾਠਕ ਨੋਟ ਕਰਨ- "ਧਨੁ ਸੁ ਜਨਨੀ (ਮਾਂ) ਜਿਨਿ ਗੁਰੂ ਜਣਿਆ ਮਾਇ", ਆਖ ਕੇ ਮਾਂ ਦਾ ਕਿੰਨਾ ਸਤਿਕਾਰ ਕੀਤਾ ਹੈ।)

ਧਨੁ ਜਨਨੀ ਜਿਨਿ ਜਾਇਆ, ਧੰਨੁ ਪਿਤਾ ਪਰਧਾਨੁ॥
ਸਤਿਗੁਰੁ ਸੇਵਿ ਸੁਖੁ ਪਾਇਆ, ਵਿਚਹੁ ਗਇਆ ਗੁਮਾਨੁ॥ (32)

ਹੇ ਮਾਂ! ਤੂੰ ਪੂਜਣਯੋਗ ਹੈ ਜਿਸ ਨੇ ਸਾਨੂੰ ਜਨਮ ਦਿੱਤਾ। ਹੇ ਪਿਤਾ ਜੀ ਤੂੰ ਭੀ ਧੰਨਤਾਯੋਗ ਹੈਂ। ਜਦੋਂ ਤੁਸੀ ਪਾਲਪੋਸ ਕੇ ਚੰਗੀ ਮੱਤ ਦੇ ਕੇ ਵੱਡਾ ਕੀਤਾ ਤਾਂ ਰੱਬ ਦਾ ਰੂਪ ਸਾਨੂੰ ਗੁਰੂ ਮਿਲ ਗਿਆ। ਗੁਰੂ ਨੇ ਸਾਡੇ ਸਾਰੇ ਵਿਕਾਰ ਖ਼ਤਮ ਕਰ ਦਿੱਤੇ, ਨੇਕੀ ਵਾਲੇ ਰਾਹ ਟੋਰ ਦਿੱਤਾ।

ਇੰਨੇ ਸਾਰੇ ਪਰਮਾਣ ਦੇਣ ਦਾ ਇਕੋ ਇਕ ਮਕਸਦ ਕਿ ਸਾਡੇ ਸਿੱਖ ਭਾਈਆਂ ਨੂੰ ਸਮਝ ਆਵੇ ਕਿ ਇਸਤਰੀ ਪੁਰਖ ਨੂੰ ਗੁਰਬਾਣੀ ਵਿਚ ਇਕਸਾਰ ਦਰਜਾ ਮਿਲਿਆ ਹੋਇਆ ਹੈ। ਜੇ ਪਿਆਰ ਦਿੱਤਾ ਹੈ ਤਾਂ ਦੋਵਾਂ ਨੂੰ। ਜੇ ਸਤਿਕਾਰ ਦਿੱਤਾ ਹੈ ਤਾਂ ਦੋਵਾਂ ਨੂੰ, ਜੇ ਫਿਟਕਾਰ ਪਾਈ ਹੈ ਤਾਂ ਦੋਵਾਂ ਨੂੰ। ਕਿਸੇ ਨਾਲ ਕੋਈ ਰਿਆਇਤ ਜਾਂ ਵਧੀਕੀ ਕਿਧਰੇ ਨਹੀਂ ਕੀਤੀ। ਪਰ ਸਾਧ ਟੋਲੇ ਬ੍ਰਾਹਮਣੀ ਸੋਚ ਵਿਚ ਗ੍ਰਸੇ ਹੋਣ ਕਾਰਨ, ਇਸਤਰੀ ਨੂੰ ਬਰਾਬਰ ਮੰਨਣ ਲਈ ਤਿਆਰ ਨਹੀਂ। ਗੁਰੂ ਨਾਨਕ ਬਾਬਾ ਜੀ ਦੇ ਹੁਕਮਾਂ ਤੋਂ ਨਾਬਰ ਹਨ ਇਹ ਲੋਕ। ਸਾਧ ਟੋਲਿਆਂ ਵਲੋਂ ਵਿਆਹ ਨਾ ਕਰਾਉਣਾ ਹੀ ਜਿੰਦਗੀ ਦੀਆਂ ਜਿੰਮੇਵਾਰੀਆਂ ਤੋਂ ਭਗੌੜੇ ਹੋਣਾ ਹੈ। ਜੇ ਵਿਆਹ ਕਰਾਉਣਾ ਬੁਰਾ ਹੈ ਤਾਂ ਇਨ੍ਹਾਂ ਦਾ ਪਿਉ ਬੁਰਾ ਕੰਮ ਕਰ ਚੁੱਕਿਆ ਹੈ ਤਾਂ ਹੀ ਤਾਂ ਸਾਧ ਰੂਪ ਬੱਚੇ ਜੰਮ ਪਏ। ਗੁਰਬਾਣੀ ਵਿਚ ਇਸਤਰੀ ਦੇ ਸਾਰੇ ਰੂਪ ਦਰਸਾਏ ਹਨ। ਭਾਵੇਂ ਅਲੰਕਾਰਕ ਭਾਸ਼ਾ ਹੀ ਵਰਤੀ ਹੋਵੇ ਪਰ ਔਰਤ ਵਾਲੇ ਬਿੰਬ, ਨਿਮਰਤਾ,

ਸੁੰਦਰਤਾ, ਖਿਮਾ, ਪਿਆਰ ਦੀ ਮੂਰਤ, ਜੱਗ ਜਨਨੀ ਆਦਿ ਆਖ ਕੇ ਸਤਿਕਾਰ ਦਿੱਤਾ ਗਿਆ ਹੈ। ਸਗੋਂ ਪਤੀ ਪਤਨੀ ਦੀ ਜੋੜੀ ਨੂੰ ਅਤਿ ਮਨਮੋਹਕ ਆਦਰਸ਼ਕ ਇਕ ਦੂਜੇ ਦੇ ਸਾਹਾਂ ਵਿਚ ਜਿਉਣ ਵਾਲੇ ਅਤੇ ਇਕ ਦੂਜੇ ਤੋਂ ਆਪਣਾ ਆਪਾ ਕੁਰਬਾਨ ਕਰਨ ਵਾਲੇ ਦੇ ਰੂਪ ਵਿਚ ਚਿਤਵਿਆ ਹੈ। ਗੁਰਬਾਣੀ ਵਿਚ "ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥" (345) ਵਾਲੀ ਜੀਵਨ ਸ਼ੈਲੀ ਦਾ ਮਾਡਲ ਪੇਸ਼ ਕੀਤਾ ਹੈ। ਇਸ ਗਮ ਰਹਿਤ ਸਮਾਜ ਦੀ ਸ਼ੁਰੂਆਤ ਤਾਂ ਆਪਣੇ ਘਰ ਤੋਂ ਹੁੰਦੀ ਹੈ। ਇਸੇ ਲਈ ਸਤਿਗੁਰੂ ਜੀ ਨੇ ਫਰਮਾਨ ਕੀਤਾ ਹੈ -

ਧਨ ਪਿਰੁ ਏਹਿ ਨ ਆਖੀਅਨਿ, ਬਹਨਿ ਇਕਠੇ ਹੋਇ ॥
ਏਕ ਜੋਤਿ ਦੁਇ ਮੂਰਤੀ, ਧਨ ਪਿਰੁ ਕਹੀਐ ਸੋਇ ॥ (788)

ਹੇ ਭਾਈ! ਪਤੀ ਪਤਨੀ ਸਰੀਰ ਵੱਲੋਂ ਭਾਵੇਂ ਵਖਰੇ ਹਨ, ਪਰ ਸੁਭਾਅ ਕਰ ਕੇ ਦੋਵੇਂ ਇਕ ਹੋਣੇ ਚਾਹੀਦੇ ਹਨ। ਨਾ ਕੋਈ ਘੱਟ ਨਾ ਵੱਧ, ਨਾ ਵੱਡਾ ਨਾ ਛੋਟਾ, ਕਿਸੇ ਦਾ ਅਧਿਕਾਰ ਵੱਧ ਘੱਟ ਨਹੀਂ ਹੈ। ਆਪੋ ਆਪਣੀਆਂ ਜ਼ਿੰਮੇਵਾਰੀਆਂ ਪੂਰੀ ਇਮਾਨਦਾਰੀ ਨਾਲ ਦੋਵਾਂ ਨੇ ਨਿਭਾਉਣੀਆਂ ਹਨ।

ਔਰਤਾਂ ਵਿਚ "ਅਪਵਿੱਤ੍ਰਰਤਾ"?

ਕੁਦਰਤ ਦੇ ਕਾਨੂੰਨ ਮੁਤਾਬਕ ਲੜਕੀ ਜਦੋਂ ਜੁਆਨੀ ਵਿਚ ਦਾਖਲ ਹੁੰਦੀ ਹੈ ਤਦੋਂ ਜਿਥੇ ਉਸ ਦੇ ਸੁਭਾਅ ਵਿਚ ਤਬਦੀਲੀ ਆਉਣੀ ਸ਼ੁਰੂ ਹੁੰਦੀ ਹੈ, ਉਥੇ ਉਸ ਦੇ ਸਰੀਰ ਵਿਚ ਵੀ ਕੁੱਝ ਤਬਦੀਲੀਆਂ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਬਚਪਨ ਖਤਮ ਹੋਣ 'ਤੇ ਜਿਵੇਂ ਲੜਕੇ ਦੀ ਆਵਾਜ਼ ਭਾਰੀ ਹੋ ਜਾਂਦੀ ਹੈ, ਦਾੜ੍ਹੀ ਮੁੱਛਾਂ ਉੱਗਣ ਲੱਗ ਜਾਂਦੀਆਂ ਹਨ, ਕਾਮ ਵਾਸ਼ਨਾ ਉਸਲ ਵੱਟੇ ਲੈਣ ਲੱਗ ਜਾਂਦੀ ਹੈ। ਇਸੇ ਤਰ੍ਹਾਂ ਲੜਕੀਆਂ ਦੀ ਆਵਾਜ਼ ਪਤਲੀ, ਛਾਤੀਆਂ ਦਾ ਉਭਰਣਾ ਅਤੇ ਮਾਸਿਕ ਕਿਰਿਆ ਦਾ ਚਾਲੂ ਹੋਣਾ। ਲੜਕਾ ਜਦੋਂ ਪੁਰਸ਼ ਬਣ ਜਾਂਦਾ ਹੈ, ਉਸ ਦੇ ਅੰਦਰ ਬਿਨਾਂ ਕਿਸੇ ਉਚੇਚ ਤੋਂ ਵੀਰਜ ਬਣਨ ਲੱਗ ਪੈਂਦਾ ਹੈ। ਵਾਧੂ ਬਣਿਆ ਵੀਰਜ ਖਾਸ ਹਾਲਤਾਂ ਵਿਚ ਖਾਰਜ ਭੀ ਹੁੰਦਾ ਰਹਿੰਦਾ ਹੈ। "ਧਰਮ ਗ੍ਰੰਥਾਂ" ਵਿਚ ਪੁਰਸ਼ ਦੀ ਅਜਿਹੀ ਅਪਵਿਤ੍ਰਤਾ ਬਾਰੇ ਕੋਈ ਸਲੋਕ ਦਰਜ ਨਹੀਂ ਕੀਤਾ ਗਿਆ। ਔਰਤ ਦੇ ਸਰੀਰ ਵਿਚ ਜਦੋਂ ਇਹੀ ਜਨਣ ਕਿਰਿਆ ਸ਼ੁਰੂ ਹੁੰਦੀ ਹੈ ਤਾਂ ਉਸ ਨੂੰ "ਅਪਵਿੱਤਰ" ਕਰਾਰ ਦੇਣ ਵਾਲੇ ਬਹੁਤ ਸਾਰੇ ਸਲੋਕ ਲਿਖੇ ਮਿਲ ਜਾਂਦੇ ਹਨ। ਅਸਲ ਵਿਚ ਮਨੁੱਖ ਨੇ ਕਮਜ਼ੋਰ ਧਿਰਾਂ ਨੂੰ ਹਰ ਹਰਬਾ ਵਰਤ ਕੇ ਆਪਣੇ ਗੁਲਾਮ ਬਣਾ ਕੇ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਪਹਿਲਾਂ ਬੇਜਾਨ ਵਸਤੂਆਂ 'ਤੇ ਕਬਜ਼ਾ ਕੀਤਾ। ਉਨ੍ਹਾਂ ਨੂੰ ਆਪਣੀਆਂ ਲੋੜਾਂ ਵਾਸਤੇ ਵਰਤਣਾ ਸ਼ੁਰੂ ਕੀਤਾ। ਫਿਰ ਜਾਨਦਾਰ ਜੀਵਾਂ ਨੂੰ ਆਪਣੀਆਂ ਸਹੂਲਤਾਂ ਵਾਸਤੇ ਵਰਤਣਾ ਸਿਖਿਆ, ਜਿਵੇਂ ਖੋਤਾ, ਘੋੜਾ, ਊਠ, ਗਾਵਾਂ, ਮੱਝਾਂ, ਭੇਡਾਂ, ਬੱਕਰੀਆਂ ਆਦਿ। ਇਸ ਤੋਂ ਮਗਰੋਂ ਮਨੁੱਖਾਂ ਵਲੋਂ ਮਨੁੱਖਾਂ ਨੂੰ ਗੁਲਾਮ ਬਣਾਇਆ ਜਾਣ ਲੱਗਾ। ਔਰਤਾਂ ਨੂੰ ਆਪਣੇ ਕਬਜ਼ੇ ਵਿਚ ਰੱਖਣ ਵਾਸਤੇ ਬੁਰੇ ਤੋਂ ਬੁਰੇ ਢੰਗ ਤਰੀਕੇ ਅਪਣਾਏ ਗਏ। ਇਸ ਦਾ ਜ਼ਿਕਰ ਪਿਛਲੇ ਪੰਨਿਆਂ ਵਿਚ ਕਾਫ਼ੀ ਸਾਰਾ ਆ ਚੁੱਕਿਆ ਹੈ। ਇਥੇ ਭੀ ਉਹੀ ਮਾਰੂ ਬਿਰਤੀ ਕੰਮ ਕਰ ਰਹੀ ਹੈ। ਆਦਮੀ ਔਰਤ ਦੇ ਪਿੱਛੇ "ਲਾਲਾਂ" ਸੁਟਦਾ ਵੇਖਿਆ ਜਾ ਸਕਦਾ ਹੈ। ਇਲਜਾਮ ਔਰਤ ਦੇ ਮੱਥੇ ਮੜਦਾ ਹੈ ਕਿ ਉਸ "ਕਾਮਨੀ" ਨੇ ਆਪਣੀਆਂ ਅਦਾਵਾਂ ਨਾਲ ਮੇਰੇ ਮਨ ਅੰਦਰ ਕਾਮ ਵਾਸ਼ਨਾ ਪੈਦਾ ਕਰ ਦਿੱਤੀ। ਔਰਤਾਂ ਵਿਚ ਹੀਣਤਾ ਪੈਦਾ ਕਰਨ ਵਾਸਤੇ ਬੜੇ ਢੰਗ ਤਰੀਕੇ ਇਜਾਦ ਕੀਤੇ ਗਏ। ਬਹੁਤ ਸਾਰੇ "ਧਰਮ ਗ੍ਰੰਥਾਂ ਦੇ ਉਪਦੇਸ਼ਾਂ" ਵਿਚ ਔਰਤਾਂ 'ਤੇ ਕਈ ਕਿਸਮ ਦੀਆਂ ਅਣ ਮਨੁੱਖੀ ਬੰਦਸ਼ਾਂ ਲਾਈਆਂ, ਜਿਨ੍ਹਾਂ ਵਿਚੋਂ ਇਕ ਕਿਰਿਆ ਸੀ (ਹੈ)

"ਸਿਰਨਾਵਣੀ"।

ਇਸ ਕਿਰਿਆ ਬਾਰੇ ਗਰੁੜ ਪੁਰਾਣ ਦਾ 'ਹੁਕਮਨਾਮਾ' ਪੜ੍ਹੋ-

"ਇਸਤਰੀਆਂ ਨੂੰ ਜਦੋਂ ਮਹੀਨੇ ਮਗਰੋਂ ਰਿਤੂ ਕਾਲ ਸ਼ੁਰੂ ਹੋਵੇ ਤਾਂ ਉਸ ਦਾ ਚਾਰ ਦਿਨਾਂ ਲਈ ਤਿਆਗ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਚਾਰ ਦਿਨਾਂ ਵਿਚ ਇਸਤਰੀ ਪਹਿਲਾਂ ਤੋਂ ਪੈਦਾ ਹੋਈ ਬ੍ਰਹਮ ਹੱਤਿਆ ਵਿਚ ਸਥਿਤ ਹੁੰਦੀ ਹੈ। ਬ੍ਰਹਮਾ ਨੇ ਇਸ ਪਾਪ ਦਾ ਚੌਥਾ ਹਿੱਸਾ ਇੰਦਰ ਤੋਂ ਹਟਾ ਕੇ ਨਾਰੀਆਂ ਨੂੰ ਦੇ ਦਿੱਤਾ ਸੀ। ਇਸ ਵਾਸਤੇ ਚਾਰ ਦਿਨਾਂ ਦੇ ਰਿਤੂ ਕਾਲ ਵਿਚ ਇਸਤਰੀ ਦਾ ਮੂੰਹ ਨਹੀਂ ਵੇਖਣਾ ਚਾਹੀਦਾ। ਉਨ੍ਹਾਂ ਦਿਨਾਂ ਵਿਚ ਉਸ ਨੂੰ ਬ੍ਰਹਮ ਹੱਤਿਆ ਦਾ ਪਾਪ ਚਿੰਬੜਿਆ ਹੁੰਦਾ ਹੈ। ਰਿਤੂ ਕਾਲ ਦੇ ਪਹਿਲੇ ਦਿਨ ਇਸਤਰੀ ਚੰਡਾਲਣੀ ਹੁੰਦੀ ਹੈ। ਦੂਜੇ ਦਿਨ ਬ੍ਰਹਮ ਘਾਤਣੀ ਹੁੰਦੀ ਹੈ। ਤੀਜੇ ਦਿਨ ਧੋਬਣ ਦੇ ਬਰਾਬਰ ਹੁੰਦੀ ਹੈ। ਚੌਥੇ ਦਿਨ ਇਸ਼ਨਾਨ ਕਰ ਕੇ ਨਾਰੀ ਪਵਿੱਤਰ ਹੁੰਦੀ ਹੈ। ਫਿਰ ਇਕ ਹਫ਼ਤੇ ਤੱਕ ਇਸਤਰੀ ਲਗਾਤਰ ਬੁੱਤ ਪੂਜਾ ਕਰੇ। ਪਿੱਤਰਾਂ ਨਮਿਤ ਅਤੇ ਦੇਵਤਿਆਂ ਨਮਿਤ ਕੁੱਝ ਪੂਜਾ ਅਰਚਣਾ ਕਰੇ। (ਗਰੁੜ ਪੁਰਾਣ ਅਧਿਆਇ 22, ਸਲੋਕ 7 ਤੋਂ 10 ਤੱਕ) ਗਰੁੜ ਪੁਰਾਣ ਦੇ ਹੀ ਅਧਿਆਇ 12 ਸਲੋਕ 9 ਵਿਚ ਇਸਤਰੀ ਦੇ ਮਹਾਂਵਾਰੀ ਖੂਨ ਨੂੰ "ਪ੍ਰੇਤਾਂ ਦੀ ਗੰਦਗੀ ਜਾਂ ਵਿਸਟਾ ਵਾਲੇ ਭੋਜਨਾਂ ਵਿਚੋਂ ਇਕ ਭੋਜਨ ਲਿਖਿਆ ਹੈ ਭਾਵ ਕਿ ਉਨ੍ਹਾਂ ਦਿਨਾਂ ਵਿਚ ਇਸਤਰੀ ਗੰਦਗੀ ਵਿਚ ਲਿਬੜੀ ਹੋਈ, ਪ੍ਰੇਤਾਂ ਵਿਚ ਘਿਰੀ ਹੋਈ ਮੰਨਣੀ ਚਾਹੀਦੀ ਹੈ।

ਗੁਰੂ ਨਾਨਕ ਬਾਬਾ ਜੀ ਨੇ ਇਨਸਾਨੀਅਤ ਵਿਰੁਧ ਜਿਥੇ ਭੀ ਕੋਈ ਵਧੀਕੀ ਹੁੰਦੀ ਹੋਈ ਵੇਖੀ ਜਾਂ ਮਹਿਸੂਸ ਕੀਤੀ, ਉਥੇ ਹੀ ਆਪਣੀ ਇਨਕਲਾਬੀ ਆਵਾਜ਼ ਬੁਲੰਦ ਕੀਤੀ। ਜਨਮ ਨਾਲ ਸਬੰਧਤ ਇਸ ਕਿਰਿਆ ਬਾਰੇ ਆਸਾ ਕੀ ਵਾਰ ਵਿਚੋਂ ਇਕ ਸਲੋਕ ਦੇ ਦਰਸ਼ਣ ਕਰੋ-

ਜੇਕਰਿ ਸੂਤਕੁ ਮੰਨੀਐ ਸਭ ਤੈ ਸੂਤਕੁ ਹੋਇ॥
ਗੋਹੇ ਅਤੈ ਲਕੜੀ ਅੰਦਰਿ ਕੀੜਾ ਹੋਇ॥
ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ॥
ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ॥
ਸੂਤਕੁ ਕਿਉ ਕਰਿ ਰਖੀਐ ਸੂਤਕੁ ਪਵੈ ਰਸੋਇ॥
ਨਾਨਕ ਸੂਤਕੁ ਏਵ ਨ ਉਤਰੈ ਗਿਆਨੁ ਉਤਾਰੈ ਧੋਇ॥ (472)

ਹੇ ਭਾਈ! ਤੁਸੀ ਅਪਵਿੱਤਰਤਾ ਨੂੰ ਕਿਉਂ ਮੰਨਦੇ ਹੋ? ਜੇ ਮੰਨੋਗੇ ਫਿਰ ਤਾਂ ਜਿਉ ਨਹੀਂ ਸਕੋਗੇ। ਜਰਾ ਆਲੇ ਦੁਆਲੇ ਵਾਪਰ ਰਹੇ ਘਟਨਾ ਕਰਮ ਨੂੰ ਅੱਖਾਂ ਖੋਲ੍ਹ

ਕੇ ਵੇਖੋ ਕਿ "ਸੁੱਚ ਭਿੱਟ" ਤੋਂ ਕੋਈ ਥਾਂ ਬੱਚਿਆ ਹੋਇਆ ਹੈ? ਸਾਰੀਆਂ ਥਾਵਾਂ 'ਤੇ ਜਨਮ ਨਾਲ ਸਬੰਧਤ ਭਿੱਟ ਹੈ। ਗੋਹੇ ਵਿਚ, ਲਕੜੀਆਂ ਵਿਚ ਕੀੜੇ ਪੈਦਾ ਹੋ ਰਹੇ ਹਨ। ਅੰਨ ਦੇ ਦਾਣੇ ਜਿਥੇ ਖੁਦ ਜਨਮਦੇ ਅਤੇ ਮਰਦੇ ਹਨ, ਉਥੇ ਇਨ੍ਹਾਂ ਦੇ ਅੰਦਰ ਹੋਰ ਅਣਗਿਣਤ ਕੀੜੇ ਜਨਮਦੇ ਅਤੇ ਮਰਦੇ ਰਹਿੰਦੇ ਹਨ। ਪਾਣੀ ਆਪਣੇ ਆਪ ਵਿਚ ਜਾਨ ਵਾਲਾ "ਜੀਵ" ਹੈ। ਫਿਰ ਪਾਣੀ ਤੋਂ ਸਾਰੀ ਬਨਸਪਤੀ ਅਤੇ ਜੀਵ ਜਿੰਦਗੀ ਪ੍ਰਾਪਤ ਕਰਦੇ ਹਨ। ਸੂਤਕ (ਜਨਮ ਦੀ ਭਿੱਟ) ਤੋਂ ਕਿਵੇਂ ਬਚੋਗੇ? ਤੁਹਾਡੀ ਰਸੋਈ ਵਿਚ ਬੇਅੰਤ ਜੀਵਤ ਵਸਤਾਂ ਦੀ ਨਿਤ ਵਰਤੋਂ ਹੁੰਦੀ ਹੈ। ਅਜਿਹੀ ਜਨਮ ਵਾਲੀ ਭਿੱਟ ਹੋਰ ਕਿਸੇ ਤਰੀਕੇ ਨਹੀਂ ਉਤਰਦੀ। ਇਸ ਨੂੰ ਗਿਆਨਵਾਨ ਹੀ ਸਮਝ ਸਕਦਾ ਹੈ ਤੇ ਇਸ ਵਾਧੂ ਦੇ ਵਜਨ ਤੋਂ ਮੁਕਤ ਹੋ ਸਕਦਾ ਹੈ।

ਮਨ ਕਾ ਸੂਤਕ ਲੋਭੁ ਹੈ, ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ ਬਧੇ ਜਮਪੁਰਿ ਜਾਹਿ॥ (472)

ਹੇ ਭਾਈ! ਮਨ ਨੂੰ ਅਪਵਿੱਤਰ ਕਰਨ ਵਾਲਾ ਲੋਭ ਹੈ। ਉਸ ਤੋਂ ਮੁਕਤ ਹੋ ਜਾਈਏ। ਜੀਭ ਝੂਠ ਨਾ ਬੋਲੇ, ਅੱਖਾਂ ਦੁਆਰਾ ਪਰਾਏ ਰੂਪ 'ਤੇ ਨਾ ਡੁਲੀਏ, ਕੰਨਾ ਦੁਆਰਾ ਪਰਾਈ ਨਿੰਦਾ ਤੇ ਆਪਣੀ ਪ੍ਰਸੰਸਾ ਨਾ ਸੁਣੀਏ। ਵੇਖਣ ਨੂੰ ਹੰਸਾ ਵਰਗੇ ਇਨਸਾਨ ਇਨ੍ਹਾਂ ਕੁਕਰਮਾਂ ਵਿਚ ਫਸ ਜਾਂਦੇ ਹਨ ਤੇ ਅੰਤ ਬਰਬਾਦ ਹੋ ਜਾਂਦੇ ਹਨ।

ਸਭੋ ਸੂਤਕੁ ਭਰਮੁ ਹੈ ਦੂਜੈ ਲਗੈ ਜਾਇ॥
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ॥
ਨਾਨਕ ਜਿਨ੍ਹੀ ਗੁਰਮੁਖਿ ਬੁਝਿਆ ਤਿਨ੍ਹੀ ਸੂਤਕ ਨਾਹਿ॥ (472)

ਹੇ ਭਾਈ! ਸਾਰੇ ਤਰ੍ਹਾਂ ਦੇ ਸੂਤਕ ਵਾਲੇ ਭਰਮ ਅਗਿਆਨਤਾ ਕਾਰਨ ਪੈਦਾ ਹੁੰਦੇ ਹਨ। ਜਨਮ ਅਤੇ ਮਰਨ ਪਰਮੇਸ਼ਰ ਦੇ ਹੁਕਮ (ਨਿਅਮ) ਵਿਚ ਲਗਾਤਾਰ ਹੋ ਰਿਹਾ ਹੈ। ਇਸੇ ਕੁਦਰਤੀ ਨਿਅਮ ਵਿਚ ਜੀਵ ਪੈਦਾ ਹੁੰਦੇ ਹਨ। ਆਪਣਾ ਸਮਾਂ ਪੂਰਾ ਕਰ ਕੇ ਮਰ ਜਾਂਦੇ ਹਨ। ਸਰੀਰ ਬਿਖਰ ਜਾਂਦੇ ਹਨ। ਖਾਣਾ ਪੀਣਾ ਤਿਆਗਣਾ ਮੂਰਖਤਾ ਹੈ। ਕੋਈ ਚੀਜ਼ ਅਪਵਿੱਤਰ ਨਹੀਂ ਹੋਈ। ਸਾਰੀਆਂ ਹੀ ਪਵਿੱਤਰ ਹਨ। ਨਿਰੰਕਾਰ ਨੇ ਰਿਜ਼ਕ ਦਿੱਤਾ ਹੈ। ਬੁਰਾ ਕਿਵੇਂ ਹੋਇਆ। ਇਨ੍ਹਾਂ ਬਰੀਕੀਆਂ ਦੀ ਗੁਰੂ ਰਾਹੀਂ ਸਮਝ ਪੈਂਦੀ ਹੈ। ਜਿਨ੍ਹਾਂ ਨੂੰ ਇਸ ਤਰ੍ਹਾਂ ਦਾ ਗਿਆਨ ਪ੍ਰਾਪਤ ਹੋ ਗਿਆ, ਉਨ੍ਹਾਂ ਨੂੰ ਕੋਈ ਭਿੱਟ ਨਹੀਂ ਲਗਦੀ।

ਪੁਜਾਰੀ ਟੋਲੇ ਨੇ ਲਗਾਤਾਰ ਅਜਿਹਾ ਜਹਿਰੀਲਾ ਪ੍ਰਚਾਰ ਕੀਤਾ ਕਿ ਮਨੁੱਖਾਂ ਨੂੰ ਜਾਨਵਰਾਂ ਤੋਂ ਭੀ ਬਦਤਰ ਬਣਾ ਦਿੱਤਾ। ਰੱਬ ਦੀ ਸੰਤਾਨ ਮਨੁੱਖਤਾ ਦਾ ਬਹੁਤ ਵੱਡਾ ਹਿਸਾ "ਸ਼ੂਦਰ" ਆਖ ਕੇ ਦੁਰਕਾਰਿਆ ਗਿਆ। ਆਪਣੇ ਹੀ ਘਰ ਵਿਚ ਆਪਣੀ ਮਾਂ, ਜੀਵਨ ਸਾਥਣ ਪਤਨੀ, ਭੈਣ ਜਾਂ ਧੀ ਬਰਾਬਰ ਦੀਆਂ ਇਨਸਾਨ ਨਾ ਰਹਿਣ ਦਿੱਤੀਆਂ। ਪਵਿੱਤਰਤਾ ਦਾ ਪ੍ਰਤੀਕ ਜਨੇਊ ਕੋਈ ਔਰਤ ਨਹੀਂ ਪਹਿਨ ਸਕਦੀ। ਕਾਰਨ ? ਕਿਉਂਕਿ ਉਹ ਔਰਤ ਹੈ। ਜਦੋਂ ਗੁਰੂ ਨਾਨਕ ਸਾਹਿਬ ਜੀ ਨੂੰ ਜੰਝੂ ਧਾਰਨ ਕਰਵਾਇਆ ਜਾਣ ਲੱਗਾ ਤਾਂ ਉਨ੍ਹਾਂ ਪੰਡਿਤ ਹਰਦਿਆਲ ਤੋਂ ਪੁੱਛਿਆ ਸੀ ਕਿ "ਜੰਜੂ ਪਾਉਣਾ ਕਿਉਂ ਜਰੂਰੀ ਹੈ ?"

ਪੰਡਿਤ ਹਰਦਿਆਲ- ਜੰਜੂ ਪਹਿਨ ਕੇ ਮਨੁੱਖ ਧਰਮੀ ਬਣਦਾ ਹੈ।

ਗੁਰੂ ਨਾਨਕ- ਸਾਰੇ ਮਨੁੱਖਾਂ ਨੂੰ ਜੰਜੂ ਧਾਰਨ ਕਰਵਾ ਕੇ ਧਰਮੀ ਕਿਉਂ ਨਹੀਂ ਬਣਾਉਂਦੇ ?

ਹਰਦਿਆਲ- ਉਹ ਸ਼ੂਦਰ ਹਨ ? ਜੰਜੂ ਪਹਿਨਣ ਦਾ ਹੱਕ ਨਹੀਂ ਰੱਖਦੇ।

ਗੁਰੂ ਨਾਨਕ- ਜੰਜੂ ਪਾਉਣ ਨਾਲ ਉਹ ਪਵਿੱਤਰ ਜਾਂ ਉੱਚੇ ਨਹੀਂ ਹੋ ਸਕਦੇ ?

ਹਰਦਿਆਲ- ਬਹਿਸ ਨਾ ਕਰੋ, ਉਨ੍ਹਾਂ ਲਈ ਜੰਜੂ ਨਹੀਂ ਹੈ।

ਗੁਰੂ ਨਾਨਕ- ਠੀਕ ਹੈ, ਮਾਤਾਵਾਂ, ਭੈਣਾਂ ਅਤੇ ਸਾਰੀਆਂ ਔਰਤਾਂ ਨੂੰ ਜੰਜੂ ਪਹਿਨਾ ਕੇ ਪਵਿੱਤਰ ਕਰ ਦਿਉ।

ਹਰਦਿਆਲ- ਨਹੀਂ ਨਾਨਕ, ਸਾਡੇ ਧਰਮ ਗ੍ਰੰਥਾਂ ਨੇ ਔਰਤ ਨੂੰ ਜੰਜੂ ਪਾਉਣ ਦਾ ਹੱਕ ਨਹੀਂ ਦਿੱਤਾ। ਉਹ ਸਦਾ ਅਪਵਿੱਤਰ ਹੁੰਦੀਆਂ ਹਨ। (ਮਹਾਂਵਾਰੀ ਕਾਰਨ)

ਗੁਰੂ ਨਾਨਕ- ਮੇਰੇ ਨਾਲ ਅੱਜ ਮੇਰੀ ਮਾਂ ਤੇ ਭੈਣ ਨੂੰ ਜੰਜੂ ਧਾਰਨ ਕਰਵਾ ਦਿਉ।

ਹਰਦਿਆਲ (ਖਿਝ ਕੇ)- ਨਹੀਂ ਨਾਨਕ, ਇਹ ਸੰਭਵ ਨਹੀਂ। ਵੇਦਾਂ ਦਾ ਇਹੀ ਹੁਕਮ ਹੈ।

ਗੁਰੂ ਨਾਨਕ (ਰੋਹਬ ਨਾਲ)- "ਪੰਡਿਤ ਜੀ, ਜੋ ਧਰਮ, ਜੋ ਜੰਜੂ ਸਾਰੇ ਮਨੁੱਖਾਂ ਨੂੰ ਬਰਾਬਰ ਦਾ ਦਰਜਾ ਨਹੀਂ ਦਿੰਦਾ, ਮੈਂ ਉਸ ਨੂੰ ਰੱਦ ਕਰਦਾ ਹਾਂ। ਲੈ ਜਾਉ ਆਪਣਾ ਜੰਜੂ, ਮੈਂ ਨਹੀਂ ਪਹਿਨਾਗਾਂ। ਮੈਂ ਸ਼ੂਦਰਾਂ ਦੇ ਨਾਲ ਹਾਂ। ਮੈਂ ਔਰਤ ਵਰਗ ਦੇ ਨਾਲ ਹਾਂ। ਮੈਂ ਧਰਮ ਦੇ ਨਾਂ 'ਤੇ ਹੋ ਰਿਹਾ ਅਧਰਮ ਅਤੇ ਪਾਖੰਡ ਤਾਰ ਤਾਰ ਕਰ ਦਿਆਂਗਾ।" ਪਰ ਅਫ਼ਸੋਸ ਕਿ ਸਿੱਖ ਅਖਵਾਉਣ ਵਾਲੇ ਔਰਤ ਨੂੰ ਅਤੇ ਅਛੂਤਾਂ ਨੂੰ ਬਰਾਬਰ ਨਹੀਂ ਮੰਨ ਸਕੇ। ਕੁੱਝ ਲੋਕਾਂ ਵਲੋਂ ਬੋਗਸ ਜਿਹੀ ਦਲੀਲ ਦਿੱਤੀ ਜਾਂਦੀ ਹੈ ਕਿ "ਮਹਾਂਵਾਰੀ ਦੇ ਦਿਨਾਂ ਵਿਚ ਔਰਤਾਂ ਦੇ ਸਰੀਰ ਵਿਚੋਂ ਦੁਰਗੰਧ ਆਉਂਦੀ ਹੈ। ਇਸ

ਲਈ ਉਨ੍ਹਾਂ ਨੂੰ ਪਾਠ ਕਰਨ ਤੋਂ ਰੋਕਿਆ ਗਿਆ ਹੈ। ਧਾਰਮਕ ਸਮਾਗਮਾਂ ਵਿਚ ਜਾਣ ਤੋਂ ਮਨ੍ਹਾ ਕੀਤਾ ਜਾਂਦਾ ਹੈ। ਗੁਰਦੁਆਰੇ ਜਾਣ ਤੋਂ ਭੀ ਸੰਕੋਚ ਕਰਨਾ ਚਾਹੀਦਾ ਹੈ।" ਹਰ ਇਕ ਜੁਆਨ ਹੋ ਰਹੀ ਲੜਕੀ ਨੂੰ ਮਾਂ ਸਮਝਾ ਦਿਆ ਕਰਦੀ ਹੈ ਕਿ ਇਸ ਨੂੰ ਕਿਵੇਂ ਸੰਭਾਲਣਾ ਹੈ। ਉਂਝ ਅੱਜ ਤਕ ਇਹ ਕੋਈ ਨਹੀਂ ਕਹਿ ਸਕਿਆ ਕਿ ਗੁਰਦੁਆਰੇ ਵਿਚ ਜਿਧਰ ਬੀਬੀਆਂ ਬੈਠੀਆਂ ਹਨ, ਉਧਰੋਂ ਬਦਬੂ ਆ ਰਹੀ ਹੈ। ਖੁਦ ਨੂੰ ਸਾਫ਼ ਸੁਥਰੀ ਰੱਖਣਾ ਹਰ ਇਕ ਜਨਾਨੀ ਨੂੰ ਚੰਗੀ ਤਰ੍ਹਾਂ ਪਤਾ ਹੈ। ਇਸ ਮਾਮਲੇ ਵਿਚ ਸਗੋਂ ਪੁਰਸ਼ਾਂ ਨਾਲੋਂ ਵੱਧ ਸਾਵਧਾਨ ਹਨ, ਬੀਬੀਆਂ। ਕਿੰਨੇ ਸਾਰੇ ਲੋਕ (ਔਰਤ ਮਰਦ ਦੋਵੇਂ) ਹਨ ਜਿਨ੍ਹਾਂ ਨੂੰ ਕਬਜ਼ ਦੀ ਸ਼ਿਕਾਇਤ ਰਹਿੰਦੀ ਹੈ। ਉਹ ਸਦਾ ਹੀ ਬਦਬੂਦਾਰ ਹਵਾ ਛਡਦੇ ਰਹਿੰਦੇ ਹਨ। ਉਸ ਬਾਰੇ ਕਦੀ ਇਤਰਾਜ਼ ਨਹੀਂ ਉਠਿਆ। ਬਹੁਤ ਸਾਰੇ ਲੋਕਾਂ ਦੇ ਮੂੰਹ ਵਿਚੋਂ ਬਦਬੂ ਆਉਂਦੀ ਹੈ, ਕਈਆਂ ਦੇ ਹੱਥਾਂ ਵਿਚੋਂ ਤੇ ਕਈਆਂ ਦੇ ਪੈਰਾਂ ਵਿਚੋਂ। ਇਸ ਬਾਰੇ ਕਦੀ ਕੋਈ ਨਹੀਂ ਬੋਲਿਆ। ਕੁੱਝ ਲੋਕਾਂ ਨੂੰ ਕਈ ਤਰ੍ਹਾਂ ਦੇ ਗੁਪਤ ਭਿਆਨਕ ਰੋਗ ਹੁੰਦੇ ਹਨ। ਸੰਗਤ ਬੇਖਬਰ ਹੁੰਦੀ ਹੈ। ਉਨ੍ਹਾਂ ਦਾ ਕੀ ਕੀਤਾ ਜਾਵੇ? ਜਿਹੜੇ ਗੁਰਦੁਆਰਿਆਂ ਦੇ ਅੰਦਰ ਹੀ ਕਾਮੀ, ਕਰੋਧੀ, ਲਾਲਚੀ, ਧੋਖੇਬਾਜ਼, ਕਰਮਕਾਂਡੀ ਤੇ ਸ਼ਰਾਬੀ ਬੈਠੇ ਹਨ, ਕਦੀ ਉਨ੍ਹਾਂ ਦੇ ਸੁਧਾਰ ਬਾਰੇ ਜੋਰਦਾਰ ਆਵਾਜ਼ ਉਠਾਈ ਹੁੰਦੀ। ਪਰ ਅਜਿਹਾ ਨਹੀਂ ਹੋਇਆ, ਗੁਰੂ ਨਾਨਕ ਦੀ ਵਿਚਾਰਧਾਰਾ ਨੂੰ ਕੁਰਾਹੇ ਪਾ ਦਿੱਤਾ।

ਜਿਨ੍ਹਾਂ ਪੰਕਤੀਆਂ ਨੂੰ ਅਪਵਿੱਤਰਤਾ ਨਾਲ ਜੋੜਿਆ ਗਿਆ ਹੈ, ਆਉ ਉਨ੍ਹਾਂ ਬਾਰੇ ਵਿਚਾਰ ਕਰੀਏ-

ਜਿਉ ਜੋਰੂ ਸਿਰਨਾਵਣੀ ਆਵੈ ਵਾਰੋ ਵਾਰ ॥
ਜੂਠੇ ਜੂਠਾ ਮੁਖਿ ਵਸੈ ਨਿਤ ਨਿਤ ਹੋਇ ਖੁਆਰੁ ॥
ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ ॥
ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ ॥ (472)

ਹੇ ਭਾਈ! ਜਿਵੇਂ ਕੁਦਰਤ ਦੇ ਨਿਯਮ ਵਿਚ ਔਰਤਾਂ ਨੂੰ ਹਰ ਮਹੀਨੇ ਮਗਰੋਂ ਮਹਾਂਵਾਰੀ ਆਉਂਦੀ ਹੈ। ਸਰੀਰ ਵਿਚੋਂ ਖੂਨ ਵਹਿ ਟੁਰਦਾ ਹੈ। ਇਸੇ ਤਰ੍ਹਾਂ ਜੋ ਮਨੁੱਖ ਕੁਰਾਹੇ ਪੈ ਜਾਂਦੇ ਹਨ। ਬਾਰ ਬਾਰ ਬੁਰੇ ਕੰਮ ਕਰਦੇ ਹਨ। ਫਿਰ ਉਨ੍ਹਾਂ ਦੀ ਆਦਤ ਹੀ ਬੁਰੀ ਹੋ ਜਾਂਦੀ ਹੈ। ਉਹ ਛੱਡਣਾ ਭੀ ਚਾਹੁਣ ਤਦੋਂ ਛੱਡ ਨਹੀਂ ਸਕਦੇ। ਭਾਵੇਂ ਮਗਰੋਂ ਖੁਆਰੀ ਕਿੰਨੀ ਹੀ ਉਠਾਉਣੀ ਪਵੇ। ਅਸਲ ਵਿਚ ਸੁੱਚੇ ਉਹ ਨਹੀਂ ਹਨ ਜਿਨ੍ਹਾਂ ਨੇ ਇਸ਼ਨਾਨ ਕਰ ਲਿਆ। ਸੋਹਣੇ ਬਸਤਰ ਪਹਿਨ ਲਏ। ਅਸਲ ਸੁੱਚੇ ਜਾਂ ਪਵਿੱਤਰ ਉਹ ਵਿਅਕਤੀ ਹਨ ਜਿਨ੍ਹਾਂ ਨੇ ਹਰੀ ਨਾਮ ਅੰਦਰ ਵਸਾ ਲਿਆ ਤੇ

ਵਿਕਾਰਾਂ ਨੂੰ ਅੰਦਰੋਂ ਕੱਢ ਦਿੱਤਾ।

ਗੁਰਬਾਣੀ ਤਾਂ ਸਾਰਿਆਂ ਨੂੰ ਇਕੋ ਅੱਖ ਨਾਲ ਵੇਖਦੀ ਹੈ। ਆਉ ਇਹ ਸ਼ਬਦ ਪੜ੍ਹੋ-

ਮਾਤਾ ਜੂਠੀ ਪਿਤਾ ਭੀ ਜੂਠਾ ਜੂਠੇ ਹੀ ਫਲ ਲਾਗੇ ॥
ਆਵਹਿ ਜੂਠੇ ਜਾਇ ਭੀ ਜੂਠੇ, ਜੂਠੇ ਮਰਹਿ ਅਭਾਗੇ ॥
ਕਹੁ ਪੰਡਿਤ ਸੂਚਾ ਕਵਨ ਠਾਉ ॥ ਜਹਾਂ ਬੈਸਿ ਹਉ ਭੋਜਨ ਖਾਉ ॥ ਰਹਾਉ ॥ (1195)

ਹੇ ਪੰਡਿਤ! (ਪਹਿਲਾਂ ਰਹਾਉ ਵਾਲਾ ਬੰਦ) ਮੈਨੂੰ ਦਸ ਇਸ ਧਰਤੀ ਉਤੇ ਕਿਧਰੇ ਸੁੱਚਾ ਥਾਂ ਹੈ? ਜਿਵੇਂ ਦੀਆਂ ਤੂੰ ਮਰਿਆਦਾਵਾਂ ਬਣਾ ਕੇ ਲੋਕਾਂ ਨੂੰ ਮੂਰਖ ਬਣਾਇਆ, ਮੈਂ ਸਵਾਲ ਕਰਨ ਲੱਗਾ ਹਾਂ ਜੁਆਬ ਦੇਹ। ਮੈਂ ਕਿਥੇ ਬੈਠ ਕੇ ਭੋਜਨ ਛਕਾਂ? ਕਿਉਂਕਿ ਸੁੱਚੀ ਚੀਜ਼ ਤਾਂ ਕੋਈ ਹੈ ਹੀ ਨਹੀਂ। ਇਸ ਤਰ੍ਹਾਂ ਤਾਂ ਹਰ ਇਕ ਦੀ ਮਾਂ ਜੂਠੀ ਹੈ, ਪਿਤਾ ਜੂਠਾ ਹੈ। ਕਿਉਂਕਿ ਦੋਵਾਂ ਦੇ ਸਬੰਧਾਂ ਤੋਂ ਬੱਚਾ ਜਨਮ ਲੈਂਦਾ ਹੈ। ਮਾਂ ਨੂੰ ਮਹਾਂਵਾਰੀ ਭੀ ਹਰੇਕ ਨੂੰ ਆਉਂਦੀ ਹੈ, ਵਰਨਾ ਬੱਚਾ ਪੈਦਾ ਨਹੀਂ ਹੋ ਸਕਦਾ। ਅਜਿਹੇ ਜੂਠੇ ਮਾਤਾ ਪਿਤਾ ਤੋਂ ਪੈਦਾ ਹੋਣ ਵਾਲੇ ਬੱਚੇ ਭੀ ਜੂਠੇ ਜਾਂ ਅਪਵਿੱਤਰ ਹੀ ਹੋਏ। ਇਸ ਸੰਸਾਰ ਵਿਚ ਜੂਠੇ ਹੀ ਆਉਂਦੇ ਨੇ, ਜੂਠੇ ਹੀ ਮਰ ਜਾਂਦੇ ਹਨ। ਸੁੱਚੇ ਹੋਣ ਦੀ ਵਿਧੀ ਤਾਂ ਪੰਡਿਤ ਜੀ ਤੁਸੀ ਸਮਝਾਈ ਹੀ ਨਹੀਂ। ਵਿਕਾਰ ਤਜ ਕੇ ਵਿਚਾਰਾਂ ਵਿਚੋਂ ਖੋਟ ਕੱਢ ਕੇ ਅਸਲੀ ਸੁੱਚੇ ਬਣਨਾ ਸੀ, ਉਹ ਤੁਸੀ ਦੱਸਿਆ ਹੀ ਨਹੀਂ।

ਮਨਿ ਜੂਠੈ ਤਨਿ ਜੂਠਿ ਹੈ ਜਿਹਵਾ ਜੂਠੀ ਹੋਇ ॥
ਮੁਖਿ ਝੂਠੈ ਝੂਠੁ ਬੋਲਣਾ ਕਿਉ ਕਰਿ ਸੂਚਾ ਹੋਇ ॥
ਬਿਨੁ ਅਭ ਸਬਦ ਨ ਮਾਂਜੀਐ, ਸਾਚੇ ਤੇ ਸਚੁ ਹੋਇ ॥ (55)

ਹੇ ਭਾਈ! ਗੰਦੇ ਵਿਚਾਰਾਂ ਨਾਲ ਮਨ ਗੰਦਾ (ਜੂਠਾ) ਹੋ ਗਿਆ। ਮੰਦੇ ਕੰਮਾਂ ਨਾਲ ਸਰੀਰ ਜੂਠਾ ਹੋ ਗਿਆ। ਰਸਾਂ ਕਸਾਂ ਵਿਚ ਲੁਭਿਤ ਹੋ ਕੇ ਜੀਭ ਜੂਠੀ ਹੋ ਗਈ। ਝੂਠ ਬੋਲਣ ਕਰ ਕੇ ਮੂੰਹ ਜੂਠਾ ਹੋ ਗਿਆ। ਫਿਰ ਤੂੰ ਆਪਣੇ ਆਪ ਨੂੰ ਸੁੱਚਾ ਕਿਵੇਂ ਅਖਵਾ ਸਕਦਾ ਹੈਂ? ਲੋਕੀਂ ਪਾਣੀ ਨਾਲ ਸਰੀਰ ਧੋ ਸਕਦੇ ਹਨ। ਪਰ ਮਨ ਨੂੰ ਸਾਫ ਕਰਨ ਲਈ ਗੁਰੂ ਦੇ ਸ਼ਬਦ ਨੂੰ ਪੜ੍ਹ ਵਿਚਾਰ ਕੇ ਹੁਕਮ ਵਿਚ ਚਲਣਾ ਹੋਵੇਗਾ। ਵਿਕਾਰ (ਝੂਠ ਆਦਿ) ਛੱਡਣੇ ਪੈਣਗੇ। ਸੱਚੇ ਨਿਰੰਕਾਰ ਨੂੰ ਜਪਣ ਦਾ ਮਕਸਦ ਹੀ ਇਹ ਹੈ ਕਿ ਸੱਚ ਦੇ ਧਾਰਨੀ ਹੋ ਜਾਈਏ।

ਪੁਜਾਰੀ ਵਰਗ ਨੇ ਆਪਣੀਆਂ ਚਤੁਰਾਈਆਂ ਸਦਕਾ ਕਾਮਿਆਂ ਕਿਰਤੀਆਂ ਨੂੰ "ਨੀਵੇਂ" (ਅਪਵਿੱਤਰ) ਗਰਦਾਨ ਦਿੱਤਾ। ਖੁਦ ਵੇਹਲੜ ਧੋਖੇਬਾਜ ਝੂਠਾ ਤੇ

ਮੱਕਾਰ ਹੁੰਦੇ ਹੋਏ ਭੀ ਪੂਜਣ ਯੋਗ ਹਸਤੀ ਬਣ ਬੈਠਾ। ਜਿੰਦਗੀ ਵਿਚ ਬਰਾਬਰ ਦੀ ਭਾਈਵਾਲ ਔਰਤ ਨੂੰ ਆਪਣੀ ਕਾਮ ਭੁੱਖ ਪੂਰੀ ਕਰਨ ਲਈ ਖੂਬ ਵਰਤਿਆ। ਨਾਲ ਹੀ ਜੂਠੀ, ਅਪਵਿੱਤਰ, ਕਾਮਣੀ, ਬਾਘਣ, ਪੈਰ ਦੀ ਜੁੱਤੀ, ਗੁੱਤ ਪਿੱਛੇ ਮੱਤ ਵੇਸ਼ਵਾ ਤੱਕ ਆਖਣੋਂ ਸ਼ਰਮ ਨਾ ਕੀਤੀ। ਔਰਤ ਦੀ ਆਪਣੀ ਇੱਛਾ ਤੋਂ ਵਿਰੁਧ ਕੋਈ ਹੈਸਿਆਰਾ ਉਸ ਨਾਲ ਜਿਸਮਾਨੀ ਧੱਕਾ ਕਰ ਜਾਵੇ ਤਾਂ ਭੀ ਕਸੂਰਵਾਰ ਔਰਤ। ਅਖੇ, "ਕੋਈ ਨ ਕੋਈ ਗੱਲ ਵਿਚ ਜ਼ਰੂਰ ਹੋਵੇਗੀ"। ਆਦਮੀ ਪਾਪ ਕਰਮ ਕਰ ਕੇ ਭੀ "ਸ਼ਾਨ" ਨਾਲ ਜਿਉਂਦੇ ਹਨ। ਔਰਤ ਬੇਕਸੂਰ ਹੁੰਦੀ ਹੋਈ ਭੀ ਆਪਣੇ ਆਪ ਨੂੰ ਬਰਬਾਦ ਹੋਈ ਮਹਿਸੂਸ ਕਰਦੀ ਹੈ। ਔਰਤ ਵੇਸ਼ਵਾ ਬਣੀ ਕੋਠੇ 'ਤੇ ਬੈਠੀ ਕਿਸੇ ਜ਼ਾਲਮ ਮਨੁੱਖ ਵਲੋਂ ਕਿਸੇ ਸਾਜ਼ਿਸ਼ ਤਹਿਤ ਬਿਠਾਈ ਗਈ। ਨਫ਼ਰਤਯੋਗ ਔਰਤ ਜਿਸ ਨੇ ਇਥੇ ਭੇਜੀ ਉਸ ਦੀ ਵਾ ਛੱਲ ਕੋਈ ਨਹੀਂ ਵੇਖਦਾ। ਔਰਤ ਕੋਠੇ 'ਤੇ ਬੈਠੀ ਗਲੀਜ ਹੈ, ਗੰਦੀ ਹੈ। ਉਨ੍ਹਾਂ ਕੋਠਿਆਂ 'ਤੇ ਜਾ ਕੇ "ਗੰਦਗੀ" ਨੂੰ ਚੱਟਣ ਵਾਲੇ ਮਨੁੱਖ ਬੜੇ "ਪਵਿੱਤਰ ਹਨ, ਪੂਰੇ ਧਰਮੀ ਹਨ"। ਔਰਤ ਵੇਸ਼ਵਾ ਵਰਗਾ ਗਲੀਜ ਜੀਵਨ ਜਿਉ ਕੇ ਭੀ (ਜੇ ਬੱਚੇ ਹੋਣ) ਆਪਣੇ ਬੱਚਿਆਂ ਨੂੰ ਚੰਗੇ ਨਾਗਰਿਕ ਬਣਾਉਣਾ ਚਾਹੁੰਦੀ ਹੈ। ਪੁਰਸ਼ ਸਾਰਾ ਕੁੱਝ ਹੁੰਦਿਆਂ ਪਤਨੀ ਅਤੇ ਬੱਚਿਆਂ ਨਾਲ ਗਦਾਰੀ ਕਰ ਕੇ ਗਲੀਜ ਥਾਵਾਂ 'ਤੇ ਮੂੰਹ ਮਾਰਨ ਜਾਂਦਾ ਹੈ। ਬਾਹਰੋਂ ਭਿਆਨਕ ਰੋਗ ਸਹੇੜ ਕੇ ਲਿਆਉਂਦਾ ਹੈ ਤੇ ਸਾਰੇ ਪਰਵਾਰ ਨੂੰ ਰੋਗੀ ਕਰ ਦਿੰਦਾ ਹੈ। ਔਰਤ ਨੂੰ ਕੁਦਰਤੀ ਨਿਅਮ ਵਿਚ ਖੂਨ (ਮਹਾਂਵਾਰੀ) ਪੈ ਜਾਵੇ ਤਾਂ ਭਿਟੀ ਗਈ ਆਖੀਦੀ ਹੈ। ਮਨੁੱਖ ਅਣਗਿਣਤ ਬੇਦੋਸ਼ਿਆਂ ਦਾ ਖੂਨ ਬਹਾ ਦੇਵੇ ਤਾਂ ਬਹਾਦਰੀ ਹੈ। ਮਾਸੂਮਾਂ ਦਾ ਖੂਨ ਪੀ ਜਾਵੇ ਤਾਂ ਸਿਆਣਪ ਹੈ। ਸੱਚਾ ਇਨਸਾਫ਼ ਕਰਨ ਵਾਲਾ "ਧਰਮ ਰਾਜ" ਕਿੱਥੇ ਅੱਖਾਂ ਬੰਦ ਕਰੀ ਬੈਠਾ ਹੈ ? ਅਛੂਤਾਂ ਦੇ ਹਿਸੇ ਦਾ ਪਰਮੇਸ਼ਰ ਕਿਥੇ ਲੁਕ ਗਿਆ ? ਔਰਤਾਂ ਨੂੰ ਜਨਮ ਦੇਣ ਵਾਲਾ ਰੱਬ ਕਿਉਂ ਸੌਂ ਗਿਆ ? ਸਮਾਜ ਦੇ ਲੰਬੜਦਾਰੋ ! ਧਰਮ ਦੇ ਠੇਕੇਦਾਰੋ !! ਰਾਜਨੀਤੀ ਦੇ ਪਹਿਦਾਰੋ !!! ਆਪਣੇ ਫ਼ਰਜ਼ ਪਛਾਣੋ। ਧਰਤੀ ਉਤੇ ਰਹਿਣ ਦੀ ਮਿਲਵਰਤਣ ਦੀ ਦਇਆ ਭਾਵਨਾ ਮਨੁੱਖੀ ਹੱਕਾਂ ਦੀ ਪਹਿਰੇਦਾਰੀ ਤੁਸੀ ਕਰਨੀ ਹੈ। ਅੱਗੇ ਹੀ ਬਹੁਤ ਨੁਕਸਾਨ ਹੋ ਚੁੱਕਿਆ ਹੈ। ਜੇ ਨਾ ਸੰਭਲੇ ਹੋਰ ਬਹੁਤ ਨੁਕਸਾਨ ਹੋ ਜਾਣਾ ਹੈ। ਭਾਈ ਗੁਰਦਾਸ ਜੀ ਦਾ ਇਕ ਕਬਿੱਤ ਦੇ ਕੇ ਇਸ ਭਾਗ ਨੂੰ ਬੰਦ ਕਰਦੇ ਹਾਂ। ਆਉ ਪੜ੍ਹੋ-

ਜੈਸੇ ਪਤਿਬ੍ਰਤਾ ਕਉ ਪਵਿਤ੍ਰ ਘਰਿ ਵਾਸੀ ਨਾਤ,
ਅਸਲ ਬਸਨ ਧਨ ਧਾਮ ਲੋਕਾਚਾਰ ਹੈ ।।
ਤਾਤ ਮਾਤ ਭ੍ਰਾਤ ਸੁਤ ਸੁਜਨ ਕੁਟੰਬ ਸਖਾ,

ਸੇਵਾ ਗੁਰ ਜਨ ਸੁਖ ਅਭਰਨ ਸਿੰਗਾਰ ਹੈ॥
ਕਿਰਤਿ ਬਿਰਤਿ ਪਰਸੂਤ ਮਲ ਮੂਤ੍ਰ-ਧਾਰੀ
ਸਕਲ ਪਵਿਤ੍ਰ ਜੋਈ ਬਿਬਿਧਿ ਅਚਾਰ ਹੈ॥
ਤੈਸੇ ਗੁਰਸਿਖਨ ਕਉ ਲੇਖੁ ਨ ਗ੍ਰਿਹਸਤ ਮੈ,
ਆਨ ਦੇਵ ਸੇਵ ਧ੍ਰਿਗ ਜਨਮੁ ਸੰਸਾਰ ਹੈ॥ (ਭਾ. ਗੁ. ਕਬਿਤ -438)

ਅਰਥ- ਜਿਸ ਤਰ੍ਹਾਂ ਪਤੀ ਬ੍ਰਤਾ ਔਰਤ ਦਾ ਘਰ ਵਿਚ ਰਹਿਣਾ, ਨ੍ਹਾਉਣਾ, ਬਸਤਰ ਧੋਣੇ, ਭੋਜਨ ਤਿਆਰ ਕਰਨਾ ਅਤੇ ਹੋਰ ਘਰੇਲੂ ਕੰਮ ਕਰਨੇ ਚੰਗੇ ਹਨ। ਖਾਨਦਾਨੀ ਪਰੰਪਰਾ ਮੁਤਾਬਕ ਧਨ ਦੀ ਵਰਤੋਂ ਕਰਨੀ, ਜ਼ਿੰਮੇਵਾਰੀਆਂ ਨਿਭਾਉਣੀਆਂ ਸਭ ਪਵਿੱਤਰ ਕੰਮ ਹਨ। ਪਿਤਾ ਮਾਤਾ, ਭਰਾ ਪੁੱਤਰ, ਪਰਵਾਰ ਦੇ ਸਕੇ ਸਬੰਧੀਆਂ, ਸੱਜਣਾਂ ਮਿੱਤਰਾਂ ਨਾਲ ਯੋਗ ਵਰਤੋਂ ਵਿਹਾਰ ਰੱਖਣਾ, ਸੱਭ ਪਵਿੱਤਰ ਹੈ। ਵੱਡਿਆਂ ਦੀ ਸੇਵਾ ਕਰਨੀ, ਪਤੀ ਦੀ ਖ਼ੁਸ਼ੀ ਲਈ ਸੁੰਦਰ ਬਸਤਰ ਤੇ ਗਹਿਣੇ ਧਾਰਨ ਕਰਨੇ, ਉਸ ਦਾ ਪ੍ਰਵਾਨਤ ਕੰਮ ਹੈ। ਘਰ ਵਿਚਲੀ ਕਿਰਤ ਕਰਦਿਆਂ ਬੱਚਿਆਂ ਨੂੰ ਜਨਮ ਦੇਣਾ, ਉਨ੍ਹਾਂ ਦੇ ਮਲ ਮੂਤਰ ਨੂੰ ਨਿੱਤ ਸਾਫ਼ ਕਰਨਾ, ਉਨ੍ਹਾਂ ਨੂੰ ਦੁਖ ਸੁਖ ਝੱਲ ਕੇ ਪਾਲਣਾ, ਉਸ ਲਈ ਸਭ ਪਵਿੱਤਰ ਕਾਰਜ ਹੈ। ਇਸੇ ਤਰ੍ਹਾਂ ਗੁਰਸਿੱਖਾਂ ਤੇ ਗ੍ਰਿਹਸਤ ਵਿਚ ਰਹਿੰਦਿਆਂ ਕੋਈ ਦਾਗ ਨਹੀਂ ਲਗਦਾ। ਉਹ ਸਾਰੀਆਂ ਜ਼ਿੰਮੇਵਾਰੀਆਂ ਪੂਰੀਆਂ ਕਰਦੇ ਹੋਏ ਭੀ ਨਿਰਲੇਪ ਜਾਂ ਪਵਿੱਤਰ ਬਣ ਰਹਿੰਦੇ ਹਨ। ਜਿਵੇਂ ਪਤੀ ਬ੍ਰਤਾ ਇਸਤਰੀ ਸਾਰੇ ਕੰਮ ਕਰਦੀ ਹੋਈ ਪਤੀ ਤੋਂ ਬਿਨਾਂ ਹੋਰ ਵੱਲ ਝਾਕ ਨਹੀਂ ਰਖਦੀ। ਇਸੇ ਤਰ੍ਹਾਂ ਗੁਰਸਿੱਖ ਜਿਥੇ ਦਿਲ ਕਰੇ ਕਿਰਤ ਕਰਨ, ਰੋਜ਼ੀ ਰੋਟੀ ਕਮਾਉਣ, ਪਰ ਆਪਣੇ ਗੁਰੂ ਨੂੰ ਭੁੱਲ ਕੇ ਕਿਸੇ ਦੇਵੀ ਦੇਵਤੇ ਮੜ੍ਹੀ ਕਬਰ 'ਤੇ ਵਿਸ਼ਵਾਸ ਨਾ ਕਰਨ।

ਕੁਰਾਹੇ ਪਈਆਂ ਔਰਤਾਂ (ਡਾਇਣਾਂ)

ਹੁਣ ਤੱਕ ਦੀ ਪਿੱਛੇ ਕੀਤੀ ਵੀਚਾਰ ਤੋਂ ਪਾਠਕ ਕਾਫ਼ੀ ਪ੍ਰੇਸ਼ਾਨੀ ਮਹਿਸੂਸ ਕਰਦੇ ਹੋਣਗੇ ਕਿ ਲੇਖਕ ਨੂੰ ਔਰਤਾਂ ਵਿਚ ਕੋਈ ਬੁਰਾਈ ਨਜ਼ਰ ਹੀ ਨਹੀਂ ਆਉਂਦੀ। ਸਾਰੇ ਤਰ੍ਹਾਂ ਦੇ ਐਬ ਜਾਂ ਬਦਕਾਰੀ ਕੇਵਲ ਪੁਰਸ਼ਾਂ ਵਿਚ ਹੀ ਦਿਸਦੀਆਂ ਹਨ। ਲੇਖਕ ਦੀ ਸੋਚ ਉਲਾਰ ਤਾਂ ਨਹੀਂ? "ਸਾਉਣ ਮਹੀਨੇ ਦੇ ਅੰਨ੍ਹੇ ਨੂੰ ਸਾਰੇ ਬੰਨ੍ਹੇ ਹਰਿਆਲੀ ਹੀ ਦਿਸਦੀ ਹੈ", ਵਾਲੀ ਗੱਲ ਤਾਂ ਨਹੀਂ? ਮੇਰਾ ਮੰਨਣਾ ਇਹ ਹੈ ਕਿ ਤਾਕਤ ਅਤੇ ਚਲਾਕੀ ਰਾਹੀਂ ਪੁਰਸ਼ ਵਰਗ ਨੇ ਸਾਰੇ ਅਧਿਕਾਰ ਆਪਣੀ ਮੁੱਠੀ ਵਿਚ ਜਕੜ ਲਏ ਹਨ। ਰਾਜਨੀਤੀ, ਸਮਾਜ ਅਤੇ ਧਰਮ ਵਿਚਲੇ ਸਾਰੇ ਤਰ੍ਹਾਂ ਦੇ ਕੰਟਰੋਲ ਆਦਮੀ ਕੋਲ ਹਨ। ਰਾਜ ਮੁਖੀ ਪੁਰਸ਼, ਧਰਮ ਮੁਖੀ ਪੁਰਸ਼, ਫ਼ੌਜੀ ਸਿਪਾਹੀ ਤੇ ਜਰਨੈਲ ਪੁਰਸ਼। ਵਪਾਰੀ ਪੁਰਸ਼, ਦੁਕਾਨਦਾਰ ਪੁਰਸ਼। ਹਰ ਤਰ੍ਹਾਂ ਦੇ ਫ਼ੈਸਲੇ ਲੈਣ ਦੀ ਤਾਕਤ ਆਦਮੀ ਦੇ ਹੱਥ ਵਿਚ। ਆਦਮੀ ਜੂਆ ਖੇਲ੍ਹੇ, ਰਾਜ ਤੇ ਪੈਸਾ ਗੁਆ ਦੇਵੇ, ਦ੍ਰੋਪਤੀ ਵਰਗੀ ਨੇਕ ਔਰਤ ਨੂੰ ਬਿਨਾਂ ਪੁੱਛਿਆਂ ਜੂਏ ਵਿਚ ਹਾਰ ਦੇਵੇ, ਸਭ ਜਾਇਜ਼। ਕਦੀ ਕਿਸੇ ਔਰਤ ਨੇ ਜੂਆ ਖੇਡਿਆ? ਘਰ ਬਾਰ ਹਰਾਇਆ? ਆਪਣੇ ਪਤੀ ਨੂੰ ਜੂਏ ਦੇ ਦਾਅ 'ਤੇ ਲਾਇਆ? ਮਹਾਂਭਾਰਤ ਵਿਚਲੀ ਇਹ ਕਥਾ ਕੀ ਸੇਧ ਦਿੰਦੀ ਹੈ? ਰਾਜੇ ਮਹਾਰਾਜੇ ਹਜ਼ਾਰਾਂ "ਪਤਨੀਆਂ" ਨੂੰ ਆਪਣੇ ਮਹਿਲਾਂ ਵਿਚ ਕੈਦ ਕਰ ਕੇ ਰਖਦੇ ਰਹੇ ਹਨ। ਕਦੀ ਕਿਸੇ ਰਾਣੀ ਨੇ ਆਪਣੀਆਂ ਰੰਗਰਲੀਆਂ ਵਾਸਤੇ ਸੁੰਦਰ ਸੁਡੌਲ ਗੱਭਰੂਆਂ ਨੂੰ ਆਪਣੇ ਮਹਿਲਾਂ ਵਿਚ ਰੱਖਿਆ? ਰਾਜਿਆਂ ਤੇ ਆਮ ਇਨਸਾਨਾਂ ਨੇ, ਜਦੋਂ ਦਿਲ ਕੀਤਾ ਪਤਨੀ ਨੂੰ ਬਾਂਹ ਫੜ ਕੇ ਆਪਣੇ ਘਰੋਂ ਬਾਹਰ ਕੱਢ ਦਿੱਤੀ। ਕਿਸੇ ਜਨਾਨੀ ਨੇ ਆਪਣੇ ਖਾਵੰਦ ਨੂੰ ਇਸ ਤਰ੍ਹਾਂ ਘਰੋਂ ਕੱਢਿਆ? ਪਟਿਆਲੇ ਵਾਲੇ ਰਾਜੇ ਭੁਪਿੰਦਰ ਸਿੰਘ (ਰਾਜਕਾਲ- 1900 ਤੋਂ 1938 ਤੱਕ) ਨੇ 365 ਔਰਤਾਂ ਆਪਣੇ ਮਹਿਲਾਂ ਵਿਚ ਬੰਦ ਕਰ ਕੇ ਰੱਖੀਆਂ ਤੇ ਬਹੁਤਾ ਸਮਾਂ ਉਨ੍ਹਾਂ ਨਾਲ ਕਲੋਲਾਂ ਕਰਦਾ ਹੀ ਗੁਜ਼ਾਰ ਦਿੰਦਾ। ਅਕਾਲ ਤਖਤ ਸਮੇਤ ਤਖ਼ਤਾਂ ਦੇ ਪੁਜਾਰੀਆਂ ਨੇ ਉਸ ਵਿਰੁਧ ਕਦੀ "ਹੁਕਮਨਾਮਾ" ਜਾਰੀ ਕਰਨ ਦੀ ਹਿੰਮਤ ਨਹੀਂ ਕੀਤੀ। ਭਾਈ ਤੇਜਾ ਸਿੰਘ ਭਸੌੜ ਵਾਲੇ ਨੇ ਇਕ ਪਤਨੀ ਹੁੰਦਿਆਂ ਦੂਜਾ ਵਿਆਹ ਕਰਵਾ ਲਿਆ ਸੀ। ਉਸ ਨੂੰ ਇਸ "ਅਪਰਾਧ" ਬਦਲੇ ਪੰਥ ਵਿਚੋਂ ਛੇਕ ਦਿੱਤਾ ਗਿਆ ਸੀ। (ਭਾਵੇਂ ਬਹਾਨੇ ਹੋਰ ਭੀ ਘੜੇ ਗਏ ਸਨ) ਰਾਜਾ ਰਾਮ ਚੰਦਰ ਆਪਣੀ ਗਰਭਵਤੀ ਪਤਨੀ ਨੂੰ ਜਦੋਂ ਦਿਲ ਕਰੇ ਘਰੋਂ ਕੱਢ ਸਕਦਾ ਹੈ। ਸੀਤਾ ਆਪਣੇ ਪਤੀ

ਵਿਰੁਧ ਕਿਧਰੇ ਫਰਿਆਦ ਤੱਕ ਨਹੀਂ ਕਰ ਸਕਦੀ। ਰਾਣੀ ਸਦਾ ਕੌਰ ਨੇ ਜਿਸ ਦਲੇਰੀ ਅਤੇ ਸਿਆਣਪ ਨਾਲ ਬਾਲਕ ਰਣਜੀਤ ਸਿੰਘ ਦੀ ਤਿਆਰੀ ਕਰਵਾਈ ਅਤੇ ਮੱਦਦ ਕੀਤੀ, ਉਹ ਆਪਣੀ ਮਿਸਾਲ ਆਪ ਹੈ। ਰਣਜੀਤ ਸਿੰਘ ਨੇ ਤਾਕਤ ਇਕੱਠੀ ਕਰ ਕੇ, ਰਾਜ ਦੀ ਮੋਢੀ, ਆਪਣੀ ਸੱਸ ਮਾਂ, ਸਦਾ ਕੌਰ ਨੂੰ ਕੈਦ ਵਿਚ ਸੁੱਟ ਦਿੱਤਾ। ਸੱਤ ਸਾਲ ਬੰਦੀਖਾਨੇ ਵਿਚ ਨਰਕ ਭੋਗ ਕੇ ਚਲਾਣਾ ਕਰ ਗਈ। ਵਧੀਕੀਆਂ ਜ਼ਿਆਦਾ ਆਦਮੀਆਂ ਵਲੋਂ ਹੋਈਆਂ ਹਨ। ਇਸੇ ਕਾਰਨ ਮੈਨੂੰ ਇਹ ਪੁਸਤਕ ਲਿਖਣ ਲਈ ਮਜਬੂਰ ਹੋਣਾ ਪਿਆ।

ਮੈਂ ਇਸ ਵਿਚਾਰ ਨਾਲ ਭੀ ਸਹਿਮਤ ਹਾਂ ਕਿ ਇਕ ਦੋ ਪ੍ਰਤੀਸ਼ਤ ਔਰਤਾਂ ਭੀ ਅਮੋੜ, ਅੱਖੜ, ਵਿਕਾਰੀ, ਲੋਭੀ ਜਾਂ ਬਦਲਾ ਲਊ ਭਾਵਨਾ ਦੀਆਂ ਹਨ। ਇਕ ਤਾਂ ਇਨ੍ਹਾਂ ਦੀ ਗਿਣਤੀ ਘੱਟ ਹੈ। ਦੂਜੇ ਇਨ੍ਹਾਂ ਦੀ ਸਹਾਇਤਾ ਕਰਨ ਵਾਲੇ ਜਰੂਰ ਹੀ ਆਦਮੀ ਹੁੰਦੇ ਹਨ। ਡਾਇਣਾ ਜਾਂ ਚੁੜੇਲਾਂ ਕੋਈ ਅਕਾਸ਼ੋਂ ਉਤਰੀਆਂ ਬਲਾਵਾਂ ਨਹੀਂ ਹਨ। ਸਗੋਂ ਧਰਤੀ ਉਤੇ ਹੀ ਨੀਚ ਕਾਰੇ ਕਰਨ ਵਾਲੀਆਂ, ਕੁਰਾਹੇ ਪਈਆਂ ਇਸਤਰੀਆਂ ਦਾ ਕੁਰੂਪ ਬਿੰਬ ਹਨ। ਇਨ੍ਹਾਂ ਵਿਚੋਂ ਕਈਆਂ ਨੇ ਆਪਣੇ ਰੂਪ ਅਤੇ ਚਤੁਰਾਈ ਦੀ ਵਰਤੋਂ, ਘਰ ਨੂੰ ਬਰਬਾਦ ਕਰਨ ਲਈ ਕੀਤੀ। ਕਦੀ ਸਮਾਜ ਨੂੰ ਕੁਰਾਹੇ ਪਾਉਣ ਵਿਚ ਯੋਗਦਾਨ ਭੀ ਪਾਇਆ। ਕਦੀ ਕੋਈ ਔਰਤ ਰਾਜਨੀਤਕ ਤਾਕਤ ਹਾਸਲ ਕਰ ਕੇ ਸਮੁੱਚੇ ਸਮਾਜ ਦਾ ਨੁਕਸਾਨ ਕਰਦੀ ਹੈ। ਕਦੀ ਕੋਈ ਔਰਤ ਪਤੀ ਜਾਂ ਹੋਰ ਨੇੜੇ ਦੇ ਸਬੰਧੀਆਂ ਦੇ ਕਤਲ ਵਿਚ ਭਾਈਵਾਲ ਦਿਸ ਆਉਂਦੀ ਹੈ। ਕਦੀ ਕਦਾਈਂ ਕਿਸੇ ਭਲੇ ਆਦਮੀ ਤੋਂ ਕੋਈ ਵਿਸ਼ੇਸ਼ ਪ੍ਰਾਪਤੀ ਵਾਸਤੇ ਬਲਾਤਕਾਰ ਦਾ ਇਲਜ਼ਾਮ ਭੀ ਲਾ ਦਿੰਦੀ ਹੈ। ਇਹ ਘਟਨਾਵਾਂ ਆਟੇ ਵਿਚ ਲੂਣ ਜਿੰਨੀਆਂ ਭੀ ਨਹੀਂ ਹਨ। ਨਾ ਹੀ ਇਨ੍ਹਾਂ ਨੂੰ ਸਾਰੀ ਔਰਤ ਜਾਤ ਦਾ ਅਪਮਾਨ ਕਰਨ ਲਈ ਵਰਤਿਆ ਜਾਣਾ ਚਾਹੀਦਾ ਹੈ। ਇਸ ਗੱਲ ਨੂੰ ਜ਼ਰੂਰ ਧਿਆਨ ਵਿਚ ਰੱਖਿਆ ਜਾਵੇ ਕਿ ਔਰਤਾਂ ਵਿਚ ਬੁਰੀਆਂ ਘੱਟ ਹਨ, ਚੰਗੀਆਂ ਵੱਧ। ਪੁਰਸ਼ਾਂ ਵਿਚ ਬੁਰੇ ਜ਼ਿਆਦਾ ਹਨ, ਚੰਗੇ ਘੱਟ। ਚੰਗਿਆਈ ਬੁਰਾਈ ਦੇ ਅਨੁਪਾਤ ਦਾ ਅੰਤਰ ਬਹੁਤ ਹੈ। ਗੁਰੂ ਸਾਹਿਬਾਨ ਦੇ ਖਾਨਦਾਨ ਦਾ ਇਤਿਹਾਸ ਪੜ੍ਹ ਕੇ ਵੇਖ ਲਉ। ਮਾਤਾ ਪਿਤਾ ਨਾਲ ਝਗੜਾ ਕਰਨ ਵਾਲੀ, ਜਾਇਦਾਦ 'ਤੇ ਕਬਜ਼ਾ ਕਰਨ ਵਾਲੀ, ਜਾਂ ਗੱਦੀ ਹਥਿਆ ਲੈਣ ਵਾਲੀ ਇਕ ਭੀ (ਸਤਿਕਾਰਯੋਗ) ਔਰਤ ਨਹੀਂ ਲੱਭੇਗੀ। ਸਗੋਂ ਸੇਵਾ ਕਰਦੀਆਂ ਆਗਿਆ ਵਿਚ ਜੀਵਨ ਨਿਰਬਾਹ ਕਰਦੀਆਂ ਦਿਸਦੀਆਂ ਹਨ। ਪੁਰਸ਼ ਵਰਗ ਵਿਚੋਂ ਸ੍ਰੀ ਚੰਦ, ਦਾਤੂ ਦਾਸੂ, ਮੋਹਣ ਤੇ ਮੋਹਰੀ, ਪ੍ਰਿਥੀ ਚੰਦ, ਧੀਰਮਲ, ਮੇਹਰਬਾਨ, ਰਾਮ ਰਾਇ ਆਦਿ ਉਘੜਵੀਆਂ ਮਿਸਾਲਾਂ ਹਨ।

ਔਰਤਾਂ ਭੀ ਮਨੁੱਖੀ ਜਾਮੇ ਵਿਚ ਚੰਗਿਆਈ ਬੁਰਾਈ ਦਾ ਸੁਮੇਲ ਹਨ। ਅਗਲੇ ਹਿੱਸੇ ਵਿਚ ਕੁੱਝ ਭੈੜੇ ਕਿਰਦਾਰ ਵਾਲੀਆਂ ਤਰੀਮਤਾਂ ਦਾ ਜ਼ਿਕਰ ਕੀਤਾ ਜਾਵੇਗਾ। ਗੁਰਬਾਣੀ ਨੇ ਜੀਵਨ ਰਾਹ ਤੋਂ ਭਟਕੀ ਹੋਈ ਇਸਤਰੀ ਨੂੰ ਕੁਬੁਧਿ, ਕੁਰੂਪਿ, ਕੁਲਖਣੀ, ਕੁਚੀਲ, ਕੁਨਾਰਿ, ਕੁਦਇਆ, ਕੁਚਜੀ, ਕਾਮਣਿਆਰੀ, ਦੁਹਾਗਣਿ, ਬਿਰਹਨ, ਛੁੱਟੜ, ਸਰਪਣੀ, ਨਾਗਨ, ਧਰਕਟੀ ਨਾਰਿ, ਵਿਭਚਾਰਨ, ਵੇਸਵਾ ਆਦਿਕ ਆਖ ਕੇ ਫਿਟਕਾਰਿਆ ਹੈ। ਪੁਰਸ਼ ਅਤੇ ਤ੍ਰੀਮਤ ਨੂੰ ਬਾਰ ਬਾਰ ਪ੍ਰੇਰਨਾ ਕਰ ਕੇ ਸੰਜਮ ਵਾਲੇ ਜੀਵਨ ਪੰਧ 'ਤੇ ਤੋਰਨਾ ਚਾਹਿਆ ਹੈ। ਪੜ੍ਹੋ ਪਰਮਾਣ-

ਸੂਹੇ ਵੇਸਿ ਦੋਹਾਗਣੀ, ਪਰ ਪਿਰੁ ਰਾਵਣ ਜਾਇ॥
ਪਿਰੁ ਛੋਡਿਆ ਘਰਿ ਆਪਣੈ, ਮੋਹੀ ਦੂਜੈ ਭਾਇ॥ (785)

ਹੇ ਪੁੱਤਰੀ! ਤੂੰ ਬਸਤਰ ਤਾਂ ਲਾਲ ਰੰਗ ਦੇ ਪਹਿਨ ਲਏ (ਜੋ ਆਮ ਕਰ ਕੇ ਸੋਹਾਗਣਾਂ ਪਹਿਨਦੀਆਂ ਹਨ) ਪਰ ਆਪਣੇ ਪਤੀ ਨੂੰ ਧੋਖਾ ਦੇ ਕੇ ਪਰਾਏ ਪੁਰਸ਼ਾਂ ਨਾਲ ਰੰਗ ਰਲੀਆਂ ਮਨਾਉਣ ਲੱਗ ਪਈ? ਇਹ ਕਾਰੇ ਇੱਜ਼ਤਦਾਰ ਇਸਤਰੀਆਂ ਨਹੀਂ ਕਰਦੀਆਂ। ਆਪਣੇ ਪਤੀ ਦੇ ਹੁੰਦਿਆਂ ਬੇਗਾਨਿਆਂ ਨਾਲ ਸਬੰਧ ਕਿਸੇ ਤਰ੍ਹਾਂ ਭੀ ਵਾਜਬ ਨਹੀਂ ਮੰਨੇ ਜਾ ਸਕਦੇ।

ਬਿਨੁ ਪਿਰ ਕਾਮਣਿ ਕਰੇ ਸੀਗਾਰੁ॥
ਦੁਹਚਾਰਣੀ ਕਹੀਐ ਨਿਤ ਹੋਇ ਖੁਆਰੁ॥ (1277)

ਹੇ ਪੁੱਤਰੀ! ਪਤੀ ਨੂੰ ਧੋਖਾ ਦੇ ਕੇ ਬੇਗਾਨੇ ਮਨੁੱਖਾਂ ਨਾਲ ਸਬੰਧ ਕਾਇਮ ਕਰਨੇ ਸਿਆਣਪ ਨਹੀਂ ਹੈ। ਸਜ ਧਜ ਕੇ ਘਰੋਂ ਨਿਕਲਣਾ ਤਾਂ ਕਿ ਪਰਾਏ ਮਰਦ ਪਿੱਛੇ ਲੱਗ ਟੁਰਨ ਦੁਰਾਚਾਰ ਹੈ। ਅਜਿਹੇ ਥੋੜ ਚਿਰੇ ਸੁਆਦਾਂ ਨੂੰ ਮਾਨਣ ਵਾਲੀਆਂ ਔਰਤਾਂ ਅੰਤ ਨੂੰ ਖੁਆਰ ਹੁੰਦੀਆਂ ਹਨ। ਫਿਰ ਪਛਤਾਉਣ ਤੋਂ ਸਿਵਾਏ ਪੱਲੇ ਕੁੱਝ ਨਹੀਂ ਰਹਿੰਦਾ।

ਫਰੀਦਾ ਏ ਵਿਸੁ ਗੰਦਲਾ, ਧਰੀਆ ਖੰਡੁ ਲਿਵਾੜਿ॥
ਇਕਿ ਰਾਹੇਦੇ ਰਹਿ ਗਏ, ਇਕਿ ਰਾਧੀ ਗਏ ਉਜਾੜਿ॥ (1379)

ਹੇ ਸੰਸਾਰ ਦੇ ਲੋਕੋ! ਸੰਸਾਰ ਵਿਚ ਜੋ ਕੁੱਝ ਤੁਹਾਨੂੰ ਸੋਹਣਾ ਪ੍ਰਤੀਤ ਹੋ ਰਿਹਾ ਹੈ, ਜਰੂਰੀ ਨਹੀਂ ਕਿ ਸੱਚ ਮੁੱਚ ਹੀ ਸੁੰਦਰ ਹੋਵੇ। ਇਸ ਦੇ ਪਿੱਛੇ ਕਰੂਪਤਾ ਜਾਂ ਬੁਰਾਈ ਲੁਕੀ ਹੋ ਸਕਦੀ ਹੈ, ਸੁਚੇਤ ਰਹਿਣਾ। ਜੋ ਤੁਹਾਨੂੰ ਸੁਆਦਲਾ ਜਾਂ ਮਿੱਠਾ ਲਗਦਾ ਹੈ, ਹੋ ਸਕਦਾ ਹੈ, ਇਸ ਦੇ ਉਪਰ ਤਾਂ ਖੰਡ ਦਾ ਲੇਪ ਹੋਵੇ ਤੇ ਅੰਦਰ ਮਾਰੂ ਜਹਿਰ ਹੋਵੇ। ਬਹੁਤ ਲੋਕ ਹਨ ਜੋ ਜਹਿਰ ਬੀਜਦੇ ਹਨ, ਮਿੱਠਾ ਸਮਝ ਕੇ ਜਹਿਰ ਹੀ ਖਾਂਦੇ ਹਨ, ਜਿੰਦਗੀ ਬਰਬਾਦ ਕਰ ਲੈਂਦੇ ਹਨ। ਕੁੱਝ ਸਮਝਦਾਰ ਲੋਕ ਇਸ ਅੰਦਰਲੇ

ਜਹਿਰ (ਬੁਰਾਈ) ਦੀ ਪਛਾਣ ਕਰ ਲੈਂਦੇ ਹਨ। ਉਹ ਬਚ ਜਾਂਦੇ ਹਨ। ਉਹ ਭਾਵੇਂ ਮਾਇਆ ਹੈ ਭਾਵੇਂ ਪਰ ਤਨ ਦੀ ਖੇਢ ਹੈ।

ਪੁਰਾਣੀਆਂ ਪੁਸਤਕਾਂ ਵਿਚ "ਵਿਸ਼ ਕੰਨਿਆਂ" ਦਾ ਜ਼ਿਕਰ ਮਿਲਦਾ ਹੈ। ਈਸਵੀ ਸਨ ਦੇ ਸ਼ੁਰੂ ਵਿਚ ਕਨਿਸ਼ਕ ਰਾਜੇ ਦੇ ਸਰਕਾਰੀ ਮੁਖੀ ਵੈਦ ਚਰਕ ਨੇ ਅਜਿਹੀਆਂ ਲੜਕੀਆਂ ਬਾਰੇ ਲਿਖਿਆ ਸੀ। ਇਨ੍ਹਾਂ ਦੇ ਨਾਲ ਸਰੀਰਕ ਸਬੰਧ ਬਣਾਉਣ ਵਾਲਾ ਮਨੁੱਖ ਤੁਰੰਤ ਮਰ ਜਾਂਦਾ ਸੀ। ਆਪਣੇ ਦੁਸ਼ਮਣਾਂ ਨੂੰ "ਮਿਠੀ ਛੁਰੀ" ਨਾਲ ਕਤਲ ਕਰਨ ਵਾਸਤੇ ਆਪਣੇ ਰਾਜ ਵੈਦਾਂ ਤੋਂ ਅਤੇ ਜੋਤਸ਼ੀਆਂ ਤੋਂ ਪੁੱਛ ਕੇ "ਵਿਸ਼ ਕੰਨਿਆਂ" ਤਿਆਰ ਕਰਨ ਵਾਸਤੇ ਲੜਕੀਆਂ ਦੀ ਚੋਣ ਕਰਦੇ ਸਨ। ਚੁਣੀਆਂ ਗਈਆਂ ਲੜਕੀਆਂ ਨੂੰ ਖਾਣੇ ਵਿਚ ਥੋੜਾ ਥੋੜਾ ਜਹਿਰ ਮਿਲਾ ਕੇ ਖੁਆਇਆ ਜਾਂਦਾ ਸੀ। ਉਨ੍ਹਾਂ ਨੂੰ ਨ੍ਰਿਤ ਕਲਾ, ਗਾਉਣਾ, ਆਪਣੇ ਨਖਰਿਆਂ ਨਾਲ ਦੂਜੇ ਨੂੰ ਲੁਭਾਉਣਾ, ਗੱਲਬਾਤ ਦੇ ਢੰਗ ਤਰੀਕੇ, ਰਾਜਸੀ ਦਾਉ ਪੇਚ ਆਦਿ ਵਿਚ ਮਾਹਿਰ ਬਣਾਈਆਂ ਜਾਂਦੀਆਂ ਸਨ। ਇਨਾ ਕੁ ਤਾਂ ਅਸੀ ਸਾਰਿਆਂ ਨੇ ਪੜ੍ਹਿਆ ਜਾਂ ਸੁਣਿਆ ਹੋਇਆ ਹੈ ਕਿ ਹਿੰਦੂ ਅਵਤਾਰ (ਰਾਜਾ) ਕ੍ਰਿਸ਼ਨ ਨੂੰ ਬਾਲਪਨ ਸਮੇਂ ਮਾਰਨ ਵਾਸਤੇ ਇਕ ਦਾਈ ਆਪਣਾ ਦੁੱਧ ਚੁੰਘਾ ਕੇ ਮਾਰ ਦੇਣਾ ਚਾਹੁੰਦੀ ਸੀ, ਪਰ ਸਫ਼ਲ ਨਾ ਹੋ ਸਕੀ। ਇਸੇ ਪਾਪ ਭਰੇ ਰਾਹ 'ਤੇ ਚਲਦੀ ਹੋਈ ਇਕ ਦਾਈ ਗੁਰੂ ਅਰਜੁਣ ਸਾਹਿਬ ਜੀ ਦੇ ਸਪੁੱਤਰ, ਬਾਲਕ ਹਰਿ ਗੋਬਿੰਦ ਜੀ ਨੂੰ ਆਪਣੀਆਂ ਦੁੱਧੀਆਂ ਰਾਹੀਂ ਜਹਿਰ ਦੇ ਕੇ ਮਾਰਨ ਵਾਸਤੇ ਆਈ ਸੀ, ਪਰ ਉਹ ਕਾਮਯਾਬ ਨਾ ਹੋ ਸਕੀ।

ਰਾਜਾ ਨੰਦ ਦੇ ਇਕ ਵੱਡੇ ਅਫ਼ਸਰ ਨੇ ਇਕ ਵਿਸ਼ ਕੰਨਿਆਂ ਮਹਾਰਾਜਾ ਚੰਦਰਗੁਪਤ ਕੋਲ ਭੇਜੀ ਸੀ। ਪਹਿਲਾਂ ਸੂਚਨਾ ਮਿਲਣ 'ਤੇ ਉਸ ਨੂੰ ਟਾਲ ਦਿੱਤਾ ਗਿਆ। ਇਸੇ ਹੁਸੀਨ ਵਿਸ਼ ਕੰਨਿਆਂ ਨੂੰ ਰਾਜਸੀ ਦੁਸ਼ਮਣ ਪਰਵਰਕ ਕੋਲ ਭੇਜਿਆ ਗਿਆ ਤੇ ਇਸ "ਜਹਿਰੀਲੀ ਕੁੜੀ" ਨਾਲ ਸਹਿਵਾਸ ਕਰਦਾ ਹੀ ਖਤਮ ਹੋ ਗਿਆ। ਭਾਰਤੀ ਰਾਜਿਆਂ ਵਲੋਂ ਸਿਕੰਦਰ ਨੂੰ ਭੀ ਵਿਸ਼ ਕੰਨਿਆਂ ਪੇਸ਼ ਕੀਤੀਆਂ ਗਈਆਂ ਸਨ, ਪਰ ਉਸ ਦੇ ਸਿਆਣੇ ਰਾਜ ਵੈਦ ਨੇ ਸਿਕੰਦਰ ਨੂੰ ਪਹਿਲਾਂ ਹੀ ਚੌਕੰਨਾ ਕੀਤਾ ਹੋਇਆ ਸੀ, ਜਿਸ ਕਾਰਨ ਸਿਕੰਦਰ ਬਚ ਗਿਆ। ਯੂਨਾਨ ਦੇ ਕਈ ਲਿਖਾਰੀਆਂ ਨੇ ਵਿਸ਼ ਕੰਨਿਆਵਾਂ ਦਾ ਜ਼ਿਕਰ ਕੀਤਾ ਹੈ। ਇਸੇ ਤਰ੍ਹਾਂ ਪੱਛਮੀ ਦੇਸ਼ਾਂ ਦੇ ਸਾਹਿਤ ਵਿਚ ਭੀ ਅਜਿਹੀਆਂ ਔਰਤਾਂ ਬਾਰੇ ਉਲੇਖ ਮੌਜੂਦ ਹਨ। ਕਿਹਾ ਜਾਂਦਾ ਹੈ ਕਿ ਰੋਮ ਦੇ ਸਮਰਾਟ ਨੀਰੋ ਦੀ ਮਾਂ ਅਗਰੀਪਨਾ ਨੇ ਇਕ ਵਿਸ਼ ਕੰਨਿਆਂ ਰਾਹੀਂ ਆਪਣੇ ਪਤੀ ਲੋਕਸਟਾ ਨੂੰ ਮਰਵਾਇਆ ਸੀ। ਨੀਰੋ ਨੇ ਬਾਦਸ਼ਾਹ ਬਣਦਿਆਂ ਹੀ ਇਸ ਵਿਸ਼ ਕੰਨਿਆਂ ਲੋਕਸਟਾ ਨੂੰ ਵੱਡੇ ਰਾਜਸੀ ਅਹੁਦੇ ਨਾਲ ਨਿਵਾਜਿਆ। ਅੱਗੋਂ ਉਸ ਦੇ

ਅਧੀਨ ਦੁਸ਼ਮਣਾਂ ਨੂੰ ਖਤਮ ਕਰਨ ਦੀ ਨੀਤੀ ਨਾਲ, ਵਿਸ਼ ਕੰਨਿਆਵਾਂ ਤਿਆਰ ਕਰਨ ਵਾਲਾ ਇਕ ਪੂਰਾ ਵਿਭਾਗ ਖੋਲ੍ਹ ਦਿੱਤਾ ਸੀ। ਅੱਗੋਂ ਤਿਆਰ ਕੀਤੀਆਂ ਗਈਆਂ "ਵਿਸ਼ ਕੰਨਿਆਵਾਂ" ਨੇ ਰਾਜਾ ਨੀਰੋ ਦੇ ਰਾਜਸੀ ਦੁਸ਼ਮਣਾਂ ਨੂੰ ਖਤਮ ਕਰਨ ਵਾਸਤੇ, ਅਨੇਕ ਆਦਮੀਆਂ ਨੂੰ ਮੌਤ ਦੇ ਆਗੋਸ਼ ਵਿਚ ਘੱਲ ਦਿੱਤਾ।

ਸਤਾਹਰਵੀਂ ਸਦੀ ਵਿਚ ਰੋਮ ਦੇਸ਼ ਦੀਆਂ ਬਹੁਤ ਸਾਰੀਆਂ ਵੱਡੇ ਘਰਾਣਿਆਂ ਨਾਲ ਸਬੰਧਤ ਤਰੀਮਤਾਂ ਨੇ ਇਕ ਗੁਪਤ ਗਰੁੱਪ ਕਾਇਮ ਕਰ ਲਿਆ ਸੀ। ਆਮ ਕਰ ਕੇ ਨਵ ਵਿਆਹੀਆਂ ਔਰਤਾਂ ਨੂੰ ਇਸ ਦੀਆਂ ਮੈਂਬਰ ਬਣਾਇਆ ਜਾਂਦਾ। ਇਹ ਔਰਤਾਂ ਆਪਣੇ ਗੁਲਾਮਾਂ ਨਾਲ ਹਮਬਿਸਤਰੀ ਕਰ ਕੇ ਜਹਿਰ ਦਾ ਅਸਰ ਵੇਖਦੀਆਂ ਮਗਰੋਂ ਪਤੀ 'ਤੇ ਭੀ ਇਹ ਮਾਰੂ ਤਜਰਬੇ ਕੀਤੇ ਜਾਂਦੇ। ਇਨ੍ਹਾਂ ਦੀ ਮੁਖੀ ਜਾਂ ਸਭ ਤੋਂ ਭਿਆਨਕ ਮਾਹਿਰ ਸੀ ਤੋਫਾਨਾ। ਜੋ ਵਿਸ਼ ਪਰਯੋਗਾਂ ਵਾਸਤੇ ਆਪਣੇ ਦੇਸ਼ ਤੋਂ ਬਾਹਰ ਭੀ ਜਾਂਦੀ ਰਹਿੰਦੀ ਸੀ। ਤੋਫਾਨਾ ਨਾਮੀ ਔਰਤ ਨੇ ਸੁਆਦ ਹੀਣ ਤੇ ਗੰਧ ਹੀਣ ਜਹਿਰਾਂ ਦੀ ਖੋਜ ਕਰ ਲਈ। ਪਾਣੀ ਵਿਚ ਜਾਂ ਸ਼ਰਾਬ ਵਿਚ ਮਿਲਾ ਕੇ ਪੰਜ ਚਾਰ ਬੂੰਦਾਂ ਨਾਲ ਕਿਸੇ ਨੂੰ ਪਿਆ ਕੇ ਖਤਮ ਕੀਤਾ ਜਾ ਸਕਦਾ ਸੀ। ਇਸ ਦਲ ਦੀਆਂ ਦੋ ਔਰਤਾਂ ਬਾਰੇ ਭੇਤ ਲੱਗ ਗਿਆ। ਪੜਤਾਲ ਹੋਈ। ਉਨ੍ਹਾਂ ਦੋਵਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਤੇ ਹੋਰ ਕਈਆਂ ਨੂੰ ਕੋਰੜੇ ਮਾਰਨ ਦੀ ਸਜ਼ਾ ਮਿਲੀ। ਫਰਾਂਸ ਵਿਚ 1620 ਨੂੰ ਜਨਮੀ ਮੇਰੀ ਮੈਡਲੀਮ ਦਾ ਨਾਂ ਖਤਰਨਾਕ ਵਿਸ਼ ਕੰਨਿਆਂ ਵਜੋਂ ਪ੍ਰਸਿੱਧ ਹੈ। ਇਸ ਜਹਿਰ ਦੀ ਪਟਾਰੀ ਨੇ ਆਪਣੇ ਪਿਤਾ, ਭੈਣ ਤੇ ਦੋ ਭਰਾਵਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਆਪਣੇ ਪਤੀ ਅਤੇ ਬੇਅੰਤ ਪ੍ਰੇਮੀਆਂ ਨੂੰ ਸਦਾ ਦੀ ਨੀਂਦੇ ਸੁਲਾ ਦਿੱਤਾ। ਇਹ ਹਸਪਤਾਲਾਂ ਵਿਚ ਇਕ ਸੇਵਕਾ ਦੇ ਰੂਪ ਵਿਚ ਜਾਂਦੀ ਸੀ। ਮਰੀਜਾਂ ਨੂੰ ਕੁੱਝ ਸੁਆਦਲੀਆਂ ਚੀਜਾਂ ਖਾਣ ਲਈ ਦਿੰਦੀ। ਉਨ੍ਹਾਂ ਵਿਚ ਰਲਿਆ ਜਹਿਰ ਹੌਲੀ ਹੌਲੀ ਅਸਰ ਕਰਦਾ ਤੇ ਮਰੀਜ ਸਦਾ ਦੀ ਨੀਂਦ ਸੌਂ ਜਾਂਦਾ। ਮੈਰੀ ਇੰਨੀ ਸੋਹਣੀ ਅਤੇ ਮਾਸੂਮ ਚੇਹਰੇ ਵਾਲੀ ਸੀ, ਕਿਸੇ ਨੂੰ ਸ਼ੱਕ ਹੀ ਨਾ ਹੋਇਆ। ਹਜ਼ਾਰਾਂ ਵਿਅਕਤੀਆਂ ਨੂੰ ਬਿਨਾਂ ਕਸੂਰ ਮਾਰ ਦੇਣਾ ਇਸ ਦਾ ਸ਼ੁਗਲ ਸੀ। ਸੰਨ 1676 ਵਿਚ ਪਤਾ ਲੱਗਣ 'ਤੇ ਮੁਕੱਦਮਾ ਚੱਲਿਆ, ਇਸ ਨੂੰ ਸਜ਼ਾ ਏ ਮੌਤ ਦਿੱਤੀ ਗਈ। ਜਨਤਕ ਤੌਰ 'ਤੇ ਇਸ ਦਾ ਸਿਰ ਕੱਟਿਆ ਗਿਆ।

ਈਸਵੀ ਸੰਨ ਤੋਂ 400 ਸਾਲ ਪਹਿਲਾਂ ਫਰਾਂਸ ਦੀ ਇਕ ਰਾਣੀ ਪਰਸਤਿਸ ਨੇ ਜਹਿਰ ਬਣਾਉਣ ਅਤੇ ਦੂਜੇ ਨੂੰ ਖੁਆਉਣ ਦੀ ਬੇਮਿਸਾਲ ਮੁਹਾਰਤ ਹਾਸਲ ਕਰ ਲਈ ਸੀ। ਇਸ ਰਾਣੀ ਨੇ ਆਪਣੀ ਨੂੰਹ ਲਈ ਜ਼ਹਿਰ ਦੇਣ ਦਾ ਅਜਿਹਾ ਗੁਪਤ ਪਰਬੰਧ ਕੀਤਾ ਕਿ ਉਹ ਪਲਾਂ ਵਿਚ ਤੜਪ ਤੜਪ ਕੇ ਮਰ ਗਈ, ਕਿਸੇ ਨੂੰ ਪਤਾ

ਭੀ ਨਾ ਲੱਗਾ। ਹੁਸ਼ਿਆਰੀ ਇਉਂ ਵਰਤੀ ਕਿ ਉਸ ਨੇ ਇਕ ਦੋ ਧਾਰੇ ਚਾਕੂ ਦੀ ਇਕ ਧਾਰ ਨੂੰ ਜਹਿਰ ਲਾ ਦਿੱਤਾ। ਸਾਰੇ ਪ੍ਰਵਾਰ ਨੂੰ ਬਿਨਾ ਜਹਿਰ ਵਾਲੀ ਧਾਰ ਨਾਲ ਮਾਸ ਕੱਟ ਕੇ ਪਰੋਸਿਆ। ਆਪਣੀ ਨੂੰਹ ਲਈ ਉਸੇ ਚਾਕੂ ਦੀ ਦੂਜੀ ਜਹਿਰ ਵਾਲੀ ਧਾਰ ਨੂੰ ਵਰਤਿਆ। ਨੂੰਹ ਰਾਣੀ ਸਾਰੇ ਪਰਵਾਰ ਦੇ ਸਾਹਮਣੇ ਸੀ। ਇਕੱਠਿਆਂ ਇਕੋ ਥਾਵੇਂ ਇਕੋ ਤਰੀਕੇ ਇਕੋ ਜਿਹਾ ਖਾਣਾ ਖਾਧਾ। ਮੌਤ ਬਾਰੇ ਸ਼ੱਕ ਦੀ ਗੁੰਜਾਇਸ਼ ਹੀ ਨਹੀਂ ਸੀ। ਇਹ ਤਾਂ ਬਹੁਤ ਬਾਅਦ ਵਿਚ ਜਹਿਰ ਦੇ ਮਾਹਿਰਾਂ ਨੇ ਉਸ ਚਾਕੂ ਦੀਆਂ ਧਾਰਾਂ ਨੂੰ ਪਰਖਿਆ ਤਾਂ ਪਤਾ ਲੱਗਾ।

ਜਿਨ੍ਹਾਂ ਨੇ ਇਸ ਤਰ੍ਹਾਂ ਦੇ ਬੱਜਰ ਪਾਪ ਕਰਨੇ ਹੋਣ ਉਹ ਕਦੋਂ ਟਲਦੇ ਹਨ। ਅੱਜ ਕੱਲ ਭੀ ਵਿਸ਼ ਕੰਨਿਆਵਾਂ ਬਹੁਤ ਸਾਰੀਆਂ ਹੈਗੀਆਂ ਨੇ। ਬਸ ਉਨ੍ਹਾਂ ਦੀ ਸਿੱਖਿਆ ਅਤੇ ਜਹਿਰ ਨੂੰ ਵਰਤਣ ਜਾਂ ਬਣਾਉਣ ਦੇ ਢੰਗ ਬਦਲ ਗਏ ਹਨ। ਕੌੜੇ ਬਦਾਮਾਂ ਵਿਚੋਂ ਕੱਢਿਆ ਤੇਲ ਬੜਾ ਜਹਿਰੀਲਾ ਹੁੰਦਾ ਹੈ। ਮੌਜੂਦਾ ਸਮੇਂ ਦੀਆਂ ਸੁੰਦਰੀਆਂ ਇਸ ਨੂੰ ਅਤਰ ਪਾਊਡਰ ਜਾਂ ਚੰਦਨ ਆਦਿ ਨਾਲ ਮਿਲਾ ਕੇ ਆਪਣੇ ਸਰੀਰ 'ਤੇ ਲੇਪ ਕਰਦੀਆਂ ਹਨ। ਇਨ੍ਹਾਂ ਨਾਲ ਸਬੰਧ ਕਾਇਮ ਕਰਨ ਵਾਲੇ ਆਸ਼ਕਾਂ ਦੀ ਫਿਰ ਖੈਰ ਨਹੀਂ। ਉਸ ਨੂੰ ਬੇਹੋਸ਼ ਕਰ ਕੇ ਸਭ ਕੁੱਝ ਲੁੱਟ ਲੈਂਦੀਆਂ ਹਨ ਜਾਂ ਬੇਹੋਸ਼ ਹੋਏ ਨੂੰ ਕਤਲ ਭੀ ਕਰ ਸਕਦੀਆਂ ਹਨ। ਇਨ੍ਹਾਂ ਵਿਸ਼ ਕੰਨਿਆਵਾਂ ਦਾ ਮੁਕਾਬਲਾ ਕਰਨ ਲਈ ਵਿਰਲੇ ਟਾਵੇਂ ਪੁਰਸ਼ਾਂ ਨੇ ਭੀ ਆਪਣੇ ਆਪ ਨੂੰ ਵਿਸ਼ ਪੁਰਸ਼ ਬਣਾ ਲਿਆ ਸੀ। ਪਰ ਹੈਨ ਇਹ ਬਹੁਤ ਥੋੜੇ। ਸੰਨ 1650 ਵਿਚ ਗੁਜਰਾਤ ਦਾ ਰਾਜਾ ਮਹਿਮੂਦਸ਼ਾਹ "ਵਿਸ਼ ਪੁਰਸ਼" ਸੀ। ਉਸ ਨੇ ਆਪਣੇ ਪਿਤਾ ਦੀ ਆਗਿਆ ਨਾਲ ਰਾਜਕੀ ਵੈਦ ਤੋਂ ਇਹ ਸਿੱਖਿਆ ਪ੍ਰਾਪਤ ਕੀਤੀ ਸੀ। ਚੰਦਰ ਗੁਪਤ ਮੌਰੀਆ ਦਾ ਸੈਨਾਪਤੀ ਚਾਣਕੀਆ, ਚੰਦਰਗੁਪਤ ਨੂੰ ਥੋੜ੍ਹੀ ਥੋੜ੍ਹੀ ਜਹਿਰ ਨਿਤ ਖਾਣੇ ਵਿਚ ਦਿਆ ਕਰਦਾ ਸੀ, ਤਾਂ ਕਿ ਰਾਜਾ ਅਗਰ ਕਦੀ ਬੇਕਾਬੂ ਹੋ ਕੇ ਜਾਂ ਧੋਖੇ ਨਾਲ ਵਿਸ਼ ਕੰਨਿਆ ਨਾਲ ਸਹਿਵਾਸ ਕਰ ਭੀ ਲਵੇ ਤਾਂ ਜਾਨ ਬਚ ਜਾਵੇ। ਆਪਣੇ ਵਿਰੋਧੀਆਂ ਨੂੰ ਖਤਮ ਕਰਨ ਵਾਸਤੇ ਆਦਮੀ ਨੇ ਪਿਆਰ ਦੀ ਮੂਰਤ ਔਰਤ ਨੂੰ ਹੀ ਵਰਤਿਆ ਅਤੇ ਬਦਨਾਮ ਕੀਤਾ ਹੈ। ਵਿਸ਼ ਕੰਨਿਆ ਦੀ ਆਪਣੀ ਜ਼ਿੰਦਗੀ ਸਦਾ ਡਾਵਾਂਡੋਲ ਤੇ ਖਤਰਿਆਂ ਨਾਲ ਭਰੀ ਹੁੰਦੀ ਹੈ। ਉਸ ਨੇ ਦੂਜਿਆਂ ਨੂੰ ਮਾਰਨਾ ਹੈ ਜਾਂ ਖੁਦ ਮਰਨਾ ਹੈ। ਉਸ ਦੀ ਵਿਆਹੁਤਾ ਜਾਂ ਪਰਿਵਾਰਕ ਜਿੰਦਗੀ ਕੋਈ ਨਹੀਂ ਹੁੰਦੀ। ਜਿਥੇ ਪਰ ਉਪਕਾਰੀ ਇਨਸਾਨਾਂ ਨੇ ਮਨੁੱਖਤਾ ਦਾ ਅਨੇਕ ਤਰੀਕੇ ਵਰਤ ਕੇ ਭਲਾ ਕੀਤਾ ਹੈ। ਉਥੇ ਨਾਲ ਹੀ ਨੀਚ ਬਿਰਤੀਆਂ ਵਾਲੇ ਪੁਰਸ਼ਾਂ ਅਤੇ ਔਰਤਾਂ ਨੇ ਨੁਕਸਾਨ ਭੀ ਬਹੁਤ ਕੀਤਾ ਹੈ।

ਤਰੁਣ ਤੇਜੁ ਪਰ ਤ੍ਰਿਆ ਮੁਖੁ ਜੋਹਰਿ, ਸਰ ਅਪਸਰ ਨ ਪਛਾਨਿਆ ॥
ਉਨਮਤ ਕਾਮ ਮਹਾ ਬਿਖੁ ਭੂਲੈ, ਪਾਪੁ ਪੁੰਨ ਨ ਪਛਾਨਿਆ ॥ (93)

ਹੇ ਭਾਈ! ਤੈਨੂੰ ਜੁਆਨੀ ਦੇ ਜੋਸ਼ ਨੇ ਅੰਨ੍ਹਾ ਕਰ ਦਿੱਤਾ। ਅਜਿਹੇ ਪਾਗਲਪਣ ਵਿਚ ਆਪਣੀ ਪਤਨੀ ਤੇ ਸਬਰ ਨਹੀਂ ਕਰਦਾ, ਪਰਾਈਆਂ ਇਸਤਰੀਆਂ ਦੀ ਸੁੰਦਰਤਾ ਤੇ ਲਾਲਾਂ ਸੁਟਦਾ ਹੈਂ। ਕਾਮ ਵਾਸ਼ਨਾ ਇਨੀ ਹਾਵੀ ਹੋ ਗਈ ਕਿ ਚੰਗੇ ਮੰਦੇ ਦੀ ਖਬਰ ਨਾ ਰਹੀ। ਨਤੀਜਾ ਕੀ ਨਿਕਲੇਗਾ, ਸੋਚਣ ਦੀ ਖੇਚਲ ਹੀ ਨਹੀਂ ਕੀਤੀ। ਕਾਮ ਵਾਸ਼ਨਾ ਇੰਨੀ ਸਿਰ ਨੂੰ ਚੜ੍ਹ ਗਈ, ਇਸ ਜ਼ਹਿਰ ਨੂੰ ਮਿੱਠਾ ਸਮਝ ਕੇ ਖਾ ਲਿਆ। ਚੰਗੇ ਮੰਦੇ ਦੀ, ਪਾਪ ਪੁੰਨ ਦੀ, ਆਪਣੀ ਬੇਗਾਨੀ (ਔਰਤ) ਦੀ ਪਛਾਣ ਹੀ ਭੁੱਲ ਗਈ। ਅਜੇ ਵਕਤ ਹੈ ਸੰਭਲ ਜਾ, ਭਾਈ ਸੰਭਲ ਜਾ।

ਅਨੰਦ ਕਾਰਜ ਦਾ ਅੰਗ, "ਲਾਵਾਂ"

ਗੁਰੂ ਸਾਹਿਬ ਜੀ ਨੇ ਜੀਵਨ ਦਾ ਆਦਰਸ਼, ਪਤੀ ਪਰਮੇਸ਼ਰ ਨਾਲ ਜੀਵ ਇਸਤਰੀ ਦਾ ਮੇਲ ਮੰਨਿਆ ਹੈ। ਇਸ ਜੀਵਨ ਪੰਧ ਨੂੰ ਸੁਖਾਲਾ ਅਤੇ ਅਨੰਦ ਮਈ ਬਣਾਉਣ ਲਈ ਜੀਵਨ ਵਿਚ ਇਸ ਦੀ ਤਿਆਰੀ ਕਰਨੀ ਬੜੀ ਜ਼ਰੂਰੀ ਹੈ। ਇਸ ਤਰ੍ਹਾਂ ਦੇ ਗੁਰਮਤਿ ਮਾਰਗ ਨੂੰ ਇਨ੍ਹਾਂ ਲਾਵਾਂ ਰਾਹੀਂ ਪ੍ਰਗਟ ਕੀਤਾ ਗਿਆ ਹੈ। ਗ੍ਰਿਸਤ ਵਿਚ ਪ੍ਰਵੇਸ਼ ਕਰ ਕੇ ਪਤੀ ਪਤਨੀ ਦੋਵਾਂ ਨੇ (ਜੀਵ ਨਾਰੀ ਤੇ ਪਰਮੇਸ਼ਰ ਪਤੀ) ਮਨੁੱਖਾ ਜਨਮ ਦਾ ਲਾਹਾ ਲੈ ਕੇ ਗੁਰਮਖੀ ਜੀਵਨ ਜਿਉਣਾ ਹੈ। ਹਿੰਦੂ ਸਮਾਜ ਵਿਚ ਮਨੁੱਖ ਨੂੰ "ਤਿਆਗੀ" ਹੋਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਗੁਰੂ ਘਰ ਦੇ ਅਸੂਲਾਂ ਮੁਤਾਬਕ ਤਿਆਗਣੇ ਹਨ ਵਿਕਾਰ ਤੇ ਬੁਰਾਈਆਂ, ਘਰ ਪ੍ਰਵਾਰ ਨਹੀਂ ਤਿਆਗਣਾ। ਤਿਆਗੀ ਅਖਵਾਉਣ ਵਾਲਾ ਮਨੁੱਖ ਕੁੱਝ ਸਮੇਂ ਵਾਸਤੇ ਘਰ ਤਿਆਗ ਸਕਦਾ ਹੈ। ਪਰ ਸਰੀਰਕ ਲੋੜਾਂ ਕਿਥੋਂ ਪੂਰੀਆਂ ਕਰ ਲਵੇਗਾ ਭਾਰਤ ਵਿਚ ਅੱਜ ਤੱਕ ਤਿਆਗ ਦਾ ਢੌਂਗ ਕਰਨ ਵਾਲੇ ਹਜ਼ਾਰਾਂ ਨਹੀਂ ਲੱਖਾਂ ਸਾਧ ਆਮ ਜੰਤਾ 'ਤੇ ਭਾਰ ਬਣੇ ਹੋਏ ਹਨ। "ਕਾਮਯਾਬ ਸੰਤਾਂ" ਨੇ ਤਾਂ ਕਰੋੜਾਂ ਅਰਬਾਂ ਦੀ ਜਾਇਦਾਦਾਂ ਭੀ ਬਣਾ ਲਈਆਂ ਹਨ। ਮਾਰਚ ਛੇ ਤੋਂ ਦਸ ਤੱਕ, (2010) "ਦਿੱਲੀ ਵਿਚਲਾ ਇਕ ਇੱਛਾਧਾਰੀ ਸਾਧ ਅਨੰਤ ਪਾਪ ਕਰ ਕੇ ਪੱਚੀ ਹਜ਼ਾਰ ਕਰੋੜ ਰੁਪਏ ਕਮਾ ਚੁੱਕਿਆ ਹੈ"। ਸਾਰੇ ਟੀਵੀ ਚੈਨਲਾਂ 'ਤੇ ਪੁਲਿਸ ਦੇ ਹਵਾਲੇ ਨਾਲ ਦੱਸਿਆ ਗਿਆ ਹੈ। ਆਂਦਰਾ ਪ੍ਰਦੇਸ਼ ਦਾ ਨਿਤਿਆ ਨੰਦ ਸਾਧ ਅਰਬਾਂ ਦਾ ਮਾਲਕ ਬਣ ਬੈਠਾ। ਗਾਜੀਆਬਾਦ ਦਾ ਇਕ ਕਰੋੜਪਤੀ ਸਾਧ, ਆਪਣੀ ਬੇਟੀ ਦੀ ਉਮਰ ਦੀ ਇਕ ਲੜਕੀ ਨੂੰ ਲੈ ਕੇ ਫ਼ਰਾਰ ਹੋ ਗਿਆ। ਆਸਾ ਰਾਮ ਸਾਧ 'ਤੇ ਕਤਲ ਅਤੇ ਹੋਰ ਕਈ ਕਿਸਮ ਦੇ ਕੇਸ ਚੱਲ ਰਹੇ ਹਨ। ਸਰਸੇ ਵਾਲੇ ਰਾਮ ਰਹੀਮ ਸਾਧ 'ਤੇ ਕਤਲ ਅਤੇ ਬਲਾਤਕਾਰ ਦੇ ਮੁਕੱਦਮੇ ਦਰਜ ਹੋ ਚੁੱਕੇ ਹਨ। ਆਚਾਰੀਆਂ ਪਾਂਡੇ ਸਾਧ, ਸਾਧਣੀ ਪ੍ਰਾਗਿਆ ਮੁਸਲਮਾਨਾਂ ਵਿਰੁਧ ਬੰਬ ਧਮਾਕਿਆਂ ਦੇ ਦੋਸ਼ੀ ਪਾਏ ਗਏ। ਪਾਂਡੇ ਸਾਧ ਦੇ ਕੰਪਿਊਟਰ ਵਿਚੋਂ ਸੈਕਸ ਕਿਰਿਆ ਵਾਲੀਆਂ ਬੇਅੰਤ "ਮੂਵੀਜ਼" ਮਿਲੀਆਂ। ਨਾਨਕਸਰ ਕਲੇਰਾਂ (ਮੋਗੇ ਨੇੜੇ) ਵਾਲਾ ਘਾਲਾ ਸਿੰਘ ਸਾਧ ਆਪਣੇ ਸਾਥੀਆਂ ਸਮੇਤ ਕਤਲ ਕੇਸ ਵਿਚ ਵੀਹ ਸਾਲੀ ਕੈਦ ਕੱਟ ਰਿਹਾ ਹੈ। ਮੋਗੇ ਨੇੜੇ ਰੌਲੀ ਪਿੰਡ ਦੀ ਜ਼ਮੀਨ ਵਿਚ "ਬ੍ਰਹਮ ਗਿਆਨ ਦੀ ਯੂਨੀਵਰਸਿਟੀ" ਖੋਲ੍ਹਣ ਵਾਲਾ ਭਾਈ ਸੇਵਾ ਸਿੰਘ ਧਰਮਾਲਾ ਸਾਬਕਾ ਪੁਲਸੀਆ ਅਤੇ ਸਾਬਕਾ ਕੈਟ ਹੈ ਜੋ ਅੱਜ ਅਰਬਾਂ ਦੀ ਜਾਇਦਾਦ ਦਾ ਮਾਲਕ ਹੈ। ਸਾਰੇ ਸਾਧ

"ਪੂਰਨ ਤਿਆਗੀ" ਵੇਖੇ ਜਾ ਸਕਦੇ ਹਨ। ਉਂਜ ਪੁੱਤਰ ਪ੍ਰਾਪਤੀ ਦੀ ਲਾਲਸਾ, ਸੁੰਦਰ ਤੇ ਜੁਆਨ ਬੀਬੀਆਂ "ਬ੍ਰਹਮਚਾਰੀ" ਸੰਤਾਂ ਦੁਆਲੇ ਅਠਖੇਲੀਆਂ ਕਰਦੀਆਂ ਆਮ ਵੇਖੀਆਂ ਜਾ ਸਕਦੀਆਂ ਹਨ।

ਇਸ ਕੁਦਰਤੀ ਵੇਗ (ਕਾਮ ਉਤੇਜਨਾ) ਨੂੰ ਰੋਕਿਆ ਜਾਣਾ ਨਾ ਤਾਂ ਸੰਭਵ ਹੈ। ਨਾ ਹੀ ਜਾਇਜ਼ ਹੈ। ਸਤਿਗੁਰੂ ਜੀ ਕੁਦਰਤ ਦੇ ਇਸ ਨੀਅਮ ਨੂੰ ਚੰਗੀ ਤਰ੍ਹਾਂ ਸਮਝਦੇ ਸਨ। ਉਨ੍ਹਾਂ ਨੇ ਕਦੇ ਭੀ ਅਜਿਹੇ "ਬ੍ਰਹਮਚਾਰੀ" ਹੋਣ ਦਾ ਨਾ ਢੌਂਗ ਕੀਤਾ ਨਾ ਬਾਣੀ ਰਾਹੀਂ ਉਪਦੇਸ਼ ਕੀਤਾ। ਉਨ੍ਹਾਂ ਨੇ ਕਾਮ ਦਾ ਰੁੱਖ ਬਦਲ ਕੇ ਪ੍ਰਵਾਰਕ ਪਿਆਰ ਵੱਲ ਮੋੜ ਦਿੱਤਾ। ਵਿਆਹ ਕਰਵਾਉ, ਪਤੀ ਪਤਨੀ ਰੂਪ ਵਿਚ ਸੁਖੀ ਜੀਵਨ ਬਤੀਤ ਕਰੋ। ਸਮਾਜ ਤੇ ਰਾਜ ਦੀਆਂ ਸਾਰੀਆਂ ਜਿੰਮੇਵਾਰੀਆਂ ਨਿਭਾਉ। ਸੁੱਚੀ ਕਿਰਤ ਕਰੋ, ਗੁਣਵਾਨ ਇਨਸਾਨ ਬਣ ਕੇ ਨੇਕ ਜੀਵਨ ਬਤੀਤ ਕਰੋ। ਆਉ ਲਾਵਾਂ ਵਿਚੋਂ ਗੁਰੂ ਹੁਕਮਾਂ ਨੂੰ ਸਮਝਣ ਦਾ ਯਤਨ ਕਰੀਏ-

ਹਰਿ ਪਹਿਲੜੀ ਲਾਵ ਪਰਵਿਰਤੀ ਕਰਮ ਦ੍ਰਿੜਾਇਆ ਬਲਿ ਰਾਮ ਜੀਉ ॥
ਬਾਣੀ ਬ੍ਰਹਮਾ ਵੇਦੁ ਧਰਮੁ ਦ੍ਰਿੜਹੁ, ਪਾਪ ਤਜਾਇਆ ਬਲਿ ਰਾਮ ਜੀਉ ॥
ਧਰਮੁ ਦ੍ਰਿੜਹੁ, ਹਰਿ ਨਾਮੁ ਧਿਆਵਹੁ, ਸਿਮ੍ਰਿਤਿ ਨਾਮੁ ਦ੍ਰਿੜਾਇਆ ॥
ਸਤਿਗੁਰੁ ਗੁਰੁ ਪੂਰਾ ਆਰਾਧਹੁ, ਸਭਿ ਕਿਲਵਿਖ ਪਾਪ ਗਵਾਇਆ ॥
ਸਹਜ ਅਨੰਦੁ ਹੋਆ ਵਡਭਾਗੀ, ਮਨਿ ਹਰਿ ਹਰਿ ਮੀਠਾ ਲਾਇਆ ॥
ਜਨੁ ਕਹੈ ਨਾਨਕੁ ਲਾਵ ਪਹਿਲੀ, ਆਰੰਭੁ ਕਾਜੁ ਰਚਾਇਆ ॥

ਹੇ ਭਾਈ! (ਦੋਵਾਂ ਲਈ ਸਾਂਝਾ) ਪਹਿਲੀ ਲਾਂਵ (ਵਿਆਹ ਦਾ ਪਹਿਲਾ ਉਪਦੇਸ਼) ਦਾ ਉਪਦੇਸ਼ ਕਰ ਕੇ ਤੁਹਾਨੂੰ ਸਿੱਖਿਆ ਦਿੱਤੀ ਜਾ ਰਹੀ ਹੈ ਕਿ ਤੁਸੀ ਗ੍ਰਿਸਤ ਜੀਵਨ ਵਿਚ ਦਾਖਲ ਹੋਣ ਜਾ ਰਹੇ ਹੋ। ਇਸ ਗੱਲ ਨੂੰ ਚੰਗੀ ਤਰ੍ਹਾਂ ਮਨ ਵਿਚ ਬਿਠਾ ਲੈਣਾ ਕਿ ਗੁਰਮਤਿ ਮਾਰਗ ਘਰ ਤਿਆਗ ਦੀ ਆਗਿਆ ਨਹੀਂ ਦਿੰਦਾ। ਘਰ ਵਸਾਉਣ ਦਾ ਹੁਕਮ ਕਰਦਾ ਹੈ। ਗੁਰੂ ਦੀ ਬਾਣੀ (ਅਕਾਲੀ ਬਾਣੀ) ਨੂੰ ਹੀ ਬ੍ਰਹਮਾ ਅਤੇ ਵੇਦਾਂ ਦੀ ਵਿਚਾਰਧਾਰਾ ਤੋਂ ਉੱਤਮ ਮੰਨਣਾ। ਧਰਮ ਅਸੂਲਾਂ 'ਤੇ ਦ੍ਰਿੜ ਰਹਿ ਕੇ ਪਹਿਰਾ ਦੇਣਾ। ਹਰ ਤਰ੍ਹਾਂ ਦੇ ਬੁਰੇ ਕੰਮਾਂ ਨੂੰ ਤਿਆਗ ਦਿਉ। ਹਰੀ ਦੇ ਨਾਮ ਵਿਚੋਂ ਧਰਮ ਬਾਰੇ ਪਰਪੱਕਤਾ ਬਣੀ ਰਹੇਗੀ। ਸਿਮ੍ਰਤੀਆਂ ਆਦਿ ਦੇ ਜੋ ਅਸੂਲ ਹਨ, ਉਨ੍ਹਾਂ ਨੂੰ ਤਿਆਗ ਕੇ, ਕੇਵਲ ਪਰਮੇਸ਼ਰ ਨੂੰ ਯਾਦ ਰੱਖਿਓ। ਅਕਾਲ ਪੁਰਖ ਬਾਰੇ ਗਿਆਨ ਦੇਣ ਵਾਲੇ ਗੁਰੂ ਦੀ ਬਾਣੀ ਨੂੰ ਜੀਵਨ ਦਾ ਆਸਰਾ ਬਣਾਉਣਾ। ਗੁਰੂ ਬਾਣੀ ਪੜ੍ਹ ਕੇ ਸਮਝ ਆ ਜਾਂਦੀ ਹੈ ਕਿ ਪਾਪ ਕੀ ਹੈ, ਪੁੰਨ ਕੀ ਹੈ? ਸਾਰੇ ਭਰਮ ਖਤਮ ਹੋ ਜਾਂਦੇ ਹਨ। ਬਾਣੀ ਦੇ ਉਪਦੇਸ਼ ਨੂੰ ਜੀਵਨ ਵਿਚ ਧਾਰਨ

ਕਰ ਕੇ ਤੁਸੀ ਟਿਕਾਉ ਵਾਲੀ ਜਿੰਦਗੀ ਬਿਤਾਉਗੇ। ਪਰਮੇਸ਼ਰ ਦਾ ਨਾਮ ਪਿਆਰਾ ਲੱਗੇਗਾ। ਸੇਵਕ ਨਾਨਕ ਆਖਦਾ ਹੈ, ਇਸ ਤਰ੍ਹਾਂ ਪਹਿਲੀ ਲਾਂਵ ਰਾਹੀਂ ਕਾਰਜ ਆਰੰਭ ਹੋ ਗਿਆ।

ਹਰਿ ਦੂਜੜੀ ਲਾਵ ਸਤਿਗੁਰੁ ਪੁਰਖੁ ਮਿਲਾਇਆ ਬਲਿ ਰਾਮ ਜੀਉ ॥
ਨਿਰਭਉ ਭੈ ਮਨੁ ਹੋਇ ਹਉਮੈ ਮੈਲੁ ਗਵਾਇਆ ਬਲਿ ਰਾਮ ਜੀਉ ॥
ਨਿਰਮਲੁ ਭਉ ਪਾਇਆ, ਹਰਿ ਗੁਣ ਗਾਇਆ, ਹਰਿ ਵੇਖੈ ਰਾਮੁ ਹਦੂਰੇ ॥
ਹਰਿ ਆਤਮ ਰਾਮੁ ਪਸਾਰਿਆ ਸੁਆਮੀ, ਸਰਬ ਰਹਿਆ ਭਰਪੂਰੇ ॥
ਅੰਤਰਿ ਬਾਹਰਿ ਹਰਿ ਪ੍ਰਭੁ ਏਕੋ, ਮਿਲਿ ਹਰਿ ਜਨ ਮੰਗਲ ਗਾਏ ॥
ਜਨ ਨਾਨਕ ਦੂਜੀ ਲਾਵ ਚਲਾਈ ਅਨਹਦ ਸਬਦ ਵਜਾਏ ॥

ਹੇ ਸਤਸੰਗੀ ਜਨੋ! ਹੁਣ ਦੂਜੀ ਲਾਂਵ ਦਾ ਉਪਦੇਸ਼ ਸਰਵਣ ਕਰੋ। ਇਸ ਵਿਚ ਸਤਿਗੁਰੂ ਨੇ ਨਿਰੰਕਾਰ ਨਾਲ ਸਾਂਝ ਪੁਆਉਣ ਵਾਲਾ ਉਪਦੇਸ਼ ਦਿੱਤਾ। ਉਸ ਪਰਮੇਸ਼ਰ ਦਾ ਅਦਬ ਮਨ ਵਿਚ ਪੈਦਾ ਹੋ ਗਿਆ। ਹਉਮੈ ਆਦਿਕ ਵਿਕਾਰਾਂ ਦੀ ਮੈਲ ਖਤਮ ਹੋ ਗਈ ਹੈ। ਸੱਚੇ ਪਰਮੇਸ਼ਰ ਦਾ ਪਵਿੱਤਰ ਡਰ ਅਗਰ ਹਿਰਦੇ ਵਿਚ ਵਸ ਜਾਵੇ, ਫਿਰ ਹੋਰ ਸਾਰੇ ਤਰ੍ਹਾਂ ਦੇ ਡਰ ਖਤਮ ਹੋ ਜਾਂਦੇ ਹਨ। ਇਹ ਸਮਝ ਆ ਜਾਂਦੀ ਹੈ ਕਿ ਸਾਰੇ ਕਿਧਰੇ ਨਿਰੰਕਾਰ ਦਾ ਹੀ ਅਸੂਲ ਕੰਮ ਕਰ ਰਿਹਾ ਹੈ। ਸਾਰੇ ਜੀਵ ਉਸੇ ਦੇ ਸਾਜੇ ਸੰਵਾਰੇ ਹੋਏ ਹਨ। ਹਰ ਕਿਧਰੇ ਸਮਾਏ ਹੋਏ ਅਕਾਲ ਪੁਰਖ ਦੇ ਹੀ ਅਸੀ ਖੁਸੀ ਵਾਲੇ ਗੀਤ ਗਾਉਂਦੇ ਹਾਂ। ਇਸ ਦੂਜੀ ਲਾਂਵ ਦਾ ਭਾਵ ਹੈ ਕਿ ਸਾਡੀ ਖ਼ੁਸ਼ੀ ਵਿਚ ਅਨੰਤ ਵਾਧਾ ਹੋ ਗਿਆ ਹੈ। ਸ਼ਬਦ ਰਾਹੀਂ ਸਾਰੇ ਪਰਕਾਰ ਦਾ ਗਿਆਨ ਮਿਲ ਗਿਆ ਹੈ।

ਹਰਿ ਤੀਜੜੀ ਲਾਵ ਮਨਿ ਚਾਉ ਭਇਆ ਬੈਰਾਗੀਆ ਬਲਿ ਰਾਮ ਜੀਉ ॥
ਸੰਤ ਜਨਾ ਹਰਿ ਮੇਲੁ ਹਰਿ ਪਾਇਆ ਵਡਭਾਗੀਆ ਬਲਿ ਰਾਮ ਜੀਉ ॥
ਨਿਰਮਲੁ ਹਰਿ ਪਾਇਆ, ਹਰਿ ਗੁਣ ਗਾਇਆ, ਮੁਖਿ ਬੋਲੀ ਹਰਿ ਬਾਣੀ ॥
ਸੰਤ ਜਨਾ ਵਡਭਾਗੀ ਪਾਇਆ, ਹਰਿ ਕਥੀਐ ਅਕਥ ਕਹਾਣੀ ॥
ਹਿਰਦੈ ਹਰਿ ਹਰਿ, ਹਰਿ ਧੁਨਿ ਉਪਜੀ, ਹਰਿ ਜਪੀਐ ਮਸਤਕਿ ਭਾਗੁ ਜੀਉ ॥
ਜਨੁ ਨਾਨਕੁ ਬੋਲੈ ਤੀਜੀ ਲਾਵੈ, ਹਰਿ ਉਪਜੈ ਮਨਿ ਬੈਰਾਗੁ ਜੀਉ ॥

ਹੇ ਭਾਈ! ਤੀਸਰੀ ਲਾਂਵ ਦੇ ਉਪਦੇਸ਼ ਵਿਚ ਮਹਾਤਮ ਇਹ ਹੈ ਕਿ ਇਕ ਪਾਸੇ ਮਿਲਾਪ ਦੀ ਅਨੰਤ ਖੁਸ਼ੀ। ਦੂਜੇ ਪਾਸੇ ਪੇਕੇ ਪਰਵਾਰ ਨਾਲੋਂ ਵਿਛੋੜਾ ਹੁੰਦਾ ਹੈ। ਜਿਵੇਂ ਵਿਆਹੁਲੀ ਲੜਕੀ ਦੀਆਂ ਅੱਖਾਂ ਵਿਚ ਵੈਰਾਗ ਦੇ ਹੰਝੂ ਹੁੰਦੇ ਹਨ। ਦੂਜੇ ਪਾਸੇ ਪਤੀ ਨਾਲ ਮੇਲ ਦੀ ਖ਼ੁਸ਼ੀ ਹੁੰਦੀ ਹੈ। ਨੇਕ ਪੁਰਸ਼ਾਂ ਨਾਲ ਮੇਲ ਹੋਇਆ ਹੈ ਸਾਡੇ ਵੱਡੇ ਭਾਗ ਹਨ ਕਿ ਗੁਰੂ ਨੇ ਅਜਿਹੇ ਰਿਸ਼ਤੇ ਵਿਚ ਬੰਨ੍ਹਿਆ ਹੈ। ਗੁਰੂ ਨੂੰ ਮਿਲ ਕੇ

ਅਸੀ ਵੱਡੇ ਭਾਗਾਂ ਵਾਲੇ ਹੋ ਗਏ ਹਾਂ। ਇਹ ਉਤਮ ਵਿਚਾਰ ਪੂਰੀ ਤਰ੍ਹਾਂ ਦੱਸੇ ਨਹੀਂ ਜਾ ਸਕਦੇ। ਸਾਡੇ ਅੰਤਰ ਆਤਮੇ ਹੀ ਪਰਮੇਸ਼ਰ ਦੀ ਯਾਦ ਵਾਲੀਆਂ ਤਰੰਗਾਂ ਉਠਣ ਲੱਗ ਪਈਆਂ ਹਨ। ਮੱਥੇ ਦੇ ਵਡੇਰੇ ਭਾਗ ਹੋ ਜਾਣਗੇ। ਤੁਸੀ ਭੀ ਸਾਰੇ ਉਸ ਨੂੰ ਯਾਦ ਕਰੋ। ਇਸ ਤਰ੍ਹਾਂ ਤੀਸਰੀ ਲਾਂਵ ਵਿਚ ਘਰ ਗ੍ਰਿਸਤ ਨੂੰ ਪਰਵਾਨ ਕਰਦਿਆਂ ਭੀ ਬੈਰਾਗੀ ਜਾਂ ਨਿਰਲੇਪ ਬਣੇ ਰਹਿਣਾ ਹੈ।

ਹਰਿ ਚਉਥੜੀ ਲਾਵ ਮਨਿ ਸਹਜੁ ਭਇਆ, ਹਰਿ ਪਾਇਆ ਬਲਿ ਰਾਮ ਜੀਉ ॥
ਗੁਰਮੁਖਿ ਮਿਲਿਆ ਸੁਭਾਇ, ਹਰਿ ਮਨਿ ਤਨਿ ਮੀਠਾ ਲਾਇਆ ਬਲਿ ਰਾਮ ਜੀਉ ॥
ਹਰਿ ਮੀਠਾ ਲਾਇਆ, ਮੇਰੇ ਪ੍ਰਭ ਭਾਇਆ, ਅਨਦਿਨੁ ਹਰਿ ਲਿਵ ਲਾਈ ॥
ਮਨ ਚਿੰਦਿਆ ਫਲੁ ਪਾਇਆ ਸੁਆਮੀ, ਹਰਿ ਨਾਮਿ ਵਜੀ ਵਾਧਾਈ ॥
ਹਰਿ ਪ੍ਰਭਿ ਠਾਕੁਰਿ ਕਾਜੁ ਰਚਾਇਆ, ਧਨ ਹਿਰਦੈ ਨਾਮਿ ਵਿਗਾਸੀ ॥
ਜਨੁ ਨਾਨਕੁ ਬੋਲੇ ਚਉਥੀ ਲਾਵੈ ਹਰਿ ਪਾਇਆ ਪ੍ਰਭੁ ਅਵਿਨਾਸੀ ॥ (773)

ਹੇ ਭਾਈ! ਚਉਥੀ ਲਾਂਵ ਦਾ ਉਪਦੇਸ਼ ਸੁਣੋ। ਇਸ ਵਕਤ ਮਨ ਸਹਿਜ ਅਵਸਥਾ ਵਿਚ ਪੁੱਜ ਜਾਂਦਾ ਹੈ। ਚੰਚਲਤਾ ਖਤਮ ਹੋ ਜਾਂਦੀ ਹੈ, ਕਿਉਂਕਿ ਹਰੀ ਮਾਲਕ ਦੇ ਪਰਤੱਖ ਦਰਸ਼ਨ ਹੋ ਜਾਂਦੇ ਹਨ। ਸਹਿਜ ਭਾ ਗੁਰੂ ਮਿਲ ਪਿਆ, ਗੁਰੂ ਨੇ ਪਰਮੇਸ਼ਰ ਨੂੰ ਮਿਲਣ ਦੀ ਸੋਝੀ ਬਖ਼ਸ਼ ਦਿੱਤੀ। ਇਸ ਤਰ੍ਹਾਂ ਆਪਣਾ ਆਪਾ ਚੰਗਾ ਲੱਗਣ ਲੱਗ ਪਿਆ। ਪ੍ਰਭੂ ਪਤੀ ਨਾਲ ਇਕਮਿਕਤਾ ਵਾਲੀ ਸਾਂਝ ਬਣ ਗਈ। ਪਤੀ ਪਰਮੇਸ਼ਰ ਇਕੋ ਦਿਨ ਪਿਆਰਾ ਨਹੀਂ ਲੱਗਿਆ, ਸਗੋਂ ਨਿੱਤ ਦਿਨ ਉਸ ਦੇ ਨਾਲ ਪਿਆਰ ਵਿਚ ਵਾਧਾ ਹੁੰਦਾ ਚਲਾ ਗਿਆ। ਜੋ ਅਸੀਂ ਚਾਹਿਆ ਸੋਈ ਮਿਲ ਗਿਆ। ਇਸ ਤਰ੍ਹਾਂ ਮਾਨੋ ਸਾਰੇ ਬੰਨਿਆਂ ਤੋਂ ਵਧਾਈਆਂ ਮਿਲਣ ਲੱਗੀਆਂ, ਖੁਸ਼ੀਆਂ ਵਿਚ ਬੇਅੰਤ ਵਾਧਾ ਹੋ ਗਿਆ। ਇਹ ਭਲਾ ਕਾਰਜ ਪਰਮੇਸ਼ਰ ਨੇ ਆਪ ਹੀ ਕਿਰਪਾ ਕਰ ਕੇ ਪੂਰਾ ਕੀਤਾ ਹੈ। ਜੀਵ ਇਸਤਰੀ ਮਨ ਕਰ ਕੇ ਖਿੜ ਉਠੀ ਮਹਿਕ ਉਠੀ। ਹੇ ਨਾਨਕ ਆਖ! ਇਸ ਤਰ੍ਹਾਂ ਰੱਬ ਨੂੰ ਆਪਣਾ ਮਾਲਕ ਜਾਣ ਕੇ ਅਸੀਂ ਉਸ ਦਾ ਪਿਆਰ ਪ੍ਰਾਪਤ ਕਰ ਲਿਆ ਹੈ।

ਇਥੇ ਸਵਾਲ ਕੀਤਾ ਜਾ ਸਕਦਾ ਹੈ ਕਿ ਗੁਰੂ ਰਾਮਦਾਸ ਜੀ ਵਲੋਂ ਲਾਵਾਂ ਦੇ ਉਚਾਰਨ ਤੋਂ ਪਹਿਲਾਂ ਗੁਰ ਵਿਅਕਤੀਆਂ ਅਤੇ ਸਿੱਖਾਂ ਦੇ ਵਿਆਹ ਕਿਸ ਗੀਤ ਨਾਲ ਹੁੰਦੇ ਸਨ? ਬੇਸ਼ੱਕ ਆਪੋ ਆਪਣੇ ਪਹਿਲਾਂ ਚਲੇ ਆ ਰਹੇ ਤਰੀਕੇ ਮੁਤਾਬਕ। ਪਰ ਇਕ ਬੜਾ ਮਹੱਤਵਪੂਰਨ ਹਵਾਲਾ ਭਾਈ ਸੰਤੋਖ ਸਿੰਘ ਵਲੋਂ ਸੂਰਜ ਪ੍ਰਕਾਸ਼ ਵਿਚ ਲਿਖਿਆ ਮਿਲਦਾ ਹੈ-

ਅਸ ਲਿਖ ਚਉਕੀ ਪਰ ਧਰਿਓ ਲੀਨ ਪ੍ਰਕਰਮਾ ਚਾਰ ॥

ਆਗੇ ਆਗੇ ਸਤਿਗੁਰੂ ਪਾਛੈ ਮੂਲਿ ਕੁਆਰਿ॥

ਭਾਵ ਕਿ ਗੁਰਬਾਣੀ ਦੀਆਂ ਪੰਕਤੀਆਂ ਕਾਗਜ 'ਤੇ ਲਿਖ ਕੇ, ਰੁਮਾਲ ਵਿਚ ਵਲ੍ਹੇਟ ਕੇ ਪੀਹੜੀ ਆਦਿ ਉਪਰ ਰੱਖ ਲਈਆਂ ਤੇ ਅੱਗੇ ਅੱਗੇ ਗੁਰੂ ਨਾਨਕ ਸਾਹਿਬ ਤੇ ਪਿੱਛੇ ਪੱਲਾ ਪਕੜ ਕੇ ਮੂਲਾ ਜੀ ਦੀ ਬੇਟੀ ਬੀਬੀ ਸੁਲੱਖਣੀ ਜੀ ਚੱਲ ਰਹੇ ਸਨ। ਇਸ ਤਰ੍ਹਾਂ ਚਾਰ ਵਾਰੀ ਪ੍ਰਕਰਮਾ ਕੀਤੀਆਂ। ਗੁਰੂ ਸਾਹਿਬ ਜੀ ਨੇ ਸੌਖਾ ਤੇ ਸਾਦਗੀ ਵਾਲਾ ਰਾਹ ਪ੍ਰਚਲਤ ਕਰਨਾ ਸੀ। ਇਸ ਵਾਸਤੇ ਵਿਚੋਲਿਆਂ ਨੂੰ ਵਿਚੋਂ ਖਾਰਜ ਕਰਨਾ ਭੀ ਜਰੂਰੀ ਸੀ। ਅੱਜ ਤਾਂ ਸਿੱਖਾਂ ਵਿਚ ਹਰ ਮਨਮੱਤ ਤੇ ਦਾਜ ਆਦਿ ਦੀ ਬੁਰਾਈ ਸਿਖਰਾਂ 'ਤੇ ਪਹੁੰਚੀ ਹੋਈ ਹੈ। ਗ੍ਰੰਥੀ, ਅਰਦਾਸੀਆਂ, ਕੀਰਤਨੀਆਂ ਅਤੇ ਪ੍ਰਬੰਧਕ ਸਾਰੇ ਹੀ ਵਿਆਹ ਵਾਲੇ ਪ੍ਰਵਾਰ ਤੋਂ ਚੰਗੀ ਚੋਖੀ ਮਾਇਆ ਬਟੋਰਦੇ ਹਨ। ਗੁਰੂ ਜੀ ਤਾਂ ਸਪੱਸ਼ਟ ਆਖ ਰਹੇ ਹਨ-

ਲੈ ਭਾੜਿ ਕਰੇ ਵੀਆਹੁ॥ ਕਢਿ ਕਾਗਲੁ ਦਸੇ ਰਾਹੁ॥

ਸੁਣਿ ਵੇਖਹੁ ਲੋਕਾ ਏਹੁ ਵਿਡਾਣੁ॥ ਮਨਿ ਅੰਧਾ ਨਾਉ ਸੁਜਾਣੁ॥ (471)

ਹੇ ਬ੍ਰਾਹਮਣ! ਤੂੰ ਆਪਣੇ ਆਪ ਨੂੰ ਕਾਬੂ ਵਿਚ ਨਾ ਰੱਖ ਸਕਿਆ। ਤੇਰਾ ਜੰਜੂ ਤੈਨੂੰ ਲਾਲਚ ਵਲੋਂ ਨਾ ਵਰਜ ਸਕਿਆ। ਬੱਚਿਆਂ ਦੇ ਵਿਆਹਾਂ ਵਿਚ ਤੂੰ ਭਾੜਾ (ਦਾਨ ਦੱਛਣਾ) ਲੈ ਕੇ ਰਸਮ ਪੂਰਤੀ ਕਰਦਾ ਹੈਂ। ਪੱਤਰੀ ਵੇਖ ਸ਼ੁੱਭ ਮਹੂਰਤ ਕੱਢਣ ਦੇ ਵੱਖਰੇ ਪੈਸੇ ਲੈ ਰਿਹਾ ਹੈਂ। ਲੋਕੋ ਧਿਆਨ ਸੁਣ ਲਉ। ਇਹੀ ਵਡੱਪਣ ਹੈ, ਇਸ ਪੁਜਾਰੀ ਦਾ? ਇਹ ਖੁਦ ਤਾਂ ਅਗਿਆਨੀ ਹੈ, ਅੰਨਾ ਹੈ। ਤੁਸੀ ਕਹੀ ਜਾਂਦੇ ਹੋ, ਬਹੁਤ ਸਿਆਣਾ ਹੈ।

ਇਨ੍ਹਾਂ "ਸਿਆਣੇ ਲੋਕਾਂ ਵਿਚ ਕੁੱਝ ਸਿੱਖਾਂ ਵਿਚਲੇ "ਸਿਆਣਿਆਂ" ਦੀ ਕਰਤੂਤ ਪ੍ਰੋ. ਸਾਹਿਬ ਸਿੰਘ ਜੀ (ਜੋ ਗੁਰਬਾਣੀ ਦੇ ਧੁਰੰਤਰ ਵਿਦਵਾਨ ਸਨ) ਨੂੰ ਲਾ ਲਾ ਕੇ ਸੁਣਾ ਕੇ, ਜਲੀਲ ਕਰਨ ਵਾਸਤੇ ਭਰੇ ਇਕੱਠ ਕਰਦਿਆਂ ਆਖਣ ਲੱਗੇ- "ਭਾਈ ਸਾਹਿਬ ਸਿੰਘ ਅੱਛੇ ਲੇਖਕ ਹਨ, ਚੰਗੇ ਬੁਲਾਰੇ ਹਨ ਤੇ ਵਧੀਆ ਸਿੱਖ ਹਨ। ਜੋ ਇਨ੍ਹਾਂ ਦਾ ਵਿਆਹ ਹੋਇਆ ਸੀ ਉਹ ਹਿਦੂ ਰੀਤ ਨਾਲ ਹੋਇਆ ਸੀ। ਸਿੱਖ ਧਰਮ ਵਿਚ ਅਨੰਦ ਕਾਰਜ ਵਾਲੀ ਰੀਤ ਪ੍ਰਵਾਨ ਹੈ, ਵੇਦੀ ਜਾਂ ਅੱਗ ਦੁਆਲੇ ਫੇਰੇ ਪ੍ਰਵਾਨ ਨਹੀਂ ਹਨ। ਸਾਹਿਬ ਸਿੰਘ ਜੀ ਨੂੰ ਚਾਹੀਦਾ ਹੈ ਕਿ ਦੁਬਾਰਾ ਅਨੰਦ ਕਾਰਜ ਰੀਤ ਅਨੁਸਾਰ ਵਿਆਹ ਕਰਵਾਉਣ। ਹੋਵੇਗਾ ਤਾਂ ਭਾਵੇਂ ਉਸ ਪਹਿਲਾਂ ਵਿਆਹੀ ਬੀਬੀ ਨਾਲ ਹੀ ਪਰ ਹੋਣਾ ਚਾਹੀਦਾ ਹੈ ਅਨੰਦ ਕਾਰਜ।

ਪ੍ਰਬੰਧਕਾਂ ਤੋਂ ਸਮਾਂ ਲੈ ਕੇ ਪ੍ਰੋ. ਸਾਹਿਬ ਸਿੰਘ ਨੇ ਆਪਣਾ ਪੱਖ ਕੁੱਝ ਇਸ ਤਰ੍ਹਾਂ ਰੱਖਿਆ- "ਕੁੱਝ ਜੋਸ਼ੀਲੇ ਨੌਜੁਆਨਾਂ ਨੇ ਜੋ ਇਤਰਾਜ ਉਠਾਇਆ ਹੈ ਕਿ ਦੁਬਾਰਾ ਅਨੰਦ ਰੀਤੀ ਨਾਲ ਵਿਆਹ ਹੋਣਾ ਚਾਹੀਦਾ ਹੈ, ਮੇਰੀ ਨਿਮਰਤਾ ਸਹਿਤ ਬੇਨਤੀ

ਹੈ ਕਿ ਪਹਿਲੇ ਫੇਰਿਆਂ ਵਾਲੀ ਰੀਤੀ ਨਾਲ ਹੋਏ ਵਿਆਹ ਤੋਂ ਬਾਅਦ ਸਾਡੇ ਬੱਚੇ ਭੀ ਜਨਮ ਲੈ ਚੁੱਕੇ ਹਨ। ਕਿਰਪਾ ਕਰ ਕੇ ਦੱਸ ਦਿਉ ਕਿ ਉਨ੍ਹਾਂ ਦਾ ਕੀ ਕੀਤਾ ਜਾਵੇ ? ਜੇ ਤੁਸੀ ਕੁੱਝ ਕਹਿਣਾ ਹੀ ਸੀ ਤਾਂ ਇਹ ਸੀ ਕਿ ਜਦੋਂ ਬੱਚੇ ਵੱਡੇ ਹੋ ਜਾਣ ਤਾਂ ਉਨ੍ਹਾਂ ਨੂੰ ਭੀ ਅੰਮ੍ਰਿਤ (ਖੰਡੇ ਕੀ ਪਾਹੁਲ) ਛਕਾ ਲਿਆ ਜਾਵੇ। ਜਿਸ ਤਰ੍ਹਾਂ ਦੀ ਤੁਸੀਂ ਗੱਲ ਕੀਤੀ ਹੈ ਇਸ ਵਿਚ ਸਿਆਣਪ ਘੱਟ ਹੈ, ਕੱਟੜਤਾ ਜਾਂ ਉਲਾਰਪੁਣਾ ਵੱਧ ਹੈ। ਕਿਰਪਾ ਕਰ ਕੇ ਸਵਾਲ ਕਰਨ ਤੋਂ ਪਹਿਲਾਂ ਸੋਚ ਤਾਂ ਲਿਆ ਕਰੋ...”। ਅੱਜ ਕੱਲ ਭੀ ਕਈ ਨਾ ਸਮਝ ਕੱਟੜ ਕਿਸਮ ਦੇ ਟਕਸਾਲੀਏ, ਖੰਡੇ ਕੀ ਪਾਹੁਲ ਛਕਣ ਵਾਲੇ ਜੋੜਿਆਂ ਨੂੰ ਆਮ ਹੀ “ਹੁਕਮ” ਸੁਣਾ ਦਿੰਦੇ ਹਨ, ਕਿ ਤੁਹਾਡਾ ਦੁਬਾਰਾ ਅਨੰਦ ਕਾਰਜ ਕਰਨਾ ਜ਼ਰੂਰੀ ਹੈ।

ਇਨ੍ਹਾਂ “ਲਾਵਾਂ” ਵਿਚ ਉਪਦੇਸ਼ ਤਾਂ ਸਾਰੇ ਜੀਵਾਂ ਲਈ ਸਾਂਝਾ ਹੈ। ਪਰ ਹੁਣ ਸਿੱਖਾਂ ਦੇ ਮੁਖੀਆਂ ਨੇ ਸੂਹੀ ਰਾਗ ਦੇ ਇਨ੍ਹਾਂ ਚਾਰ ਬੰਦਾਂ ਨੂੰ ਵਿਆਹ ਵਾਸਤੇ ਚੁਣ ਲਿਆ ਹੈ, ਇਸ ਲਈ ਮੌਜੂਦਾ ਸਮੇਂ ਵਿਚ ਇਸ ਤੋਂ ਵਧੀਆ ਹੋਰ ਰੀਤੀ ਨਹੀਂ ਹੈ। ਇਸ ਦਾ ਮੁੱਖ ਮਕਸਦ ਹੈ ਕਿ ਸਾਰੇ ਦੋਸਤਾਂ, ਰਿਸ਼ਤੇਦਾਰਾਂ, ਸ਼ਰੀਕੇ ਕਬੀਲੇ ਵਾਲਿਆਂ ਦੇ ਸਾਹਮਣੇ ਵਿਆਹ ਹੋਇਆ ਹੈ, ਸਾਰੇ ਗਵਾਹ ਹਨ। ਗੁਰੂ ਗ੍ਰੰਥ ਸਾਹਿਬ ਜੀ ਨੂੰ ਧਰਮ ਪੱਖੋਂ ਸਾਖ਼ਸ਼ੀ ਬਣਾਇਆ ਹੈ ਤਾਂ ਕਿ ਹਰ ਹਾਲਤ ਵਿਚ ਲੜਕਾ ਲੜਕੀ ਜੀਵਨ ਭਰ ਇਕੱਠੇ ਰਹਿਣ। ਪਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝ ਕੇ, ਹਰ ਤਰ੍ਹਾਂ ਦੇ ਮੰਦੇ ਚੰਗੇ ਹਾਲਾਤ ਵਿਚ ਇਕ ਦੂਜੇ ਪ੍ਰਤੀ ਵਫ਼ਾਦਾਰ ਰਹਿਣ। ਤਿੰਨਾਂ ਧਿਰਾਂ (ਸੰਗਤ, ਧਰਮ ਗ੍ਰੰਥ ਤੇ ਰੱਬ) ਸਾਹਮਣੇ ਕੀਤੇ ਗਏ ਪ੍ਰਣ ਦੋਵਾਂ ਨੂੰ ਇਕੱਠੇ ਰੱਖਣ ਵਿਚ ਮਦਦ ਕਰਦੇ ਹਨ। ਇਹ ਕੋਈ ਬੱਚਿਆਂ ਦੀ ਖੇਡ ਨਹੀਂ ਹੈ। ਪਤੀ ਪਤਨੀ ਨੂੰ ਇਕ ਦੂਜੇ ਲਈ ਆਪਣੇ ਆਪ ਨੂੰ ਕੁੱਝ ਕੁ ਬਦਲਣਾ ਪੈਂਦਾ ਹੀ ਹੈ। ਪਤੀ ਪਤਨੀ ਦੀ ਅਗਰ ਨਾ ਬਣਦੀ ਹੋਵੇ ਤਾਂ ਸਾਰੇ ਸੁਆਦ ਕਿਰਕਰੇ ਹੋ ਜਾਂਦੇ ਹਨ। ਘਰ ਭੂਤਾਂ ਦਾ ਬਸੇਰਾ ਪ੍ਰਤੀਤ ਹੁੰਦਾ ਹੈ। ਬੱਚਿਆਂ ’ਤੇ ਇਸ ਘਰੋਗੀ ਜੰਗ ਦਾ ਬਹੁਤ ਮਾਰੂ ਅਸਰ ਪੈਂਦਾ ਹੈ। ਇਕ ਦੂਜੇ ਤੋਂ ਚੋਰੀ ਛੁਪੇ ਆਦਮੀ ਤੀਵੀਂ ਬਾਹਰੋਂ ਖ਼ੁਸ਼ੀ ਭਾਲਣ ਦੀ ਕੋਸ਼ਿਸ਼ ਕਰਦੇ ਹਨ, ਜੋ ਪ੍ਰਵਾਰ ਨੂੰ ਅੰਧਕਾਰ ਵਿਚ ਡੋਬ ਸਕਦੀ ਹੈ। ਬਹੁਤ ਹੀ ਸੰਭਲ ਕੇ ਕਦਮ ਰੱਖਣ ਦੀ ਜ਼ਰੂਰਤ ਹੈ।

ਵਜੀ ਵਾਧਾਈ ਮਨਿ ਸਾਂਤਿ ਆਈ, ਮਿਲਿਆ ਪੁਰਖੁ ਅਪਾਰੀ ॥

ਬਿਨਵੰਤ ਨਾਨਕ ਸਿਮਰਿ ਹਰਿ ਹਰਿ, ਇਛ ਪੁੰਨੀ ਹਮਾਰੀ (544)

ਅਨੰਦ ਸੰਸਕਾਰ (ਸਿੱਖ ਰਹਿਤ ਮਰਿਆਦਾ ਵਿਚੋਂ)

ਸੰਨ 1925 ਵਿਚ ਸ਼੍ਰੋਮਣੀ ਕਮੇਟੀ ਹੋਂਦ ਵਿਚ ਆਉਣ ਤੋਂ ਬਾਅਦ ਵਿਦਵਾਨ ਗੁਰਸਿਖਾਂ ਨੇ ਮਹਿਸੂਸ ਕੀਤਾ ਸਿੱਖ ਰੀਤੀਆਂ ਵਿਚ ਇਕਸਾਰਤਾ ਲਿਆਉਣ ਲਈ ਕੋਈ ਨਿਅਮ ਘੜੇ ਜਾਣ, ਜੋ ਸੌਖੇ ਅਤੇ ਗੁਰਮਤਿ ਅਨੁਸਾਰੀ ਹੋਣ। ਇਸ ਦੀ ਤਿਆਰੀ ਵਾਸਤੇ ਪ੍ਰੋ. ਤੇਜਾ ਸਿੰਘ ਜੀ ਨੂੰ ਮੁਖੀ ਥਾਪਿਆ ਗਿਆ। ਉਨ੍ਹਾਂ ਨੇ ਅੱਗੋਂ ਆਪਣੇ ਸਹਿਯੋਗੀ ਵਿਦਵਾਨਾਂ ਤੋਂ ਸਮੇਂ ਸਮੇਂ ਸਿਰ ਰਾਏ ਲੈ ਕੇ "ਸਿੱਖ ਰਹਿਤ ਮਰਿਆਦਾ" ਨਾਮ ਦੀ ਪੁਸਤਕਾ ਤਿਆਰ ਕੀਤੀ। ਸੰਨ 1945 ਤੋਂ ਲੈ ਕੇ ਸ਼੍ਰੋਮਣੀ ਕਮੇਟੀ ਅਤੇ ਸਾਰੇ ਮਿਸ਼ਨਰੀ ਕਾਲਜ ਇਸ ਨੂੰ ਪ੍ਰਚਾਰਦੇ ਅਤੇ ਲਾਗੂ ਕਰਾਉਣ ਵਾਸਤੇ ਯਤਨਸ਼ੀਲ ਰਹੇ ਹਨ। ਡੇਰਿਆਂ, ਟਕਸਾਲਾਂ, ਨਿਹੰਗਾਂ ਅਤੇ ਬ੍ਰਾਹਮਣੀ ਸੋਚ ਵਾਲੇ ਸਾਧ ਲਾਣੇ ਨੇ ਇਸ ਰਹਿਤ ਮਰਿਆਦਾ ਨੂੰ ਕੂੜੇ ਦੇ ਢੇਰ ਵਿਚ ਸੁੱਟ ਦਿੱਤਾ। ਉਨ੍ਹਾਂ ਸਾਰਿਆਂ ਦੀਆਂ ਆਪੋ ਆਪਣੀ ਮਰਜ਼ੀ ਵਾਲੀਆਂ ਬ੍ਰਾਹਮਣੀ ਮਰਿਆਦਾਵਾਂ ਚੱਲ ਰਹੀਆਂ ਹਨ। ਦੁਖਦਾਈ ਪਹਿਲੂ ਇਹ ਹੈ ਕਿ ਸ਼੍ਰੋਮਣੀ ਕਮੇਟੀ ਨੇ ਡੇਰੇਦਾਰਾਂ ਨੂੰ ਕਦੀ ਸਖਤੀ ਨਾਲ ਮਰਿਆਦਾ ਲਾਗੂ ਕਰਨ ਵਾਸਤੇ ਆਖਿਆ ਹੀ ਨਹੀਂ। "ਜਥੇਦਾਰਾਂ" ਨੂੰ ਉਨ੍ਹਾਂ ਥਾਵਾਂ 'ਤੇ ਕਰਮ ਕਾਂਡ 'ਤੇ ਮਨਮਤ ਹੁੰਦੀ ਕਦੀ ਨਜ਼ਰ ਹੀ ਨਹੀਂ ਆਈ। ਅਸਲ ਵਿਚ ਸ਼੍ਰੋਮਣੀ ਕਮੇਟੀ ਨੇ ਡੇਰੇਦਾਰਾਂ ਕੋਲੋਂ ਦੋ ਅੱਖਰ ਸਿੱਖੇ ਹੋਏ ਵਿਅਕਤੀਆਂ ਨੂੰ, ਇਤਿਹਾਸਕ ਗੁਰਦਵਾਰਿਆਂ ਵਿਚ ਗ੍ਰੰਥੀ ਨਿਯੁਕਤ ਕਰ ਦਿੱਤਾ। ਇਨ੍ਹਾਂ ਨੂੰ ਅੱਗੋਂ ਤਰੱਕੀ ਦੇ ਕੇ ਸਿੰਘ ਸਾਹਿਬੀ ਵਾਲੀ ਤਖਤੀ ਗਲ ਵਿਚ ਪਾ ਕੇ "ਜਥੇਦਾਰ" ਥਾਪ ਦਿੱਤਾ। ਨਾ ਇਨ੍ਹਾਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ, ਨਾ ਪੰਥਕ ਹਾਲਾਤ ਨਾਲ ਕੋਈ ਹਮਦਰਦੀ। ਬਸ ਆਪਣੇ ਉਪਰ ਵਾਲਿਆਂ ਨੂੰ ਖ਼ੁਸ਼ ਰਖੋ ਤੇ ਪੈਸੇ ਇਕੱਠੇ ਕਰੋ।" ਇਸੇ ਕਾਰਨ ਪੰਥ ਖੱਖੜੀ ਕਰੇਲੇ ਹੋ ਚੁੱਕਿਆ ਹੈ, ਪਰ ਇਨ੍ਹਾਂ ਦੀ ਅੱਖ ਵਿਚੋਂ ਕਦੀ ਹੰਝੂ ਨਹੀਂ ਟਪਕਿਆ। ਇਸੇ ਕਾਰਨ ਸਿੱਖਾਂ ਦੇ ਸਾਰੇ ਡੇਰੇ, ਸਾਰੇ ਜਥੇ, ਸਾਰੇ ਗੁਰਦੁਆਰੇ ਅੱਡੋ ਅੱਡ ਤਰ੍ਹਾਂ ਦੀ ਡਫਲੀ ਵਜਾ ਰਹੇ ਹਨ।

"ਸਿੱਖ ਰਹਿਤ ਮਰਿਆਦਾ" ਦੇ ਪੰਨਾ ਨੰ. 22 'ਤੇ ਅਨੰਦ ਕਾਰਜ ਬਾਰੇ ਇਉਂ ਅੰਕਤ ਹੈ-

ੳ. ਸਿੱਖ ਲੜਕੀ ਦਾ ਵਿਆਹ, ਬਿਨਾਂ ਜਾਤ ਪਾਤ ਅਤੇ ਗੋਤ ਵਿਚਾਰ ਦੇ ਹੋਣਾ ਚਾਹੀਦਾ ਹੈ।

ਅ. ਸਿਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

ੲ. ਸਿੱਖ ਦਾ ਵਿਆਹ "ਅਨੰਦ" ਰੀਤੀ ਨਾਲ ਕਰਨਾ ਚਾਹੀਦਾ ਹੈ।

ਸ. ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਰਜਿਤ ਹੈ।

ਹ. ਜਦੋਂ ਲੜਕੀ ਸਰੀਰ, ਮਨ ਤੇ ਆਚਾਰ ਕਰ ਕੇ ਵਿਆਹ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ "ਅਨੰਦ" ਪੜ੍ਹਾਇਆ ਜਾਵੇ।

ਕ. "ਅਨੰਦ" ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ। ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕਿਰਪਾਨ, ਕੜਾ ਤੇ ਕੁੱਝ ਮਿਠਾ ਲੜਕੇ ਦੇ ਪੱਲੇ ਵਿਚ ਪਾ ਦੇਣ।

ਖ. "ਅਨੰਦ" ਦਾ ਦਿਨ ਮੁਕੱਰਰ ਕਰਨ ਲੱਗਿਆਂ ਕੋਈ ਥਿਤ ਵਾਰ, ਚੰਗੇ ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਣੀ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਚੰਗਾ ਲੱਗੇ ਨੀਅਤ ਕਰ ਲੈਣਾ ਚਾਹੀਦਾ ਹੈ।

ਗ. ਸਿਹਰਾ ਮੁਕਟ ਜਾਂ ਗਾਨਾ ਬੰਨ੍ਹਣਾ, ਪਿੱਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸ਼ਵਾ ਦਾ ਨਾਚ, ਸ਼ਰਾਬ ਦੀ ਵਰਤੋਂ, ਸਭ ਮਨ੍ਹਾ ਹਨ।

ਘ. ਜਿੰਨੇ ਥੋੜੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਹੀ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ। ਮਿਲਣ ਲੱਗਿਆਂ "ਫ਼ਤਹਿ" ਬੁਲਾਈ ਜਾਵੇ।

ਙ. ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲੱਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ "ਅਨੰਦ" ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਔਰਤ) ਲੜਕੇ ਲੜਕੀ ਤੇ ਉਨ੍ਹਾਂ ਦੇ ਮਾਪਿਆਂ ਜਾਂ ਸਰਬਰਾਹਾਂ ਨੂੰ ਖੜੇ ਕਰ ਕੇ, "ਅਨੰਦ" ਦਾ ਅਰਦਾਸਾ ਸੋਧੇ। ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਿਹਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲਾਂ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ ਪਤਨੀ ਦੇ ਸਬੰਧ ਨੂੰ ਜੀਵ ਅਤੇ ਪ੍ਰਮਾਤਮਾ ਦੇ ਪਿਆਰ ਵਾਲੇ ਨਮੂਨੇ ਉਤੇ ਢਾਲਣ ਦੀ ਵਿਧੀ ਦੱਸੇ। ਆਪਸ ਵਿਚ ਪ੍ਰੇਮ

ਦੁਆਰਾ **"ਏਕ ਜੋਤਿ ਦੁਇ ਮੂਰਤੀ ਧਨ ਪਿਰੁ ਕਹੀਐ ਸੋਇ ॥"** (788) ਹੋਣਾ ਦੱਸੇ। ਇਸ ਤਰ੍ਹਾਂ ਗ੍ਰਿਹਸਤ ਧਰਮ ਨਿਭਾ ਹੁੰਦੇ ਹੋਏ, ਆਪਣੇ ਸਾਂਝੇ ਭਰਤਾ "ਅਕਾਲ ਪੁਰਖ" ਨਾਲ ਇਕ ਮਿਕ ਹੋਣਾ ਦ੍ਰਿੜਾਏ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫ਼ਲਤਾ ਨਾਲ ਨਿਭਾਹੁਣ ਦਾ ਸਾਧਨ ਬਣਾਉਣਾ ਹੈ। ਦੋਹਾਂ ਨੇ ਇਸ ਸੰਜੋਗ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਤੀਤ ਕਰਨਾ ਹੈ। ਫਿਰ ਲੜਕੇ ਅਤੇ ਲੜਕੀ ਨੂੰ ਆਪੋ ਆਪਣੇ ਵੱਖੋ-ਵੱਖਰੇ ਗ੍ਰਿਹਸਤ ਧਰਮ ਦੇ ਫ਼ਰਜ਼ ਦੱਸੇ ਜਾਣ।

ਵਰ ਨੂੰ ਦੱਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਤੁਸੀ ਇਸ ਲੜਕੀ ਨੂੰ "ਅਰਧੰਗੀ" ਜਾਣ ਕੇ ਸਾਰੀਆਂ (ਦੁੱਖ ਸੁਖ) ਅਵਸਥਾਂ ਵਿਚ ਇਕੋ ਜਿਹਾ ਪਿਆਰ ਕਰਨਾ ਹੈ ਤੇ ਵੰਡ ਛਕਣਾ ਹੈ। ਇਸ ਦੇ ਸਰੀਰ ਅਤੇ ਇੱਜਤ ਦੇ ਰਾਖੇ ਤੁਸੀ ਹੋ। "ਇਸਤਰੀ ਬਰਤ ਧਰਮ" ਵਿਚ ਪੱਕੇ ਰਹਿਣਾ। ਲੜਕੀ ਦੇ ਮਾਤਾ ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਬੰਧੀਆਂ ਤੁੱਲ ਆਦਰ ਦੇਣਾ। ਕੰਨਿਆਂ ਨੂੰ ਦੱਸਿਆ ਜਾਵੇ ਕਿ ਤੁਹਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਤੁਸੀਂ ਇਸ ਦੇ "ਨਿਰਮਲ ਭਉ" ਵਿਚ ਰਹਿੰਦੇ ਹੋਏ, ਇਸ ਨੂੰ ਆਪਣੇ ਪ੍ਰੇਮ ਦਾ ਮਾਲਕ ਸਮਝਣਾ। ਦੁੱਖ ਸੁੱਖ, ਦੇਸ਼ ਪ੍ਰਦੇਸ਼ ਵਿਚ ਆਪਣੇ ਪਤੀ ਬ੍ਰਤ ਧਰਮ ਵਿਚ ਪੱਕੇ ਰਹਿਣ। ਇਨ੍ਹਾਂ ਦੇ ਮਾਤਾ ਪਿਤਾ ਤੇ ਸਬੰਧੀਆਂ ਨੂੰ ਆਪਣੇ ਮਾਤਾ ਪਿਤਾ ਤੇ ਸਬੰਧੀਆਂ ਵਾਂਗ ਜਾਣਨਾ।

- ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆਂ ਦੋਵੇਂ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ। ਤਾਬਿਆ ਬੈਠਾ ਸੱਜਣ ਸੂਹੀ ਮਹਲਾ ਚੌਥਾ (773) ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ, ਅੱਗੇ ਵਰ ਤੇ ਪਿੱਛੇ ਕੰਨਿਆਂ, ਵਰ ਦਾ ਪੱਲਾ ਫੜ ਕੇ, ਗੁਰੂ ਗ੍ਰੰਥ ਸਾਹਿਬ ਦੀਆਂ ਚਾਰ ਵਾਰੀ ਪ੍ਰਕਰਮਾ ਕਰਨ। ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ। ਵਰ ਅਤੇ ਕੰਨਿਆਂ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ, ਅਗਲੀ ਲਾਂਵ ਸੁਣਨ ਲਈ ਖੜੇ ਹੋ ਜਾਣ। ਉਪ੍ਰੰਤ ਮੱਥਾ ਟੇਕ ਕੇ ਆਪਣੀ ਥਾਂ ਬੈਠ ਜਾਣ। ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ ਬਾਣੀ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ।

ਫਿਰ "ਅਨੰਦ ਕਾਰਜ" ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ। ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

ਚ. ਅਨਮਤ (ਜੋ ਸਿੱਖ ਨਹੀਂ) ਵਾਲਿਆਂ ਦਾ ਵਿਆਹ "ਅਨੰਦ" ਰੀਤੀ ਨਾਲ ਨਹੀਂ ਹੋ ਸਕਦਾ।

ਛ. ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ।

ਜ. ਜੇ ਬਾਲਕੀ ਦੇ ਮਾਪੇ ਕਦਾਂਚ ਸਬੱਬ ਪਾ ਕੇ ਬਾਲਕੀ ਗ੍ਰਿਹ (ਸਹੁਰੇ ਘਰ) ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ ਤਾਂ ਛਕਣ ਤੋਂ ਸੰਕੋਚ ਨਹੀਂ ਕਰਨਾ। ਅੰਨ ਨਾ ਖਾਣਾ ਸਭ ਭਰਮ ਹੈ। ਖਾਲਸੇ ਨੂੰ, ਖਾਣਾ ਖਵਾਲਣਾ ਗੁਰੂ ਬਾਬੇ ਅਕਾਲ ਪੁਰਖ ਬਖਸ਼ਿਆ ਹੈ। ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ। ਇਸੇ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕੱਠੇ ਕੀਤੇ ਹਨ।

ਝ. ਜਿਸ ਇਸਤਰੀ ਦਾ ਭਰਤਾ (ਪਤੀ) ਕਾਲਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ ਸੰਜੋਗ ਕਰ ਲਵੇ। ਸਿੱਖ ਦੀ ਇਸਤਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ।

ਞ. ਪੁਨਰ (ਦੁਬਾਰਾ) ਵਿਆਹ ਦੀ ਭੀ ਇਹੋ ਰੀਤ ਹੈ ਜੋ "ਅਨੰਦ" ਲਈ ਉਪਰ ਦੱਸੀ ਹੈ।

ਟ. ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।

ਠ. ਅੰਮ੍ਰਿਤਧਾਰੀ (ਖੰਡੇ ਕੀ ਪਾਹੁਲ ਲੈ ਚੁੱਕਿਆ) ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਪਤਨੀ ਨੂੰ ਭੀ ਅੰਮ੍ਰਿਤ ਛਕਾ ਲਵੇ।

ਇਸ ਰਹਿਤ ਮਰਿਆਦਾ ਨੂੰ ਬਣਿਆਂ ਕਰੀਬ ਸੱਤਰ ਸਾਲ ਹੋ ਚੁੱਕੇ ਹਨ। ਮੌਜੂਦਾ ਹਾਲਾਤ ਮੁਤਾਬਕ ਇਸ ਵਿਚ ਕਈ ਸਾਰੀਆਂ ਤਬਦੀਲੀਆਂ ਦੀ ਲੋੜ ਹੈ। ਅਫਸੋਸ ਦੀ ਗੱਲ ਇਹ ਹੈ ਕਿ ਲੋੜ ਮੁਤਾਬਕ ਸੁਧਾਰ ਕਰਨੇ ਤਾਂ ਦੂਰ ਦੀ ਗੱਲ, ਹਾਲੇ ਤੱਕ ਤਾਂ ਇਹ "ਸਿੱਖ ਰਹਿਤ ਮਰਿਆਦਾ" ਸਿੱਖਾਂ ਨੇ ਸਵੀਕਾਰ ਹੀ ਨਹੀਂ ਕੀਤੀ। ਜਾਤਾਂ ਗੋਤਾਂ ਦੇ ਚਿੱਕੜ ਵਿਚੋਂ ਸਿੱਖ ਬਾਹਰ ਨਹੀਂ ਨਿਕਲ ਸਕੇ। ਜੋਤਿਸ਼ ਟੂਣੇ ਸ਼ਗਨ ਅਪਸ਼ਗਨਾਂ ਵਿਚ ਗਰਕੇ ਪਏ ਨੇ। ਦਾਜ ਦੀ ਹਵਸ ਵਿਚ ਦੀਨ ਈਮਾਨ ਖੰਭ ਲਾ ਕੇ ਉੱਡ ਚੁਕਿਆ ਹੈ। ਵਿਖਾਵੇ ਵਾਲੀ ਅੰਨ੍ਹੀ ਰੀਸ ਨੇ ਸਿੱਖਾਂ ਨੂੰ ਕੰਗਾਲ ਤੇ ਕਰਜ਼ਈ ਬਣਾ ਧਰਿਆ ਹੈ। ਸਿੱਖਾਂ ਦੇ ਵਿਆਹਾਂ ਵਿਚ ਸ਼ਰਾਬ ਦੇ ਦਰਿਆ ਵਗਦੇ ਹਨ। ਨੂੰਹਾਂ ਧੀਆਂ ਦਾਦੀਆਂ, ਦਾਦੇ ਪੋਤਰੇ ਸਾਰੇ ਰਲ ਮਿਲ ਬੜੀ ਬੇ ਹਯਾਈ ਨਾਲ ਕੰਜਰੀਆਂ ਦਾ ਨਾਚ ਵੇਖਦੇ ਹਨ। ਕੰਜਰਾਂ ਵਾਲੇ ਗੰਦੇ ਗੀਤ

ਸੁਣਦੇ ਹਨ। ਸੈਂਕੜਿਆਂ ਹਜ਼ਾਰਾਂ ਦੀ ਗਿਣਤੀ ਵਿਚ ਬਰਾਤਾਂ ਦੇ ਨਾਮ ਹੇਠ, "ਭੁੱਖੜ ਰਿਗਝਾਂ" ਖਾਣੇ ਤੇ ਆ ਡਿਗਦੀਆਂ ਹਨ।

ਅੱਜ ਕੱਲ ਲੜਕੀਆਂ ਇਤਰਾਜ ਉਠਾਉਂਦੀਆਂ, ਸਵਾਲ ਕਰਦੀਆਂ ਹਨ- "ਸਿੱਖ ਅਖਵਾਉਣ ਵਾਲਿਓ! ਸਾਨੂੰ ਕਿੰਨੀ ਕੁ ਦੇਰ ਤੱਕ ਆਪਣਾ ਪੱਲਾ ਫੜਾ ਕੇ ਨੀਵੀਂ ਪਾ ਕੇ ਪਿੱਛੇ ਪਿੱਛੇ ਟੋਰੀ ਰੱਖੋਗੇ ?ਕਦੀ ਗੁਰਬਾਣੀ ਦਾ ਹੁਕਮ ਮੰਨ ਕੇ ਬ੍ਰਾਬਰ ਦਾ ਅਧਿਕਾਰ ਭੀ ਦਿਉਗੇ? ਤੁਸੀ ਤਾਂ ਸਾਨੂੰ ਜਿਉਣ ਦਾ ਹੱਕ ਹੀ ਨਹੀਂ ਦੇਣਾ ਚਾਹੁੰਦੇ, (ਭਰੂਣ ਨੂੰ ਹੀ ਮਾਰ ਦਿੰਦੇ ਹੋ) ਬ੍ਰਾਬਰ ਦੀ ਗੱਲ ਤਾਂ ਹਾਲੀ ਬਹੁਤ ਦੂਰ ਹੈ। ਜਿਹੜੇ ਹਿੰਦੂ ਲੋਕ ਔਰਤ ਨੂੰ ਅਤਿਅੰਤ ਘਟੀਆ ਕਹਿੰਦੇ ਰਹੇ ਹਨ। ਉਹ ਤੁਹਾਡੇ ਨਾਲੋਂ ਇਸ ਮਾਮਲੇ ਵਿਚ ਚੰਗੇ ਨਿਕਲੇ। ਕਾਂਗਰਸ ਪਾਰਟੀ ਦੀ ਪਰਧਾਨ ਬੀਬੀ ਸੋਨੀਆ ਗਾਂਧੀ। ਅਸਿੱਧੇ ਰੂਪ ਵਿਚ ਦੇਸ਼ ਦੀ ਪ੍ਰਧਾਨ ਮੰਤਰੀ ਭੀ ਬੀਬੀ ਸੋਨੀਆ। ਦੇਸ਼ ਦੀ ਰਾਸ਼ਟਰਪਤੀ, ਬੀਬੀ ਪ੍ਰਤਿਭਾ ਪਾਟਿਲ। ਲੋਕ ਸਭਾ ਦੀ ਸਪੀਕਰ ਬੀਬੀ ਮੀਰਾ ਕੁਮਾਰ। ਸਭ ਤੋਂ ਵੱਡੇ ਮਹਿਕਮੇ, ਰੇਲ ਵਿਭਾਗ ਦੀ ਮੁਖੀ ਬੀਬੀ ਮਮਤਾ ਬੈਨਰਜੀ। ਸਿੱਖਾਂ ਦੇ ਮੁਖੀਆਂ ਨੇ ਅਜੇ ਇਸ ਪਾਸੇ ਸੋਚਿਆ ਤੱਕ ਨਹੀਂ। ਅੱਜ ਤਕ (1920 ਤੋਂ ਲੈ ਕੇ) ਕੋਈ ਸਿੱਖ ਬੀਬੀ ਅਕਾਲ ਤਖਤ ਦੀ ਸੇਵਾਦਾਰ ਬਣਨ ਦਾ ਸੁਪਨਾ ਤਕ ਨਹੀਂ ਲੈ ਸਕਦੀ। ਗੁਰਦੁਆਰੇ ਦੇ ਫੰਡਾਂ ਵਿਚੋਂ ਕਰੋੜਾਂ ਰੁਪਏ ਬਾਦਲ ਐਂਡ ਪਾਰਟੀ ਨੂੰ "ਰਿਸ਼ਵਤ" ਦੇ ਕੇ ਥੋੜੇ ਜਿੰਨੇ ਸਮੇਂ ਵਾਸਤੇ ਸ੍ਰੀਮਤੀ ਜਗੀਰ ਕੌਰ ਸ਼੍ਰੋਮਣੀ ਕਮੇਟੀ ਦੀ ਪ੍ਰਧਾਨ ਬਣੀ ਸੀ (1999 ਤੋਂ ਦਸੰਬਰ 2000 ਤਕ) ਤੇ ਛੇਤੀ ਹੀ ਰੁਖ਼ਸਤ ਕਰ ਦਿੱਤੀ। ਦਰਬਾਰ ਸਾਹਿਬ ਦੀ ਗ੍ਰੰਥੀ ਕੋਈ ਸਿੱਖ ਬੀਬੀ ਨਹੀਂ ਲੱਗ ਸਕਦੀ। ਦਰਬਾਰ ਸਾਹਿਬ ਵਿਚ ਕੋਈ ਬੀਬੀ ਕੀਰਤਨ ਨਹੀਂ ਕਰ ਸਕਦੀ। ਹੋਰ ਤਾਂ ਹੋਰ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਚ ਕੋਈ ਸਿੱਖ ਬੀਬੀ ਸਫਾਈ ਸੇਵਾ ਨਹੀਂ ਕਰ ਸਕਦੀ। ਬਾਬਾ ਨਾਨਕ ਜੀ 500 ਸਾਲ ਪਹਿਲਾਂ ਕੀ ਕਹਿ ਗਏ ਤੇ ਸਿੱਖ ਅੱਜ ਤੱਕ ਕੀ ਕਰ ਰਹੇ ਹਨ ?

ਇਕ ਧੀ ਦਾ ਕਤਲ

ਰਾਜਾ ਭੀਮ ਸਿੰਘ ਉਦੈਪੁਰ ਦੀ ਬੇਟੀ ਕ੍ਰਿਸ਼ਨਾ ਅਤਿਅੰਤ ਸੁੰਦਰ ਅਤੇ ਸਮਝਦਾਰ ਸੀ। ਇਸ ਦੀ ਮੰਗਣੀ ਜੋਧਪੁਰ ਦੇ ਰਾਜਾ ਜੀਤ ਸਿੰਘ ਨਾਲ ਹੋ ਗਈ। ਬਿਮਾਰੀ ਕਾਰਨ ਜੀਤ ਸਿੰਘ ਕੁੱਝ ਸਮੇਂ ਬਾਅਦ ਮਰ ਗਿਆ। ਰਾਜ ਗੱਦੀ 'ਤੇ ਉਸ ਦਾ ਭਰਾ ਮਾਨ ਸਿੰਘ ਬੈਠਾ। ਮਾਨ ਸਿੰਘ ਚਾਹੁੰਦਾ ਸੀ ਕਿ ਇੰਨੀ ਸੁੰਦਰ ਤੇ ਸਿਆਣੀ ਕ੍ਰਿਸ਼ਨਾ ਮੇਰੀ ਪਤਨੀ ਬਣੇ। ਮਾਨ ਸਿੰਘ ਸੁਭਾਅ ਦਾ ਅੱਖੜ ਜਿਹਾ ਸੀ। ਕ੍ਰਿਸ਼ਨਾ ਦੇ ਪਿਤਾ ਨੇ ਰਿਸ਼ਤਾ ਦੇਣ ਤੋਂ ਨਾਂਹ ਕਰ ਦਿੱਤੀ। ਜੈਪੁਰ ਦਾ ਰਾਜਾ ਜਗਤ ਸਿੰਘ ਚਾਹੁੰਦਾ ਸੀ ਕ੍ਰਿਸ਼ਨਾ ਮੇਰੀ ਰਾਣੀ ਬਣੇ। ਤਲਖੀ ਵਧਦੀ ਗਈ, ਤਿੰਨੇ ਧਿਰਾਂ ਆਪੋ ਆਪਣੀ ਫ਼ੌਜ ਲੈ ਕੇ ਮੈਦਾਨ 'ਚ ਆ ਗਈਆਂ। ਘਮਸਾਣ ਦੀ ਜੰਗ ਹੁੰਦੀ ਰਹੀ। ਤਿੰਨਾਂ ਧਿਰਾਂ ਦੇ ਅਣਗਿਣਤ ਸਿਪਾਹੀ ਮਾਰੇ ਗਏ। ਲਾਚਾਰ ਹੋ ਕੇ ਰਾਜਾ ਭੀਮ ਸਿੰਘ ਨੇ ਆਪਣੀ ਹੋਣਹਾਰ ਬੇਟੀ ਨੂੰ ਮਾਰ ਦੇਣ ਦਾ ਫੈਸਲਾ ਕਰ ਲਿਆ। ਰਾਜੇ ਨੇ ਆਪਣੇ ਸੈਨਾਪਤੀ ਨੂੰ ਹੁਕਮ ਦੇ ਦਿੱਤਾ, "ਜਾਉ ਇਸੇ ਵਕਤ ਮੇਰੀ ਬੇਟੀ ਕ੍ਰਿਸ਼ਨਾ ਨੂੰ ਕਤਲ ਕਰ ਦਿਓ। ਉਸ ਦਾ ਕੱਟਿਆ ਸਿਰ ਦੁਸ਼ਮਣਾਂ ਨੂੰ ਵਿਖਾ ਦਿਉ ਤਾਂ ਕਿ ਹੋਰ ਲੋਕ ਨਾ ਮਰਨ।" ਫੌਜੀ ਜਰਨੈਲ ਰਾਜੇ ਦਾ ਹੁਕਮ ਮੰਨ ਕੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਕ੍ਰਿਸ਼ਨਾ ਦੇ ਸਾਹਮਣੇ ਜਾ ਖਲੋਤਾ। ਮਨ ਪਹਿਲਾਂ ਹੀ ਬਹੁਤ ਬੇਚੈਨ ਸੀ। ਮਾਸੂਮ ਸੁੰਦਰ ਬੇਕਸੂਰ, ਕੋਮਲ ਕਲੀ ਵੱਲ ਵੇਖ ਕੇ ਮਨ ਕੁਰਲਾ ਉੱਠਿਆ। ਕ੍ਰਿਸ਼ਨਾ ਨੂੰ ਨਮਸਕਾਰ ਕਰ ਕੇ ਵਾਪਸ ਰਾਜੇ ਦੇ ਚਰਨਾਂ 'ਤੇ ਢਹਿ ਪਿਆ। ਬੋਲਿਆ, "ਮਹਾਰਾਜ! ਮੈਂ ਜੰਗ ਵਿਚ ਲੜ ਰਹੇ ਸਿਪਾਹੀਆਂ ਤੇ ਜਰਨੈਲਾਂ ਨੂੰ ਮੌਤ ਦੇ ਘਾਟ ਉਤਾਰ ਸਕਦਾ ਹਾਂ। ਇਸ ਤਲਵਾਰ ਨੇ ਅਣਗਿਣਤ ਲੋਕਾਂ ਦਾ ਖੂਨ ਪੀਤਾ ਹੈ। ਜਿਨ੍ਹਾਂ ਨੂੰਹਾਂ ਧੀਆਂ ਕਾਰਨ ਇਹ ਸਮਾਜ ਰਸ ਭਰਪੂਰ ਬਣਿਆ ਹੋਇਆ ਹੈ, ਮੈਂ ਉਸ ਮਹਿਕਦੇ ਟਹਿਕਦੇ ਕੋਮਲ ਫੁਲ ਨੂੰ ਕਤਲ ਨਹੀਂ ਕਰ ਸਕਦਾ। ਆਹ ਲਉ ਤਲਵਾਰ, ਮੇਰੀ ਗਰਦਣ ਉਤਾਰ ਦਿਉ, ਮੈਂ ਬੱਜਰ ਪਾਪ ਨਹੀਂ ਕਰ ਸਕਦਾ।"

ਰਾਜੇ ਨੇ ਪਾਲਣ ਵਾਲੀਆਂ ਦਾਈਆਂ ਦੀ ਮੁਖੀ ਨੂੰ ਬੁਲਾ ਕੇ ਹੁਕਮ ਦਿੱਤਾ, "ਜਾਉ ਕ੍ਰਿਸ਼ਨਾ ਨੂੰ ਜਹਿਰ ਦਾ ਪਿਆਲਾ ਪਿਆ ਦਿਓ। ਇਸ ਲੜਕੀ ਕਾਰਨ ਬਹੁਤ ਲੋਕ ਮਰ ਗਏ। ਪਤਾ ਨਹੀਂ ਕਿੰਨੇ ਮਰਨ ਵਾਲੇ ਹਨ।" ਦਾਈ ਨੇ ਰਾਜੇ ਦੇ ਪੈਰ ਫੜ ਲਏ। ਭੁੱਬਾ ਮਾਰਦੀ ਨੇ ਤਰਲਾ ਕੀਤਾ, "ਮਹਾਰਾਜ ਸਾਨੂੰ ਸਾਰੀਆਂ ਨੂੰ

ਤੁਸੀ ਖੁਦ ਹੀ ਮਾਰ ਦਿਓ, ਫਾਂਸੀ ਲਟਕਾ ਦਿਓ ਪਰ ਇਹ ਪਾਪ ਮੈਂ ਨਹੀਂ ਕਰ ਸਕਦੀ।" ਅਤਿਅੰਤ ਪ੍ਰੇਸ਼ਾਨੀ ਵਿਚ ਰਾਜ ਵੈਦ ਨੂੰ ਸੱਦਿਆ ਗਿਆ। ਰਾਜ ਵੈਦ ਨੂੰ ਰਾਜੇ ਨੇ ਸਾਰੀ ਵਿਥਿਆ ਸੁਣਾਈ। ਕਿਸੇ ਤਰਲ ਪਦਾਰਥ ਵਿਚ ਜ਼ਹਿਰ ਮਿਲਾ ਕੇ ਪਿਲਾ ਦੇਣ ਲਈ ਆਖਿਆ ਤਾਂ ਕਿ ਕ੍ਰਿਸ਼ਨਾ ਸੌਖਿਆਂ ਹੀ ਮਰ ਜਾਵੇ। ਰਾਜ ਵੈਦ ਨੇ ਗੁਲਾਬ ਦੇ ਅਰਕ (ਜੂਸ) ਵਿਚ ਜਹਿਰ ਮਿਲਾ ਕੇ, ਕ੍ਰਿਸ਼ਨਾ ਅੱਗੇ ਰੱਖ ਦਿੱਤਾ ਅਤੇ ਪਿਤਾ ਦੀ ਆਗਿਆ ਬਾਰੇ ਸਾਰੀ ਗੱਲ ਕਹਿ ਸੁਣਾਈ। ਬੀਬੀ ਕ੍ਰਿਸ਼ਨਾ ਨੇ ਜਹਿਰ ਪੀਣਾ ਪ੍ਰਵਾਨ ਕਰ ਲਿਆ। ਆਖਰੀ ਇੱਛਾ ਦੇ ਤੌਰ 'ਤੇ ਆਪਣੇ ਪਿਤਾ ਅਤੇ ਮਾਤਾ ਨੂੰ ਆਪਣੇ ਕੋਲ ਬੁਲਾ ਲਿਆ। ਮਾਤਾ-ਪਿਤਾ ਦੇ ਸਾਹਮਣੇ ਕ੍ਰਿਸ਼ਨਾ ਨੇ ਜ਼ਹਿਰ ਦਾ ਪਿਆਲਾ ਡੀਕ ਲਾ ਕੇ ਇਕੋ ਸਾਹ ਪੀ ਲਿਆ। ਬੇਹੋਸ਼ ਹੋਣ ਤੋਂ ਪਹਿਲਾਂ ਬੜੇ ਠਰੰਮੇ ਨਾਲ ਉਸ ਨੇ ਕੁੱਝ ਸਦਾ ਯਾਦ ਰੱਖਣ ਵਾਲੀਆਂ ਗੱਲਾ ਆਖੀਆਂ, "ਸਤਿਕਾਰਯੋਗ ਮਾਤਾ ਜੀ, ਪਿਤਾ ਜੀ! ਤੁਸੀਂ ਧੰਨਤਾਯੋਗ ਹੋ, ਬਹੁਤ ਮਹਾਨ ਹੋ, ਮੈਂ ਤੁਹਾਡਾ ਦੇਣ ਕਦੀ ਨਹੀਂ ਦੇ ਸਕਾਂਗੀ। ਤੁਸੀਂ ਮੈਨੂੰ ਜਨਮ ਦਿੱਤਾ, ਪਾਲਿਆ, ਖਿਡਾਇਆ, ਵਧੀਆਂ ਪਹਿਨਾਇਆ ਤੇ ਖਵਾਇਆ। ਵਧੀਆ ਵਿੱਦਿਆ ਦਿੱਤੀ। ਜਿੰਦਗੀ ਦੇ ਸਾਰੇ ਪਿਆਰ ਲਾਡ ਤੁਸੀ ਮੈਨੂੰ ਦਿੱਤੇ। ਸਾਡੇ ਖਾਨਦਾਨਾਂ ਵਿਚ ਲੜਕੀਆਂ ਨੂੰ ਜਨਮ ਲੈਂਦੀਆਂ ਨੂੰ ਹੀ ਕਤਲ ਕਰ ਦਿੰਦੇ ਹਨ। ਫਿਰ ਬਹੂ (ਨੂੰਹ) ਪ੍ਰਾਪਤ ਕਰਨ ਵਾਸਤੇ ਜੰਗ ਕਰਦੇ ਹਨ, ਹੋਰ ਲੋਕ ਮਰਦੇ ਹਨ। ਤੁਸੀ ਬਹੁਤ ਚੰਗੇ ਹੋ, ਮੈਨੂੰ ਵੀਹ ਸਾਲ ਤੁਸੀ ਜਿਉਣ ਦਾ ਹੱਕ ਦੇਈ ਰੱਖਿਆ। ਇਨ੍ਹਾਂ ਵੀਹ ਸਾਲਾਂ ਵਿਚ ਮੈਂ ਅਨੰਤ ਸੁੱਖ ਭੋਗੇ। ਵੀਹ ਸਾਲ ਜੀਵਨ ਦਾਨ ਦੇਣ ਲਈ ਤੁਹਾਡਾ ਧੰਨਵਾਦ..."। ਕ੍ਰਿਸ਼ਨਾ ਦੇ ਦੋਵੇਂ ਹੱਥ ਜੁੜ ਗਏ ਅੱਖਾਂ ਬੰਦ ਹੋ ਗਈਆਂ ਕੁੱਝ ਹੀ ਪਲਾਂ ਵਿਚ ਉਹ ਮਿੱਟੀ ਦੀ ਢੇਰੀ ਬਣ ਗਈ। ਸੇਵਾਦਾਰਾਂ ਨੇ ਉਸ ਦੀ ਮੁਰਦਾ ਦੇਹ ਨੂੰ ਫੌਜੀ ਜਰਨੈਲਾਂ ਅੱਗੇ ਜਾ ਰੱਖਿਆ। ਜਿਸ ਕ੍ਰਿਸ਼ਨਾ ਵਾਸਤੇ ਤੁਸੀ ਲੜ ਰਹੇ ਸੀ ਆਹ ਪਈ ਹੈ ਲੈ ਜਾਉ। ਜਿਸ ਨੇ ਲਿਜਾਣੀ ਹੈ। ਮੈਨੂੰ ਇਹ ਬੀਬੀ ਮਹਾਨ "ਸ਼ਹੀਦ" ਪ੍ਰਤੀਤ ਹੁੰਦੀ ਹੈ। ਸ਼ੁਕਰਾਤ ਵਾਂਗ ਇਸ ਨੇ ਖਿੜੇ ਮੱਥੇ ਜਹਿਰ ਪੀ ਲਿਆ। ਆਖਰੀ ਸਮੇਂ ਦੋ ਚਾਰ "ਖਰੇ ਬਚਨ" ਕਹਿ ਕੇ, ਆਪਣੀ ਅਮਿੱਟ ਯਾਦ ਛੱਡ ਗਈ। (ਹਵਾਲਾ- ਪੁਸਤਕ, ਲੰਮੀ ਨਦਰਿ, ਡਾ. ਬਲਬੀਰ ਸਿੰਘ)

ਇਕ ਮਹਾਨ ਔਰਤ ਜੋ "ਡਾਇਣ" ਸੀ

ਸੰਸਾਰ ਦਾ ਸਾਹਿਤ ਪੜ੍ਹਦਿਆਂ ਸਮੁੱਚੀ ਔਰਤ ਜਾਤ ਵਿਰੁਧ ਦਿਲ ਦਹਿਲਾ ਦੇਣ ਵਾਲੇ ਕਿੱਸੇ ਸਾਹਮਣੇ ਆਏ। "ਇਨਸਾਈਕਲੋ ਪੀਡੀਆ ਬ੍ਰਿਟੇਨਕਾ" ਵਿਚ ਦਰਜ ਹੈ ਕਿ ਇਨੋਸੈਂਟ ਪੋਪ ਅੱਠਵੇਂ ਨੇ 1484 ਈਸਵੀ ਵਿਚ, ਇਕ "ਹੁਕਮਨਾਮਾ" ਜਾਰੀ ਕਰ ਕੇ ਯੋਰਪ ਦੀਆਂ ਕੁੱਲ ਔਰਤਾਂ ਵਿਚੋਂ "ਡਾਇਣਾ" ਲੱਭਣ ਵਾਸਤੇ ਕਿਹਾ ਗਿਆ। ਜਿਸ ਔਰਤ ਤੇ "ਡਾਇਣ ਜਾਂ ਜਾਦੂਗਰਨੀ" ਹੋਣ ਦਾ ਸ਼ੱਕ ਹੋਵੇ, ਉਸ ਨੂੰ ਫੜ ਕੇ "ਧਰਮ ਮੁੱਖੀਆਂ" ਅੱਗੇ ਪੇਸ਼ ਕੀਤੀ ਜਾਵੇ। ਅੱਗੋਂ ਪਾਦਰੀ ਨਿਸਚਿਤ ਕਰਨਗੇ ਕਿ ਇਸ "ਡਾਇਣ" ਨੂੰ ਕਿਸ ਤਰ੍ਹਾਂ ਦੀ ਸਜ਼ਾ ਦਿੱਤੀ ਜਾਵੇ। ਇਸ ਤਰ੍ਹਾਂ ਡਾਇਣ ਜਾਂ ਜਾਦੂਗਰਨੀ ਦਾ ਇਲਜਾਮ ਲਾ ਕੇ, ਧੜਾ ਧੜ ਔਰਤਾਂ ਗ੍ਰਿਫ਼ਤਾਰ ਕੀਤੀਆਂ ਜਾਣ ਲੱਗੀਆਂ। ਉਨ੍ਹਾਂ ਨੂੰ ਆਪਣੇ 'ਤੇ ਲੱਗੇ ਇਲਜ਼ਾਮ ਕਬੂਲ ਕਰਨ ਵਾਸਤੇ ਕਿਹਾ ਜਾਂਦਾ। ਨਾਂਹ ਕਰਨ ਤੇ ਲਗਾਤਾਰ ਭਿਆਨਕ ਤਸੀਹੇ ਦਿੱਤੇ ਜਾਂਦੇ। ਕਈ ਤਾਂ ਇਨ੍ਹਾਂ ਤਸਹੀਹਿਆਂ ਕਾਰਨ ਹੀ ਦਮ ਤੋੜ ਜਾਂਦੀਆਂ। ਬਹੁਤ ਸਾਰੀਆਂ ਤਸੀਹਿਆਂ ਦੀ ਮਾਰ ਤੋਂ ਛੁਟਕਾਰਾ ਪਾਉਣ ਲਈ "ਜੁਰਮ" ਕਬੂਲ ਕਰ ਲੈਂਦੀਆਂ। ਇਸ ਆਸ ਨਾਲ ਕਿ ਸ਼ਾਇਦ ਰਹਿਮ ਕਰ ਕੇ ਜਾਨ ਬਖ਼ਸ਼ੀ ਕਰ ਦੇਣ। ਪਰ ਨਹੀਂ, ਜੁਰਮ ਕਬੂਲ ਕਰਾਉਣ ਦਾ ਨਾਟਕ ਤਾਂ ਕੀਤਾ ਜਾਂਦਾ ਸੀ, ਤਾਂ ਕਿ ਲੋਕਾਂ ਵਿਚ ਸੱਚੇ ਹੋਇਆ ਜਾ ਸਕੇ। ਕੋਈ ਸਾਨੂੰ ਜਾਲਮ ਜਾਂ ਕਾਤਿਲ ਨਾ ਆਖੇ। ਅਪਰਾਧ ਪ੍ਰਵਾਨ ਕਰ ਲੈਣ ਤੋਂ ਬਾਅਦ ਉਨ੍ਹਾਂ ਲਾਚਾਰ ਔਰਤਾਂ ਨੂੰ ਜਿਉਂਦਿਆਂ ਧਰਤੀ ਵਿਚ ਦਫਨ ਕਰ ਦੇਣਾ। ਅੱਗ ਵਿਚ ਸਾੜ ਦੇਣੀਆਂ। ਧਰਤੀ ਵਿਚ ਗੱਡ ਕੇ ਕੁੱਤਿਆਂ ਤੋਂ ਪੜਵਾ ਦੇਣੀਆਂ। ਫਾਂਸੀ ਲਟਕਾ ਦੇਣੀਆਂ। ਹੱਥ ਪੈਰ ਕੱਟ ਦੇਣੇ। ਜੀਭ ਕੱਟ ਦੇਣੀ ਜਾਂ ਅੱਖਾਂ ਕੱਢ ਦੇਣੀਆਂ। ਮਾਮੂਲੀ ਘਰੇਲੂ ਝਗੜਿਆਂ ਕਾਰਨ, ਘਰਦੇ ਪੁਰਸ਼ਾਂ (ਪਤੀ, ਭਰਾ, ਪਿਤਾ ਜਾਂ ਪੁੱਤਰਾਂ ਨੇ) ਨੇ ਹੀ ਔਰਤਾਂ ਨੂੰ ਡਾਇਣਾ ਗਰਦਾਨ ਕੇ, ਖੁਦ ਗਵਾਹੀਆਂ ਦੇ ਕੇ ਕਤਲ ਕਰਵਾਈਆਂ। ਇਸ ਤਰ੍ਹਾਂ ਦੋ ਸਦੀਆਂ (ਪੰਦਰਵੀਂ ਅਤੇ ਸੋਹਲਵੀਂ) ਵਿਚੋਂ ਘੱਟੋ ਘੱਟ ਤਿੰਨ ਲੱਖ ਬੇਕਸੂਰ ਔਰਤਾਂ ਨੂੰ ਡਾਇਣਾ ਹੋਣ ਦਾ ਇਲਜਾਮ ਲਾ ਕੇ, ਧਰਮ ਮੁਖੀਆਂ ਵਲੋਂ ਮੌਤ ਦੀ ਸਜ਼ਾ ਦਿੱਤੀ ਗਈ। ਇਸ ਬਾਰੇ ਆਖਿਆ ਗਿਆ, "ਅਪਰਾਧੀ ਨੂੰ ਲੱਭੋ, ਸਜ਼ਾ ਦਿਉ ਤੇ ਪੁੰਨ ਪ੍ਰਾਪਤ ਕਰੋ"।

ਇਸ ਮੰਦੇ ਹਾਲਾਤ ਵਿਚ ਸੰਨ 1412 ਨੂੰ ਇਕ ਅਮੀਰ ਕਿਸਾਨ ਦੇ ਘਰ,

ਫਰਾਂਸ ਦੇਸ਼ ਵਿਚ ਰੱਬੀ ਰਹਿਮਤ ਸਦਕਾ ਇਕ ਲੜਕੀ ਨੇ ਜਨਮ ਲਿਆ, ਜਿਸ ਦਾ ਨਾਮ, "**ਜਿਆਨ ਆਰਕ**" ਰੱਖਿਆ ਗਿਆ। ਕੁੱਝ ਕਾਰਨਾਂ ਕਰ ਕੇ ਇੰਗਲੈਂਡ ਅਤੇ ਫਰਾਂਸ ਵਿਚ ਜੰਗ ਛਿੜ ਗਈ। ਜੰਗ ਲੰਮੀ ਹੁੰਦੀ ਗਈ। ਫਰਾਂਸ ਦਾ ਰਾਜਾ ਬੜਾ ਅਯਾਸ਼ ਕਿਸਮ ਦਾ ਸੀ। ਇਸ ਲਈ ਫੌਜ ਵਾਸਤੇ ਸਮੇਂ ਸਿਰ ਗੋਲਾ ਬਾਰੂਦ ਤੇ ਰਾਸ਼ਨ ਆਦਿ ਨਹੀਂ ਪਹੁੰਚ ਰਿਹਾ ਸੀ। ਫਰਾਂਸੀਸੀ ਫ਼ੌਜ ਦਾ ਭਾਰੀ ਜਾਨੀ ਮਾਲੀ ਨੁਕਸਾਨ ਹੋ ਰਿਹਾ ਸੀ। ਕਿਸੇ ਅਨੋਖੇ ਕ੍ਰਿਸਮੇ ਵਾਂਗ ਆਪਣੇ ਪਿਤਾ ਨੂੰ ਨਾਲ ਲੈ ਕੇ ਇਹ ਲੜਕੀ, ਬਹੁਤ ਸਾਰੇ ਅਮੀਰ ਲੋਕਾਂ ਨੂੰ ਮਿਲੀ। ਆਪਣੀ ਕੰਮ ਕਰਨ ਦੀ ਯੋਗਤਾ ਅਤੇ ਦਲੀਲ ਨਾਲ ਇਸ ਨੇ ਬਹੁਤ ਸਾਰੇ ਲੋਕਾਂ ਨੂੰ ਆਪਣੇ ਨਾਲ ਸਹਿਮਤ ਕਰ ਲਿਆ। ਅਮੀਰ ਲੋਕਾਂ ਨੇ ਵਿਚ ਪੈ ਕੇ ਜਿਆਨ ਆਰਕ ਦੀ ਰਾਜੇ ਨਾਲ ਮੁਲਾਕਾਤ ਕਰਵਾਈ। ਇਸ ਬਹਾਦਰ ਲੜਕੀ ਨੇ ਇੰਨੀ ਸਮਝਦਾਰੀ ਨਾਲ ਆਪਣਾ ਪੱਖ ਰੱਖਿਆ ਕਿ ਰਾਜਾ ਭੀ ਇਸ ਨਾਲ ਸਹਿਮਤ ਹੋ ਗਿਆ। ਇਸ ਨੇ ਮੰਗ ਇਹ ਰੱਖੀ ਸੀ ਮੈਨੂੰ ਕੇਵਲ ਸਰਕਾਰੀ ਪਰਵਾਨਗੀ ਮਿਲ ਜਾਵੇ ਕਿ ਮੈਂ ਦੇਸ਼ ਦੀ ਰੱਖਿਆ ਲਈ ਫੌਜ ਦੀ ਕਮਾਂਡਰ ਬਣ ਕੇ ਦੁਸ਼ਮਣ ਵਿਰੁਧ ਲੜ ਸਕਾਂ। ਕੇਵਲ ਪੰਜ ਸੌ ਲੜਾਕੇ ਨੌਜੁਆਨ ਮੈਨੂੰ ਦੇ ਦਿਓ। ਮੈਂ ਤੁਹਾਨੂੰ ਜੰਗ ਜਿੱਤ ਕੇ ਦਿਆਂਗੀ।

ਰਾਜੇ ਨੇ ਲੋੜਾਂ ਪੂਰੀਆਂ ਕੀਤੀਆਂ। ਆਮ ਲੋਕਾਂ ਨੇ ਭੀ ਰਸਦ ਪਾਣੀ ਦਿੱਤਾ। ਕਾਫ਼ੀ ਸਾਰੇ ਸਵੈ ਸੇਵੀ ਗੱਭਰੂ ਦੇਸ਼ ਲਈ ਲੜਨ ਮਰਨ ਲਈ ਤਿਆਰ ਹੋ ਗਏ। ਜੰਗ ਵਿਚ ਕੁੱਦਣ ਤੋਂ ਪਹਿਲਾਂ ਇਸ ਅਠਾਰਾਂ ਸਾਲਾ ਬੀਬੀ ਨੇ, ਆਪਣੇ ਫੌਜੀਆਂ ਅੱਗੇ ਜ਼ੋਰਦਾਰ ਲੈਕਚਰ ਦਿੱਤਾ। "ਮੇਰੇ ਵੀਰੋ! ਆਪਣੀ ਭੈਣ ਦੀ ਇੱਜ਼ਤ ਨੂੰ ਦਾਗ ਨਾ ਲਾ ਦੇਣਾ। ਆਪਣੇ ਦੇਸ਼ ਨੂੰ ਗੁਲਾਮ ਨਾ ਕਰਵਾ ਲੈਣਾ। ਆਪਣੀ ਜੁਆਨੀ ਨੂੰ ਕਲੰਕਤ ਨਾ ਕਰਵਾ ਲੈਣਾ। ਅਸੀ ਜੰਗ ਹਰ ਹਾਲਤ ਵਿਚ ਜਿੱਤਣੀ ਹੈ ਵਰਨਾ ਕਟ ਕੇ ਮਰ ਜਾਂਵਾਂਗੇ, ਪੈਰ ਪਿਛਾਂਹ ਨਹੀਂ ਪਾਵਾਂਗੇ।" ਇਨ੍ਹਾਂ ਨੇ ਹੌਸਲੇ ਨਾਲ ਬਰਤਾਨੀਆਂ ਵਾਲੀ ਫੌਜ 'ਤੇ ਹਮਲਾ ਕੀਤਾ। ਨਵੇਂ ਆਏ ਸਾਥੀਆਂ ਨੂੰ ਵੇਖ ਕੇ ਪਹਿਲੇ ਫੌਜੀਆਂ ਦਾ ਭੀ ਹੌਸਲਾ ਦੁੱਗਣਾ ਹੋ ਗਿਆ। ਘਮਸਾਣ ਦੀ ਜੰਗ ਹੋਈ। ਬਰਤਾਨਵੀ ਫੌਜ ਦੇ ਬਹੁਤ ਸਾਰੇ ਸਿਪਾਹੀ ਮਾਰੇ ਗਏ ਤੇ ਬਾਕੀ ਮੈਦਾਨ ਛੱਡ ਕੇ ਪਿਛਾਂਹ ਹੱਟ ਗਏ। ਫਰਾਂਸ ਦੀ ਜਿੱਤ ਹੋਈ। ਜਿਆਨ ਆਰਕ ਆਪਣੇ ਫੌਜੀ ਸਾਥੀਆਂ ਸਮੇਤ ਜੇਤੂ ਹੋ ਕੇ ਵਾਪਸ ਪਰਤੀ। ਦੇਸ਼ ਵਾਸੀਆਂ ਨੇ ਉਸ ਨੂੰ ਹੱਥੀਂ ਛਾਵਾਂ ਕੀਤੀਆਂ। ਥਾਂ ਥਾਂ ਉਸ ਨੂੰ ਸਨਮਾਨਤ ਕੀਤਾ ਗਿਆ। ਵੱਡੇ ਅਮੀਰਾਂ ਨੇ ਆਪਣੇ ਮਹਿਲਾਂ ਵਿਚ ਬੁਲਾ ਕੇ ਕੀਮਤੀ ਤੋਹਫੇ ਦਿੱਤੇ। ਸਾਰੇ ਦੇਸ਼ ਵਿਚ ਉਸ ਦੇ ਨਾਮ ਦੀ ਧੁੰਮ ਪੈ ਗਈ। ਜਿੱਤ ਦੇ ਸ਼ਾਹੀ ਜਸ਼ਨ ਮਨਾਉਣ ਲਈ, ਰਾਜੇ ਨੇ ਵੱਡਾ ਇਕੱਠ

ਕਰਨ ਦੀ ਯੋਜਨਾ ਬਣਾਈ। ਬਹੁਤ ਭਾਰੀ ਇਕੱਤਰਤਾ ਵਿਚ ਰਾਜੇ ਨੂੰ ਵਧਾਈਆਂ ਦੇਣ ਵਾਸਤੇ ਉੱਚੇ ਥਾਵੇਂ ਸੁਨਹਿਰੀ ਕੁਰਸੀ ਟਿਕਾਈ ਗਈ। ਉਸ 'ਤੇ ਰਾਜੇ ਦੇ ਬਰਾਬਰ ਜੰਗ ਦੀ ਹੀਰੋਇਨ ਜਿਆਨ ਆਰਕ ਨੂੰ ਸਤਿਕਾਰ ਨਾਲ ਬਿਠਾਇਆ ਗਿਆ। ਦੋਵਾਂ ਨੂੰ ਵਧਾਈਆਂ ਦੇਣ ਲਈ ਸਟੇਜ 'ਤੇ ਲੈਕਚਰ ਸ਼ੁਰੂ ਹੋਏ। ਰਾਜੇ ਦੀ ਪ੍ਰਸੰਸਾ ਘੱਟ ਤੇ ਇਸ ਬੀਬੀ ਦੀ ਤਾਰੀਫ ਬਹੁਤੀ ਹੋ ਰਹੀ ਸੀ। "ਧਰਮ" ਦੇ ਮੁਖੀ ਭੈ ਭੀਤ ਹੋਏ ਬੈਠੇ ਸਨ। ਰਾਜਾ ਸ਼ਰਮਸਾਰ ਹੋਇਆ ਬੈਠਾ ਸੀ। ਸਾਰਿਆਂ ਦੀ ਅੱਖ ਦਾ ਤਾਰਾ ਬਣ ਗਈ ਸੀ ਬਹਾਦਰ ਬੀਬੀ ਜਿਆਨ ਆਰਕ। ਉਨ੍ਹਾਂ ਮਹਿਸੂਸ ਕੀਤਾ ਕਿ ਅਜਿਹੀ ਬਹਾਦਰ ਅਤੇ ਸਿਆਣੀ ਲੜਕੀ ਕੋਈ ਨਵਾਂ ਖਤਰਾ ਪੈਦਾ ਕਰ ਸਕਦੀ ਹੈ। ਪਾਦਰੀਆਂ ਨੇ ਰਾਜ ਦਰਬਾਰ ਨੂੰ ਸਾਰੀ ਗੱਲ ਸਮਝਾਈ। ਦੋਵਾਂ ਧਿਰਾਂ ("ਧਰਮ" ਅਤੇ ਰਾਜਾ) ਨੇ ਪੂਰੀ "ਗੰਭੀਰ ਸੋਚ ਵਿਚਾਰ" ਤੋਂ ਬਾਅਦ, ਪੁਜਾਰੀਆਂ ਨੇ ਹੁਕਮਨਾਮਾ ਜਾਰੀ ਕਰ ਦਿੱਤਾ, **"ਜਿਆਨ ਆਰਕ ਕੋਈ ਆਮ ਲੜਕੀ ਨਹੀਂ ਹੈ, ਇਹ ਕੋਈ ਪ੍ਰੇਤ ਆਤਮਾ ਹੈ, ਚੁੜੇਲ ਹੈ ਜਾਂ ਡਾਇਣ ਹੈ, ਇਸ ਨੂੰ ਕਰੜੀ ਤੋਂ ਕਰੜੀ ਸਜ਼ਾ ਦਿੱਤੀ ਜਾਵੇ।"** ਰਾਜੇ ਵਲੋਂ ਭੇਜੀ ਫੌਜ ਨੇ ਧੋਖੇ ਨਾਲ ਜਿਆਨ ਆਰਕ ਨੂੰ ਗ੍ਰਿਫ਼ਤਾਰ ਕਰ ਲਿਆ। ਪੁਜਾਰੀਆਂ ਦੀ ਅਦਾਲਤ ਵਿਚ ਇਸ ਨੂੰ ਉਮਰ ਕੈਦ ਦੀ ਸਜ਼ਾ ਸੁਣਾ ਕੇ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ। ਲਗਪਗ ਇਕ ਸਾਲ ਮਗਰੋਂ ਜੇਲ੍ਹ ਵਿਚੋਂ ਕੱਢ ਕੇ, ਵੱਡੇ ਇਕੱਠ ਦੇ ਸਾਹਮਣੇ, ਜਿਉਂਦੀ ਹੀ ਅੱਗ ਲਾ ਕੇ ਸਾੜ ਦਿੱਤੀ ਗਈ। ਇਉਂ ਆਪਣੇ ਦੇਸ਼ ਵਾਸੀਆਂ ਨੂੰ ਇਸ "ਚੁੜੇਲ" ਤੋਂ ਮੁਕਤ ਕਰਾਇਆ ਗਿਆ।

ਲੋਕਾਂ ਦਾ ਗੁੱਸਾ ਪੁਜਾਰੀਆਂ 'ਤੇ ਵੱਧਦਾ ਗਿਆ। ਇਸ ਲੜਕੀ ਨੂੰ 1431 ਵਿਚ "ਸ਼ਹੀਦ" ਕੀਤਾ ਗਿਆ ਸੀ। ਪੂਰੇ ਪੰਝੀ ਸਾਲ ਬਾਅਦ ਜਿਆਨ ਆਰਕ ਨੂੰ ਪੁਜਾਰੀਆਂ ਵਲੋਂ "ਪਵਿੱਤਰ ਔਰਤ" ਦਾ ਸਨਮਾਨ ਦੇ ਕੇ ਵਡਿਆਈ ਕੀਤੀ ਗਈ। ਉਸ ਦੀ ਯਾਦਗਾਰ ਬਣਾਈ ਗਈ। ਇਨ੍ਹਾਂ ਅਥਾਹ ਜ਼ੁਲਮਾਂ ਨੇ ਯੋਰਪ ਨੂੰ ਤਬਾਹੀ ਕੰਢੇ ਪਹੁੰਚਾ ਦਿੱਤਾ ਸੀ। ਹੌਲੀ ਹੌਲੀ ਲੋਕੀਂ ਜਾਗ੍ਰਤ ਹੋਏ। ਪੁਜਾਰੀਆਂ ਨੂੰ ਗਲੋਂ ਲਾਹਿਆ। ਰਾਜਨੀਤੀ ਵਿਚ ਸੁਧਾਰ ਕੀਤੇ। ਅੱਜ ਯੋਰਪ ਵਿਚ ਪੁਰਸ਼ਾਂ ਲਾਲੋਂ ਔਰਤਾਂ ਨੂੰ ਵੱਧ ਅਧਿਕਾਰ ਦਿੱਤੇ ਹੋਏ ਹਨ। ਸਮਝੋ ਪੁਰਸ਼ ਆਪਣੀਆਂ ਵਧੀਕੀਆਂ ਦਾ ਪਸਚਾਤਾਪ ਕਰ ਰਹੇ ਹਨ। (ਹਵਾਲਾ- ਵਲਡ ਇਨਸਾਈਕਲੋਪੀਡੀਆ)

"ਗੁੱਡੀ" ਜੋ ਬਰਤਾਨੀਆਂ ਦੀ ਮਾਂ ਬਣੀ

ਬਰਤਾਨੀਆਂ ਵਿਚ ਇਕ ਸ਼ਹਿਰ ਹੈ ਕਵੈਂਟਰੀ। ਪਹਿਲੇ ਸੰਸਾਰ ਯੁੱਧ ਸਮੇਂ ਅਤੇ ਦੂਜੇ ਸੰਸਾਰ ਯੁੱਧ ਵਕਤ ਇਥੇ ਬੇਅੰਤ ਜੰਗੀ ਸਾਮਾਨ ਬਣਦਾ ਸੀ। ਜਿਸ ਕਾਰਨ ਦੂਜੀ ਵੱਡੀ ਜੰਗ ਸਮੇਂ ਹਿਟਲਰ ਦੀਆਂ ਫੌਜਾਂ ਨੇ ਇਸ ਨੂੰ ਆਪਣਾ ਖਾਸ ਨਿਸ਼ਾਨਾ ਬਣਾਇਆ। ਉਹ ਪੁਰਾਣੇ ਖੰਡਰ (ਜਿਨ੍ਹਾਂ 'ਤੇ ਹਵਾਈ ਬੰਬਾਰ ਮੈਂਟ ਹੋਈ ਸੀ) ਅੱਜ ਤੱਕ ਉਨ੍ਹਾਂ ਯਾਦਗਾਰਾਂ ਬਣਾ ਕੇ ਸਾਂਭੇ ਹੋਏ ਹਨ। ਪਹਿਲੇ ਸਾਈਕਲ ਦੀ ਕਾਢ ਭੀ ਇਥੋਂ ਹੋਈ ਦੱਸੀਦੀ ਹੈ। ਅਗੋਂ ਮੋਟਰ ਸਾਈਕਲ ਦਾ ਵਿਕਾਸ ਕਵੈਂਟਰੀ ਦੇ ਵਿਗਿਆਨੀਆਂ ਨੇ ਕੀਤਾ। ਅਠਾਰਾਂ ਸੌ ਅਠਾਨਵੇਂ ਵਿਚ ਪਹਿਲਾ ਕਾਰ ਦਾ ਢਾਂਚਾ ਜੋ ਇਥੇ ਤਿਆਰ ਹੋਇਆ ਭੀ ਸਾਂਭਿਆ ਪਿਆ ਹੈ। ਅੱਜ ਚੱਲਣ ਵਾਲੀਆਂ ਉੱਚੀ ਕੀਮਤ ਵਾਲੀਆਂ ਆਧੁਨਿਕ ਕਾਰਾਂ ਭੀ ਇਥੇ ਬਣਦੀਆਂ ਹਨ। ਮੈਂ ਜਿੰਨੀ ਵਾਰੀ ਬਰਤਾਨੀਆਂ ਵਿਚ ਗਿਆ ਹਾਂ, ਕੋਸ਼ਿਸ਼ ਕਰ ਕੇ ਕਵੈਂਟਰੀ ਵਿਚ ਇਸ ਸਤਿਕਾਰਯੋਗ ਮਾਤਾ ਦੀ ਯਾਦਗਾਰ ਜਰੂਰ ਵੇਖਣ ਜਾਂਦਾ ਹਾਂ। ਇਹ ਮਹਾਨ ਔਰਤ ਸੰਨ 1040 ਵਿਚ ਜਨਮੀ ਤੇ 1080 ਵਿਚ ਸੰਸਾਰ ਤੋਂ ਵਿਦਾ ਹੋ ਗਈ। ਉਮਰ ਭੋਗੀ, ਸਿਰਫ਼ ਚਾਲੀ ਸਾਲ। ਆਪਣੀ ਅਮਿੱਟ ਛਾਪ ਸਦਾ ਵਾਸਤੇ ਲੋਕ ਮਨਾਂ 'ਤੇ ਲਿਖ ਗਈ। ਇਸ ਮਾਤਾ ਦਾ ਨਾਮ ਸੀ "ਗੁਡੀਵਾ"। ਮੈਂ ਇਸ ਨੂੰ ਪੰਜਾਬੀ ਬੋਲਚਾਲ ਵਾਂਗ "ਗੁੱਡੀ" ਕਰ ਕੇ ਹੀ ਸੰਬੋਧਨ ਕਰਾਂਗਾ।

ਮਾਂ ਗੁੱਡੀ ਰਾਜ ਘਰਾਣੇ ਵਿਚ ਜਨਮੀ ਸੀ। ਪਹਿਲਾਂ ਇਸ ਦਾ ਪਿਤਾ ਕਾਫ਼ੀ ਵੱਡੇ ਇਲਾਕੇ ਦਾ ਰਾਜਾ ਸੀ। ਜਿਥੇ ਪਹਿਲਾਂ ਜੰਤਾ ਅਣਪੜ੍ਹ ਸੀ, ਨਾ ਸਮਝ ਸੀ, ਉਥੇ ਰਾਜੇ ਕਿਹੜਾਂ ਆਕਾਸ਼ ਵਿਚੋਂ ਉਤਰੇ ਫ਼ਰਿਸ਼ਤੇ ਸੀ। ਖਾਨਦਾਨੀ ਤੌਰ 'ਤੇ ਸਦੀਆਂ ਤੱਕ ਇਕੋ ਘਰਾਣਾ ਰਾਜ ਕਰਦਾ ਸੀ। ਜਦੋਂ ਕੋਈ ਉਸ ਰਾਜੇ ਤੋਂ ਵੱਧ ਤਾਕਤ ਅਤੇ ਸਿਆਣਪ ਵਾਲਾ ਵਿਅਕਤੀ ਜੰਮ ਪਿਆ, ਉਸ ਨੇ ਚੰਗੇ ਜਾਂ ਮੰਦੇ ਤਰੀਕੇ ਅਪਣਾ ਕੇ ਰਾਜਗੱਦੀ ਹਥਿਆ ਲੈਣੀ। ਰਾਜੇ ਨੂੰ ਕੈਦ ਕਰ ਦੇਣਾ, ਕਤਲ ਕਰ ਦੇਣਾ ਜਾਂ ਦੇਸ਼ ਵਿਚੋਂ ਕੱਢ ਦੇਣਾ ਆਮ ਜਿਹੀ ਗੱਲ ਸੀ। ਅਜਿਹੇ ਹਾਲਾਤ ਵਿਚ ਲੋਕਾਂ ਦੀ ਸੁਣਵਾਈ ਤਾਂ ਹੈ ਹੀ ਨਹੀਂ ਸੀ। ਇਸਤਰੀ ਪੁਰਖ ਮੰਡੀਆਂ ਵਿਚ ਵਿਕਦੇ ਸਨ। ਜਾਨਵਰਾਂ ਨਾਲੋਂ ਭੀ ਭਿਆਨਕ ਤਰੀਕੇ ਕੰਮ ਲਿਆ ਜਾਂਦਾ ਸੀ। ਗੁਲਾਮ ਪ੍ਰਥਾ ਜੋਰ ਸ਼ੋਰ ਨਾਲ ਚੱਲ ਰਹੀ ਸੀ। ਪਿਤਾ ਤੋਂ ਰਾਜ ਗੱਦੀ ਖੋਹ ਕੇ ਗੁੱਡੀ ਦਾ ਵੱਡਾ ਭਰਾ ਰਾਜ ਭਾਗ ਦਾ ਮਾਲਕ ਬਣ ਗਿਆ। ਇਸ ਨੇ ਆਪਣੇ ਪਿਤਾ ਦੇ ਸਮੇਂ ਨਾਲੋਂ ਭੀ ਕਈ ਗੁਣਾਂ ਵੱਧ ਟੈਕਸ ਲੋਕਾਂ 'ਤੇ ਥੋਪ ਦਿੱਤੇ। ਜਿਹੜਾ ਭੀ ਬਣਦਾ ਟੈਕਸ ਨਾ ਦੇਵੇ, ਉਨ੍ਹਾਂ ਨੂੰ ਕੋਰੜਿਆਂ ਦੀ ਮਾਰ ਪੈਣੀ ਅਤੇ ਘਰ ਵਿਚ ਜੋ ਕੁੱਝ

ਲੱਭਣਾ ਚੁੱਕ ਲਿਜਾਣਾ। ਇਸ ਦੇ ਛੱਡੇ ਹੋਏ ਠੇਕੇਦਾਰ ਰਾਜੇ ਦੇ ਹੁਕਮ ਤੋਂ ਭੀ ਕਿਤੇ ਵੱਧ ਵਸੂਲੀ ਕਰ ਰਹੇ ਸਨ। ਜੰਤਾ ਤੜਪ ਰਹੀ ਸੀ, ਰੋ ਰੋ ਕੇ ਫਰਿਆਦਾਂ ਕਰ ਰਹੀ ਸੀ। ਕਿਰਤੀ ਕਾਮਿਆਂ ਦੀ ਸੁਣਨ ਵਾਲਾ ਕੋਈ ਨਹੀਂ ਸੀ। ਨਵਾਂ ਰਾਜਾ ਆਪਣੇ ਮਹਿਲਾਂ ਵਿਚ ਸ਼ਰਾਬ ਦੇ ਦੌਰ ਚਲਾਉਂਦਾ ਸੀ। ਸਤਰੰਜ ਖੇਢਦਾ ਸੀ ਤੇ ਰੰਡੀਆਂ ਦੇ ਨਾਚ ਵੇਖਦਾ ਸੀ, ਗਾਣੇ ਸੁਣਦਾ ਸੀ। ਕਿਰਤੀਆਂ ਦੀ ਕਮਾਈ ਉਡਾਉਂਦਾ ਸੀ। ਬਜ਼ੁਰਗਾਂ ਦੀ ਅਗਵਾਈ ਵਿਚ ਕਿਰਤੀਆਂ ਦੇ ਵੱਡੇ ਵੱਡੇ ਕਾਫਲੇ ਰਾਜ ਮਹਿਲਾਂ ਤੱਕ ਆ ਕੇ ਰਾਜੇ ਅੱਗੇ ਫਰਿਆਦੀ ਹੋਏ। ਆਪਣੀ ਗਰੀਬੀ ਤੇ ਲਾਚਾਰਗੀ ਦਾ ਵਾਸਤਾ ਪਾਇਆ। ਟੈਕਸ ਘੱਟ ਕਰਨ ਦੀ ਬੇਨਤੀ ਕੀਤੀ। ਰਾਜ ਮਹਿਲ ਉਪਰੋਂ ਬਾਹਰ ਵੱਲ ਵਧੇ ਹੋਏ ਛੱਜੇ ਤੋਂ ਖਲੋ ਕੇ, ਆਉਣ ਵਾਲੇ ਕਾਫਲੇ ਦੇ ਮੁਖੀ ਨੂੰ ਸ਼ਰੇਆਮ ਰਾਜਾ ਕਹਿੰਦਾ, "ਤੁਸੀ ਲੋਕ ਆਪਣੀਆਂ ਜੁਆਨ ਬੇਟੀਆਂ ਨੂੰ ਨੰਗੀਆਂ ਕਰ ਕੇ ਮੇਰੇ ਅੱਗੇ ਲਿਆਉ। ਜਿਹੜੀ ਮੈਨੂੰ ਚੰਗੀ ਲੱਗੇਗੀ ਮੈਂ ਉਸ ਨੂੰ ਆਪਣੇ ਮਹਿਲ ਵਿਚ ਲੈ ਜਾਵਾਂਗਾ। ਜਿਨ੍ਹਾਂ ਖੇਤਾਂ ਵਿਚੋਂ ਦੀ ਮੈਂ ਲੰਘਾਂਗਾ, ਉਧਰ ਹੀ ਕੁੜੀਆਂ ਨੂੰ ਕਤਾਰਾਂ ਵਿਚ ਖੜਾਉ। ਜਿਨ੍ਹਾਂ ਨੇ ਆਪਣੀ ਲੜਕੀਆਂ ਨੰਗੀਆਂ ਕਰ ਕੇ ਤੋਰੀਆਂ ਮੈਂ ਉਨ੍ਹਾਂ ਇਲਾਕਿਆਂ ਦਾ ਟੈਕਸ ਮੁਆਫ਼ ਕਰ ਦਿਆਂਗਾ।"

ਲੋਕੀਂ ਧਾਹਾਂ ਮਾਰ ਮਾਰ ਰੋਏ ਦੁਹੱਥੜੀ ਪਿੱਟੇ, ਰਾਜਾ ਟੱਸ ਤੋਂ ਮੱਸ ਨਾ ਹੋਇਆ। ਕਈ ਸਾਲ ਤੱਕ ਇਹੀ ਜੁਲਮ ਹੁੰਦਾ ਰਿਹਾ। ਰਾਜੇ ਦੀ ਛੋਟੀ ਭੈਣ ਗੁੱਡੀ ਹੋਰ ਰੋਜ਼ ਲੋਕਾਂ ਨੂੰ ਰੋਂਦਿਆਂ ਵੇਖਦੀ, ਕਲੇਜਾ ਮਸੋਸ ਕੇ ਰਹਿ ਜਾਂਦੀ। ਕਦੀ ਵਕਤ ਲੈ ਕੇ ਆਪਣੇ ਭਰਾ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ, ਪਰ ਉਹ ਝਿੜਕ ਕੇ ਚਲੀ ਜਾਣ ਲਈ ਕਹਿ ਦਿੰਦਾ। ਜਦੋਂ ਗੁੱਡੀ ਨੇ ਰਾਜੇ ਦਾ ਇਹ ਐਲਾਨ ਸੁਣਿਆ ਕਿ "ਜਿਨ੍ਹਾਂ ਨੇ ਟੈਕਸ ਮੁਆਫ਼ ਕਰਵਾਉਣ ਹੈ...."। ਉਹ ਭੁੱਬਾਂ ਮਾਰ ਮਾਰ ਰੋਈ। ਮਰਜਾਣ ਨੂੰ ਚਿਤ ਕੀਤਾ, ਲੋਕਾਂ ਲਈ ਕੁੱਝ ਕਰ ਗੁਜ਼ਰਨ ਦੀਆਂ ਸੋਚਾਂ ਸੋਚੀਆਂ। ਕਈ ਦਿਨਾਂ ਤੱਕ ਖਾਣਾ ਨਾ ਖਾਧਾ, ਬਿਮਾਰੀ ਦਾ ਬਹਾਨਾ ਕਰ ਕੇ ਲੰਮੀ ਪਈ ਰਹੀ। ਅੰਤ ਮਨ ਕਰੜਾ ਕੀਤਾ, ਲੋਕਾਂ ਲਈ ਕੁੱਝ ਕਰ ਗੁਜ਼ਰਨ ਦੀ ਜਾਂ ਮਰ ਮਿਟਣ ਦੀ ਠਾਣ ਲਈ। ਇਕ ਵਫਾਦਾਰ ਸੇਵਕ ਨੂੰ ਆਖ ਕੇ, ਤਬੇਲੇ ਵਿਚੋਂ ਘੋੜਾ ਤਿਆਰ ਕਰਵਾਇਆ। ਇਕ ਦਿਨ ਸਵੇਰ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਹੀ ਗੁੱਡੀ ਘੋੜੇ 'ਤੇ ਸਵਾਰ ਹੋ ਕੇ, ਸਾਰੇ ਬਸਤਰ ਉਤਾਰ ਕੇ, ਰਾਜ ਮਹਿਲ ਤੋਂ ਬਾਹਰ ਨਿਕਲ ਗਈ ਦਿਨ ਦੇ ਚਾਨਣ ਵਿਚ ਅਲਫ਼ ਨੰਗੀ ਪਿੰਡਾਂ ਵਿਚ, ਕਸਬਿਆਂ ਵਿਚ ਘੁੰਮਣ ਲੱਗੀ। ਕੁੱਝ ਲੋਕਾਂ ਨੇ ਪਾਗਲ ਕੁੜੀ ਆਖਿਆ। ਕਈਆਂ ਨੇ ਵੱਟੇ ਮਾਰੇ, ਕਈਆਂ ਨੇ ਗਾਲ੍ਹਾਂ ਕੱਢੀਆਂ। ਪਰ ਗੁੱਡੀ ਘੁੰਮਦੀ ਰਹੀ, ਅੱਗੇ ਚਲਦੀ ਗਈ। ਆਪਣੀਆਂ ਅੱਖਾਂ 'ਤੇ ਹੱਥ ਰੱਖ ਕੇ ਕੁੱਝ ਸਿਆਣੇ ਬਜ਼ੁਰਗ ਤੇ ਬੀਬੀਆਂ ਕੋਲ ਆਏ। ਉਨ੍ਹਾਂ

ਪੁੱਛਿਆ- "ਬੇਟੀ ਤੂੰ ਕਉਣ ਹੈਂ, ਕੱਪੜੇ ਕਿਉਂ ਨਹੀਂ ਪਾਏ ਪਾਗਲ ਹੈ ਕਿ ਸਿਆਣੀ, ਕੁੱਝ ਦੱਸ?"

ਗੁੱਡੀ ਨੇ ਆਪਣੇ ਸਿਰ ਦੇ ਲੰਮੇ ਵਾਲ ਸਰੀਰ ਦੁਆਲੇ ਖਿਲਾਰੇ ਹੋਏ ਸਨ। ਬਜ਼ੁਰਗਾਂ ਨੂੰ ਆਖਣ ਲੱਗੀ- "ਜੇ ਮੈਨੂੰ ਤੁਸੀ ਬੇਟੀ ਆਖਿਆ ਹੈ ਤਾਂ ਪਹਿਲਾਂ ਕੁੱਝ ਖਾਣ ਵਾਸਤੇ ਦਿਓ, ਫਿਰ ਮੈਂ ਸਭ ਕੁੱਝ ਦੱਸਾਂਗੀ। ਖਾਣਾ ਲਿਆਂਦਾ, ਆਦਮੀ ਪਿਛਾਂਹ ਬੈਠ ਗਏ, ਬੀਬੀਆਂ ਨੂੰ ਗੁੱਡੀ ਦੇ ਨੇੜੇ ਕਰ ਕੇ ਬਿਠਾ ਦਿੱਤਾ। ਗੁੱਡੀ ਨੇ ਪੂਰੇ ਇਕੱਠ ਵਿਚ ਆਪਣੇ ਰਾਜੇ ਭਰਾ ਵਲੋਂ ਕੀਤੇ ਜਾ ਰਹੇ ਜੁਲਮ ਲਈ ਦੁੱਖ ਪ੍ਰਗਟ ਕੀਤਾ ਅਤੇ ਕਿਹਾ ਕਿ ਤੁਹਾਡੀਆਂ ਧੀਆਂ ਨੂੰ ਬਸਤਰਹੀਣ ਕਰਨ ਵਾਸਤੇ ਰਾਜੇ ਨੇ ਆਖਿਆ ਸੀ। ਤੁਸੀ ਰਾਜੇ ਦੀ ਮੰਗ ਪੂਰੀ ਨਹੀਂ ਕਰ ਸਕੋਗੇ, ਇਨਸਾਨੀਅਤ ਤੋਂ ਡਿੱਗੀ ਹੋਈ ਮੰਗ ਕੋਈ ਭੀ ਪੂਰੀ ਨਹੀਂ ਕਰ ਸਕੇਗਾ। ਤੁਹਾਡੀਆਂ ਧੀਆਂ ਦੀ ਥਾਵੇਂ, ਮੈਂ ਇਕ ਰਾਜੇ ਦੀ ਧੀ, ਇਕ ਰਾਜੇ ਭੀ ਭੈਣ, ਤੁਹਾਡਾ ਟੈਕਸ ਮੁਆਫ਼ ਕਰਾਉਣ ਵਾਸਤੇ ਸਾਰੇ ਰਾਜ ਵਿਚ ਇਸੇ ਤਰ੍ਹਾਂ ਨੰਗੀ ਘੁੰਮਦੀ ਰਹਾਂਗੀ। ਸ਼ਾਇਦ ਰਾਜੇ ਨੂੰ ਸ਼ਰਮ ਆ ਜਾਵੇ, ਸ਼ਾਇਦ ਉਹ ਤੁਹਾਡਾ ਟੈਕਸ ਘਟਾ ਦੇਵੇ...।"

ਇਹ ਗੱਲ ਸੁਣ ਕੇ ਔਰਤਾਂ ਜਾਰੋ ਜਾਰ ਰੋਈਆਂ। ਬਜ਼ੁਰਗਾਂ ਨੇ ਨੀਵੀਆਂ ਪਾ ਲਈਆਂ। ਨੌਜੁਆਨਾਂ ਨੇ ਆਪਣੇ ਹੱਥਾਂ ਨਾਲ ਆਪਣੀਆਂ ਅੱਖਾਂ ਢੱਕ ਲਈਆਂ ਜਾਂ ਪੱਟੀਆਂ ਬੰਨ੍ਹ ਲਈਆਂ। ਸਭ ਲੋਕ ਇਸ ਗੁੱਡੀ ਬਾਰੇ ਸੁਣ ਕੇ ਦੰਗ ਰਹਿ ਗਏ। ਔਰਤਾਂ ਨੇ ਉਸ ਦੇ ਪੈਰ ਪੂਜੇ। ਬੁੱਢਿਆਂ ਨੇ ਦੂਰੋਂ ਹੀ ਸਿਰ ਝੁਕਾਇਆ। ਪਿੱਛੇ ਖਲੋਤੇ ਨੌਜੁਆਨਾਂ ਨੇ ਪ੍ਰਸੰਸਾ ਮਈ ਨਾਹਰੇ ਲਾਏ। ਖਬਰਾਂ ਰਾਜ ਮਹਿਲ ਤੱਕ ਪਹੁੰਚ ਗਈਆਂ। ਸੁਣ ਕੇ ਰਾਜੇ ਦੇ ਹੋਸ਼ ਉੱਡ ਗਏ। ਪੰਜ ਚਾਰ ਸਾਥੀ ਲੈ ਕੇ ਤੁਰੰਤ ਉਥੇ ਜਾ ਪਹੁੰਚਿਆ। ਜਿੱਥੇ ਗੁੱਡੀ ਯਾਤਰਾ ਕਰ ਰਹੀ ਸੀ। ਦੂਰੋਂ ਹੀ ਭੈਣ ਅੱਗੇ ਹੱਥ ਜੋੜੇ, ਤਰਲਾ ਕੀਤਾ "ਕੱਪੜੇ ਪਹਿਨ ਲੈ।" ਗੁੱਡੀ ਬੋਲੀ, "ਕਿਉਂ ਵੀਰ ਜੀ! ਮੇਰੇ ਕੱਪੜੇ ਉਤਰੇ ਸੁਣ ਵੇਖ ਕੇ ਸ਼ਰਮ ਆਈ? ਪਰ ਜਿਨ੍ਹਾਂ ਧੀਆਂ ਨੂੰ ਨੰਗੀਆਂ ਕਰ ਕੇ ਆਪਣੇ ਪੇਸ਼ ਹੋਣ ਲਈ ਹੁਕਮ ਦਿੱਤਾ ਸੀ, ਕੀ ਉਹ ਮੇਰੇ ਵਰਗੀਆਂ ਧੀਆਂ ਭੈਣਾ ਨਹੀਂ ਸਨ? ਤੈਨੂੰ ਅਜਿਹਾ ਗੰਦਾ ਹੁਕਮ ਦੇਣ ਲੱਗੇ ਸ਼ਰਮ ਕਿਉਂ ਨਾ ਆਈ? ਰਾਜਾ ਆਪਣੀ ਪਰਜਾ ਦਾ ਪਿਤਾ ਹੁੰਦਾ ਹੈ ਪਰ ਜੋ ਹੁਕਮ ਤੂੰ ਦਿੱਤਾ ਹੈ ਕੀ ਇਹ ਪਾਪ ਨਹੀਂ ਕੀਤਾ?" ਰਾਜਾ ਕੰਬ ਗਿਆ, ਆਪਣੀਆਂ ਅੱਖਾਂ 'ਤੇ ਪੱਟੀ ਬੰਨ੍ਹ ਕੇ ਅੱਗੇ ਵਧਿਆ। ਆਪਣੀ ਭੈਣ ਦੇ ਚਰਨਾਂ 'ਤੇ ਸਿਰ ਰੱਖ ਦਿੱਤਾ। ਰੋ ਰੋ ਕੇ ਮੁਆਫ਼ ਕਰ ਦੇਣ ਦੀ ਅਰਜੋਈ ਕੀਤੀ ਤੁਰੰਤ ਐਲਾਨ ਕਰ ਦਿੱਤਾ ਕਿ "ਅੱਜ ਤੋਂ ਮਗਰੋਂ ਅਜਿਹੀ ਗਲਤੀ ਮੈਂ ਨਹੀਂ ਕਰਾਂਗਾ। ਇਸੇ ਵਕਤ ਅੱਧਾ ਟੈਕਸ ਮੁਆਫ਼ ਕਰਦਾ ਹਾਂ। ਪਿੱਛੇ ਕੀਤੀ ਗਲਤੀ ਕਾਰਨ ਜੋ ਸਜਾ ਦਿਉ, ਮੈਂ ਭੁਗਤਣ ਲਈ ਤਿਆਰ ਹਾਂ।"

ਲੋਕਾਂ ਦੀ ਖ਼ੁਸ਼ੀ ਦਾ ਅੰਤ ਪਾਰਾਵਾਰ ਨਾ ਰਿਹਾ। ਸਾਰੇ ਪਾਸੇ ਗੁੱਡੀ ਮਾਂ ਦੀ ਜੈ ਜੈ ਕਾਰ ਹੋਈ। ਉਸ ਨੇ ਕੱਪੜੇ ਪਹਿਨ ਲਏ ਤੇ ਰਾਜ ਮਹਿਲ ਵਲ ਵਾਪਸ ਆ ਗਈ। ਦੇਸ਼ ਵਾਸੀਆਂ ਨੇ ਇਕ ਜਬਾਨ ਹੋ ਕੇ ਇਸ ਨੇਕ ਔਰਤ ਨੂੰ "ਮਾਂ ਗੁਡੀਵਾ" ਆਖ ਕੇ ਸਤਿਕਾਰ ਦਿੱਤਾ। ਧੰਨ ਸੀ ਇਹ ਗੁੱਡੀ ਮਾਂ ਜਿਸ ਨੇ ਲਗਪਗ ਇਕ ਹਜ਼ਾਰ ਸਾਲ ਪਹਿਲਾਂ ਅਜਿਹਾ ਲਾਸਾਨੀ ਕਾਰਜ ਕਰ ਵਿਖਾਇਆ ਕਿ ਅੱਜ ਤਕ ਲੋਕੀਂ ਉਸ ਨੂੰ ਸੀਸ ਝੁਕਾਉਂਦੇ ਹਨ। ਅਗਰ ਲੋਕੀਂ ਟੈਕਸਾਂ ਵਿਰੁਧ ਬਗਾਵਤ ਕਰਦੇ ਪਤਾ ਨਹੀਂ ਰਾਜੇ ਦੀਆਂ ਭੇਜੀਆਂ ਫ਼ੌਜਾਂ ਨੇ ਕਿੰਨਿਆਂ ਦਾ ਘਾਣ ਕਰਨਾ ਸੀ। ਕਿੰਨੇ ਸਾਲ ਘਰੇਲੂ ਬਦਅਮਨੀ ਚਲਦੀ ਰਹਿਣੀ ਸੀ। ਪਤਾ ਨਹੀਂ ਬਦਕਾਰ ਬਿਰਤੀ ਵਾਲੇ ਰਾਜੇ ਦੇ ਹੋਸ਼ ਟਿਕਾਣੇ ਸਿਰ ਆਉਣੇ ਸਨ ਕਿ ਨਹੀਂ? ਵਾਹ ਮਾਂ ਗੁੱਡੀ! ਵਾਹ!! ਤੁਸੀ ਆਪਣੀ ਸਿਆਣਪ ਅਤੇ ਨਵੇਕਲੀ ਦਲੇਰੀ ਨਾਲ, ਖ਼ੂਨ ਦਾ ਇਕ ਕਤਰਾ ਬਹਾਏ ਤੋਂ ਬਿਨਾਂ ਭੂਤਰੇ ਰਾਜੇ ਦੇ ਹੋਸ਼ ਟਿਕਾਣੇ ਲੈ ਆਂਦੇ। ਤੈਨੂੰ ਬਾਰ ਬਾਰ ਪ੍ਰਣਾਮ ਹੈ ਮਾਂ ਗੁੱਡੀ।

ਕਵੈਂਟਰੀ ਸ਼ਹਿਰ ਦੇ ਬਹੁਤ ਵੱਡੇ ਇਕ ਚੌਕ ਵਿਚ ਗੁੱਡੀ ਮਾਂ ਦਾ "ਬਿਜਲਈ" (ਬਿਜਲੀ ਨਾਲ ਚੱਲਣ ਵਾਲਾ) ਬੁੱਤ ਲੱਗਾ ਹੋਇਆ ਹੈ। ਬੁੱਤ ਸਾਰੇ ਪਾਸਿਆਂ ਤੋਂ ਢੱਕਿਆ ਹੋਇਆ ਹੈ। ਇਕ ਘੰਟੇ ਦੇ ਅਰਸੇ ਮਗਰੋਂ ਅਲਾਰਮ ਵਜਦਾ ਹੈ। ਬੁੱਤ ਤੋਂ ਪਰਦੇ ਹੱਟ ਜਾਂਦੇ ਹਨ। ਘੋੜੇ 'ਤੇ ਸਵਾਰ ਬਸਤਰਹੀਣ ਮਾਂ ਗੁੱਡੀ ਇਕ ਚੱਕਰ ਲਾਉਂਦੀ ਹੈ। ਸਾਹਮਣੇ ਖਲੌਤਾ ਇਕ (ਬਿਜਲਈ) ਆਦਮੀ ਦਾ ਬੁੱਤ ਨੰਗੀ ਮਾਂ ਵੱਲ ਵੇਖਦਾ ਹੈ। ਵੇਖਦਿਆਂ ਹੀ ਧਾਹਾਂ ਮਾਰ ਕੇ ਰੋਂਦਾ ਹੈ ਤੇ ਆਪਣੀਆਂ ਅੱਖਾਂ ਉਤੇ ਹੱਥ ਰੱਖ ਲੈਂਦਾ ਹੈ। ਇਤਨੇ ਵਕਫੇ ਮਗਰੋਂ ਪਰਦੇ ਬੰਦ ਹੋ ਜਾਂਦੇ ਹਨ। ਕਿਤੇ ਵਿਰਲੀਆਂ ਹੁੰਦੀਆਂ ਹਨ ਅਜਿਹੀਆਂ ਮਾਵਾਂ। ਬਾਕੀ ਸਮਾਂ ਭੀ ਇਹ ਮਾਤਾ ਲੋਕ ਭਲਾਈ ਦੇ ਕੰਮ ਕਰਦੀ ਰਹੀ। ਕੇਵਲ 40 ਸਾਲ ਦੀ ਉਮਰ ਵਿਚ ਇਹ 1080 ਵਿਚ ਪ੍ਰਲੋਕ ਗਮਨ ਕਰ ਗਈ। (ਹਵਾਲਾ- ਵਲਡ ਇਨਸਾਈਕਲੋਪੀਡੀਆ ਬ੍ਰਿਟੇਨਕਾ) ਭਾਵੇਂ ਇਸ ਗੱਲ ਦੇ ਪੁੱਖਤਾ ਸਬੂਤ ਨਹੀਂ ਮਿਲੇ, ਪਰ ਮੈਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ "ਗੁੱਡੀ ਮਾਂ" ਨੂੰ ਕਿਸੇ ਸਾਜ਼ਿਸ਼ ਤਹਿਤ ਮਾਰਿਆ ਗਿਆ ਸੀ। ਇਕ ਤਾਂ ਉਸ ਦੇ ਭਰਾ ਦਾ ਮੂੰਹ ਕਾਲਾ ਹੋ ਗਿਆ ਸੀ। ਦੂਜਾ ਜੰਤਾ ਵਿਚ ਉਸ ਬੀਬੀ ਦਾ ਸਤਿਕਾਰ ਬਹੁਤ ਵੱਧ ਗਿਆ ਸੀ। ਅਜਿਹੀ ਲੜਕੀ ਪੁਰੋਹਿਤ, ਪੁਜਾਰੀਆਂ ਲਈ ਭੀ ਖਤਰਾ, ਰਾਜ ਦਰਬਾਰ ਲਈ ਭੀ ਖਤਰਾ। ਦੋਵੇਂ ਧਿਰਾਂ ਕੋਈ ਭੀ ਚਾਲ ਸਕਦੀਆਂ ਹਨ। ਕੌਣ ਸੀ ਰੋਕਣ ਵਾਲਾ? ਇਹ ਭੀ ਕਿਤੇ "ਡਾਇਣ" ਜਾਂ ਜਾਦੂਗਰਨੀ ਕਰ ਕੇ ਮਾਰ ਦਿੱਤੀ ਹੋਵੇ...? ਐਨ ਸੰਭਵ ਹੈ ਕਿਉਂਕਿ ਇਸ ਦੀ ਮੌਤ ਬਾਰੇ ਜਾਂ ਅੰਤਲੇ ਸਮੇਂ ਬਾਰੇ, ਕੋਈ ਜਾਣਕਾਰੀ ਨਹੀਂ ਮਿਲਦੀ।

ਇਕ ਮਾਂ ਦੀ ਅਨੋਖੀ ਅਰਦਾਸ

ਗੁਰਬਾਣੀ ਪੜ੍ਹਨ ਸੁਣਨ ਵਾਲੇ ਸਿੱਖ ਸਮਾਜ ਦਾ ਹੌਲੀ ਹੌਲੀ ਮਾਨਸਿਕ ਵਿਕਾਸ ਹੋ ਰਿਹਾ ਸੀ। ਗੁਰੂ ਸਾਹਿਬ ਦੇ ਅੰਮ੍ਰਿਤਮਈ ਉਪਦੇਸ਼ ਸੁਣਨ ਵਾਲਿਆਂ ਨੂੰ ਜੀਵਨ ਦਾਨ ਬਖ਼ਸ਼ ਰਹੇ ਸਨ। ਵੇਹਲੜ ਪੁਜਾਰੀ ਤਬਕਾ ਲੋਕਾਂ ਨੂੰ ਕੁਰਾਹੇ ਪਾ ਰਿਹਾ ਸੀ। ਲੁੱਟ ਕੇ ਭੀ ਖਾ ਰਿਹਾ ਸੀ। ਆਪਣੀ ਪੂਜਾ ਭੀ ਕਰਵਾ ਰਿਹਾ ਸੀ। ਗੁਰੂ ਸਾਹਿਬ ਦਾ ਜੀਵਨ ਪੁਰਾਤਨ ਪੁਜਾਰੀਆਂ ਤੋਂ ਬਿਲਕੁਲ ਨਵੇਕਲਾ। ਗੁਰੂ ਜੀ ਨੇ ਸਾਦਾ ਖਾਣਾ ਸਾਦਾ ਪਹਿਨਣਾ। ਸਿੱਖਾਂ ਵਿਚ ਰਲ ਮਿਲ ਕੇ ਪ੍ਰਵਾਰ ਵਾਂਗ ਰਹਿਣਾ, ਕੋਈ ਉੱਚਾ ਨਹੀਂ, ਨੀਵਾਂ ਨਹੀਂ। ਇਸ ਢੰਗ ਨਾਲ ਤਿਆਰ ਕੀਤੀ "ਜਮੀਨ" ਵਿਚੋਂ ਗਿਆਨਵਾਨ, ਪਰਉਪਕਾਰੀ, ਬਹਾਦਰ ਤੇ ਵੰਡ ਛਕਣ ਵਾਲਿਆਂ ਦੀ "ਫ਼ਸਲ" ਤਿਆਰ ਹੋ ਰਹੀ ਸੀ। ਹਰ ਰੋਜ਼ ਕੋਈ ਨਾ ਕੋਈ ਕੌਤਕ ਵਰਤਦਾ ਰਹਿੰਦਾ ਸੀ।

ਪੁਰਾਣੇ ਸਿੱਖ ਸਾਖੀ ਸਾਹਿਤ ਵਿਚੋਂ ਕੁੱਝ ਕੁ ਬੜੇ ਕੀਮਤੀ ਮੋਤੀ (ਸਾਖੀਆਂ) ਲੱਭਦੇ ਹਨ ਕਿ ਰੂਹ ਨਸ਼ਿਆ ਜਾਂਦੀ ਹੈ। ਉਨ੍ਹਾਂ ਪਰਉਪਕਾਰੀਆਂ ਵੱਲੋਂ ਕੀਤੇ ਗਏ ਮਹਾਨ ਕਾਰਜਾਂ ਦੀ ਬਦੌਲਤ ਹੀ ਸਿੱਖ ਕੌਮ ਵਧੀ ਫੁਲੀ ਹੈ। ਉਨ੍ਹਾਂ ਨੇ ਗੁਰਬਾਣੀ ਦੇ ਸੱਚ ਨੂੰ ਆਪਣੇ ਤਨ 'ਤੇ ਹੰਢਾਇਆ, ਮਨ ਵਿਚ ਧਿਆਇਆ ਤੇ ਕਿਰਤ ਵਿਚੋਂ ਕਮਾਇਆ। ਦੂਰਾਡੇ ਪਿੰਡ ਤੋਂ ਆਈ ਇਕ ਸਤਿਕਾਰਯੋਗ ਬੀਬੀ ਪਹਿਰੇਦਾਰ ਕੋਲ ਨਿਮਰਤਾ ਸਹਿਤ ਬੇਨਤੀ ਕਰਦੀ ਹੈ। "ਵੀਰ ਜੀਓ! ਮੈਂ ਗੁਰੂ ਪਿਤਾ ਜੀ ਨੂੰ ਮਿਲਣਾ ਚਾਹੁੰਦੀ ਹਾਂ।"

ਸੇਵਾਦਾਰ- "ਬੀਬੀ ਜੀ! ਦੇਸ਼ ਪ੍ਰਦੇਸ਼ ਵਿਚੋਂ ਬਹੁਤ ਸਾਰੇ ਲੋਕ, ਧਾਰਮਕ ਹਸਤੀਆਂ, ਰਾਜਨੀਤਕ ਲੋਕ ਸਤਿਗੁਰੂ ਜੀ ਨੂੰ ਮਿਲਣ ਆਏ ਹਨ, ਅੱਜ ਵਕਤ ਮਿਲਣਾ ਔਖਾ ਹੈ। ਕੱਲ ਨੂੰ ਆਉਣਾ।" ਅਗਲੇ ਦਿਨ ਬੀਬੀ ਫਿਰ ਪਹੁੰਚ ਗਈ। ਦਰਬਾਰ ਦੇ ਨਜ਼ਦੀਕ 'ਤੇ ਸੇਵਾਦਾਰ ਨੂੰ ਅਰਜ਼ ਕੀਤੀ, "ਭਰਾ ਜੀ! ਮੈਂ ਕਲ ਭੀ ਆਈ ਸਾਂ, ਬਹੁਤ ਜਰੂਰੀ ਕੰਮ ਹੈ, ਕਿਰਪਾ ਕਰ ਕੇ ਸਤਿਗੁਰੂ ਨਾਲ ਮੁਲਾਕਾਤ ਕਰ ਲੈਣ ਦਿਓ।"

ਸੇਵਾਦਾਰ, "ਭੈਣ ਜੀ ਵੇਖੋ ਕਿੰਨੀ ਸੰਗਤ ਦੂਰੋਂ ਨੇੜਿਉਂ ਆਈ ਹੈ, ਗਿਣਤੀ ਕਰਨੀ ਔਖੀ ਹੈ। ਜਿਥੇ ਜਗ੍ਹਾ ਮਿਲਦੀ ਹੈ। ਤੁਸੀ ਟਿੱਕ ਕੇ ਬੈਠ ਜਾਉ, ਹਾਲੀ ਮੁਸ਼ਕਲ ਹੈ।" ਬੀਬੀ ਟਿਕਟਿਕੀ ਲਾ ਕੇ ਬੈਠ ਗਈ। ਸਵੇਰ ਤੋਂ ਲੈ ਕੇ ਕੀਰਤਨ ਕਥਾ, ਸਵਾਲ ਜੁਆਬ, ਕਵਿਤਾਵਾਂ, ਢਾਡੀ ਵਾਰਾਂ ਆਦਿਕ ਹੁੰਦੀਆਂ ਰਹੀਆਂ। ਦੁਪਹਿਰ ਢਲੀ ਤਕ ਦੀਵਾਨ ਸਜਿਆ ਰਿਹਾ। ਸਮਾਪਤੀ 'ਤੇ ਲੋਕੀਂ ਲੰਗਰ ਵੱਲ ਨੂੰ ਚਲ ਪਏ। ਦਸਮੇਸ਼ ਪਿਤਾ ਆਪਣੇ ਅਰਾਮ ਕਰਨ ਵਾਲੇ ਟਿਕਾਣੇ ਵੱਲ ਟੁਰ ਪਏ। ਇਹ ਬੀਬੀ

ਤੇਜ਼ੀ ਨਾਲ ਅੱਗੇ ਵਧੀ। ਲੋਕਾਂ ਵਿਚੋਂ ਰਾਹ ਬਣਾਉਂਦੀ ਗੁਰੂ ਗੋਬਿੰਦ ਸਿੰਘ ਜੀ ਤਕ ਪਹੁੰਚ ਗਈ। ਗੁਰੂ ਜੀ ਦੂਜਿਆਂ ਨਾਲ ਗੱਲਬਾਤ ਕਰਦੇ ਅੱਗੇ ਵੱਧ ਰਹੇ ਸਨ। ਅਚਨਚੇਤੀ ਇਸ ਬੀਬੀ ਨੇ ਸਤਿਗੁਰੂ ਜੀ ਦੇ ਚਰਨ ਫੜ ਲਏ। ਆਪਣਾ ਸਿਰ ਉਨ੍ਹਾਂ ਦੇ ਚਰਨਾਂ 'ਤੇ ਰੱਖ ਦਿੱਤਾ। ਜਦੋਂ ਗੁਰੂ ਜੀ ਨੇ ਬੀਬੀ ਨੂੰ ਵੇਖਿਆ ਤਾਂ ਬੜੇ ਅਦਬ ਨਾਲ ਚਰਨਾਂ ਤੋਂ ਉਠਾਈ, ਇਸ ਤਰ੍ਹਾਂ ਮੱਥਾ ਟੇਕਣ ਦਾ ਕਾਰਨ ਪੁੱਛਿਆ।

ਬੀਬੀ ਨੇ ਅਰਜ਼ ਕੀਤੀ, "ਸਤਿਗੁਰੂ ਜੀ ਮੇਰਾ ਪੁੱਤਰ ਬਿਮਾਰ ਹੈ, ਮੌਤ ਦੇ ਨੇੜੇ ਹੈ। ਕਿਰਪਾ ਕਰ ਕੇ ਤੁਸੀ ਤੰਦਰੁਸਤੀ ਦੀ ਅਰਦਾਸ ਕਰ ਦਿਉ।"

ਸਤਿਗੁਰੂ ਜੀ, "ਦੇਖ ਬੀਬੀ! ਹੌਸਲਾ ਰੱਖ, ਪਰਮੇਸ਼ਰ 'ਤੇ ਭਰੋਸਾ ਰੱਖ। ਦੁੱਖ ਸੁੱਖ ਸਾਰਿਆਂ 'ਤੇ ਹੀ ਆਉਂਦੇ ਹਨ। ਤੇਰਾ ਪੁੱਤਰ ਭੀ ਠੀਕ ਹੋ ਜਾਵੇਗਾ।"

ਬੀਬੀ, "ਨਹੀਂ ਸਤਿਗੁਰੂ ਜੀ ਨਹੀਂ! ਤੁਹਾਡੀ ਕੀਤੀ ਅਰਦਾਸ ਬਿਰਥੀ ਨਹੀਂ ਜਾਂਦੀ।"

ਗੁਰੂ ਜੀ, "ਬੀਬੀ ਇਨਾ ਦਿਲ ਛੋਟਾ ਨਹੀਂ ਕਰੀਦਾ। ਹੌਸਲਾ ਰੱਖੋ ਤੇ ਨਿਰੰਕਾਰ 'ਤੇ ਭਰੋਸਾ ਰੱਖੋ, ਉਹ ਸਾਡਾ ਸਾਰਿਆਂ ਦਾ ਰਾਖਾ ਹੈ। ਪਰਮੇਸ਼ਰ ਦੇ ਅਟੱਲ ਹੁਕਮ ਨੂੰ ਸਮਝੋ, ਖਿੜੇ ਮੱਥੇ ਭਾਣਾ ਸਵੀਕਾਰ ਕਰੋ।"

ਬੀਬੀ, "ਸਤਿਗੁਰੂ ਜੀ! ਅਸਲ ਵਿਚ ਮਾਜਰਾ ਇਹ ਹੈ ਕਿ ਮੇਰਾ ਪਤੀ ਲੰਮਾ ਸਮਾਂ ਤੁਹਾਡੀ ਸੇਵਾ ਵਿਚ ਰਹਿ ਕੇ ਸੇਵਾ ਕਰਦਾ ਰਿਹਾ। ਜਦੋਂ ਜੰਗ ਵਿਚ ਜਾਣਾ ਪਿਆ, ਜੰਗ ਵਿਚ ਮੋਹਰੀ ਹੋ ਕੇ ਲੜਿਆ। ਅੰਤ ਨਾਦੌਣ ਵਾਲੀ ਜੰਗ ਵਿਚ ਸਰੀਰ ਲੇਖੇ ਲਾ ਗਿਆ। ਮੇਰੇ ਦੋ ਵੱਡੇ ਪੁੱਤਰ ਭੀ ਤੁਹਾਡੇ ਨਾਲ ਸੇਵਾ ਕਰਦੇ ਆ ਰਹੇ ਸਨ। ਉਹ ਭੀ ਦੇਸ਼ ਧਰਮ ਦੀ ਆਬਰੂ ਲਈ ਲੜਦੇ ਹੋਏ, ਜਾਨਾਂ ਨਿਛਾਵਰ ਕਰ ਗਏ। ਰਹਿ ਗਿਆ ਮੇਰੇ ਕੋਲ ਇਕ ਬੇਟਾ। ਉਹ ਸਖਤ ਬਿਮਾਰ ਹੈ। ਤੁਸੀ ਅਰਦਾਸ ਕਰ ਕੇ ਸਿਹਤਯਾਬੀ ਬਖ਼ਸ਼ ਦਿਉ। ਵਰਨਾ ਉਹ ਬਿਮਾਰੀ ਨਾਲ ਹੀ ਮਰ ਜਾਵੇਗਾ। ਮੈਂ ਤੁਹਾਡੇ ਅੱਗੇ ਇਸ ਲਈ ਤਰਲਾ ਕੀਤਾ ਹੈ ਕਿ ਜੇ ਮਰਨਾ ਹੀ ਹੈ ਤਾਂ ਬਿਮਾਰੀ ਨਾਲ ਨਹੀਂ, ਮੇਰਾ ਪੁੱਤਰ ਬਹਾਦਰੀ ਵਿਖਾਉਂਦੇ ਹੋਏ, ਜੰਗ ਵਿਚ ਜੂਝ ਕੇ ਮਰੇ, ਮੈਂ ਬਹੁਤ ਖ਼ੁਸ਼ੀ ਮਨਾਂਵਾਂਗੀ। ਜਰੂਰ ਕਿਰਪਾ ਕਰੋ...।" ਸਤਿਗੁਰੂ ਜੀ ਨੇ ਨੇੜੇ ਤੇੜੇ ਵਾਲੇ ਸਿੱਖਾਂ ਨੂੰ ਬੀਬੀ ਵੱਲੋਂ ਅਰਦਾਸ ਵਾਲੀ ਵਾਰਤਾ ਦਸੀ। ਅਗਲੇ ਦਿਨ ਸਾਰੀ ਸੰਗਤ ਵਿਚ ਬੀਬੀ ਦੀ ਇੱਛਾ ਅਨੁਸਾਰ ਅਰਦਾਸ ਕੀਤੀ ਗਈ। ਬੀਬੀ ਦੇ ਪ੍ਰਵਾਰਕ ਜੀਆਂ ਵਲੋਂ ਜੋ ਸੇਵਾ ਕੀਤੀ ਗਈ, ਉਸ ਦਾ ਜ਼ਿਕਰ ਕੀਤਾ ਗਿਆ। ਆਪਣੇ ਪੁੱਤਰ ਦੀ ਸਿਹਤਯਾਬੀ ਲਈ ਜੋ ਭਾਵਨਾ ਕੰਮ ਕਰ ਰਹੀ ਸੀ, ਉਸ ਦੀ ਬਹੁਤ ਸਰਾਹਨਾ ਕੀਤੀ ਗਈ। ਅਜਿਹੀਆਂ ਦਲੇਰ ਬੀਬੀਆਂ ਆਮ ਜੰਤਾ ਲਈ ਚਾਨਣ ਬਖੇਰਦੀਆਂ ਹਨ। ਪ੍ਰੇਰਨਾ ਦਾ ਸੋਮਾ ਬਣ ਜਾਂਦੀਆਂ ਹਨ। ਧੰਨ ਗੁਰੂ ਨਾਨਕ।

ਔਰਤਾਂ ਦਾ ਆਖਰੀ "ਹਥਿਆਰ"

ਸਾਡੇ ਪਿੰਡ ਘੱਗਾ ਵਿਚ ਕਾਫੀ ਸਾਰੇ ਪਰਵਾਰ ਭੇਡਾਂ ਬੱਕਰੀਆਂ ਰਾਹੀਂ ਆਪਣਾ ਰੋਜ਼ਗਾਰ ਕਰਦੇ ਸਨ। ਪਿੰਡ ਦੇ ਲੋਕ ਉਨ੍ਹਾਂ ਨੂੰ ਓਡੇ ਜਾਂ ਗੱਡਰੀਏ ਆਖ ਕੇ ਸੰਬੋਧਨ ਕਰਦੇ ਸਨ। ਬੜੀ ਗਰੀਬੀ ਦੀ ਹਾਲਤ ਵਿਚ ਦਿਨ ਕੱਟੀ ਕਰਦੇ ਸਨ। ਪੰਜਾਹ ਕੁ ਸਾਲ ਪਹਿਲਾਂ ਤੱਕ ਪਿੰਡਾਂ ਵਿਚ ਵਾਧੂ ਜ਼ਮੀਨਾਂ ਵਿਚ ਮਾਲ ਡੰਗਰ, ਭੇਡਾਂ, ਬੱਕਰੀਆਂ, ਚਾਰਨ ਲੈ ਜਾਂਦੇ ਸਨ। ਪਸ਼ੂ ਬਾਹਰੋਂ ਰੱਜ ਕੇ ਘਰ ਮੁੜਦੇ ਸੀ, ਘਰ ਆ ਕੇ ਘਾਹ ਪਾਉਣ ਦੀ ਲੋੜ ਨਹੀਂ ਸੀ। ਇਨ੍ਹਾਂ ਗੱਡਰੀਏ ਪਰਵਾਰਾਂ ਦੀਆਂ ਜ਼ਨਾਨੀਆਂ ਆਪਣੀਆਂ ਭੇਡਾਂ ਬੱਕਰੀਆਂ ਨੂੰ ਲੈ ਕੇ ਆਮ ਹੀ ਖੇਤਾਂ ਵੱਲ ਜਾਂਦੀਆਂ ਸਨ। ਇਨ੍ਹਾਂ ਦੇ ਆਦਮੀ ਹੋਰ ਮਜ਼ਦੂਰੀ ਕਰਨ ਚਲੇ ਜਾਂਦੇ ਸਨ। ਦੋ ਚਾਰ ਖੇਤ ਖਾਲੀ ਹੋਣ ਤਾਂ ਨੇੜੇ ਹੀ ਫਸਲ ਖੜੀ ਹੋਵੇ ਤਾਂ ਪਸ਼ੂਆਂ ਦਾ ਫ਼ਸਲ ਵਿਚ ਦਾਖਲ ਹੋ ਕੇ ਖੇਤੀ ਦਾ ਨੁਕਸਾਨ ਕਰ ਦੇਣਾ ਆਮ ਗੱਲ ਸੀ। ਅਜਿਹੇ ਉਜਾੜੇ ਨੂੰ ਬਰਦਾਸ਼ਤ ਕਰਨਾ ਭੀ ਕਿਸਾਨਾਂ ਲਈ ਬਹੁਤ ਔਖਾ ਸੀ। ਇਸ ਕਾਰਨ ਕਈ ਵਾਰੀ ਪਸ਼ੂ ਚਾਰਨ ਵਾਲੇ ਮੁੰਡਿਆਂ ਨੂੰ ਕਿਸਾਨ ਚਪੇੜਾਂ ਜੜ ਦਿੰਦੇ ਸਨ। ਕਈ ਵਾਰੀ ਗੱਲ ਵਧਦੀ ਹੋਈ ਪੰਚਾਇਤ ਅਤੇ ਥਾਣੇ ਤੱਕ ਪਹੁੰਚ ਜਾਂਦੀ ਸੀ, ਕਿਉਂਕਿ ਥਾਣਾ ਸਾਡੇ ਪਿੰਡ ਵਿਚ ਹੀ ਸੀ।

ਮੇਰੇ ਦਾਦਾ ਜੀ ਨੇ ਇਕ ਔਰਤ ਦੀ ਦਲੇਰੀ ਬਾਰੇ ਸਾਡੇ ਘਰ ਆਏ ਕੁੱਝ ਰਿਸ਼ਤੇਦਾਰਾਂ ਨੂੰ ਸੁਣਾਈ ਜੋ ਮੈਨੂੰ ਕਦੀ ਨਹੀਂ ਭੁੱਲ ਸਕੀ। ਦਾਦਾ ਜੀ ਦੀ ਸੋਚ ਮੁਤਾਬਕ ਮੈਂ ਹਾਲੀ ਨਿਆਣਾ ਜੁਆਕ ਹੀ ਸਾਂ। ਪਰ ਮੈਂ ਤੇਰਾਂ ਚੌਦਾਂ ਸਾਲ ਦਾ ਹੋਣ ਕਰ ਕੇ, ਉਨ੍ਹਾਂ ਦੀ ਸੁਣਾਈ ਗੱਲਬਾਤ ਨੂੰ ਸਮਝ ਸਕਦਾ ਸਾਂ। ਗੱਲਬਾਤ ਭੀ ਕੋਈ ਡੂੰਘੀ ਫਿਲਾਸਫੀ ਦੀ ਨਹੀਂ ਸੀ। ਸਗੋਂ ਨਿੱਤ ਦਿਨ ਵਾਪਰਨ ਵਾਲੀਆਂ ਘਟਨਾਵਾਂ ਵਿਚੋਂ ਸੀ। ਉਨ੍ਹਾਂ ਜੋ ਦੱਸਿਆ ਉਸ ਦਾ ਸਾਰੰਸ ਕੁੱਝ ਇਸ ਤਰ੍ਹਾਂ ਸੀ- ਗੱਡਰੀਆ ਪ੍ਰਵਾਰਾਂ ਦੀਆਂ ਜ਼ਨਾਨੀਆਂ ਭੇਡਾਂ ਬੱਕਰੀਆਂ ਲੈ ਕੇ ਖੇਤਾਂ ਨੂੰ ਚਲੀਆਂ ਗਈਆਂ। ਖੇਤਾਂ ਵਾਲੇ ਲਾਲਚ ਦੇ ਕੇ ਜੁਆਨ ਔਰਤਾਂ ਵੱਲ ਲਲਚਾਏ ਰਹਿੰਦੇ ਸਨ। ਕਿਸੇ ਬਹਾਨੇ ਕਾਬੂ ਆਉਣ, ਆਪਣੀ ਹਵਸ ਪੂਰੀ ਕਰ ਲਈਏ। ਪਰ ਇਹ ਤੀਵੀਆਂ ਪਤਾ ਨਹੀਂ ਕਿਸ ਮਿੱਟੀ ਦੀਆਂ ਬਣੀਆਂ ਹੋਈਆਂ ਸਨ, ਕਿਸੇ ਨੂੰ ਆਪਣੇ ਨੇੜੇ ਨਹੀਂ ਸਨ ਫਟਕਣ ਦਿੰਦੀਆਂ। ਦਲੇਰ ਬੜੀਆਂ ਤੇ ਸਿਹਤਮੰਦ ਭੀ ਚੰਗੀਆਂ। ਆਪਣੇ ਆਦਮੀਆਂ ਨੂੰ ਬੁਲਾ ਕੇ ਰੋਣਾ ਧੋਣਾ ਜਾ ਸ਼ਿਕਾਇਤਾਂ ਕਰਨੀਆਂ, ਇਨ੍ਹਾਂ

ਵਾਸਤੇ ਫਜ਼ੂਲ ਚੀਜ਼ ਸੀ। ਬੜੀ ਗਰਜਵੀਂ ਆਵਾਜ਼ ਵਿਚ ਸ਼ਰਾਰਤੀ ਆਦਮੀਆਂ ਨੂੰ ਮਾਵਾਂ ਭੈਣਾਂ ਦੀਆਂ ਗਾਲ੍ਹਾਂ ਭੀ ਕੱਢ ਦਿੰਦੀਆਂ ਸਨ ਤੇ ਧੱਕਾ ਮੁੱਕੀ ਭੀ ਕਰ ਦਿਆ ਕਰਦੀਆਂ ਸਨ।

ਇਕ ਦਿਨ ਇਨ੍ਹਾਂ ਜ਼ਨਾਨੀਆਂ ਨੇ ਇਕ ਜੱਟ ਦੇ ਖੇਤ ਵਿਚੋਂ ਛੋਲਿਆਂ ਦੇ ਬੂਟੇ ਪੁੱਟ ਲਏ। ਘਾਅ ਫੂਸ ਇਕੱਠਾ ਕੀਤਾ ਤੇ ਛੋਲਿਆਂ ਨੂੰ ਅੱਗ 'ਤੇ ਰੱਖ ਕੇ ਹੋਲਾਂ ਬਣਾਉਣ ਲੱਗ ਪਈਆਂ। ਇਸ ਕੰਮ ਵਿਚ ਭੇਡਾਂ ਵਲੋਂ ਧਿਆਨ ਹੱਟ ਗਿਆ। ਹੋਲਾਂ ਭੁੰਨ ਕੇ ਇਹ ਛੋਲੇ ਖਾਂਦੀਆਂ ਰਹੀਆਂ ਤੇ ਉਧਰ ਭੇਡਾਂ ਬੱਕਰੀਆਂ ਛੋਲਿਆਂ ਦੇ ਖੇਤ ਵਿਚ ਵੜ ਗਈਆਂ। ਉਨ੍ਹਾਂ ਨੇ ਫਸਲ ਦਾ ਕਾਫੀ ਨੁਕਸਾਨ ਕਰ ਦਿੱਤਾ। ਅਚਨਚੇਤੀ ਖੇਤ ਦਾ ਮਲਕ ਜੱਟ ਭੀ ਆ ਪਹੁੰਚਿਆ। ਆਪਣੇ ਖੇਤ ਵਿਚ ਭੇਡਾਂ ਬੱਕਰੀਆਂ ਵੜੀਆਂ ਵੇਖ ਕੇ ਤਨ ਮਨ ਨੂੰ ਅੱਗ ਲੱਗ ਗਈ। ਗੁੱਸੇ ਵਿਚ ਗਾਲੀ ਗਲੋਚ ਕਰਨ ਲੱਗ ਪਿਆ। ਭੇਡਾਂ ਖੇਤ ਵਿਚੋਂ ਕੱਢ ਕੇ ਪਿੰਡ ਵੱਲ ਨੂੰ ਤੋਰ ਲਈਆਂ ਇੰਨੇ ਵਿਚ ਭੇਡਾਂ ਦੀ ਮਾਲਕ ਔਰਤ ਤੇਜ਼ੀ ਨਾਲ ਅੱਗੇ ਆ ਕੇ ਬੜੀ ਨਰਮਾਈ ਨਾਲ ਆਖਣ ਲੱਗੀ, "ਸਰਦਾਰਾ! ਗਲਤੀ ਹੋ ਗਈ, ਅਸੀਂ ਭੁਖੀਆਂ ਸਾਂ। ਹੋਲਾਂ ਕਰ ਕੇ ਖਾਣ ਲੱਗ ਪਈਆਂ, ਜਾਨਵਰਾਂ ਨੇ ਤੇਰਾ ਨੁਕਸਾਨ ਕਰ ਦਿੱਤਾ ਸਾਨੂੰ ਪਛਤਾਵਾ ਹੈ, ਮੁਆਫ਼ ਕਰਦੇ।" ਲੋਹੜੇ ਦੀ ਜੁਆਨ ਅਤੇ ਸੋਹਣੀ ਤੀਵੀਂ ਵਲੋਂ ਮਿੰਨਤ ਨਾਲ ਆਖੇ ਗਏ ਬੋਲ ਮਨ 'ਤੇ ਅਸਰ ਕਰ ਗਏ। ਜੱਟ ਖਲੋ ਗਿਆ, ਪਰ ਅਜੇ ਹੋਰ ਭਬਕ ਦੀ ਲੋੜ ਸੀ, ਬੋਲਿਆ, "ਨਾ ਤੁਸੀ ਲੋਕਾਂ ਨੇ ਸ਼ਰਮ ਹੀ ਲਾਹ ਦਿੱਤੀ ਹੈ। ਮੇਰਾ ਕਿੰਨਾ ਸਾਰਾ ਖੇਤ ਉਜਾੜ ਦਿੱਤਾ। ਮੈਂ ਤਾਂ ਸਾਰੇ ਪਸ਼ੂਆਂ ਨੂੰ ਥਾਣੇ ਬੰਦ ਕਰਾਵਾਂਗਾ। ਜਦੋਂ ਉਥੇ ਜੁਰਮਾਨੇ ਭਰ ਕੇ ਡੰਗਰ ਛੁਡਾਉਗੇ ਫਿਰ ਹੋਸ਼ ਟਿਕਾਣੇ ਆਉਣਗੇ ਤੁਹਾਡੇ।"

ਭੇਡਾਂ ਵਾਲੀ ਔਰਤ ਅੱਗੇ ਵਧੀ, ਜੱਟ ਦੇ ਨੇੜੇ ਜਾ ਕੇ ਬੜੀ ਅਧੀਨਗੀ ਵਿਚ ਹੱਥ ਜੋੜ ਕੇ ਮੁਆਫ਼ੀ ਮੰਗਣ ਲੱਗੀ। "ਸਰਦਾਰ ਜੀ ਮਾਫ਼ ਕਰਦੇ, ਅੱਗੇ ਤੋਂ ਇਸ ਤਰ੍ਹਾਂ ਦੀ ਗਲਤੀ ਨਹੀਂ ਹੋਵੇਗੀ।" ਜੱਟ ਦਾ ਸਾਰਾ ਗੁੱਸਾ ਪਿਘਲ ਗਿਆ। ਉਸ ਨੇ ਜਨਾਨੀ ਦਾ ਹੱਥ ਫੜ ਲਿਆ ਤੇ ਆਖਣ ਲੱਗਾ, "ਤੂੰ ਅਤੇ ਤੇਰੀਆਂ ਭੇਡਾਂ ਨੇ ਤਾਂ ਆਪਣਾ ਢਿੱਡ ਭਰ ਲਿਆ, ਹੁਣ ਮੇਰਾ ਢਿੱਡ ਪਰ ਦੇ, ਆਜਾ ਏਧਰ ਨੂੰ।" ਓਡ ਜਨਾਨੀ ਸਾਰੀ ਗੱਲ ਸਮਝ ਗਈ। ਉਸ ਨੇ ਆਪਣੇ ਆਪ 'ਤੇ ਪੂਰੀ ਤਰ੍ਹਾਂ ਸੰਜਮ ਰੱਖਿਆ। ਅੰਦਰ ਹਿੰਮਤ ਹੌਸਲਾ ਇਕੱਠਾ ਕਰਨ ਲੱਗ ਪਈ। ਜੱਟ ਦੇ ਪਿੱਛੇ ਪਿੱਛੇ ਤੁਰਦੀ ਗਈ। ਸੰਘਣੀਆਂ ਝਾੜੀਆਂ ਵਿਚ ਜਾ ਕੇ ਜੱਟ ਨੇ ਨਾਲਾ ਖੋਲ੍ਹਣ ਲਈ ਆਖਿਆ। ਇਸ ਜਨਾਨੀ ਨੇ ਪਿਆਰ ਨਾਲ ਆਦਮੀ ਦਾ ਮੂੰਹ ਚੁੰਮ ਲਿਆ। ਘੁੱਟ

ਕੇ ਗਲਵਕੜੀ ਪਾ ਲਈ। ਆਖਣ ਲੱਗੀ, "ਸਰਦਾਰਾ ਸਾਡਾ ਗਰੀਬਣੀਆਂ ਦਾ ਨਾਲਾ ਤਾਂ ਸਦਾ ਹੀ ਢਿੱਲਾ ਹੁੰਦਾ ਹੈ। ਤੁਹਾਡੇ ਸਰਦਾਰਾਂ ਦੇ ਨਾਲੇ ਬਹੁਤੇ ਸਖਤ ਹੁੰਦੇ ਹਨ। ਲਿਆ ਅੱਜ ਤੇਰਾ ਨਾਲਾ ਭੀ ਮੈਂ ਆਪਣੇ ਹੱਥੀਂ ਖੋਲ੍ਹ ਦਿਆਂ।" ਜੱਟ ਤਾਂ ਮਾਨੋ ਇਕ ਦਮ ਪਸਮ ਪਿਆ। ਉਸ ਨੂੰ ਚਿਤ ਚੇਤਾ ਹੀ ਨਹੀਂ ਸੀ ਕਿ ਅੱਖੜ ਜਨਾਨੀ ਇੰਨੀ ਛੇਤੀ ਕਾਬੂ ਆ ਜਾਵੇਗੀ। ਉਸ ਨੇ ਅਪਣਾ ਆਪਾ ਜਨਾਨੀ ਦੇ ਹਵਾਲੇ ਕਰ ਦਿੱਤਾ। ਇਸ ਔਰਤ ਨੇ ਹੌਲੀ ਹੌਲੀ ਨਾਲਾ ਖੋਲ੍ਹਿਆ। ਗੁਪਤ ਅੰਗ 'ਤੇ ਹੱਥ ਫੇਰਿਆ ਤੇ ਪਤਾਲੂ (ਅੰਡਕੋਸ਼) ਜ਼ੋਰ ਨਾਲ ਜਕੜ ਕੇ ਫੜ ਲਏ। ਜੱਟ ਤੜਫਿਆ ਚੀਕ ਨਿਕਲ ਗਈ, ਗਸ਼ੀ ਪੈ ਗਈ। ਇਕ ਵਾਰੀ ਤਾਂ ਹਿੱਲਣੋ ਭੀ ਰਹਿ ਗਿਆ, ਜਿਵੇਂ ਮਰ ਹੀ ਗਿਆ ਹੋਵੇ। ਇਹ ਔਰਤ ਬੜੇ ਮਜ਼ਬੂਤ ਜੁੱਸੇ ਵਾਲੀ ਅਤੇ ਬੁਲੰਦ ਹੌਸਲੇ ਵਾਲੀ ਸੀ। ਇਸ ਨੇ ਆਪਣੇ "ਸ਼ਿਕਾਰ ਦਾ ਸਿਕੰਜਾ" ਢਿੱਲਾ ਨਹੀਂ ਕੀਤਾ। ਇਕ ਦੋ ਮਿੰਟ ਤੜਪਣ ਤੋਂ ਬਾਅਦ ਜੱਟ ਮਿੰਨਤਾਂ 'ਤੇ ਉਤਰ ਆਇਆ। ਸਾਰਾ ਸਰੀਰ ਪਸੀਨੇ ਵਿਚ ਨੁੱਚੜ ਰਿਹਾ ਸੀ। ਇਕੋ ਸਾਹ ਆਖੀ ਜਾਵੇ, "ਮੈਨੂੰ ਮੁਆਫ਼ ਕਰਦੇ, ਭੈਣ ਅਖਵਾ ਲੈ, ਮਾਂ ਅਖਵਾ ਲੈ, ਪੈਰੀਂ ਹੱਥ ਲਗਵਾ ਲੈ, ਮੇਰੀ ਜਾਨ ਬਖ਼ਸ਼ ਦੇ। ਅੱਗੇ ਵਾਸਤੇ ਪੁੱਤ ਪੋਤਿਆਂ ਨੂੰ ਦੱਸ ਕੇ ਮਰੂੰਗਾ ਪਈ ਕਦੇ ਅਜਿਹੀ ਹਰਕਤ ਨਾ ਕਰਿਓ। ਲੈਣੇ ਦੇ ਦੇਣੇ ਪੈ ਸਕਦੇ ਹਨ।" ਡਾਹਢੀ ਜਨਾਨੀ ਨਹੀਂ ਮੰਨੀ, ਆਖਣ ਲੱਗੀ, "ਬੱਚੂ ਹੁਣ ਭੇਡਾਂ ਬੱਕਰੀਆਂ ਠਾਣੇ ਨਹੀਂ ਜਾਣਗੀਆਂ, ਤੂੰ ਠਾਣੇ ਜਾਵੇਂਗਾ। ਬਲਾਤਕਾਰ ਦੇ ਕੇਸ ਵਿਚ।" ਤੁਰੰਤ ਉਸ ਇਸਤਰੀ ਨੇ ਆਪਣੇ ਨਾਲ ਭੇਡਾਂ ਮੋੜਨ ਆਈ ਇਕ ਛੋਟੀ ਕੁੜੀ ਨੂੰ ਪਿੰਡ ਵਲ ਨਸਾ ਦਿੱਤਾ, ਜੋ ਘਰਦਿਆਂ ਨੂੰ ਛੇਤੀ ਖਬਰ ਕਰ ਦੇਵੇ। ਆਪਣੇ ਕੱਛੇ ਦਾ ਨਾਲਾ ਬੰਦੇ ਦੇ ਹੱਥ ਵਿਚ ਤੇ ਦੂਜੇ ਹੱਥ ਨਾਲ ਉਹ ਉਸ ਜਨਾਨੀ ਦੇ ਹੱਥ ਦੀ ਜਕੜ ਨੂੰ ਘਟਾਉਣ ਲਈ ਪਲੋਸਦਾ ਜਾਵੇ। ਧੂੰਹਦੀ ਹੋਈ ਸ਼ੇਰਨੀ ਨੇ ਆਪਣੇ ਨਾਲ ਪਿੰਡ ਵੱਲ ਟੋਰ ਲਿਆ।

"ਨੀ ਮੇਰੀਏ ਭੈਣੇ! ਜਿੰਨੇ ਕਹੇਂਗੀ, ਪੈਸੇ ਦੇ ਦਿਆਂਗਾ। ਮੇਰੇ ਖੇਤਾਂ ਵਿਚ ਭਾਵੇਂ ਹਰ ਰੋਜ਼ ਬੱਕਰੀਆਂ ਚਾਰਦੀ ਰਹੀ, ਪਰ ਅੱਜ ਜਾਨ ਬਖ਼ਸ਼ ਦੇ। ਇਸ ਹਾਲਤ ਵਿਚ ਜੇ ਮੈਂ ਪਿੰਡ ਗਿਆ। ਜਿਉਣ ਜੋਗਾ ਨਹੀਂ ਰਹਾਂਗਾ।"

"ਕੁੱਤਿਆ! ਹਰਾਮਖੋਰਾ!! ਜੋ ਕਰਤੂਤ ਮੇਰੇ ਨਾਲ ਕਰਨ ਲੱਗਾ ਸੈਂ, ਉਸ ਨਾਲ ਮੈਂ ਆਪਣੇ ਘਰ ਪਰਵਾਰ ਵਿਚ ਮੂੰਹ ਵਿਖਾਉਣ ਜੋਗੀ ਰਹਿ ਜਾਂਦੀ?"

ਇਸੇ ਹਾਲਤ ਵਿਚ ਪਿੰਡ ਦੇ ਨੇੜੇ ਅੱਪੜ ਗਏ। ਠਾਣੇ ਪਹੁੰਚਣ ਤੋਂ ਪਹਿਲਾਂ ਹੀ ਗੱਡਰੀਆ ਕਬੀਲੇ ਦੇ ਆਦਮੀ ਅਤੇ ਹੋਰ ਮੋਹਤਬਰ ਬੰਦੇ ਰਾਹ ਵਿਚ ਹੀ ਆ ਮਿਲੇ। ਗੱਭਰੂ ਜੱਟ ਦੀ ਹਾਲਤ ਵੇਖੀ ਨਹੀਂ ਸੀ ਜਾਂਦੀ। ਇਹ ਜਨਾਨੀ ਸਾਰਿਆਂ ਦੇ

ਸਾਹਮਣੇ ਉਸੇ ਹਾਲਤ ਵਿਚ ਗਰਜ ਕੇ ਬੋਲੀ, "ਪੰਚਾਇਤ ਵਾਲਿਓ! ਵੇਖੋ ਆਪਣੇ ਵੱਡੇ ਸ਼ੇਰ ਮਰਦ ਨੂੰ। ਕੱਸੋ ਕੀ ਸਜ਼ਾ ਲਾਉਗੇ ਇਸ ਨੂੰ?" ਇਕ ਬਹੁਤ ਚਲਾਕ ਬੰਦਾ ਬੋਲਿਆ, "ਬੀਬੀ ਪਹਿਲਾਂ ਇਸ ਦੀ ਖਲਾਸੀ ਤਾਂ ਕਰਦੇ, ਫਿਰ ਸਜਾ ਭੀ ਲਾ ਦਿਆਂਗੇ।"

ਬੀਬੀ ਕੜਕ ਕੇ ਬੋਲੀ, "ਇਸ ਦੀ ਸਾਹ ਰਗ (ਪਤਾਲੂ- ਟੈਸਟੀਕਲ) ਮੇਰੇ ਹੱਥ ਵਿਚੋਂ ਜੇ ਇਕ ਵਾਰੀ ਨਿਕਲ ਗਈ ਫਿਰ ਨਹੀਂ ਤੁਸੀ ਦਵਾਲ। ਹੁਣੇ ਇਸੇ ਵਕਤ ਫੈਸਲਾ ਕਰੋ, ਮੇਰੀ ਇੱਜ਼ਤ ਨੂੰ ਹੱਥ ਪਾਉਣ ਬਦਲੇ ਕੀ ਸਜਾ ਦਿਉਗੇ?" ਇਕ ਮੁਖੀ ਬਜ਼ੁਰਗ ਤਰੁੰਤ ਅੱਗੇ ਹੋ ਕੇ ਬੋਲਿਆ, "ਇਹ ਮੁੰਡਾ ਇਕ ਸੌ ਰੁਪਏ ਜੁਰਮਾਨਾ ਇਸ ਬੀਬੀ ਨੂੰ ਦੇਵੇਗਾ। (ਯਾਦ ਰਹੇ ਜਦੋਂ ਦੀ ਇਹ ਘਟਨਾ ਹੈ, ਉਸ ਵਕਤ ਸੋਨਾ ਵੀਹ ਰੁਪਏ ਤੋਲਾ ਮਿਲਦਾ ਸੀ) ਸਾਰੇ ਪਿੰਡ ਦੇ ਸਾਹਮਣੇ ਇਸ ਨੂੰ ਭੈਣ ਕਹਿ ਕੇ ਪੈਰੀਂ ਪੱਗ ਰੱਖ ਕੇ ਮੁਆਫ਼ੀ ਮੰਗੇਗਾ। ਕਿਉਂ ਬੀਬੀ ਠੀਕ ਹੈ?"

"ਨਹੀਂ ਅਜੇ ਕੁੱਝ ਕਮੀ ਹੈ, ਉਸ ਕਮੀ ਨੂੰ ਦੂਰ ਕਰੋ ਕਿ ਇਸ ਦਾ ਮੂੰਹ ਕਾਲਾ ਕਰ ਕੇ, ਜੁੱਤੀਆਂ ਦਾ ਹਾਰ ਗਲ ਵਿਚ ਪਾ ਕੇ, ਗਧੇ 'ਤੇ ਬਿਠਾ ਕੇ, ਸਾਰੇ ਪਿੰਡ ਵਿਚ ਘੁਮਾਇਆ ਜਾਵੇਗਾ। ਠੀਕ ਹੈ?" ਸਾਰਿਆਂ ਨੇ ਹਾਮੀ ਭਰ ਦਿੱਤੀ। ਬੀਬੀ ਨੇ ਉਸ ਦੇ ਪਤਾਲੂ ਛੱਡ ਦਿਤੇ ਤਾਂ ਉਸ ਨੇ ਜਰਾ ਕੁ ਸੌਖਾ ਸਾਹ ਲਿਆ। ਇਸ ਬੀਬੀ ਨੂੰ ਜੱਟ ਬ੍ਰਾਦਰੀ ਨੇ ਖੂਬ ਪਾਣੀ ਪੀ ਪੀ ਕੋਸਿਆ। ਗੰਦੀ, ਲੁੱਚੀ, ਰੰਡੀ, ਬੇਸ਼ਰਮ ਆਖ ਕੇ ਫਿਟਕਾਰਾਂ ਪਾਈਆਂ, ਪਰ ਆਪੋ ਆਪਣੇ ਘਰਾਂ ਵਿਚੋਂ ਬਾਹਰ ਨਿਕਲ ਕੇ ਕੋਈ ਨਾ ਬੋਲ ਸਕਿਆ। ਸਾਰਾ "ਪ੍ਰਬੰਧ" ਕਰ ਕੇ, ਪਿੰਡ ਵਿਚ ਢੰਡੋਰਾ ਫਿਰਾ ਕੇ, ਇਕੱਠ ਹੋਇਆ। "ਸਰਦਾਰ" ਜੀ ਨੂੰ ਮੂੰਹ ਕਾਲਾ ਕਰ ਕੇ ਗਧੇ ਦੇ ਬਿਠਾਇਆ ਗਿਆ। ਜੁੱਤੀਆਂ ਦਾ ਹਾਰ ਪਾ ਕੇ ਪਿੰਡ ਵਿਚ ਘੁਮਾਇਆ ਗਿਆ। ਹਰ ਘਰ ਦੇ ਅੱਗੇ ਖਲੋ ਕੇ ਭੀਖ ਮੰਗਦਾ। ਘਰ ਵਾਲੇ ਗੋਹਾ ਮਿੱਟੀ ਜਾਂ ਸੁਆਹ ਉਸ ਦੇ ਭਾਂਡੇ ਵਿਚ ਪਾਉਂਦੇ। ਸਾਰੇ ਦਿਨ ਵਿਚ ਇਹ ਅਜੀਬ ਤਮਾਸ਼ਾ ਸਮਾਪਤ ਹੋਇਆ। ਬਹੁਤ ਲੰਮੇ ਸਮੇਂ ਤਕ ਲੋਕਾਂ ਨੇ ਇਸ ਘਟਨਾ ਨੂੰ ਯਾਦ ਰੱਖਿਆ। ਘਟਨਾ ਵਾਪਰੀ ਨੂੰ ਕਰੀਬ ਨੱਬੇ ਸਾਲ ਹੋ ਗਏ ਹਨ, ਪਰ ਮੈਨੂੰ ਤਾਂ ਅੱਜ ਤੱਕ ਹੂ-ਬ-ਹੂ ਯਾਦ ਹੈ। ਅਜਿਹੀਆਂ ਬਹਾਦਰ ਔਰਤਾਂ ਦੀ ਦਲੇਰੀ ਦੀ ਪ੍ਰਸੰਸਾ ਕਰਨੀ ਬਣਦੀ ਹੈ। ਕਮਜ਼ੋਰ ਦਿਲ ਵਾਲੀਆਂ ਇਸਤਰੀਆਂ ਨੂੰ ਇਸ ਤੋਂ ਸਿੱਖਿਆ ਲੈਣੀ ਚਾਹੀਦੀ ਹੈ।

ਪਤਾਲੂ ਆਦਮੀ ਦਾ ਸੱਭ ਤੋਂ ਨਾਜ਼ੁਕ ਅੰਗ ਹਨ। ਇਨ੍ਹਾਂ ਨੂੰ ਜ਼ੋਰ ਨਾਲ ਦਬਾਇਆਂ ਆਦਮੀ ਦੀ ਮੌਤ ਭੀ ਹੋ ਸਕਦੀ ਹੈ। ਜ਼ੋਰ ਨਾਲ ਖਿਚਿਆ ਆਦਮੀ ਸਦਾ ਵਾਸਤੇ ਨਾਮਰਦ (ਖੱਸੀ) ਹੋ ਸਕਦਾ ਹੈ। ਇਕ ਵਾਰੀ ਅਗਰ ਇਨ੍ਹਾਂ ਨੂੰ ਹੱਥ

ਪੈ ਜਾਵੇ ਤਾਂ ਆਦਮੀ ਛੁਡਾ ਲੈਣ ਦੀ ਹਿੰਮਤ ਭੀ ਨਹੀਂ ਕਰ ਸਕੇਗਾ। ਫਿਰ ਭੀ ਮੇਰੀ ਅਰਜ਼ ਹੈ, ਇਸ ਖਤਰਨਾਕ ਖੇਡ ਤੋਂ ਬਚਿਆ ਜਾਵੇ। ਦੋਵੇਂ ਧਿਰਾਂ ਸੰਜਮ ਵਿਚ ਰਹਿਣ। ਇਸ ਦੀ ਥਾਂ ਆਪਣੇ ਪਰਸ ਵਿਚ ਔਰਤਾਂ ਨੂੰ ਲਾਲ ਮਿਰਚਾਂ ਦਾ ਪਾਊਡਰ ਚੰਗੇ ਜਿਹੇ ਪਲਾਸਟਿਕ ਦੇ ਲਿਫਾਫੇ ਵਿਚ ਪਾ ਕੇ, ਪਰਸ ਵਿਚ ਹਰ ਸਮੇਂ ਨਾਲ ਰੱਖਣਾ ਚਾਹੀਦਾ ਹੈ। ਅਗਰ ਕੋਈ ਬਦ ਦਿਮਾਗ ਵਿਅਕਤੀ ਮੰਦੀ ਹਰਕਤ ਕਰਨ ਲੱਗੇ ਤਾਂ ਪਿਆਰ ਨਾਲ ਪਲੋਸ ਕੇ, ਉਸ ਦੀਆਂ ਅੱਖਾਂ ਵਿਚ ਮਿਰਚਾਂ ਦਾ ਛਿੜਕਾ ਕਰ ਦੇਣਾ ਚਾਹੀਦਾ ਹੈ। ਫਿਰ ਭਾਵੇਂ ਜੁਤੀਆਂ ਮਾਰ ਮਾਰ ਹੋਸ਼ ਟਿਕਾਣੇ ਭੀ ਲਿਆ ਦਿਓ, ਉਹ ਕੁੱਝ ਨਹੀਂ ਕਰ ਸਕੇਗਾ।

ਇਕ ਰਾਜ ਕੁਮਾਰ ਦੀ "ਸ਼ੰਕਾ"

ਅਮਨ ਦੇ ਦਿਨਾਂ ਵਿਚ ਗੁਰੂ ਗੋਬਿੰਦ ਸਿੰਘ ਸਿੱਖਾਂ ਨੂੰ ਮਾਨਸਿਕ ਅਤੇ ਸਰੀਰਕ ਮਜ਼ਬੂਤੀ ਲਈ ਉਚਿਤ ਯਤਨ ਕਰਦੇ ਰਹਿੰਦੇ ਸਨ। ਜਿੰਨੇ ਕੁ ਉਸ ਸਮੇਂ ਵਿਦਵਾਨਾਂ ਦੀ ਸਹਾਇਤਾ ਲਈ ਜਾ ਸਕਦੀ ਸੀ, ਉਹ ਲਈ। ਗੁਰੂ ਸਾਹਿਬ ਦੇ ਪਰਉਪਕਾਰੀ ਵਿਚਾਰਾਂ ਅਤੇ ਕੰਮਾਂ ਤੋਂ ਪ੍ਰਭਾਵਤ ਹੋ ਕੇ ਜਿਥੇ ਆਮ ਲੋਕੀਂ ਭੌਰਿਆਂ ਵਾਂਗ ਆ ਰਹੇ ਸਨ, ਉਥੇ ਖਤਰੇ ਸਹੇੜ ਕੇ ਭੀ ਬਹੁਤ ਸਾਰੇ ਰਾਜੇ, ਅਮੀਰ ਵਜੀਰ ਆਦਿਕ ਭੀ ਅਨੰਦਪੁਰ ਦੇ ਨਵੇਕਲੇ ਵਰਤਾਰੇ ਨੂੰ ਵੇਖਣ ਆਉਂਦੇ ਸਨ। ਇਤਿਹਾਸ ਵਿਚਲੀਆਂ ਕਥਾਵਾਂ ਵਿਚ ਦਰਜ ਹੈ ਕਿ ਉਪਰਲੇ ਪਹਾੜੀ ਇਲਾਕਿਆਂ ਵਿਚੋਂ, (ਹਿਮਾਚਲ ਪ੍ਰਦੇਸ਼) ਆਪਣੇ ਕੁੱਝ ਸਾਥੀਆਂ ਸਮੇਤ ਇਕ ਰਾਜ ਕੁਮਾਰ ਅਨੰਦਪੁਰ ਆਇਆ। ਇਕ ਦਿਨ ਇਨ੍ਹਾਂ ਨੇ ਆਰਾਮ ਕੀਤਾ ਤੇ ਦੂਜੇ ਦਿਨ ਸਿੱਖਾਂ ਦੇ ਦੀਵਾਨ ਵਿਚ ਅੱਗੇ ਹੋ ਕੇ ਜਾ ਬੈਠੇ। ਵਿਦਵਾਨਾਂ ਨੇ ਹਾਜਰ ਸੰਗਤ ਨੂੰ ਸਹੀ ਧਰਮ ਬਾਰੇ, ਨਿਆਂਕਾਰੀ ਰਾਜਨੀਤੀ ਬਾਰੇ, ਜਾਤ ਪਾਤ ਬਾਰੇ, ਸਮਾਜਕ ਤਾਣੇ ਬਾਣੇ ਬਾਰੇ, ਸੌਖੇ ਤਰੀਕੇ ਸਮਝਾਉਣ ਹਿਤ ਲੈਕਚਰ ਦਿੱਤੇ। ਬਾਅਦ ਵਿਚ ਆਏ ਜਗਿਆਸੂਆਂ ਨੇ ਵਿਦਵਾਨਾਂ ਤੋਂ ਸਵਾਲ ਪੁੱਛੇ। ਦੀਵਾਨ ਦੀ ਸਮਾਪਤੀ ਤੋਂ ਬਾਅਦ ਰਾਜ ਕੁਮਾਰ ਨੇ ਸਾਰਿਆਂ ਨਾਲ ਰਲ ਕੇ ਲੰਗਰ ਛਕਿਆ।

ਤਿੰਨ ਚਾਰ ਦਿਨਾਂ ਤੱਕ ਹਰ ਤਰ੍ਹਾਂ ਦੀ ਜਾਣਕਾਰੀ ਲੈ ਕੇ ਇਨ੍ਹਾਂ ਦੇ ਮਨ ਵਿਚ ਸ਼ੰਕਾ ਉਪਜੀ। "ਅਸੀ ਤਾਂ ਸੁਣਿਆ ਸੀ, ਧਾਰਮਕ ਵਿਅਕਤੀ ਸਾਦਗੀ ਵਾਲਾ ਜੀਵਨ ਬਤੀਤ ਕਰਦੇ ਹਨ, ਪਰ ਇਥੇ ਤਾਂ ਸ਼ਾਹੀ ਠਾਠ ਹੈ। ਸੁਣਿਆ ਸੀ ਕਿ ਧਾਰਮਕ ਪੁਰਸ਼ ਤਿਆਗੀ ਹੁੰਦੇ ਹਨ, ਪਰ ਇਥੇ ਤਾਂ ਗ੍ਰਿਸਤੀਆਂ ਵਾਲੇ ਸਾਰੇ ਕਾਰੋਬਾਰ ਚੱਲ ਰਹੇ ਹਨ। ਅਸੀ ਤਾਂ ਸੁਣਿਆ ਸੀ, ਸਾਧੂ ਲੋਕ ਝੁੱਗੀਆਂ, ਝੌਂਪੜੀਆਂ ਵਿਚ ਰਹਿੰਦੇ ਹਨ, ਇਥੇ ਤਾਂ ਮਹਿਲ ਅਤੇ ਕਿਲ੍ਹੇ ਉੱਸਰੇ ਹੋਏ ਹਨ। ਸੁਣਿਆ ਸੀ ਕਿ ਸਾਧੂ ਲੋਕ ਵਿਆਹ ਨਹੀਂ ਕਰਾਉਂਦੇ ਜਤੀ ਰਹਿੰਦੇ ਹਨ, ਪਰ ਇਥੇ ਤਾਂ ਗੁਰੂ ਜੀ ਖੁਦ ਬਾਲ ਬੱਚਿਆਂ ਵਾਲੇ ਹਨ। ਉਨ੍ਹਾਂ ਦੇ ਸੇਵਕ ਸਿੱਖ ਭੀ ਪ੍ਰਵਾਰਾਂ ਵਾਲੇ ਹਨ। ਇਹ ਭੀ ਸੁਣਿਆ ਸੀ ਔਰਤ ਆਦਮੀ ਦਾ "ਇਮਾਨ" ਖਰਾਬ ਕਰ ਦਿੰਦੀ ਹੈ, ਧਰਮੀ ਪੁਰਖਾਂ ਨੂੰ ਔਰਤਾਂ ਦੇ ਮੱਥੇ ਨਹੀਂ ਲੱਗਣਾ ਚਾਹੀਦਾ। ਸੁਣਿਆ ਸੀ ਕਿ ਔਰਤਾਂ ਸੰਗਤ ਵਿਚ ਪੁਰਸ਼ਾਂ ਦੇ ਨਾਲ ਨਹੀਂ ਬੈਠ ਸਕਦੀਆਂ, ਇਥੇ ਤਾਂ ਸਾਰੀਆਂ ਔਰਤਾਂ ਸੰਗਤ ਕਰਦੀਆਂ ਹਨ। ਜਿਥੇ ਵੇਖਿਆ ਹਰ ਥਾਂ ਇਸਤਰੀ ਪੁਰਸ਼ ਬ੍ਰਾਬਰ

ਕੰਮ ਕਰ ਰਹੇ ਹਨ। ਇਹ ਮਾਜਰਾ ਕੀ ਹੈ ? ਕਿਤੇ ਸਤਿਗੁਰੂ ਜੀ ਧਰਮ ਤੋਂ ਭਟਕ ਤਾਂ ਨਹੀਂ ਗਏ ? ਔਰਤਾਂ, ਮਰਦਾਂ ਦਾ "ਇਮਾਨ" ਸਾਬਤ ਰਹਿ ਜਾਂਦਾ ਹੋਵੇਗਾ ? ਇਥੇ ਤਾਂ "ਉਲਟੀ ਗੰਗਾ" ਵਗ ਰਹੀ ਹੈ। ਅਜਿਹਾ ਅੱਜ ਤੱਕ ਨਾ ਸੁਣਿਆ ਨਾ ਵੇਖਿਆ।

ਰਾਜਕੁਮਾਰ ਦਾ ਸ਼ਾਹੀ ਲਿਬਾਸ, ਸੁਡੌਲ ਸਰੀਰ, ਦੱਗ ਦੱਗ ਕਰਦਾ ਚਿਹਰਾ, ਨਾਲ ਕਈ ਸੇਵਾਦਾਰ। ਸਿੱਖ ਸੇਵਾਦਾਰਾਂ ਦੀ ਨਜ਼ਰ ਵਿਚ ਛੇਤੀ ਆ ਗਿਆ। ਗੁਰੂ ਸਾਹਿਬ ਦੇ ਨੇੜਲੇ ਸੇਵਾਦਾਰ ਅੱਗੇ ਰਾਜ ਕੁਮਾਰ ਨੇ ਆਪਣੀ ਜਗਿਆਸਾ ਪ੍ਰਗਟ ਕੀਤੀ। "ਜੀ ਮੈਂ ਸਤਿਗੁਰੂ ਨੂੰ ਕੁੱਝ ਧਰਮ ਬਾਰੇ ਨਿਮਰਤਾ ਸਹਿਤ ਸਵਾਲ ਕਰਨਾ ਚਾਹੁੰਦਾ ਹਾਂ। ਅਗਰ ਇਜਾਜ਼ਤ ਦੇ ਦਿਓ ਧੰਨਵਾਦੀ ਹੋਵਾਂਗਾ।" ਦਸਮ ਪਾਤਿਸ਼ਾਹ ਤੋਂ ਮਨਜ਼ੂਰੀ ਲੈ ਕੇ ਠੀਕ ਵਕਤ ਇਸ ਨੌਜੁਆਨ ਨੂੰ ਗੁਰੂ ਜੀ ਨੇ ਨੇੜੇ ਆਉਣ ਦੀ ਆਗਿਆ ਮਿਲ ਗਈ। ਨਮਸਕਾਰ ਕਰ ਕੇ ਇਸ ਨੇ ਆਪਣੇ ਮਨ ਦੀ ਸ਼ੰਕਾ ਪ੍ਰਗਟ ਕੀਤੀ, "ਸਤਿਗੁਰੂ ਜੀ ਇਥੇ ਮੈਂ ਜੋ ਕੁੱਝ ਵੇਖਿਆ ਹੈ, ਉਸੇ ਬਾਰੇ ਪੁੱਛ ਰਿਹਾ ਹਾਂ, ਸੁਣੀ ਹੋਈ ਨਹੀਂ ਆਖ ਰਿਹਾ। ਇਥੇ ਹੋਰ ਬਹੁਤ ਕੁੱਝ ਹੋ ਰਿਹਾ ਹੈ। ਪਰ ਸਭ ਤੋਂ ਕਠੋਰ ਤੇ ਦਿਲ ਹਿਲਾ ਦੇਣ ਵਾਲੀ "ਮਰਿਆਦਾ" ਮੈਂ ਵੇਖੀ, ਉਹ ਇਸਤਰੀ, ਪੁਰਖਾਂ ਦਾ ਹਰ ਥਾਂ ਰਲ ਮਿਲ ਕੇ ਕੰਮ ਕਰਨਾ। ਹੋਰ ਤਾਂ ਹੋਰ ਇਸਤਰੀਆਂ ਸੰਗਤ ਵਿਚ ਨੰਗੇ ਮੂੰਹ (ਘੁੰਡ ਤੋਂ ਬਿਨਾਂ) ਪੁਰਸ਼ਾਂ ਦੇ ਬਰਾਬਰ ਬੈਠਦੀਆਂ ਹਨ। ਕੀ ਆਦਮੀ ਤੀਵੀਆਂ ਦਾ ਮਨ ਡੋਲ ਨਹੀਂ ਜਾਂਦਾ ਹੋਵੇਗਾ ? ਧਰਮ ਕਾਇਮ ਰਹਿ ਜਾਵੇਗਾ ?"

ਸਤਿਗੁਰੂ ਜੀ ਨੇ ਮੁਸਕਰਾ ਕੇ ਬੜੇ ਪਿਆਰ ਭਰੇ ਅੰਦਾਜ਼ ਵਿਚ ਰਾਜ ਕੁਮਾਰ ਨੂੰ ਸੰਬੋਧਨ ਹੁੰਦਿਆਂ ਕਿਹਾ, "ਨੌਜੁਆਨਾ! ਅਜਿਹੇ ਵਿਚਾਰ ਮਨ ਵਿਚੋਂ ਬਾਹਰ ਕੱਢਣ ਤੋਂ ਪਹਿਲਾਂ ਅਗਰ ਤੈਨੂੰ ਆਪਣੇ ਆਪ ਬਾਰੇ ਪਤਾ ਲੱਗ ਜਾਂਦਾ ਤਾਂ ਕਦੀ ਅਜਿਹੇ ਸ਼ੰਕੇ ਨਾ ਕਰਦਾ। ਤੇਰੀ ਉਮਰ ਖਤਮ ਹੋ ਚੁਕੀ ਹੈ। ਅੰਤ ਸਮਾਂ ਆ ਚੁੱਕਿਆ ਹੈ। ਨਿਰੰਕਾਰ ਵਲੋਂ ਤੈਨੂੰ ਇਕ ਮਹੀਨਾ ਹੋਰ ਮਿਲਿਆ ਹੈ। ਉਸ ਤੋਂ ਮਗਰੋਂ ਤੇਰੀ ਮੌਤ ਹੋ ਜਾਵੇਗੀ। ਜਾਹ ਵਾਪਸ ਆਪਣੇ ਘਰ ਚਲਾ ਜਾਹ।"

ਮੌਤ ਦਾ ਸੁਨੇਹਾ ਸੁਣ ਕੇ ਰਾਜ ਕੁਮਾਰ ਦੇ ਹੋਸ਼ ਉੱਡ ਗਏ। ਤ੍ਰੇਲੀਆਂ ਆਉਣ ਲੱਗ ਪਈਆਂ। ਪਸੀਨਾ ਪੂੰਝਦਾ, ਪੈਰ ਘਸੀਟਦਾ, ਵਾਪਸ ਆਪਣੇ ਘਰ ਵੱਲ ਚੱਲ ਪਿਆ। ਮਨ ਅੰਦਰ ਤਰਥੱਲ ਮਚ ਉਠਿਆ। ਮਨਾ ! ਏਡੇ ਵੱਡੇ ਮਹਾਂਪੁਰਖ ਗੁਰੂ ਗੋਬਿੰਦ ਸਿੰਘ ਤੂੰ ਉਨ੍ਹਾਂ 'ਤੇ ਸ਼ੰਕਾ ਕੀਤੀ। ਸ਼ਾਇਦ ਇਸੇ ਪਾਪ ਕਾਰਨ ਮੇਰੀ ਇਕ ਮਹੀਨੇ ਮਗਰੋਂ ਮੌਤ ਹੋਣ ਵਾਲੀ ਹੈ। ਗੁਰੂ ਜੀ ਗਲਤ ਥੋੜ੍ਹਾ ਹੀ ਕਹਿ ਸਕਦੇ ਹਨ ? ਵਾਪਸ ਜਾਂਦਿਆਂ ਸਾਥੀਆਂ ਨਾਲ ਕੋਈ ਗੱਲਬਾਤ ਨਾ ਕਰ ਸਕਿਆ। ਬਸ ਇਕੋ

ਪ੍ਰੇਸ਼ਾਨੀ ਕਿ ਮੌਤ ਨੇੜੇ ਆ ਰਹੀ ਹੈ, ਕਿ ਮੈਂ ਮਰਨ ਵੱਲ ਜਾ ਰਿਹਾ ਹਾਂ।

ਘਰ ਪਹੁੰਚਿਆ ਉਤਰਿਆ ਚਿਹਰਾ ਵੇਖ ਕੇ ਪ੍ਰਵਾਰ ਨੂੰ ਫਿਕਰ ਪੈ ਗਿਆ। ਦਬੀ ਜੁਬਾਨ ਨਾਲ ਹੋਈ ਬੀਤੀ ਸੁਣਾਈ। ਮੇਰੀ ਬਾਕੀ ਉਮਰ ਕੇਵਲ ਇਕ ਮਹੀਨਾ ਹੈ। ਉਸ ਵਿਚੋਂ ਭੀ ਅੱਜ ਦਾ ਦਿਨ ਲੰਘ ਗਿਆ। ਗੁਰੂ ਜੀ ਨੇ ਇਸੇ ਤਰ੍ਹਾਂ ਦੱਸਿਆ ਹੈ। ਸਾਰੇ ਪ੍ਰਵਾਰ ਦਾ ਖਾਣਾ ਪੀਣਾ ਛੁੱਟ ਗਿਆ। ਸਾਰਿਆਂ ਦੇ ਚਿਹਰੇ 'ਤੇ ਪਲਿੱਤਣ ਫਿਰ ਗਈ। ਰਾਤ ਨੂੰ ਖਾਣਾ ਪਰੋਸਿਆ, ਗ੍ਰਾਹੀ ਸੰਘ ਹੇਠਾਂ ਨਾ ਉਤਰੀ। ਛੱਡ ਕੇ ਉੱਠ ਪਿਆ। ਰਾਤੀ ਨੀਂਦਰ ਨਾ ਆਈ। ਪਤਨੀ ਅਤੇ ਦਾਸੀਆਂ ਧਰਵਾਸ ਦੇ ਰਹੀਆਂ ਹਨ ਪਰ ਉਦਾਸੀ ਘੱਟ ਨਹੀਂ ਰਹੀ। ਅਗਲੇ ਦਿਨ ਉਠਿਆ, ਨਾ ਇਸ਼ਨਾਨ ਕੀਤਾ ਨਾ ਕੱਪੜੇ ਬਦਲੇ। ਜੁਆਨ ਅਤੇ ਖ਼ੂਬਸੂਰਤ ਪਤਨੀ ਨਿੱਕੇ ਨਿੱਕੇ ਹਾਸੇ ਠੱਠੇ ਕਰ ਕੇ ਹਸਾਉਣ ਦੀ ਕੋਸ਼ਿਸ਼ ਕਰਦੀ ਰਹੀ ਪਰ ਸਭ ਵਿਅਰਥ। ਇਸੇ ਤਰ੍ਹਾਂ ਮਾਨੋ ਅੱਗ ਦੇ ਅੰਗਾਰਾਂ 'ਤੇ ਟੁਰਦਿਆਂ ਇਕ ਮਹੀਨਾ ਬੀਤ ਗਿਆ। ਮਹੀਨਾ ਕਾਹਦਾ ਬੀਤਿਆ ਸਗੋਂ ਰਾਜ ਕੁਮਾਰ ਹੀ ਬੀਤ ਗਿਆ। ਬਿਨਾਂ ਖਾਧੇ ਪੀਤੇ ਤੋਂ ਸਰੀਰ ਬਹੁਤ ਕਮਜ਼ੋਰ ਪੈ ਗਿਆ। ਵਜਨ ਅੱਧਾ ਰਹਿ ਗਿਆ। ਆਵਾਜ਼ ਮੱਧਮ ਪੈ ਗਈ। ਇਉਂ ਪ੍ਰਤੀਤ ਹੋ ਰਿਹਾ ਸੀ ਕਿ ਛੇ ਮਹੀਨੇ ਤੋਂ ਜਿਵੇਂ ਬਿਮਾਰ ਪਿਆ ਹੋਵੇ। ਰਾਜੇ ਪਿਤਾ ਨੇ ਅਨੇਕਾਂ ਪ੍ਰਕਾਰ ਦੇ ਜੱਗ ਕੀਤੇ ਹਵਨ ਕਰਵਾਏ, ਮੰਤਰ ਪੜ੍ਹੇ ਦਾਨ ਕੀਤਾ ਤਾਂ ਕਿ ਪੁੱਤਰ ਦੀ ਜਾਨ ਬੱਚ ਜਾਵੇ।

ਇਕ ਮਹੀਨਾ ਪੂਰਾ ਹੋ ਗਿਆ ਮੌਤ ਨਹੀਂ ਆਈ। ਪੈਰ ਘਸੀਟਦਾ ਇਕ ਦਿਨ ਵਾਧੂ ਲੰਘ ਗਿਆ ਮੌਤ ਨਹੀਂ ਦਿੱਸੀ। ਰਾਜ ਕੁਮਾਰ ਦਾ ਕੁੱਝ ਹੌਸਲਾ ਵਧਿਆ। ਰੱਜ ਕੇ ਖਾਣਾ ਖਾਧਾ, ਦੋਸਤਾਂ ਨਾਲ ਗੱਲਾਂ ਕੀਤੀਆਂ। ਆਪਣੇ ਸਾਥੀਆਂ ਨੂੰ ਲੈ ਕੇ ਅਨੰਦਪੁਰ ਨੂੰ ਚੱਲ ਪਿਆ, ਤਾਂ ਕਿ ਦੱਸ ਆਵਾਂ ਕਿ ਤੁਹਾਡੇ ਕਹਿਣ ਮੁਤਾਬਕ ਮੈਂ ਮਰਿਆ ਨਹੀਂ। ਗੁਰੂ ਸਾਹਿਬ ਜੀ ਨੇ ਇਸ ਨੌਜੁਆਨ ਨੂੰ ਅੱਗੇ ਬੁਲਾ ਲਿਆ। ਸਾਰੀ ਹੋਈ ਬੀਤੀ ਪੁੱਛੀ। ਰਾਜ ਕੁਮਾਰ ਆਖਣ ਲੱਗਾ, "ਸਤਿਗੁਰੂ ਜੀ, ਤੁਸੀ ਬਚਨ ਕੀਤਾ ਸੀ ਮੈਂ ਇਕ ਮਹੀਨੇ ਵਿਚ ਮਰ ਜਾਵਾਂਗਾ, ਪਰ ਮੈਂ ਜੀਵਤ ਹਾਂ...।"

ਸਤਿਗੁਰੂ, "ਭਾਈ ਬਹੁਤ ਕਮਜ਼ੋਰ ਹੋ ਗਿਆ ਹੈਂ, ਖਾਣਾ ਰੱਜ ਕੇ ਨਹੀਂ ਖਾਧਾ ?"

ਰਾਜ ਕੁਮਾਰ, "ਜੀ ਘਰ ਵਿਚ ਤੋਟ ਤਾਂ ਕਿਸੇ ਚੀਜ਼ ਦੀ ਨਹੀਂ ਸੀ, ਪਰ ਜਦੋਂ ਮੌਤ ਸਿਰ 'ਤੇ ਮੰਡਰਾਉਂਦੀ ਹੋਵੇ ਉਦੋਂ ਖਾਣਾ ਚੰਗਾ ਕਿਥੇ ਲਗਦਾ ਹੈ।"

ਸਤਿਗੁਰੂ, "ਭਾਈ ਕੋਈ ਖੇਢਾਂ ਸ਼ਿਕਾਰ, ਸਤਰੰਜ ਕੋਈ ਮਨੋਰੰਜਨ ਕੀਤਾ ?"

ਰਾਜਕੁਮਾਰ, "ਨਹੀਂ ਮਹਾਰਾਜ ਘਰ ਵਿਚ ਹੀ ਪਰਮੇਸ਼ਰ ਅੱਗੇ ਤਰਲੇ ਕਰਦਾ

ਰਿਹਾ। ਮਾਤਾ ਪਿਤਾ ਦੇਵਤਿਆਂ ਅੱਗੇ ਮਿਨਤਾ ਕਰਦੇ ਰਹੇ, ਦਾਨ ਪੁੰਨ ਕਰਦੇ ਰਹੇ।"

ਸਤਿਗੁਰੂ, "ਨੌਜੁਆਨਾ! ਵਿਆਹ ਤੇਰਾ ਹੋ ਚੁਕਿਆ ਹੈ, ਪਤਨੀ ਨਾਲ ਆਈ ਹੈ। ਪਤੀ ਪਤਨੀ ਨੇ ਕੋਈ 'ਆਪਸੀ ਕਿਰਿਆ' ਕੀਤੀ ?"

ਰਾਜਕੁਮਾਰ, "ਜੀ, ਕਿਉਂ ਮਜਾਕ ਕਰਦੇ ਹੋ, ਜਦੋਂ ਮੌਤ ਸਾਹਮਣੇ ਪਰਤੱਖ ਖੜੀ ਨਜ਼ਰ ਆਉਂਦੀ ਹੋਵੇ, ਤਦੋਂ ਪਤਨੀ ਨਾਲ ਪਿਆਰ ਖੇਢ ਖੇਢਣ ਦੀ ਇੱਛਾ ਜਾਗ ਸਕਦੀ ਹੈ ?"

ਸਤਿਗੁਰੂ, "ਗੱਭਰੂਆ, ਤੈਨੂੰ ਸਿਰਫ਼ ਮੈਂ ਇਕ ਵਾਰੀ ਮੌਤ ਯਾਦ ਕਰਵਾਈ ਸੀ। ਇਕ ਮਹੀਨੇ ਦਾ ਵਕਤ ਦਿਤਾ ਸੀ। ਮੌਤ ਆਉਂਦੀ ਮਹਿਸੂਸ ਕਰਕੇ ਤੇਰਾ ਦਿਲ ਦਹਿਲ ਗਿਆ। ਖਾਣਾ ਪੀਣਾ ਛੁੱਟ ਗਿਆ। ਇਸ਼ਨਾਨ ਕਰਨਾ ਤੇ ਬਸਤਰ ਬਦਲਣੇ ਵਿਸਰ ਗਏ। ਮਨੋਰੰਜਨ ਕਰਨੇ ਭੁੱਲ ਗਏ। ਪਤਨੀ ਕੋਲ ਜਾਣ ਦੀ ਹਿੰਮਤ ਮੁੱਕ ਗਈ। ਭਲਾ ਕਿਉਂ ?ਕਿਉਂਕਿ ਮੈਂ ਤੈਨੂੰ ਮੌਤ ਯਾਦ ਕਰਵਾ ਦਿੱਤੀ ਸੀ। ਜੋ ਸਿੱਖ ਸੇਵਕ (ਮਾਈ ਭਾਈ) ਸਾਡੇ ਦਰਬਾਰ ਵਿਚ ਆਉਂਦੇ ਹਨ। ਉਨ੍ਹਾਂ ਨੂੰ ਭੀ ਮੈਂ ਮੌਤ ਯਾਦ ਕਰਵਾਉਂਦਾ ਹਾਂ। ਇਕ ਦਿਨ ਨਹੀਂ, ਹਰ ਰੋਜ਼। ਦਿਨ ਵਿਚ ਕਈ ਕਈ ਵਾਰ। ਉਨ੍ਹਾਂ ਦੇ "ਦੇਵਤੇ" ਮਰਦੇ ਵਿਖਾਉਂਦਾ ਹਾਂ। ਉਨ੍ਹਾਂ ਦੇ ਮੰਦਰ ਢੱਠਦੇ ਵਿਖਾਉਂਦਾ ਹਾਂ। ਉਨ੍ਹਾਂ ਦੀ ਇਜਤ ਆਬਰੂ ਰੁਲਦੀ ਵਿਖਾਉਂਦਾ ਹਾਂ। ਉਨ੍ਹਾਂ ਦੇ ਸਿਰ ਤੋਂ ਲੱਥੀਆਂ ਦਸਤਾਰਾਂ ਯਾਦ ਕਰਾਉਂਦਾ ਹਾਂ। ਉਨ੍ਹਾਂ ਦੀਆਂ ਧੀਆਂ, ਭੈਣਾਂ ਬਾਜ਼ਾਰਾਂ ਵਿਚ ਨਿਲਾਮ ਹੁੰਦੀਆਂ ਯਾਦ ਕਰਾਉਂਦਾ ਹਾਂ। ਚਾਰੇ ਪਾਸੇ ਮੌਤ ਦਾ ਭਿਆਨਕ ਚਿਹਰਾ ਵਿਖਾ ਦਿੰਦਾ ਹਾਂ। ਅਜਿਹੀ ਅਵਸਥਾ ਦਾ ਮਨੁੱਖ ਨੂੰ ਜਦੋਂ ਅਹਿਸਾਸ ਹੋ ਜਾਵੇ, ਫਿਰ ਉਹ ਅਸੂਲਾਂ 'ਤੇ ਅਡੋਲ ਰਹਿ ਕੇ ਪਹਿਰਾ ਦਿੰਦਾ ਹੈ। ਫਿਰ ਉਹ ਅੰਦਰ ਦੀਆਂ ਵਾਸ਼ਨਾਵਾਂ ਖਤਮ ਕਰ ਦਿੰਦਾ ਹੈ। ਇਮਾਨ ਤੋਂ ਡੋਲਦਾ ਨਹੀਂ, ਸਗੋਂ "ਧਰਮ" ਕਮਾਉਂਦਾ ਹੈ। ਪੁੱਤਰ! ਜੋ ਮੈਂ ਤੈਨੂੰ ਇਕ ਮਹੀਨੇ ਅੰਦਰ ਮੌਤ ਆ ਜਾਣ ਬਾਰੇ ਕਿਹਾ, ਉਹ ਤੈਨੂੰ ਕੁਝ ਮੱਤ ਦੇਣ ਲਈ ਕਿਹਾ ਸੀ ਤਾਂ ਕਿ ਤੂੰ ਸਿੱਖ ਸੇਵਕਾਂ ਬਾਰੇ ਮਨ ਵਿਚ ਭਰਮ ਨਾ ਪਾਲਦਾ ਰਹੇਂ। ਇਹ ਸਾਰੇ ਸੰਜਮੀ ਜੀਵਨ ਬਤੀਤ ਕਰਨ ਵਾਲੇ ਹਨ। ਗ੍ਰਿਸਤ ਵਿਚ ਹੀ ਜੋਗੀ ਹਨ। ਸਭ ਕੁੱਝ ਪ੍ਰਵਾਨ ਕਰ ਕੇ ਭੀ ਤਿਆਗੀ ਹਨ। ਇਨ੍ਹਾਂ ਦਾ ਟੀਚਾ ਬਹੁਤ ਵੱਡਾ ਹੈ। ਇਨ੍ਹਾਂ ਦੀ ਮੰਜ਼ਿਲ ਬਹੁਤ ਅਗਾਂਹ ਹੈ।"

ਪਾਠਕ ਜਨੋਂ! ਜੋ ਲੇਖਕ ਦਸਮ ਪਾਤਿਸ਼ਾਹ ਜੀ ਦੇ ਤਿੰਨ ਵਿਆਹ ਹੋਏ ਮੰਨਦੇ ਹਨ, ਕਦੀ ਸੋਚ ਕੇ ਵੇਖਿਆ ਹੈ ਕਿ ਸਦਾ ਦੁਸ਼ਮਣ ਪਿੱਛਾ ਕਰ ਰਹੇ ਹੋਣ। ਕਿਤੇ ਲਗਾਤਾਰ ਟਿਕ ਕੇ ਕੰਮ ਕਰਨ ਦਾ ਮੌਕਾ ਨਾ ਮਿਲੇ। ਨਿਤ ਦਿਨ ਜੰਗ ਯੁੱਧ ਹੁੰਦੇ

ਰਗਿੱਹਿਣ। ਘੋੜੇ ਹਥਿਆਰ ਅਤੇ ਅੰਨ ਦਾਣਾ ਅੱਜ ਹੈ, ਕੱਲ ਨੂੰ ਪਤਾ ਨਹੀਂ ਕਿਵੇਂ ਗੁਜ਼ਰੇਗੀ ? ਕਈ ਵਾਰੀ ਪਾਣੀ ਤਕ ਨਸੀਬ ਨਹੀਂ ਹੁੰਦਾ ਸੀ। ਆਪਣਿਆਂ ਵੱਲੋਂ ਧਮਕੀਆਂ, ਮਸੰਦਾਂ ਵਲੋਂ ਸਾਜ਼ਿਸ਼ਾਂ। ਕਮਜ਼ੋਰ ਸਿੱਖਾਂ ਵਲੋਂ ਕਈ ਵਾਰੀ ਠੀਕ ਥਾਂ 'ਤੇ ਖਰੇ ਨਾ ਉਤਰਨਾ। ਚਾਰੇ ਬੰਨਿਉਂ ਦੁਸ਼ਮਣਾਂ ਵਲੋਂ ਘੇਰਾ ਘੱਤਿਆ ਹੋਇਆ ਹੈ। ਅਜਗਰ ਵਾਂਗ ਮੌਤ ਸਾਹਮਣੇ ਫੁੰਕਾਰਦੀ ਸਾਫ਼ ਦਿਸਦੀ ਹੈ। ਅਜਿਹੀ ਹਾਲਤ ਵਿਚ ਦਸ਼ਮ ਗੁਰੂ ਜੀ ਤਿੰਨ ਤਿੰਨ ਪਤਨੀਆਂ ਨਾਲ ਰੰਗ ਰਲੀਆਂ ਮਨਾਉਂਦੇ ਹੋਣਗੇ ? ਕਢਦੀ ਹਾਲਾਤ ਨੂੰ ਅੱਖਾਂ ਖੋਲ੍ਹ ਕੇ ਵੇਖਣ ਦੀ ਕੋਸ਼ਿਸ਼ ਤਾਂ ਕਰੀਏ ...।

✿✿✿

ਚੰਦਾ ਤੇ ਕੋਸਬ (ਬਹਾਦਰ ਔਰਤਾਂ)

ਸ੍ਰ. ਹਰੀ ਸਿੰਘ ਨਲੂਏ ਦਾ ਸਿੱਖ ਰਾਜ ਨੂੰ ਵਿਸ਼ਾਲ ਕਰਨ ਵਿਚ ਯਾਦਗਾਰੀ ਯੋਗਦਾਨ ਰਿਹਾ ਹੈ। ਅਫ਼ਗਾਨਿਸਤਾਨ ਵਲੋਂ ਆਉਣ ਵਾਲੇ ਹਮਲਵਰਾਂ ਅੱਗੇ ਜੇ ਕੋਈ ਬੱਬਰਸ਼ੇਰ ਬਣ ਬੁੱਕਿਆ ਸੀ ਤਾਂ ਹਰੀ ਸਿੰਘ ਸੀ। ਕਾਬਲ ਤੱਕ ਜਿਸ ਦੀ ਬਹਾਦਰੀ ਦੀਆਂ ਧੁੰਮਾਂ ਸਨ, ਉਹ ਇਹੀ ਸਰਦਾਰ ਸੀ। ਪਠਾਣੀਆਂ ਬੱਚਿਆਂ ਨੂੰ ਡਰਾਉਣ ਵਾਸਤੇ ਕਿਹਾ ਕਰਦੀਆਂ ਸਨ, ਚੁੱਪ ਸਾ ਰਹੀਆ ਰਾਂਗਲੇ" (ਬੱਚਾ ਚੁੱਪ ਕਰਜਾ ਨਹੀਂ ਤਾਂ ਹਰੀ ਸਿੰਘ ਆ ਜਾਵੇਗਾ) ਜਿਥੇ ਇਸ ਸ਼ੇਰ ਮਰਦ ਵਿਚ ਲੋਹੜੇ ਦੀ ਤਾਕਤ ਸੀ। ਬਹਾਦਰੀ ਦਾ ਅਥਾਹ ਜਜ਼ਬਾ ਸੀ। ਉਥੇ ਬੇਜੋੜ ਸਿਆਣਪ ਦਾ ਮਾਲਕ ਸੀ ਹਰੀ ਸਿੰਘ। ਜਿਥੇ ਬਹਾਦਰੀ ਅਤੇ ਸਿਆਣਪ ਦਾ ਸੁਮੇਲ ਹੋ ਜਾਵੇ, ਉਥੇ ਸਫ਼ਲਤਾਵਾਂ ਆਪਣੇ ਆਪ ਕਦਮਾਂ ਵਿਚ ਡਿੱਗ ਪੈਂਦੀਆਂ ਹਨ। ਸ੍ਰ. ਨਲੂਏ ਦੀਆਂ ਅਨੇਕ ਸਿਆਣਪਾਂ ਵਿਚੋਂ ਇਕ ਸੀ, ਇਸ ਦਾ ਖੁਫੀਆ ਮਹਿਕਮਾ ਬੇਜੋੜ ਸੀ। ਕਿਸੇ ਮੁਹਿਮ 'ਤੇ ਚੜ੍ਹਨ ਤੋਂ ਪਹਿਲਾਂ ਉਥੋਂ ਦੇ ਹਾਲਾਤ ਬਾਰੇ ਪੂਰੀ ਬਾਰੀਕੀ ਨਾਲ ਜਾਣਕਾਰੀ ਇਕੱਠੀ ਕਰਨੀ। ਉਥੋਂ ਦੇ ਲੋਕਾਂ ਦਾ ਝੁਕਾਅ ਸਿੱਖ ਰਾਜ ਵੱਲ ਹੈ ਕਿ ਨਹੀਂ। ਪਹਿਲਾਂ ਰਾਜ ਕਰਨ ਵਾਲੇ ਹਾਕਮ ਸਥਾਨਕ ਲੋਕਾਂ ਦੀ ਨਜ਼ਰ ਵਿਚ ਕਿਹੋ ਜਿਹੇ ਹਨ। ਉਥੋਂ ਦੇ ਅਫ਼ਸਰ ਅਤੇ ਗਵਰਨਰ ਆਦਿ ਕਿਸ ਤਰ੍ਹਾਂ ਦੀ ਬਿਰਤੀ ਵਾਲੇ ਹਨ। ਕਿੰਨੇ ਕੁ ਸ਼ਰਾਬ ਦੇ ਸ਼ੌਕੀਨ ਹਨ ਤੇ ਕਿੰਨੇ ਕੁ ਸ਼ਬਾਬ (ਜੁਆਨ ਲੜਕੀਆਂ) ਦੇ ਸ਼ੌਕੀਨ ਹਨ। ਜੰਗ ਵਿਚ ਘੱਟ ਤੋਂ ਘੱਟ ਜਾਨੀ ਮਾਲੀ ਨੁਕਸਾਨ ਕਿਸ ਤਰ੍ਹਾਂ ਹੋਵੇ ਤੇ ਇਲਾਕਾ ਭੀ ਸਿੱਖ ਰਾਜ ਦੇ ਅਧੀਨ ਆ ਜਾਵੇ। ਅਜਿਹੀ ਖੁਫੀਆ ਜਾਣਕਾਰੀ ਇਕੱਠੀ ਕਰਨ ਵਾਸਤੇ ਔਰਤਾਂ, ਮਰਦਾਂ ਨਾਲੋਂ ਕਈ ਗੁਣਾਂ ਵਧੀਆ ਕੰਮ ਕਰਦੀਆਂ ਸਨ। ਸ੍ਰ. ਨਲੂਏ ਦੇ ਖੁਫੀਆ ਮਹਿਕਮੇ ਦੀ ਮੁਖੀ ਸੀ ਇਕ ਅਤਿਅੰਤ ਚਤਰ ਅਤੇ ਦਲੇਰ ਔਰਤ ਚੰਦ ਕੌਰ। ਇਸ ਦੀ ਸਹਾਇਕ ਸੀ ਅਤੀ ਜਹੀਨ ਬੁੱਧੀ ਦੀ ਮਾਲਕ ਬੀਬੀ ਕੋਸਬ। ਹੋਰ ਬਹੁਤ ਸਾਰੀਆਂ ਲੜਕੀਆਂ ਅਤੇ ਨੌਜੁਆਨ ਪੁਰਸ਼ ਇਨ੍ਹਾਂ ਦੇ ਅਧੀਨ ਖੁਫੀਆ ਵਿਭਾਗ ਵਿਚ ਕੰਮ ਕਰਦੇ ਸਨ। ਇਨ੍ਹਾਂ ਵਿਚਲੀਆਂ ਮੋਹਰੀ ਜਨਾਨੀਆਂ ਕਈ ਕਈ ਭਾਸ਼ਾਵਾਂ ਬੋਲਣ ਦੀਆਂ ਮਾਹਿਰ ਸਨ। ਜਿਵੇਂ ਪੰਜਾਬੀ, ਪਸਤੋ ਤੇ ਫਾਰਸੀ ਆਦਿ।

ਬੀਬੀ ਚੰਦ ਕੌਰ ਨੇ ਜਦੋਂ ਹਿੰਦੂ ਰਾਜਿਆਂ ਅਫ਼ਸਰਾਂ ਆਦਿ ਕੋਲ ਜਾ ਕੇ ਆਪਣੇ ਮਿਸ਼ਨ ਦੀ ਪੂਰਤੀ ਲਈ ਪਹੁੰਚਣਾ ਤਾਂ ਇਸ ਤਾ ਲਿਬਾਸ ਹਿੰਦੂ ਪਰੰਪਰਾ

ਮੁਤਾਬਕ, ਬੋਲੀ ਇਸ ਦੀ ਸੰਸਕ੍ਰਿਤ ਰਲੀ ਪੰਜਾਬੀ ਜਾਂ ਕਹਿ ਲਈਏ ਪੜ੍ਹਿਆ ਲਿਖਿਆਂ ਵਾਲੀ ਬ੍ਰਿਜ ਭਾਸ਼ਾ। ਉਚਾਰਣ ਰਾਮ ਰਾਮ, ਹਰੇ ਕ੍ਰਿਸ਼ਨ, ਹਰ ਹਰ ਮਹਾਦੇਵ, ਜੈ ਸੀਤਾ ਰਾਮ, ਆਦਿ। ਇਸ ਦਾ ਨਾਮ ਹੋਣਾ ਉਸ ਵਕਤ "ਚੰਦੋ ਰਾਣੀ"। ਆਪਣੀ ਸੁੰਦਰਤਾ ਅਤੇ ਚਲਾਕੀਆਂ ਵਰਤ ਕੇ, ਕਈ ਵਾਰੀ ਛੋਟੇ ਮੁਲਾਜ਼ਮਾਂ ਨੂੰ ਰਿਸ਼ਵਤ ਦੇ ਕੇ, ਵੱਡੇ ਲੋਕਾਂ ਦੇ "ਬੈੱਡ ਰੂਮ" ਤਕ ਪਹੁੰਚ ਜਾਂਦੀ ਸੀ। ਖ਼ੁਦ ਨੂੰ ਹਰ ਤਰ੍ਹਾਂ ਦੇ ਮਾਹੌਲ ਵਿਚ ਬਦਲ ਲੈਂਦੀ ਸੀ। ਅਗਰ ਮੁਸਲਮਾਨ ਹਾਕਮਾਂ ਕੋਲ ਭੇਤ ਲੈਣ ਜਾਣਾ ਹੈ ਤਾਂ ਨਾਮ ਇਸ ਦਾ ਹੁੰਦਾ ਸੀ "ਚਾਂਦ ਬੀਬੀ"। ਸ਼ਰ੍ਹਾ ਦੇ ਸਾਰੇ ਨੁਕਤਿਆਂ ਬਾਰੇ ਵਾਕਫ਼। ਕੁਰਾਨ ਦੀਆਂ ਆਇਤਾਂ ਯਾਦ। ਇਸਲਾਮਿਕ ਰਸਮੋ ਰਿਵਾਜ ਜ਼ਬਾਨੀ ਯਾਦ। "ਅਸਲਾਮਾਹ ਲੇਕਮ, ਵਾਹ ਲੇਕਮ ਸਲਾਮ, ਆਦਾਬ", ਆਦਿਕ ਸਾਰੀਆਂ ਰੀਤੀਆਂ ਦੀ ਜਾਣਕਾਰ। ਬੁਰਕਾ ਪਹਿਨ ਕੇ ਗਵਰਨਰਾਂ ਦੇ ਹਰਮਾ ਤਕ ਚਲੀ ਜਾਇਆ ਕਰਦੀ ਸੀ। ਗੱਲਾਂ ਗੱਲਾਂ ਵਿਚ ਗੁੱਝੇ ਭੇਦ ਕਢਵਾ ਲੈਣੇ ਇਸ ਦੇ ਖੱਬੇ ਹੱਥ ਦੀ ਖੇਡ ਸੀ। ਸਿੱਖ ਰਾਜ ਤੋਂ ਨਾਰਾਜ ਜਾਂ ਆਕੀ ਸਿੱਖ ਸਰਦਾਰਾਂ ਕੋਲ ਇਹ ਪੂਰੀ ਪੰਜ ਕਕਾਰੀ ਬੀਬੀ ਚੰਦ ਕੌਰ ਬਣ ਕੇ ਪਹੁੰਚਦੀ ਸੀ। ਗੁਰਬਾਣੀ ਦੇ ਪਰਮਾਣ, ਗੁਰਇਤਿਹਾਸ ਫਤਿਹ ਜੈਕਾਰਾ, ਇਸ ਤੋਂ ਕੁੱਝ ਨਹੀਂ ਸੀ ਭੁਲਿਆ ਹੋਇਆ। ਆਪਣੇ ਖੁਫੀਆ ਵਿਭਾਗ ਦੀਆਂ ਲੜਕੀਆਂ ਨੂੰ ਭੀ ਇਹ ਸਖ਼ਤ ਸਿਖਲਾਈ ਤੋਂ ਬਾਅਦ ਕੰਮ 'ਤੇ ਭੇਜਦੀ ਸੀ। ਅਜਿਹੀਆਂ ਦਲੇਰ ਤੇ ਗੁਮਨਾਮ ਔਰਤਾਂ ਦੀ ਸਹਾਇਤਾ ਨਾਲ ਸ੍ਰ. ਹਰੀ ਸਿੰਘ ਨੇ ਵੱਡੇ ਵੱਡੇ ਜਰਨੈਲਾਂ ਨੂੰ ਧੂੜ ਵਿਚ ਮਿਲਾ ਦਿੱਤਾ ਸੀ।

ਰਾਜਸੀ ਵਿਰੋਧੀਆਂ ਨੂੰ ਆਪਣੀ ਸਿਆਣਪ ਅਤੇ ਔਰਤ ਹੋਣ ਦਾ ਲਾਹਾ ਲੈ ਕੇ ਚੰਦ ਕੌਰ ਨੇ ਸਿੱਖ ਰਾਜ ਦੀ ਮਹੱਤਵ ਪੂਰਨ ਸੇਵਾ ਕੀਤੀ ਸੀ। ਬਹੁਤ ਵਾਰੀ ਸ਼ੱਕ ਪੈਣ 'ਤੇ ਸੂਹੀਏ ਫੜੇ ਜਾ ਸਕਦੇ ਹਨ। ਬੇਅੰਤ ਤਸੀਹੇ ਦਿੱਤੇ ਜਾਂਦੇ ਹਨ। ਕਈ ਵਾਰੀ ਜਾਨ ਗੁਆਉਣੀ ਪੈ ਸਕਦੀ ਹੈ। ਚੰਦ ਕੌਰ ਬੀਬੀ ਦਾ ਖੁਫੀਆ ਵਿਭਾਗ ਸਿੱਖ ਰਾਜ ਦੇ ਅੰਤ ਤੱਕ ਕੰਮ ਕਰਦਾ ਰਿਹਾ। ਕਾਬੁਲ ਤੋਂ ਜਾਨ ਬਚਾ ਕੇ ਨਿਕਲਿਆ, ਗੱਦੀਉਂ ਲੱਥਿਆ ਤੇ ਅੰਨ੍ਹਾ ਕੀਤਾ ਹੋਇਆ ਬਾਦਸ਼ਾਹ ਸ਼ਾਹ ਸੁਜਾ ਕੋਹਿਨੂਰ ਹੀਰਾ ਦੇਣ ਦੀ ਸ਼ਰਤ 'ਤੇ ਇਸ ਜਲਾਵਤਨ ਰਾਜੇ ਨੂੰ ਪਨਾਹ ਦੇ ਦਿੱਤੀ। ਨਾਲ ਲੋੜ ਮੂਜਬ ਖਰਚਾ ਬੰਨ੍ਹ ਦਿੱਤਾ। ਸਮਾਂ ਆਪਣੀ ਚਾਲੇ ਚਲਦਾ ਗਿਆ। ਮਹਾਰਾਜਾ ਰਣਜੀਤ ਸਿੰਘ ਕੋਹਿਨੂਰ ਹੀਰਾ ਪ੍ਰਾਪਤ ਕਰਨ ਲਈ ਕਾਹਲਾ ਪਿਆ ਹੋਇਆ। ਸ਼ਾਹ ਸੁਜਾ ਦੇਣ ਲਈ ਤਿਆਰ ਨਹੀਂ। ਕਾਫ਼ੀ ਸਾਰੀ ਤਲਖੀ ਭੀ ਵੱਧ ਗਈ। ਮਹਾਰਾਜਾ ਰਣਜੀਤ ਸਿੰਘ ਨੇ ਇਸ ਹੀਰੇ ਦੀ ਪ੍ਰਾਪਤੀ ਵਾਸਤੇ ਚੰਦ ਕੌਰ ਦੀ ਸੇਵਾ

ਲਾਈ। ਰਾਜਾ ਖੁਦ ਨੇਤਰਹੀਣ ਹੈ। ਭੇਸ ਵਟਾ ਕੇ ਸੇਵਾਦਾਰਨੀ ਬਣ ਕੇ ਪਤਾ ਕਰੋ ਕਿ ਹੀਰਾ ਕਿਥੇ ਰਖਦਾ ਹੈ? ਚੰਦਾ ਤੇ ਕੌਸਬ ਉਸ ਕਿਲ੍ਹੇ ਵਿਚ ਚਲੀਆਂ ਗਈਆਂ ਜਿਥੇ ਸ਼ਾਹ ਨੂੰ ਠਹਿਰਾਇਆ (ਜਾਂ ਨਜ਼ਰਬੰਦ ਕਿ ਨੱਸ ਨਾ ਜਾਵੇ) ਗਿਆ ਸੀ। ਇਨ੍ਹਾਂ ਦੋਵਾਂ ਔਰਤਾਂ ਨੇ ਸਾਰਿਆਂ 'ਤੇ ਨਿਗਰਾਨੀ ਰੱਖਣੀ ਸ਼ੁਰੂ ਕੀਤੀ। ਇਨ੍ਹਾਂ ਮਹਿਸੂਸ ਕੀਤਾ ਕਿ ਸਾਰੇ ਸ਼ਾਹੀ ਪ੍ਰਵਾਰ ਵਾਲੇ ਇਕ ਖਾਸ ਖੂੰਜੇ ਜਿਹੇ ਵਿਚ ਕਈ ਕਈ ਵਾਰੀ ਚੱਕਰ ਲਾਉਂਦੇ ਹਨ। ਅੱਗੇ ਪਿਛੇ ਜਾਂਦੇ ਇਧਰ ਜ਼ਰੂਰ ਵੇਖਦੇ ਹਨ। ਪੁਰਾਣੇ ਜਹੇ ਕੱਪੜੇ ਦੇ ਬੰਡਲ ਪਏ ਹਨ ਕੀਮਤੀ ਸਾਮਾਨ ਕੋਈ ਨਹੀਂ ਹੈ। ਇਕ ਰਾਤ ਸਾਰਿਆਂ ਦੇ ਸੌਂ ਜਾਣ 'ਤੇ ਉਨ੍ਹਾਂ ਸਹਿਜ ਨਾਲ ਸਾਮਾਨ ਫਰੋਲਿਆ। ਉਨ੍ਹਾਂ ਦਾ ਅੰਦਾਜ਼ਾ ਠੀਕ ਨਿਕਲਿਆ, ਇਸੇ ਥਾਂ ਪੁਰਾਣੇ ਸਾਮਾਨ ਵਿਚ ਕੋਹਿਨੂਰ ਲੁਕਾਇਆ ਗਿਆ ਸੀ। ਅਗਲੇ ਦਿਨ ਉਨ੍ਹਾਂ ਨੇ ਨਲੂਏ ਸਰਦਾਰ ਕੋਲ ਕੋਹਿਨੂਰ ਬਾਰੇ ਖਬਰ ਪਹੁੰਚਾ ਦਿੱਤੀ। ਇਧਰੋਂ ਜਰਨੈਲ ਮੋਹਕਮ ਚੰਦ ਤੇ ਸ੍ਰ. ਹਰੀ ਸਿੰਘ ਆਪਣੇ ਹਥਿਆਰਬੰਦ ਰਾਖਿਆਂ ਸਮੇਤ ਸ਼ਾਹ ਸੁਜਾ ਕੋਲ ਪਹੁੰਚ ਗਏ। ਉਨ੍ਹਾਂ ਨੇ ਮਹਾਰਾਜਾ ਰਣਜੀਤ ਸਿੰਘ ਵਲੋਂ ਹੁਕਮ ਸੁਣਾ ਦਿੱਤਾ ਕਿ "ਕੀਤੇ ਬਚਨ ਮੁਤਾਬਕ ਕੋਹਿਨੂਰ ਦੇ ਦਿਉ। ਵਰਨਾ ਦੋਸਤੀ ਵਿਚ ਵਿਗਾੜ ਆ ਸਕਦਾ ਹੈ।"

ਸ਼ਾਹ ਸੁਜਾ ਨੇ ਇਕ ਹਫ਼ਤੇ ਤੱਕ ਹੀਰਾ ਪਹੁੰਚਾ ਦੇਣ ਦਾ ਵਾਇਦਾ ਕਰ ਲਿਆ। ਨਲੂਏ ਸ੍ਰ. ਨੇ ਰਿਹਾਇਸ਼ ਦੁਆਲੇ ਸਖ਼ਤ ਪਹਿਰਾ ਲਾ ਦਿੱਤਾ ਤਾਂ ਕਿ ਗੱਦੀਉਂ ਲੱਥਾ ਬਾਦਸ਼ਾਹ (ਸ਼ਾਹ ਸੁਜਾ) ਰਾਤ ਬਰਾਤੇ ਕਿਧਰੇ ਨੱਸ ਨਾ ਜਾਵੇ। ਚੰਦਾ ਤੇ ਕੌਸਬ ਅੰਦਰਲੀ ਸਾਰੀ ਖਬਰ ਰੱਖ ਰਹੀਆਂ ਸਨ। ਮਿਥੇ ਦਿਨ 'ਤੇ ਸ਼ਾਹ ਖੁਦ ਤਾਂ ਨਾ ਗਿਆ ਪਰ ਉਸ ਨੇ ਆਪਣੇ ਵਿਸ਼ਵਾਸ ਪਾਤਰ ਵਿਅਕਤੀ ਰਾਹੀਂ, ਮਹਾਰਾਜਾ ਰਣਜੀਤ ਸਿਘ ਨੂੰ ਕੋਹਿਨੂਰ ਹੀਰਾ ਅਰਪਣ ਕਰ ਦਿੱਤਾ। ਹੀਰਾ ਪ੍ਰਾਪਤ ਕਰ ਕੇ ਖੁਸ਼ੀਆਂ ਦੇ ਜੈਕਾਰੇ ਗਜਾਏ ਗਏ। ਆਤਿਸ਼ਬਾਜ਼ੀ ਚਲਾਈ ਗਈ। ਬਹੁਤ ਵੱਡੀ ਪਾਰਟੀ ਕੀਤੀ ਗਈ, ਵਧਾਈਆਂ ਦਿੱਤੀਆਂ, ਲਈਆਂ।

ਹੀਰਾ ਪ੍ਰਾਪਤ ਕਰਨ ਤੋਂ ਬਾਅਦ ਸ਼ਾਹ ਦੇ ਰਿਹਾਇਸ਼ ਵਾਲੇ ਕਿਲ੍ਹੇ ਤੋਂ ਪਹਿਰਾ ਹਟਾ ਲਿਆ। ਸਿਰਫ਼ ਮੁੱਖ ਦਰਵਾਜ਼ੇ 'ਤੇ ਸੰਤਰੀ ਬਿਠਾ ਦਿੱਤੇ। ਸ਼ਾਹ ਸੁਜਾ ਬੇਚੈਨ ਸੀ, ਰਾਤ ਸਮੇਂ ਕਿਲ੍ਹੇ ਵਿਚੋਂ ਚੋਰੀ ਛਿਪੇ ਨਿਕਲ ਜਾਣਾ ਚਾਹੁੰਦਾ ਸੀ। ਉਸ ਨੇ ਚੰਦਾ ਨੂੰ ਪੁੱਛਿਆ, "ਤੂੰ ਬਹੁਤ ਚਲਾਕ ਔਰਤ ਹੈਂ। ਰਾਜ ਕਾਜ ਤਕ, ਹਰੀ ਸਿੰਘ ਤੇ ਮਹਾਰਾਜੇ ਤੱਕ ਤੇਰੀ ਸਿੱਧੀ ਪਹੁੰਚ ਹੈ। ਤੂੰ ਹੀ ਮੇਰੇ ਕੋਹਿਨੂਰ ਦੀ ਖਬਰ ਸਰਕਾਰ ਤੱਕ ਪਹੁੰਚਾਈ ਹੈ। ਹੁਣ ਮੈਨੂੰ ਇਸ ਕਿਲ੍ਹੇ ਦਾ ਗੁਪਤ ਰਾਹ ਦੱਸ ਦੇ ਵਰਨਾ ਤੇਰੀ ਖੈਰ ਨਹੀਂ।"

ਚੰਦਾ ਬੋਲੀ, "ਸ਼ਾਹ ਜੀ! ਅਸੀ ਇੰਨੀਆਂ ਨਿਮਕ ਹਰਾਮ ਨਹੀਂ ਹਾਂ ਕਿ ਸਰਕਾਰੀ ਭੇਤ ਬਾਹਰ ਦੱਸੀਏ। ਉਂਞ ਸਾਨੂੰ ਔਰਤਾਂ ਨੂੰ ਅਜਿਹੀਆਂ ਗੱਲਾਂ ਦਾ ਕੀ ਪਤਾ ਹੁੰਦਾ ਹੈ। ਵੈਸੇ ਮੈਨੂੰ ਪਤਾ ਭੀ ਹੋਵੇ ਤਾਂ ਜਾਨ ਦੇ ਦਿਆਂਗੀ ਭੇਤ ਨਹੀਂ ਦਿਆਂਗੀ।"

ਸ਼ਾਹ ਸੁਜਾ, "ਦੇਖ ਚੰਦਾ! ਮੇਰੇ ਕੋਲ ਹੀਰਿਆਂ ਅਤੇ ਸੋਨੇ ਦੀਆਂ ਮੋਹਰਾਂ ਦਾ ਘਾਟਾ ਨਹੀਂ ਹੈ। ਤੈਨੂੰ ਮਾਲਾ ਮਾਲ ਕਰ ਦਿਆਂਗਾ। ਜੇ ਮੈ ਕਾਬੁਲ ਦਾ ਮੁੜ ਬਾਦਸ਼ਾਹ ਬਣ ਗਿਆ, ਤੈਨੂੰ ਉਥੇ ਬੁਲਾ ਕੇ ਵੱਡਾ ਅਹੁਦਾ ਦਿਆਂਗਾ। ਜੇ ਨਹੀਂ ਰਾਹ ਦਸੇਂਗੀ, ਜਿਉਂਦੀ ਬਾਹਰ ਨਹੀਂ ਜਾ ਸਕੇਂਗੀ, ਸੋਚ ਲੈ।"

ਚੰਦ ਕੌਰ, "ਸ਼ਾਹ ਜੀ! ਗਿੱਦੜ ਭਬਕੀਆਂ ਮਾਰਨ ਦੀ ਕੋਸ਼ਿਸ ਨਾ ਕਰੋ। ਤੁਸੀ ਚੰਗੀ ਤਰ੍ਹਾਂ ਜਾਣਦੇ ਹੋ ਕਿ ਤੁਸੀ ਇਸ ਸਮੇਂ ਸਾਡੀ ਕੈਦ ਵਿਚ ਹੋ। ਸਾਡੇ ਟੁਕੜੇ ਖਾ ਰਹੇ ਹੋ। ਸਿੱਖ ਰਾਜ ਦੀ ਵਫਾਦਾਰ ਔਰਤ ਨੂੰ ਤੁਸੀ ਲਾਲਚ ਜਾਂ ਡਰਾਬਿਆਂ ਨਾਲ ਨਹੀਂ ਬਹਿਕਾ ਸਕੋਗੇ। ਹੋਸ਼ ਨਾਲ ਗੱਲ ਕਰੋ ਮੇਰੇ ਨਾਲ।"

ਸ਼ਾਹ ਸੁਜਾ ਦਾ ਪਾਰਾ ਸੱਤਵੇਂ ਆਸਮਾਨ 'ਤੇ ਪੁੱਜ ਗਿਆ। ਖ਼ੂਨ ਖੋਲ੍ਹਣ ਲੱਗ ਪਿਆ। ਆਪਣੇ ਆਪੇ ਤੋਂ ਕਾਬੂ ਗਵਾ ਬੈਠਾ। ਉਸ ਨੇ ਹੱਥ ਵਿਚ ਖੰਜਰ ਫੜਿਆ ਤੇ ਬੀਬੀ ਚੰਦ ਕੌਰ 'ਤੇ ਵਾਰ ਕਰਨੇ ਸ਼ੁਰੂ ਕੀਤੇ। ਵਾਰ ਕਰਦਾ ਗਿਆ, ਖ਼ੂਨ ਦੇ ਪਰਨਾਲੇ ਚਲਦੇ ਗਏ ਤੇ ਸਿਰੇ ਦੀ ਦਲੇਰ ਅਤੇ ਨੀਤੀ ਨਿਪੁੰਨ ਸਿੱਖ ਰਾਜ ਦੀ ਵਫਾਦਾਰ ਚੰਦ ਕੌਰ ਜ਼ਮੀਨ 'ਤੇ ਢੇਰੀ ਹੋ ਗਈ। ਇਸ ਤੋਂ ਮਗਰੋਂ ਆਪਣੇ ਸੇਵਕ ਨੂੰ ਸ਼ਾਹ ਨੇ ਹੁਕਮ ਦਿੱਤਾ ਕਿ ਕੋਸਬ ਤੋਂ ਗੁਪਤ ਰਾਹ ਪੁੱਛੋ। ਜੇ ਨਹੀਂ ਦਸਦੀ ਤਾਂ ਕੋਰੜਾ ਵਾਹੁਣਾ ਸ਼ੁਰੂ ਕਰੋ। ਕੋਸਬ ਦੀਆਂ ਅੱਖਾਂ ਦੇ ਸਾਹਮਣੇ ਹੁਣੇ ਹੁਣੇ ਚੰਦ ਕੌਰ ਨੂੰ ਕਤਲ ਕੀਤਾ ਗਿਆ ਸੀ। ਫਿਰ ਭੀ ਉਸ ਨੇ ਰਾਹ ਦੱਸਣ ਤੋਂ ਇਨਕਾਰ ਕਰ ਦਿੱਤਾ। ਸੇਵਕ ਨੇ ਅਜਿਹਾ ਕੋਰੜਾ ਮਾਰਿਆ ਕਿ ਕੋਸਬ ਦੀ ਖੱਲ ਉਧੇੜ ਕੇ ਲੈ ਗਿਆ। ਕੋਸਬ ਚੀਕ ਮਾਰ ਕੇ ਜ਼ਮੀਨ 'ਤੇ ਡਿੱਗ ਪਈ। ਦੂਜਾ ਕੋਰੜਾ ਮਾਰਨ ਤੋਂ ਪਹਿਲਾਂ ਫਿਰ ਪੁੱਛਿਆ, "ਰਾਹ ਦਸੇਂਗੀ?" ਕੋਸਬ ਵਿਲਕ ਪਈ, "ਹਾਂ ਸਰਕਾਰ! ਉਹ ਜਿਥੋਂ ਦੀ ਗੰਦਾ ਪਾਣੀ ਬਾਹਰ ਜਾਂਦਾ ਹੈ, ਉਥੋਂ ਚਾਰ ਕੁ ਇਟਾ ਉਖਾੜ ਦਿਓ, ਬਾਹਰ ਜਾਣ ਜੋਗਾ ਰਾਹ ਬਣ ਜਾਏਗਾ।"

ਸ਼ਾਹ ਸੁਜਾ ਦੇ ਸੇਵਕਾਂ ਨੇ ਉਸ ਥਾਂ ਤੋਂ ਇਟਾ ਪੁੱਟੀਆਂ। ਸਾਰੇ ਜਣੇ ਰਾਤ ਦੇ ਹਨੇਰੇ ਵਿਚ ਅਲੋਪ ਹੋ ਗਏ। ਜਿਵੇਂ ਕਿਵੇਂ ਦਰਦ ਨਾਲ ਕਰਾਹੁੰਦਿਆਂ ਚੰਦ ਕੌਰ ਦੇ ਗਮ ਵਿਚ ਹੰਝੂ ਬਹਾਉਂਦਿਆਂ ਅਨੰਤ ਲੰਮੀ ਰਾਤ ਮੁੱਕੀ। ਦਿਨ ਚੜ੍ਹਦੇ ਹੀ ਸ੍ਰ. ਹਰੀ ਸਿੰਘ ਆਪਣੇ ਸਿਪਾਹੀਆਂ ਸਮੇਤ ਕਿਲ੍ਹੇ ਵਿਚ ਦਾਖਲ ਹੋਇਆ। ਅੱਗੇ ਦਾ

ਦਰਦਨਾਕ ਦਰਿਸ਼ ਵੇਖ ਕੇ ਹੱਕਾ ਬੱਕਾ ਰਹਿ ਗਿਆ। ਮਰਨ ਕਿਨਾਰੇ ਪਈ ਕੋਸਬ ਨੇ ਚੰਦ ਕੌਰ ਨਾਲ ਹੋਈ ਬੀਤੀ ਸੁਣਾਈ। ਆਪਣੇ ਪਿੰਡੇ 'ਤੇ ਹੋਏ ਜ਼ਖ਼ਮ ਵਿਖਾਏ। ਸ਼ਾਹ ਦੇ ਫਰਾਰ ਹੋ ਜਾਣ ਬਾਰੇ ਦੱਸਿਆ। ਸ੍ਰ. ਹਰੀ ਸਿੰਘ ਨੇ ਚੰਦ ਕੌਰ ਦੀ ਬਹਾਦਰੀ ਦੀ ਪ੍ਰਸੰਸਾ ਕੀਤੀ। ਸਰਕਾਰੀ ਸਨਮਾਨਾਂ ਨਾਲ ਸਸਕਾਰ ਕਰਨ ਲਈ ਆਖਿਆ। ਕੋਸਬ ਨੂੰ ਇਲਾਜ ਲਈ ਸਫ਼ਾਖਾਨੇ (ਹਸਪਤਾਲ) ਭੇਜਿਆ ਗਿਆ।

ਅਜਿਹੀਆਂ ਨੀਤੀਵਾਨ ਅਤੇ ਬਹਾਦਰ ਔਰਤਾਂ ਦੀ ਕਾਰਗੁਜਾਰੀ ਦਾ, ਆਪਣੀਆਂ ਜਾਨਾ ਲੇਖੇ ਲਾ ਦੇਣ ਦਾ ਕਦੀ ਘੱਟ ਹੀ ਜ਼ਿਕਰ ਹੋਇਆ ਹੈ। ਇਸ ਵਿਸ਼ੇ ਬਾਰੇ ਹੋਰ ਪੜ੍ਹਨਾ ਚਾਹੋ ਤਾਂ ਸ੍ਰੀ ਹਰਨਾਮ ਦਾਸ ਸਹਿਰਾਈ ਦੀ ਪੁਸਤਕ "ਹਰੀਆ ਰਾਂਗਲੇ" ਪੜ੍ਹ ਲੈਣੀ। ਜੋ ਭਾਸ਼ਾ ਵਿਭਾਗ ਪੰਜਾਬ ਵਲੋਂ ਛਪੀ ਹੋਈ ਹੈ।

ਔਰਤਾਂ ਪਿੱਛੇ ਬਾਵਲੇ ਹੋਏ ਲੋਕ

ਇਸ ਵਡੇਰੀ ਉਮਰ ਵਿਚ ਭਾਵੇਂ ਮੈਂ "ਇਸ਼ਕ ਮਜਾਜੀ" ਦੇ ਪੱਖ ਵਿਚ ਲਿਖਦਾ ਬੋਲਦਾ ਚੰਗਾ ਨਹੀਂ ਲੱਗਾਂਗਾ। ਜੇ ਸਾਰੇ ਲੋਕ "ਇਸ਼ਕ ਹਕੀਕੀ" (ਰੱਬੀ ਪਿਆਰ) ਵਾਲੇ ਰਾਹ ਟੁਰ ਪੈਣ ਤਾਂ ਮਨੁੱਖਤਾ ਦੀ ਬੱਸ ਅੱਗੇ ਕਿਵੇਂ ਟੁਰੇਗੀ? ਜੁਆਨੀ ਦੀ ਉਮਰ ਵਿਚ ਜਿਨ੍ਹਾਂ ਨੇ "ਇਸ਼ਕ ਮਜਾਜੀ" ਸਿਦਕ ਦਿਲੀ ਨਾਲ ਕੀਤਾ, ਉਨ੍ਹਾਂ ਨੂੰ ਭੀ ਲੋਕਾਂ ਨੇ ਮਾਣ ਦਿੱਤਾ। ਉਨ੍ਹਾਂ ਦੇ ਗੀਤ ਗਾਏ। ਉਨ੍ਹਾਂ ਬਾਰੇ ਸਕੂਲਾਂ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪੜ੍ਹਾਇਆ ਗਿਆ। ਇਸੇ ਲਈ ਗੁਰੂ ਸਾਹਿਬ ਨੇ ਪਤੀ ਪਤਨੀ ਦੀ ਸਾਂਝ (ਸੈਕਸ ਲੋੜ) 'ਤੇ ਪ੍ਰਵਾਨਗੀ ਦੀ ਮੋਹਰ ਲਾਈ ਹੈ। ਤਿਆਗੀ ਜਾਂ ਜਤੀ ਸਤੀ ਦਾ ਉਪਦੇਸ਼ ਨਹੀਂ ਦਿੱਤਾ। ਸਗੋਂ ਘਰ ਦੀਆਂ ਤਮਾਮ ਜਿੰਮੇਵਾਰੀਆਂ ਨਿਭਾਉਂਦਿਆਂ ਨਿਰਲੇਪ ਰਹਿਣਾ ਹੈ। ਜਰਾ ਸੋਚ ਕੇ ਵੇਖੋ, ਜੇ ਔਰਤ ਵਿਚ ਕੋਈ ਕਸ਼ਿਸ਼ ਨਾ ਹੁੰਦੀ ਫਿਰ ਜਿੰਦਗੀ ਕਿੰਨੀ ਨੀਰਸ ਹੁੰਦੀ। ਇਉਂ ਭੀ ਕਹਿ ਸਕਦੇ ਹਾਂ ਅਗਰ ਔਰਤ ਨਾ ਹੰਦੀ ਤਾਂ ਸੁੰਦਰਤਾ ਨਾ ਹੁੰਦੀ। ਕੋਈ ਬੈਰਾਗ ਦੀ ਕਵਿਤਾ ਨਾ ਲਿਖਦਾ। ਮਿਲਾਪ ਦੀ ਮਹਿਕਾਂ ਖਿਲਾਰਦੀ ਸ਼ੇਅਰੋ ਸ਼ਾਇਰੀ ਨਾ ਹੁੰਦੀ। ਬੇਗਾਨੇ ਪਿੰਡ ਜਾ ਕੇ, ਸਵੈਮਾਨ ਤਿਆਗ ਕੇ, ਰਾਂਝਾ ਹੀਰ ਦੇ ਘਰ ਦੀਆਂ ਬਾਰਾਂ ਸਾਲ ਮੱਝਾਂ ਨਾ ਚਾਰਦਾ। ਸਾਹਿਬਾ ਦੇ ਪਿੱਛੇ ਮਿਰਜਾ ਇੰਨੇ ਜੋਖਮ ਵਿਚ ਨਾ ਪੈਂਦਾ। ਖਤਰੇ ਸਹੇੜ ਕੇ ਵਿਆਹ ਵਾਲੇ ਦਿਨ ਉਧਾਲ ਕੇ ਨਾ ਲੈ ਜਾਂਦਾ। ਸਾਹਿਬਾਂ ਦੇ ਕਾਰਨ ਉਸ ਨੇ ਵੱਢਿਆ ਜਾਣਾ ਪ੍ਰਵਾਨ ਕਰ ਲਿਆ। ਮਹੀਂਵਾਲ ਆਪਣੀ ਸਾਰੀ ਦੌਲਤ ਫਿਰ ਸੋਹਣੀ ਕਾਰਨ ਨਾ ਲੁਟਾਉਂਦਾ। ਕੰਗਾਲ ਹੋ ਕੇ ਰਾਵੀ ਕਿਨਾਰੇ ਝੁੱਗੀ ਪਾ ਕੇ ਨਾ ਬੈਠਦਾ। ਅੰਤ ਨੂੰ ਇਸ ਅਵਲੜੇ ਇਸ਼ਕ ਵਿਚ ਦੋਵੇਂ ਜਾਨ ਨਾ ਵਾਰਦੇ। ਪੁੰਨੂੰ ਦੇ ਪਿੱਛੇ ਇਸ਼ਕ ਵਿਚ ਪਾਗਲ ਹੋਈ ਸੱਸੀ ਫਿਰ ਮਾਰੂਥਲ ਵਿਚ ਨਾ ਸੜਦੀ ਮਰਦੀ, ਪੁੰਨੂੰ ਉਸ ਨੂੰ ਲਭਦਾ ਜਾਨ ਨਾ ਗਵਾਉਂਦਾ। ਜੇ ਔਰਤ ਵਿਚ ਕੋਈ ਖਿੱਚ ਨਾ ਹੁੰਦੀ ਤਾਂ ਮਜਨੂੰ ਬਾਰਾਂ ਸਾਲ ਇਸ ਆਸ ਨਾਲ ਖੂਹ ਨਾ ਗੇੜਦਾ ਕਿ ਲੈਲਾ ਆ ਕੇ ਕਹੇਗੀ, "ਪਿਆਰੇ ਮੈਂ ਪਾਣੀ ਪੀ ਲਿਆ ਹੈ, ਹੁਣ ਸਾਹ ਲੈ ਲੈ।" ਸੀਰੀ ਪਿੱਛੇ ਫਰਹਾਦ ਪਹਾੜ ਕੱਟ ਕੇ ਨਹਿਰ ਕੱਢਣ ਦਾ ਪਹਾੜ ਜਿੱਡਾ ਕੰਮ ਫਿਰ ਨਾ ਕਰਦਾ। ਸ਼ਾਹ ਜਹਾਨ ਬਾਦਸ਼ਾਹ, ਮੁਮਤਾਜ ਬੇਗਮ ਦੀ ਯਾਦ ਵਿਚ ਤਾਜ ਮਹਿਲ ਫਿਰ ਨਾ ਬਣਾਉਂਦਾ। ਸਲੀਮ (ਜਹਾਂਗੀਰ ਬਾਦਸ਼ਾਹ) ਆਪਣੇ ਪਿਤਾ ਅਕਬਰ ਤੋਂ ਬਾਗੀ ਹੋ ਕੇ ਅਨਾਰਕਲੀ ਪਿੱਛੇ ਬਾਵਲਾ ਹੋਇਆ ਨਾ ਫਿਰਦਾ। ਜੇ ਪਦਮਣੀ ਦੇ

ਰੂਪ ਦੀਆਂ ਧੁੰਮਾ ਜਗਤ ਵਿਚ ਨਾ ਪਈਆਂ ਹੁੰਦੀਆਂ ਤਾਂ ਅਲਾਉਦੀਨ ਖਿਲਜੀ ਚਿਤੌੜਗੜ੍ਹ ਤੇ ਹਮਲਾ ਨਾ ਕਰਦਾ ਤੇ ਹਜਾਰਾਂ ਬੰਦੇ ਨਾ ਮਰਵਾਉਂਦਾ। ਜਿਥੋਂ ਪਦਮਣੀ ਦੀ ਕੇਵਲ ਸੜ ਮੋਈ ਦੀ ਸੁਆਹ ਹੀ ਮਿਲੀ। ਅਗਰ ਦ੍ਰੋਪਦੀ ਵਿਚ ਕੋਈ ਅਲੋਕਾਰ ਗੱਲ ਨਾ ਹੁੰਦੀ ਤਾਂ ਮਹਾਂਭਾਰਤ ਵਰਗਾ ਖੂਨੀ ਜੰਗ ਨਾ ਹੁੰਦਾ। ਅਗਰ ਸੀਤਾ ਵਿਚ ਕੋਈ ਗੱਲ ਨਾ ਹੁੰਦੀ ਤਾਂ ਰਾਮ ਤੇ ਰਾਵਣ ਦਾ ਭਿਆਨਕ ਯੁੱਧ ਨਾ ਹੁੰਦਾ। ਰਾਜਾ ਭੋਜ ਆਪਣੀ ਰਾਣੀ ਦਾ ਘੋੜਾ ਬਣ ਕੇ ਉਸ ਨੂੰ ਪਿੱਠ 'ਤੇ ਚੁੱਕੀ ਨਾ ਫਿਰਦਾ। ਅਗਰ ਔਰਤ ਵਿਚ ਇਨੀ ਖ਼ੂਬਸੂਰਤੀ ਨਾ ਹੁੰਦੀ, ਇੰਨਾ ਪਿਆਰ ਕਰਨ ਦਾ ਜਜ਼ਬਾ ਨਾ ਹੁੰਦਾ ਤਾਂ ਜਿੰਦਗੀ ਰੁੱਖੀ ਤੇ ਬੇਸੁਆਦੀ ਹੁੰਦੀ। ਔਰਤ ਲਈ ਪੁਰਸ਼ ਅਤੇ ਪੁਰਸ਼ ਲਈ ਔਰਤ ਦਾ ਹੋਣਾ ਅਤਿਅੰਤ ਜਰੂਰੀ ਹੈ। ਦੋਵਾਂ ਤੋਂ ਬਿਨਾਂ ਜਿੰਦਗੀ ਡਗਮਗਾ ਜਾਂਦੀ ਹੈ।

ਜਾਂ ਕੁਆਰੀ ਤਾਂ ਚਾਉ ਵਿਵਾਹੀ ਤਾ ਮਾਮਲੇ ॥
ਫਰੀਦਾ ਏਹੋ ਪਛੋਤਾਉ, ਵਤਿ ਕੁਆਰੀ ਨ ਥੀਐ ॥ (1381)

ਹੇ ਫਰੀਦ! ਜਦੋਂ ਲੜਕੀ (ਲੜਕਾ) ਕੁਆਰੀ ਸੀ, ਮਨ ਵਿਚ ਲਗਾਤਾਰ ਵਿਆਹ ਕਰਾਉਣ ਦੀ ਰੀਝ ਉਸਲ ਵੱਟੇ ਲੈਂਦੀ ਰਹੀ। ਜਦੋਂ ਵਿਆਹ ਹੋ ਗਿਆ, ਕੁੱਝ ਹੀ ਸਮੇਂ ਮਗਰੋਂ ਵਿਆਹ ਦਾ ਚਾਅ ਤਾਂ ਮੱਧਮ ਪੈ ਗਿਆ, ਜਿੰਮੇਵਾਰੀਆਂ ਚੁੱਕਣੀਆਂ ਪੈ ਗਈਆਂ। ਬੜਾ ਅਜੀਬ ਜਿਹਾ ਪਛਤਾਵਾ ਲੱਗ ਗਿਆ ਕਿ ਹੁਣ ਵਾਪਸ ਕਿਵੇਂ ਮੁੜਾਂ? ਜੇ ਪਤੀ ਤੋਂ ਵੱਖ ਹੋ ਜਾਵਾਂ ਤਾਂ ਕੁਆਰੀ ਨਹੀਂ ਅਖਵਾ ਸਕਾਂਗੀ। ਲੋਕੀਂ ਛੁੱਟੜ ਆਖਣਗੇ। ਹੁਣ ਤਾਂ ਇਹੋ ਕਰ ਕਿ ਜਿੰਮੇਵਾਰੀਆਂ ਚੁੱਕ, ਰੱਬ ਦਾ ਸ਼ੁਕਰਾਨਾ ਕਰ।

ਅਤਿਦੁਖਦਾਈ ਦੂਜਾ ਪੱਖ ਇਹ ਹੈ ਕਿ ਪੁਰਸ਼ ਤਾਕਤਵਰ ਹੋਣ ਕਰ ਕੇ, ਹਰ ਤਰ੍ਹਾਂ ਦੀ ਸ਼ੋਭਾ ਆਪਣੇ ਨਾ ਕਰਵਾ ਲੈਂਦਾ ਹੈ। ਜਿਥੇ ਗਲਤੀ, ਬੁਰਾਈ ਭੈੜੀ ਮੱਤ, ਬੇਇਜ਼ਤੀ, ਝਗੜਾ ਆਦਿ ਦੀ ਜਿੰਮੇਵਾਰੀ ਔਰਤ ਸਿਰ ਮੜ੍ਹ ਦਿੰਦਾ ਹੈ। ਆਦਮੀ ਸਾਲਾਂ ਬੱਧੀ ਘਰੋਂ ਬਾਹਰ ਰਹਿ ਆਵੇ ਤਾਂ ਕੋਈ ਬੁਰਾਈ ਨਹੀਂ। ਔਰਤ ਕਿਸੇ ਮਜਬੂਰੀ ਵਸ ਕਿਧਰੇ ਇਕ ਰਾਤ ਰਹਿ ਆਵੇ ਤਾਂ ਪਾਪਣ, ਜੂਠੀ ਤੇ ਵੇਸ਼ਵਾ ਵਰਗੇ ਅਤਿ ਗੰਦੇ ਇਲਜ਼ਾਮ। ਆਦਮੀ ਪਰਾਈਆਂ ਔਰਤਾਂ ਵਲ ਵੇਖੇ ਤਾਂ "ਮਰਦਾਨਗੀ"। ਜੇ ਔਰਤ ਆਪਣੀ ਘਰੇਲੂ ਲੋੜ ਵਾਸਤੇ ਭੀ ਕਿਸੇ ਘਰ ਚਲੀ ਜਾਵੇ ਤਾਂ ਬਦਚਲਣ। ਇਸ ਦੋ ਧਾਰੀ ਸੋਚ ਨੂੰ ਬਿਆਨ ਕਰਦੀ ਇਕ ਕਵਿਤਾ ਸ੍ਰ. ਹਜਾਰਾ ਸਿੰਘ ਜੀ ਗੁਰਦਾਸਪੁਰੀ ਨੇ ਬਹੁਤ ਪਹਿਲਾਂ ਲਿਖੀ ਸੀ। ਧੰਨਵਾਦ ਸਹਿਤ ਪਾ ਰਿਹਾ ਹਾਂ-

ਔਰਤ ਸ਼ੁਰੂ ਬਿਆਨ ਹੈ, ਹੁਣ ਐਦਾਂ ਕਰਦੀ।
ਇਹ ਬਿਲਕੁਲ ਸੱਚ ਸ਼ਿਕਾਇਤ ਹੈ ਮੇਰੇ ਤੇ ਨਰ ਦੀ।
ਮੈਂ ਬਾਗੀ ਹਾਂ ਅੱਜ ਮਰਦ ਤੋਂ, ਨਹੀਂ ਕਹਿਣੋ ਡਰਦੀ।
ਪਰ ਕਿਸ ਦਾ ਇਹ ਕਸੂਰ ਹੈ, ਮੈਂ ਸਾਬਤ ਕਰਦੀ।
ਮੇਰੀ ਅੱਤ ਹੋਈ ਅੱਜ ਜਰਨ ਦੀ ਤੇ ਹੱਦ ਸਬਰ ਦੀ।
ਮੇਰੀ ਅੰਬਰ ਦਵੇ ਗਵਾਹੀ, ਧਰਤੀ ਹਾਮੀ ਭਰਦੀ।
ਮੈਂ ਕੀ ਨਹੀਂ ਕੀਤਾ ਇਸ ਲਈ, ਬਣ ਬਣ ਕੇ ਬਰਦੀ।
ਮੈਂ ਦੁੱਖ ਤਸੀਹੇ ਏਸ ਨਾਲ, ਰਹੀ ਸਾਵੇਂ ਜਰਦੀ।
ਮੈਂ ਪੈ ਕੇ ਇਸ ਦੇ ਨਾਲ, ਚਿਖਾ ਵਿਚ ਰਹੀ ਸੜਦੀ।
ਮੈਂ ਭਉਂਦੀ ਰਹੀ ਬਣਾ ਵਿਚ, ਜੂਇਆਂ ਵਿਚ ਹਰਦੀ।
ਇਹ ਸੁੱਤੀ ਨੂੰ ਛੱਡ ਕੇ ਤੁਰ ਗਿਆ, ਬਣ ਕੇ ਬੇਦਰਦੀ।
ਮੈਂ ਬਣ ਦਮਯੰਤੀ ਏਸ ਦੀ, ਰਹੀ ਪੂਜਾ ਕਰਦੀ।
ਮੈਂ ਤੇਰਾ (ਰੱਬ ਦਾ) ਨਾਮ ਭੁਲਾ ਦਿਤਾ, ਬਣ ਇਹਦੇ ਘਰ ਦੀ।
ਮੈਂ ਬਣ ਬਣ ਸੱਸੀ ਰਹੀ, ਥਲਾਂ ਵਿਚ ਰੋ ਰੋ ਮਰਦੀ।
ਮੈਂ ਬਣ ਕੇ ਕਲੀ ਅਨਾਰ ਦੀ, ਰਹੀ ਨੀਹਾਂ ਭਰਦੀ।
ਇਸ ਨੇ ਜਾਣੀ ਕਦਰ ਨਾ, ਮੇਰੇ ਕਿਸੇ ਅਮਰ ਦੀ।
ਇਸ ਜਾਤਾ ਮੈਨੂੰ ਖਿਡੌਣਾ ਤੇ ਐਸ਼ ਨਜ਼ਰ ਦੀ।
ਇਹਦੀ ਨੀਤ ਹਮੇਸ਼ਾ ਰਹੀ, ਨਵੀਂ ਅੰਗੂਰੀ ਚਰਦੀ।
ਇਕ ਆਂਦੀ ਇਕ ਛੱਡ ਦਿੱਤੀ, ਇਹ ਖੇਢ ਰਹੀ ਇਸ ਬਾਜ਼ੀਗਰ ਦੀ।
ਏਹਨੇ ਜੁੱਤੀ ਕਹਿਣਾ ਸਮਝਿਆ, ਮੈਨੂੰ ਗੱਲ ਫਖਰ ਦੀ।
ਇਹ ਫਿਰੇ ਜੇ ਕੋਠੇ ਟੱਪਦਾ, ਆਖੇ ਜਵਾਂ ਮਰਦੀ।
ਮੈਂ ਨਿਕਲਾਂ ਸੌਦੇ ਸੂਤ ਨੂੰ, ਕਹੇ ਅਵਾਰਾ ਗਰਦੀ।
ਇਹ ਕੀੜਾ ਹੁਸਨ ਸ਼ਬਾਬ ਦਾ, ਮਤਲਬ ਦਾ ਦਰਦੀ।
ਮੈਂ ਡਿੱਗੀ ਏਸ ਨਾ ਚੁੱਕਿਆ, ਕਰਦੇ ਹਮਦਰਦੀ।
ਸਗੋਂ ਕਰ ਕਰ ਨਸਰ ਜਹਾਨ ਵਿਚ, ਕੀਤੀ ਬੇ ਪਰਦੀ।
ਮੈਂ ਤੱਕ ਤੱਕ ਇਹਦੀ ਚਿਰਾਂ ਤੋਂ ਬੇ ਮਹਿਰੀ ਸਰਦੀ।
ਜੇ ਕਰਦੀ ਨਾ ਬਗਾਵਤ ਦੱਸ, ਫਿਰ ਕੀ ਮੈਂ ਕਰਦੀ?

ਦਸਮ ਪਾਤਿਸ਼ਾਹ ਜੀ ਦੇ ਸਮੇਂ ਹੋਏ ਕਵੀਆਂ ਵਿਚੋਂ ਇਕ ਸੀ ਕਵੀ ਪਿਊਖ। ਇਸ ਦੀਆਂ ਕਾਫੀ ਸਾਰੀਆਂ ਕਵਿਤਾਵਾਂ ਮਿਲ ਜਾਂਦੀਆਂ ਹਨ ਜੋ ਬਹੁਤ ਕੀਮਤੀ

ਹਨ। ਉਹ ਕਵੀ ਔਰਤ ਬਾਰੇ ਆਪਣੀ ਕਵਿਤਾ ਵਿਚ ਲਿਖਦਾ ਹੈ- ਮੈਨੂੰ ਬੜੀ ਹੈਰਾਨੀ ਹੁੰਦੀ ਹੈ ਜਦੋਂ ਲੋਕੀਂ ਔਰਤ ਨੂੰ ਬਲ ਰਹਿਤ (ਅਬਲਾ) ਕਹਿੰਦੇ ਹਨ। ਇਉਂ ਨਾ ਆਖੋ ਔਰਤ ਬਹੁਤ ਤਾਕਤ ਵਾਲੀ ਹੈ। ਧਿਆਨ ਮਾਰੋ ਜ਼ਰਾ, ਵੱਡੇ ਪੰਡਿਤ ਵਿਦਵਾਨ ਕਵੀ ਕਿਵੇਂ ਗਲਤ ਬਿਆਨੀ ਕਰ ਕੇ ਪਾਪਾਂ ਦੇ ਹਿੱਸੇਦਾਰ ਬਣ ਰਹੇ ਹਨ। ਵੱਡੇ ਸੂਰਬੀਰ, ਜੰਗ ਵਿਚ ਜਿੱਤ ਦੇ ਝੰਡੇ ਗੱਡਣ ਵਾਲੇ, ਸਾਹਮਣੇ ਮੱਥੇ ਲੜਨ ਵਾਲੇ। ਪਿਊਖ ਕਵੀ ਆਖਦਾ ਹੈ, ਮੈਂ ਬਹੁਤ ਲੋਕ ਵੇਖੇ ਪਰਖੇ ਹਨ। "ਨਾਰੀ ਸ਼ੇਰਨੀ" ਅੱਗੇ ਸਾਰੇ ਹੀ ਗਿੱਦੜ ਵਾਂਗ ਕਮਜ਼ੋਰ ਦਿਸਦੇ ਹਨ। ਕਵਿਤਾ ਪੜ੍ਹੋ-

ਹੋਵਤ ਹੈਰਾਨੀ ਪਸੇਮਾਨੀ ਮਨ ਪੀਤਰ ਯਿਹ,
ਸਬਲਾ ਕੋ ਨਾਮ ਲੋਗ ਅਬਲਾ ਧਰਮ ਹੈ।
ਬੜੇ ਬੜੇ ਪੰਡਿਤ ਔ ਗੁਨੀ ਵਿਦਵਾਨ ਜਨ,
ਅਨਥਾ ਬਚਨ ਬੋਲ ਪਾਪ ਕੋ ਕਰਤ ਹੈ।
ਮਹਾਂ ਸੂਰਬੀਰ ਨਰ ਰਣ ਕੇ ਜਿਤਯਾ ਭਾਰੇ,
ਕੋਟਨ ਕੇ ਆਗੇ ਸਨਮੁੱਖ ਹੋਇ ਲਰਤ ਹੈ।
ਕਹਤ ਪਿਊਖ ਕਵੀ ਦੇਖੇ ਹਮ ਲਾਖੋ ਬੀਰ,
"ਨਾਰੀ ਸ਼ੇਰ" ਆਗੈ ਸਭ ਜੰਬਕ ਡਰਤ ਹੈ।

ਜੋ ਸਿੱਖਿਆ ਬੱਚੀਆਂ ਨੂੰ ਘਰਾਂ ਵਿਚ ਮਿਲਦੀ ਹੈ। ਜੋ ਸਮਾਜ ਵਿਚ ਵਰਤ ਰਿਹਾ ਵਰਤਾਰਾ ਉਹ ਖੁਦ ਵੇਖਦੀਆਂ ਹਨ। ਜੋ ਕੁੱਝ ਸਮੇਂ ਸਮੇਂ ਉਨ੍ਹਾਂ ਨਾਲ ਮੰਦਾ ਚੰਗਾ ਸਲੂਕ ਹੁੰਦਾ ਹੈ। ਉਸ ਵਰਤਾਰੇ ਮੁਤਾਬਕ ਉਨ੍ਹਾਂ ਦਾ ਸੁਭਾ ਜਾਂ ਜੀਵਨ ਚਰਿੱਤਰ ਘੜਿਆ, ਤਰਾਸ਼ਿਆ ਜਾਂਦਾ ਹੈ। ਜਿਨ੍ਹਾਂ ਪ੍ਰਵਾਰਾਂ ਵਲੋਂ ਲਗਾਤਾਰ ਲੜਕੀਆਂ ਨੂੰ ਉਤਸ਼ਾਹਤ ਕੀਤਾ ਜਾਦਾ ਹੈ। ਜਿਨ੍ਹਾਂ ਮਾਪਿਆਂ ਵਲੋਂ ਅੱਗੇ ਵੱਧਣ ਲਈ ਸਾਧਨ ਜੁਟਾਏ ਜਾਂਦੇ ਹਨ। ਉਨ੍ਹਾਂ ਪ੍ਰਵਾਰਾਂ ਦੀਆਂ ਬੇਟੀਆਂ, ਬੇਟਿਆਂ ਨੂੰ ਪਛਾੜ ਜਾਂਦੀਆਂ ਹਨ। ਤੇਜ਼ੀ ਨਾਲ ਅੱਗੇ ਨਿਕਲ ਜਾਂਦੀਆਂ ਹਨ। ਪਰ ਅਫ਼ਸੋਸ ਕਿ ਬਹੁਗਿਣਤੀ ਮਾਤਾ ਪਿਤਾ ਨੂੰ ਭੀ ਪਤਾ ਨਹੀਂ ਕਿ ਲੜਕੀ ਨਾਲ ਕਿਹੋ ਜਿਹਾ ਸਲੂਕ ਕਰਨਾ ਹੈ। ਇਸੇ ਭਾਵ ਨੂੰ ਪ੍ਰਗਟ ਕਰਦੀ ਇਕ ਕਵਿਤਾ, "ਕੌਮੀ ਸੂਰਾ" ਮਹੀਨਾਵਾਰੀ ਰਸਾਲੇ ਦੇ ਅਗੱਸਤ 2007 ਅੰਕ ਵਿਚ ਛਪੀ ਸੀ। ਇਸ ਦੇ ਲੇਖਕ ਬਾਰੇ ਨਾਮ ਨਹੀਂ ਛਪਿਆ ਸੀ। ਭੇਜਣ ਵਾਲੀ ਬੀਬੀ ਅਮਰਦੀਪ ਕੌਰ ਮੁਹਾਲੀ ਲਿਖਿਆ ਸੀ। ਧੰਨਵਾਦ ਸਹਿਤ ਕਿਤਾਬ ਵਿਚ ਪਾ ਰਿਹਾ ਹਾਂ। ਪੜ੍ਹੋ-

ਮੇਰੀ ਮਾਂ ਨੇ ਮੈਨੂੰ ਆਖਿਆ ਸੀ,
ਸਿਆਣੀਆਂ ਕੁੜੀਆਂ ਲੁਕ ਲੁਕ ਕੇ ਰਹਿੰਦੀਆਂ।

ਧੁਖ ਧੁਖ ਕੇ ਜਿਉਂਦੀਆਂ, ਝੁਕ ਝੁਕ ਤੁਰਦੀਆਂ।
ਨਾ ਉੱਚਾ ਬੋਲਦੀਆਂ, ਨਾ ਉੱਚਾ ਹਸਦੀਆਂ।
ਕੁੜੀਆਂ ਆਪਣਾ ਦੁਖ ਕਿਸੇ ਨੂੰ ਨਹੀਂ ਦਸਦੀਆਂ।
ਬਸ ਧੂੰਏ ਦੇ ਪੱਜ ਰੋਂਦੀਆਂ ਤੇ ਕੰਧਾਂ ਦੇ ਓਹਲੇ ਘੁਗ ਵਸੇਂਦੀਆਂ।
ਕੁੜੀਆਂ ਸ਼ਰਮ ਹਯਾ ਦੀਆਂ ਪੁਤਲੀਆਂ ਹੁੰਦੀਆਂ।
ਸਿਰ ਢਕ ਕੇ ਰਖਦੀਆਂ, ਅੱਖਾਂ ਉਤੇ ਨਹੀਂ ਚੁਕਦੀਆਂ।
ਕੁੜੀਆਂ ਤਾਂ ਨਿਰੀਆਂ ਗਊਆਂ ਹੁੰਦੀਆਂ।
ਜਿਹੜੇ ਕਿੱਲੇ ਨਾਲ ਬੰਨ੍ਹ ਦਿਓ, ਬੱਝੀਆਂ ਰਹਿੰਦੀਆਂ।
ਇਹ ਬੇ ਜੁਬਾਨ ਕਿਸੇ ਨੂੰ ਕੁੱਝ ਨਹੀਂ ਕਹਿੰਦੀਆਂ।
ਮੇਰੀ ਮਾਂ ਦਾ ਆਖਿਆ ਹੋਇਆ ਕੋਈ ਬੋਲ, ਮੇਰੇ ਕਿਸੇ ਕੰਮ ਨਾ ਆਇਆ।
ਉਸ ਦਾ ਹਰ ਵਾਕ ਮੇਰੇ ਰਾਹ ਵਿਚ ਕੰਧ ਬਣ ਕੇ ਉੱਭਰ ਆਇਆ।
ਮੈਂ ਆਪਣੀ ਧੀ ਨੂੰ ਸਮਝਾਇਆ,
ਕਦਮ ਕਦਮ 'ਤੇ ਕੰਧਾਂ ਨਾਲ ਸਮਝੌਤਾ ਨਾ ਕਰੀਂ।
ਆਪਣੀਆਂ ਉਡਾਰੀਆਂ ਨੂੰ ਪਿੰਜਰਿਆਂ ਵਿਚ ਗਹਿਣੇ ਨਾ ਧਰੀਂ।
ਤੂੰ ਆਪਣੇ ਰੁਤਬੇ ਨੂੰ ਐਨਾ ਬੁਲੰਦ ਤੇ ਰੋਸ਼ਨ ਕਰੀਂ ਕਿ ਹਨੇਰਾ ਤ੍ਰਬਕ ਜਾਵੇ।
ਹਰ ਦੀਵਾਰ ਤੈਨੂੰ ਵੇਖ ਕੇ ਠਿਠਕ ਜਾਵੇ।
ਹਰ ਜੰਜੀਰ ਤੈਨੂੰ ਵੇਖ ਕੇ ਮੜਕ ਜਾਵੇ।
ਤੂੰ ਮਾਣ ਨਾਲ ਜੀਵੀਂ, ਮਾਣ ਨਾਲ ਮਰੀਂ।
ਦੀਵਾਰਾਂ ਨਾਲ ਸਮਝੌਤਾ ਹਰਗਿਜ਼ ਨਾ ਕਰੀਂ।
ਮੇਰੀ ਧੀ ਭੀ ਆਪਣੀ ਧੀ ਨੂੰ ਜਰੂਰ,
ਇਸ ਤੋਂ ਵੱਧ ਸੋਹਣਾ ਇਸ ਤੋਂ ਵੱਧ ਸ਼ਕਤੀਸ਼ਾਲੀ
ਅਤੇ ਮੁਹੱਬਤ ਭਰਿਆ ਕੁੱਝ ਸਿਖਾਏਗੀ।
ਕਿਉਂਕਿ ਹਰ ਜੁਗ ਵਿਚ ਮਾਵਾਂ ਆਪਣੀਆਂ ਧੀਆਂ ਨੂੰ
ਕੁੱਝ ਨਾ ਕੁੱਝ ਜਰੂਰ ਆਖਦੀਆਂ ਨੇ।
ਜੋ ਜਿੰਦਗੀ ਵਿਚ ਧੀਆਂ ਦੇ ਕੰਮ ਆਵੇ ਉਨ੍ਹਾਂ ਦਾ ਰਾਹ ਰੁਸ਼ਨਾਵੇ।

ਮਾਂ ਰੂਪ ਵਿਚ ਔਰਤ

ਗੁਰਮਤਿ ਵਿਚਾਰਧਾਰਾ ਨੇ ਇਨਸਾਨੀ ਸੋਚ ਨੂੰ ਝੰਜੋੜਿਆ, ਤੋੜਿਆ। ਇਕ ਥਾਂ ਤੋਂ ਦੂਜੀ ਥਾਂ ਜੋੜਿਆ। ਇਕ ਪਾਸੇ ਹੈ ਗੁਰਬਾਣੀ ਵਿਚਲੇ ਉਤਮ ਉਪਦੇਸ਼। ਦੂਜੇ ਬੰਨੇ ਹੈ ਸਾਡਾ ਆਲਾ ਦੁਆਲਾ ਜਾਣੀ ਕਿ ਸਮਾਜਕ ਬਣਤਰ। ਤੀਜਾ ਹੈ ਸਿੱਖਾਂ ਦਾ ਰੋਜ਼ਾਨਾ ਵਿਹਾਰਕ ਜੀਵਨ। ਸਿਧਾਂਤਕ ਪੱਖ ਤੋਂ ਗੁਰਬਾਣੀ ਵਿਚ ਇਕ ਮਾਂ ਦਾ ਜ਼ਿਕਰ ਅਤਿ ਸਤਿਕਾਰ ਨਾਲ ਲਿਖਿਆ ਮਿਲਦਾ ਹੈ। ਜਿਸ ਨੇਕ ਮਾਂ ਨੇ ਵਡੇਰੀ ਸੇਵਾ ਕੀਤੀ। ਪੜ੍ਹੋ-

ਬਲਵੰਡ ਖੀਵੀ ਨੇਕ ਜਨ, ਜਿਸ ਬਹੁਤੀ ਛਾਉ ਪਤ੍ਰਾਲੀ ॥
ਲੰਗਰਿ ਦਉਲਤਿ ਵੰਡੀਐ, ਰਸੁ ਅੰਮ੍ਰਿਤੁ ਖੀਰਿ ਘਿਆਲੀ ॥...
ਮਾਤਾ ਖੀਵੀ ਸਹੁ ਸੋਇ ਜਿਨਿ ਗੋਇ ਉਠਾਲੀ ॥ (967)

ਹੇ ਭਾਈ! ਮੈਂ ਬਲਵੰਡ (ਗੁਰੂ ਘਰ ਦਾ ਸੇਵਕ ਤੇ ਜਾਣਕਾਰ) ਗਵਾਹੀ ਭਰਦਾ ਹਾਂ ਕਿ ਮਾਤਾ ਖੀਵੀ ਜੀ ਬਹੁਤ ਨੇਕ ਔਰਤ ਹੈ। ਉਸ ਦੀ ਸਾਰਿਆਂ ਲਈ ਇਕਸਾਰ ਕਿਰਪਾ ਦ੍ਰਿਸ਼ਟੀ ਰਹਿੰਦੀ ਹੈ। ਸਮਝੋ ਆਪਣੇ ਬੱਚਿਆਂ ਵਾਂਗ ਸਿੱਖਾਂ ਨੂੰ ਪਿਆਰ ਕਰਦੀ ਹੈ। ਉਹ ਲੰਗਰ ਦੀ ਸੇਵਾ ਖੁਦ ਕਰਦੀ ਹੈ। ਸਾਰੇ ਕੰਮ ਤੇ ਨਿਗਰਾਨੀ ਰਖਦੀ ਹੈ। ਲੰਗਰ ਤਾਂ ਮਾਨੋ ਖੀਰ ਵਰਗਾ ਸੁਆਦੀ, ਨਿਰੀਆਂ ਘਿਉ ਦੀਆਂ ਘੁੱਟਾਂ ਹੁੰਦਾ ਹੈ। ਬਸ ਮਾਤਾ ਖੀਵੀ ਜੀ ਤਾਂ ਇਉਂ ਸਾਰਿਆਂ ਨਾਲ ਪਿਆਰ ਕਰਦੀ ਹੈ ਜਿਵੇਂ ਧਰਤੀ ਸਾਰਿਆਂ ਨੂੰ ਰਿਜ਼ਕ ਦਿੰਦੀ ਹੈ। ਗੁਰੂ ਅੰਗਦ ਸਾਹਿਬ ਨੇ ਤਾਂ ਮਾਨੋ ਧਰਤੀ ਦਾ ਭਾਰ ਚੁਕਿਆ ਹੀ ਹੈ। ਉਨ੍ਹਾਂ ਦੀ ਜੀਵਨ ਸਾਥਣ ਮਾਤਾ ਖੀਵੀ ਜੀ ਅਤਿਅੰਤ ਪਰਉਪਕਾਰੀ ਹਨ।

ਪਾਠਾਕ ਜਨੋ! ਗੁਰਬਾਣੀ ਵਿਚ ਮਾਤਾ ਖੀਵੀ ਜੀ ਦੇ ਅਣਗਿਣਤ ਗੁਣਾਂ ਅਤੇ ਪਰਉਪਕਾਰਾਂ ਕਰ ਕੇ ਉਨ੍ਹਾਂ ਦਾ ਨਾਮ ਦਰਜ ਹੋਇਆ ਹੈ। ਇਕੋ ਇਕ ਮਾਤਾ ਜੀ ਹਨ ਜਿਨ੍ਹਾਂ ਦਾ ਨਾਮ ਲੈ ਕੇ ਸੋਭਾ ਕੀਤੀ ਗਈ ਹੈ। ਜੋ ਨਾ ਸਮਝ ਲੋਕ ਸਮੁਚੀ ਔਰਤ ਵਰਗ ਨੂੰ ਘਟੀਆਂ, ਨੀਵੀਂ, ਅਪਵਿੱਤਰ ਆਖ ਕੇ ਅਪਮਾਨ ਕਰਦੇ ਹਨ। ਕੀ ਉਹ ਅਜਿਹੀਆਂ ਮਹਾਨ ਪਰਉਪਕਾਰੀ ਔਰਤਾਂ ਦਾ ਭੀ ਅਪਮਾਨ ਨਹੀਂ ਕਰ ਰਹੇ? ਕੀ ਇਨ੍ਹਾਂ ਨੂੰ ਸਿੱਖ ਮੰਨਣਾ ਚਾਹੀਦਾ ਹੈ? ਅਜਿਹੇ ਉੱਜਡ ਲੋਕਾਂ ਨੂੰ ਸਾਧ ਸੰਤ ਮੰਨਿਆ ਜਾ ਸਕਦਾ ਹੈ? ਜੋ ਗੁਰਬਾਣੀ ਵਿਚਲੇ ਪਾਵਨ ਉਪਦੇਸ਼ਾਂ ਨੂੰ ਮੰਨਣ ਤੋਂ ਹੀ ਇਨਕਾਰੀ ਹਨ ਕੀ ਉਹ ਸਤਿਕਾਰਤ ਮਾਤਾਵਾਂ, ਭੈਣਾਂ ਦੀ ਤੌਹੀਨ ਨਹੀਂ

ਕਰ ਰਹੇ? ਗੁਰਬਾਣੀ ਵਿਚ ਮਾਂ ਦੇ ਗਰਜ ਰਹਿਤ ਪਵਿੱਤਰ ਪਿਆਰ ਨੂੰ ਅਣਗਿਣਤ ਵਾਰੀ ਸਲਾਹਿਆ ਗਿਆ ਹੈ। ਨਿਰੰਕਾਰ ਨੂੰ ਬੇਅੰਤ ਵਾਰੀ ਮਾਂ ਆਖ ਕੇ ਸੰਬੋਧਨ ਕੀਤਾ ਗਿਆ ਹੈ। ਮਾਂ ਦੇ ਪਿਆਰ ਤੋਂ ਬਿਨਾਂ ਮਨੁੱਖ ਦੇ ਮਨ ਵਿਚ ਕੋਮਲ ਜਜ਼ਬਾ ਜਨਮ ਹੀ ਨਹੀਂ ਲੈ ਸਕਦਾ। ਜਿਨ੍ਹਾਂ ਬੱਚਿਆਂ ਨੂੰ ਮਾਂ ਦਾ ਪਿਆਰ ਨਾ ਮਿਲਿਆ ਹੋਵੇ, ਉਹ ਕਠੋਰ ਚਿੱਤ ਹੋ ਜਾਂਦੇ ਹਨ। ਪਸ਼ੂ ਜਗਤ ਦੀਆਂ ਮਾਵਾਂ ਨੂੰ ਵੇਖ ਕੇ ਹੀ ਕੁਦਰਤ ਦੇ ਕ੍ਰਿਸ਼ਮੇ ਅੱਗੇ ਸਿਰ ਝੁਕ ਜਾਂਦਾ ਹੈ। ਕਿਵੇਂ ਆਪਣੇ ਬੱਚਿਆਂ ਲਈ ਕੁੱਤੀ ਸ਼ੇਰਨੀ ਵਰਗੀ ਦਲੇਰੀ ਧਾਰਨ ਕਰ ਲੈਂਦੀ ਹੈ। ਕਿਸੇ ਹੋਰ ਜੀਵ ਨੂੰ ਆਪਣੇ ਬੱਚਿਆਂ ਦੇ ਨੇੜੇ ਨਹੀਂ ਫਟਕਣ ਦਿੰਦੀ। ਘੁੱਗੀ ਆਪਣੇ ਬੱਚਿਆਂ ਦੀ ਰਾਖੀ ਕਰਦੀ ਹੋਈ ਕਾਵਾਂ ਨਾਲ ਮਰਨ ਮਾਰਨ ਦੀ ਲੜਾਈ ਕਰਦੀ ਹੈ। ਬਿੱਲੀ ਆਪਣੇ ਬੱਚਿਆਂ ਨੂੰ ਬਚਾਉਂਦੀ ਹੋਈ, ਸਮਰਥਾ ਅਨੁਸਾਰ ਲੜਾਈ ਭੀ ਕਰਦੀ ਹੈ। ਨਾਲ ਬੱਚਿਆਂ ਨੂੰ ਥਾਵਾਂ ਬਦਲ ਬਦਲ ਕੇ ਲੁਕਾਉਂਦੀ ਹੈ। ਮਾਦਾ ਮਗਰਮੱਛ ਆਪਣੇ ਬੱਚਿਆਂ ਨੂੰ ਆਪਣੇ ਜਬਾੜੇ ਵਿਚ ਲੁਕਾ ਕੇ ਪਾਣੀ ਤੱਕ ਛੱਡ ਕੇ ਆਉਂਦੀ ਹੈ। ਇਕ ਖਾਸ ਨਸਲ ਦੀ ਮਾਦਾ ਮੱਛੀ ਆਪਣੇ ਹਜਾਰਾਂ ਹੀ ਨਿੱਕੇ ਨਿੱਕੇ ਬੱਚਿਆਂ ਨੂੰ ਮੂੰਹ ਵਿਚ ਲੁਕਾ ਲੈਂਦੀ ਹੈ। ਖਤਰਾ ਟਲ ਜਾਣ 'ਤੇ ਬਾਹਰ ਕੱਢ ਦਿੰਦੀ ਹੈ। ਓਪਰੇ ਸ਼ੇਰਾਂ ਨੂੰ ਆਪਣੇ ਬੱਚਿਆਂ ਨੇੜੇ ਆਉਣ ਤੋਂ ਰੋਕਣ ਲਈ ਸ਼ੇਰਨੀ ਮਰਨ ਮਾਰਨ 'ਤੇ ਉਤਰ ਆਉਂਦੀ ਹੈ। ਜੰਗਲਾਂ ਵਿਚ ਗਾਵਾਂ, ਮੱਝਾਂ, ਹਿਰਨੀਆਂ ਆਦਿ ਮਾਸ ਖੋਰੇ ਜਾਨਵਰਾਂ ਤੋਂ ਆਪਣੇ ਬੱਚਿਆਂ ਦੀ ਰਾਖੀ ਕਰਦੀਆਂ ਕਈ ਵਾਰੀ ਖੁਦ ਜਾਨ ਵਾਰ ਜਾਂਦੀਆਂ ਹਨ। ਬਾਂਦਰੀਆਂ ਆਪਣੇ ਬੱਚਿਆਂ ਨੂੰ ਸਦਾ ਛਾਤੀ ਨਾਲ ਚਿਪਕਾ ਕੇ ਰਖਦੀਆਂ ਹਨ। ਜੇ ਦੋ ਬੱਚੇ ਹੋਣ ਤਾਂ ਇਕ ਪਿੱਠ 'ਤੇ ਸਵਾਰ ਰਖਦੀਆਂ ਹਨ। ਖੁਦ ਭੁੱਖੀਆਂ ਰਹਿ ਕੇ, ਮਾਵਾਂ ਬੱਚਿਆਂ ਨੂੰ ਰੱਜੇ ਵੇਖ ਕੇ ਖ਼ੁਸ਼ ਹੋ ਜਾਂਦੀਆਂ ਨੇ। ਮਾਨਸਿਕ ਪ੍ਰੇਸ਼ਾਨੀਆਂ ਵਿਚ, ਕੰਮ ਦੀ ਬਹੁਤਾਤ ਵਿਚ, ਬਿਮਾਰੀ ਦੀ ਅਵਸਥਾ ਵਿਚ ਭੀ, ਮਾਵਾਂ ਬੱਚਿਆਂ ਨੂੰ ਪਿਆਰ ਕਰਦੀਆਂ ਨੇ, ਲਾਡ ਲਡਾਉਂਦੀਆਂ ਨੇ। ਆਪਣੇ ਉਤੇ ਆਏ ਦੁੱਖਾਂ ਕਾਰਨ ਔਰਤ ਉਨ੍ਹਾਂ ਨਹੀਂ ਤੜਪਦੀ ਜਿਨੀ ਬੱਚਿਆਂ ਦਾ ਦੁੱਖ ਵੇਖ ਕੇ ਤੜਪਦੀ ਹੈ। ਜਿਨ੍ਹਾਂ ਮਾਵਾਂ ਦੇ ਬੱਚੇ ਉਨ੍ਹਾਂ ਦੀਆਂ ਅੱਖਾਂ ਦੇ ਸਾਹਮਣੇ ਪ੍ਰਾਣ ਤਿਆਗ ਜਾਂਦੇ ਨੇ, ਉਨ੍ਹਾਂ ਮਾਵਾਂ ਦਾ ਦਰਦ ਨਾਪਿਆ ਤੋਲਿਆ ਨਹੀਂ ਜਾ ਸਕਦਾ। ਜਿਹੜੇ ਪੁੱਤਰ ਵਿਆਹ ਕਰਾ ਕੇ ਮਾਵਾਂ ਨੂੰ ਵਿਸਾਰ ਦੇਂਦੇ ਹਨ, ਸਾਂਝ ਤੋੜ ਲੈਂਦੇ ਹਨ, ਉਹ ਮਾਵਾਂ ਨਾ ਜਿਉਂਦੀਆਂ ਹਨ ਨਾ ਮਰਦੀਆਂ ਹਨ। ਬਸ ਜਿੰਦਗੀ ਨੂੰ ਧਕਦੀਆਂ ਹਨ, ਪੈਰ ਘਸੀਟਦੀਆਂ ਹਨ, ਰੋਗੀ ਹੋ ਜਾਂਦੀਆਂ ਹਨ, ਅੱਖਾਂ ਗਵਾ ਲੈਂਦੀਆਂ ਹਨ। ਮਾਂ ਦੇ ਪਿਆਰ ਬਾਰੇ ਆਉ ਗੁਰਬਾਣੀ ਪੜ੍ਹੋ-

ਸੁਤੁ ਅਪਰਾਧ ਕਰਤ ਹੈ ਜੇਤੇ ॥ ਜਨਨੀ ਚੀਤਸਿ ਨ ਰਾਖਸਿ ਤੇਤੇ ॥
ਰਾਮਈਆ ਹਉ ਬਾਰਿਕ ਤੇਰਾ ॥ ਕਾਹੇ ਨ ਖੰਡਸਿ ਅਵਗੁਨ ਮੇਰਾ ॥ (478)

ਹੇ ਭਾਈ! ਅਉਲਾਦ ਬਹੁਤ ਗਲਤੀਆਂ ਕਰਦੀ ਹੈ। ਬੱਚੇ ਨਾਸਮਝ ਹੁੰਦੇ ਹਨ। ਮਾਂ ਇਤਨੀ ਦਇਆਵਾਨ ਹੁੰਦੀ ਹੈ, ਬੱਚਿਆਂ ਵੱਲੋਂ ਕੀਤੀਆਂ ਗਲਤੀਆਂ ਭੁਲਾ ਦਿੰਦੀ ਹੈ। ਹੇ ਨਿਰੰਕਾਰ, ਮੈਂ ਭੀ ਤੇਰਾ ਭੁੱਲੜ ਬੱਚਾ ਹਾਂ। ਪੂਰਨ ਵਿਸ਼ਵਾਸ ਹੈ, ਤੁਸੀ ਮੇਰੇ ਅਉਗੁਣਾਂ ਨੂੰ ਯਾਦ ਨਹੀਂ ਰਖੋਗੇ।

ਜਿਉ ਜਨਨੀ ਗਰਭੁ ਪਾਲਤੀ, ਸੁਤ ਕੀ ਕਰਿ ਆਸਾ ॥
ਵਡਾ ਹੋਇ ਧਨੁ ਖਾਟਿ ਦੇਇ ਕਰਿ ਭੋਗ ਬਿਲਾਸਾ ॥
ਤਿਉ ਹਰਿ ਜਨ ਪ੍ਰੀਤਿ ਹਰਿ ਰਾਖਦਾ ਦੇ ਆਪਿ ਹਥਾਸਾ ॥ (165)

ਹੇ ਭਾਈ! ਜਿਵੇਂ ਮਾਂ ਗਰਭ ਸਮੇਂ ਤੋਂ ਹੀ ਸਾਵਧਾਨ ਹੋ ਜਾਂਦੀ ਹੈ ਕਿ ਪੇਟ ਵਿਚ ਬੱਚੇ ਨੂੰ ਕੋਈਂ ਹਾਨੀ ਨਾ ਪਹੁੰਚੇ। ਤੰਦਰੁਸਤ ਬੱਚਾ ਬੱਚੀ ਜਨਮ ਲਵੇ, ਕਿਉਂਕਿ ਪੁੱਤਰ ਵਲੋਂ ਖਾਸ ਉਮੀਦ ਹੁੰਦੀ ਹੈ ਕਿ ਵੱਡਾ ਹੋ ਕੇ ਕਮਾਈ ਕਰੇਗਾ। ਸਾਡੀ ਸੇਵਾ ਕਰੇਗਾ, ਸਾਡੀਆਂ ਸਾਰੀਆਂ ਲੋੜਾਂ ਪੂਰੀਆਂ ਕਰੇਗਾ। ਬਿਲਕੁਲ ਇਸੇ ਤਰ੍ਹਾਂ ਨਿਰੰਕਾਰ ਦਾ ਸੇਵਕ ਉਸ ਨੂੰ ਮਾਂ ਵਾਂਗ ਪਿਆਰ ਕਰਦਾ ਹੈ। ਪਰਮੇਸ਼ਰ ਭੀ ਆਪਣੇ ਸੇਵਕ ਨੂੰ ਮਾਂ ਬਣ ਕੇ ਬਹੁੜਦਾ ਹੈ, ਹੱਥ ਦੇ ਕੇ ਬਚਾ ਲੈਂਦਾ ਹੈ।

ਪੂਤ ਪੇਖਿ ਜਿਉ ਜੀਵਤ ਮਾਤਾ ॥ ਓਤਿ ਪੋਤਿ ਜਨੁ ਹਰਿ ਸਿਉ ਰਾਤਾ ॥ (198)

ਹੇ ਭਾਈ! ਜਿਵੇਂ ਬੱਚਿਆਂ ਨੂੰ ਵੇਖ ਕੇ ਮਾਂ ਦੇ ਕਲੇਜੇ ਨੂੰ ਠੰਢ ਪੈਂਦੀ ਹੈ। ਬਸ ਇਸੇ ਤਰ੍ਹਾਂ ਮਾਂ ਵਰਗੀ ਪਿਆਰੀ ਹਸਤੀ ਰੱਬ ਜੀ ਨੂੰ ਸਮਝ ਕੇ, ਸੇਵਕ ਉਸ ਨਾਲ ਪਿਆਰ ਕਰਦਾ ਹੈ।

ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ ॥ ਐਸਾ ਹਰਿ ਸੇਤੀ ਮਨੁ ਰਾਤਾ ॥ (1164)

ਹੇ ਭਾਈ! ਜਿਵੇਂ ਮਾਂ ਅਤੇ ਬੱਚਿਆਂ ਦਾ ਆਪਸੀ ਪਿਆਰ ਹੁੰਦਾ ਹੈ। ਇਸੇ ਤਰ੍ਹਾਂ ਹਰੀ ਦੇ ਸੇਵਕਾਂ ਦਾ ਮਨ ਪਰਮੇਸ਼ਰ ਨੂੰ ਮਾਂ ਜਾਣ ਕੇ ਪਿਆਰ ਕਰਦਾ ਹੈ।

ਮਾਤਾ ਪ੍ਰੀਤਿ ਕਰੇ ਪੁਤੁ ਖਾਇ ॥ ਮੀਨੇ ਪ੍ਰੀਤਿ ਭਈ ਜਲ ਨਾਇ ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ ॥ (164)

ਹੇ ਭਾਈ! ਮਾਂ ਬੱਚਿਆਂ ਨੂੰ ਬਹੁਤ ਪਿਆਰ ਕਰਦੀ ਹੈ। ਸਭ ਕੁੱਝ ਬੱਚਿਆਂ ਨੂੰ ਦੇ ਕੇ ਪ੍ਰਸੰਨਤਾ ਹਾਸਲ ਕਰਦੀ ਹੈ। ਜਿਵੇਂ ਮੱਛੀ ਦੀ ਪ੍ਰੀਤ ਪਾਣੀ ਨਾਲ ਬਹੁਤ ਹੈ। ਇਸੇ ਤਰ੍ਹਾਂ ਗੁਰੂ ਦੀ ਪ੍ਰੀਤ ਸਿੱਖਾਂ ਨਾਲ ਹੈ। ਗੁਰੂ ਚੰਗੇ ਗੁਣ ਸਿੱਖਾਂ ਨੂੰ ਬਖ਼ਸ਼ ਕੇ ਨੇਕ ਇਨਸਾਨ ਬਣਾ ਦਿੰਦਾ ਹੈ।

ਜਨਨੀ ਜਾਨਤ ਸੁਤੁ ਬਡਾ ਹੋਤੁ ਹੈ ॥

ਇਤਨਾ ਕੁ ਨ ਜਾਨੈ ਜਿ ਦਿਨ ਦਿਨ ਅਵਧ ਘਟਤ ਹੈ॥
ਮੋਰ ਮੋਰ ਕਰਿ ਅਧਿਕ ਲਾਡੁ ਧਰਿ॥ ਪੇਖਤ ਹੀ ਜਮਰਾਉ ਹਸੈ॥ (91)

ਹੇ ਭਾਈ! ਮਾਂ ਬੱਚਿਆਂ ਨਾਲ ਬੇਹੱਦ ਪਿਆਰ ਕਰਦੀ ਹੈ। ਲਾਡਾਂ, ਪਿਆਰਾਂ ਵਿਚ ਬੱਚਿਆਂ ਨੂੰ ਪਾਲਦੀ, ਵੱਡੇ ਹੁੰਦੇ ਵੇਖਦੀ ਹੈ। ਪਰ ਵੇਚਾਰੀ ਇਹ ਨਹੀਂ ਜਾਦਦੀ ਕਿ ਜਿੰਨੀ ਕੁੱਲ ਉਮਰ ਹੈ, ਉਸ ਵਿਚ ਹਰ ਦਿਨ ਉਮਰ ਘੱਟ ਰਹੀ ਹੈ। "ਮੇਰਾ ਪੁੱਤਰ, ਮੇਰਾ ਲਾਡਲਾ" ਆਖ ਕੇ ਬਹੁਤ ਲਾਡ ਕਰਦੀ ਹੈ। ਮੌਤ ਦਾ ਫ਼ਰਿਸ਼ਤਾ ਹਸਦਾ ਹੈ ਕਿਉਂਕਿ ਇਕ ਦਿਨ ਸਾਰਿਆਂ ਨੇ ਸੰਸਾਰ ਤੋਂ ਚਲੇ ਜਾਣਾ ਹੈ।

ਕਹਤ ਨਾਮਦੇਉ ਸੁਨਹੁ ਤਿਲੋਚਨ, ਬਾਲਕੁ ਪਾਲਨ ਪਉਢੀਅਲੇ॥
ਅੰਤਰਿ ਬਾਹਰਿ ਕਾਜ ਬਿਰੂਧੀ, ਚੀਤੁ ਸੁ ਬਾਰਿਕ ਰਾਖੀਅਲੇ॥ (972)

ਹੇ ਭਾਈ ਤਿਲੋਚਨ ਜੀ! ਧਿਆਨ ਨਾਲ ਸੁਣੋ!! ਜਿਵੇਂ ਮਾਵਾਂ ਬੱਚਿਆਂ ਨੂੰ ਪੰਘੂੜੇ ਵਿਚ ਲਿਟਾ ਕੇ, ਘਰ ਦੇ ਕੰਮ ਕਰਨ ਲੱਗ ਜਾਂਦੀਆਂ ਹਨ। ਨੇੜੇ ਦੂਰ ਸਾਰੇ ਘਰ ਵਿਚ ਸਾਫ਼ ਸਫਾਈ ਕਰਦੀਆਂ ਹਨ। ਪਰ ਧਿਆਨ ਆਪਣੇ ਬੱਚੇ ਵੱਲ ਹੁੰਦਾ ਹੈ। ਜਰਾ ਕੁ ਆਵਾਜ਼ ਆਵੇ, ਮਾਂ ਦੌੜ ਕੇ ਬੱਚੇ ਨੂੰ ਜਾ ਕੇ ਵੇਖਦੀ ਹੈ। ਬਸ ਇਸੇ ਤਰ੍ਹਾਂ ਸਾਰੇ ਕੰਮ ਕਰਦਿਆਂ ਨਿਰੰਕਾਰ ਨੂੰ ਯਾਦ ਰਖਣਾ ਹੈ।

ਜਿਨ੍ਹਾਂ ਧੀਆਂ ਨੇ ਵੱਡੀਆਂ ਹੋ ਕੇ ਪਿਆਰ ਦੇ ਮੁਜੱਸਮੇ ਮਾਵਾਂ ਬਣਨਾ ਹੈ, ਉਨ੍ਹਾਂ ਦੀ ਬੇ ਕਦਰੀ ਤੇ ਦੁਰਦਸ਼ਾ ਬਾਰੇ ਅੰਮ੍ਰਿਤਾ ਪ੍ਰੀਤਮ ਦੀਆਂ ਦੋ ਲਾਈਨਾਂ ਪੜ੍ਹੋ-

ਰਤੀ ਮਹਿੰਦੀ ਨਾਲ ਲਬੇੜੀ, ਸੂਹੇ ਸਾਲੂ ਵਿਚ ਲਪੇਟੀ।
ਪੀਲੇ ਸੋਨੇ ਨਾਲ ਵਲ੍ਹੇਟੀ, ਮਾਸ ਦੀ ਬੋਟੀ, ਕੁੱਖ ਦੀ ਬੇਟੀ।
ਵਾਹ ਵਾਹ ਦਾਨੀ, ਵਾਹ ਵਾਹ ਦਾਤੇ, ਕਿੱਡੇ ਕਰਮ ਕਮਾਣ।
ਜਿਹੜੇ ਝੋਲੀ ਤੱਕਣ, ਓਹੋ ਹੀ ਪਰਵਾਨ।
ਕਰਦੇ ਜਾਂਦੇ ਦਾਨ, ਖੱਟਦੇ ਜਾਂਦੇ ਪੁੰਨ, ਗੰਗਾ ਦਾ ਇਸ਼ਨਾਨ।
ਅਜੇ ਵੀ ਪਏ ਸਮਝਾਨ,
"ਏਸ ਮਹਾਤਮ ਤੱਕ ਨ ਪਹੁੰਚੇ, ਕੋਈ ਦਾਨਾਂ ਦਾ ਦਾਨ, ਮਹਾਂਦਾਨਾਂ ਸਿਰ ਦਾਨ।
ਕੰਨਿਆਂ ਦਾਨ! ਕੰਨਿਆਂ ਦਾਨ!! ਹੋਇ ਕਲਿਆਨ"!!!
ਹੀਰਾ ਕਦੇ ਨਾ ਕੂਏ, ਗਊ ਕਦੇ ਨਾ ਬੋਲੇ, ਕੰਨਿਆ ਬੇਜ਼ੁਬਾਨ।
ਰੱਜ ਰੱਜ ਦੇਵੇਂ ਦਾਨ ਦਾਨੀਓ, ਰੱਜ ਰੱਜ ਦੇਵੋ ਦਾਨ।
ਕੰਨਿਆ ਦਾਨ... ਕੰਨਿਆ ਦਾਨ...।

"ਕੰਨਿਆਂ ਦਾਨ" ਵਰਗਾ ਅਤਿਅੰਤ ਕੁਚੀਲ ਸ਼ਬਦ ਭੀ ਸਿੱਖਾਂ ਨੇ ਅਪਣਾ ਲਿਆ ਹੈ। ਰੁਪਿਆ ਪੈਸਾ ਭੀ "ਗੁਰੂ ਨੂੰ ਅਤੇ ਰੱਬ ਨੂੰ" ਦਾਨ ਕਰਨ ਲੱਗੇ ਪਏ ਹਨ।

ਉਸੇ ਦਾ ਦਿੱਤਾ ਉਸੇ ਨੂੰ ਦਾਨ ? ਕਿਉਂਕਿ ਅਗਲੇ ਜਨਮ ਵਿਚ ਹਜਾਰਾਂ ਗੁਣਾਂ ਵਧ ਕੇ, ਦਿਤਾ ਹੋਇਆ ਦਾਨ ਵਾਪਸ ਜੁ ਮਿਲਦਾ ਹੈ ? ਹੈ ਨਾ ਅਗਲੇ ਜਨਮ ਲਈ ਫਿਕਸ ਡਿਪਾਜਟ ਸਕੀਮ ? ਅਫ਼ਸੋਸ ਕਿ ਪੁਜਾਰੀ ਲੋਕ "ਅਣਲੱਗ ਮਾਲ" ਦਾਨ ਵਿਚ ਲੈਂਦੇ ਹਨ। ਕੇਵਲ ਕੁਆਰੀਆਂ ਲੜਕੀਆਂ। ਸ਼ੁਕਰ ਹੈ ਕਿ ਪੁਜਾਰੀ ਸੇਵਕਾਂ ਦੀਆਂ ਮਾਵਾਂ ਨੂੰ ਦਾਨ ਵਿਚ ਲੈਣ ਤੋਂ ਇਨਕਾਰੀ ਹਨ। ਵਰਨਾ ਸਾਰੇ ਲਾਡਲੇ ਪੁੱਤਰਾਂ ਨੇ ਆਪਣੀਆਂ ਮਾਵਾਂ ਦਾਨ ਕਰ ਦੇਣੀਆਂ ਸਨ। ਇਸ ਧਰਤੀ 'ਤੇ ਇਸੇ ਜਨਮ ਵਿਚ ਕੋਈ ਸੁਧਾਰ ਕਰਨ ਦੀ ਹਿੰਮਤ ਨਹੀਂ, ਅਕਲ ਨਹੀਂ, ਡੀਂਗਾਂ ਮਾਰੀਆਂ ਜਾ ਰਹੀਆਂ ਨੇ ਅਗਲੇ ਜਨਮ ਵਿਚ ਰਾਜ ਕਰਨ ਦੀਆਂ। ਸਿੱਖ ਸਮਾਜ ਕਿੰਨਾ ਪੱਥਰ ਬਣਾ ਦਿੱਤਾ ਗਿਆ ਹੈ ? ਕਦੋਂ ਗੁਰਬਾਣੀ ਖੋਪਰੀ ਵਿਚ ਦਾਖਲ ਹੋਵੇਗੀ ?

ਭਾਈ ਗੁਰਦਾਸ ਬਹੁਤ ਸੁੰਦਰ ਲਿਖਦੇ ਹਨ-

ਗੁਰਮੁਖਿ ਪੰਡਿਤੁ ਹੋਇ ਜਗੁ ਪ੍ਰਬੋਧੀਐ ॥...
ਧੰਨ ਜਣੇਦੀ ਮਾਇ ਜੋਧੀ ਜੋਧੀਐ ॥ (ਵਾਰ-19-18)

ਹੇ ਭਾਈ! ਗਿਆਨਵਾਨ ਗੁਰਸਿੱਖ ਆਪਣੀ ਵਿਦਿਆ ਰਾਹੀਂ ਸੰਸਾਰ ਦਾ ਕਲਿਆਣ ਕਰਦੇ ਹਨ, ਚੰਗੀ ਮੱਤ ਦਾ ਪ੍ਰਚਾਰ ਕਰਦੇ ਹਨ ਤੇ ਚੰਗਾ ਵਰਤੋਂ ਵਿਹਾਰ ਕਰਦੇ ਹਨ। ਧੰਨ ਹੈ, ਉਨ੍ਹਾਂ ਨੂੰ ਜਲਮ ਦੇਣ ਵਾਲੀ ਮਾਂ (ਗੁਰੂ) ਜੋ ਖੁਦ ਵੱਡੀ ਬਹਾਦਰ ਹੈ, ਨੇਕ ਹੈ ਤੇ ਆਪਣੇ ਬੱਚਿਆਂ ਨੂੰ ਨੇਕੀ ਦੇ ਰਾਹ ਚੱਲਣ ਲਈ ਤਿਆਰ ਕਰਦੀ ਹੈ। ਕ੍ਰਿਸ਼ਨ ਨੂੰ ਮਾਂ ਦੀ ਗੋਦ ਦਾ ਸੁਖ ਨਹੀਂ ਮਿਲਿਆ। ਯਿਸੂ ਮਸੀਹ ਕੁਆਰੀ ਮਾਂ ਤੋਂ ਜਨਮਿਆ ਕਰ ਕੇ ਬੇਅੰਤ ਅਪਮਾਨ ਸਹਿੰਦਾ ਰਿਹਾ। ਬੁੱਧ ਜੀ ਦੀ ਮਾਂ ਜਨਮ ਦੇ ਕੇ ਤੁਰੰਤ ਮਰ ਗਈ ਸੀ। ਮਹਾਂਵੀਰ ਦੀ ਮਾਂ ਡਰਾਉਣੇ ਸੁਪਨਿਆਂ ਤੋਂ ਪ੍ਰੇਸ਼ਾਨ ਸੀ। ਗੁਰੂ ਨਾਨਕ ਜੀ ਨੇ ਮਾਤਾ ਪਿਤਾ ਭੈਣ ਤੋਂ ਬੇਅੰਤ ਪਿਆਰ ਲਿਆ ਤੇ ਅਥਾਹ ਪਿਆਰ ਦਿੱਤਾ। ਪੁੱਤਰਾਂ ਨੂੰ ਇਹ ਸ਼ਬਦ ਜਰੂਰ ਸਮਝ ਕੇ ਪੜ੍ਹ ਲੈਣਾ ਚਾਹੀਦਾ ਹੈ-

ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥
ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ ਰਹਾਉ ॥
ਜਿਸੁ ਧਨ ਕਾ ਤੁਮ ਗਰਬੁ ਕਰਤ ਹਉ ਸੋ ਧਨੁ ਕਿਸਹਿ ਨ ਆਪ ॥
ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛੁਤਾਪ ॥
ਜੋ ਤੁਮਰੇ ਪ੍ਰਭ ਹੋਤੇ ਸੁਆਮੀ, ਹਰਿ ਤਿਨ ਕੇ ਜਾਪਹੁ ਜਾਪ ॥
ਉਪਦੇਸੁ ਕਰਤ ਨਾਨਕ ਜਨ ਤੁਮ ਕਉ, ਜਉ ਸੁਨਹੁ ਤਉ ਜਾਇ ਸੰਤਾਪ ॥ (1200)

ਲੋਕ ਗੀਤਾਂ ਵਿਚ ਔਰਤ ਦੀ ਲਾਚਾਰੀ

ਵਿਕਾਸ ਪੌੜੀ ਦੇ ਡੰਡੇ ਚੜ੍ਹਦਿਆਂ ਮਨੁੱਖ ਨੂੰ ਬੇਸ਼ੁਮਾਰ ਔਕੜਾਂ ਆਈਆਂ, ਪਰ ਉਹ ਰੁਕਿਆ ਨਹੀਂ, ਅੱਗੇ ਵਧਦਾ ਚਲਾ ਗਿਆ। ਜੰਗਲੀ ਜੀਵਨ ਬਾਰੇ ਤਾਂ ਬਹੁਤਾ ਫਿਕਰ ਕਰਨ ਦੀ ਜ਼ਰੂਰਤ ਨਹੀਂ ਕਿਉਂਕਿ ਉਸ ਵਕਤ ਪਤਾ ਹੀ ਨਹੀਂ ਸੀ ਕਿ ਠੀਕ ਕੀ ਹੈ ਤੇ ਗਲਤ ਕੀ ਹੈ? ਸੋਚ ਵਿਕਸਤ ਹੀ ਨਹੀਂ ਹੋਈ ਸੀ। ਕੋਈ ਜਰਵਾਣਾ ਜਿੰਨੇ ਚਾਹੇ ਜੁਲਮ ਕਰ ਜਾਂਦਾ ਉਸ ਨੂੰ ਰੋਕਣ ਲਈ ਕੋਈ ਨਿਅਮ ਜਾਂ ਕਾਨੂੰਨ ਨਹੀਂ ਸੀ। "ਜੰਗਲ ਦਾ ਰਾਜ" ਜਦੋਂ ਲਿਖਿਆ ਜਾਂ ਬੋਲਿਆ ਜਾਂਦਾ ਹੈ, ਇਸ ਦਾ ਮਤਲਬ ਹੈ "ਤਾਕਤ ਵਾਲੇ ਦਾ ਰਾਜ"। ਕਮਜ਼ੋਰਾਂ 'ਤੇ ਜਿਵੇਂ ਚਾਹੇ ਜੁਲਮ ਕਰੇ, ਖ਼ੂਨ ਪੀਵੇ, ਮਾਸ ਖਾਵੇ ਕੋਈ ਰੋਕ ਨਹੀਂ। ਸਮਾਂ ਬੀਤਣ ਨਾਲ ਪੁਰਸ਼ ਨੇ ਜਿਥੇ ਦੂਜੇ ਜੀਵਾਂ ਤੇ ਆਪਣੀ ਧੌਂਸ ਜਮਾਈ, ਉਥੇ ਇਨਸਾਨਾਂ ਨੇ ਇਨਸਾਨਾਂ 'ਤੇ ਭੀ ਬੜੇ ਜੁਲਮ ਕੀਤੇ। ਇਸ ਤੋਂ ਅੱਗੇ ਲੰਘ ਕੇ ਪੁਰਸ਼ ਨੇ ਆਪਣੀ ਜੀਵਨ ਸਾਥਣ 'ਤੇ ਭੀ ਕਹਿਰ ਢਾਹਿਆ। ਸ਼ਾਇਦ ਸ਼ੁਰੂਆਤੀ ਦੌਰ ਵਿਚ ਪਤੀ, ਪਤਨੀ ਲਈ ਮਿੱਤਰ ਸੀ। ਗਿਆਨ ਤੇ ਵਿਦਿਆ ਹਾਸਲ ਕਰ ਕੇ ਪਤਨੀ ਦਾ ਗੁਰੂ ਬਣ ਗਿਆ। ਧਨ ਅਤੇ ਹੋਰ ਤਾਕਤ ਹਾਸਲ ਕਰ ਕੇ ਦੇਵਤਾ ਬਣ ਕੇ ਪਤਨੀ ਤੋਂ ਆਪਣੀ ਪੂਜਾ ਕਰਵਾਉਣ ਲੱਗਿਆ। ਸਾਰੀਆਂ ਤਾਕਤਾਂ ਆਪਣੀ ਮੁੱਠੀ ਵਿਚ ਬੰਦ ਕਰ ਕੇ ਪੁਰਸ਼ ਚੰਡਾਲ ਦਾ ਰੂਪ ਧਾਰਨ ਕਰ ਗਿਆ।

ਗੁਰੂ ਬਾਬਾ ਜੀ ਦੀ ਕ੍ਰਾਂਤੀਕਾਰੀ ਸੋਚ ਨੇ ਸਮਾਜਕ ਬਣਤਰ ਵਿਚ ਔਰਤ ਬਾਰੇ ਤਬਦੀਲੀ ਦਾ ਮੁੱਢ ਬੰਨ੍ਹਿਆ। ਦੁਨੀਆਂ ਭਰ ਵਿਚ ਇਸ ਤੋਂ ਪਹਿਲਾਂ ਔਰਤ ਦੇ ਹੱਕ ਵਿਚ ਕਿਸੇ ਪੈਗੰਬਰ, ਕਿਸੇ ਭਗਵਾਨ, ਕਿਸੇ ਦੇਵਤੇ, ਕਿਸੇ ਵਿਦਵਾਨ, ਕਿਸੇ ਰਿਸ਼ੀ, ਕਿਸੇ ਪੀਰ, ਕਿਸੇ ਜੋਗੀ, ਕਿਸੇ ਫਕੀਰ, ਕਿਸੇ ਗ੍ਰਿਸਤੀ ਨੇ ਔਰਤ ਦੇ ਪੱਖ ਵਿਚ ਆਵਾਜ਼ ਬੁਲੰਦ ਨਹੀਂ ਕੀਤੀ। ਕਹਿੰਦੇ ਹਨ (ਕਲਪਨਿਕ) ਕਿ ਵੈਦਿਕ ਕਾਲ ਵਿਚ ਇਸਤਰੀ ਦੇਵੀ ਸੀ। ਪੂਜਣਯੋਗ ਸੀ। ਤਾਕਤ ਦੇ ਬਲਬੂਤੇ ਉਹੋ ਦੇਵੀ ਪੁਰਸ਼ ਨੇ ਦਾਸੀ (ਗੁਲਾਮ) ਬਣਾ ਲਈ। ਉਮਰ ਭਰ ਲਈ ਘਰ ਦੀ ਚਾਰ ਦੀਵਾਰੀ ਅੰਦਰ ਕੈਦ ਕਰ ਦਿੱਤੀ। "ਮਰਿਆਦਾਵਾਂ" ਦੀਆਂ ਅਣਗਿਣਤ ਹਥਕੜੀਆਂ ਬੇੜੀਆਂ ਵਿਚ ਨੂੜ ਦਿਤੀ। ਕਿਸੇ ਇਕ ਅੱਧ ਥਾਵੇਂ ਔਰਤ ਭਾਵੇਂ ਰਾਣੀ ਭੀ ਬਣੀ, ਪਰ ਇਹ ਸੁਪਨਾ ਜਿਹਾ ਸੀ ਥੋੜ ਚਿਰਾ। ਕਦੀ ਪਤੀ ਨਾਲ ਸਤੀ ਹੋਈ। ਕਦੀ ਪਤੀ ਦੀ ਤਿਆਗੀ, ਸਮਾਜ ਦੀ ਫਿਟਕਾਰੀ ਵੇਸ਼ਵਾ ਬਣ ਗਈ। ਸਤਿਗੁਰੂ ਜੀ ਨੇ ਔਰਤ ਨੂੰ

ਕੇਵਲ ਇਕ ਇਸਤਰੀ ਰੂਪ ਵਿਚ ਉਭਾਰਿਆ। ਸਾਰੇ ਇਨਸਾਨੀ ਗੁਣਾਂ ਨਾਲ ਭਰਪੂਰ ਔਰਤ। ਪੁਰਸ਼ ਦੇ ਬ੍ਰਾਬਰ ਖਲੋਣ ਵਾਲੀ, ਬ੍ਰਾਬਰ ਅਧਿਕਾਰਾਂ ਅਤੇ ਫ਼ਰਜ਼ਾਂ ਦੀ ਮਾਲਕ। ਨਾ ਘੱਟ ਨਾ ਵੱਧ।

ਗੁਰਮਤਿ ਵੀਚਾਰਧਾਰਾ ਨੂੰ ਪ੍ਰਫੁੱਲਤ ਕਰਨ ਵਾਸਤੇ ਸਿੱਖਾਂ ਦੇ ਮੁਖੀਆਂ ਨੇ ਕੋਈ ਜਿਕਰਯੋਗ ਕਾਰਜ ਨਹੀਂ ਉਲੀਕੇ। ਕੁੱਝ ਲੇਖਕਾਂ ਨੇ ਨਿੱਜੀ ਜਤਨ ਕਰ ਕੇ ਸਿਖ ਔਰਤਾਂ ਦਾ ਜੀਵਨ ਇਤਿਹਾਸ ਤਾਂ ਲਿਖਿਆ ਹੈ। ਪਰ ਮੈਨੂੰ ਲੰਮੇ ਜੀਵਨ ਕਾਲ ਦੌਰਾਨ ਔਰਤ ਬਾਰੇ ਗੁਰਬਾਨੀ ਦੇ ਚਾਨਣ ਵਿਚ ਸਰਬ ਪੱਖੀ ਗਿਆਨ ਵਾਲੀ ਕੋਈ ਕਿਤਾਬ ਨਹੀਂ ਮਿਲੀ। "ਸੋ ਕਿਉਂ ਮੰਦਾ ਆਖੀਐ" ਵਾਲੀ ਗੁਰਬਾਨੀ ਦੀ ਪੰਕਤੀ ਤੋਂ ਅੱਗੇ ਹੋਰ ਕੁੱਝ ਪਤਾ ਨਹੀਂ। ਸਾਰੇ ਕਾਰਜ ਪੁਰਸ਼ ਪ੍ਰਧਾਨਗੀ ਵਾਲੇ ਹਨ। ਔਰਤਾਂ ਬਸ ਪਿੱਛੇ ਖਲੋ ਕੇ ਕੁੱਝ ਕਰਦਿਆਂ ਨੂੰ ਵੇਖਦੀਆਂ ਹਨ। ਹਸਦਿਆਂ ਨਾਲ ਹੱਸ ਪੈਂਦੀਆ ਹਨ। ਰੋਂਦਿਆਂ ਨਾਲ ਰੋ ਪੈਂਦੀਆਂ ਹਨ। ਅਮੀਰ ਆਦਮੀ ਨਾਲ ਅਮੀਰ ਹਨ। ਗਰੀਬ ਨਾਲ ਗਰੀਬਣੀਆਂ ਹਨ। **"ਅੰਨਾ, ਕਾਣਾ, ਲੰਗੜਾ, ਲੂਲਾ ਸਭ ਪ੍ਰਵਾਨ ਹੈ"**, ਵਾਲੀ ਹਾਲਤ ਵਿਚ ਹਨ।

ਧੰਨਵਾਦ ਹੈ ਉਨ੍ਹਾਂ ਵਿਦਵਾਨ ਪੁਰਖਾਂ ਦਾ ਜਿਨ੍ਹਾਂ ਨੇ ਅਰਦਾਸ ਵਿਚ ਔਰਤ ਦੇ ਹੱਕ ਵਿਚ ਦੋ ਅੱਖਰ ਪਾ ਦਿੱਤੇ। "ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿਤੇ...।" ਤਾਂ ਪਾ ਦਿੱਤਾ, ਪਰ ਅੱਗੇ ਜਾ ਕੇ ਉਹ ਪੈਰਾ ਰਹਿ ਗਿਆ ਜਿਸ ਵਿਚ "ਬੱਚਿਆਂ ਨੂੰ ਨੇਜਿਆਂ 'ਤੇ ਟੰਗਿਆ ਗਿਆ। ਬੱਚਿਆਂ ਦੇ ਟੁਕੜੇ ਕਰਵਾ ਕੇ ਗਲਾਂ ਵਿਚ ਹਾਰ ਪੁਆਏ। ਸਵਾ ਸਵਾ ਮਣ ਪੀਸਣੇ ਪੀਸੇ। ਖੰਨੀ (ਅੱਧੀ) ਰੋਟੀ 'ਤੇ ਗੁਜ਼ਾਰਾ ਕੀਤਾ, ਇਕ ਪਿਆਲਾ ਪਾਣੀ ਤੇ ਸਬਰ ਕੀਤਾ... ਫਿਰ ਭੀ ਸਿੱਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਾਇਆ।" ਉਂਗਲਾਂ 'ਤੇ ਗਿਣੀਆਂ ਜਾਣ ਜੋਗੀਆਂ ਕੁੱਝ ਕੁ ਸਿੱਖ ਔਰਤਾਂ ਨੇ ਬਾਕੀਆਂ ਨਾਲੋਂ ਆਪਣੀ ਕਾਰਗੁਜ਼ਾਰੀ ਬੇਹਤਰ ਵਿਖਾਈ ਹੈ। ਸਿੱਖਾਂ ਵਿਚ ਭੀ ਆਪਣੀ ਹਕੂਮਤ ਜਮਾਈ ਰੱਖਣ ਦਾ ਹੰਕਾਰ ਉਸੇ ਤਰ੍ਹਾਂ ਹੈ ਜਿਵੇਂ ਬਾਕੀ ਲੋਕਾਂ ਵਿਚ। ਗੁਰਬਾਨੀ ਅਸੂਲ ਲਾਗੂ ਕਰਨੇ ਤਾਂ ਦੂਰ ਦੀ ਗੱਲ, ਹਾਲੀ ਤੱਕ ਤਾਂ ਸਿੱਖਾਂ ਨੇ ਗੁਰਬਾਨੀ ਪੜ੍ਹੀ ਹੀ ਨਹੀਂ। ਦੂਜਿਆਂ ਨੂੰ ਰਾਹ ਕਿਸ ਨੇ ਵਿਖਾਣਾ ਸੀ, ਖੁਦ ਹੀ ਅੰਧਕਾਰ ਵਿਚ ਭਟਕ ਰਹੇ ਹਨ।

ਗੁਰਬਾਨੀ ਨੇ ਲੋਕਾਂ ਦੇ ਹੱਡਾਂ ਵਿਚ ਰਸੇ ਹੋਏ ਸੰਸਕਾਰ ਕੱਢਣ ਦਾ ਬੇਅੰਤ ਉਪਰਾਲਾ ਕੀਤਾ। ਇਉਂ ਕਹਿ ਲਈਏ ਕਿ ਉਤਮ ਦਰਜੇ ਦਾ ਬੀਜ ਧਰਤੀ ਵਿਚ ਬੀਜਿਆ ਹੀ ਨਹੀਂ ਗਿਆ। ਕਦੀ ਇਕ ਅੱਧ ਦਾਣਾ ਬਾਹਰ ਆ ਜਾਵੇ ਤਾਂ ਵਾਹ ਭਲਾ। ਵਰਨਾ ਬੀਜ ਨੂੰ ਭੜੋਲਿਆਂ ਵਿਚ ਬੰਦ ਕਰ ਕੇ ਮੱਥੇ ਬੁਹਤ ਟਿਕਵਾ ਲਏ।

ਪਰ ਹਿਰਦੇ ਰੂਪੀ ਜ਼ਮੀਨ ਵਿਚ ਗੁਰਬਾਣੀ ਰੂਪੀ ਬੀਜ ਨਹੀਂ ਪਾਇਆ ਗਿਆ। ਜੋ ਵਿਹਾਰ ਔਰਤ ਵਰਗ ਦੇ ਵਿਰੁਧ ਸਦੀਆਂ ਤੋਂ ਚਲਦਾ ਆ ਰਿਹਾ ਹੈ, ਆਓ ਉਨ੍ਹਾਂ ਦੁਖਿਆਰੀਆਂ "ਵਿਦਵਾਨ" ਔਰਤਾਂ ਵਲੋਂ ਜੋੜੇ, ਗਾਏ ਤੇ ਹੰਢਾਏ ਗੀਤਾਂ ਰਾਹੀਂ ਨਮੂਨੇ ਮਾਤਰ ਜਾਣਨ ਦੀ ਕੋਸ਼ਿਸ਼ ਕਰੀਏ-

ਸ਼ਰਾਬੀ ਪਤੀ (ਸਿੰਘ ?) ਨੂੰ ਪਤਨੀ ਤਰਲੇ ਕਰਦਿਆਂ ਸ਼ਰਾਬ ਛੱਡਣ ਲਈ ਕਹਿੰਦੀ ਹੈ। ਪਰ ਉਹ ਕਿਸੇ ਰਾਹ ਨਹੀਂ ਆਉਂਦਾ। ਸਗੋਂ ਨਸ਼ੇ ਤੋਂ ਵਰਜਣ ਵਾਲੀ ਨੇਕ ਪਤਨੀ ਨੂੰ ਛੱਡ ਦੇਣ ਦੀ ਧਮਕੀ ਦਿੰਦਾ ਹੈ। ਵਿਚਾਰੀ ਬੇਬਸ ਹੋਈ ਕਹਿ ਦਿੰਦੀ ਹੈ- ਸਿੰਘ ਜੀ ਜਿੰਨੀ ਮਰਜੀ ਪੀਓ, ਮੈਂ ਪੈੱਗ ਪਾ ਕੇ ਦਿਆਂਗੀ, ਪਰ ਹੋਰ ਵਿਆਹ ਨਾ ਕਰਾਉਣਾ-

ਦਾਰੂ ਪੀਤੇ ਸਿੰਘਾਂ ਕੀ ਵਡਿਆਈ।
ਸਿੰਘਾਂ ਵੇ ਤੇਰੇ ਮੂੰਹ 'ਤੇ ਜਰਦੀ (ਪਲਿੱਤਣ) ਆਈ।
ਭੰਨਾਂ ਪਿਆਲਾ ਭੰਨ ਠੀਕਰੇ ਵੇ ਕਰਦਿਆਂ,
ਸਿੰਘਾ ਵੇ ਤੇਰੇ ਪਿਆਲੇ ਦੀ ਅਲਖ ਮੁਕਾਈ।
ਨਾ ਮੈਨੂੰ ਛੋਡੀਂ ਸਿੰਘਾ ਵੇ ਨਾ ਹੋਰ ਵਿਆਹੀਂ,
ਸਿੰਘਾ ਵੇ ਮੈਂ ਤਾਂ ਭਰੂੰ ਪਿਆਲਾ ਦਾਰੂ ਦਾ ਵੇ।
ਛੱਲੇ ਵੇ ਭਨਾਵਾਂ ਸਿੰਘਾ, ਛਾਪਾਂ ਵੇ ਭਨਾਵਾਂ,
ਸਿੰਘਾ ਵੇ ਤੇਰੇ ਪਿਆਲੇ ਦੀ ਜੜਤ ਜੜਾਵਾਂ ਵੇ।

ਸਿੰਘ ਅਖਵਾਉਣ ਵਾਲਿਆਂ ਨੂੰ ਬੀਬੀਆਂ ਦਸਤਾਰਾਂ ਦਾ ਕੇਸਾਂ ਦਾ ਵਾਸਤਾ ਪਾ ਕੇ ਸ਼ਰਾਬ ਤੋਂ ਰੋਕਣਾ ਚਾਹੁੰਦੀਆਂ ਹਨ। ਪਰ ਸਿੰਘ ਜੀ ਵੇਖੋ ਕੀ ਗੁੱਲ ਖਿਲਾ ਰਹੇ ਹਨ-

ਚੀਰਾ (ਦਸਤਾਰ) ਤੇਰਾ ਠੇਕੇ ਵੇ ਦਾਰੂ ਪੀਣਿਆ ਸਿੰਘਾ,
ਗਲੀਏ ਤਾਂ ਰੁਲਦੇ ਕਾਲੜੇ ਕੇਸ, ਦਾਰੂ ਕਾਹਨੂੰ ਪੀਣੀ ਵੇ ਸਿੰਘਾ।
ਕੈਂਠਾ ਤਾਂ ਤੇਰਾ ਠੇਕੇ ਵੇ ਦਾਰੂ ਪੀਣਿਆ ਸਿੰਘਾ,
ਗਲੀਏ ਤਾਂ ਰੁਲਦੇ ਕਾਲੜੇ ਕੇਸ, ਦਾਰੂ ਕਾਹਨੂੰ ਪੀਣੀ ਸਿੰਘਾ ਵੇ।

ਇਸ ਅੱਗੇ ਦਿਤੇ ਜਾ ਰਹੇ ਲੋਕ ਗੀਤ ਵਿਚ ਪਤੀ ਨੂੰ ਨਹੋਰੇ ਦਿੰਦੀ ਹੋਈ, ਪਤਨੀ ਆਪਣੀ ਬੇਬਸੀ ਦਾ ਰੋਣਾ ਰੋਂਦੀ ਹੈ ਕਿ ਤੇਰੇ ਸਾਰੇ ਆਪਣੇ ਨੇ, ਮਾਤਾ, ਪਿਤਾ, ਭੈਣ ਤੇ ਭਰਾ। ਮੇਰਾ ਇਥੇ ਕੋਈ ਨਹੀਂ। ਜੋ ਮੇਰੇ ਹੱਕ ਵਿਚ ਅੜ ਖਲੋਵੇ। ਮੇਰੀ ਮੱਦਦ ਕਰੇ। ਮੈਂ ਨਿਮਾਣੀ ਹਾਂ ਬੇਚਾਰੀ ਹਾਂ। ਪੜ੍ਹੋ-

ਹੇਠ ਸਿੰਘ ਦੇ ਘੋੜਾ ਸੋਹੇ, ਉਤੇ ਕਾਠੀ ਵੇ ਕਾਗੀ।

ਤੇਰਾ ਜੱਗ ਵੇ ਬੇਲੀ ਵੇ ਮੈਂ ਕੌਣ ਬਿਚਾਰੀ।
ਸਿਰ ਸਿੰਘਾਂ ਦੇ ਚੀਰਾ ਵੇ ਸੋਹੇ, ਉਤੇ ਕਲਗੀ ਵੇ ਕਾਰੀ।
ਤੇਰਾ ਜੱਗ ਵੇ ਬੇਲੀ ਵੇ ਮੈ ਕੌਣ ਬਿਚਾਰੀ।...

ਨਿੱਕੀਆਂ ਗੱਲਾਂ ਦਾ ਬਹਾਨਾ ਲੈ ਕੇ ਪੁਰਸ਼ ਆਪਣੀ ਪਤਨੀ ਨੂੰ ਆਮ ਹੀ ਕੁੱਟ ਧਰਦੇ ਹਨ। ਕਈ ਵਾਰੀ ਬਿਨਾਂ ਕਾਰਨ ਹੀ ਹੱਡੀ ਪਸਲੀ ਤੋੜ ਦਿੰਦੇ ਹਨ। ਮਾਰ ਖਾ ਕੇ ਭੀ ਪਤਨੀ ਬੇਚਾਰਗੀ ਦੀ ਅਵਸਥਾ ਵਿਚ ਤਰਲਾ ਕਰਦੀ ਕਹਿੰਦੀ ਹੈ, "ਤੂੰ ਭਾਵੇਂ ਮਾਰ ਭਾਵੇਂ ਛੱਡ ਮੈਂ ਕਿਸ ਅੱਗੇ ਫਰਿਆਦਾ ਕਰਨੀ ਹੈ ? ਪੜ੍ਹੋ-

ਹੱਥ ਵਿਚ ਚੂਰੀ ਛੰਨਾ ਵੇ ਸਿਰ 'ਤੇ ਦੂਧ ਮਟਕੀ।
ਮੈਂ ਤੈਨੂੰ ਭਾਲ ਆਈ ਜੀ ਵਿਚ ਡੇਰਿਆਂ ਦੇ।
ਮਾਹੀ ਬਰਛੀ ਸੂਤੀ ਜੀ ਸਾਡੇ ਮਾਰਨੇ ਨੂੰ।
ਭਾਵੇਂ ਮਾਰ ਮਾਹੀ ਭਾਵੇਂ ਛੋਡ ਮਾਹੀ।
ਤੇਰੇ ਤਾਂ ਮਾਰੇ ਦੀ ਦਾਦ ਫਰਿਆਦ ਨਾਹੀਂ।...

ਔਰਤ ਦੀ ਬੇਬਸੀ ਪ੍ਰਗਟ ਕਰਦੇ ਅਣਗਿਣਤ ਗੀਤ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪੰਜ ਜਿਲਦਾਂ ਵਿਚ (ਲਗਪਗ ਦੋ ਹਜ਼ਾਰ ਪੰਨੇ) ਅਜਿਹੇ ਲੋਕ ਗੀਤ ਛਾਪੇ ਜਾ ਚੁੱਕੇ ਹਨ। ਵਿਸਥਾਰ ਨਾਲ ਉਨ੍ਹਾਂ ਪੁਸਤਕਾਂ ਵਿਚੋਂ ਪੜ੍ਹ ਸਕਦੇ ਹੋ। ਇਥੇ ਤਾਂ ਕੇਵਲ ਟੂਕ ਮਾਤਰ ਦੇ ਕੇ, "ਖੀਰ ਵਿਚੋਂ ਇਕ ਦਾਣਾ" ਵੇਖਣ ਵਾਲੀ ਗੱਲ ਹੈ। ਔਰਤਾਂ ਨੇ ਆਪਣੀ ਇਕੱਲ ਨੂੰ ਆਪਣੇ ਅਪਮਾਨ ਨੂੰ, ਆਪਣੇ ਗਿਲੇ ਸ਼ਿਕਵਿਆਂ ਨੂੰ, ਅਤੇ ਆਪਣੇ ਨਾਲ ਹੋ ਰਹੀ ਬੇਇਨਸਾਫ਼ੀ ਨੂੰ, ਗੀਤ ਗਾ ਕੇ ਗੁਣਗੁਣਾ ਕੇ ਜਾਂ ਹੰਝੂਆਂ ਦੇ ਦਰਿਆ ਬਹਾ ਕੇ ਪ੍ਰਗਟ ਕੀਤਾ ਹੈ। ਸਾਰੀ ਦੁਨੀਆਂ ਵਿਚ ਆਪਣਾ ਕੋਈ ਨਾਂ ਹੋਵੇ, ਜਿਨ੍ਹਾਂ ਨੂੰ "ਆਪਣੇ" ਮੰਨੀਦਾ ਹੈ, ਉਹੀ ਜੁਲਮ ਜਬਰ ਕਰਨ, ਫਿਰ ਆਪਣੇ ਆਪ ਨਾਲ ਹੀ ਦੁਖ ਸੁਖ ਸਾਂਝਾ ਕੀਤਾ ਜਾ ਸਕਦਾ ਹੈ। ਸਾਰੇ ਗੀਤਾਂ ਵਿਚ ਹਉਕੇ ਹਨ, ਸ਼ਿਕਾਇਤਾਂ ਹਨ, ਨਿਗੁਣੀਆਂ ਮੰਗਾਂ ਹਨ। ਆਰਥਕ ਪੱਖੋਂ ਮਜ਼ਬੂਤੀ, ਸਵੈਨਿਰਭਰਤਾ, ਦਲੇਰੀ, ਬੇਇਨਸਾਫ਼ੀ ਵਿਰੁਧ ਬਗਾਵਤੀ ਝੰਡਾ ਚੁੱਕ ਲੈਣ ਦਾ ਸੰਕਲਪ ਆਪਣੇ ਉਤੇ ਹੋ ਰਹੇ ਜੁਲਮ ਨੂੰ ਠੱਲ੍ਹਣ ਵਾਸਤੇ ਮਰ ਮਿਟਣ ਦੀ ਸੂਰਬੀਰਤਾ, ਸਾਰੇ ਗੀਤਾਂ ਵਿਚ ਕਿਤੇ ਨਹੀਂ ਲਭਦੀ। ਪੁਰਸ਼ ਦੇ ਰਹਿਮ 'ਤੇ ਜਿਉਣ ਦੀ ਕੂੜੀ ਆਸ ਤਿਆਗ ਕੇ, ਅਗਰ ਪੰਜ ਸੱਤ ਪ੍ਰਤੀਸ਼ਤ ਔਰਤਾਂ ਆਪਣੇ ਹੱਕਾਂ ਵਾਸਤੇ ਲੜ ਮਰਨ ਦੀ ਹੱਦ ਤੱਕ ਚਲੀਆਂ ਜਾਣ, ਤਾਂ ਪੁਰਸ਼ਾਂ ਦੇ ਹੋਸ਼ ਟਿਕਾਣੇ ਆ ਸਕਦੇ ਹਨ। ਇਹ ਲੋਕ ਗੀਤ ਪੜ੍ਹੋ-

"ਮੇਲੇ ਜਾਵੇਂਗਾ ਲਿਆ ਦੇਈਂ ਪਹੁੰਚੀ, ਲੈਜਾ ਮੇਰਾ ਗੁੱਟ ਮਿਣ ਕੇ।"

ਘਰੋਂ ਬਾਹਰ ਜਨਾਨੀ ਜਾ ਨਹੀਂ ਸਕਦੀ ਮੇਲੇ ਆਦਿ ਇਕੱਠਾਂ ਵਿਚ ਕੇਵਲ ਪੁਰਸ਼ ਹੀ ਜਾ ਸਕਦੇ ਹਨ। ਦੋ ਪੈਸਿਆਂ ਦੀ ਨਿਗੁਣੀ ਜਿਹੀ ਚੀਜ਼ ਖ਼ੀਦਣ ਲਈ ਭੀ ਆਦਮੀ ਅੱਗੇ ਤਰਲੇ ਕਰਨ ਲਈ ਮਜਬੂਰ ਹੈ। ਹੋਰ ਵੇਖੋ-

"ਧੀਆਂ ਗਊਆਂ ਦੇ ਉਜਰ ਨਹੀਂ ਕੋਈ, ਰੱਸਾ ਪਾ ਕੇ ਟੋਰ ਦੇਣਗੇ।"

ਲੜਕੀ ਦੀ ਹਾਲਤ ਗਾਂ, ਮੱਝ ਵਰਗੀ ਹੈ। ਜਿਵੇਂ ਜਾਨਵਰ ਵੇਚਿਆ, ਖਰੀਦਿਆ ਜਾ ਸਕਦਾ ਹੈ। ਮਾਲਕ ਨੇ ਆਪਣੇ ਘਰ ਰੱਸਾ ਪਾ ਕੇ ਬੰਨ ਰੱਖਣਾ ਹੈ। ਇਸੇ ਤਰ੍ਹਾਂ ਦੀ ਮੰਦੀ ਹਾਲਤ ਔਰਤ ਦੀ ਹੈ।

"ਕੁੜੀਆਂ ਬਨੇਰੇ ਦੀਆਂ ਚਿੜੀਆਂ, ਉਡਾਰੀ ਮਾਰ ਉੱਡ ਜਾਣੀਆਂ।"

ਕੁੜੀਆਂ ਦੀ ਕੀ ਵੁੱਕਤ ਹੈ? ਜਿਵੇਂ ਚਿੜੀਆਂ, ਘੁੱਗੀਆਂ (ਪੰਛੀ) ਕੁੱਝ ਸਮਾਂ ਘਰ ਦੀ ਛੱਤ 'ਤੇ ਆ ਕੇ ਬੈਠ ਜਾਂਦੀਆਂ ਨੇ। ਕਿਸੇ ਨੇ ਉਡਾ ਦਿੱਤੀਆਂ, ਉਡ ਜਾਂਦੀਆਂ ਹਨ। ਇਹੀ ਹਾਲਤ ਧੀਆਂ ਦੀ।

"ਹੱਸ ਖੇਢ ਕੇ ਸਹੁਰਿਆਂ ਨੂੰ ਚੱਲੀਆਂ, ਚਾਚੇ ਤਾਏ ਗੁੱਸਾ ਨਾ ਕਰਿਓ।"

ਇਸੇ ਤਰ੍ਹਾਂ ਲੜਕੀ ਸਹੁਰੇ ਘਰ ਜਾ ਕੇ, ਬੇਗਾਨਗੀ ਦੇ ਅਹਿਸਾਸ ਵਿਚ ਬਾਰ ਬਾਰ ਆਪਣੇ ਭਰਾ ਨੂੰ ਆਵਾਜ਼ਾਂ ਮਾਰਦੀ ਪ੍ਰਤੀਤ ਹੁੰਦੀ ਹੈ।

"ਵੀਰਾ ਆਵੀਂ ਵੇ ਭੈਣ ਦੇ ਵਿਹੜੇ, ਪੁੰਨਿਆਂ ਦਾ ਚੰਨ ਬਣ ਕੇ।"

"ਪਾਈਆ ਕੱਤੂੰਗੀ ਖਿਢਾਊਂ ਤੇਰਾ ਕਾਕਾ, ਵੀਰਾ ਮੈਨੂੰ ਲੈ ਚੱਲ ਵੇ।"

ਕੋਈ ਇਕ ਭੀ ਲੋਕ ਗੀਤ ਅਜਿਹਾ ਨਹੀਂ ਲੱਭਦਾ ਜਿਸ ਵਿਚ ਲੜਕੀ ਦੇ ਜਨਮ ਦੀ ਵਧਾਈ ਦਿੱਤੀ ਗਈ ਹੋਵੇ। ਦੂਜੇ ਬੰਨੇ, ਲੜਕੇ ਦੇ ਜਨਮ ਸਮੇਂ ਵਧਾਈਆਂ ਵਾਲੇ ਗੀਤਾਂ ਦਾ ਪਾਰਾਵਾਰ ਹੀ ਕੋਈ ਨਹੀਂ। ਪੜ੍ਹੋ-

"ਪੁੱਤ ਵੀਰ ਦਾ ਭਤੀਜਾ ਮੇਰਾ, ਨਿਉਂ ਜੜ ਮਾਪਿਆ ਦੀ।"

"ਬਿਨ ਪਉੜੀ ਚੜ੍ਹ ਜਾਵਾਂ ਚੁੱਕ ਕੇ ਭਤੀਜੇ ਨੂੰ।"

"ਬਾਪੂ ਮੱਝੀਆਂ ਦੇ ਸੰਗਲ ਫੜਾਵੇ, ਵੀਰ ਘਰ ਪੁੱਤ ਜੰਮਿਆ।"

"ਨੰਗੇ ਪੈਰੀਂ ਬ੍ਰਹਮਾ ਨੂੰ (ਪਿੱਪਲ ਨੂੰ) ਪਾਣੀ ਪਾਵਾਂ, ਵੀਰ ਘਰ ਪੁੱਤ ਜੰਮ ਪਏ।"

ਲੈ ਵੇ ਰਾਂਝਿਆ ਵਾਹ ਮੈਂ ਲਾਇ ਥੱਕੀ, ਮੇਰੇ ਵੱਸ ਥੀ ਗੱਲ ਬੇਵੱਸ ਹੋਈ।

ਕਾਜੀ ਮਾਪਿਆਂ ਭਾਈਆਂ ਬੰਨ ਟੋਰੀ, ਤੈਂਡੀ ਸਾਡੜੀ ਦੋਸਤੀ ਭੱਸ ਹੋਈ। (ਵਾਰਿਸ)

ਗੁਰਬਾਣੀ ਵਿਚ ਕੁੱਝ ਪੰਕਤੀਆਂ ਅਜਿਹੀਆਂ ਹਨ ਕਿ ਜੀਵ (ਇਸਤਰੀ ਪੁਰਖ ਦੋਵੇਂ) ਲਈ ਸਾਂਝਾ ਉਪਦੇਸ਼ ਹੈ। ਫਿਰ ਭੀ ਗੁਰੂ ਨਾਨਕ ਬਾਬਾ ਜੀ ਤੋਂ ਖਿਮਾ ਮੰਗਦਿਆਂ ਇਕ ਪੰਕਤੀ ਦੇ "ਸ਼ਬਦ ਅਰਥ" ਕਰ ਕੇ ਵੇਖੀਏ। ਪੜ੍ਹੋ-

ਜਿੰਦ ਵਹੁਟੀ ਮਰਣੁ ਵਰੁ, ਲੈ ਜਾਸੀ ਪਰਣਾਇ॥

ਆਪਣ ਹਥੀ ਜੋਲਿ ਕੈ, ਕੈ ਗਲਿ ਲਗੈ ਧਾਇ॥ (1377)

ਹੇ ਭਾਈ! ਇਨਸਾਨੀ ਜੀਵ ਵਹੁਟੀ (ਪਤਨੀ) ਹੈ। ਮੌਤ ਇਸ ਨੂੰ ਵਿਆਹ ਕੇ ਲੈ ਜਾਣ ਵਾਲਾ ਲਾੜਾ (ਵਰ) ਹੈ। ਅਜਿਹੇ ਵਰ ਨੂੰ ਆਪ ਖੁਦ ਹੀ ਸਹੇੜਿਆ ਸੀ ਜੋ ਨਿਰੀ ਮੌਤ ਹੀ ਸਾਬਤ ਹੋਇਆ। ਕੀ ਅੱਜ ਦੇ ਵਰ (ਲਾੜੇ) ਲੜਕੀਆਂ ਲਈ ਮੌਤ ਬ੍ਰਾਬਰ ਹੀ ਨਹੀਂ ਹਨ ?ਇਨ੍ਹਾਂ ਮੌਤਾਂ (ਲਾੜਿਆਂ) ਤੋਂ ਬਿਨਾਂ ਸਰਦਾ ਭੀ ਨਹੀਂ। ਲੜਕੀਆਂ ਨੂੰ ਇਹ ਜਿਉਣ ਦਿੰਦੇ ਨਹੀਂ।

ਕੀ ਨ ਸੁਣੇਹੀ ਗੋਰੀਏ, ਆਪਣ ਕੰਨੀ ਸੋਇ॥

ਲਗੀ ਆਵਹਿ ਸਾਹੁਰੇ ਨਿਤ ਨ ਪੇਈਐ ਹੋਇ॥ (23)

ਹੇ ਪੁੱਤਰੀ! ਤੂੰ ਆਪਣੇ ਕੰਨਾਂ ਨਾਲ ਖੁਦ ਨਹੀਂ ਸੁਣਿਆ ਕਿ ਇਕ ਦਿਨ ਮੌਤ ਰੂਪੀ ਲਾੜਾ ਜ਼ਰੂਰ ਆਵੇਗਾ। ਕਿਸੇ ਅਣਜਾਣੀ ਥਾਵੇਂ ਲੈ ਜਾਵੇਗਾ। ਪਹਿਲਾਂ ਭੀ ਇਹ ਮੌਤ ਲਾੜਾ ਮਲੂਕ ਜਿੰਦਾਂ (ਵਹੁਟੀਆਂ) ਨੂੰ ਪੇਕੇ ਘਰ ਨਹੀਂ ਰਹਿਣ ਦਿੰਦਾ।

ਇਕ ਪਾਸੇ ਹੈ ਧਰਤੀ ਤੇ ਵਰਤ ਰਿਹਾ ਨਿੱਤ ਦਾ ਵਰਤਾਰਾ। ਦੂਜੇ ਬੰਨੇ ਹੈ ਗੁਰਬਾਣੀ ਦਾ ਸੱਚ। ਗੁਰਬਾਣੀ ਨੇ ਹਮੇਸ਼ਾ ਕਮਜ਼ੋਰਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ। ਨੀਵਿਆਂ ਜਾਂ ਕਮਜੋਰਾਂ ਨੂੰ ਉਪਦੇਸ਼ ਦਿੱਤਾ ਹੈ ਕਿ ਤੁਸੀ ਦਲੇਰ ਹੋਵੋ। ਇਕ ਨਿਰੰਕਾਰ ਨੂੰ ਮੰਨੋ। ਗੁਰਬਾਣੀ ਨੂੰ ਆਪਣਾ ਰਹਿਬਰ ਸਵੀਕਾਰ ਕਰੋ। ਏਕਤਾ ਦੇ ਸੂਤਰ ਵਿਚ ਪਰੋਏ ਰਹੋ। ਪਹਿਲਾਂ ਚਾਲੂ ਕੀਤੇ ਗਏ ਸਾਰੇ ਕਰਮਕਾਂਡ ਤਿਆਗ ਦਿਓ। ਪਹਿਲਾਂ ਵਾਲੇ ਮੁਲਾਂ ਪੁਜਾਰੀ ਬ੍ਰਾਹਮਣ ਤੇ ਭਾਈ (ਵਿਚੋਲੇ) ਨੂੰ ਗਲੋਂ ਲਾਹ ਦਿਓ। ਆਪਣੀ ਕਿਸਮਤ ਦਾ ਫੈਸਲਾ ਕਿਸੇ ਹੋਰ ਨੂੰ ਨਾ ਕਰਨ ਦਿਓ, ਖੁਦ ਫੈਸਲਾ ਕਰੋ। ਹਿੰਮਤੀ ਅਤੇ ਗਿਆਨਵਾਨ ਬਣੋ। ਇਹ ਹੁਕਮ ਕੇਵਲ ਪੁਰਸ਼ਾਂ ਵਾਸਤੇ ਨਹੀਂ ਹਨ, ਔਰਤਾਂ ਵਾਸਤੇ ਭੀ ਹਨ। ਬੀਬੀਆਂ ਬੇਖੌਫ ਹੋ ਕੇ ਸੁਆਲ ਕਰਨ ਕਿ ਗੁਰਬਾਣੀ ਤਾਂ ਅਖੌਤੀ ਚੂਹੜੇ ਚਮਿਆਰਾਂ ਨੂੰ ਭੀ ਬ੍ਰਾਬਰੀ ਦਾ ਅਧਿਕਾਰ ਦਿੰਦੀ ਹੈ। ਤੁਸੀ ਆਪਣੇ ਘਰ ਦੀਆਂ ਮੈਂਬਰ ਨੂੰਹਾਂ, ਧੀਆਂ ਨੂੰ ਬ੍ਰਾਬਰ ਮੰਨਣ ਲਈ ਤਿਆਰ ਨਹੀਂ, ਤੁਸੀ ਸਿੱਖ ਹੋਣ ਦਾ ਦਾਹਵਾ ਕਿਵੇਂ ਕਰ ਸਕਦੇ ਹੋ ?ਕਾਇਰਾਂ ਜਾਂ ਡਰਪੋਕਾਂ ਨੂੰ ਰਾਜ ਜਾਂ ਵੱਧ ਅਧਿਕਾਰ ਕੌਣ ਦਿੰਦਾ ਹੈ ?ਅਧਿਕਾਰ ਮਿਲਦੇ ਨਹੀਂ, ਲਏ (ਖੋਹੇ) ਜਾਂਦੇ ਹਨ। ਸਾਰਾ ਇਤਿਹਾਸ ਗਵਾਹ ਹੈ ਪਿਤਾ ਤੋਂ ਪੁੱਤਰ ਨੇ (ਵਿਰਲੇ ਕੇਸਾਂ ਨੂੰ ਛੱਡ ਕੇ) ਅਧਿਕਾਰ ਖੋਹੇ ਹਨ। ਨੂੰਹ ਨੇ ਸੱਸ ਤੋਂ ਅਧਿਕਾਰ ਖੋਹੇ ਹਨ। ਤਜੋਰੀ ਦੀਆਂ ਚਾਬੀਆਂ ਜਾਂ ਬੈਂਕਾਂ ਦੀ ਨਗਦ ਰਾਸ਼ੀ ਆਪਣੇ ਆਪ ਕਉਣ ਦਿੰਦਾ ਹੈ?

ਜਨਮ ਤੋਂ ਪਹਿਲਾਂ (ਗਰਭ ਵਿਚ)

"ਮੇਰੀ ਬਹੁਤ ਹੀ ਪਿਆਰੀ ਮੰਮੀ, ਅੱਜ ਤੁਹਾਡੀ ਗੋਦ ਵਿਚ ਮਜ਼ੇ ਨਾਲ ਪੈਣ ਲਈ ਪਤੈ ਮੇਰਾ ਸਰੀਰ ਕਿਵੇਂ ਬਣਨਾ ਸ਼ੁਰੂ ਹੋਇਆ ?ਜਦੋਂ ਤੁਹਾਡੇ ਓਵਮ ਦੇ ਤੇਈ ਕਰੋਮੋਸੋਮ, ਪਾਪਾ ਦੇ ਸ਼ੁਕਰਾਣੂਆਂ ਦੇ ਤੇਈ ਕਰੋਮੋਸੋਮਾਂ ਨਾਲ ਮਿਲੇ ਤਾਂ ਮੈਂ ਤੁਹਾਡੀ ਬੱਚੇਦਾਨੀ ਦੀਆਂ ਟਾਹਣੀਆਂ ਯਾਨੀ ਫ਼ੈਲੋਪੀਅਨ ਟਿਊਬ ਵਿਚ 46 ਕਰੋਮੋਸੋਮਾਂ ਨਾਲ ਬਣਨਾ ਸ਼ੁਰੂ ਹੋਇਆ ਸੀ।

ਮੇਰਾ ਮੱਥਾ ਜਿਹੜਾ ਤੁਸੀਂ ਚੁੰਮਦੇ ਹੋ, ਮੇਰੀ ਮੁਸਕਾਨ ਜਿਸ ਉਤੇ ਤੁਸੀਂ ਫ਼ਿਦਾ ਹੋ ਜਾਂਦੇ ਹੋ, ਮੇਰਾ ਖ਼ੂਬਸੂਰਤ ਮੂੰਹ ਜਿਸ ਦੀਆਂ ਤੁਸੀਂ ਬਲਾਵਾਂ ਲੈਂਦੇ ਹੋ, ਕਿਸ ਤਰ੍ਹਾਂ ਦਾ ਹੋਵੇਗਾ, ਇਸ ਦਾ ਉਸੇ ਵੇਲੇ ਹੀ ਫ਼ੈਸਲਾ ਹੋ ਗਿਆ ਸੀ। ਮੇਰੀਆਂ ਨਿੱਕੀਆਂ ਬਾਹਵਾਂ ਤੁਹਾਡੇ ਗਲੇ ਦੁਆਲੇ ਕਿਵੇਂ ਜੱਫੀ ਪਾ ਕੇ ਤੁਹਾਡੇ ਸੀਨੇ ਵਿਚ ਠੰਢ ਪਾਉਣਗੀਆਂ, ਵੀ ਰੱਬ ਉਦੋਂ ਹੀ ਘੜਨਾ ਸ਼ੁਰੂ ਕਰ ਦੇਂਦਾ ਹੈ।

ਜਦੋਂ ਦੋ ਸੈੱਲ ਮਿਲਿਆਂ ਨੂੰ ਸਿਰਫ਼ ਤੀਹ ਘੰਟੇ ਹੀ ਹੋਏ ਸਨ ਤਾਂ ਮੈਂ ਫ਼ਰਟੀਲਾਈਜ਼ਡ ਓਵਮ ਬਣ ਗਿਆ ਸੀ ਤੇ ਉਸ ਵੇਲੇ ਮੈਨੂੰ ਮਾਈਕ੍ਰੋਸਕੋਪ ਹੇਠਾਂ ਕੋਈ ਵੀ ਵੇਖ ਸਕਦਾ ਸੀ ਕਿ ਦੋ ਸੈੱਲ ਕਿੰਨੀ ਖ਼ੂਬਸੂਰਤੀ ਨਾਲ ਮਿਲ ਕੇ ਇਕ ਬਣ ਰਹੇ ਸਨ, ਜਿਹੜਾ ਕੁਦਰਤ ਦੀ ਕਾਰੀਗਰੀ ਦਾ ਬੇਸ਼ਕੀਮਤੀ ਨਮੂਨਾ ਸੀ ਅਤੇ ਮੇਰੇ ਸਰੀਰ ਦੀ ਸ਼ੁਰੂਆਤ।

ਜਿਸ ਐਂਬਰੀਓ ਵਿਚ ਸ਼ੁਰੂ ਦੇ ਪਹਿਲੇ ਮਹੀਨੇ ਵਿਚ ਮੈਂ ਰਿਹਾ ਸੀ, ਉਹ ਕਿਸੇ ਵੀ ਪਿੰਨ ਦੇ ਸਿਰੇ ਜਿੱਡਾ ਹੀ ਸੀ ਪਰ ਫ਼ਟਾਫ਼ਟ ਸੈੱਲ ਵਧਦੇ ਰਹਿਣ ਕਾਰਨ ਮੈਂ ਬੱਚੇਦਾਨੀ ਦੇ ਸੁਰੱਖਿਅਤ ਮਾਹੌਲ ਵੱਲ ਟੁਰ ਪਿਆ ਸੀ ਤਾਕਿ ਤੁਹਾਡਾ ਪਿਆਰ ਤੇ ਨਿੱਘ ਮਾਣ ਕੇ ਉਥੇ ਵੱਡਾ ਹੋ ਸਕਾਂ। ਉਥੇ ਹੀ ਐਂਬਰਿਓ ਤੋਂ ਮੇਰਾ ਯੋਕ ਸੈਕ ਬਣਨਾ ਸ਼ੁਰੂ ਹੋਇਆ ਜਿਸ ਵਿਚ ਮੇਰੇ ਲਹੂ ਦੇ ਸੈੱਲ ਬਣਨੇ ਸ਼ੁਰੂ ਹੋਏ ਸਨ। ਮੰਮੀ, ਤੁਸੀਂ ਹੈਰਾਨ ਹੋਵੋਗੇ ਜੇ ਮੈਂ ਤੁਹਾਨੂੰ ਹੁਣ ਦਸਾਂ ਕਿ ਇਕ ਮਹੀਨੇ ਦੀ ਉਮਰ ਤੋਂ ਪਹਿਲਾਂ ਹੀ ਮੇਰੀ ਰੀੜ੍ਹ ਦੀ ਹੱਡੀ, ਦਿਮਾਗ਼, ਅੰਤੜੀਆਂ, ਗੁਰਦੇ ਅਤੇ ਜਿਗਰ ਬਣਨੇ ਸ਼ੁਰੂ ਹੋ ਗਏ ਸਨ।

ਜਦੋਂ ਮੈਂ, ਤੁਹਾਡੇ ਢਿੱਡ ਵਿਚ ਚਾਰ ਤੋਂ ਪੰਜ ਹਫ਼ਤਿਆਂ ਦਾ ਸੀ ਤਾਂ ਮੇਰਾ ਨਿੱਕਾ ਜਿਹਾ ਦਿਲ ਧੜਕਣਾ ਸ਼ੁਰੂ ਹੋ ਗਿਆ ਸੀ ਤੇ ਮੈਂ ਹਰ ਧੜਕਣ ਨਾਲ ਤੁਹਾਨੂੰ ਪਿਆਰਾ ਸੁਨੇਹਾ ਭੇਜਦਾ ਰਿਹਾ ਸੀ ਕਿ ਮੈਂ ਤੁਹਾਨੂੰ ਬਹੁਤ ਪਿਆਰ ਕਰਦਾ ਹਾਂ। ਇਸ

ਵੇਲੇ ਮੇਰੀ ਰੀੜ੍ਹ ਦੀ ਹੱਡੀ ਅੰਦਰਲੀਆਂ ਅਤੇ ਦਿਮਾਗ਼ ਵਿਚਲੀਆਂ ਨਸਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ ਤੇ ਮੇਰਾ ਦਿਮਾਗ਼ ਥੋੜ੍ਹੀਆਂ-ਬਹੁਤ ਗੱਲਾਂ ਸਮਝਣ ਯੋਗ ਬਣ ਗਿਆ ਸੀ ਤੇ ਸੁਨੇਹੇ ਫੜਨ ਜੋਗਾ ਵੀ। ਇਸ ਲਈ ਮੈਂ ਉਦੋਂ ਤੁਹਾਡੇ ਵੱਲੋਂ ਭੇਜੀਆਂ ਪਿਆਰ ਦੀਆਂ ਤਰੰਗਾਂ ਫੜ ਲਿਆ ਕਰਦਾ ਸੀ। ਉਹ ਪਿਆਰ ਜਦੋਂ ਵੀ ਮੈਂ ਮਹਿਸੂਸ ਕਰ ਲੈਂਦਾ ਸੀ, ਮੈਂ ਜ਼ਿਆਦਾ ਛੇਤੀ ਵਧਣ ਫੁੱਲਣ ਲੱਗ ਪੈਂਦਾ ਸੀ। ਪਤੈ ਮੰਮੀ, ਜਦੋਂ ਪਾਪਾ ਤੁਹਾਨੂੰ ਜੱਫੀ ਪਾਉਂਦੇ ਸਨ ਤਾਂ ਮੈਨੂੰ ਉਨ੍ਹਾਂ ਦਾ ਪਿਆਰ ਵੀ ਪਹੁੰਚ ਜਾਂਦਾ ਸੀ ਤੇ ਉਹ ਮਹਿਸੂਸ ਕਰਦੇ ਸਾਰ ਮੈਂ ਝੂਮਣ ਲੱਗ ਪੈਂਦਾ ਸੀ।

ਉਦੋਂ ਹੀ ਮੰਮੀ ਜੀ ਤੁਹਾਡਾ ਪਲਾਸੈਂਟਾ ਬਣਨਾ ਸ਼ੁਰੂ ਹੋ ਗਿਆ ਸੀ ਜਿਸ ਨੇ ਮੈਨੂੰ ਨੌਂ ਮਹੀਨੇ ਤਕ ਬਾਹਰਲੀ ਸੱਟ-ਫੇਟ ਤੋਂ ਬਚਾਇਆ ਸੀ।

ਮੇਰੇ ਪਿਆਰੇ ਮੰਮੀ, ਤੁਹਾਡੇ ਢਿੱਡ ਵਿਚਲਾ ਦੂਜਾ ਮਹੀਨਾ ਬੜਾ ਹੀ ਮਜ਼ੇਦਾਰ ਲੰਘਿਆ। ਉਦੋਂ ਤੁਸੀ ਵੇਖ ਸਕਦੇ ਸੀ ਕਿ ਮੇਰਾ ਮੂੰਹ ਅਤੇ ਜੀਭ ਬਣ ਗਈ ਸੀ ਤੇ ਸ਼ਕਲ ਵੀ ਬਣਨੀ ਸ਼ੁਰੂ ਹੋ ਗਈ ਸੀ। ਤੁਸੀ ਚਾਹੁੰਦੇ ਤਾਂ ਲੱਭ ਸਕਦੇ ਸੀ ਕਿ ਮੇਰਾ ਨੱਕ, ਤੁਹਾਡੇ ਨਾਲ ਮਿਲਦਾ ਹੈ ਜਾਂ ਪਾਪਾ ਨਾਲ ਤੇ ਮੇਰਾ ਮੱਥਾ ਵੀ ਚੁੰਮ ਸਕਦੇ ਸੀ। ਮੇਰੀਆਂ ਅੱਖਾਂ ਵੀ ਬਣਨੀਆਂ ਸ਼ੁਰੂ ਹੋ ਗਈਆਂ ਸਨ ਤੇ ਮੈਨੂੰ ਚਾਅ ਸੀ ਕਿ ਮੈਂ ਤੁਰਤ ਆਪਣੀ ਪਿਆਰੀ ਮੰਮੀ ਨੂੰ ਵੇਖ ਲਵਾਂ। ਮੇਰੀਆਂ ਅੱਖਾਂ ਵਿਚ ਰੈਟੀਨਾ ਤੇ ਲੈਨਜ਼ ਵੀ ਬਣਨੇ ਸ਼ੁਰੂ ਹੋ ਗਏ ਸਨ। ਪਤੈ, ਮੇਰੇ ਪੱਠੇ ਵੀ ਬਣਨੇ ਸ਼ੁਰੂ ਹੋ ਗਏ ਸਨ ਜਿਨ੍ਹਾਂ ਸਦਕਾ ਮੈਂ, ਤੁਹਾਨੂੰ ਅਤੇ ਪਾਪਾ ਨੂੰ ਤੁਹਾਡੇ ਬੁਢਾਪੇ ਵੇਲੇ ਸਾਂਭ ਸਕਾਂਗਾ। ਇਸੇ ਉਮਰ ਵਿਚ ਮੇਰੇ ਲਹੂ ਦਾ ਗਰੁੱਪ ਵੀ ਵੱਖਰਾ ਹੋਣਾ ਸ਼ੁਰੂ ਹੋ ਗਿਆ ਸੀ। ਆਖ਼ਰ ਮੈਂ ਵੀ ਤਾਂ ਅਪਣੀ ਇਕ ਵੱਖਰੀ ਹੋਂਦ ਵਿਖਾਉਣੀ ਸੀ। ਮੈਂ ਤਾਂ ਥੋੜਾ ਬਹੁਤ ਹਿਲਣਾ-ਜੁਲਣਾ ਵੀ ਸ਼ੁਰੂ ਕਰ ਦਿਤਾ ਸੀ ਤਾਕਿ ਤੁਹਾਡੇ ਨਾਲ ਖੇਡਣ ਦੀ ਤਿਆਰੀ ਕਰ ਸਕਾਂ। ਯੋਕ ਸੈਕ ਦੀ ਥਾਂ ਮੇਰੇ ਜਿਗਰ ਵਿਚ ਮੇਰੇ ਲਹੂ ਦੇ ਸੈੱਲ ਇਸੇ ਮਹੀਨੇ ਬਣਨੇ ਸ਼ੁਰੂ ਹੋ ਗਏ ਸਨ।

ਭਾਵੇਂ ਮੈਂ ਉਦੋਂ ਅੱਧੇ ਇੰਚ ਜਿੰਨਾ ਲੰਮਾ ਸੀ ਪਰ ਮੈਂ ਤੈਰਨਾ ਸਿੱਖ ਲਿਆ ਸੀ ਤੇ ਬੜੀ ਸਫਾਈ ਨਾਲ, ਤੁਹਾਡੇ ਢਿੱਡ ਅੰਦਰਲੇ ਪਾਣੀ ਦੇ ਭਰੇ ਐਮਨਿਉਟਿਕ ਸੈਕ ਅੰਦਰ ਘੁੰਮ-ਫਿਰ ਲੈਂਦਾ ਸੀ। ਤੈਰਨ ਨਾਲ ਮੇਰੀਆਂ ਬਾਹਵਾਂ-ਲੱਤਾਂ ਤਗੜੀਆਂ ਹੋਣੀਆਂ ਸ਼ੁਰੂ ਹੋ ਗਈਆਂ ਸਨ ਤੇ ਜੇ ਤੁਸੀਂ ਚਾਹੁੰਦੇ ਤਾਂ ਮੇਰੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਨੂੰ ਬਣਦੇ ਵੇਖ ਸਕਦੇ ਸੀ ਜਿਨ੍ਹਾਂ ਨਾਲ ਮੈਂ, ਥੋੜਾ ਜਿਹਾ ਵੱਡਾ ਹੋ ਕੇ, ਤੁਹਾਡਾ ਮੂੰਹ, ਹੱਥਾਂ ਵਿਚ ਲੈ ਕੇ ਚੁੰਮਣਾ ਹੈ। ਮੇਰੇ ਪੈਰਾਂ ਦੀਆਂ ਨਿੱਕੀਆਂ ਨਿੱਕੀਆਂ ਉਂਗਲਾਂ ਵੀ ਦੂਜੇ ਮਹੀਨੇ ਵਿਚ ਬਣਨੀਆਂ ਸ਼ੁਰੂ ਹੋ ਗਈਆਂ ਸਨ। ਮੇਰੇ

ਪਿਆਰੀ ਮੰਮੀ ਜੀ, ਜੇ ਤੁਸੀਂ ਕਿਸੇ ਵੀ ਡਾਕਟਰ ਨੂੰ ਪੁੱਛ ਕੇ ਵੇਖੋ ਤਾਂ ਉਹ ਤੁਹਾਨੂੰ ਦੱਸ ਦੇਵੇਗਾ ਕਿ ਇਸੇ ਉਮਰ ਵਿਚ ਮੇਰੇ ਦਿਮਾਗ਼ ਵਿਚ ਤਰੰਗਾਂ ਪਹੁੰਚਣੀਆਂ ਸ਼ੁਰੂ ਹੋ ਜਾਂਦੀਆਂ ਹਨ। ਮੈਂ ਤਾਂ ਉਨ੍ਹਾਂ ਦਾ ਜਵਾਬੀ ਹੁੰਗਾਰਾ ਵੀ ਦੇਣ ਜੋਗਾ ਹੋ ਗਿਆ ਸੀ। ਜਦੋਂ ਤੁਸੀ ਮੇਰੀਆਂ ਜਰਾਬਾਂ ਬੁਣਨ ਬਾਰੇ ਹਾਲੇ ਸੋਚਦੇ ਹੀ ਸੀ ਅਤੇ ਪਾਪਾ ਨਾਲ ਗੱਲਾਂ ਕਰਦੇ ਹੁੰਦੇ ਸੀ ਤਾਂ ਮੈਂ ਖ਼ੁਸ਼ੀ ਨਾਲ ਤਾੜੀਆਂ ਲਾਉਣ ਲੱਗ ਪੈਂਦਾ ਸੀ।

ਤੀਸਰੇ ਮਹੀਨੇ ਵਿਚ ਮੇਰੀਆਂ ਸੋਹਣੀਆਂ ਅੱਖਾਂ ਉਤੇ ਰੱਬ ਨੇ ਪੁਤਲੀਆਂ ਲਾ ਕੇ ਇਹ ਬੰਦ ਕਰ ਦਿਤੀਆਂ ਸਨ ਤਾਕਿ ਮੈਨੂੰ ਨਜ਼ਰ ਨਾ ਲੱਗੇ। ਮੈਂ ਵੀ ਸੱਤ ਮਹੀਨਿਆਂ ਤਕ ਅੱਖਾਂ ਬੰਦ ਰਖੀਆਂ ਸਨ ਤਾਕਿ ਅੱਖਾਂ ਖੋਲ੍ਹਦੇ ਸਾਰ ਸੱਭ ਤੋਂ ਪਹਿਲਾਂ ਅਪਣੀ ਪਿਆਰੀ ਮਾਂ ਨੂੰ ਅਤੇ ਪਾਪਾ ਨੂੰ ਵੇਖ ਸਕਾਂ। ਇਸ ਵੇਲੇ ਤਕ ਤਾਂ ਮੇਰਾ ਦਿਲ ਪੂਰਾ ਬਣ ਚੁੱਕਿਆ ਸੀ ਤੇ ਉਸੇ ਨਾਪ ਦਾ ਸੀ ਜਿੰਨਾ ਜੰਮਣ ਵੇਲੇ ਹੁੰਦਾ ਹੈ। ਮੰਮੀ, ਉਸ ਵੇਲੇ ਮੇਰੇ ਫੇਫੜੇ ਕੰਮ ਨਹੀਂ ਕਰਦੇ ਸਨ, ਇਸੇ ਲਈ ਮੇਰੇ ਦਿਲ ਨੂੰ ਸਾਫ਼ ਲਹੂ ਤੁਹਾਡੇ ਪਲਾਸੈਂਟਾ ਵਲੋਂ ਆਉਂਦਾ ਸੀ। ਜੇ ਤੁਸੀਂ ਅਲਟ੍ਰਾਸਾਊਂਡ ਰਾਹੀਂ ਵੇਖਦੇ ਤਾਂ ਉਛਲ ਪੈਂਦੇ ਕਿਉਂਕਿ ਮੇਰੇ ਜਬਾੜੇ ਵਿਚ ਮੇਰੇ ਨਿੱਕੇ ਨਿੱਕੇ ਦੁੱਧ ਦੇ ਵੀਹ ਦੰਦ ਵੀ ਦਿਸਣ ਲੱਗ ਪਏ ਸਨ ਜਿਹੜੇ ਮੇਰੇ ਜੰਮਣ ਤੋਂ ਬਾਅਦ ਨੌਵੇਂ ਮਹੀਨੇ ਉਤੇ ਵਾਰੀ ਵਾਰੀ ਨਿਕਲਣੇ ਸ਼ੁਰੂ ਹੋਣਗੇ ਤੇ ਤੁਸੀ ਖ਼ੁਸ਼ੀ ਵਿਚ ਖੋਪਾ (ਨਾਰੀਅਲ) ਵੀ ਖਾਉਗੇ।

ਮੇਰੀ ਪਿਆਰੀ ਅੰਮੜੀਏ! ਇਸੇ ਤੀਜੇ ਮਹੀਨੇ ਵਿਚ ਮੇਰੀ ਆਵਾਜ਼ ਬਣਾਉਣ ਵਾਲੇ ਵੋਕਲ ਕਾਰਡ ਵੀ ਪੂਰੇ ਬਣ ਗਏ ਸਨ। ਤੁਹਾਨੂੰ ਪਤੈ, ਜਦੋਂ ਤੁਸੀ ਮੇਰੀ ਗੱਲ ਨਹੀਂ ਸੀ ਸੁਣਦੇ ਅਤੇ ਮੇਰਾ ਖ਼ਿਆਲ ਕਰਨਾ ਭੁੱਲ ਜਾਂਦੇ ਸੀ ਤਾਂ ਮੈਂ ਹੌਲੀ ਹੌਲੀ ਰੋਂਦਾ ਵੀ ਹੁੰਦਾ ਸੀ। ਜੇ ਮੇਰੇ ਉਤੇ ਯਕੀਨ ਨਾ ਹੋਵੇ ਤਾਂ ਤੁਸੀ ਕਿਸੇ ਵਿਗਿਆਨੀ ਤੋਂ ਭਾਵੇਂ ਪੁੱਛ ਲਵੋ। ਵੀਹ ਹਫ਼ਤਿਆਂ ਦੀ ਉਮਰ ਵਿਚ ਤਾਂ ਮੈਂ ਦਰਦ ਮਹਿਸੂਸ ਕਰਨ ਜੋਗਾ ਵੀ ਹੋ ਗਿਆ ਸੀ ਅਤੇ ਤੁਹਾਡੇ ਅਤੇ ਪਾਪਾ ਵਿਚਲੀ ਸਾਰੀ ਗੱਲ-ਬਾਤ ਸਮਝ ਲੈਂਦਾ ਸੀ। ਜਦੋਂ ਮੇਰੇ ਦਰਦ ਬਾਰੇ ਤੁਸੀਂ ਉਕਾ ਹੀ ਪਰਵਾਹ ਨਹੀਂ ਸੀ ਕਰਦੇ, ਤਾਂ ਮੈਂ ਰੋਂਦਾ ਹੋਇਆ ਅਪਣਾ ਅੰਗੂਠਾ, ਮੂੰਹ ਵਿਚ ਪਾ ਕੇ, ਚੂਸ ਕੇ ਆਪੇ ਚੁੱਪ ਹੋ ਜਾਂਦਾ ਸੀ। ਇਹ ਤਾਂ ਆਮ ਹੀ ਅਲਟਰਾਸਾਊਂਡ ਵਿਚ ਡਾਕਟਰਾਂ ਵਲੋਂ ਵੇਖਿਆ ਗਿਆ ਹੈ ਭਾਵੇਂ ਤੁਸੀ ਕਿਸੇ ਮੇਰੇ ਹੋਰ ਦੋਸਤ ਨੂੰ ਇਸ ਉਮਰ ਵਿਚ ਵੇਖ ਲਵੋ।

ਜਦੋਂ ਮੈਂ ਚਾਰ ਮਹੀਨਿਆਂ ਦਾ ਹੋਇਆ ਸੀ ਤਾਂ ਮੇਰੇ ਪੱਠੇ ਏਨੇ ਤਗੜੇ ਹੋ ਗਏ ਸਨ ਕਿ ਮੈਂ ਤੁਹਾਨੂੰ ਆਪਣੀ ਹੋਂਦ ਬਾਰੇ ਘਸੁੰਨ-ਮੁੱਕੇ ਤੇ ਦੁਲੱਤੀਆਂ ਮਾਰ ਕੇ ਦਸਣਾ ਸ਼ੁਰੂ ਕਰ ਦਿਤਾ ਸੀ ਕਿ ਮੈਂ ਹੁਣ ਪਾਪਾ ਨਾਲ ਖੇਡਣ ਦੇ ਯੋਗ ਹੋ ਗਿਆ ਹਾਂ। ਤੁਸੀ ਉਦੋਂ ਏਨੀਆਂ ਮਸਾਲੇਦਾਰ ਤੇ ਖੱਟੀਆਂ ਚੀਜ਼ਾਂ ਖਾਂਦੇ ਰਹੇ ਸੀ। ਤੁਹਾਨੂੰ

ਪਤੈ ਉਦੋਂ ਮੇਰੇ ਸੁਆਦ ਲੈਣ ਵਾਲੇ ਸੈੱਲ ਬਣ ਚੁੱਕੇ ਹੋਏ ਸਨ ਤੇ ਕਦੇ ਕਦੇ ਮੈਨੂੰ ਵੀ ਖੱਟਾ ਤੇ ਮਿਰਚਾਂ ਦਾ ਸਵਾਦ ਆਉਂਦਾ ਰਿਹਾ ਸੀ। ਪਰ ਮੈਂ ਤੁਹਾਨੂੰ ਕਿਵੇਂ ਟੋਕਦਾ ਕਿ ਏਨੀਆਂ ਕਰਾਰੀਆਂ ਚੀਜ਼ਾਂ ਨਾ ਖਾਉ! ਉਦੋਂ ਮੈਂ ਸਾਢੇ ਪੰਜ ਇੰਚ ਲੰਬਾ ਹੋ ਗਿਆ ਸੀ ਤੇ ਮੋਟਾ ਤਗੜਾ ਵੀ ਕਿਉਂਕਿ ਮੈਂ ਛੇ ਔਂਸ ਦਾ ਹੋ ਗਿਆ ਸੀ। ਜੇ ਪਾਪਾ ਚਾਹੁੰਦੇ ਤਾਂ ਮੈਂ ਉਨ੍ਹਾਂ ਦੀ ਜੇਬ ਵਿਚ ਬਹਿ ਕੇ ਉਨ੍ਹਾਂ ਦੇ ਦਫ਼ਤਰ ਜਾ ਸਕਦਾ ਸੀ। ਅਪਣੇ ਨਿੱਕੇ ਨਿੱਕੇ ਹੱਥਾਂ ਨਾਲ ਮੈਂ ਪਾਪਾ ਦੀ ਜੇਬ ਘੁੱਟ ਕੇ ਫੜ ਸਕਦਾ ਸੀ ਤੇ ਜੇ ਉਹ ਮੈਨੂੰ ਅਪਣੇ ਕੰਮ ਦੇ ਰੁਝੇਵੇਂ ਕਰ ਕੇ ਭੁੱਲ ਵੀ ਜਾਂਦੇ ਤਾਂ ਮੈਂ ਨਿੱਕੀਆਂ ਨਿੱਕੀਆਂ ਦੁਲੱਤੀਆਂ ਮਾਰ ਕੇ ਉਨ੍ਹਾਂ ਨੂੰ ਯਾਦ ਵੀ ਦਵਾ ਸਕਦਾ ਸੀ। ਉਸ ਉਮਰ ਵਿਚ ਤਾਂ ਮੈਂ ਉਲਟਬਾਜ਼ੀਆਂ ਵੀ ਲਾਉਣ ਜੋਗਾ ਹੋ ਗਿਆ ਸੀ। ਭਾਵੇਂ ਕਿਸੇ ਉਲੰਪਿਕ ਵਿਚ ਭੇਜ ਕੇ ਵੇਖ ਲੈਂਦੇ, ਪਹਿਲਾ ਇਨਾਮ ਮੇਰਾ ਹੀ ਹੋਣਾ ਸੀ। ਮੇਰੀਆਂ ਅੱਖਾਂ ਦੀਆਂ ਪੁਤਲੀਆਂ ਦੇ ਨਿੱਕੇ ਨਿੱਕੇ ਵਾਲ ਅਤੇ ਭਰਵੱਟੇ ਵੀ ਦਿਸਣੇ ਸ਼ੁਰੂ ਹੋ ਗਏ ਸਨ ਤੇ ਸਿਰ ਉਤੇ ਬਰੀਕ ਵਾਲ ਵੀ। ਮੇਰਾ ਖ਼ਿਆਲ ਹੈ ਕਿ ਕਿਸੇ ਨਾ ਕਿਸੇ ਵਾਲਾਂ ਦੇ ਸਪੈਸ਼ਲਿਸਟ ਨੂੰ ਚਾਹੀਦਾ ਹੈ ਕਿ ਉਹ ਭਰੂਣਾਂ ਦੇ ਵਾਲਾਂ ਦਾ ਕੋਈ ਸਟਾਈਲ ਇਸ ਉਮਰ ਵਿਚ ਬਣਾ ਦੇਵੇ ਤਾਂ ਅਸੀ ਹੋਰ ਵੀ ਸੋਹਣੇ ਲਗ ਸਕਦੇ ਹਾਂ।

ਓ ਹੋ ਮੈਨੂੰ ਤਾਂ ਖ਼ਿਆਲ ਹੀ ਨਹੀਂ ਰਿਹਾ। ਇਸ ਉਮਰ ਵਿਚ ਬਈ ਤੁਹਾਡੇ ਵਲੋਂ ਅਲਟਰਾਸਾਊਂਡ ਉਤੇ ਮੈਨੂੰ ਵੇਖਣਾ ਨਹੀਂ ਚਾਹੀਦਾ। ਪਤਾ ਨਹੀਂ, ਰੱਬ ਕਿਉਂ ਮੈਨੂੰ ਕੱਛੀ ਪਾਉਣੀ ਭੁੱਲ ਗਿਆ। ਇਸ ਉਮਰ ਵਿਚ ਮੈਨੂੰ ਨੰਗੇ ਵੇਖਿਆ ਜਾ ਸਕਦਾ ਸੀ ਤੇ ਪਤਾ ਵੀ ਲੱਗ ਸਕਦਾ ਸੀ ਕਿ ਮੈਂ ਮੁੰਡਾ ਹਾਂ। ਮੈਨੂੰ ਤਾਂ ਸੋਚ ਕੇ ਵੀ ਸ਼ਰਮ ਆ ਗਈ ਹੈ।

ਮੰਮੀ ਜੀ, ਮੇਰਾ ਦਿਲ ਇਕਦੰਮ ਦਹਿਲ ਗਿਆ ਹੈ। ਮੈਨੂੰ ਹੁਣੇ ਹੀ ਮੇਰੇ ਹੋਰ ਦੋਸਤਾਂ ਨੇ ਦਸਿਆ ਹੈ ਕਿ ਕੁੱਝ ਮਾਪੇ ਇਸ ਉਮਰ ਵਿਚ ਸਿਰਫ਼ ਇਸ ਲਈ ਅਲਟਰਾਸਾਊਂਡ ਕਰਵਾਉਂਦੇ ਹਨ ਕਿ ਪਤਾ ਲਗਾ ਸਕਣ ਕਿ ਢਿੱਡ ਅੰਦਰ ਕੁੜੀ ਹੈ ਜਾਂ ਮੁੰਡਾ? ਕੁੜੀ ਦਾ ਪਤਾ ਲਗਦਿਆਂ ਸਾਰ, ਉਸ ਦੇ ਨਿੱਕੇ ਨਿੱਕੇ ਟੋਟੇ ਕਰ ਕੇ, ਵੱਢ ਕੇ, ਉਸ ਦੀਆਂ ਨਿੱਕੀਆਂ ਨਿੱਕੀਆਂ ਕਰੂੰਬਲਾਂ ਵਰਗੀਆਂ ਉਂਗਲਾਂ ਅਤੇ ਅੱਖਾਂ, ਨੱਕ, ਮੂੰਹ ਫੇਹ ਕੇ, ਉਸ ਦੇ ਧੜਕਦੇ ਦਿਲ ਨੂੰ ਚੀਰ ਕੇ ਅਤੇ ਸਮਝ ਸਕਣ ਵਾਲੇ ਦਿਮਾਗ਼ ਨੂੰ ਪਾੜ ਕੇ, ਲਹੂ-ਲੁਹਾਨ ਕਰ ਕੇ ਕੂੜੇਦਾਨ ਵਿਚ ਸੁੱਟ ਦੇਂਦੇ ਹਨ।

ਇਹ ਹੋ ਹੀ ਨਹੀਂ ਸਕਦਾ। ਮੈਂ ਅਪਣੇ ਦੋਸਤਾਂ ਦੀ ਇਹ ਗੱਲ ਮੰਨੀ ਹੀ ਨਹੀਂ। ਜਿਸ ਦੁਨੀਆਂ ਵਿਚ ਮੇਰੇ ਮੰਮੀ ਪਾਪਾ ਵਰਗੇ ਪਿਆਰੇ ਬੰਦੇ ਰਹਿੰਦੇ ਹੋਣ, ਉਥੇ ਦੈਂਤ ਥੋੜਾ ਰਹਿ ਸਕਦੇ ਹਨ? ਇਸ ਲਈ ਇਹੋ ਜਹੀਆਂ ਗੱਲਾਂ ਅਸੀ ਨਹੀਂ ਕਰਾਂਗੇ।

ਮੰਮੀ, ਜਦੋਂ ਮੈਂ ਪੰਜ ਮਹੀਨਿਆਂ ਦਾ ਹੋਇਆ ਸੀ ਤਾਂ ਮੈਂ ਤੁਹਾਡੀ ਅਤੇ ਪਾਪਾ ਦੀ ਆਵਾਜ਼ ਬਿਲਕੁਲ ਸਾਫ਼ ਸੁਣ ਸਕਦਾ ਸੀ ਤੇ ਤੁਹਾਡੀ ਆਵਾਜ਼ ਇਕਦੰਮ ਪਛਾਣ ਵੀ ਲੈਂਦਾ ਸੀ। ਪਤੈ ਮੈਂ ਵੀ ਮੁਸਕਰਾ ਪੈਂਦਾ ਸੀ ਜਦੋਂ ਮੈਂ ਤੁਹਾਨੂੰ ਖਿੜਖਿੜਾ ਕੇ ਹਸਦੇ ਸੁਣਦਾ ਸੀ ਤਾਂ ਲੋਟ-ਪੋਟ ਹੋ ਜਾਂਦਾ ਸੀ। ਮੰਮੀ, ਜਦੋਂ ਤੁਸੀਂ ਰੋਂਦੇ ਸੀ ਤਾਂ ਮੈਂ ਵੀ ਬਿਲਕੁਲ ਚੁੱਪ ਹੋ ਕੇ ਬੈਠ ਜਾਂਦਾ ਸੀ ਤੇ ਕਦੇ ਕਦਾਈਂ ਦੁਖੀ ਹੋ ਕੇ ਹੌਲੀ ਜਹੀ ਰੋ ਵੀ ਲੈਂਦਾ ਸੀ।

ਉਦੋਂ ਤਾਂ ਮੇਰੇ ਨਹੁੰ ਵੀ ਬਣ ਗਏ ਸਨ ਤੇ ਉਂਗਲਾਂ ਦੇ ਸਿਰੇ ਉਤੇ ਨਿਸ਼ਾਨ ਵੀ ਦਿਸਣ ਲੱਗ ਪਏ ਸਨ, ਯਾਨੀ ਫ਼ਿੰਗਰ ਪ੍ਰਿੰਟਸ। ਰੱਬ ਨੂੰ ਚਾਹੀਦਾ ਹੈ ਕਿ ਸਾਨੂੰ ਵੋਟ ਪਾਉਣ ਦਾ ਹੱਕ ਇਸ ਉਮਰ ਵਿਚ ਜ਼ਰੂਰ ਦੇ ਦੇਵੇ ਕਿਉਂਕਿ ਸਾਡੀ ਵੱਖਰੀ ਪਛਾਣ ਤਾਂ ਬਣ ਹੀ ਚੁੱਕੀ ਹੁੰਦੀ ਹੈ। ਇਸ ਨਾਲ ਇਕ ਫ਼ਾਇਦਾ ਹੋ ਜਾਵੇਗਾ ਕਿ ਮੈਂ ਜਾਂ ਮੇਰਾ ਕੋਈ ਵੀ ਦੋਸਤ ਅਜਿਹੀ ਕਿਸੇ ਡੈਣ ਦੇ ਘਰ ਜੰਮਣਾ ਪਸੰਦ ਹੀ ਨਹੀਂ ਕਰੇਗਾ ਜਿਹੜੀ ਨਿੱਕੀਆਂ ਬੱਚੀਆਂ ਨੂੰ ਕਤਲ ਕਰ ਕੇ ਉਨ੍ਹਾਂ ਨੂੰ ਕੂੜੇ ਵਿਚ ਸੁਟ ਦੇਂਦੀ ਹੈ। ਜੇ ਮੈਂ ਇਸ ਮਹੀਨੇ ਜੰਮ ਪੈਂਦਾ ਤਾਂ ਬਚ ਸਕਦਾ ਸੀ ਬਸ਼ਰਤੇ ਕਿ ਬਹੁਤ ਵਧੀਆ ਹਸਪਤਾਲ ਵਿਚਲੀ ਨਰਸਰੀ ਵਿਚ ਮੈਨੂੰ ਰਖ ਦਿਤਾ ਜਾਂਦਾ।

ਛੇ ਮਹੀਨੇ ਦੀ ਉਮਰ ਵਿਚ ਮੇਰੇ ਸਾਰੇ ਸ੍ਰੀਰ ਉਤੇ ਛੋਟੇ-ਛੋਟੇ ਬਰੀਕ ਵਾਲ ਉਗ ਪਏ ਸਨ ਜਿਨ੍ਹਾਂ ਨੂੰ 'ਲੈਨੁਗੋ' ਵਾਲ ਕਹਿੰਦੇ ਹਨ। ਰੱਬ ਨੇ ਸਾਡੀ ਚਮੜੀ ਨੂੰ ਬਚਾਉਣ ਲਈ ਮੋਮ ਵਰਗੀ 'ਵਰਨਿਕਸ' ਵੀ ਲਾ ਦਿਤੀ ਹੁੰਦੀ ਹੈ ਜਿਹੜੀ ਚਿੱਟੇ ਰੰਗ ਦੀ ਹੁੰਦੀ ਹੈ ਤੇ ਜੰਮਣ ਵੇਲੇ ਤਕ ਲੱਗੀ ਰਹਿੰਦੀ ਹੈ। ਪਾਪਾ ਨੂੰ ਮੈਂ ਬੋਲਦੇ ਸੁਣਿਆ ਸੀ ਕਿ ਤੁਸੀ ਸਾਰੀ ਜ਼ਿੰਦਗੀ ਮੂੰਹ ਉਤੇ ਮੋਮ ਵਰਗੀਆਂ ਕ੍ਰੀਮਾਂ ਲਾ ਕੇ ਬੁੱਢੇ ਹੋਣ ਤੋਂ ਬਚਣਾ ਚਾਹੁੰਦੇ ਹੋ। ਮੈਂ ਫ਼ਟਾਫ਼ਟ ਵੱਡਾ ਹੋ ਕੇ ਬਾਹਰ ਆਉਣਾ ਚਾਹੁੰਦਾ ਸੀ ਤੇ ਜਵਾਨ ਹੋਣਾ ਚਾਹੁੰਦਾ ਸੀ ਤੇ ਤੁਸੀ ਹਾਲੇ ਛੋਟੇ ਹੀ ਰਹਿਣਾ ਚਾਹੁੰਦੇ ਹੋ! ਕਿੰਨੀ ਅਜੀਬ ਜਹੀ ਗੱਲ ਹੈ ਨਾ?

ਛੇਵੇਂ ਮਹੀਨੇ ਵਿਚ ਮੈਂ ਤੁਹਾਡੇ ਢਿੱਡ ਵਿਚੋਂ ਬਾਹਰ ਆਉਣ ਦੀਆਂ ਤਿਆਰੀਆਂ ਕੱਸਣ ਵਿਚ ਲੱਗਾ ਹੋਇਆ ਸੀ ਅਤੇ ਮੈਂ ਸਾਹ ਲੈਣ ਦੀ ਕੋਸ਼ਿਸ਼ ਵੀ ਕੀਤੀ ਸੀ ਜਿਸ ਕਾਰਨ ਮੇਰੇ ਫੇਫੜਿਆਂ ਅੰਦਰ ਥੋੜਾ ਐਮਨਿਓਟਿਕ ਫ਼ਲਿਊਡ ਵੀ ਚਲਾ ਗਿਆ ਸੀ।

ਜਦੋਂ ਮੈਂ ਸੱਤ ਮਹੀਨਿਆਂ ਦਾ ਹੋਇਆ ਤਾਂ ਮੈਂ ਪਹਿਲੀ ਵਾਰ ਥੋੜੀਆਂ ਜਹੀਆਂ ਅੱਖਾਂ ਖੋਲ੍ਹ ਕੇ ਵੇਖਿਆ ਸੀ ਤਾਕਿ ਤੁਹਾਡੇ ਢਿੱਡ ਅੰਦਰ ਅਪਣਾ ਆਲਾ-ਦੁਆਲਾ ਵੇਖਾਂ। ਕਿੰਨਾ ਸੋਹਣਾ ਚੁਫੇਰਾ ਸੀ ਤੇ ਰੱਬ ਨੇ ਕਿੰਨੇ ਵਧੀਆ ਤਰੀਕੇ ਨਾਲ ਮੈਨੂੰ

ਬਚਾਉਣ ਦਾ ਪ੍ਰਬੰਧ ਕੀਤਾ ਹੋਇਆ ਸੀ। ਮੈਂ ਅਪਣਾ ਨਾੜੂਆ ਵੀ ਵੇਖਿਆ ਜਿਹੜਾ ਰੱਸੀ ਵਾਂਗ ਮੈਨੂੰ ਤੁਹਾਡੇ ਨਾਲ ਬੰਨ੍ਹੀ ਬੈਠਾ ਸੀ ਤੇ ਮੈਨੂੰ, ਤੁਹਾਡੇ ਰਾਹੀਂ, ਖ਼ੁਰਾਕ ਅਤੇ ਆਕਸੀਜਨ ਪਹੁੰਚਾਉਂਦਾ ਸੀ। ਕਮਾਲ ਦਾ ਨਜ਼ਾਰਾ ਸੀ। ਮੈਂ ਤਾਂ ਹੈਰਾਨ ਹੀ ਹੋ ਗਿਆ ਸੀ ਰੱਬ ਦੀ ਕਾਰੀਗਰੀ ਵੇਖ ਕੇ। ਹੁਣ ਤਾਂ ਤੁਸੀ ਸੋਚ ਹੀ ਸਕਦੇ ਹੋ ਕਿ ਮੈਨੂੰ ਕਿੰਨੀ ਕਾਹਲ ਪੈ ਗਈ ਹੋਵੇਗੀ ਬਾਹਰਲੀ ਦੁਨੀਆਂ ਵੇਖਣ ਦੀ ਜਿਸ ਨੂੰ ਉਸੇ ਰੱਬ ਨੇ ਹੀ ਘੜਿਆ ਹੈ ਭਾਵੇਂ ਹੁਣ ਇਨਸਾਨ ਮਾਲਕ ਬਣੀ ਬੈਠਾ ਹੈ।

ਜਦੋਂ ਮੈਂ ਅੱਠ ਮਹੀਨਿਆਂ ਦਾ ਹੋਇਆ ਸੀ ਤਾਂ ਮੈਂ ਬਹੁਤੀ ਦੇਰ ਅਰਾਮ ਹੀ ਕਰਦਾ ਰਹਿੰਦਾ ਸੀ ਤੇ ਨੱਬੇ ਤੋਂ ਪਚਾਨਵੇਂ ਫ਼ੀ ਸਦੀ ਸਮੇਂ ਤਾਂ ਸੁੱਤਾ ਹੀ ਰਹਿੰਦਾ ਸੀ। ਪਤਾ ਹੈ ਕਿਉਂ ? ਕਿਉਂਕਿ ਮੈਂ ਤਿਆਰ ਹੋ ਰਿਹਾ ਸੀ ਤੁਹਾਡੇ ਅਤੇ ਪਾਪਾ ਨਾਲ ਰੱਜ ਕੇ ਖੇਡਣ ਲਈ ਤੇ ਸਾਰੇ ਰਿਸ਼ਤੇਦਾਰਾਂ ਦੇ ਕੁੱਛੜ ਚੜ੍ਹਨ ਲਈ।

ਮੈਂ ਇਕ ਦਿਨ ਪਾਪਾ ਨੂੰ ਤੁਹਾਡੇ ਨਾਲ ਨਰਾਜ਼ ਹੁੰਦੇ ਸੁਣਿਆ ਸੀ ਤਾਂ ਉਸੇ ਵੇਲੇ ਫ਼ੈਸਲਾ ਕਰ ਲਿਆ ਸੀ ਕਿ ਜੰਮਣ ਤੋਂ ਬਾਅਦ ਪਹਿਲੀ ਵਾਰ ਜਦ ਪਾਪਾ ਮੈਨੂੰ ਚੁਕਣਗੇ ਤਾਂ ਮੈਂ ਉਨ੍ਹਾਂ ਉਤੇ ਸੂਸੂ ਕਰ ਦੇਣਾ ਹੈ। ਮੰਮੀ, ਤੁਸੀ ਜਦੋਂ ਰਾਤ ਨੂੰ ਸੌਂਦੇ ਹੁੰਦੇ ਸੀ ਤਾਂ ਮੈਂ ਉਦੋਂ ਉਠ ਕੇ ਹਿਲ-ਜੁਲ ਕਰ ਲੈਂਦਾ ਸੀ। ਇਹੀ ਆਦਤ ਜੰਮਣ ਤੋਂ ਬਾਅਦ ਵੀ ਪੰਜ ਕੁ ਮਹੀਨੇ ਚਲਦੀ ਰਹਿੰਦੀ ਹੈ ਅਤੇ ਮੈਂ ਹੁਣ ਵੀ ਉਦੋਂ ਹੀ ਜਾਗਦਾ ਹਾਂ ਜਦੋਂ ਤੁਸੀ ਸੌਂ ਜਾਂਦੇ ਹੋ ਤੇ ਦਿਨੇ ਸੁੱਤਾ ਰਹਿੰਦਾ ਹਾਂ। ਤੁਹਾਨੂੰ ਰਾਤ ਨੂੰ ਸੁੱਤੇ ਨੂੰ ਵੇਖ ਕੇ ਮੈਂ ਡਰ ਕੇ ਉੱਚੀ ਉੱਚੀ ਰੋਣ ਲੱਗ ਪੈਂਦਾ ਹਾਂ ਤੇ ਤੁਸੀ ਮੇਰੇ ਨਾਲ ਖੇਡਣ ਦੀ ਬਜਾਏ ਮੂੰਹ ਵਿਚ ਦੁੱਧ ਠੂਸ ਦੇਂਦੇ ਹੋ।

ਅੱਠਵੇਂ ਮਹੀਨੇ ਵਿਚ ਮੈਂ ਇਕ ਕਿਲੋ ਦਾ ਹੋ ਗਿਆ ਸੀ ਤੇ ਪੁੱਠਾ ਲਟਕਿਆ ਰਹਿੰਦਾ ਸੀ। ਨੌਵੇਂ ਮਹੀਨੇ ਵਿਚ ਤਾਂ ਮੈਂ ਬਹੁਤ ਹੀ ਖ਼ੁਸ਼ ਸੀ ਕਿਉਂਕਿ ਮੈਂ ਸਾਢੇ ਕੁ ਸੱਤ ਪੌਂਡ ਦਾ ਹੋ ਗਿਆ ਸੀ ਤੇ ਛੇਤੀ ਹੀ ਤੁਹਾਡੀ ਗੋਦ ਵਿਚ ਹੱਥ-ਪੈਰ ਖਿਲਾਰ ਕੇ ਸੌਣਾ ਚਾਹੁੰਦਾ ਸੀ ਤੇ ਲੋਰੀ ਵੀ ਸੁਣਨੀ ਚਾਹੁੰਦਾ ਸੀ। ਪਾਪਾ ਦੀ ਸ਼ਕਲ ਵੀ ਤਾਂ ਹਾਲੇ ਵੇਖਣੀ ਸੀ।

ਜਦੋਂ ਮੈਂ ਜੰਮਣ ਲੱਗਾ ਸੀ ਤਾਂ ਮੇਰਾ ਸਿਰ ਬੱਚੇਦਾਨੀ ਦੇ ਹੇਠਲੇ ਹਿੱਸੇ ਵਿਚ ਫਸ ਗਿਆ ਸੀ ਤੇ ਪਲਾਸੈਂਟਾ ਵੀ ਬੱਚੇਦਾਨੀ ਦੇ ਸੁੰਗੜਦੇ ਰਹਿਣ ਕਾਰਨ ਅਲੱਗ ਹੋ ਗਿਆ ਸੀ। ਜਿਵੇਂ ਹੀ ਅਖ਼ੀਰ ਵਿਚ ਬੱਚੇਦਾਨੀ ਪੂਰੇ ਜ਼ੋਰ ਦੀ ਸੁੰਗੜੀ ਸੀ ਤਾਂ ਦਰਦ ਨਾਲ ਮੇਰੀਆਂ ਚੀਕਾਂ ਨਿਕਲ ਗਈਆਂ ਸਨ ਤੇ ਮੈਂ ਜੰਮਦਿਆਂ ਸਾਰ ਜ਼ੋਰ ਦੀ ਚੀਕ ਮਾਰੀ ਸੀ। ਰੋਂਦੇ ਸਾਰ ਮੇਰੇ ਫੇਫੜਿਆਂ ਅੰਦਰ ਹਵਾ ਭਰ ਗਈ ਸੀ ਤੇ ਨਾੜੂਏ ਨੇ ਅਪਣਾ ਕੰਮ ਕਰਨਾ ਬੰਦ ਕਰ ਦਿਤਾ ਸੀ ਕਿਉਂਕਿ ਹੁਣ ਮੇਰਾ ਲਹੂ ਸਾਫ਼

ਕਰਨ ਲਈ ਆਕਸੀਜਨ, ਫੇਫੜਿਆਂ ਵਿਚੋਂ ਆਉਣ ਲੱਗ ਪਈ ਸੀ ਅਤੇ ਮੇਰੇ ਦਿਲ ਵਿਚਲੇ ਫ਼ਾਲਤੂ ਸੁਰਾਖ਼ ਵੀ ਬੰਦ ਹੋ ਗਏ ਸਨ।

ਜੇ ਮੈਨੂੰ ਪਾਪਾ ਅਤੇ ਤੁਹਾਨੂੰ ਮਿਲਣ ਦਾ ਚਾਅ ਨਾ ਹੁੰਦਾ ਤਾਂ ਮੈਂ ਏਨੀ ਦਰਦ ਸਹਾਰ ਹੀ ਨਹੀਂ ਸੀ ਸਕਦਾ ਤੇ ਰੋਂਦਾ ਹੀ ਰਹਿੰਦਾ। ਪਤੈ ਮੰਮੀ, ਜਦੋਂ ਮੈਂ ਧਰਤੀ ਉੱਤੇ ਆਉਣਾ ਸੀ ਤਾਂ ਮੈਨੂੰ ਰੱਬ ਨੇ ਦਸਿਆ ਸੀ ਕਿ ਤੈਨੂੰ ਬਹੁਤ ਸਾਰੀਆਂ ਤਕਲੀਫ਼ਾਂ ਸਹਿਣੀਆਂ ਪੈਣਗੀਆਂ ਪਰ ਘਬਰਾਉਣ ਦੀ ਲੋੜ ਨਹੀਂ ਕਿਉਂਕਿ ਰੱਬ ਨੇ ਮੇਰੇ ਲਈ ਬਹੁਤ ਕੁੱਝ ਵਧੀਆ ਸੋਚਿਆ ਹੋਇਆ ਹੈ।

ਮੈਂ ਧਰਤੀ ਉਤੇ ਰੱਬ ਤੋਂ ਬਗ਼ੈਰ ਆਉਣ ਤੋਂ ਨਾਂਹ ਕਰ ਦਿਤੀ ਤਾਂ ਰੱਬ ਨੇ ਸਮਝਾਇਆ ਕਿ ਉਹ ਹਮੇਸ਼ਾ ਮੇਰੇ ਨਾਲ ਨਹੀਂ ਰਹਿ ਸਕਦਾ, ਇਸ ਲਈ ਉਸ ਨੇ ਅਪਣਾ ਹੀ ਰੂਪ ਯਾਨੀ 'ਮਾਂ' ਮੇਰੇ ਵਾਸਤੇ ਧਰਤੀ ਉਤੇ ਪਹਿਲਾਂ ਹੀ ਭੇਜ ਦਿਤੀ ਹੋਈ ਹੈ। ਰੱਬ ਨੇ ਮੈਨੂੰ ਇਹ ਵੀ ਸਮਝਾਇਆ ਸੀ ਕਿ 'ਮਾਂ' ਮੇਰੇ ਸ੍ਰੀਰ ਉੱਤੇ ਝਰੀਟ ਵੀ ਨਹੀਂ ਆਉਣ ਦੇਵੇਗੀ ਤੇ ਮੇਰੇ ਉਤੇ ਆਉਂਦੇ ਹਰ ਖ਼ਤਰੇ ਲਈ ਮੇਰੇ ਅੱਗੇ ਢਾਲ ਬਣ ਕੇ ਖੜੀ ਹੋ ਜਾਵੇਗੀ। ਇਸੇ ਲਈ ਤਾਂ ਮੰਮੀ ਮੈਂ ਇਹ ਕਿਵੇਂ ਮੰਨ ਸਕਦਾ ਸੀ ਕਿ ਕੋਈ ਰੱਬ ਏਨੇ ਨਿੱਕੇ ਜਹੇ ਕੋਮਲ ਫੁੱਲ ਨੂੰ ਅਪਣੇ ਢਿੱਡ ਅੰਦਰ ਮਸਲ ਸਕਦਾ ਹੈ?

ਹੁਣ ਤਕ ਤਾਂ ਮੈਨੂੰ ਤੁਹਾਡੀ ਗੋਦ ਵਿਚ ਸਚਮੁਚ ਹੀ ਸਵਰਗ ਦਾ ਸੁਖ ਮਿਲ ਰਿਹਾ ਸੀ। ਇਹ ਕੀ ਹੋ ਰਿਹਾ ਹੈ? ਸਾਡੇ ਸਾਹਮਣੇ ਬੈਠੇ ਪਾਪਾ ਇਹ ਖ਼ਬਰ ਪੜ੍ਹ ਕੇ ਸੁਣਾ ਰਹੇ ਹਨ ਤੇ ਮੈਂ ਵੀ ਸੁਣ ਰਿਹਾ ਹਾਂ ਕਿ ਯੂਨੀਸੈਫ਼ ਨੇ ਐਲਾਨ ਕਰ ਦਿਤਾ ਹੈ ਕਿ 2001 ਵਿਚ ਹਿੰਦੁਸਤਾਨ ਦੀ ਧਰਤੀ ਉਤੇ ਪੰਜਾਹ ਲੱਖ ਨਵਜੰਮੀਆਂ ਕੁੜੀਆਂ ਮਾਰੀਆਂ ਗਈਆਂ ਸਨ। ਸੰਨ 2005 ਵਿਚ ਏਸ਼ੀਆ ਦੇ ਸੱਤ ਦੇਸ਼ਾਂ ਵਿਚ 9 ਕਰੋੜ ਬੱਚੀਆਂ ਦਾ ਕਤਲ ਕੀਤਾ ਗਿਆ ਸੀ। ਇਹ ਕਤਲੇਆਮ ਏਨੀ ਤੇਜ਼ੀ ਨਾਲ ਘਰੋ-ਘਰੀ ਕੀਤਾ ਜਾ ਰਿਹਾ ਹੈ ਕਿ 2020 ਵਿਚ ਚੀਨ ਵਿਚ ਤਿੰਨ ਤੋਂ ਚਾਰ ਕਰੋੜ ਨੌਜੁਆਨ ਕੁਆਰੇ ਰਹਿ ਜਾਣ ਵਾਲੇ ਹਨ ਅਤੇ ਹਿੰਦੁਸਤਾਨ ਵਿਚ ਢਾਈ ਤੋਂ ਤਿੰਨ ਕਰੋੜ।

ਮੰਮੀ ਜੀ, ਮੇਰੇ ਉਤੇ ਹੋਰ ਕੰਬਲ ਨਾ ਪਾਉ। ਮੈਂ ਠੰਢ ਨਾਲ ਨਹੀਂ, ਡਰ ਨਾਲ ਕੰਬ ਰਿਹਾ ਹਾਂ। ਰੱਬ ਨੂੰ ਪਤਾ ਨਹੀਂ ਲੱਗਾ ਹੋਣਾ ਕਿ ਸਾਡੇ ਵਰਗੇ ਨਿੱਕੇ ਨਿੱਕੇ ਬੋਟਾਂ ਨੂੰ ਏਨੀ ਬੁਰੀ ਤਰ੍ਹਾਂ ਫੁੰਡਿਆ ਜਾਂਦਾ ਪਿਆ ਹੈ, ਨਹੀਂ ਤਾਂ ਉਹ ਸਾਨੂੰ ਥੱਲੇ ਕਦੇ ਵੀ ਨਾ ਭੇਜਦਾ।

ਪਾਪਾ ਨੂੰ ਤਾਂ ਸ਼ਾਇਦ ਮਹਿਸੂਸ ਨਾ ਹੋਇਆ ਹੋਵੇ ਪਰ ਮੰਮੀ ਜੀ, ਤੁਹਾਨੂੰ ਤਾਂ ਮੈਂ ਹੁਣ ਪੂਰੀ ਤਰ੍ਹਾਂ ਸਮਝ ਚੁਕਿਆ ਹਾਂ ਕਿ ਜਦੋਂ ਤੁਸੀ ਢਿੱਡ ਅੰਦਰਲੇ ਬੱਚੇ ਨੂੰ

ਕਤਲ ਕਰਨ ਦੀਆਂ ਤਿਆਰੀਆਂ ਕਸ ਰਹੇ ਹੁੰਦੇ ਹੋ ਤਾਂ ਤੁਹਾਡਾ ਇਹ ਫ਼ੈਸਲਾ ਲੈਣ ਵੇਲੇ ਉਹ ਬੱਚੀ ਦਰਦ ਮਹਿਸੂਸ ਕਰਨ ਜੋਗੀ ਹੋ ਚੁੱਕੀ ਹੁੰਦੀ ਹੈ! ਤੁਹਾਡੀਆਂ ਕਤਲ ਕਰਨ ਦੀਆਂ ਸਲਾਹਾਂ ਸੁਣ ਰਹੀ ਹੁੰਦੀ ਹੈ! ਉਸ ਦਾ ਦਿਮਾਗ਼ ਸਭ ਕੁੱਝ ਸਮਝਣ ਜੋਗ ਬਣ ਚੁਕਿਆ ਹੁੰਦਾ ਹੈ, ਚੁੱਪ ਚੁਪੀਤੇ ਰੋਂਦੀ ਵੀ ਹੁੰਦੀ ਹੈ ਤੇ ਘਬਰਾਹਟ ਨਾਲ ਅਪਣੇ ਨਿੱਕੇ ਹੱਥਾਂ ਨਾਲ ਤੁਹਾਨੂੰ ਅੰਦਰੋਂ ਘੁੱਟ ਕੇ ਫੜਦੀ ਵੀ ਹੈ! ਰੱਬ ਨੂੰ ਯਾਦ ਕਰ ਕੇ ਅਤੇ ਅਪਣੇ ਆਪ ਨੂੰ ਬੇਸਹਾਰਾ ਸਮਝਦੀ ਅੰਗੂਠਾ ਚੂਸਣ ਲੱਗ ਪੈਂਦੀ ਹੈ। ਅਪਣੇ ਨਿੱਕੇ ਨਿੱਕੇ ਘਸੁੰਨਾਂ ਨਾਲ ਅਪਣੇ ਜੀਊਂਦੇ ਹੋਣ ਦਾ ਅਹਿਸਾਸ ਵੀ ਕਰਵਾਉਂਦੀ ਹੈ ਤਾਂ ਪੂਰੇ ਬਣ ਚੁੱਕੇ ਅਤੇ ਸਮਝ ਸਕਣ ਵਾਲਾ ਦਿਮਾਗ਼ ਹੋਣ ਦੇ ਬਾਵਜੂਦ ਕਿਵੇਂ ਕੋਈ ਮਾਂ ਅਜਿਹਾ ਕਤਲ ਕਰਨ ਬਾਰੇ ਸੋਚ ਸਕਦੀ ਹੈ ?

ਕਮਾਲ ਹੀ ਹੈ ਕਿ ਉਹ ਨਿੱਕੀ ਬੱਚੀ ਤਾਂ ਮਾਂ ਨੂੰ ਤਕਲੀਫ਼ ਹੁੰਦੀ ਮਹਿਸੂਸ ਕਰ ਕੇ, ਢਿੱਡ ਅੰਦਰ ਰੋ ਪੈਂਦੀ ਹੈ ਪਰ ਮਾਂ ਨੂੰ, ਉਸ ਦੇ ਸ਼ਰੀਰ ਅੰਦਰ ਪਲ ਰਹੀ, ਉਸੇ ਬੱਚੀ ਦੀ ਤੜਪ ਨਹੀਂ ਸੁਣਾਈ ਦੇਂਦੀ ਤੇ ਨਾ ਹੀ ਡਰ ਨਾਲ ਧੜਕ ਰਿਹਾ ਦਿਲ ਮਹਿਸੂਸ ਹੁੰਦਾ ਹੈ!

ਮੈਂ ਰੱਬ ਨੂੰ ਕਦੇ ਅਜਿਹਾ ਕਰਦੇ ਨਹੀਂ ਵੇਖਿਆ ਸੀ। ਮੰਮੀ, ਮੈਂ ਹੁਣ ਹੋਰ ਇਸ ਦੁਨੀਆਂ ਵਿਚ ਰਹਿਣਾ ਨਹੀਂ ਚਾਹੁੰਦਾ। ਕਾਸ਼! ਕੋਈ ਸਿਰਫ਼ ਮੇਰਾ ਇਹੀ ਸੁਨੇਹਾ ਅੱਜ ਰੱਬ ਤਕ ਪਹੁੰਚਾ ਦੇਵੇ ਕਿ ਰੱਬ ਨੇ ਜਿਹੜਾ ਦੂਜਾ ਰੱਬ 'ਮਾਂ' ਦੇ ਰੂਪ ਵਿਚ ਭੇਜਿਆ ਹੋਇਆ ਹੈ, ਉਹ ਬਹੁਤ ਭਿਆਨਕ ਰੂਪ ਇਖ਼ਤਿਆਰ ਕਰ ਚੁੱਕਾ ਹੈ ਤੇ ਹਰ ਪਿਉ, ਇਕ ਵਹਿਸ਼ੀ ਦਰਿੰਦਾ ਬਣ ਗਿਆ ਹੈ ਜਿਹੜੇ ਕਰੋੜਾਂ ਮਾਸੂਮ ਬੱਚੀਆਂ ਦਾ ਲਹੂ ਨਿਚੋੜੀ ਜਾ ਰਹੇ ਹਨ!

ਤੁਸੀ ਕੁੜੀਆਂ ਤਾਂ ਮਾਰ-ਮਾਰ ਕੇ ਹੁਣੇ ਮੁਕਾ ਦੇਣੀਆਂ ਹਨ। ਇਸ ਦਾ ਮਤਲਬ ਹੈ ਸਾਡੀ ਵਾਰੀ ਵੀ ਛੇਤੀ ਹੀ ਆਉਣ ਵਾਲੀ ਹੈ। ਮੈਂ ਅਪਣਾ, ਟੋਟੇ ਟੋਟੇ ਕਰ ਕੇ, ਕਤਲ ਕਰਵਾਉਣ ਨਾਲੋਂ ਇਹੀ ਕਹਿਣਾ ਬਿਹਤਰ ਸਮਝਦਾ ਹਾਂ-

ਅਲਵਿਦਾ! ਐ ਕਾਤਲ ਮਾਪਿਉ, ਅਲਵਿਦਾ! ਜੇ ਧਰਤੀ ਉਤੇ ਕੋਈ ਇਨ੍ਹਾਂ ਕਤਲਾਂ ਦੀ ਸਜ਼ਾ ਦੇਣ ਵਾਲਾ ਨਹੀਂ ਹੈ ਤਾਂ ਯਕੀਨ ਜਾਣਿਉ, ਸਾਡਾ ਰੱਬ ਜ਼ਰੂਰ ਤੁਹਾਨੂੰ ਸਜ਼ਾ ਦੇਵੇਗਾ ਕਿਉਂਕਿ ਅਸੀ ਅਪਣੇ ਕੇਸ ਦੀ ਪੈਰਵੀ ਉਸ ਕੋਲ ਆਪ ਕਰਾਂਗੇ।

(ਡਾ ਹਰਸ਼ਿੰਦਰ ਕੌਰ, ਧੰਨਵਾਦ ਸਹਿਤ ਸਪੋਕਸਮੈਨ, 7-1-10)

ਚੁੰਨੀਆਂ ਕਿੱਥੇ ਗਈਆਂ ?

ਅਖਾੜਾ ਪੂਰਾ ਭਖਿਆ ਹੋਇਆ ਸੀ। ਕਿਸੇ ਨੂੰ ਸੁਰਤ ਨਹੀਂ ਸੀ। ਸ਼ਰਾਬੀਆਂ ਦੇ ਤਾਂ ਚਲੋ ਦਿਮਾਗਾਂ ਨੂੰ ਸ਼ਰਾਬ ਚੜ੍ਹੀ ਹੋਈ ਸੀ, ਪਰ ਘੱਟ ਸੋਫ਼ੀ ਵੀ ਨਹੀਂ ਸਨ। ਕਾਫ਼ੀ ਚਿਰ ਤਾਂ ਉਹ ਸਾਰੇ ਥੱਲੇ ਨੱਚਦੇ ਰਹੇ, ਪਰ ਫਿਰ ਲੋਰ ਜਹੀ ਵਿਚ ਆ ਕੇ ਸਟੇਜ 'ਤੇ ਚੜ੍ਹ ਗਏ। ਆਰਕੈਸਟਰਾ ਵਾਲੀਆਂ ਕੁੜੀਆਂ ਦੇ ਹੱਥ ਫੜ-ਫੜ ਕੇ ਨੱਚਣ ਲੱਗੇ। ਕੁੱਝ ਮੁੰਡਿਆਂ ਨੇ ਗ਼ਲਤ ਹਰਕਤਾਂ ਕਰਨੀਆਂ ਵੀ ਸ਼ੁਰੂ ਕਰ ਦਿਤੀਆਂ। ਸੋ ਪ੍ਰੋਗਰਾਮ ਵਾਲਿਆਂ ਨੇ ਅਪਣੀਆਂ ਨੱਚਣ ਵਾਲੀਆਂ ਕੁੜੀਆਂ ਨੂੰ ਹਟਾ ਲਿਆ ਜਿਸ ਨਾਲ ਸ਼ਰਾਬੀਆਂ ਨੂੰ ਹੱਤਕ ਮਹਿਸੂਸ ਹੋਈ ਤੇ ਉਨ੍ਹਾਂ ਨੇ ਆਪੋ-ਅਪਣੀਆਂ ਪਤਨੀਆਂ ਘਸੀਟ ਲਿਆਂਦੀਆਂ। ਫਿਰ ਉਹੀ ਕੰਜਰ ਖਾਨਾ ਜ਼ੋਬਨ 'ਤੇ ਪਹੁੰਚ ਗਿਆ। ਭਾਬੀਆਂ ਦੇ ਜਾਣ ਤੋਂ ਬਾਅਦ ਨਨਾਣਾਂ ਦੇ ਵੀ ਪੈਰਾਂ ਵਿਚ ਖੁਰਕ ਜਹੀ ਹੋਣ ਲੱਗ ਪਈ। ਵਿਆਹ ਵਾਲੇ ਮੁੰਡੇ ਦੀਆਂ ਭੈਣਾਂ, ਮਾਮੇ-ਚਾਚੇ-ਮਾਸੀ ਦੀਆਂ ਕੁੜੀਆਂ, ਵੀ ਅਖਾੜੇ ਵਿਚ ਕੁੱਦ ਪਈਆਂ ਤੇ ਅਪਣੇ ਭਰਾਵਾਂ ਦੇ ਹੱਥ ਫੜ ਕੇ ਨੱਚਣ ਲੱਗ ਪਈਆਂ। ਭਾਬੀਆਂ ਤਾਂ ਲੋਕਾਂ ਤੋਂ ਸੰਗਦੀਆਂ ਬੈਠ ਗਈਆਂ ਤੇ ਪੂਰਾ ਅਖਾੜਾ ਭੈਣਾਂ-ਭਰਾਵਾਂ ਨੇ ਸਾਂਭ ਲਿਆ। ਭਰਾ ਅਪਣੀਆਂ ਭੈਣਾਂ ਵਲ ਇਸ਼ਾਰੇ ਕਰ ਕਰ ਕੇ ਨੱਚ ਰਹੇ ਸਨ, ਤੇ ਗੀਤ ਚੱਲ ਰਿਹਾ ਸੀ :

"ਤੂੰ ਨੀ ਬੋਲਦੀ ਰਕਾਨੇ, ਤੂੰ ਨੀ ਬੋਲਦੀ, ਤੇਰੇ 'ਚ ਤੇਰਾ ਯਾਰ ਬੋਲਦਾ।"

ਕੁੱਝ ਗ਼ੈਰਤ ਵਾਲੇ ਪਰਵਾਰ ਤਾਂ ਵਿਆਹ ਛੱਡ ਕੇ ਤੁਰਨ ਲੱਗੇ। ਉਹ ਸਿਆਣੇ ਸਨ ਤੇ ਨਾ ਹੀ ਚਾਹੁੰਦੇ ਸਨ ਕਿ ਇਨ੍ਹਾਂ ਨਚਾਰਾਂ ਦਾ ਪਾਹ ਉਨ੍ਹਾਂ ਦੇ ਜਵਾਕਾਂ ਨੂੰ ਵੀ ਲੱਗੇ।

ਏਧਰ ਕੰਜਰ ਕਿੱਤਾ ਜਾਰੀ ਸੀ,

"ਤੇਰਾ ਹੁਸਨ ਇਹ ਕਤਲ ਕਰਾ ਦੂ, ਗੱਭਰੂ ਪੰਜ ਦਰਿਆਵਾਂ ਦੇ...।"

ਸ਼ਰਮ....?ਉਹ ਤਾਂ ਕਿਸੇ ਨੁੱਕਰ ਵਿਚ ਬੈਠੀ ਆਪ ਸ਼ਰਮਸਾਰ ਹੋ ਰਹੀ ਸੀ। ਉਸ ਨੂੰ ਭੱਜਣ ਨੂੰ ਥਾਂ ਨਹੀਂ ਸੀ ਲੱਭ ਰਿਹਾ। ਰੋਣਾ ਸਿਰਫ਼ ਇਹੀ ਨਹੀਂ ਸੀ ਕਿ ਲੋਕਾਂ ਦੀਆਂ ਧੀਆਂ ਭੈਣਾਂ ਦੀਆਂ ਇੱਜ਼ਤਾਂ ਦੇ ਰਾਖੇ ਪੰਜਾਬ ਦੇ ਜਾਏ ਅੱਜ ਏਨੇ ਬੇਅਣਖੇ ਹੋ ਗਏ ਹਨ ਕਿ ਅਪਣੀਆਂ ਭੈਣਾਂ ਦੀ ਇੱਜ਼ਤ ਵੀ ਲੋਕਾਂ ਸਾਹਮਣੇ ਨੀਲਾਮ ਕਰ ਰਹੇ ਹਨ। ਰੋਣਾ ਇਹ ਵੀ ਸੀ ਕਿ ਭੈਣਾਂ ਵੀ ਇਸ ਕਾਰੇ ਤੋਂ ਦੁਖੀ ਨਹੀਂ ਸਨ, ਸਗੋਂ ਪੂਰੀਆਂ ਖ਼ੁਸ਼ ਸਨ ਤੇ ਭਰਾਵਾਂ ਦੇ ਪੱਬਾਂ ਨਾਲ ਪੱਬ ਰਲਾ ਕੇ ਨੱਚ

- ਭਾਈ ਜਗਦੀਪ ਸਿੰਘ, ਫਰੀਦਕੋਟ।

ਰਹੀਆਂ ਸਨ। ਕਿਸੇ ਪੱਖੋਂ ਵੀ ਉਹ ਘੱਟ ਨਹੀਂ ਸਨ ਅਖਵਾਉਣਾ ਚਾਹੁੰਦੀਆਂ। ਅਖਵਾਉਣ ਵੀ ਕਿਉਂ ?

"21ਵੀਂ ਸਦੀ ਦੀ ਔਰਤ ਮਰਦ ਦੇ ਬਰਾਬਰ ਹੈ" ਕੁੱਝ ਕੁੜੀਆਂ ਤਾਂ ਉੱਚੀ-ਉੱਚੀ ਗਾ ਵੀ ਰਹੀਆਂ ਸਨ,

"ਵੇ ਸਿਰੇ ਚੜ੍ਹੂ ਸਾਡਾ ਪਿਆਰ ਮੁੰਡਿਆ, ਵੇ ਸਿਰੇ ਦੋਨਾਂ ਵਿਚੋਂ ਇਕ..."

ਵਿਆਹ ਵਾਲੇ ਮੁੰਡੇ ਦੀ ਪੜਦਾਦੀ ਮੁੰਡੇ ਨੂੰ ਸ਼ਗਨ ਦੇਣ ਲਈ ਲਿਆਂਦੀ ਗਈ। ਜਦੋਂ ਉਹ ਸ਼ਗਨ ਦੇ ਕੇ ਵਾਪਸ ਮੁੜੀ ਤਾਂ ਉਹ ਲੰਘਦੀ-ਲੰਘਦੀ ਇਸ ਭੂਤ ਭੰਗੜੇ ਨੂੰ ਵੇਖਣ ਲੱਗ ਪਈ। ਮਾਤਾ ਨੂੰ ਅਜੇ ਮਾੜਾ-ਮੋਟਾ ਦਿਸਦਾ ਸੀ। ਉਹ ਨਾਲ ਦੀ ਕੁੜੀ ਨੂੰ ਪੁੱਛਣ ਲਗੀ, "ਕੁੜੇ ਜੀਤ, ਆਹ ਪੈਂਟਾਂ ਜੀਹਾਂ ਆਲੇ ਮੁੰਡੇ ਕੌਣ ਆ ? ਇਹ ਤਾਂ ਆਏਂ ਲਗਦਾ ਜਿਵੇਂ ਗੁੱਤਾਂ ਜੀਹਾਂ ਕਰੀ ਫਿਰਦੇ ਹੁੰਦੇ ਆ...।"

ਮਨਜੀਤ ਹਸਦੀ ਹੋਈ ਬੋਲੀ, "ਬੇਬੇ ਇਹ ਮੁੰਡੇ ਨੀ, ਕੁੜੀਆਂ ਨੇ, ਅਪਣੀਆਂ। ਇਕ ਮਿੰਦੋ ਦੀ, ਇਕ ਰਾਜੇ ਦੀ ਤੇ ਔਹ ਅਪਣੀ ਸਿਮਰ...।" ਅਜੇ ਮਨਜੀਤ ਬੋਲ ਹੀ ਰਹੀ ਸੀ ਕਿ ਮਾਤਾ ਵਿਚੋਂ ਬੋਲੀ, "ਫੋਟ.... ਕੁੜੇ ਇਨ੍ਹਾਂ ਦੀਆਂ ਚੁੰਨੀਆਂ ਕਿਥੇ ਆ...? ਨਾਲੇ ਹਾਅ ਕਿਹੋ ਜੇ ਲੀੜੇ ਪਾਏ ਆ ਇਨ੍ਹਾਂ ਨੇ...।"

"ਚੁੰਨੀਆਂ! ਬੇਬੇ ਅੱਜ ਕਲ ਦੀਆਂ ਕੁੜੀਆਂ ਨੀ ਲੈਂਦੀਆਂ ਚੁੰਨੀਆਂ। ਕਹਿੰਦੀਆਂ ਸਾਡੇ ਤੋਂ ਨੀ ਸੰਭਲਦੀਆਂ ਚੁੰਨੀਆਂ।"

"ਲੈ ਚੁੰਨੀਆਂ ਨੀ ਸੰਭਲਦੀਆਂ ਇਨ੍ਹਾਂ ਤੋਂ ਹੋਰ ਕੀ ਪੂਰਨੇ ਪਾਉਣਗੀਆਂ...? ਛਿੱਤਰ ਆਲਾ ਈ ਨਾ ਕੋਈ। ਸ਼ਰਮ ਤਾਂ ਜਮਾਂ ਈ ਵੇਚ ਕੇ ਖਾ ਲਈ ਇਨ੍ਹਾਂ ਨੇ। ਨੀ ਇਨ੍ਹਾਂ ਦੇ ਮਾਪੇ ਨੀ ਰੋਕਦੇ ਇਨ੍ਹਾਂ ਨੂੰ? ਤੇਰੇ ਬਾਪੂ ਜੀ ਹੁੰਦੇ ਤਾਂ, ਹੁਣੇ ਗੁੱਤਾਂ ਮਰੋੜ ਦਿੰਦੇ।" ਬੇਬੇ ਵਿਚਾਰੀ ਕੁੜ੍ਹਦੀ ਹੋਈ ਤੁਰ ਗਈ ਤੇ ਮਨਜੀਤ ਵੀ ਕੁੱਝ ਨਾ ਬੋਲ ਸਕੀ।

ਪਰ ਇਨ੍ਹਾਂ ਨਚਾਰਾਂ 'ਤੇ ਕਿਸੇ ਦਾ ਕੋਈ ਅਸਰ ਨਹੀਂ ਸੀ। ਕੁੱਝ ਕੁੜੀਆਂ, ਜਿਨ੍ਹਾਂ ਨੇ ਉੱਚੀਆਂ ਜਹੀਆਂ ਟੀ-ਸ਼ਰਟਾਂ ਪਾਈਆਂ ਸਨ, ਜਦੋਂ ਹੱਥ ਉਤਾਂਹ ਚੁੱਕ ਕੇ ਨੱਚਦੀਆਂ ਤਾਂ ਸਾਰਾ ਢਿੱਡ ਨੰਗਾ ਹੋ ਜਾਂਦਾ ਤੇ ਨਾਲ ਦੀ ਨਾਲ ਮਾਪਿਆਂ ਦੀ ਇੱਜ਼ਤ ਦਾ ਦੀਵਾਲਾ ਵੀ ਨਿਕਲ ਜਾਂਦਾ ਸੀ। ਦੋ ਮੁੰਡੇ ਬੈਠੇ ਗੱਲਾਂ ਕਰ ਰਹੇ ਸਨ, "ਯਾਰ ਆਰਕੈਸਟਰਾ ਵਾਲੀਆਂ ਨੇ ਤਾਂ ਕੋਈ ਮਜ਼ਾ ਨਹੀਂ ਲਿਆਂਦਾ, ਅਸਲੀ ਰੰਗ ਤਾਂ ਇਨ੍ਹਾਂ ਨੇ ਬੰਨ੍ਹਿਐ...।" ਏਨਾ ਕੁੱਝ ਤਾਂ ਉਨ੍ਹਾਂ ਨੇ ਵੀ ਨਹੀਂ ਦਿਖਾਇਆ, ਜਿੰਨਾ ਇਹ ਦਿਖਾਈ ਜਾਂਦੀਆਂ ਨੇ...।" "ਚੱਲ ਤੂੰ ਮੋਬਾਈਲ ਨਾ ਹਿਲਾ, ਵੀਡੀਓ ਠੀਕ ਨਹੀਂ ਬਣਨੀ। ਨਾਲੇ ਔਹ ਚਿੱਟੀ ਟੀ-ਸ਼ਰਟ ਵਾਲੀ 'ਤੇ ਜ਼ੂਮ ਕਰ...।"

ਜਦੋਂ ਉਹ ਅੱਧ ਨੰਗੀਆਂ ਕੁੜੀਆਂ ਸਟੇਜ 'ਤੇ ਨੱਚ ਰਹੀਆਂ ਸਨ ਤਾਂ ਕੁਦਰਤੀ ਡੀ.ਜੇ. ਵਾਲਿਆਂ ਤੋਂ ਇਹ ਗਾਣਾ ਪਲੇ ਹੋ ਗਿਆ।

ਵੱਡੀਏ ਮਜਾਜਣੇ ਨੰਗੇਜ ਕੱਜ ਨੀ, ਲੋਕੀਂ ਤੇਰਾ ਵੇਖਦੇ ਤਮਾਸ਼ਾ ਅੱਜ ਨੀ,
ਤੂੰ ਰੰਗ ਰਲੀਆਂ ਮਾਣੇ, ਕੀ ਬਣੂ ਦੂਨੀਆਂ ਦਾ,
ਸੱਚੇ ਪਾਤਸ਼ਾਹ ਵਾਹਿਗੁਰੂ ਜਾਣੇ ਕੀ ਬਣੂ ਦੂਨੀਆਂ ਦਾ...।"

ਸਾਰੇ ਜਣੇ ਡੀ.ਜੇ. ਵਾਲੇ ਵੱਲ ਘੂਰੀ ਘੂਰ ਕੇ ਵੇਖਣ ਲੱਗ ਪਏ। ਉਨ੍ਹਾਂ ਦਾ ਸਾਰਾ ਮਜ਼ਾ ਕਿਰਕਿਰਾ ਹੋ ਗਿਆ ਸੀ। ਪਰ ਡੀ.ਜੇ. ਵਾਲੇ ਨੇ ਨਾਲ ਦੀ ਨਾਲ ਮੌਕਾ ਸਾਂਭ ਲਿਆ,

"ਮੇਰੀ ਜਿੰਦ ਨੂੰ ਪੁਆੜੇ ਪਾਉਣ ਵਾਲਿਆ ਵੇ, ਤੂੰ ਜਿਪਸੀ 'ਤੇ ਕਾਹਤੋਂ ਲਿਖਵਾਇਆ ਮੇਰਾ ਨਾਂ...।"

_____

"ਕੁੜੇ ਇਨ੍ਹਾਂ ਦੀਆਂ ਚੁੰਨੀਆਂ ਕਿਥੇ ਆ...?" ਇਕ ਵਾਰ ਫਿਰ ਮੇਰੇ ਕੰਨਾਂ ਵਿਚ ਇਹ ਆਵਾਜ਼ ਗੂੰਜੀ। ਸੱਚਮੁੱਚ, ਇਨ੍ਹਾਂ ਦੀਆਂ ਚੁੰਨੀਆਂ ਕਿਥੇ ਸਨ ?ਜਿਹੜੀ ਕੌਮ ਨੂੰ ਕੇਸਾਂ ਦਾ ਸਤਿਕਾਰ ਕਰਨਾ ਸਿਖਾਇਆ ਗਿਆ ਹੋਵੇ, ਜਿਹੜੀ ਕੌਮ ਨੂੰ ਹਮੇਸ਼ਾ ਸਿਰ ਢੱਕ ਕੇ ਰੱਖਣ ਦਾ ਹੁਕਮ ਹੋਵੇ। ਜਿਥੇ ਚੁੰਨੀ ਨੂੰ ਇੱਜ਼ਤ ਸਮਝਿਆ ਜਾਂਦਾ ਹੋਵੇ, ਜਿਥੇ ਕਿਸੇ ਕੁੜੀ ਦੀ ਧੱਕੇ ਨਾਲ ਲਾਹੀ ਚੁੰਨੀ ਬਦਲੇ ਲਾਹੁਣ ਵਾਲੇ ਦਾ ਗਾਟਾ ਲਾਹ ਦਿਤਾ ਜਾਂਦਾ ਹੋਵੇ, ਜਿਹੜੀ ਕੌਮ ਲੋਕਾਂ ਦੀਆਂ ਧੀਆਂ ਭੈਣਾਂ ਨੂੰ ਕਾਬੱਲ ਕੰਧਾਰ ਤੋਂ ਆਏ ਜ਼ਾਲਮਾਂ ਦੇ ਪੰਜੇ ਵਿਚੋਂ ਛੁਡਾ ਕੇ ਉਨ੍ਹਾਂ ਦੇ ਸਿਰ ਕੱਜ ਕੇ ਵਾਪਸ ਘਰੀਂ ਤੋਰਦੀ ਹੋਵੇ, ਉਸ ਕੌਮ ਦੀਆਂ ਅਪਣੀਆਂ ਧੀਆਂ ਦੀਆਂ ਚੁੰਨੀਆਂ ਕਿਥੇ ਗ਼ਾਇਬ ਹੋ ਗਈਆਂ ? ਸੱਚਮੁੱਚ ਇਹ ਹੈਰਾਨੀ ਵਾਲੀ ਗੱਲ ਸੀ। ਮੈਂ ਸੋਚਦਾ ਰਿਹਾ।

ਇਕ ਦਿਨ ਕਿਸੇ ਬਜ਼ੁਰਗ ਨੂੰ ਪੁਛਿਆ, "ਬਾਪੂ ਜੀ, ਪੰਜਾਬ ਦੀਆਂ ਕੁੜੀਆਂ ਦੀਆਂ ਚੁੰਨੀਆਂ ਕਿਧਰ ਗਈਆਂ.....?"

ਬਜ਼ੁਰਗ ਦੀਆਂ ਅੱਖਾਂ ਵਿਚ ਪਾਣੀ ਆ ਗਿਆ, ਚੁੰਨੀਆਂ...? ਪੁੱਤ ਚੁੰਨੀਆਂ..... ਕੁੱਝ ਤਾਂ ਵੰਡ ਵੇਲੇ ਪਾਕਿਸਤਾਨ ਰਹਿ ਗਈਆਂ..., ਕੁੱਝ ਜੂਨ '84 ਵਿਚ ਭਾਰਤੀ ਫ਼ੌਜ ਨੇ ਲੁੱਟ ਲਈਆਂ ਜਦੋਂ ਉਨ੍ਹਾਂ ਨੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਸਿੱਖ ਬੀਬੀਆਂ ਨਾਲ ਬਲਾਤਕਾਰ ਕੀਤੇ....., ਕੁੱਝ ਨਵੰਬਰ '84 ਦੀਆਂ ਭੂਤਰੀਆਂ ਟੋਲੀਆਂ ਨੇ ਪਾੜ ਦਿਤੀਆਂ, ਜਦੋਂ ਉਨ੍ਹਾਂ ਨੇ ਲੱਭ-ਲੱਭ ਕੇ 'ਸਰਦਾਰਨੀਆਂ' ਦੇ ਜਿਸਮਾਂ ਨੂੰ ਜਾਨਵਰਾਂ ਵਾਂਗ ਨੋਚਿਆ..... ਤੇ ਕੁੱਝ ਪੁੱਤ '84

ਤੋਂ '94 ਤਕ ਚੱਲੀ ਸਰਕਾਰੀ ਦਹਿਸ਼ਤਗਰਦੀ ਦੀ ਹਨੇਰੀ ਉਡਾ ਕੇ ਲੈ ਗਈ। ਖਾੜਕੂਆਂ ਦੀਆਂ ਧੀਆਂ-ਭੈਣਾਂ ਦੀਆਂ ਚੁੰਨੀਆਂ ਪੁੱਤ ਥਾਣਿਆਂ-ਕਚਿਹਰੀਆਂ ਵਿਚ ਰੁਲ ਗਈਆਂ...।" ਬਾਪੂ ਹੁਬਕੋ-ਹੁਬਕੀ ਰੋਣ ਲੱਗ ਪਿਆ। ਉਸ ਦੀਆਂ ਗੱਲਾਂ ਪੂਰੀਆਂ ਸੱਚ ਸਨ। ਮੇਰਾ ਕਾਲਜਾ ਪਾਟਣ ਨੂੰ ਆ ਗਿਆ। ਸੱਚਮੁੱਚ ਸਿੰਘਾਂ ਦੇ ਪਰਵਾਰਾਂ 'ਤੇ ਅੰਨ੍ਹਾਂ ਸਰਕਾਰੀ ਕਹਿਰ ਵਰ੍ਹਿਆ ਸੀ ਤੇ ਉਨ੍ਹਾਂ ਦੀਆਂ ਬੱਚੀਆਂ ਨੂੰ ਵੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ ਸੀ। ਇਹ ਸੱਭ ਕੁੱਝ '84-'95 ਤਕ ਚਲਿਆ।

ਉਸ ਤੋਂ ਬਾਅਦ ਸਿੱਖ ਲਹਿਰ ਤਾਂ ਦਬਾ ਦਿਤੀ ਗਈ ਪਰ ਦੁਸ਼ਮਣ ਹਾਕਮਾਂ ਨੇ ਅਪਣਾ ਕੰਮ ਜਾਰੀ ਰੱਖਿਆ। ਹੁਣ ਪੰਜਾਬ 'ਤੇ ਹੋਣਾ ਸੀ ਸਭਿਆਚਾਰਕ ਹਮਲਾ, ਜਿਹੜਾ ਏਨਾ ਲੁਕਵਾਂ ਸੀ ਕਿ ਅਸੀ ਪਛਾਣ ਨਾ ਸਕੇ। ਇਹ ਸਭਿਆਚਰਕ ਮੇਲਿਆਂ ਦੇ ਨਾਮ 'ਤੇ ਸ਼ੁਰੂ ਹੋਇਆ ਗੰਦ ਹੀ ਸੀ, ਜਿਸ ਨੇ ਅੱਜ ਏਨਾ ਘਾਤਕ ਰੂਪ ਲੈ ਲਿਆ ਸੀ ਕਿ ਕੌਮ ਨੂੰ ਉਸ ਦੇ ਸਿਧਾਂਤ, ਫ਼ਲਸਫ਼ੇ ਤੇ ਇਤਿਹਾਸ ਨਾਲੋਂ ਤੋੜ ਕੇ ਏਸ ਕੰਜਰ ਕਲਚਰ ਦਾ ਹਿੱਸਾ ਬਣਾਇਆ ਜਾਣਾ ਸੀ। ਸਿੱਧੇ ਸ਼ਬਦਾਂ ਵਿਚ ਕਹਿ ਲਉ ਕਿ ਜੁਝਾਰੂਆਂ ਦੀ ਕੌਮ ਨੂੰ ਨਚਾਰਾਂ ਦੀ ਕੌਮ ਬਣਾਇਆ ਜਾਣਾ ਸੀ। ਲੋਕਾਂ ਦੀਆਂ ਧੀਆਂ ਭੈਣਾਂ ਦੀਆਂ ਚੁੰਨੀਆਂ (ਇੱਜ਼ਤਾਂ) ਦੇ ਰਾਖਿਆਂ ਨੂੰ ਅਪਣੀਆਂ ਧੀਆਂ-ਭੈਣਾਂ ਦੀਆਂ ਚੁੰਨੀਆਂ ਰੋਲਣ ਲਾਉਣਾ ਸੀ... ਤੇ ਹਕੂਮਤ ਅਪਣੇ ਇਸ ਹਮਲੇ ਵਿਚ ਸਫ਼ਲ ਰਹੀ।

ਸਾਨੂੰ ਪਤਾ ਹੀ ਨਾ ਲੱਗਾ ਕਿ ਕਦੋਂ ਅਸੀ ਹਸਦੇ, ਨਚਦੇ, ਟਪਦੇ ਅਪਣੇ ਅਸਲੀ ਵਿਰਸੇ ਤੇ ਸਭਿਆਚਾਰ ਤੋਂ ਟੁੱਟ ਕੇ ਕੰਜਰ ਕਿੱਤੇ ਵਿਚ ਧਸ ਗਏ। ਦੁਸ਼ਮਣ ਦੀਆਂ ਘੰਡੀਆਂ ਮਰੋੜਨ ਵਾਲੇ ਹੱਥ ਪਤਾ ਨਹੀਂ ਕਦੋਂ ਅਪਣੀਆਂ ਧੀਆਂ-ਭੈਣਾਂ ਨਾਲ ਸਟੇਜਾਂ 'ਤੇ ਭੰਗੜੇ ਦੇ ਐਕਸ਼ਨਾਂ ਵਿਚ ਉਂਗਲਾਂ ਹਿਲਾਉਣ ਲੱਗ ਪਏ। ਭੰਗੜਾ, ਗਿੱਧਾ ਪਾਉਣਾ ਕੋਈ ਕੁਰਹਿਤ ਨਹੀਂ, ਪਰ ਨਾਚ ਸੁਖੀ ਵਸਦਿਆਂ ਨੂੰ ਸੋਭਦੇ ਹਨ। **'ਰੋਮ ਸੜਦਾ ਰਿਹਾ ਤੇ ਨੀਰੋ ਬੰਸਰੀ ਵਜਾਉਂਦਾ ਰਿਹਾ।'** ਜਿਨ੍ਹਾਂ ਦੇ ਘਰ ਨੂੰ ਅੱਗ ਲੱਗੀ ਹੋਵੇ ਉਹ ਭੰਗੜੇ ਨਹੀਂ ਪਾਉਂਦੇ। ਨੱਚਣ ਵੱਲੋਂ ਥੋੜਾ ਜਿਹਾ ਧਿਆਨ ਹਟਾਉਗੇ ਤਾਂ ਘਰ ਨੂੰ ਲੱਗੀ ਅੱਗ ਤੁਹਾਨੂੰ ਵੀ ਦਿੱਸ ਪਵੇਗੀ। ਕਰਜ਼ਿਆਂ ਦੇ ਕਹਿਰ ਦੇ ਮਾਰੇ ਦਰੱਖ਼ਤਾਂ ਨਾਲ ਫਾਹਾ ਲੈ ਕੇ ਲਟਕਦੇ ਹਜ਼ਾਰਾਂ ਕਿਸਾਨ ਤੁਹਾਨੂੰ ਦਿੱਸ ਪੈਣਗੇ। ਪਾਣੀ ਖੁਣੋਂ ਸੁਕਦੀ ਜਾ ਰਹੀ ਜ਼ਰਖੇਜ਼ ਧਰਤੀ ਮਾਂ ਤੁਹਾਡੀ ਨਜ਼ਰੀਂ ਪੈ ਜਾਵੇਗੀ, ਪਰਵਾਰਾਂ ਦੇ ਢਿੱਡ ਭਰਨ ਲਈ ਵਿਦੇਸ਼ ਜਾਣ ਦੀ ਲਾਲਸਾ ਵਿਚ ਅੰਬੈਸੀਆਂ ਦੇ ਧੱਕੇ ਖਾ ਰਹੇ ਲੱਖਾਂ ਨੌਜਵਾਨ ਤੁਹਾਨੂੰ ਦਿਖਾਈ ਦੇਣਗੇ। ਬਸ ਲੋੜ

ਤਾਂ ਨਾਚ ਗਾਣੇ ਵਲੋਂ ਥੋੜਾ ਜਿਹਾ ਧਿਆਨ ਹਟਾਉਣ ਦੀ ਹੈ। ਯਾਦ ਰੱਖਿਉ ਨਚਾਰਾਂ ਨੇ ਇਤਿਹਾਸ ਵਿਚ ਕੋਈ ਮੱਲਾਂ ਨਹੀਂ ਮਾਰੀਆਂ।

ਮੈਂ ਅਪਣੀਆਂ ਭੈਣਾਂ ਮੂਹਰੇ ਵੀ ਹੱਥ ਬੰਨ੍ਹ ਕੇ ਬੇਨਤੀ ਕਰਨੀ ਚਾਹਾਂਗਾ ਕਿ ਭੈਣੋਂ ਅੱਗੇ ਵਧੋ, ਮਰਦਾਂ ਦੇ ਬਰਾਬਰ ਆਉ। ਹਰੇਕ ਖੇਤਰ ਵਿਚ ਤਰੱਕੀ ਕਰੋ। ਪਰ ਕਿਤੇ ਅੱਗੇ ਵਧਦੀਆਂ ਅਪਣੇ ਵਿਰਸੇ, ਇਤਿਹਾਸ ਤੇ ਸਿਧਾਂਤ ਵਲ ਪਿਠ ਨਾ ਕਰ ਲਇਉ। ਅੱਜ ਵੱਧ ਗਿਲਾ ਤੁਹਾਡੇ 'ਤੇ ਹੈ। ਜੰਗ ਵਿਚ ਸੱਚੇ ਪਾਤਸ਼ਾਹ ਨੂੰ ਬੇਦਾਵਾ ਲਿਖ ਕੇ ਦੇ ਆਏ ਸਿੰਘਾਂ ਨੂੰ ਮਾਤਾ ਭਾਗ ਕੌਰ ਦੀ ਵੰਗਾਰ ਨੇ ਵਾਪਸ ਮੋੜ ਲਿਆ ਸੀ। ਪਰ ਤੁਸੀ ਤਾਂ ਗ਼ਲਤੀਆਂ ਕਰ ਰਹੇ ਵੀਰਾਂ ਨੂੰ ਮੋੜਨ ਦੀ ਥਾਂ 'ਤੇ ਆਪ ਵੀ ਨਾਲ ਹੀ ਤੁਰ ਪਈਆਂ। ਜੇ ਤੁਸੀ ਅਪਣਾ ਸੋਹਣਾ ਪਹਿਰਾਵਾ ਤਿਆਗ ਦਿੱਤਾ। ਧਰਮ ਦੇ ਸੋਹਣੇ ਅਸੂਲ ਤਾਂ ਤੁਹਾਡੇ ਕੋਲ ਪਹਿਲਾਂ ਹੀ ਨਹੀਂ ਸਨ ਫਿਰ ਪੱਲੇ ਕੀ ਰਹਿ ਗਿਆ ? ਅੱਜ ਕਈ ਵਾਰ ਤੁਹਾਡੇ ਪਾਏ ਕੱਪੜੇ ਵੇਖ ਕੇ, ਆਪ ਸ਼ਰਮ ਨਾਲ ਮੂੰਹ ਥੱਲੇ ਕਰਨਾ ਪੈਂਦਾ ਹੈ। ਵੇਖਿਉ ਮੇਰੀਆਂ ਭੈਣੋ, ਕਿਤੇ ਬੇਬੇ ਨਾਨਕੀ, ਬੀਬੀ ਭਾਨੀ, ਮਾਤਾ ਗੁਜਰੀ, ਬੀਬੀ ਹਰਸ਼ਰਨ ਕੌਰ, ਬੀਬੀ ਉਪਕਾਰ ਕੌਰ ਤੇ ਬੀਬੀ ਸਤਵੰਤ ਕੌਰ ਨੂੰ ਵਿਸਾਰ ਨਾ ਦੇਣਾ। ਇਹ ਹਮੇਸ਼ਾਂ ਤੁਹਾਨੂੰ ਤਾਕਤ ਤੇ ਬਲ ਬਖ਼ਸ਼ਣਗੀਆਂ। ਇਨ੍ਹਾਂ ਦੇ ਜੀਵਨ ਤੁਹਾਨੂੰ ਸੇਧ ਦੇਣਗੇ।

ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਮੁੜ ਆਉ ਵਾਪਸ ....। ਭਾਵੇਂ ਤੁਸੀ ਕਾਫ਼ੀ ਦੂਰ ਨਿਕਲ ਗਈਆਂ ਹੋ.... ਪਰ ਅਜੇ ਭੀ ਵਾਪਸ ਮੁੜ ਸਕਦੀਆਂ ਹੋ। ਗੁਰੂ ਬਖ਼ਸ਼ਣਹਾਰ ਹੈ, ਸਾਡੀਆਂ ਸਾਰੀਆਂ ਗ਼ਲਤੀਆਂ ਭੁੱਲ ਕੇ ਗਲ ਲਾ ਲੈਂਦਾ ਹੈ,

"ਮੇਰੇ ਗੁਣ ਅਵਗਨ ਨ ਬੀਚਾਰਿਆ ॥ ਪ੍ਰਭਿ ਅਪਣਾ ਬਿਰਦੁ ਸਮਾਰਿਆ ॥
ਕੰਠਿ ਲਾਇ ਕੈ ਰਖਿਓਨੁ ਲਗੈ ਨ ਤਤੀ ਵਾਉ ਜੀਉ ॥72॥"

ਗੁਰੂ ਦੇ ਸਿਧਾਂਤ ਨਾਲ, ਇਤਿਹਾਸ ਨਾਲ ਪਿਆਰ ਪਾਉ। ਛੱਡੋ ਆਹ ਫ਼ਾਲਤੂ ਦੇ ਪਿਆਰ-ਮੁਹੱਬਤਾਂ ਨੂੰ। ਇਹ ਸੱਭ ਫ਼ਿਲਮੀਂ ਚਕਾਚੌਂਧ ਹੈ, ਜੋ ਸਾਡਾ ਬੇੜਾ ਗਰਕ ਕਰ ਰਹੀ ਹੈ। ਮਾਪੇ ਤੁਹਾਡੇ ਵੈਰੀ ਨਹੀਂ ਕਿ ਤੁਹਾਡੇ ਵਾਸਤੇ ਮਾੜੇ ਵਰ ਲੱਭਣਗੇ। ਅੰਕੜੇ ਦਸਦੇ ਹਨ ਕਿ ਮਾਪਿਆਂ ਵਲੋਂ ਟੋਲੇ ਗਏ ਵਰ, ਪ੍ਰੇਮ-ਵਿਆਹਾਂ ਨਾਲੋਂ ਕਈ ਗੁਣਾ ਵੱਧ ਸਫ਼ਲ ਨਿਕਲੇ ਹਨ। ਕੋਈ ਮਾਂ-ਬਾਪ ਇਹ ਤਾਅਨੇ ਨਹੀਂ ਸੁਣਨਾ ਚਾਹੁੰਦਾ ਕਿ ਕੋਈ ਕਹੇ ਕਿ 'ਯਾਰ ਇਨ੍ਹਾਂ ਦੀ ਕੁੜੀ ਨਿਕਲ ਗਈ'। ਹੁਣ ਇਹ ਤੁਹਾਡੇ 'ਤੇ ਹੈ ਕਿ ਬਾਪੂ ਦੀ ਪੱਗ ਸ਼ਹਿਰ, ਬਾਜ਼ਾਰ ਰੋਲਣੀ ਹੈ ਜਾਂ ਉਸ ਨੂੰ ਇਨੇ ਜੋਗਾ ਬਣਾਉਣਾ ਹੈ ਕਿ ਉਹ ਤੁਹਾਡੇ 'ਤੇ ਮਾਣ ਕਰ ਕੇ ਹਿੱਕ ਤਾਣ ਕੇ ਤੁਰ ਸਕੇ।

ਤੁਸੀ ਸਮਾਜ ਵਿਚ ਉੱਚੇ ਕਿਰਦਾਰ ਨਾਲ ਜੀਵੋ ਤੇ ਉੱਚੇ ਰੁਤਬਿਆਂ 'ਤੇ ਪਹੁੰਚੋਂ। ਆਪਣੀ ਚੁੰਨੀ ਤੇ ਬਾਪੂ ਦੀ ਪੱਗ ਨੂੰ ਦਾਗ ਨਾ ਲੱਗਣ ਦਿਉ ਤੇ ਹੋਰਾਂ ਲਈ ਮਿਸਾਲਾਂ ਕਾਇਮ ਕਰੋ। ਫਿਰ ਕਿਸੇ ਦੀ ਮਜਾਲ ਨਹੀਂ ਕਿ ਕੁੱਖ ਵਿਚ ਧੀਆਂ ਨੂੰ ਕਤਲ ਕਰਵਾਵੇ।

ਰਸੂਲ ਹਮਜ਼ਾਤੋਵ ਦੇ ਬੋਲ ਯਾਦ ਰੱਖੋ,

"ਜੇ ਤੁਸੀ ਬੀਤੇ ਉੱਤੇ ਪਿਸਤੌਲ ਨਾਲ ਗੋਲੀ ਚਲਾਉਗੇ ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ।"

ਇਤਿਹਾਸ ਭੁੱਲ ਜਾਣ ਵਾਲੀਆਂ ਕੌਮਾਂ ਦਾ ਕੋਈ ਭਵਿੱਖ ਨਹੀਂ ਹੁੰਦਾ। ਸਾਡਾ ਇਤਿਹਾਸ ਸਾਨੂੰ ਹੱਕ-ਸੱਚ ਅਤੇ ਮਨੁੱਖਤਾ ਦੀ ਆਜ਼ਾਦੀ ਲਈ ਜੂਝਣਾ ਸਿਖਾਉਂਦਾ ਹੈ ਨਾ ਕਿ ਸਟੇਜਾਂ 'ਤੇ ਅੱਧ ਨੰਗੇ ਹੋ ਕੇ ਦੋਹਰੇ ਅਰਥਾਂ ਵਾਲੇ ਗਾਣਿਆਂ 'ਤੇ ਨੱਚਣਾ।

ਕੁੜੀਆਂ ਨੂੰ ਮਾਰਨ ਦੇ ਕਾਰਨ

ਅੱਜ ਕੱਲ ਜਿਸ ਸਮਾਜਕ ਬੁਰਾਈ ਦਾ ਸਭ ਤੋਂ ਵੱਧ ਰੌਲਾ ਪੈ ਰਿਹਾ ਹੈ, ਉਹ ਹੈ- ਕੰਨਿਆ ਭਰੂਣ ਹੱਤਿਆ। ਪੋਲੀਓ ਬੂੰਦਾਂ ਤੋਂ ਬਾਅਦ ਸ਼ਾਇਦ ਭਰੂਣ ਹੱਤਿਆ ਹੀ ਹੈ ਜਿਸ ਦੇ ਹਿੱਸੇ ਇੰਨਾ ਸਰਕਾਰੀ ਪ੍ਰਚਾਰ ਆਇਆ ਹੈ। ਟੈਲੀਵਿਜ਼ਨ ਉੱਤੇ ਇਸ ਬੁਰਾਈ ਵਿਰੁਧ ਵਾਧੂ ਪ੍ਰਚਾਰ ਕੀਤਾ ਜਾ ਰਿਹਾ ਹੈ। ਅਖਬਾਰਾਂ ਵਿਚ ਇਸ ਵਿਰੁਧ ਵੱਡੇ ਵੱਡੇ ਸਰਕਾਰੀ ਇਸ਼ਤਿਹਾਰ ਦਿੱਤੇ ਜਾ ਰਹੇ ਨੇ। ਇਥੋਂ ਤੱਕ ਕਿ ਇਸ ਵਿਰੁਧ ਫਿਲਮਾਂ ਵੀ ਬਣ ਚੁਕੀਆਂ ਨੇ। ਸਰਕਾਰ ਦੇ ਨਾਲ ਨਾਲ ਸੈਂਕੜੇ ਐਨ.ਜੀ.ਓ. ਸੰਸਥਾਵਾਂ ਭੀ ਭਰੂਣ ਹੱਤਿਆ ਵਿਰੁਧ ਡਟੀਆਂ ਹੋਈਆਂ ਹਨ। "ਜਥੇਦਾਰ" ਅਕਾਲ ਤਖਤ ਨੇ ਭੀ ਇਸ ਵਿਰੁਧ "ਹੁਕਮਨਾਮਾ" ਜਾਰੀ ਕੀਤਾ ਹੈ। ਹੋਰ ਭੀ ਬਹੁਤ ਕੁੱਝ ਇਸ ਦੇ ਖਿਲਾਫ ਹੋ ਰਿਹਾ ਹੈ। ਪਰ.... ਤੁਹਾਨੂੰ ਨਹੀਂ ਲਗਦਾ ਕਿ ਅੱਜ ਤੱਕ ਕਦੇ ਵੀ ਕਿਸੇ ਨੇ ਇਹ ਜਾਣਨ ਦੀ ਤਾਂ ਕੋਸ਼ਿਸ਼ ਹੀ ਨਹੀਂ ਕੀਤੀ ਕਿ ਲੋਕ ਕੁੜੀਆਂ ਮਾਰਦੇ ਕਿਉਂ ਨੇ ? ... ਉਹ ਕੀ ਕਾਰਨ ਹਨ ਜਿਨ੍ਹਾਂ ਨੇ ਭਰੂਣ ਹੱਤਿਆ ਨਾਮ ਦੀ ਬੀਮਾਰੀ ਨੂੰ ਜਨਮ ਦਿੱਤਾ ?

ਸ਼ਾਇਦ ਤੁਸੀਂ ਮੇਰੀ ਇਸ ਗੱਲ ਨਾਲ ਸਹਿਮਤ ਹੋਵੋਗੇ ਕਿ ਅੱਜ ਤੋਂ 15-20 ਸਾਲ ਪਹਿਲਾਂ ਤਕ ਕਦੇ ਕਿਸੇ ਨੇ 'ਭਰੂਣ ਹੱਤਿਆ' ਸ਼ਬਦ ਭੀ ਨਹੀਂ ਸੁਣਿਆ ਸੀ। ਫਿਰ ਕੀ ਕਾਰਨ ਹਨ ਕਿ ਇਹ ਸਮੱਸਿਆ ਏਨੀ ਛੇਤੀ ਏਡਾ ਘਾਤਕ ਰੂਪ ਲੈ ਗਈ ? ਕੀ ਦਾਜ ਦੀ ਸਮੱਸਿਆ ਭਰੂਣ ਹੱਤਿਆ ਦਾ ਮੁੱਖ ਕਾਰਨ ਹੈ ?.... ਜਾਂ ਕੀ ਮੁੰਡਿਆਂ ਦੇ ਵਿਆਹਾਂ ਤੋਂ ਹੋਣ ਵਾਲੀ 'ਕਮਾਈ' ਲੋਕਾਂ ਨੂੰ ਧੀਆਂ ਜੰਮਣ ਤੋਂ ਰੋਕਦੀ ਹੈ ?.... ਨਹੀਂ.... ਕਾਰਨ ਇਸ ਤੋਂ ਭੀ ਕਿਤੇ ਵੱਡੇ ਨੇ.... ?

ਗੱਲ ਸ਼ੁਰੂ ਕਰਦੇ ਹਾਂ ਐਤਕੀਂ ਦੀ ਲੋਹੜੀ ਤੋਂ ... ਐਤਕੀ ਪੰਜਾਬ ਵਿਚ ਕਈ ਥਾਈਂ ਕੁੜੀਆਂ ਦੀ ਲੋਹੜੀ ਮਨਾ ਕੇ ਭਰੂਣ ਹੱਤਿਆ ਵਿਰੁਧ ਆਵਾਜ਼ ਉਠਾਈ ਗਈ। ਪੰਜਾਬ ਸਰਕਾਰ ਨੇ ਭੀ ਇਕ ਲੋਹੜੀ ਦਾ 'ਪ੍ਰੋਗਰਾਮ' ਕੀਤਾ, ਜਿਸ ਵਿਚ ਕੁੜੀਆਂ ਦੀ ਲੋਹੜੀ ਮਨਾਈ ਗਈ... ਪਰ ਮਨਾਈ ਕਿਵੇਂ ਗਈ ?... ਸਟੇਜ 'ਤੇ "ਕੁੜੀਆਂ ਨੂੰ ਨਚਾ ਕੇ" ਜਾਂ ਸਿੱਧਾ ਕਹਿ ਲਉ ਕਿ ਆਰਕੈਸਟਰਾ ਵਾਲੀਆਂ ਕੁੜੀਆਂ ਦੇ ਠੁਮਕੇ ਵਿਖਾ ਕੇ। ਇਸ ਗੱਲ ਵਿਚ ਰੱਤਾ ਝੂਠ ਨਹੀਂ ਕਿ ਇਸ ਆਰਕੈਸਟਰਾ ਕਲਚਰ ਜਾਂ ਸਭਿਆਚਾਰਕ (?) ਗਰੁੱਪਾਂ ਦੇ ਨਾਮ 'ਤੇ ਪੈ ਰਹੇ ਗੰਦ ਨੇ ਭੀ ਔਰਤਾਂ ਨੂੰ ਇਕ ਨੁਮਾਇਸ਼ ਦੀ ਚੀਜ਼ ਬਣਾ ਕੇ ਰੱਖ ਦਿੱਤਾ ਹੈ। ਕਦੇ ਉਹ ਭੀ ਜ਼ਮਾਨਾ ਸੀ ਜਦੋਂ ਤੀਆਂ ਵਿਚ ਮੁੰਡਿਆਂ ਦੇ ਜਾਣ ਦੀ ਮਨਾਹੀ ਹੁੰਦੀ ਸੀ,

---

- ਭਾਈ ਜਗਦੀਪ ਸਿੰਘ, ਫਰੀਦਕੋਟ।

ਕੁੜੀਆਂ ਨਚਦੀਆਂ ਨੂੰ ਮੁੰਡੇ ਨਹੀਂ ਵੇਖ ਸਕਦੇ ਸਨ, ਜਾਂ ਮੁੰਡੇ ਆਪ ਹੀ ਤੀਆਂ ਵਿਚ ਨਹੀਂ ਜਾਂਦੇ ਸਨ ਕਿ ਯਾਰ ਭੈਣਾਂ ਨੂੰ ਨਚਦੀਆਂ ਨੂੰ ਵੇਖਾਂਗੇ ਤਾਂ ਸ਼ਰਮ ਨਾ ਆਊਗੀ ? ਤੁਹਾਨੂੰ ਸ਼ਾਇਦ ਯਾਦ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲੀ ਫੂਲਾ ਸਿੰਘ ਨੇ ਮੋਰਾਂ ਨਾਰੀ ਦਾ ਨਾਚ ਵੇਖਣ ਕਰ ਕੇ ਸਜ਼ਾ ਲਾਈ ਸੀ।... ਤੇ ਜੇ ਕਿਤੇ ਅੱਜ ਅਕਾਲੀ ਫੂਲਾ ਸਿੰਘ ਆ ਜਾਵੇ ਤਾਂ ਸ਼ਾਇਦ ਦੁਹੱਥੜੇ ਮਾਰ ਮਾਰ ਕੇ ਰੋਵੇਗਾ ਕਿਉਂਕਿ ਅੱਜ ਤਾਂ ਸਾਰਾ ਪੰਜਾਬ ਹੀ ਇਸ ਕੰਜਰ ਕਿੱਤੇ 'ਤੇ ਫਿਦਾ ਹੋਇਆ ਪਿਆ ਹੈ। ਜਿਸ ਤਰ੍ਹਾਂ ਦੇ ਕੱਪੜੇ ਪਾ ਕੇ ਆਰਕੈਸਟਰਾ ਵਾਲੀਆਂ ਕੁੜੀਆਂ ਨਚਦੀਆਂ ਹਨ, ਉਨ੍ਹਾਂ ਨੂੰ ਵੇਖ ਕੇ ਸ਼ਾਇਦ ਕਈ ਧੀਆਂ ਦੇ ਮਾਪੇ ਸੁਪਨੇ ਵਿਚ ਭੀ ਡਰਦੇ ਹੋਣਗੇ ਕਿ ਕਿਤੇ ਸਾਡੀ ਧੀ ਵੀ... ਸਾਰੇ ਪੰਜਾਬ ਵਿਚ ਇਨ੍ਹਾਂ ਗਰੁੱਪਾਂ ਦੇ ਨਾਮ ਥੱਲੇ ਕੁੜੀਆਂ ਦੀ ਮੰਡੀ ਲੱਗੀ ਹੋਈ ਹੈ। ਇਕ ਵਾਰ ਮੈਂ ਤੇ ਬਾਈ ਅਮਰਦੀਪ ਕਿਤੇ ਬਾਜ਼ਾਰ ਵਿਚ ਜਾ ਰਹੇ ਸੀ, ਰਸਤੇ ਵਿਚ ਇਕ ਥਾਈਂ ਮੈਂ ਕਿਸੇ (ਅ) ਸਭਿਆਚਾਰਕ ਗਰੁੱਪ ਦਾ ਬੋਰਡ ਪੜ੍ਹਿਆ, ਜਿਸ ਗਰੁੱਪ ਦਾ ਨਾਮ ਸੀ 'ਜੋਬਨ ਪੰਜਾਬ ਦਾ'। ਜਦ ਮੈਂ ਬੋਲਿਆ, 'ਜੋਬਨ ਪੰਜਾਬ ਦਾ' ਤਾਂ ਬਾਈ ਹੱਸ ਕੇ ਬੋਲਿਆ, "ਆਹੋ ਜੋਬਨ ਪੰਜਾਬ ਦਾ ਮੰਡੀ ਵਿਕਣ ਆਇਐ।" ਬਾਈ ਦੀ ਇਹ ਗੱਲ ਬਿਲਕੁਲ ਸੱਚ ਹੈ। ਜਿੰਨੀ ਸੋਹਣੀ ਕੁੜੀ, ਜਿੰਨੇ ਘੱਟ ਕੱਪੜੇ, ਓਨੇ ਜ਼ਿਆਦਾ ਪੈਸੇ। ਹੁਣ ਤਾਂ ਹਾਲ ਇਹ ਹੋਇਆ ਪਿਆ ਹੈ ਕਿ ਜੇ ਤੁਸੀਂ ਕਿਸੇ ਪ੍ਰੋਗਰਾਮ ਲਈ ਆਰਕੈਸਟਰਾ ਬੁੱਕ ਕਰਵਾਉਣ ਜਾਉ ਤਾਂ ਅਗਲੇ ਪੁਛਦੇ ਨੇ, "ਬਾਈ ਜੀ, ਸਭਿਆਚਾਰਕ ਕਿ ਵੈਸਟਰਨ ?" ਹੁਣ ਦੱਸਣ ਦੀ ਲੋੜ ਨਹੀਂ ਕਿ ਦੋਹਾਂ ਵਿਚ ਕੀ ਫ਼ਰਕ ਹੈ...

ਤੁਹਾਡੇ, ਜਾਗਦੀ ਜ਼ਮੀਰ ਵਾਲਿਆਂ, ਵਿਚੋਂ ਹੈ ਕੋਈ ਜਿਹੜਾ ਚਾਹੁੰਦਾ ਹੈ ਕਿ ਮੇਰੀ ਧੀ ਵੱਡੀ ਹੋ ਕੇ ਸਟੇਜ 'ਤੇ ਵੱਧ ਤੋਂ ਵੱਧ ਕੱਪੜੇ ਲਾਹ ਕੇ ਨੱਚੇ, ਲੋਕ ਮਜ਼ੇ ਲੈਣ ਤੇ ਪੈਸਿਆਂ ਦੀ ਵਰਖਾ ਹੋਵੇ... ?ਸ਼ਾਇਦ ਜੇ ਤੁਹਾਡੇ ਅੰਦਰ ਪੰਜਾਬ ਦਾ ਖ਼ੂਨ ਹੈ ਤਾਂ ਤੁਸੀਂ ਸੁਪਨੇ ਵਿਚ ਭੀ ਏਦਾਂ ਸੋਚਣਾ ਨਹੀਂ ਚਾਹੋਗੇ। ਪਰ ਜੇ ਕੁੜੀ ਬਾਗੀ ਹੋ ਕੇ ਐਸਾ ਕਿੱਤਾ ਫੜ ਲਵੇ ਤੇ ਤੁਹਾਡੀ ਪੱਗ ਤੁਹਾਡੀ ਕੁੜੀ ਦੇ ਲਟਕਿਆਂ ਝਟਕਿਆਂ 'ਤੇ ਨੱਚ ਰਹੇ ਲੋਕਾਂ ਦੇ ਪੈਰਾਂ ਵਿਚ ਰੁਲੇ ਤਾਂ ਤੁਸੀਂ ਕੀ ਕਹੋਗੇ... ?ਏਦੂੰ ਤਾਂ ਚੰਗਾ ਸੀ ਇਹਨੂੰ ਜੰਮਦੀ ਨੂੰ ਮਾਰ ਦਿੰਦੇ......."

ਅੱਗੇ ਗੱਲ ਕਰਦੇ ਹਾਂ, ਆਹ ਫਾਲਤੂ ਦੇ ਪਿਆਰ, ਇਸ਼ਕ, ਮੁਹੱਬਤ ਦੇ ਕਲਚਰ (?) ਦੀ। ਬਹੁਤੇ ਮਾਪਿਆਂ, ਖਾਸ ਕਰ ਪਿੰਡਾਂ ਵਾਲਿਆਂ ਨੂੰ ਅੱਜ ਦੇ ਮਾੜੇ ਹਾਲਾਤ ਵੇਖ ਕੇ ਡਰ ਲੱਗਿਆ ਰਹਿੰਦਾ ਹੈ ਕਿ ਕਿਤੇ ਸਾਡੀ ਕੁੜੀ ਭੀ ਇਨ੍ਹਾਂ ਹਾਲਾਤ ਦੇ ਵਹਿਣ ਵਿਚ ਵਹਿ ਕੇ ਘਰੋਂ.......। ਕਿਹੜਾ ਮਾਂ ਬਾਪ ਇਹ ਸੁਣਨਾ

ਚਾਹੇਗਾ ਕਿ ਲੋਕ ਗੱਲਾਂ ਕਰਨ, "ਓਏ ਫਲਾਣਿਆਂ ਦੀ ਕੁੜੀ ਨਿਕਲ ਗਈ.... ਸਾਲੇ ਵੱਡੇ ਇੱਜ਼ਤ ਆਲੇ ਬਣੇ ਫਿਰਦੇ ਸਨ..... ਨੱਕ 'ਤੇ ਮੱਖੀ ਨਹੀਂ ਸੀ ਬਹਿਣ ਦਿੰਦੇ..... ਹੁਣ ਆਪਣੀ ਕੁੜੀ ਹੀ ਸਿਰ ਸਵਾਹ ਪਾ ਗਈ.....।" ਕੋਈ ਮਾਂ ਪਿਉ ਇਹ ਬਦਨਾਮੀ ਨਹੀਂ ਝੱਲ ਸਕਦਾ। ਅੱਜ ਜਿਹੇ ਜਿਹੇ ਹਾਲਾਤ ਬਣਾ ਦਿੱਤੇ ਗਏ ਹਨ, ਉਨ੍ਹਾਂ ਵਿਚ ਇਹ ਗੱਲ ਹੌਲੀ-ਹੌਲੀ ਆਮ ਹੋ ਰਹੀ ਹੈ। ਰਹਿੰਦੀ ਖੂੰਹਦੀ ਕਸਰ ਆਹ ਗਾਉਣ ਵਾਲਿਆਂ ਨੇ ਪੂਰੀ ਕਰ ਦਿੱਤੀ ਹੈ। ਇਨ੍ਹਾਂ ਕੋਲ ਤਾਂ ਜਿਵੇਂ ਹੋਰ ਕੋਈ ਵਿਸ਼ਾ ਰਿਹਾ ਹੀ ਨਹੀਂ ਗਾਉਣ ਨੂੰ.... ਸ਼ਾਇਦ ਇਕ ਰਿਸ਼ਤੇ ਤੋਂ ਬਿਨਾਂ ਬਾਕੀ ਸਾਰੇ ਤਾਂ ਖ਼ਤਮ ਹੀ ਹੋ ਗਏ ਹਨ। ਮੈਨੂੰ ਅੱਜ ਸਮਝ ਲੱਗੀ ਹੈ ਕਿ ਕਦੇ 'ਪਾਸ਼' ਨੇ ਇਹ ਕਿਉਂ ਕਿਹਾ ਸੀ ਕਿ,

"ਵਾਰਿਸ਼ ਸ਼ਾਹ ਦੀ ਲਾਸ਼ ਸਾਡੇ ਪਿੰਡਿਆਂ 'ਤੇ ਬੋਹਰ ਬਣ ਕੇ ਉੱਗ ਆਈ ਹੈ"

ਇਨ੍ਹਾਂ ਗੀਤਕਾਰਾਂ ਤੇ ਕਾਇਕਾਂ ਨੇ 'ਹੀਰ ਰਾਂਝੇ' ਨੂੰ ਤਾਂ ਖ਼ਲਨਾਇਕ ਬਣਾ ਕੇ ਰੱਖ ਦਿੱਤਾ ਹੈ। ਸ਼ਾਇਦ ਇਨ੍ਹਾਂ ਵਿਚੋਂ ਕਿਸੇ ਨੇ ਹੀਰ ਪੜ੍ਹੀ ਭੀ ਨਹੀਂ ਹੋਣੀ, ਨਹੀਂ ਤਾਂ ਉਸ ਦੇ ਕਿਰਦਾਰ ਨੂੰ ਏਨਾ ਦਾਗ਼ੀ ਨਾ ਕਰਦੇ। ਆਖਰ ਜਿਹੜੇ ਹੀਰ ਰਾਂਝੇ ਦੀ ਗੱਲ ਭਾਈ ਗੁਰਦਾਸ ਜੀ ਕਰਦੇ ਨੇ, ਉਹ ਇੰਨੇ ਮਾੜੇ ਤਾਂ ਨਹੀਂ ਹੋਣੇ। ਜੇ ਬਾਬਾ ਬੁੱਲੇ ਸ਼ਾਹ "ਹਾਜ਼ੀ ਲੋਕ ਮੱਕੇ ਨੂੰ ਜਾਂਦੇ ਅਸੀਂ ਜਾਣਾ ਤਖ਼ਤ ਹਜ਼ਾਰੇ" ਕਹਿ ਕੇ ਤਖ਼ਤ ਹਜ਼ਾਰੇ ਨੂੰ ਮੱਕੇ ਜਿੱਡਾ ਕਰ ਰਿਹਾ ਹੈ ਤਾਂ ਕੁੱਝ ਤਾਂ ਰੂਹਾਨੀਅਤ ਦੀ ਗੱਲ ਹੋਵੇਗੀ..... ਪਰ ਇਨ੍ਹਾਂ ਨਚਾਰਾਂ ਨੂੰ ਕੌਣ ਸਮਝਾਵੇ...., ਹੀਰ ਵਾਰਿਸ ਵਿਚ ਇਕ ਥਾਂ ਹੀਰ ਰਾਂਝੇ ਨੂੰ ਕਹਿੰਦੀ ਹੈ ਕਿ ਮੇਰੇ ਵਿਆਹ ਤੋਂ ਪਹਿਲਾਂ ਮੈਨੂੰ ਲੈ ਚੱਲ ਤਾਂ ਅੱਗੋਂ ਰਾਂਝਾ ਜਵਾਬ ਦਿੰਦਾ ਹੈ,

"ਹੀਰੇ ਇਸ਼ਕ ਨਾ ਮੂਲ ਸਵਾਦ ਦੇਂਦਾ, ਨਾਲ ਚੋਰੀਆਂ ਅਤੇ ਉਧਾਲਿਆਂ ਦੇ,
ਵਾਰਿਸ ਸ਼ਾਹ ਸਰਾਫ਼ ਸਭ ਜਾਣਦੇ ਨੇ, ਐਬ ਖੋਟਿਆਂ ਪੈਸਿਆਂ ਵਾਲਿਆਂ ਦੇ"

ਉਹ ਕੋਰਾ ਜਵਾਬ ਦਿੰਦਾ ਹੋਇਆ ਕਹਿੰਦਾ ਹੈ ਕਿ ਸਰਾਫ਼ (ਪਰਮਾਤਮਾ) ਨੂੰ ਖੋਟੇ ਖਰੇ ਦੀ ਪੂਰੀ ਪਛਾਣ ਹੈ। ..... ਤੇ ਅੱਜ ਕੱਲ ਦੇ ਗਾਣੇ,

'ਜਾਂ ਵਿਆਹ ਕਰਵਾ ਲੈ ਵੇ, ਨਹੀਂ ਮੈਨੂੰ ਲੈ ਚੱਲ ਕਿਤੇ ਭਜਾ ਕੇ'

ਹੁਣ ਇਸ ਗਾਣੇ ਦਾ ਕੀ ਮਤਲਬ ਹੈ...? ਕੀ ਦੇ ਰਹੇ ਨੇ ਇਹ ਗਾਇਕ ਨੌਜਵਾਨਾਂ ਨੂੰ....? ਖੈਰ ਕੁੱਝ ਹੋਰ ਨਮੂਨੇ ਤੱਕੋ,

'ਜੇ ਨਾ ਘਰਦਿਆਂ ਨੇ ਤੋਰੀ ਯਾਰ ਤੈਨੂੰ ਕੱਢ ਕੇ ਲੈਜੂਗਾ.....'
'ਕਾਲਜ 'ਚ ਕੁੰਢੀਆਂ ਦੇ ਸਿੰਗ ਫਸਗੇ ਨੀ ਇਕ ਤੇਰੇ ਕਰ ਕੇ.....'
'ਤੇਰੇ ਪਿੱਛੇ ਕਾਲਜ ਦੇ ਮੁੰਡਿਆਂ ਦੇ ਨਾਲ ਮੇਰਾ ਵੈਰ ਪੈ ਗਿਆ.....'
'ਚੰਡੀਗੜ੍ਹ ਝੀਲ ਦੀ ਕਰਾ ਦੂੰ ਤੈਨੂੰ ਸੈਰ ਆਜੀਂ ਕੇਰਾਂ ਟੈਮ ਕੱਢ ਕੇ.....'

'ਜਦ ਮਰਜ਼ੀ ਆਜੀਂ ਖੇਤ ਯਾਰ ਤਾਂ ਮੋਟਰ 'ਤੇ ਹੁੰਦੇ.....'

'ਠੰਢ ਵਿਚ ਬੈਠੇ ਅੱਧੀ ਰਾਤ ਲੰਘ ਗਈ, ਰੱਖ ਥੋੜਾ ਹੌਸਲਾ ਜ਼ਰੂਰ ਆਊਂਗੀ....'

'ਰਾਤੀਂ ਕਿਉਂ ਨਾ ਆਈ ਤੂੰ ਕਰਾਰ ਕਰ ਕੇ ?

ਆਉਣ ਤਾਂ ਲੱਗੀ ਸੀ ਵੱਡੀ ਭਾਬੀ ਉੱਠ ਗਈ....'

ਖ਼ੈਰ, ਇਹ ਨਹੀਂ ਮੁਕਣੇ ਭਾਵੇਂ ਜਿੰਨਾ ਚਿਰ ਮਰਜ਼ੀ ਲਿਖਦਾ ਰਹਾਂ। ਹੁਣ ਤੁਸੀਂ ਇਨ੍ਹਾਂ ਗਾਣਿਆਂ ਵਿਚ ਕੁੜੀ ਦੇ ਕਿਰਦਾਰ ਵਾਲੀ ਥਾਂ 'ਤੇ ਆਪਣੀ ਧੀ ਨੂੰ ਖੜੀ ਕਰ ਕੇ ਦੇਖੋ.... ਕੀ ਕਰ ਸਕਦੇ ਹੋ ?.... ਸ਼ਾਇਦ ਕੁੱਝ ਨਹੀਂ। ਤੁਸੀਂ ਹੀ ਨਹੀਂ, ਕੋਈ ਭੀ ਅਣਖ ਵਾਲੇ ਮਾਪੇ ਆਪਣੀ ਧੀ ਨੂੰ ਇਸ ਥਾਂ 'ਤੇ ਨਹੀਂ ਵੇਖਣਾ ਚਾਹੁਣਗੇ.... ਤੇ ਜੇ ਕੋਈ ਕੁੜੀ ਇਸ ਦਲਦਲ ਵੱਲ ਨੂੰ ਤੁਰ ਜਾਵੇ ਤਾਂ ਉਸ ਦੇ 'ਵਿਚਾਰੇ' ਮਾਪੇ ਕੀ ਕਹਿੰਦੇ ਹੋਣਗੇ.... 'ਚੰਗਾ ਹੁੰਦਾ ਜੰਮਦੀ ਨੂੰ ਮਾਰ ਦਿੰਦੇ....।' ਹੁਣ ਗੱਲ ਕਰਦੇ ਹਾਂ ਭਰੂਣ ਹੱਤਿਆ ਦੇ ਇਕ ਹੋਰ ਵੱਡੇ ਕਾਰਨ 'ਬਲਾਤਕਾਰਾਂ' ਦੀ। ਸ਼ਾਇਦ ਤੁਹਾਨੂੰ ਯਾਦ ਹੋਵੇ ਕਿ ਕੁੱਝ ਸਾਲ ਪਹਿਲਾਂ ਰਾਸ਼ਟਰਪਤੀ (ਅਬਦੁਲ ਕਲਾਮ ਵੇਲੇ) ਦੇ ਸੁੱਰਖਿਆ ਕਰਮੀਆਂ ਨੇ ਹੀ ਇਕ ਕੁੜੀ ਦਾ ਬਲਾਤਕਾਰ ਕਰ ਦਿੱਤਾ ਸੀ। ਅਜੇ ਕੱਲ ਦੀ ਗੱਲ ਹੈ, ਸਾਡੇ ਗੁਆਂਢੀ ਸੂਬੇ (ਹਰਿਆਣੇ) ਦੇ ਰਾਜਪਾਲ ਦੇ ਸੁਰੱਖਿਆ ਗਾਰਡਾਂ ਨੇ ਭੀ ਇਹੀ ਕਾਰਾ ਕੀਤਾ ਹੈ। ਸ਼ਾਇਦ ਤੁਹਾਨੂੰ ਕੇ.ਪੀ. ਐਸ. ਗਿੱਲ ਵਲੋਂ ਆਈ.ਏ.ਐਸ. ਰੂਪਨ ਦਿਉਲ ਬਜਾਜ ਦੀ ਪਿੱਠ 'ਤੇ ਫੇਰਿਆ ਗਿਆ ਹੱਥ ਭੀ ਭੁੱਲਿਆ ਨਹੀਂ ਹੋਵੇਗਾ, ਜਿਸ ਬਦਲੇ 'ਮਾਨਯੋਗ' ਅਦਾਲਤ ਵਲੋਂ ਕੇ.ਪੀ. ਐਸ. ਗਿੱਲ ਨੂੰ ਸੁਧਰਨ ਦਾ ਇਕ ਹੋਰ ਮੌਕਾ ਦਿੱਤਾ ਗਿਆ ਸੀ। .... ਤੇ ਫਰਾਂਸ ਦੀ ਕੁੜੀ ਕੇਤੀਆ ਦਾ ਉਸ ਵੇਲੇ ਦੇ ਮੁੱਖ ਮੰਤਰੀ ਬੇਅੰਤ ਦੇ ਪੋਤਰੇ ਵਲੋਂ ਕੀਤਾ ਗਿਆ ਹਸ਼ਰ ਭੀ ਕਦੇ ਕਦਾਈਂ ਤੁਹਾਡੀਆਂ ਅੱਖਾਂ ਸਾਹਮਣੇ ਆ ਕੇ ਤੁਹਾਨੂੰ ਡਰਾ ਜਾਂਦਾ ਹੋਵੇਗਾ ਤੇ ਤੁਸੀਂ ਝੱਟ ਆਪਣੀ ਧੀ ਨੂੰ ਬੁੱਕਲ ਵਿਚ ਲੁਕੋ ਲੈਂਦੇ ਹੋਵੋਗੇ। ਹੁਣ ਤੁਸੀਂ ਆਪ ਹੀ ਦੱਸੋ ਕਿ ਜੇ ਦੇਸ਼ ਦੇ ਰਾਸ਼ਟਰਪਤੀ ਤੇ ਰਾਜਪਾਲ ਦੇ ਬਾਡੀਗਾਰਡਾਂ ਤੇ ਪੁਲਿਸ ਮੁਖੀਆਂ ਤੋਂ ਹੀ ਕੁੜੀਆਂ ਸੁਰੱਖਿਅਤ ਨਹੀਂ ਤਾਂ ਫਿਰ.....?ਅਜੇ ਤਾਂ ਆਪਾਂ ਇਕੱਲੇ ਪੰਜਾਬ ਦੀ ਗੱਲ ਹੀ ਕਰ ਰਹੇ ਹਾਂ ਕਿਉਂਕਿ ਇਹ 'ਦੋਸ਼' ਸਾਡੇ ਉੱਤੇ ਹੀ ਵਾਰ-ਵਾਰ ਲੱਗ ਰਿਹਾ ਹੈ, ਪਰ ਜੇ ਬਾਕੀ ਪ੍ਰਾਂਤਾਂ ਦੀ ਗੱਲ ਕਰਨੀ ਹੋਵੇ ?..... ਤੇ ਸ਼ਾਇਦ ਤੁਹਾਡੇ ਵਿਚੋਂ ਕਈਆਂ ਨੂੰ ਮਨੀਪੁਰ ਦੀ ਉਹ ਕੁੜੀ ਭੀ ਯਾਦ ਹੋਵੇਗੀ ਜਿਸ ਨਾਲ ਭਾਰਤੀ ਫੌਜੀਆਂ ਵੱਲੋਂ ਸਮੂਹਕ ਬਲਾਤਕਾਰ ਕੀਤਾ ਗਿਆ ਸੀ ਤੇ ਪਿੱਛੋਂ ਮਾਰ ਕੇ ਸੜਕ 'ਤੇ ਸੁੱਟ ਦਿੱਤਾ ਗਿਆ ਸੀ। ਉਹੀ ਮਨੋਰਮਾ ਜਿਸ ਦੀ ਮੌਤ ਤੋਂ ਮਗਰੋਂ ਉਸ ਦੇ ਪਿੰਡ ਦੀਆਂ ਬਾਕੀ ਔਰਤਾਂ ਵੱਲੋਂ ਭਾਰਤੀ ਫੌਜ ਦੇ ਮਨੀਪੁਰ ਸਥਿਤ ਮੁੱਖ ਦਫਤਰ ਦੇ ਮੂਹਰੇ 'ਨਿਰਵਸਤਰ' ਹੋ ਕੇ ਮੁਜ਼ਾਹਰਾ ਕੀਤਾ ਗਿਆ ਸੀ ਤੇ ਨਾਹਰੇ ਮਾਰੇ

ਗਏ ਸਨ, ਭਾਰਤੀ ਫੌਜੀਓ, 'ਸਾਡੇ ਨਾਲ ਬਲਾਤਕਾਰ ਕਰੋ।' ਭਾਰਤ ਦੇ ਮੱਥੇ 'ਤੇ ਲੱਗੇ ਅਣਗਿਣਤ ਕਲੰਕਾਂ ਵਿਚੋਂ ਇਕ ਕਲੰਕ ਇਹ ਭੀ ਹੈ, ਜਦੋਂ ਭਾਰਤੀ ਫੌਜ ਦੀਆਂ ਸਤਾਈਆਂ ਇਨ੍ਹਾਂ ਔਰਤਾਂ ਨੂੰ ਇਹ ਸ਼ਰਮਨਾਕ ਕਦਮ ਚੁੱਕਣਾ ਪਿਆ।

ਤੁਸੀਂ ਹਰ ਰੋਜ਼ ਟੀ.ਵੀ. ਲਗਾਉ, ਖਬਰਾਂ ਵੇਖੋ.... ਸ਼ਰਤ ਹੈ ਕਿ ਇਕ ਦਿਨ ਭੀ ਐਸਾ ਨਹੀਂ ਹੋਵੇਗਾ ਜਦੋਂ ਖ਼ਬਰਾਂ ਵਿਚ ਕਿਸੇ ਮਾਸੂਮ ਨਾਲ ਬਲਾਤਕਾਰ ਦੀ ਖਬਰ ਨਾ ਆਈ ਹੋਵੇ। ਅਖਬਾਰਾਂ ਦੀਆਂ ਖਬਰਾਂ ਗਵਾਹੀ ਦਿੰਦੀਆਂ ਹਨ, ਤਿੰਨ ਸਾਲ ਦੀ ਬੱਚੀ ਤੋਂ ਲੈ ਕੇ 60 ਸਾਲ (ਤੇ ਹੁਣ 90 ਸਾਲ) ਤਕ ਦੀਆਂ ਔਰਤਾਂ ਨਾਲ ਹੋਏ ਬਲਾਤਕਾਰਾਂ ਦੀਆਂ। ਹੁਣ ਤੁਸੀਂ ਆਪ ਸੋਚ ਲਵੋ ਕਿ ਇਸ ਦੇਸ਼ ਵਿਚ ਕੁੜੀਆਂ ਕਿੰਨੀਆਂ ਕੁ ਸੁਰੱਖਿਅਤ ਨੇ? ਸੜਕਾਂ 'ਤੇ ਭੁੱਖੇ ਬਘਿਆੜ ਤੁਰੇ ਫਰਦੇ ਨੇ।... ਇਹ ਹਲਕੇ ਹੋਏ ਕੁੱਤੇ ਤਾਂ ਭਾਰਤ ਵੇਖਣ ਆਈਆਂ ਟੂਰਿਸਟ ਕੁੜੀਆਂ ਨੂੰ ਭੀ ਨਹੀਂ ਬਖ਼ਸ਼ਦੇ। ਖੈਰ.... ਜਿਥੇ ਭਗਵਾਨਾਂ ਨੇ ਹੀ ਕੁੜੀਆਂ ਨਹੀਂ ਬਖ਼ਸ਼ੀਆਂ.... ਜਿਥੇ ਬਲਾਤਕਾਰਾਂ ਨੂੰ ਵਡਿਆਇਆ ਤੇ ਸਤਿਕਾਰਿਆ ਜਾਂਦਾ ਹੋਵੇ.... ਜਿਥੇ ਧਾਰਮਕ ਮੁਖੀਆਂ ਨੇ ਆਪਣੀਆਂ ਧੀਆਂ-ਭੈਣਾਂ ਨਾਲ ਭੀ ਖੇਹ ਖਾਧੀ ਹੋਵੇ..... ਉਥੋਂ ਦੀ ਆਮ ਜੰਤਾ ਤੋਂ ਕੀ ਆਸ ਰੱਖੀ ਜਾ ਸਕਦੀ ਹੈ?

'ਗੁਰੂ ਜਿਨਾ ਦੇ ਟੱਪਣੇ ਚੇਲੇ ਜਾਣ ਛੜੱਪ'

ਕੀ ਇਹ ਸੱਚ ਨਹੀਂ ਕਿ ਇਸ ਦੇਸ਼ ਦਾ ਸਭਿਆਚਾਰ ਅਤੇ (ਨਾਲ ਹੀ ਧਾਰਮਕ ਗ੍ਰੰਥ) ਸਾਹਿਤ ਔਰਤ ਨੂੰ ਪੈਰ ਦੀ ਜੁੱਤੀ, ਬਘਿਆੜਨ, ਪਸ਼ੂ, ਗਵਾਰ ਕਹਿੰਦਾ ਰਿਹਾ ਹੈ। ਸੀ ਕੋਈ 'ਗੁਰੂ ਨਾਨਕ ਸਾਹਿਬ' ਤੋਂ ਪਹਿਲਾਂ ਜਿਸ ਨੇ ਕਦੇ ਔਰਤ ਦੇ ਹੱਕ ਵਿਚ ਆਵਾਜ਼ ਉਠਾਈ ਹੋਵੇ?

ਮੈਨੂੰ ਅੱਜ ਲਗਦਾ ਹੈ ਕਿ ਤੁਲਸੀ ਦਾਸ, ਗੋਰਖ ਨਾਥ ਤੇ ਬ੍ਰਾਹਮਣ ਮਨੂੰ ਨੂੰ ਔਰਤਾਂ ਦੇ ਸਭ ਤੋਂ ਵੱਡੇ ਕਾਤਲ ਐਲਾਨਿਆਂ ਜਾਣਾ ਚਾਹੀਦਾ ਹੈ, ਜਿਨ੍ਹਾਂ ਨੇ ਔਰਤ ਨੂੰ ਕਦੇ ਉਪਰ ਨਹੀਂ ਉੱਠਣ ਦਿੱਤਾ। ਖ਼ੈਰ ਜੇ ਇਧਰ ਨੂੰ ਤੁਰੀ ਗਏ ਤਾਂ ਕਹਾਣੀ ਬਹੁਤ ਲੰਮੀ ਹੋ ਜਾਵੇਗੀ।

ਅੰਤ ਵਿਚ ਪੰਜਾਬ ਦੇ ਲੋਕਾਂ ਨੂੰ ਬੇਨਤੀ ਕਰਨੀ ਚਾਹਾਂਗਾ ਕਿ ਭਾਵੇਂ ਮੈਨੂੰ ਪਤਾ ਹੈ ਕਿ ਤੁਸੀ ਕੁੜੀਆਂ ਦੇ ਏਡੇ ਵੱਡੇ ਕਾਤਲ ਨਹੀਂ ਹੋਵੋਗੇ, ਜਿੱਡਾ ਕਿ ਅੱਜ ਪ੍ਰਚਾਰਿਆ ਜਾ ਰਿਹਾ ਹੈ। ਇਹ ਸਰਕਾਰੀ ਅੰਕੜੇ ਹਨ, ਇਨ੍ਹਾਂ ਦੇ ਝੂਠ-ਸੱਚ ਬਾਰੇ ਕੁੱਝ ਨਹੀਂ ਕਿਹਾ ਜਾ ਸਕਦਾ। ਪਰ.... ਜੇ ਧੂੰਆਂ ਉਠਿਆ ਹੈ ਤਾਂ ਅੱਗ ਭੀ ਕਿਤੇ ਨਾ ਕਿਤੇ ਲੱਗੀ ਹੀ ਹੋਵੇਗੀ। ਮੈਨੂੰ ਪਤਾ ਹੈ ਕਿ ਅੱਜ ਦੇ ਦੌਰ ਵਿਚ ਕੁੜੀ ਜੰਮ ਕੇ ਉਸ ਨੂੰ 'ਸੰਭਾਲ' ਕੇ ਜਵਾਨ ਕਰਨਾ, ਭੁੱਖੇ ਬਘਿਆੜਾਂ ਤੋਂ ਬਚਾ ਕੇ ਰੱਖਣਾ, ਸੌਖੀ ਗੱਲ ਨਹੀਂ। ਪਰ.... ਤੁਸੀ ਕਲਗੀਧਰ ਦੇ ਪੁੱਤ-ਧੀਆਂ ਹੋ, ਕਦੇ ਮੁਸ਼ਕਲ ਤੋਂ

ਘਬਰਾਏ ਨਹੀਂ। ਵੱਡੀ ਤੋਂ ਵੱਡੀ ਮੁਸ਼ਕਲ ਦਾ ਟਾਕਰਾ ਕਰਦੇ ਆਏ ਹੋ। ਆਪਣੀਆਂ ਧੀਆਂ ਨੂੰ 'ਬੇਬੇ ਨਾਨਕੀ' ਤੋਂ ਲੈ ਕੇ 'ਮਾਤਾ ਗੁਜਰੀ' ਤੇ ਫਿਰ ਮਾਈ ਭਾਗੋ, ਹਰਸ਼ਰਨ ਕੌਰ, ਬੀਬੀ ਉਪਕਾਰ ਕੌਰ, ਬੀਬੀ ਸਤਵੰਤ ਕੌਰ ਦੇ ਅਡੋਲ ਸਿਦਕਾਂ ਦੀਆਂ ਵਾਰਤਾਵਾਂ ਸੁਣਾ ਕੇ ਵੱਡੀਆਂ ਕਰੋ। ਉਨ੍ਹਾਂ ਨੂੰ 'ਸੁੰਦਰੀ' ਤੇ 'ਸਤਵੰਤ ਕੌਰ' ਪੜ੍ਹਾ ਕੇ ਤਕੜੀਆਂ ਕਰੋ। ਉਨ੍ਹਾਂ ਦੇ ਗਲ ਕ੍ਰਿਪਾਨਾਂ ਪਵਾ ਕੇ ਉਨ੍ਹਾਂ ਦੇ ਹੌਸਲੇ ਵੱਡੇ ਕਰੋ ਤਾਂਕਿ ਉਹ ਜ਼ਾਲਮ ਨੂੰ ਮੂੰਹ 'ਤੇ ਜਵਾਬ ਦੇ ਸਕਣ। ਉਨ੍ਹਾਂ ਨੂੰ 'ਗੁਰਬਾਣੀ' ਪੜ੍ਹਨ ਦੀ ਚੇਟਕ ਲਾਉ... ਸਿਰਫ਼ 'ਗੁਰਬਾਣੀ' ਹੀ ਸਾਨੂੰ ਅੰਦਰੋਂ ਪਕੇਰਿਆਂ ਕਰ ਸਕਦੀ ਹੈ :

'ਹਰਿ ਕਾ ਨਾਮੁ ਕੋਟਿ ਲਖ ਬਾਹਾ ॥' ਹਰਿ ਜਸੁ ਕੀਰਤਨੁ ਸੰਗਿ ਧਨ ਤਾਹਾ ॥
ਗਿਆਨ ਖੜਗੁ ਕਰਿ ਕਿਰਪਾ ਦੀਨਾ, ਦੂਤ ਮਾਰੇ ਕਰਿ ਧਾਈ ਹੇ ॥ (1072)

ਤੇ ਜਦ ਏਨਾ ਜ਼ੋਰ ਤੇ ਹੌਸਲਾ ਲੈ ਕੇ ਸਾਡੀਆਂ ਧੀਆਂ ਬਾਹਰ ਨਿਕਲਣਗੀਆਂ ਤਾਂ ਕੋਈ ਉਨ੍ਹਾਂ ਦੀ 'ਵਾ ਵਲ ਭੀ ਨਹੀਂ ਵੇਖ ਸਕੇਗਾ...

'ਸਿਖਾ ਦੋ ਸਰ ਕੁਚਲਨੇ ਕਾ ਹੁਨਰ ਅਪਨੇ ਮਾਸੂਮ ਬੱਚੋਂ ਕੋ,
ਬਿਤਾਨੀ ਹੈ ਇਨੇਂ ਅਬ ਜਿੰਦਗੀ ਸਾਂਪੋਂ ਕੀ ਬਸਤੀ ਮੇਂ।'

..... ਤੇ ਫਿਰ ਸ਼ਾਇਦ ਪੇਟ ਵਿਚ ਕੁੜੀਆਂ ਨਹੀਂ ਮਾਰਨੀਆਂ ਪੈਣਗੀਆਂ.... ਜੇ ਫਿਰ ਕਦੇ ਤੁਹਾਡੇ ਦਿਮਾਗ ਵਿਚ ਧੀ ਨੂੰ ਮਾਰਨ ਦਾ ਵਿਚਾਰ ਆਏ ਤਾਂ ਬੀਬੀ ਰਾਜ ਕੌਰ ਨੂੰ ਯਾਦ ਕਰਿਓ ਜਿਸ ਨੂੰ ਉਸ ਦੇ ਮਾਪੇ ਜੰਮਦੀ ਨੂੰ ਹੀ ਮਾਰਨ ਲੱਗੇ ਸਨ ਤੇ ਜੇ ਕਿਤੇ ਉਹ ਮਰ ਜਾਂਦੀ ਤਾਂ ਨਾ ਹੋਣਾ ਸੀ ਮਹਾਰਾਜਾ ਰਣਜੀਤ ਸਿੰਘ, ਨਾ ਸਰਕਾਰ-ਏ-ਖ਼ਾਲਸਾ ਤੇ ਨਾ ਹੀ ਸਾਡਾ 40 ਸਾਲ ਦਾ ਉਹ ਸ਼ਾਨਮੱਤਾ ਇਤਿਹਾਸ। ਸੋ, ਕਿਰਪਾ ਕਰ ਕੇ ਕੁੜੀਆਂ ਨੂੰ ਦਲੇਰ ਬਣਾਉ ਨਾਕਿ ਉਨ੍ਹਾਂ ਦੇ ਪੈਦਾ ਹੋਣਾ ਦਾ ਅਧਿਕਾਰ ਖੋਹੋ..... ਨਹੀਂ ਤਾਂ ਯਾਦ ਰਖਿਓ, ਕਿ ਮਾੜੀ ਔਲਾਦ ਦਾ ਉਲਾਂਭਾ ਉਸ ਦੇ ਪਿਉ ਨੂੰ ਹੀ ਜਾਂਦਾ ਹੈ ਤੇ ਸ਼ਾਹਿਦ ਤੁਹਾਡੇ ਵਿਚੋਂ ਕੋਈ ਗੁਰੂ ਦਸਵੇਂ ਪਿਤਾ ਨੂੰ ਉਲਾਂਭਾ ਨਹੀਂ ਦਿਵਾਉਣਾ ਚਾਹੇਗਾ.... ਸੋ ਸੰਭਲੋ... ਆਉ ਧੀਆਂ ਨੂੰ ਨਾਲ ਲੈ ਕੇ ਅੱਗੇ ਵਧੀਏ ਤੇ ਗੰਧਲੇ ਨਿਜ਼ਾਮ ਨੂੰ ਸਾਫ਼ ਕਰਨ ਦਾ ਤਹੱਈਆ ਕਰੀਏ। ਵਾਹਿਗੁਰੂ ਭਲੀ ਕਰੇਗਾ।

ਬਚਿੱਤਰ ਨਾਟਕ ਵਿਚ ਔਰਤ ਦਾ ਅਪਮਾਨ

ਔਰਤ ਸੰਸਾਰ ਨੂੰ ਜੋ ਮਹਾਨ ਦੇਣ ਗੁਰਬਾਣੀ ਰਾਹੀਂ ਦਿੱਤੀ ਗਈ ਹੈ, ਉਹ ਲਾਮਿਸਾਲ ਹੈ। ਜੇ ਉਸ ਸੰਦੇਸ਼ ਨੂੰ ਉਚਿਤ ਢੰਗ ਨਾਲ ਲਾਗੂ ਕਰਨ ਵਾਸਤੇ ਉਪਰਾਲੇ ਕੀਤੇ ਜਾਣ ਤਾਂ ਸਮਾਜ ਵਿਚ ਔਰਤਾਂ ਦਾ ਜੀਵਨ ਪੱਧਰ ਪੁਰਸ਼ਾਂ ਦੇ ਬਰਾਬਰ ਆ ਸਕਦਾ ਹੈ। ਗੁਰਬਾਣੀ ਵਿਚਲੀ ਉੱਤਮ ਵੀਚਾਰਧਾਰਾ ਨੂੰ ਖੁੰਢੀ ਕਰਨ ਵਾਸਤੇ ਪਹਿਲਾਂ ਤਾਂ ਗੁਰੂ ਸਾਹਿਬ ਜੀ ਦੇ ਇਕ ਤੋਂ ਵੱਧ ਵਿਆਹ ਕਰਾਏ ਲਿਖ ਦਿੱਤੇ ਗਏ। ਗੁਰੂ ਅਰਜੁਨ ਜੀ ਦੇ ਦੋ ਵਿਆਹ। ਗੁਰੂ ਹਰਿ ਗੋਬਿੰਦ ਜੀ ਦੇ ਚਾਰ ਵਿਆਹ। ਸੱਤਵੇਂ ਗੁਰੂ ਜੀ ਦੇ ਸੱਤ ਵਿਆਹ। ਨੌਵੇਂ ਸਤਿਗੁਰੂ ਜੀ ਛੱਬੀ ਸਾਲ ਤੱਕ ਪਤਨੀ ਦੇ ਨੇੜੇ ਨਹੀਂ ਗਏ। ਦਸਵੇਂ ਪਾਤਿਸ਼ਾਹ ਜੀ ਨੇ ਤਿੰਨ ਵਿਆਹ ਕਰਵਾਏ। **ਇਥੇ ਹੀ ਸਬਰ ਨਹੀਂ ਹੋਇਆ। ਗੁਰੂ ਗੋਬਿੰਦ ਸਿੰਘ ਜੀ ਵਲੋਂ (ਅਖੌਤੀ) ਆਪਣੀ ਸਵੈ ਜੀਵਨੀ ਬਚਿੱਤਰ ਨਾਟਕ ਲਿਖ ਦਿੱਤਾ। ਜਿਸ ਵਿਚ ਹੋਰ ਕੂੜ ਕੁਫਰ ਤੋਂ ਇਲਾਵਾ ਸੱਤ ਸੌ ਪੰਨਿਆਂ ਵਿਚ ਔਰਤ ਨੂੰ ਰੋਲਿਆ ਗਿਆ ਹੈ। ਅਪਮਾਨਤ ਕੀਤੀ ਗਈ ਹੈ। ਧੋਖੇਬਾਜ਼ ਆਖੀ ਗਈ ਹੈ। ਸੈਕਸ ਦੀ ਭੁੱਖੀ ਹੈ। ਰਿਸ਼ੀਆਂ, ਮੁਨੀਆਂ ਦੀ ਤਪੱਸਿਆ ਭੰਗ ਕਰ ਦਿੰਦੀ ਹੈ। ਸਦਾ ਝੂਠ ਬੋਲਦੀ ਹੈ। ਆਦਮੀ ਨੂੰ ਚਾਹੀਦਾ ਹੈ ਕਿ ਔਰਤ ਨੂੰ ਕਦੀ ਆਪਣੇ ਦਿਲ ਦੀ ਗੱਲ ਨਾ ਦੱਸੇ। ਰੱਬ ਭੀ ਔਰਤ ਨੂੰ ਬਣਾ ਕੇ ਪਛਤਾਉਂਦਾ ਹੋਇਆ ਹੱਥ ਮਲਦਾ ਰਹਿ ਗਿਆ ਹੈ। ਚਾਰ ਸੌ ਚਾਰ ਚਰਿੱਤਰਾਂ ਦੁਆਰਾ ਜੱਗ ਜਨਨੀ, ਮਨੁੱਖਤਾ ਦਾ ਕੋਮਲ ਅੱਧ, ਇਸਤਰੀ ਨੂੰ ਗੁਰਬਾਣੀ ਨੇ ਜਿਨਾ ਸਤਿਕਾਰਿਆ ਸੀ, ਉਸ ਨੂੰ ਰੋਲ ਕੇ ਰੱਖ ਦਿੱਤਾ। ਇਸ ਗੰਦੀ ਲਿਖਤ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਨੱਥੀ ਕਰ ਦਿੱਤਾ ਗਿਆ।**

ਵਿਸ਼ਨੂੰ ਪੁਰਾਣ ਦੇ ਚੌਵੀ ਅਵਤਾਰਾਂ (ਕਾਲਪਨਿਕ) ਦੀ ਕਥਾ ਬਿਨਾਂ ਮਤਲਬ ਦਸਮ ਪਾਤਿਸ਼ਾਹ ਨਾਲ ਜੋੜੀ ਹੀ ਹੈ। ਸਿਤਮ ਇਹ ਕਿ ਕ੍ਰਿਸ਼ਨ ਅਵਤਾਰ ਦੀਆਂ ਬੇ ਸਿਰ ਪੈਰ ਦੀਆਂ ਕਹਾਣੀਆਂ ਨੇ ਪੌਣੇ ਚਾਰ ਸੌ ਪੰਨੇ ਕਾਲੇ ਕੀਤੇ ਪਏ ਹਨ। ਉਸ ਤੋਂ ਭੀ ਬੇਸ਼ਰਮੀ ਵਾਲੀ ਗੱਲ ਕਿ ਕ੍ਰਿਸ਼ਨ ਗੋਪੀਆਂ ਦੇ ਕੱਪੜੇ ਚੋਰੀ ਕਰਦਾ ਹੈ। ਪਾਣੀ ਵਿਚੋਂ ਉਪਰ ਉਠ ਕੇ ਗੋਪੀਆਂ ਨੂੰ ਇਕ ਇਕ ਅੰਗ ਨੰਗਾ ਕਰਨ ਲਈ ਕਹਿੰਦਾ ਹੈ। ਸਾਰੀਆਂ ਨੂੰ ਪਾਣੀ ਵਿਚੋਂ ਬਾਹਰ ਨਿਕਲ ਕੇ ਆਪਣੇ "ਅੱਗੇ ਪਿੱਛੇ" ਹੱਥ ਰੱਖ ਕੇ ਕਤਾਰ ਵਿਚ ਖੜੀਆਂ ਹੋਣ ਲਈ ਕਹਿੰਦਾ ਹੈ। ਇਸ ਤਰ੍ਹਾਂ ਹੋਣ ਤੋਂ ਬਾਅਦ ਦੋਵੇਂ ਹੱਥ ਜੋੜ ਕੇ ਨਮਸ਼ਕਾਰ ਕਰਨ ਲਈ ਹੁਕਮ ਦਿੰਦਾ ਹੈ। ਫਿਰ ਕਤਾਰ

ਵਿਚ ਖੜੀਆਂ ਕਰ ਕੇ ਸਾਰੀਆਂ ਦੀਆਂ ਚੁੰਮੀਆਂ ਲੈਂਦਾ ਹੈ। ਫਿਰ ਉਨ੍ਹਾਂ ਦੀਆਂ ਦੁੱਧੀਆਂ ਮਲਦਾ ਖਿਚਦਾ ਹੈ ਤੇ ਫਿਰ...? ਇਹ ਕਿਰਿਆ ਹਰ ਰੋਜ਼ ਹੋਣ ਲਗਦੀ ਹੈ। ਇਸ ਨੂੰ ਗੁਰੂ ਕ੍ਰਿਤ ਦੱਸਿਆ ਜਾ ਰਿਹਾ ਹੈ।

ਕਵੀ ਰਾਮ ਤੇ ਸ਼ਿਆਮ ਕਹਿੰਦੇ ਹਨ ਕਿ ਰਾਖਸ਼ਾਂ, ਮਨੁੱਖਾਂ ਜਾਂ ਦੇਵਤਿਆਂ ਦੀ ਕੀ ਹੈਸੀਅਤ ਹੈ। ਇਸਤਰੀ ਦਾ ਭੇਤ ਤਾਂ ਖੁਦ ਕਰਤਾਰ ਨਹੀਂ ਪਾ ਸਕਿਆ। ਪੜ੍ਹੋ-

ਅੰਤ ਤ੍ਰਿਯਨ ਕੇ ਕਿਨੂੰ ਨ ਪਾਯੋ। ਬਿਧਨਾ ਸਿਰਜਿ ਬਹੁਰਿ ਪਛੁਤਾਯੋ।
ਜਿਨ ਇਹ ਕੀਯੋ ਸਕਲ ਸੰਸਾਰੋ। ਵਹੈ ਪਛਾਨਿ ਭੇਦ ਤ੍ਰਿਯ ਹਾਰੋ। (1267)
ਚੰਚਲਾਨ ਕੇ ਚਰਿਤ ਅਪਾਰਾ। ਚਕ੍ਰਿਤ ਰਹਾ ਕਰਿ ਕਰਿ ਕਰਤਾਰਾ। (1351)

"ਔਰਤਾਂ ਵਿਚ ਚਾਰ ਸੌ ਚਰਿਤਰ ਹੁੰਦੇ ਹਨ", ਵਰਗੇ ਔਰਤਾਂ ਦਾ ਅਪਮਾਨ ਕਰਨ ਵਾਲੇ ਮੁਹਾਵਰੇ ਇਸੇ ਬਚਿੱਤਰ ਨਾਟਕ ਦੀ ਦੇਣ ਹਨ। ਸਿਰੇ ਦੀ ਨੰਗੀ ਭਾਸ਼ਾ ਵਰਤ ਕੇ, ਦੁਨੀਆਂ ਭਰ ਦਾ ਕੂੜ ਕੁਫਰ ਬਿਆਨ ਕਰ ਕੇ, ਔਰਤ ਜਗਤ ਦੀ ਬੇਇੱਜ਼ਤੀ ਕਰ ਕੇ ਇਸ ਨੂੰ ਗੁਰੂ ਗੋਬਿੰਦ ਸਿੰਘ ਦੀ ਸਵੈ ਜੀਵਨੀ ਆਖਣ ਦਾ ਪਾਪ ਕੀਤਾ ਜਾ ਰਿਹਾ ਹੈ। ਤ੍ਰਿਆ ਚਰਿੱਤਰਾਂ ਵਿਚ ਅਤਿਅੰਤ ਗੰਦੀਆਂ ਕਹਾਣੀਆਂ ਹਨ। ਪਰ ਭਾਸ਼ਾ ਦੀਆਂ ਵੰਨਗੀਆਂ ਪੜ੍ਹ ਕੇ ਵੇਖੋ। ਸ਼ਰਮ ਨਾਲ ਸਿਰ ਨੀਵਾਂ ਹੋ ਜਾਂਦਾ ਹੈ।

ਪ੍ਰੀਤ ਕੀਏ ਪ੍ਰਭ ਪਾਯਤ ਹੈ ਕਿਰਪਾਲ ਨ ਭੀਜਤ "ਲਾਂਡ ਕਟਾਏ"।
(ਕਾਲ ਉਸਤਤ - 46)

ਮੋ ਸੋ ਭੋਗ ਮੀਤ ਅਬ ਕਰੀਯੈ। ਯਾ ਚਿੰਤਾ ਤੈ ਨੈਕ ਨ ਡਰੀਯੈ।
ਪਕਰਿ ਮੀਤ ਅਪਨੇ ਉਪਰਿ ਲਯੋ ਚੜ੍ਹਾਇ।
ਤਾਂ ਸੋ ਰਤਿ ਮਾਨਤ ਭਈ ਲਪਟਿ ਲਪਟਿ ਸੁਖ ਪਾਇ। (1040)
ਰੈਨਿ ਸਕਲ ਤਿਨ ਤਰੁਨਿ "ਬਜਾਈ"। ਭਾਂਤਿ ਭਾਂਤਿ ਕੇ ਸਾਥ ਹੰਢਾਈ।
ਆਸਨ ਕਰੇ ਤਰੁਨ ਬਹੁ ਹਾਰਾ। ਚੁੰਬਨਾਦਿ ਨਖ ਘਾਤ ਅਪਾਰਾ।

(ਤਰੁਨ- ਕੁਆਰੀ ਲੜਕੀ, ਬਜਾਈ- ਭੋਗ ਕੀਤਾ, ਨਖਘਾਤ- ਨਹੁੰਆਂ ਨਾਲ ਜਖਮ ਕਰ ਦਿੱਤੇ।)

ਪੋਸਤ ਭਾਂਗ ਅਫੀਮ ਖਿਲਾਇ। ਆਸਨ ਤਾਂ ਤਰ ਦੀਯੋ ਬਨਾਇ।
ਚੁੰਬਨ ਰਾਏ ਅਲਿੰਗਨ ਲਏ। "ਲਿੰਗ" ਦੇਤ ਤਿਹ "ਭਗ" ਮੋ ਭਏ।
ਭਗ ਮੋ ਲਿੰਗ ਦੀਯੋ ਰਾਜਾ ਜਬ। ਰੁਚਿ ਉਪਜੀ ਤਰੁਨੀ ਕੇ ਜਿਯ ਤਬ।
ਲਪਟਿ ਲਪਟਿ ਆਸਨ ਤਰਿ ਗਈ। ਚੁੰਬਨ ਕਰਤ ਭੂਪ ਕੇ ਭਈ।
ਗਹਿ ਗਹਿ ਤਹਿ ਕੋ ਗਰੇ ਲਗਾਵਾ। ਆਸਨ ਸੋ ਆਸਨਹਿ ਛੁਹਾਵਾ।

ਅਧਰਨ ਸੋ ਦੋਊ ਅਧਰ ਲਗਾਈ। ਦੁਹੂੰ ਕੁਚਨ ਸੋ ਕੁਚਨ ਮਿਲਾਈ। (1358)

(ਅਧਰ- ਹੋਠ ਜਾਂ ਬੁੱਲ੍ਹ, ਕੁਚਨ- ਛਾਤੀਆਂ)

ਪੋਸਤ ਭਾਂਗ ਅਫੀਮ ਮੰਗਾਵਹਿ। ਏਕ ਸੇਜ ਦੋਊ ਬੈਠ ਚੜ੍ਹਾਵਹਿ। (1319)

ਸਾਕਤ ਮਤੀਏ ਇਤਨੇ ਬੇਸ਼ਰਮ ਲੋਗ ਹਨ ਕਿ ਦੇਵੀ ਦੀ ਉਸਤਤ ਕਰਦਿਆਂ ਭੀ ਭਗ (ਇਸਤਰੀ ਦਾ ਗੁਪਤ ਅੰਗ) ਅਤੇ ਲਿੰਗ (ਪੁਰਸ਼ ਦਾ ਗੁਪਤ ਅੰਗ) ਲਫਜਾਂ ਦੀ ਵਰਤੋਂ ਬਗੈਰ ਝਿਜਕ ਤੋਂ ਕਰਦੇ ਹਨ। ਸਗੋਂ ਸ਼ਿਵ ਅਤੇ ਪਾਰਬਤੀ ਦੇ ਗੁਪਤ ਅੰਗਾਂ ਦੀ ਪੂਜਾ ਕਰਦੇ ਹਨ। ਉਨ੍ਹਾਂ ਦੇ ਗ੍ਰੰਥਾਂ ਵਿਚਲੀਆਂ ਅਸ਼ਲੀਲ ਕਹਾਣੀਆਂ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੱਸੀਆਂ ਜਾ ਰਹੀਆਂ ਹਨ। ਗੁਰੂ ਸਾਹਿਬ ਦਾ ਅਤੇ ਕੁੱਲ ਔਰਤ ਵਰਗ ਦਾ ਬੇਖੌਫ਼ ਅਪਮਾਨ ਕੀਤਾ ਜਾ ਰਿਹਾ ਹੈ।

ਡਾ. ਰਤਨ ਸਿੰਘ ਜੱਗੀ ਦਸਮ ਗ੍ਰੰਥ ਦਾ ਕ੍ਰਿਤਿਤਵ (ਕਰਤਾ ਕੌਣ) ਵਿਚ ਸਪੱਸ਼ਟ ਲਿਖਦੇ ਹਨ ਕਿ ਤ੍ਰਿਆ ਚਰਿੱਤਰ ਅਯਾਸ਼ਾਂ ਬਦਮਾਸ਼ਾਂ ਦੀਆਂ ਕਹਾਣੀਆਂ ਨਾਲ ਭਰਿਆ ਪਿਆ ਹੈ। ਇਥੇ ਹੀਰ ਰਾਂਝਾ, ਸੱਸੀ ਪੁੰਨੂੰ, ਮਿਰਜਾ ਸਾਹਿਬਾਂ, ਸੋਹਣੀ ਮਹੀਵਾਲ, ਯੂਸਫ ਜੁਲੈਖਾ ਆਦਿ ਆਸ਼ਕਾਂ ਦੇ ਕਿੱਸੇ ਹਨ। ਇਸ ਵਿਚ ਬੈਤਾਲ ਬਤੀਤੀ ਤੇ ਪੰਚਾਲ ਪਚੀਸੀ ਵਰਗੀਆਂ ਮਨੋਕਲਪਤ ਕਹਾਣੀਆਂ ਹਨ। ਕੁੱਝ ਲੋਕਾਂ ਵਿਚ ਪ੍ਰਚਲਤ ਟੋਟਕੇ ਘੜ ਕੇ ਜੋੜ ਕੇ ਪਾਏ ਹਨ। ਮਹਾਂਭਾਰਤ, ਰਾਮਾਇਣ ਅਤੇ ਹੋਰ ਹਿੰਦੂ ਪੌਰਾਣਕ ਸਾਹਿਤ ਵਿਚੋਂ ਟੋਟਕੇ ਲੈ ਕੇ ਬਚਿੱਤਰ ਨਾਟਕ ਵਿਚਲਾ ਤ੍ਰਿਆ ਚਰਿੱਤਰ ਤਿਆਰ ਕੀਤਾ ਗਿਆ ਹੈ।

ਕਾਸ਼! ਸਿੱਖ ਕੇਵਲ ਇਕੋ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਮੁਕਤੀ ਦਾਤਾ ਸਵੀਕਾਰ ਕਰ ਲੈਣ।

ਪਾਕ ਜੀਵਨ ਵਾਲੀਆਂ ਸੰਸਾਰ ਦੀਆਂ ਸਾਰੀਆਂ ਔਰਤਾਂ ਸਤਿਕਾਰ ਯੋਗ ਹਨ। ਧਿਆਨ ਰਹੇ ਲਗਪਗ ਸਾਰੀਆਂ ਮਾਤਾਵਾਂ ਆਪਣੇ ਪਿਤਾ, ਪਤੀ ਜਾਂ ਪੁੱਤਰ ਦੇ ਕਾਰਨ ਜਾਣੀਆਂ ਜਾਂਦੀਆਂ ਹਨ। ਉਨ੍ਹਾਂ ਦੀ ਕੋਈ ਸੁਤੰਤਰ ਹਸਤੀ ਉੱਭਰ ਨਹੀਂ ਸਕੀ। ਹਿੰਦੂਆਂ ਦੇ ਪੌਰਾਣਕ ਗ੍ਰੰਥਾਂ ਵਿਚ ਬੇਅੰਤ ਕਹਾਣੀਆਂ ਮਨੁੱਖਾਂ ਨੂੰ ਕੁਰਾਹੇ ਪਾਉਣ ਵਾਲੀਆਂ ਹਨ। ਔਰਤਾਂ ਦਾ ਨਿਰਾਦਰ ਕਰਨ ਵਾਲੀਆਂ ਹਨ। ਸਿੱਖਾਂ ਵਿਚਲੇ ਡੇਰਿਆਂ ਟਕਸਾਲਾਂ ਵਿਚੋਂ ਬ੍ਰਾਹਮਣੀ ਗ੍ਰੰਥ ਪੜ੍ਹ ਕੇ ਕਥਾ ਵਾਚਕ ਅਤੇ "ਸੰਤ" ਨਿਰਲੱਜਤਾ ਨਾਲ ਇਹ ਕਹਾਣੀਆਂ ਸੁਣਾਈ ਜਾਂਦੇ ਹਨ। ਸ਼ਰਧਾਵਾਨ ਭੋਲੇ ਭਾਲੇ ਲੋਕਾਂ ਨੂੰ ਬ੍ਰਾਹਮਣੀ ਖਾਰੇ ਸਾਗਰ ਵਿਚ ਗਰਕ ਕਰੀ ਜਾ ਰਹੇ ਹਨ। ਗੁਰੂ ਨਾਨਕ ਦੇ ਦਰ ਤੋਂ ਪੇਟ ਪੂਰਤੀ ਕਰ ਕੇ, ਸੰਗਤਾਂ ਤੋਂ ਮਾਇਆ ਬਟੋਰ ਕੇ, ਕਾਰਾਂ ਵਾਲੇ, ਮਹਿਲਾਂ ਕਾਲੇ ਬਣ ਕੇ ਵੱਡੀਆਂ ਗੋਗੜਾਂ ਫੁਲਾ ਕੇ, ਜਸ ਗੁਰੂ ਦਾ ਨਹੀਂ

ਕਰਦੇ। ਜੀਵਨ ਵਾਲੇ ਪਰਉਪਕਾਰੀ ਸ਼ਹੀਦਾਂ ਸਿੰਘਾਂ, ਸਿੰਘਣੀਆਂ ਦਾ ਜਸ ਭੀ ਨਹੀਂ ਕਰਦੇ, ਜਾਂ ਤਾਂ ਆਪਣੇ ਮਖੱਟੂ ਡੇਰੇਦਾਰਾਂ ਦਾ ਗੁਣ ਗਾਇਨ ਕਰਦੇ ਹਨ, ਜਾਂ ਹਿੰਦੂ ਪੌਰਾਣਕ ਪਾਤਰਾਂ ਦੀ ਤਾਰੀਫ ਦੇ ਪੁਲ ਬੰਨ੍ਹਦੇ ਹਨ। "ਮੁਰਦਾ ਸਾਹਿਤ" ਨੂੰ ਪਿਆਰਦੇ ਹਨ, "ਜੀਵਤ ਸਾਹਿਤ" ਨੂੰ ਪੈਰਾਂ ਹੇਠ ਲਿਤਾੜਦੇ ਹਨ। ਇਸ ਕਰਤੂਤ ਨੂੰ "ਜਿਸ ਥਾਲੀ ਵਿਚ ਖਾਣਾ ਉਸੇ ਵਿਚ ਛੇਕ ਪਾਣਾ", ਨਹੀਂ ਆਖਿਆ ਜਾਵੇਗਾ? ਹਿੰਦੂਆਂ ਦਾ ਅਜਿਹਾ ਕੋਈ ਮੰਦਰ ਨਹੀਂ, ਕੋਈ ਪ੍ਰਚਾਰਕ ਨਹੀਂ, ਜਿਥੇ ਪੌਰਾਣਕ ਕੂੜ ਪ੍ਰਚਾਰ ਨੂੰ ਤਿਆਗ ਕੇ, ਗੁਰੂ ਸਾਹਿਬ ਵਲੋਂ ਕੀਤੇ ਉਪਕਾਰਾਂ ਦੀ ਗਾਥਾ ਛੇੜੀ ਜਾਂਦੀ ਹੋਵੇ। ਗੁਰਬਾਣੀ ਦੇ ਮਨੁੱਖਤਾ ਹਿਤੂ ਲਾਸਾਨੀ ਉਪਦੇਸ਼ ਸੁਣਾਏ ਜਾਂਦੇ ਹੋਣ। ਹੋਰ ਤਾਂ ਹੋਰ ਨੌਵੇਂ ਸਤਿਗੁਰੂ ਜੋ ਵਿਸ਼ੇਸ਼ ਤੌਰ 'ਤੇ ਹਿੰਦੂਆਂ ਦੇ ਧਰਮ ਗੁਰੂ ਬ੍ਰਾਹਮਣਾਂ ਦੀ ਫਰਿਆਦ ਸੁਣ ਕੇ, ਆਪਣਾ ਸੀਸ ਤੱਕ ਕਟਵਾ ਦੇਣ। ਇਹ ਅਘ੍ਰਿਤਘਣ ਲੋਕ ਮੰਦਰਾਂ ਵਿਚ ਉਨ੍ਹਾਂ ਨੂੰ ਯਾਦ ਤੱਕ ਨਹੀਂ ਕਰਦੇ। ਸਿੱਖਾਂ ਵਲੋਂ ਵਾਹੀਆਂ ਤੇਗਾਂ, ਸੂਰਮਗਤੀ ਨਾਲ ਜਿੱਤੇ ਜੰਗ, ਸਿਰਾਂ ਦੇ ਚਿਣਾਏ ਮੀਨਾਰ, ਖੂਨ ਦੇ ਵਗਾਏ ਦਰਿਆ, ਸਭ ਭੁੱਲ ਗਏ। ਕਿੱਡੇ ਨੀਚ ਅਤੇ ਪਾਪੀ ਹਨ, ਉਹ ਟੁੱਕੜਬੋਚ ਕਥਾਵਾਚਕ ਤੇ ਲੇਖਕ ਅਤੇ ਡੇਰੇਦਾਰ ਸਾਧ, ਜੋ ਰਾਮ, ਕ੍ਰਿਸ਼ਨ, ਬ੍ਰਹਮਾ, ਵਿਸ਼ਨੂੰ, ਸੀਤਾ, ਦ੍ਰੋਪਦੀ ਦੀਆਂ ਬਨਾਵਟੀ ਕਹਾਣੀਆਂ ਸੁਣਾਉਂਦੇ ਰੱਤਾ ਮਾਸਾ ਸ਼ਰਮ ਨਹੀਂ ਕਰਦੇ। ਕਿਥੇ ਢੋਈ ਮਿਲੇਗੀ ਇਨ੍ਹਾਂ ਪਾਪੀਆਂ ਨੂੰ?

ਹਿੰਦੂ ਸਮਾਜ ਵਿਚ ਦ੍ਰੋਪਦੀ ਦੁਖਿਆਰੀ ਹਮਦਰਦੀ ਦੀ ਪਾਤਰ ਹੈ। ਪਤੀ ਰਾਮ ਨਾਲ ਘਰੇਲੂ ਕਾਰਨਾਂ ਵਸ, ਸੀਤਾ ਬਨਵਾਸ ਕਟਦੀ ਸਤਿਕਾਰਯੋਗ ਮਾਤਾ ਹੈ। ਕੁੱਝ ਭੀ ਨਾ ਸੰਵਾਰਨ ਵਾਲੀ ਦੁਰਗਾ ਮਾਤਾ ਹੈ। ਲਕਸ਼ਮੀ, ਸਰਸਵਤੀ ਤੇ ਪਾਰਬਤੀ ਸਤਿਕਾਰਤ ਹਨ। ਮਾਤਾ ਤ੍ਰਿਪਤਾ ਇਨ੍ਹਾਂ ਲਈ ਕੁੱਝ ਨਹੀਂ ਹੈ। ਬੀਬੀ ਭਾਨੀ ਜੀ, ਮਾਤਾ ਗੰਗਾ ਜੀ, ਬੇਬੇ ਨਾਨਕੀ ਜੀ, ਮਾਤਾ ਨਾਨਕੀ ਜੀ (ਇਕ ਗੁਰੂ ਨਾਨਕ ਦੀ ਭੈਣ, ਇਕ ਗੁਰੂ ਹਰਿਗੋਬਿੰਦ ਜੀ ਦੀ ਪਤਨੀ) ਇਨ੍ਹਾਂ ਦੀਆਂ ਕੁੱਝ ਨਹੀਂ ਲਗਦੀਆਂ। ਚਾਰੇ ਸਾਹਿਬਜ਼ਾਦਿਆਂ, ਜੋਧਿਆਂ ਨੂੰ ਜਨਮ ਦੇਣ ਵਾਲੀ ਮਾਤਾ ਸੁੰਦਰੀ ਜੀ, ਇਨ੍ਹਾਂ ਨੇ ਵਿਸਾਰ ਦਿੱਤੀ। ਭਾਰਤ ਦੀ ਇੱਕੋ ਇੱਕ (ਔਰਤਾਂ ਵਿਚੋਂ) ਮਹਾਨ ਸ਼ਹੀਦ, ਮਾਤਾ ਗੁਜ਼ਰੀ ਜੀ, ਬੜੀ ਨਿਰਲੱਜਤਾ ਨਾਲ ਭੁਲਾ ਦਿੱਤੀ। ਜਿਸ ਨੇ ਪਤੀ ਗੁਰੂ ਤੇਗ ਬਹਾਦਰ "ਹਿੰਦੂ ਧਰਮ" ਲਈ, ਦਿੱਲੀ ਚਾਂਦਨੀ ਚੌਕ ਸ਼ਹੀਦੀ ਲਈ ਟੋਰਿਆ। ਬਾਲਕ ਗੋਬਿੰਦ ਰਾਏ (ਗੁਰੂ) ਯੋਗ ਸਹਾਇਤਾ ਦੇ ਕੇ ਜਿੰਮੇਵਾਰੀ ਤਕ ਪਹੁੰਚਾਇਆ। ਭਿਆਨਕ ਜੰਗ ਅੱਖੀਂ ਵੇਖੇ, ਅਨੇਕ ਮੁਸੀਬਤਾਂ ਝੱਲੀਆਂ। ਦੋ ਪੋਤਰੇ, ਪੁੱਤਰ ਗੁਰੂ ਗੋਬਿੰਦ ਸਿੰਘ ਜੀ, ਪੁੱਤਰਾਂ ਸਮਾਨ ਸਿੰਘ ਸੂਰਮੇ, ਵਿੱਛੜ ਗਏ

ਜਾਂ ਸ਼ਹੀਦ ਹੋ ਗਏ। ਮਾਸੂਮ ਨਿੱਕੀਆਂ ਜਿੰਦਾ ਛੋਟੇ ਸਾਹਿਬਜ਼ਾਦੇ, ਮਾਂ ਤੋਂ ਵਿੱਛੜ ਗਏ। ਦਾਦੀ ਮਾਂ ਨਾਲ ਸਰਹੰਦ ਵਿਚ ਤਸੀਹੇ ਦੇ ਕੇ ਸ਼ਹੀਦ ਕੀਤੇ ਗਏ। ਇਹ ਸਾਰੇ "ਜੱਗੋਂ ਤੇਹਰਵੀਂ" ਵਾਲੇ ਦੁੱਖ, ਮਾਤਾ ਗੁਜਰੀ ਜੀ ਨੇ ਆਪਣੇ ਸਿਰ 'ਤੇ ਝੱਲੇ। ਜਾਲਮ ਹਕੂਮਤ ਨੇ ਮਾਤਾ ਜੀ ਨੂੰ ਭੀ ਸ਼ਹੀਦ ਕਰ ਦਿੱਤਾ। ਦੁਨੀਆਂ ਵਿਚੋਂ ਮਹਾਨ ਮਾਤਾ, ਸ਼ਹੀਦਾ ਮਾਤਾ, ਹਿੰਦੂ ਸਮਾਜ ਨੇ "ਮਾਤਾ" ਨਹੀਂ ਮੰਨੀ। ਸੀਤਾ ਮਾਤਾ, ਦੁਰਗਾ ਮਾਤਾ, ...ਜਿਨ੍ਹਾਂ ਨੇ ਲੋਕਾਂ ਦਾ ਕੁੱਝ ਨਹੀਂ ਸੰਵਾਰਿਆ, ਉਨ੍ਹਾਂ ਨੂੰ "ਮਾਤਾ" ਆਖ ਕੇ ਗੁਣਗਾਨ ਕਰ ਰਹੇ ਹਨ। ਦੂਜੇ ਤਾਂ ਅਘ੍ਰਿਤਘਣ ਬਣੇ ਹੀ ਸਨ, ਕੀ ਸਿੱਖੀ ਸ਼ਕਲਾਂ ਵਾਲੇ ਕਥਾਕਾਰ (ਤੇ ਲੇਖਕ) ਭੀ ਐਡੇ ਨਿਰਦਈ ਪੱਥਰ ਹੋ ਗਏ ਹਨ? ਕੀ ਸਤਿਕਾਰਯੋਗ ਸਿੱਖ ਮਾਤਾਵਾਂ ਨੂੰ, ਮਾਵਾਂ ਤੁੱਲ ਨਹੀਂ ਸਮਝਦੇ? ਹਿੰਦੂ ਪੌਰਾਣਕ ਗ੍ਰੰਥਾਂ ਵਿਚਲੀਆਂ (ਕਾਲਪਨਿਕ) ਬੀਬੀਆਂ ਨਾਲ ਬਹੁਤ ਹੇਜ਼ ਜਾਗ ਪਿਆ ਹੈ? ਕੀ ਇਨ੍ਹਾਂ ਕਥਾਕਾਰਾਂ ਨੂੰ ਗੁਰਦੁਆਰਿਆਂ ਦੀਆਂ ਸਟੇਜਾਂ 'ਤੇ ਬੋਲਣ ਦਿੱਤਾ ਜਾਣਾ ਚਾਹੀਦਾ ਹੈ? ਇਨ੍ਹਾਂ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਨੂੰ ਅਰਥਾਂ ਸਮੇਤ ਕਦੀ ਨਹੀਂ ਪੜ੍ਹਿਆ। ਸਗੋਂ ਦਸਮ ਗ੍ਰੰਥ (ਅਸਲੀ ਨਾਮ ਬਚਿੱਤਰ ਨਾਟਕ) ਰਾਹੀਂ, ਅਸ਼ਲੀਲ, ਸਭਿਆਤਾਹੀਣ ਅਤੇ ਇਸਤਰੀ ਵਰਗ ਦਾ ਪੁੱਜ ਕੇ ਅਪਮਾਨ ਕਰਨ ਵਾਲੀਆਂ ਕਥਾਵਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੱਸ (ਮੰਨ) ਰਹੇ ਹਨ। ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਬਚਿੱਤਰ ਨਾਟਕ ਨੂੰ ਟਿਕਾਣਾ ਚਾਹੁੰਦੇ ਹਨ। ਇਸ ਦੀਆਂ ਲੱਚਰ ਸਿੱਖਿਆਵਾਂ ਲੋਕਾਂ ਦੀ ਖੋਪਰੀ ਵਿਚ ਦਾਖਲ ਕਰਨਾ ਚਾਹੁੰਦੇ ਹਨ।

ਅੰਧੇ ਅਕਲੀ ਬਾਹਰੇ ਕਿਆ ਤਿਨ ਸਿਉ ਕਹੀਐ॥
ਬਿਨੁ ਗੁਰ ਪੰਥੁ ਨ ਸੂਝਈ, ਕਿਤੁ ਬਿਧਿ ਨਿਰਬਹੀਐ॥
ਖੋਟੇ ਕਉ ਖਰਾ ਕਹੈ, ਖਰੇ ਸਾਰ ਨ ਜਾਣੈ॥
ਅੰਧੇ ਕਾ ਨਾਉ ਪਾਰਖੂ, ਕਲੀ ਕਾਲ ਵਿਡਾਣੈ॥
ਸੂਤੇ ਕਉ ਜਾਗਤ ਕਹੈ, ਜਾਗਤ ਕਉ ਸੂਤਾ॥
ਜੀਵਤ ਕਉ ਮੂਆ ਕਹੈ, ਮੂਏ ਨਹੀ ਰੋਤਾ॥
ਆਵਤ ਕਉ ਜਾਤਾ ਕਹੈ, ਜਾਤੇ ਕਉ ਆਇਆ॥
ਪਰ ਕੀ ਕਉ ਆਪੁਨੀ ਕਹੈ, ਅਪੁਨੋ ਨਹੀ ਭਾਇਆ॥
ਮੀਠੇ ਕਉ ਕਉੜਾ ਕਹੈ, ਕੜੂਏ ਕਉ ਮੀਠਾ॥
ਰਾਤੇ ਕੀ ਨਿੰਦਾ ਕਰਹਿ, ਐਸਾ ਕਲਿ ਮਹਿ ਡੀਠਾ॥
ਚੇਰੀ ਕੀ ਸੇਵਾ ਕਰਹਿ, ਠਾਕੁਰੁ ਨਹੀ ਦੀਸੈ॥
ਪੋਖਰੁ ਨੀਰੁ ਵਿਰੋਲੀਐ, ਮਾਖਨੁ ਨਹੀ ਰੀਸੈ॥

ਇਸੁ ਪਦ ਜੋ ਅਰਥਾਇ ਲੇਇ ਸੋ ਗੁਰੂ ਹਮਾਰਾ॥

ਨਾਨਕ ਚੀਨੈ ਆਪ ਕਉ, ਸੋ ਅਪਰ ਅਪਾਰਾ॥ (ਗੁਰੂ ਗ੍ਰੰਥ ਸਾਹਿਬ - 229)

ਅਕਲ ਦੇ ਅੰਨ੍ਹੇ ਲੋਕਾਂ ਨੂੰ ਕੀ ਸਮਝਾਈਏ? ਉਨ੍ਹਾ ਨੇ ਗੁਰੂ ਦੀ ਆਖੀ ਗੱਲ ਮੰਨੀ ਹੀ ਨਹੀਂ, ਗੁਰੂ ਹੀ ਸਹੀ ਰਾਹ ਪਾਉਣ ਦੇ ਸਮਰਥ ਹੈ। ਮੂਰਖ ਲੋਕ ਖੋਟੇ ਨੂੰ ਖਰਾ ਕਹੀ ਜਾਂਦੇ ਨੇ। ਖਰੇ ਬਾਰੇ ਗਿਆਨ ਨਹੀਂ। ਅਕਲ ਦੇ ਅੰਨ੍ਹੇ ਨੂੰ ਵੱਡਾ ਪਾਰਖੂ ਮੰਨੀ ਜਾਂਦੇ ਹਨ। ਇਹੀ ਤਾਂ ਕਲਜੁਗ ਹੈ। ਅਗਿਆਨਤਾ ਵਿਚ ਸੁੱਤੇ ਨੂੰ ਜਾਗਦਾ (ਗਿਆਨਵਾਨ) ਸਮਝੀ ਜਾਂਦੇ ਹਨ। ਜਾਗਦੇ ਨੂੰ ਸੁੱਤਾ ਦਸਦੇ ਹਨ। ਜੋ ਆਤਮਾ ਪੱਖੋਂ ਬਲਵਾਨ ਹਨ, ਜਾਗਦੇ ਹਨ, ਉਨ੍ਹਾਂ ਨੂੰ ਸੁੱਤੇ ਸਮਝ ਰਹੇ ਹਨ। ਜੋ ਵਿਕਾਰਾਂ ਨੂੰ ਤਿਆਗ ਕੇ ਨੇਕ ਮਨੁੱਖ ਬਣ ਗਏ ਹਨ, ਉਨ੍ਹਾਂ ਨੂੰ ਗਏ ਗੁਜ਼ਰੇ ਤੇ ਮਰੇ ਆਖਿਆ ਜਾ ਰਿਹਾ ਹੈ। ਜੋ ਵਿਕਾਰਾਂ ਵਿਚ ਗਰਕ ਹੋ ਗਏ ਹਨ, ਨੇਕੀ ਵੱਲੋਂ ਮਰ ਗਏ ਹਨ, ਉਨ੍ਹਾਂ ਨੂੰ ਕੋਈ ਨਹੀਂ ਰੋਂਦਾ। ਜੋ ਰੱਬੀ ਰਾਹ (ਗੁਰ ਮਾਰਗ) ਤੇ ਚਲਦੇ ਹਨ, ਉਨ੍ਹਾ ਬਾਰੇ ਕਹਿੰਦੇ ਹਨ, ਕੁਰਾਹੇ ਪੈ ਗਿਆ। ਜੋ ਰੱਬ ਵਲੋਂ ਗਿਆ, ਉਹਨੂੰ ਕਹਿ ਰਹੇ ਹਨ ਠੀਕ ਰਾਹ 'ਤੇ ਆ ਗਿਆ ਹੈ। ਪਰਾਈਆਂ ਵਸਤਾਂ ਨੂੰ "ਨਾ ਹੱਕ" ਆਪਣੀਆਂ ਆਖਿਆ ਜਾ ਰਿਹਾ ਹੈ। ਜੋ ਆਪਣਾ ਸਾਰਾ ਕੁੱਝ ਲੁੱਟਿਆ ਗਿਆ ਹੈ, ਉਸ ਦਾ ਚੇਤਾ ਹੀ ਨਹੀਂ। ਗੁਰੂ ਦੀ ਮੱਤ (ਗਿਆਨ) ਇਹਨੂੰ ਕਉੜਾ ਮੰਨੀ ਜਾ ਰਹੇ ਹਨ। ਬੁਰਾਈਆਂ ਅਤੇ ਜ਼ਹਿਰ ਵਰਗੇ ਮੰਦੇ ਵਿਹਾਰ ਚੰਗੇ ਲਗਦੇ ਹਨ। ਜੋ ਪਰਮੇਸ਼ਰ ਨਾਲ ਇਕ ਮਿਕ ਹਨ, ਉਨ੍ਹਾਂ ਦੀ ਨਿੰਦਾ ਕੀਤੀ ਜਾ ਰਹੀ ਹੈ। ਐਸਾ ਹੈ ਇਸ ਕਲਜੁਗ ਦਾ ਵਰਤਾਰਾ। ਨੌਕਰਾਣੀ (ਮਾਇਆ) ਆਦਿ ਪਿੱਛੇ ਸਭ ਕੁੱਝ ਦਾਅ 'ਤੇ ਲਾਇਆ ਜਾ ਰਿਹਾ ਹੈ। ਨਿਰੰਕਾਰ ਯਾਦ ਹੀ ਨਹੀਂ ਰਿਹਾ। ਇਹ ਮੂਰਖ ਲੋਕ ਪਾਣੀ ਵਿਚ ਮਧਾਣੀ ਪਾ ਕੇ (ਸਮਝੋ) ਪਾਣੀ ਨੂੰ ਰਿੜਕ ਰਹੇ ਹਨ। ਕਦੀ ਪਾਣੀ ਵਿਚੋਂ ਮੱਖਣ ਥੋੜ੍ਹਾ ਹੀ ਨਿਕਲਿਆ ਹੈ? ਜੋ ਮਨੁੱਖ ਇਨ੍ਹਾਂ ਡੂੰਘੀਆਂ ਰਮਜਾਂ ਨੂੰ ਸਮਝ ਲਵੇ ਮੈਂ ਉਸਨੂੰ ਗੁਰੂ (ਨਿਮਰਤਾ ਭਾਵ ਹੈ) ਮੰਨ ਲਵਾਂਗਾ। ਹੇ ਨਾਨਕ! ਜੋ ਵਿਅਕਤੀ ਆਪਣੇ ਆਪੇ ਦੀ ਪਛਾਣ ਕਰ ਲਵੇ। ਪਛਾਣ ਕਰ ਕੇ, ਬੁਰਾਈ ਅੰਦਰੋਂ ਤਿਆਗ ਦੇਵੇ। ਗੁਰੂ ਦਰਸਾਈ ਨੇਕੀ ਨੂੰ ਅਪਣਾ ਲਵੇ, ਉਹ ਅਪਰ ਅਪਾਰ ਹੈ, ਮਹਾਨ ਹੈ।

ਬਚਿੱਤਰ ਨਾਟਕ ਵਿਚ ਲਿਖੀਆਂ ਪੌਰਾਣਕ ਕਥਾਵਾਂ ਨੇ ਸਿੱਖ ਪੰਥ ਨੂੰ ਗੁਰਬਾਣੀ ਨਾਲੋਂ ਤੋੜ ਕੇ ਕਾਮੀ ਕਰੋਧੀ ਕਾਲਪਨਿਕ ਦੇਵਤਿਆਂ ਨਾਲ ਜੋੜਨਾ ਹੈ। ਇਨ੍ਹਾ ਕੁਫਰ ਕਥਾਵਾਂ ਵਾਲੇ ਹਿੰਦੂ ਸਮਾਜ ਦੀ ਤਸਵੀਰ ਵੇਖ ਕੇ ਸਹਿਜੇ ਹੀ ਅੰਦਾਜ਼ਾ ਲੱਗ ਜਾਂਦਾ ਹੈ ਕਿ ਇਹ ਕੀ ਸਿੱਖਿਆ ਦਿੰਦੀਆਂ ਹਨ। ਜੇ ਉਭਰਨਾ ਚਾਹੁੰਦੇ ਹੋ ਤਾਂ ਗੁਰੂ ਨਾਨਕ ਬਾਬਾ ਜੀ ਦੀ ਨਿਰੋਲ ਸੋਨਾ, ਸੁੱਚੀ ਸਿੱਖਿਆ ਲੋਕਾਂ

ਨੂੰ ਦਿਓ। ਪੌਰਾਣਕ ਕੁਫਰ ਨੂੰ ਤਿਆਗੋ।

ਏਤੇ ਅਉਰਤ ਮਰਦਾਂ ਸਾਜੇ, ਏ ਸਭ ਰੂਪ ਤੁਮ੍ਾਰੇ ॥
ਕਬੀਰ ਪੂੰਗਰਾ ਰਾਮ ਅਲਹ ਕਾ ਸਭ ਗੁਰ ਪੀਰ ਹਮਾਰੇ ॥
ਕਹਤ ਕਬੀਰ ਸੁਨਹੁ ਨਰ ਨਰਵੈ, ਪਰਹੁ ਏਕ ਕੀ ਸਰਨਾ ॥
ਕੇਵਲ ਨਾਮੁ ਜਪਹੁ ਰੇ ਪ੍ਰਾਨੀ, ਤਬ ਹੀ ਨਿਹਚੈ ਤਰਨਾ॥ (1349)


ਹੇ ਭਾਈ! ਨਿਰੰਕਾਰ ਜੀ ਨੇ ਕਿੰਨੇ ਸਾਰੇ (ਅਣਗਿਣਤ) ਔਰਤਾਂ ਮਰਦ ਸਾਜ ਦਿੱਤੇ ਹਨ। ਇਹ ਸਭ ਮਾਨੋਂ ਉਸੇ ਦਾ ਰੂਪ ਹਨ, ਨਫਰਤ ਨਹੀਂ ਕਿਸੇ ਨਾਲ ਕਰਨੀ। ਕਬੀਰ ਭੀ ਨਿਰੰਕਾਰ ਦਾ ਪੁੱਤਰ ਹੈ। ਜਿਨ੍ਹਾਂ ਗੁਰੂਆਂ ਪੀਰਾਂ ਨੇ ਸੰਸਾਰ ਨੂੰ ਚੰਗੀ ਮੱਤ ਦਿੱਤੀ, ਰੱਬੀ ਰਾਹ ਟੋਰਿਆ, ਮੈਂ ਉਨ੍ਹਾਂ ਸਾਰਿਆਂ ਦਾ ਸਤਿਕਾਰ ਕਰਦਾ ਹਾਂ। ਉਹ ਮੇਰੇ ਆਪਣੇ ਹਨ। ਸੰਸਾਰ ਦੇ ਪੁਰਸ਼ੋ, ਸੰਸਾਰ ਦੀਆਂ ਬੀਬੀਓ (ਔਰਤੋ) ਸਿਰਫ ਇਕ ਪਰਮਾਤਮਾ ਦੇ ਚਰਨੀ ਲੱਗੋ। ਹੋਰ ਦੇਵੀ ਦੇਵਤੇ ਆਦਿ ਤਿਆਗ ਦਿਓ। ਸਿਰਫ ਨਿਰੰਕਾਰ ਨੂੰ ਯਾਦ ਰੱਖੋ। ਸਾਰੇ ਪਾਖੰਡ ਤਿਆਗ ਦਿਓ। ਫਿਰ ਵਿਸ਼ਵਾਸ ਰੱਖੋ! ਸੰਸਾਰ ਸਮੁੰਦਰ ਤੋਂ ਸਫਲਤਾ ਸਹਿਤ ਪਾਰ ਹੋ ਜਾਉਗੇ।

ਗਲੀ ਅਸੀ ਚੰਗੀਆਂ, ਆਚਾਰੀ ਬੁਰੀਆਹ ॥
ਮਨਹੁ ਕੁਸੁਧਾ ਕਾਲੀਆ, ਬਾਹਰਿ ਚਿਟਵੀਆਹ ॥
ਰੀਸਾ ਕਰਹਿ ਤਿਨਾੜੀਆ, ਜੋ ਸੇਵਹਿ ਦਰ ਖੜੀਆਹ ॥ (85)

ਗੁਰੂ ਨਾਨਕ ਸਾਹਿਬ ਜੀ ਦਾ ਔਰਤਾਂ ਪ੍ਰਤੀ ਬਰਾਬਰੀ ਵਾਲਾ ਹੁਕਮ

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (473)

ਲੋਕਾਂ ਦੀ ਸੋਚ.....



ਪਾਪਣ ਹੈ
ਵੇਸ਼ਵਾ ਹੈ
ਡਾਇਣ ਹੈ
ਦੇਵਦਾਸੀ ਹੈ
ਟੂਣੇ ਹਾਰੀ ਹੈ
ਖੇਖਣਹਾਰੀ ਹੈ
ਪੜਦੇ ਵਿੱਚ ਰੱਖੋ
ਨੱਕ ਕੰਨ ਵਿੰਨ ਦਿਓ
ਮਨ ਦਾ ਭੇਤ ਨਾ ਦਿਓ
ਕੁਰਾਹੇ ਪਾਉਣ ਵਾਲੀ ਹੈ
ਬਰਾਬਰੀ ਦਾ ਹੱਕ ਨਹੀਂ
ਜਨਮ ਸਮੇਂ ਹੀ ਮਾਰ ਦਿਓ

ਛੁੱਟੜ ਹੈ
ਨਾਗਣ ਹੈ
ਵਿਧਵਾ ਹੈ
ਕਾਮਣੀ ਹੈ
ਬਘਿਆੜੀ ਹੈ
ਸਤੀ ਕਰ ਦਿਓ
ਨਰਕ ਦੁਆਰੀ ਹੈ
ਪਸ਼ੂਆਂ ਸਮਾਨ ਹੈ
ਆਜ਼ਾਦੀ ਨਾ ਦਿਓ
ਵਿੱਦਿਆ ਨਾ ਦਿਓ
ਗੁੱਤ ਪਿੱਛੇ ਮੱਤ ਹੈ
ਵੱਡਾ ਅਹੁਦਾ ਨਾ ਦਿਓ

ਲੋਕ ਵੇਦ ਗੁਣ ਗਿਆਨ ਵਿਚ, ਅਰਧ ਸਰੀਰੀ ਮੋਖ ਦੁਆਰੀ ।
ਗੁਰਮੁਖਿ ਸੁਖ ਫਲ ਨਿਹਚਉ ਨਾਰੀ॥ (ਭਾਈ ਗੁਰਦਾਸ ਜੀ – ਵਾਰ 5-16)

email : info@fatehpublications.com www : fatehpublications.com

ਪੁਸਤਕ : ਲੜੀ ਨੰ: 12 ਮਈ 2010

ਬੇਗਾਨੀ ਧੀ, ਪਰਾਇਆ ਧਨ...?

ਪ੍ਰਕਾਸ਼ਕ : ਫਤਿਹ ਪਬਲੀਕੇਸ਼ਨਜ਼,
90, ਵਿੱਦਿਆ ਨਗਰ, ਨੇੜੇ ਪੰਜਾਬੀ ਯੂਨੀਵਰਸਿਟੀ, ਪਟਿਆਲਾ